ੴ ਸਤਿਗੁਰਪ੍ਰਸਾਦਿ ॥



ਪਾਹੁਲ
ਇਕ ਅਦੁੱਤੀ ਬਖਸ਼ਿਸ਼

(ਪੜਚੋਲ ਅਤੇ ਵਿਆਖਿਆ)

ਰਾਜਿੰਦਰ ਸਿੰਘ

ੴ ਸਤਿਗੁਰਪ੍ਰਸਾਦਿ ॥

ਸਿੱਖ ਧਰਮ ਸੰਸਥਾ ਅਧਾਰਤ ਧਰਮ ਹੈ। ਇਸ ਵਿੱਚ ਦੋ ਤਰ੍ਹਾਂ ਦੀਆਂ ਸੰਸਥਾਵਾਂ ਹਨ, ਇਕ ਉਹ ਜੋ ਸਤਿਗੁਰੂ ਨੇ ਆਪ ਸਥਾਪਤ ਕੀਤੀਆਂ, ਜਿਵੇਂ ਕਿ ਗੁਰਦੁਆਰਾ, ਲੰਗਰ(ਸੰਗਤ-ਪੰਗਤ), ਮੀਰੀ-ਪੀਰੀ, ਕੀਰਤਨ, ਚੌਂਕੀਆਂ, ਬੁੰਗੇ, ਅਕਾਲ ਤਖ਼ਤ ਸਾਹਿਬ, ਖੰਡੇ-ਬਾਟੇ ਦੀ ਪਾਹੁਲ ਆਦਿ..। ਇਥੋਂ ਤੱਕ ਕਿ ਗੁਰੂ ਗ੍ਰੰਥ ਸਾਹਿਬ ਆਪ ਇਕ ਸੰਸਥਾ ਹਨ। ਜੇ ਇਹ ਸੰਸਥਾਵਾਂ ਆਪਣੇ ਮੂਲ ਰੂਪ ਵਿੱਚ ਬਣੀਆਂ, ਕਾਰਜਸ਼ੀਲ ਰਹਿਣ ਤਾਂ ਇਹ ਸਿਧਾਤਾਂ ਤੇ ਅਧਾਰਤ ਸਿੱਖ ਕੌਮ ਵਾਸਤੇ ਉਹ ਥੰਮ ਹੋ ਨਿਬੜਣਗੀਆਂ, ਜਿਨ੍ਹਾਂ ਤੇ, ਸਿੱਖ ਕੌਮ ਦਾ ਮਹੱਲ, ਜੁਗਾਂ ਤੱਕ ਅਡੋਲ ਟਿਕਿਆ ਰਹੇਗਾ। ਦੂਸਰੀਆਂ ਉਹ ਸੰਸਥਾਵਾਂ ਹਨ, ਜੋ ਸਿੱਖਾਂ ਨੇ ਲੋੜ ਅਨੁਸਾਰ ਆਪ ਸਥਾਪਤ ਕਰ ਲਈਆਂ, ਜਿਵੇਂ ਕਿ ਗੁਰਦੁਆਰਿਆਂ ਦੇ ਪ੍ਰਬੰਧ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਹੋਰ ਸਥਾਨਕ ਕਮੇਟੀਆਂ, ਨਗਰ ਕੀਰਤਨ, ਪ੍ਰਭਾਤ ਫੇਰੀਆਂ, ਸਥਾਨਕ ਪ੍ਰਚਾਰ ਸੰਸਥਾਵਾਂ, ਧਾਰਮਿਕ ਅਤੇ ਰਾਜਨੀਤਿਕ ਜਥੇਬੰਦੀਆਂ ਆਦਿ..। ਇਨ੍ਹਾਂ ਸੰਸਥਾਵਾਂ ਨੂੰ ਸਥਾਪਤ ਕਰਨ ਲੱਗਿਆਂ ਇਹ ਚੇਤਨਤਾ ਜ਼ਰੂਰੀ ਹੈ ਕਿ ਕੀ ਉਸ ਸੰਸਥਾ ਦਾ ਵਿਧੀ-ਵਿਧਾਨ, ਕਾਰਜ-ਖੇਤਰ, ਕਾਰਜ-ਸ਼ੈਲੀ ਗੁਰਮਤਿ ਅਨੁਸਾਰੀ ਹੈ? ਜੇ ਇਹ ਗੁਰਮਤਿ ਅਨੁਸਾਰੀ ਹੋਵੇ ਤਾਂ ਇਹ ਕੌਮ ਦੇ ਪ੍ਰਚਾਰ, ਪ੍ਰਸਾਰ ਵਿੱਚ ਚੰਗਾ ਹਿੱਸਾ ਪਾ ਕੇ, ਕੌਮ ਨੂੰ ਮਜ਼ਬੂਤੀ ਦੇਂਦੀਆਂ ਅਤੇ ਹੋਰ ਬੁਲੰਦੀਆਂ ਵੱਲ ਲੈ ਜਾਂਦੀਆਂ ਹਨ। ਪਰ ਜੇ ਇਹ ਵਰਤਾਰਾ ਗੁਰਮਤਿ ਅਨੁਸਾਰੀ ਨਾ ਹੋਵੇ, ਕੇਵਲ ਵਿਖਾਵੇ ਜਾਂ ਅੰਧੀ ਭਾਵਨਾ ਤੇ ਟਿਕਿਆ ਹੋਵੇ, ਤਾਂ ਇਹ ਪੁੱਠਾ ਗੇੜ ਦੇ ਕੇ, ਜਿੱਥੇ ਕੌਮ ਦਾ ਵੱਡਾ ਨੁਕਸਾਨ ਕਰ ਦੇਂਦੀਆਂ ਹਨ, ਕਈ ਵਾਰੀ ਕੌਮ ਦੀ ਹੋਂਦ ਵਾਸਤੇ ਖਤਰਾ ਬਣ ਜਾਂਦੀਆਂ ਹਨ, ਜੋ ਕਿ ਅੱਜ ਵੱਡੀ ਪੱਧਰ ਤੇ ਵਾਪਰ ਵੀ ਰਿਹਾ ਹੈ।

(ਬਾਕੀ ਪਿਛਲੇ ਫਲੈਪਰ ਤੇ...)

(ਪਹਿਲੇ ਫਲੈਪਰ ਤੋਂ ਚਲਦਾ...)

ਬੇਸ਼ਕ ਸਤਿਗੁਰੂ ਦੁਆਰਾ ਸਥਾਪਤ ਕੀਤੀਆਂ ਸੰਸਥਾਵਾਂ ਦਾ ਮੂਲ, ਗੁਰਮਤਿ ਅਨੁਸਾਰੀ ਹੁੰਦਾ ਹੈ, ਪਰ ਜੇ ਇਸ ਤੇ ਅਧਾਰਤ ਕੌਮਾਂ ਸੁਚੇਤ ਨਾ ਹੋਣ ਤਾਂ ਸਮੇਂ ਨਾਲ ਅਕਸਰ, ਇਨ੍ਹਾਂ ਦਾ ਮੌਲਿਕ ਰੂਪ ਅਤੇ ਉਸ ਦੀ ਸਥਾਪਨਾ ਦਾ ਮਕਸਦ ਦੋਵੇਂ ਗੁਆਚ ਜਾਂਦੇ ਹਨ। ਉਸ ਹਾਲਤ ਵਿੱਚ ਇਹ ਕੇਵਲ ਇਕ ਧਾਰਮਿਕ ਵਿਖਾਵਾ ਅਤੇ ਕਰਮਕਾਂਡ ਬਣ ਕੇ ਰਹਿ ਜਾਂਦੀਆਂ ਹਨ। ਇਸ ਹਾਲਤ ਵਿੱਚ ਇਹ ਕੌਮ ਦਾ ਕੁਝ ਸਵਾਰਣ ਦੀ ਬਜਾਏ, ਸਗੋਂ ਨਿਘਾਰ ਵਿੱਚ ਲੈ ਜਾਂਦੀਆਂ ਹਨ। ਇਸ ਵਾਸਤੇ ਅਕਸਰ ਇਨ੍ਹਾਂ ਸੰਸਥਾਵਾਂ ਦੀ ਸਥਾਪਨਾ ਦੇ ਮਕਸਦ ਪ੍ਰਤੀ ਜਾਗਰੂਕ ਕਰਨਾ ਅਤੇ ਸਮੇਂ ਸਮੇਂ ਤੇ ਉਨ੍ਹਾਂ ਦੀ ਪੜਚੋਲ ਕਰਨੀ ਜ਼ਰੂਰੀ ਹੈ, ਤਾਂ ਕਿ ਉਨ੍ਹਾਂ ਦਾ ਮੂਲ ਰੂਪ ਬਣਿਆ ਰਹੇ, ਅਤੇ ਉਹ ਕੌਮੀ ਉਸਾਰੀ ਅਤੇ ਮਜ਼ਬੂਤੀ ਦਾ ਸਾਧਨ ਬਣੀਆਂ ਰਹਿਣ। ਇਹ ਹੱਥਲੀ ਕਿਤਾਬ ਸਿੱਖ ਕੌਮ ਦੀ ਅਤਿ ਮਹੱਤਵਪੂਰਨ ਸੰਸਥਾ 'ਖੰਡੇ-ਬਾਟੇ ਦੀ ਪਾਹੁਲ' ਦੇ ਮਕਸਦ ਦੀ, ਸਿੱਖ ਰਹਿਤ ਮਰਯਾਦਾ ਅਨੁਸਾਰ ਮੱਦ-ਵਾਰ ਵਿਆਖਿਆ ਅਤੇ ਪੜਚੋਲ ਦਾ ਇਕ ਨਿਮਾਣਾ ਜਿਹਾ ਉਪਰਾਲਾ ਹੈ। ਅਕਸਰ ਅਸੀਂ ਸੰਸਥਾ ਦੇ ਬਾਹਰੀ ਰੂਪ ਨਾਲ ਭਾਵਨਾਤਮਕ ਤੌਰ ਤੇ ਜੁੜ ਜਾਂਦੇ ਹਾਂ ਅਤੇ ਜਿਸ ਵੇਲੇ ਐਸੀ ਪਰਖ ਕੀਤੀ ਜਾਵੇ, ਕੁਝ ਮੱਦਾਂ ਜੋ ਗੁਰਮਤਿ ਦੀ ਕਸਵੱਟੀ ਤੇ ਖਰੀਆਂ ਨਹੀਂ ਉਤਰਦੀਆਂ, 'ਤੇ ਕਿੰਤੂ ਹੁੰਦਾ ਜਾਪਦਾ ਹੈ ਅਤੇ ਸਾਡੀਆਂ ਭਾਵਨਾਵਾਂ ਨੂੰ ਠੇਸ ਲੱਗਦੀ ਹੈ। ਐਸੇ ਸਮੇਂ ਅੰਧੀਆਂ ਭਾਵਨਾਵਾਂ ਚੋਂ ਨਿਕਲ ਕੇ ਗੁਰਮਤਿ-ਗਿਆਨ ਦਾ ਲੜ ਫੜਨਾ ਹੀ ਯੋਗ ਹੈ।

Pahul- Ik Aduti Bakhshish

(Parhchol Ate Viaakhia)

by

Rajinder Singh

(Convenor, Shromani Khalsa Panchayat)

Ist time : Sept., 2011 - 1000 copies

Published by:

Khalsa Virasat Publishers

193/1, Sector 45A

Chandigarh - 160 047.

ਤਤਕਰਾ - ਪੰਨਾ - 8 ਤੇ ਹੈ ।

Distributors:

Singh Brothers

Bazar Mai Sewan

Amritsar - 143006

Phone : 0183-2545787, 2543965

Email : singhbros@vsnl.com

Lahore Book Shop

2, Lajpat Rai Market

Ludhiana.

Phone : 0161-2740738

email: info@lahorepublishers.com

Printed at:

Sidharth Media Printers

24-9, Industrial Area, Phase II

Chandigarh

Ph. : 09417 072466

Price : ₹ 190/-

ਇਸੇ ਕਲਮ ਤੋਂ

ਮਹੱਤਵਪੂਰਨ ਸਿੱਖ ਮੁੱਦੇ

ਗੁਰਮਤਿ ਨਾਮ ਸਿਮਰਨ

ਸਿੱਖੀ ਦੀ ਸਿੱਖਿਆ

ਕੌਮੀ ਭਵਿੱਖ ਅਤੇ ਸਿੱਖ ਨੌਜੁਆਨੀ(ਕਿਤਾਬਚਾ)

ਵੀਡੀਓ ਸੀ. ਡੀਆਂ

ਤੁਧ ਆਗੇ ਅਰਦਾਸ ਹਮਾਰੀ

ਗੁਰੂ ਦਾ ਸੰਕਲਪ ਅਤੇ ਗੁਰੂ ਸਿੱਖ ਸੰਬਧ,

ਗੁਰਮਤਿ ਰਹਿਣੀ

ਨਾਮ ਰਸ ਪੀਵੈ

ਪੰਥ ਦੀਆਂ ਨੀਹਾਂ {ਦੋ ਸੀ. ਡੀਆਂ ਦਾ ਸੈਟ}

(ਚੋਹਾਂ ਸਾਹਿਬਜ਼ਾਦਿਆਂ ਦੀ ਸ਼ਹੀਦੀ ਦੇ ਇਤਿਹਾਸ ਦੀ ਦਸਤਾਵੇਜ਼ੀ ਫਿਲਮ)

ਨੋਟ: ਇਸ ਕਿਤਾਬ ਵਿੱਚ ਗੁਰਬਾਣੀ ਦੀਆਂ ਪੰਕਤੀਆਂ (" ") ਪੁੱਠੇ (Inverted) ਕਾਮਿਆਂ ਵਿੱਚ, ਗੁਰਬਾਣੀ ਦੇ ਅਰਥ ਟੇਡੇ (Itallic) ਅਖਰਾਂ ਵਿੱਚ ਅਤੇ ਲੇਖਕ ਦੇ ਵਿਚਾਰ ਆਮ (Normal) ਅਖਰਾਂ ਵਿੱਚ ਹਨ।

ੴ ਸਤਿਗੁਰਪ੍ਰਸਾਦਿ ॥

ਸਮਰਪਨ

ਇਹ ਕਿਤਾਬ ਖ਼ਾਲਸੇ ਦੇ ਉਸ ਨਿਰਮਲ ਸਰੂਪ ਅਤੇ ਉੱਚੇ-ਸੁੱਚੇ, ਨਿਰਮਲ ਕਿਰਦਾਰ ਨੂੰ ਸਮਰਪਤ ਹੈ, ਜਿਸ ਨੂੰ ਗੁਰੂ ਨਾਨਕ ਪਾਤਿਸ਼ਾਹ ਨੇ ਚਿਤਵਿਆ, ਇਸ ਦੀ ਘਾੜਨਾ ਦੀ ਸ਼ੁਰੂਆਤ ਕੀਤੀ, ਅਗਲੇ ਅੱਠ ਜਾਮਿਆਂ ਵਿੱਚ, ਇਸ ਨੂੰ ਸ਼ਿੰਗਾਰਿਆ, ਸਵਾਰਿਆ ਅਤੇ ਨਿਖਾਰਿਆ, ਦਸਵੇਂ ਸਤਿਗੁਰੂ, ਗੁਰੂ ਗੋਬਿੰਦ ਸਿੰਘ ਸਾਹਿਬ ਨੇ ਇਸ ਦੀ ਪਰਖ ਕਰਕੇ, ਖੰਡੇ-ਬਾਟੇ ਦੀ ਪਾਹੁਲ ਰਾਹੀਂ ਇਸ ਨੂੰ ਨੇਮਬੰਦ ਕੀਤਾ ਅਤੇ ਗੁਰੂ ਨਾਨਕ ਪਾਤਿਸ਼ਾਹ ਦੇ ਮਿਸ਼ਨ ਦੀ ਪੂਰਨਤਾ ਦਾ ਐਲਾਨ ਕੀਤਾ। ਖ਼ਾਲਸੇ ਦਾ ਇਹ ਨਿਰਮਲ ਸਰੂਪ ਅਤੇ ਕਿਰਦਾਰ, ਇਕ ਆਦਰਸ਼ ਮਨੁੱਖੀ ਸਮਾਜ ਦੀ ਘਾੜਨਾ ਦਾ ਆਧਾਰ ਅਤੇ ਹਲੇਮੀ ਰਾਜ ਦੀ ਸਥਾਪਨਾ ਦਾ ਨੀਂਹ-ਪੱਥਰ ਹੈ।

ੴ ਸਤਿਗੁਰਪ੍ਰਸਾਦਿ

ਧੰਨਵਾਦ

"ਬਿਬੇਕ ਬੁਧਿ ਸਤਿਗੁਰ ਤੇ ਪਾਈ ਗੁਰ ਗਿਆਨੁ ਗੁਰੂ ਪ੍ਰਭ ਕੇਰਾ ॥"

{ਰਾਗੁ ਟੋਡੀ ਮਹਲਾ ੪, ਪੰਨਾ ੭੧੧}

ਸਭ ਤੋਂ ਪਹਿਲਾਂ ਕੋਟਾਨਿ-ਕੋਟਿ ਧੰਨਵਾਦ ਹੈ, ਆਪਣੇ ਸਤਿਗੁਰੂ, ਗੁਰੂ ਗ੍ਰੰਥ ਸਾਹਿਬ ਜੀ ਦਾ, ਜਿਨ੍ਹਾਂ ਦੀ ਗੁਰਬਾਣੀ ਨੇ ਇਸ ਦਾਸਰੇ ਦੇ ਹਨੇਰੇ ਮਨ ਵਿੱਚ ਆਪਣੀਆਂ ਇਲਾਹੀ ਗਿਆਨ ਰਿਸ਼ਮਾਂ ਦੁਆਰਾ ਕੁੱਝ ਚਾਨਣ ਕਰਕੇ ਸੱਚ ਨੂੰ ਪਛਾਨਣ ਦੀ ਸੋਝੀ, ਇਸ ਸੱਚ ਨੂੰ ਕਲਮਬੰਦ ਕਰਕੇ ਪ੍ਰਗਟ ਕਰਨ ਦੀ ਬੱਲ-ਬੁੱਧੀ ਅਤੇ ਸਚੁ ਸੁਣਾਇਸੀ ਸਚ ਕੀ ਬੇਲਾ ॥' ਦੇ ਪਾਵਨ ਸਿਧਾਂਤ ਅਨੁਸਾਰ ਸੱਚ ਪਰਗਟ ਕਰਨ ਦੀ ਜੁਰਅਤ ਬਖਸ਼ਿਸ਼ ਕੀਤੀ ਹੈ।

"ਸਤਸੰਗਤਿ ਸਤਿਗੁਰ ਚਟਸਾਲ ਹੈ ਜਿਤੁ ਹਰਿ ਗੁਣ ਸਿਖਾ ॥" (ਪੰਨਾ ੧੩੧੬) ਦੇ ਪਾਵਨ ਗੁਰਵਾਕ ਅਨੁਸਾਰ, ਇਹ ਸਮਰੱਥਾ ਸ੍ਰ. ਰਵਿੰਦਰ ਸਿੰਘ(ਸ਼੍ਰੋਮਣੀ ਖਾਲਸਾ ਪੰਚਾਇਤ, ਚੰਡੀਗੜ੍ਹ), ਸ੍ਰ.ਸਰਬਜੀਤ ਸਿੰਘ ਇੰਡੀਆ ਅਵੇਰਨੈਸ, ਡਾ.ਹਰਜਿੰਦਰ ਸਿੰਘ ਦਿਲਗੀਰ, ਸ੍ਰ. ਗੁਰਮੀਤ ਸਿੰਘ ਸਿਡਨੀ(ਅਸਟਰੇਲੀਆ), ਗਿਆਨੀ ਸੁਰਜੀਤ ਸਿੰਘ(ਦਿੱਲੀ), ਸ੍ਰ. ਸੁਖਦੇਵ ਸਿੰਘ, ਕਰਨਲ ਗੁਰਦੀਪ ਸਿੰਘ, ਸ੍ਰ.ਗੁਰਚਰਨ ਸਿੰਘ, ਸ੍ਰ.ਰਘਬੀਰ ਸਿੰਘ, ਸ੍ਰ.ਜਸਬਿੰਦਰ ਸਿੰਘ ਖਾਲਸਾ(ਦੁਬਈ ਵਾਲੇ) ਸਾਰੇ ਸਾਹਿਬਜ਼ਾਦਾ ਅਜੀਤ ਸਿੰਘ ਨਗਰ(ਮੋਹਾਲੀ), ਗੁਰਮਤਿ ਗਿਆਨ ਮਿਸ਼ਨਰੀ ਕਾਲਜ ਲੁਧਿਆਣਾ ਦੇ ਡਾਇਰੈਕਟਰ ਰਾਣਾ ਇੰਦਰ ਜੀਤ ਸਿੰਘ ਜੀ ਅਤੇ ਕਾਲਜ ਦੇ ਪ੍ਰੋਫੈਸਰ ਸਾਹਿਬਾਨ, ਜਿਹੇ ਸਤਿਕਾਰਤ ਵਿਦਵਾਨ ਗੁਰਸਿੱਖ ਵੀਰਾਂ ਦੀ ਸਤਿਸੰਗਤ ਦੇ ਸੁਭਾਗ ਨਾਲ ਹੀ ਪ੍ਰਾਪਤ ਹੋਈ ਹੈ, ਜਿਨ੍ਹਾਂ ਇਸ ਵਾਰ ਫੇਰ ਆਪਣੇ ਸੁਹਿਰਦ ਸੁਝਾਵਾਂ ਨਾਲ ਇਸ ਕਿਤਾਬ ਦੇ ਵਿਸ਼ੇ ਨੂੰ ਸੁਆਰਨ ਅਤੇ ਨਿਖਾਰਨ ਵਿੱਚ ਮੈਨੂੰ ਭਰਪੂਰ ਸਹਿਯੋਗ ਦਿੱਤਾ ਹੈ, ਜਿਸ ਵਾਸਤੇ ਮੈਂ ਉਨ੍ਹਾਂ ਦਾ ਅਤਿ ਧੰਨਵਾਦੀ ਹਾਂ।

ਮੈਂ, ਗੁਰਮਤਿ ਗਿਆਨ ਮਿਸ਼ਨਰੀ ਕਾਲਜ ਲੁਧਿਆਣਾ ਦੇ ਵਿਦਵਾਨ ਪ੍ਰਿੰਸੀਪਲ ਗਿਆਨੀ ਗੁਰਚਰਨ ਸਿੰਘ ਜੀ ਥਾਈਲੈਂਡ ਵਾਲਿਆਂ ਦਾ ਵੀ ਬਹੁਤ ਧੰਨਵਾਦੀ ਹਾਂ, ਜਿਨ੍ਹਾਂ ਆਪਣੇ ਵੱਡਮੁੱਲੇ ਸੁਝਾਵਾਂ ਦੇ ਨਾਲ ਹੀ, ਕੌਮ ਦੀ ਚੜ੍ਹਦੀ ਕਲਾ ਲਈ ਸੰਘਰਸ਼-ਸ਼ੀਲ ਹੋਣ ਦੀ ਪ੍ਰੇਰਨਾ ਦੇ ਕੇ ਅਤੇ ਇਸ ਕਿਤਾਬ ਦਾ ਮੁੱਖ ਬੰਦ ਲਿਖਕੇ ਵੀ ਦਾਸ ਨੂੰ ਨਿਵਾਜਿਆ ਹੈ।

ਕੋਟਾਨਿ- ਕੋਟਿ ਧੰਨਵਾਦ ਹੈ ਅਕਾਲ ਪੁਰਖ ਵਾਹਿਗੁਰੂ ਜੀ ਦਾ, ਜਿਨ੍ਹਾਂ ਨੇ ਆਪਣੀ ਬਖਸ਼ਿਸ਼ ਦੁਆਰਾ, ਘਰ-ਪਰਿਵਾਰ ਦੇ ਸਾਰੇ ਮੈਂਬਰਾਂ ਨੂੰ ਇਕ ਵਧੀਆ, ਪਿਆਰ ਭਰਿਆ ਮਾਹੌਲ ਬਣਾਕੇ ਰੱਖਣ ਦੀ ਸੁਮੱਤ ਬਖਸ਼ੀ ਹੋਈ ਹੈ ਜਿਸ ਨਾਲ ਦਾਸ ਨੂੰ ਗੁਰਮਤਿ ਪ੍ਰਚਾਰ ਦੇ ਖੇਤਰ ਵਿੱਚ ਨਿਮਾਣਾ ਜਿਹਾ ਯੋਗਦਾਨ ਪਾਉਣ ਲਈ ਸਮਾਂ, ਸਮਰਥਾ ਅਤੇ ਮਾਨਸਿਕ-ਬੱਲ ਪ੍ਰਾਪਤ ਹੋ ਜਾਂਦਾ ਹੈ।

ਭਾਈ ਗੁਰਦਾਸ ਜੀ ਦੀਆਂ ਪੰਕਤੀਆਂ 'ਲੋਕ ਵੇਦ ਗੁਣ ਗਿਆਨ ਵਿਚ ਅਰਧ ਸਰੀਰੀ ਮੋਖ ਦੁਆਰੀ॥ ਗੁਰਮੁਖ ਸੁਖ ਫਲ ਨਿਹਚਉ ਨਾਰੀ ॥੧੬॥ '(੫-੧੬-੭) ਅਨੁਸਾਰ ਕੋਈ ਮਨੁੱਖ ਆਪਣੇ ਅੱਧੇ-ਸਰੀਰ ਭਾਵ ਪਤਨੀ ਬਗੈਰ ਪੂਰਨ ਨਹੀਂ ਹੋ ਸਕਦਾ। ਮੈਂ ਵੀ ਆਪਣੇ ਜੀਵਨ ਦਾ ਅੱਧ, ਆਪਣੀ ਸਿੰਘਣੀ ਨਰਿੰਦਰ ਕੌਰ ਦੇ ਸਾਥ ਅਤੇ ਸਹਿਯੋਗ ਬਿਨਾਂ ਸਦਾ ਹੀ ਅਧੂਰਾ ਹਾਂ। ਮੇਰੇ ਇਸ ਲਿਖਣ ਦੇ ਕਾਰਜ ਵਿੱਚ ਵੀ ਉਹ ਮੈਨੂੰ ਮਾਨਸਿਕ ਸਹਿਯੋਗ ਦੇਣ ਤੋਂ ਇਲਾਵਾ, ਮੇਰੇ ਲੇਖਾਂ ਵਿੱਚੋਂ ਵਿਆਕਰਣ ਦੀਆਂ ਗਲਤੀਆਂ ਦਾ ਸੁਧਾਰ ਕਰਨ ਦਾ ਵੱਡਾ ਕਾਰਜ ਵੀ ਕਰਦੇ ਹਨ, ਜੋ ਉਨ੍ਹਾਂ ਹੁਣ ਵੀ ਬਾਖੂਬੀ ਨਿਭਾਇਆ ਹੈ, ਪਰ ਮੈਂ ਉਨ੍ਹਾਂ ਦਾ ਧੰਨਵਾਦ ਕਰਕੇ ਆਪਣੇ ਇਸ ਰਿਸ਼ਤੇ ਦਾ ਅਪਮਾਨ ਨਹੀਂ ਕਰਨਾ ਚਾਹੁੰਦਾ।

ਸਭ ਤੋਂ ਵਧੇਰੇ ਧੰਨਵਾਦੀ ਹਾਂ ਆਪਣੇ ਪਾਠਕਾਂ ਦਾ ਜਿਨ੍ਹਾਂ ਮੇਰੀਆਂ ਪਿਛਲੀਆਂ ਲਿੱਖਤਾਂ ਨੂੰ ਪ੍ਰਵਾਨ ਕਰਕੇ ਅਤੇ ਆਪਣੇ ਵੱਡਮੁੱਲੇ ਸੁਝਾਅ ਦੇਕੇ ਦਾਸ ਨੂੰ ਹਥਲੀ ਕਿਤਾਬ ਲਿਖਣ ਲਈ ਪ੍ਰੇਰਨਾ ਬਖਸ਼ੀ ਹੈ। ਆਸ ਕਰਦਾ ਹਾਂ, ਉਹ ਅੱਗੋਂ ਵੀ ਇਹ ਪਿਆਰ ਬਣਾਈ ਰਖਣਗੇ, ਅਤੇ ਆਪਣੇ ਵੱਡਮੁੱਲੇ ਸੁਝਾ ਭੇਜਦੇ ਰਹਿਣਗੇ।

ਰਾਜਿੰਦਰ ਸਿੰਘ

ਤਤਕਰਾ

1.	ਪਾਹੁਲ ਸਬੰਧੀ ਸਾਰਥਕ ਯਤਨ– ਪ੍ਰਿ. ਗੁਰਬਚਨ ਸਿੰਘ (ਥਾਈਲੈਂਡ ਵਾਲੇ)	10
2.	ਸ਼ੁਰੂਆਤੀ ਬੇਨਤੀ	16
3.	ਅਦਭੁੱਤ ਵਰਤਾਰਾ	20
4.	ਅੰਮ੍ਰਿਤ ਕਿ ਪਾਹੁਲ?	26
5.	ਨਵੇਂ ਇਨਕਲਾਬ ਦੀ ਸ਼ੁਰੂਆਤ	31
6.	ਕੀ ਪਾਹੁਲ ਛਕਣਾ ਕਰਮਕਾਂਡ ਹੈ?	35
7.	ਪਾਹੁਲ ਤਿਆਰ ਕਰਨ ਦੀ ਮਰਯਾਦਾ	42
	ੳ) ਕੇਸੀਂ ਇਸ਼ਨਾਨ	45
	ਅ) ਕਕਾਰ	49
	i. ਕੇਸ	50
	ii. ਕੰਘਾ	57
	iii. ਕੜਾ	58
	iv. ਕਛਹਿਰਾ	60
	v. ਕ੍ਰਿਪਾਨ	62
	ੲ) ਸਿੱਖ ਧਰਮ ਦੇ ਅਸੂਲ ਦੱਸਣਾ	64
	ਸ) ਬਾਟਾ	67
	ਹ) ਜਲ	69
	ਕ) ਪਤਾਸੇ	70
	ਖ) ਪਾਹੁਲ ਤਿਆਰ ਕਰਨ ਸਮੇਂ ਪੜ੍ਹੀਆਂ ਜਾਣ ਵਾਲੀਆਂ ਬਾਣੀਆਂ?	72
	ਗ) ਖੰਡਾ	85
	ਘ) ਬੀਰ–ਆਸਨ	89
	ਙ) ਬੋਲ–ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥	90
	ਚ) ਨੇਤ੍ਰਾਂ ਵਿੱਚ ਪਾਹੁਲ ਦੇ ਛੱਟੇ	91
	ਛ) ਕੇਸਾਂ ਵਿੱਚ ਪਾਹੁਲ ਦੇ ਚੁੱਲੇ	93
	ਜ) ਸਾਂਝਾ ਬਾਟਾ	96
	ਝ) ਮੂਲ–ਮੰਤ੍ਰ	97
8.	ਰਹਿਤ	101
	ੳ) ਕੁੱਲ ਤਿਆਗ	103
	ਅ) ਕਿਰਤ ਤਿਆਗ	104
	ੲ) ਕਰਮ ਤਿਆਗ	104
	ਸ) ਭਰਮ ਤਿਆਗ	104

ਹ) ਪੰਜਾਬੀ ਪੜ੍ਹਨੀ 106
ਕ) ਨਿਤਨੇਮ ਦੀਆਂ ਬਾਣੀਆਂ? 107
ਖ) ਕਕਾਰਾਂ ਦੀ ਸੰਭਾਲ 123
9. ਕੁਰਹਿਤਾਂ 126
ੳ) ਕੇਸਾਂ ਦੀ ਬੇਅਦਬੀ 126
ਅ) ਕੁੱਠਾ ਖਾਣਾ 128
ੲ) ਪਰ-ਇਸਤ੍ਰੀ ਜਾਂ ਪਰ-ਪੁਰਸ਼ ਦਾ ਗਮਨ 137
ਸ) ਤਮਾਕੂ ਦਾ ਵਰਤਣਾ 141
ਹ) ਸਿਰਗੁੰਮ, ਨੜੀ ਮਾਰ ਦਾ ਸੰਗ 147
10. ਪੰਥ ਸੇਵਾ 147
11. ਗੁਰਦੁਆਰਿਆਂ ਦੀ ਟਹਿਲ 148
12. ਦਸਵੰਧ 153
13. ਖਾਲਸਾ ਜਥੇਬੰਦੀ 157
14. ਤਨਖਾਹੀਏ 158
ੳ) ਮੀਣੇ 158
ਅ) ਮਸੰਦ 160
ੲ) ਧੀਰਮੱਲੀਏ 160
ਸ) ਰਾਮਰਾਈਏ 161
ਹ) ਨੜੀ ਮਾਰ, ਕੁੜੀ ਮਾਰ, ਸਿਰਗੁੰਮ 164
ਕ) ਜੂਠ 169
ਖ) ਦਾਹੜਾ ਰੰਗਣਾ 179
ਗ) ਪੁੱਤਰ-ਧੀ ਦਾ ਵਪਾਰ 180
ਘ) ਨਸ਼ਿਆਂ ਦਾ ਸੇਵਨ 183
15. ਤਨਖਾਹ ਲਾਉਣ ਦੀ ਵਿਧੀ 185
ੳ) ਪੰਜ ਪਿਆਰੇ 186
ਅ) ਭੁੱਲ ਬਖਸ਼ਣਾ 190
16. ਅੰਤਲੀ ਬੇਨਤੀ: 193

ਪਾਹੁਲ ਸਬੰਧੀ ਸਾਰਥਿਕ ਯਤਨ

ਸਿੱਖ ਕੌਮ ਨੇ ਸੰਸਾਰ ਦੇ ਇਤਿਹਾਸ ਵਿਚ ਨਵੇਕਲੀਆਂ ਪੈੜਾਂ ਪਾਈਆਂ ਹਨ। ਹਲੇਮੀ ਰਾਜ ਦੀ ਸਥਾਪਨਾ ਵਲ ਨੂੰ ਆਪਣੇ ਕਦਮ ਵਧਾਉਣ ਦਾ ਹਮੇਸ਼ਾਂ ਯਤਨ ਕਰਦਾ ਰਿਹਾ ਹੈ। ਕੁਝ ਸਤਰਾਂ ਵਿਚ ਗੱਲ ਕਰਨੀ ਹੋਵੇ ਤਾਂ ਕਿਹਾ ਜਾ ਸਕਦਾ ਹੈ ਕਿ ਗੁਰੂ ਨਾਨਕ ਪਾਤਸ਼ਾਹ ਦਾ ਅਦਰਸ਼, ਸਚਿਆਰ ਮਨੁੱਖਤਾ ਦੀ ਅੰਦਰਲੀ ਘਾੜਤ ਹੈ ਜੋ ਸਤ-ਸੰਤੋਖ, ਸੇਵਾ-ਭਾਵਨਾ, ਪ੍ਰੇਮ ਤੇ ਤਿਆਗ 'ਤੇ ਖੇਲਤੀ ਹੋਈ ਦਿਸਦੀ ਹੈ।

ਗੁਰੂ ਨਾਨਕ ਪਾਤਸ਼ਾਹ ਜੀ ਦੀ ਵਿਚਾਰਧਾਰਾ ਦਸ ਜਾਮਿਆਂ ਵਿਚ ਇਕਸਾਰ ਰੂਪ ਵਿਚ ਚੱਲੀ ਹੈ। ਕਈਆਂ ਨੇ ਭੁਲੇਖੇ ਵੀ ਖਾਧੇ ਤੇ ਗੁਰੂ ਹਰਿ ਗੋਬਿੰਦ ਸਾਹਿਬ ਜੀ ਤੇ ਗੁਰ ਗੋਬਿੰਦ ਸਿੰਘ ਜੀ ਨੂੰ ਵੱਖ ਵੱਖ ਰੂਪਾਂ ਵਿਚ ਦੱਸਣ ਦਾ ਯਤਨ ਵੀ ਕੀਤਾ ਹੈ। ਅਸਲ ਵਿਚ ਉਹਨਾਂ ਲੋਕਾਂ ਦਾ ਕਸੂਰ ਘੱਟ ਹੈ ਤੇ ਸਿੱਖ ਕੌਮ ਦਾ ਆਪਣਾ ਕਸੂਰ ਜ਼ਿਆਦਾ ਹੈ। ਸਮੁੱਚੇ ਜਗਤ ਨੂੰ ਪਿਆਰ ਗਲਵੱਕੜੀ ਵਿਚ ਲੈਣ ਵਾਲੇ ਗੁਰੂ ਨਾਨਕ ਪਾਤਸ਼ਾਹ ਦੇ ਫਲਸਫ਼ੇ ਨੂੰ ਅਸਾਂ ਕੇਵਲ ਰੁਮਾਲਿਆਂ ਤੀਕ ਸੀਮਤ ਕਰਕੇ ਰੱਖ ਦਿੱਤਾ ਹੈ। ਸਭ ਤੋਂ ਵੱਡਾ ਦੁਖਾਂਤ ਹੈ ਕਿ ਇਸ ਮਹਾਨ ਗ੍ਰੰਥ ਦੀ ਗੋਦ ਵਿਚ ਬੈਠ ਕੇ ਅਸਾਂ ਉਹ ਇਤਿਹਾਸ ਸੁਣਿਆ ਜਾਂ ਸੁਣਾਇਆ ਗਿਆ ਜੋ ਬਿਗਾਨਿਆਂ ਨੇ ਲਿਖਿਆ ਹੈ। ਆਮ ਹਾਲਤਾਂ ਵਿਚ ਇਤਿਹਾਸ ਲਿਖਣ ਵਾਲਿਆਂ ਨੇ ਗੁਰਬਾਣੀ ਦੇ ਸਿਧਾਂਤ ਪ੍ਰਤੀ ਪਹੁੰਚ ਨਹੀਂ ਕੀਤੀ।

ਇਸ ਨੂੰ ਬਦ ਕਿਸਮਤੀ ਹੀ ਕਿਹਾ ਜਾ ਸਕਦਾ ਹੈ ਕਿ ਅਸੀਂ ਕਦੇ ਵੀ ਸਵੈ-ਪੜਚੋਲ ਕਰਨ ਦਾ ਯਤਨ ਨਹੀਂ ਕੀਤਾ। ਜੇ ਕਿਸੇ ਨੇ ਕੁਝ ਯਤਨ ਅਰੰਭਿਆ ਵੀ ਤਾਂ ਡੇਰੇਵਾਦ ਦੀ ਉਪਜ ਸਾਧ ਲਾਣੇ ਨੇ ਭੂੰਡਾਂ ਦੀ ਖੱਖਰ ਵਾਂਗ ਉਸ ਨੂੰ ਡੰਗ ਮਾਰੇ। ਸਿੱਖ ਸਿਧਾਂਤ ਜਾਂ ਇਤਿਹਾਸ ਜੋ ਸੁਣਾਇਆ, ਸੁਣਿਆਂ ਜਾਂ ਲਿਖਿਆ ਗਿਆ ਹੈ ਬਹੁਤੀ ਵਾਰੀ ਉਹ ਗੁਰਬਾਣੀ ਦੀ ਕਸਵੱਟੀ 'ਤੇ ਪੂਰਾ ਨਹੀਂ ਉੱਤਰਦਾ ਰਿਹਾ ਹੈ। ਜਿਸ ਦਾ ਨਤੀਜਾ ਇਹ ਨਿਕਲਿਆ ਕਿ ਗੁਰਦੁਆਰਿਆਂ ਵਿਚ ਮੂਰਤੀਆਂ ਸਥਾਪਤ ਹੋ ਗਈਆਂ। ਅਣਸਿਖਾਂਦਰੂ ਪ੍ਰਚਾਰਕਾਂ ਨੇ ਮੰਦਰਾਂ ਦੀ ਤਰਜ਼ 'ਤੇ ਗੁਰਦੁਆਰਿਆਂ ਨੂੰ ਵਰਤਿਆ ਤੇ ਰੱਜ ਕੇ ਮਿਥਹਾਸ ਸੁਣਾਇਆ ਹੈ ਜੋ ਸਾਡੇ ਦਿੱਲੋ-ਦਿਮਾਗ਼ ਵਿਚ ਬੈਠ ਗਿਆ ਹੈ। ਭੇਡਾਂ ਦਾ ਲਗਾਤਾਰ ਦੁੱਧ ਪੀਣ ਕਰਕੇ, ਸ਼ੇਰਾਂ ਵਾਲਾ ਸਰੂਪ ਭੇਡਾਂ ਦੀ ਹੀ ਬੋਲੀ, ਬੋਲਣ ਲੱਗ ਪਿਆ। ਕਹਿੰਦੇ ਨੇ ਭੇਡਾਂ ਦਾ ਦੁੱਧ ਪੀ ਕੇ ਪਲਣ ਵਾਲੇ ਸ਼ੇਰ ਨੂੰ ਕਿਸੇ ਸਿਆਣੇ ਸ਼ੇਰ ਨੇ ਆਣ ਕੇ ਸਮਝਾਇਆਂ, ਕਿ ਤੂੰ ਭੇਡਾਂ ਵਾਲੀ ਬੋਲੀ ਬੋਲ ਰਿਆਂ ਏਂ, ਜਦ ਕਿ ਤੇਰਾ ਪਿਛੋਕੜ ਤਾਂ ਇਹ ਦੱਸਦਾ ਹੈ, ਕਿ ਤੂੰ ਇਕ ਭਬਕ ਮਾਰੇ ਤਾਂ ਸਾਰੇ ਜੰਗਲ ਦੇ ਜਨਵਰ, ਤੇਰੀ ਇਕ ਅਵਾਜ਼ ਸੁਣ ਕੇ ਹੀ ਆਪਣਾ ਰਾਹ ਬਦਲ ਲੈਂਦੇ ਹਨ ਪਰ ਤੂੰ ਤਾਂ ਧੌਣ ਨੀਵੀਂ ਪਾਈ ਚੱਲੀ ਜਾ ਰਿਆ ਏਂ? ਭੇਡਾਂ ਦਾ ਦੁੱਧ ਪੀਣ ਵਾਲੇ ਸ਼ੇਰ ਨੇ ਆਪਣੀ ਸਵੈ ਪੜਚੋਲ ਕੀਤੀ ਤਾਂ ਉਸ ਨੂੰ ਆਪਣੀ ਅਸਲੀਅਤ ਦਾ ਅਹਿਸਾਸ ਹੋਇਆ ਕਿ ਮੈਂ ਤਾਂ ਅਪਣੀ ਅਸਲੀ ਪਹਿਚਾਣ ਹੀ ਭੁੱਲ ਗਿਆ ਸੀ। ਕੁਝ ਸਾਡੀ ਕੌਮ ਨਾਲ ਵੀ ਐਸਾ ਹੀ ਹੋਇਆ ਹੈ। ਬੇ-ਸ਼ੱਕ ਸਾਡਾ ਸਰੂਪ ਸਿੱਖਾਂ ਵਾਲਾ ਹੈ ਪਰ ਸਾਡੀ ਵਰਤੋਂ ਵਿਹਾਰ ਸਮਾਜਕ ਤਾਣਾ-ਬਾਣਾ ਧਰਾਮਕ ਰੀਤੀ ਰਿਵਾਜ ਸਾਰੇ ਬ੍ਰਹਾਮਣੀ ਕਰਮ-ਕਾਂਡ ਦੀ ਅਗਵਾਈ

ਕਰਦੇ ਦਿਸਦੇ ਹਨ।

ਗੁਰਦੁਆਰਿਆਂ ਵਿਚੋਂ ਮੂਰਤੀਆਂ ਚੁਕਵਾ ਤਾਂ ਲਈਆਂ ਪਰ ਖਾਲਸਈ ਦੇ ਨਿਆਰੇਪ ਨੂੰ ਸਮੁੱਚੇ ਰੂਪ ਵਿਚ ਕਾਇਮ ਨਾ ਕਰ ਸਕੇ। ਗੁਰਦੁਆਰਿਆਂ ਦੇ ਪ੍ਰਬੰਧਕੀ ਢਾਂਚੇ ਇਖਲਾਕ ਵਿਚ ਨਿਤਾਪ੍ਰਤੀ ਗਿਰਾਵਟ ਆਈ। ਸੂਝਵਾਨ ਬਜ਼ੁਰਗਾਂ ਨੇ ਗੁਰਦੁਆਰਿਆ ਨੂੰ ਅਜ਼ਾਦ ਤਾਂ ਕਰਾ ਲਿਆ ਪਰ ਗੁਰਬਾਣੀ ਵਾਲੀ ਵਿਚਾਰਧਾਰਾ ਲਾਗੂ ਕਰਾਉਣ ਵਿ ਕਈ ਥਾਈਂ ਉਕਾਈਆਂ ਖਾ ਗਏ। ਸ਼੍ਰੋਮਣੀ ਕਮੇਟੀ ਦੇ ਹੋਂਦ ਵਿਚ ਆਉਣ ਨਾਲ ਕੁ ਰਾਹਤ ਮਹਿਸੂਸ ਹੋਈ ਕਿ ਕੌਮ ਨੂੰ ਨਵੇਂ ਸਿਰੇ ਤੋਂ ਗੁਰਬਾਣੀ ਦੀ ਰੋਸ਼ਨੀ ਵਿ ਜਗਾਏਗੀ। ਨਿਰਸੰਦੇਹ ਉਹਨਾਂ ਬਹੁਤ ਸਾਰੇ ਉਪਰਾਲੇ ਕੀਤੇ ਜੋ ਸਮਾਂ ਪਾ ਕੇ ਅਧੂਰੇ ਹ ਦਿਸਣ ਲੱਗੇ।

ਕੌਮ ਨੂੰ ਏਕਤੇ ਵਿਚ ਪਰੌਣ ਲਈ ਸਿੱਖ ਰਹਿਤ ਮਰਯਾਦਾ ਹੋਂਦ ਵਿਚ ਲਿਆਂਦ ਗਈ। ਅੱਜ ਤੀਕ ਜ਼ਿਆਦਾਤਰ ਸੂਝਵਾਨ ਸਿੱਖ ਏਸੇ ਮਰਯਾਦਾ ਅਨੁਸਾਰ ਹੀ ਚੱਲ ਦਾ ਯਤਨ ਕਰਦੇ ਹਨ। ਇਸ ਦਾ ਦੂਸਰਾ ਪਹਿਲੂ ਕਿ ਕਿਸੇ ਵੀ ਡੇਰੇਦਾਰ ਨੇ ਇਸ ਸਿੱ ਰਹਿਤ ਮਰਯਾਦਾ ਨੂੰ ਆਪਣੇ ਡੇਰੇ ਵਿਚ ਕਦੇ ਵੀ ਲਾਗੂ ਨਹੀਂ ਕੀਤਾ ਸਗੋਂ ਉਹਨਾਂ ਆਪਣੀਆਂ ਵੱਖਰੀਆਂ ਵੱਖਰੀਆਂ ਮਰਯਾਦਾਵਾਂ ਬਣਾਈਆਂ ਹੋਈਆਂ ਹਨ ਜੋ ਪੂਰ ਤਰ੍ਹਾਂ ਬ੍ਰਹਾਮਣੀ ਗਲੇਫ ਵਿਚ ਲਿਬੜੀਆਂ ਪਈਆਂ ਹਨ।

ਭਾਂਵੇਂ ਸਿੱਖ ਰਹਿਤ ਮਰਯਾਦਾ ਇਕ ਬੜਾ ਮਹੱਤਵ ਪੂਰਨ ਇਤਿਹਾਸਕ ਦਸਤਾਵੇ ਹੈ ਇਸ ਤੋਂ ਮੁਨਕਰ ਨਹੀਂ ਹੋਇਆ ਜਾ ਸਕਦਾ, ਪਰ ਅੱਜ ਦੇ ਸਮੇਂ ਵਿਚ ਇਸ ਨੂੰ ਗੁਰਬਾਣੀ ਦੀ ਕਸਵੱਟੀ 'ਤੇ ਜਾ ਕੇ, ਨਵੇਂ ਸਿਰੇ ਤੋਂ ਪੜਚੋਲ ਕਰਨੀ ਕੋਈ ਅਵੱਗਿਆ ਨਹੀਂ ਹੈ। ਮਜ਼ਬੂਰੀ ਵੱਸ ਜਾਂ ਸੁੱਤੇ ਸਿੱਧ ਸਿੱਖ ਰਹਿਤ ਮਰਯਾਦਾ ਵਿਚ ਅਜੇਹਾ ਕੁਝ ਗਿਆ ਹੈ ਜੋ ਗੁਰਬਾਣੀ ਦੇ ਸਿਧਾਂਤ ਨਾਲ ਪੂਰੀ ਤਰ੍ਹਾਂ ਮੇਲ ਨਹੀਂ ਖਾਂਦਾ। 61 ਸਾ ਪਹਿਲਾਂ ਬਣੇ, ਭਾਰਤ ਦੇ ਸੰਵਿਧਾਨ ਵਿਚ ਜੇ 100 ਤੋਂ ਵਧੇਰੇ ਵਾਰੀ ਸੋਧਾਂ ਹੋ ਸਕਦੀਆ ਹਨ ਤਾਂ ਸਿੱਖ ਰਹਿਤ ਮਰਯਾਦਾ ਨੂੰ ਗੁਰਬਾਣੀ ਦੀ ਕਸਵੱਟੀ ਤੇ ਦੁਬਾਰਾ ਕਿਉਂ ਨਹ ਵਿਚਾਰਿਆ ਜਾ ਸਕਦਾ? ਦੁਖਾਂਤ ਹੀ ਆਖਾਂਗੇ ਵਿਚਾਰ ਵਾਲਿਆਂ ਨੁਕਤਿਆਂ ਨੂੰ ਸਮੇ ਸਿਰ ਨਾ ਵਿਚਾਰ ਕੇ ਡੰਗ ਟਪਾਊ ਨੀਤੀ ਨਾਲ ਕਈ ਸ਼ੰਕੇ ਆਪਣੇ ਆਪ ਹੀ ਖੜੇ ਗਏ ਹਨ।

ਵੀਰ ਰਜਿੰਦਰ ਸਿੰਘ ਜੀ ਖਾਲਸਾ ਪੰਚਾਇਤ ਵਾਲਿਆਂ ਨੇ ਰੁਝਿਆਂ ਭਰੀ ਜ਼ਿੰਦਗ ਵਿਚੋਂ ਹਮੇਸ਼ਾਂ ਸਮਾਂ ਕੱਢਦਿਆਂ ਸਿੱਖ ਕੌਮ ਦੇ ਅਦੁੱਤੀ ਸਿਧਾਂਤ ਦੀ ਗੁਰਬਾਣੀ ਰੋਸ਼ਨੀ ਵਿਚ ਵਿਚਾਰ ਕਰਨ ਦਾ ਸਾਰਥਿਕ ਯਤਨ ਕੀਤਾ ਹੈ। ਪਾਹੁਲ ਇਕ ਅਦੁੱਤ ਬਖਸ਼ਿਸ (ਸਵੈ ਪੜਚੋਲ ਅਤੇ ਵਿਆਖਿਆ) ਪੁਸਤਕ ਦੇ ਖਰੜੇ ਨੂੰ ਪੜ੍ਹਨ ਉਪਰੰ ਇਕ ਗੱਲ ਮੈਂ ਦਾਵ੍ਹੇ ਨਾਲ ਕਹਿ ਸਕਦਾ ਹਾਂ ਕਿ ਇਹਨਾਂ ਨੇ ਪਾਹੁਲ ਦੀਆਂ ਬਰੀਕੀਆ ਨੂੰ ਗੁਰਬਾਣੀ ਦੀ ਰੋਸ਼ਨੀ ਵਿਚ ਜਾ ਕੇ ਨਵੇਂ ਸਿਰੇ ਤੋਂ ਕੁਝ ਚਿਤਵਿਆ ਹੈ। ਪਾਹੁਲ ਸਬੰਧ ਵਿਚ ਸਾਡੀ ਹਮੇਸ਼ਾਂ ਪੇਸ਼ਕਸ਼ ਅਜੇਹੀ ਰਹੀ ਹੈ ਕਿ ਕੇਵਲ ਭਾਵਕ ਗੱਲਾਂ ਹ ਸੁਣਾਈਆਂ ਜਾਂ ਲਿਖੀਆਂ ਗਈਆਂ ਹਨ। ਕਿਸੇ ਨੇ ਕਿਹਾ ਪਾਹੁਲ ਲੈਣ ਨਾਲ ਹ ਸਾਰੀਆਂ ਨਿਆਮਤਾਂ ਮਿਲ ਜਾਂਦੀਆਂ ਹਨ। ਕਿਸੇ ਨੇ ਕੁਝ ਤੇ ਕਿਸੇ ਨੇ ਕੁਝ ਕਿਹਾ ਹੈ

ਪਰ ਜਦੋਂ ਅੰਮ੍ਰਿਤਧਾਰੀਆਂ ਦਾ ਜੀਵਨ ਦੇਖੀਦਾ ਹੈ ਤਾਂ ਉਹਨਾਂ ਦਾ ਸੰਸਾਰ ਨਾਲੋਂ ਕੁਝ ਵੀ ਵੱਖਰਾਪਨ ਨਹੀਂ ਹੈ। ਉਹੀ ਠੱਗੀਆਂ-ਠੋਰੀਆਂ, ਰਾਜਨੀਤਿਕ ਕਲਾ ਬਾਜੀਆਂ, ਧਰਮ ਦੇ ਨਾਂ 'ਤੇ ਡਰਾਮੇ ਬਾਜੀਆਂ ਜਨੀ ਕੇ ਕੁਝ ਵੀ ਨਿਵੇਕਲਾਪਨ ਨਜ਼ਰ ਨਹੀਂ ਅਉਂਦਾ। ਇਸ ਦਾ ਉੱਤਰ ਦੇਣਾ ਬਣਦਾ ਹੈ ਕਿ ਨਿਰਾ ਪਾਹੁਲ ਲੈਣ ਨਾਲ ਕੁਝ ਨਹੀਂ ਬਣਨਾ ਜੇ ਗੁਰਬਾਣੀ ਦੇ ਮਿੱਠੜੇ ਬੋਲਾਂ ਨੂੰ ਆਪਣੇ ਜੀਵਨ ਵਿਚ ਧਾਰਨ ਨਾ ਕੀਤਾ।

ਇਸ ਪੁਸਤਕ ਵਿਚ ਵਿਸਥਾਰ ਨਾਲ ਹਰ ਗੱਲ ਨੂੰ ਗੁਰਬਾਣੀ ਦੀ ਕਸਵੱਟੀ 'ਤੇ ਪਰਖਣ ਦਾ ਯਤਨ ਕੀਤਾ ਗਿਆ ਹੈ। ਮਿਸਾਲ ਦੇ ਤੌਰ 'ਤੇ ਜਨੇਊ ਪਹਿਨਣ ਦੀ ਰਸਮ ਨੂੰ ਹੀ ਲੈ ਲਈਏ, ਜੇ ਗੁਣ ਹੀਣ ਜਨੇਊ ਨੂੰ ਕਰਮ-ਕਾਂਡ ਕਿਹਾ ਹੈ ਤਾਂ ਕੀ ਜੇ ਅਸੀਂ ਦਇਆਂ (ਸੇਵਾ), ਸੰਤੋਖ, ਜਤ-ਸਤ ਦੇ ਧਾਰਨੀ ਨਹੀਂ ਹਾਂ ਤਾਂ ਫਿਰ ਕਕਾਰਾਂ ਤੇ ਜਨੇਊ ਵਿਚ ਕੋਈ ਬਹੁਤਾ ਅੰਤਰ ਨਹੀਂ ਰਹਿ ਜਾਂਦਾ। ਇਸ ਵਿਚਾਰ ਨੂੰ ਪਰਖਣ ਦਾ ਯਤਨ ਕੀਤਾ ਗਿਆ ਹੈ ਗੁਣਵੱਤਾ ਤੋਂ ਬਿਨਾ ਅਸੀਂ ਕੇਵਲ ਕਕਾਰੀ ਸਿੱਖ ਹੀ ਹੋ ਹਾਂ।

ਇਸ ਸਬੰਧੀ ਲੇਖਕ ਦਾ ਆਪਣਾ ਵਿਚਾਰ ਹੈ "ਸਤਿਗੁਰੂ ਨੇ ਵਿਖਾਵੇ ਦਾ ਧਾਰਮਕ ਚਿੰਨ੍ਹ ਪਾਉਣ ਤੋਂ ਇਨਕਾਰ ਕਰਦੇ ਹੋਏ ਸਾਫ਼ ਕਿਹਾ ਹੈ ਕਿ ਮੈਨੂੰ ਤਾਂ ਜੀਵਨ ਵਿਚ ਸ਼ੁਭ ਗੁਣਾਂ ਦੀ ਲੋੜ ਹੈ---ਸਤਿਗੁਰ ਨਾਨਕ ਪਾਤਸ਼ਾਹ ਨੇ ਜੇ ਵਿਖਾਵੇ ਦਾ ਇਕ ਚਿੰਨ੍ਹ ਧਾਰਨ ਕਰਨ ਤੋਂ ਇਨਕਾਰ ਕੀਤਾ ਸੀ ਤਾਂ ਕੀ ਗੁਰੂ ਗੋਬਿੰਦ ਸਿੰਘ ਜੀ ਨੇ ਚਾਰ ਹੋਰ ਪਹਿਨਾ ਦਿੱਤੇ—ਸਾਨੂੰ ਗੁਣਾਂ ਦੇ ਪ੍ਰਤੀਕ ਕਕਾਰ ਪਹਿਨਾਏ ਤਾਂ ਕਿ ਸੰਸਾਰ ਦੇ ਲੋਕਾਂ ਨੂੰ ਖਾਲਸੇ ਨਾਲ ਮਿਲਣ ਕਰਕੇ ਹੀ ਪਤਾ ਲੱਗ ਜਾਏ ਕਿ ਇਹ ਵਿਆਕਤੀ ਇਹਨਾਂ ਸ਼ੁਭ ਗੁਣਾਂ ਦਾ ਧਾਰਨੀ ਹੈ"।

ਪਹੁਲ ਤਿਆਰ ਕਰਨ ਸਮੇਂ ਪੜ੍ਹੀਆਂ ਜਾਣ ਵਾਲੀਆਂ ਬਾਣੀਆਂ ਸਬੰਧੀ ਪਏ ਝੁਮੇਲੇ ਨੂੰ ਵੱਖ ਵੱਖ ਗ੍ਰੰਥਾਂ ਦੇ ਹਵਾਲੇ ਦੇ ਕੇ ਲੇਖਕ ਜੀ ਵਲੋਂ ਦੱਸਿਆ ਗਿਆ ਹੈ—"ਉਪਰੋਕਤ ਸਾਰੀਆਂ ਲਿਖਤਾਂ ਤੋਂ ਖੰਡੇ ਬਾਟੇ ਦੀ ਪਾਹੁਲ ਛਕਾਉਣ ਦੇ ਸੰਸਕਾਰ ਦੀ ਪ੍ਰੋੜਤਾ ਤਾਂ ਹੁੰਦੀ ਹੈ ਪਰ ਜਿੱਥੋਂ ਤਕ ਇਸ ਗੱਲ ਦਾ ਸਬੰਧ ਕਿ ਉਸ ਸਮੇਂ ਕਿਹੜੀਆਂ ਬਾਣੀਆਂ ਪੜ੍ਹੀਆ ਗਈਆਂ ਬਾਰੇ ਦੁਬਿਧਾ ਹੀ ਮਿਲਦੀ ਹੈ। ਇਹ ਗੱਲ ਸਪੱਸ਼ਟ ਹੈ ਕਿ ਸਾਡੇ ਕੋਲ ਕੋਈ ਐਸਾ ਪ੍ਰਮਾਣੀਕ ਸ੍ਰੋਤ ਨਹੀਂ ਹੈ ਜਿਸ 'ਤੇ ਪੂਰਨ ਭਰੋਸਾ ਕੀਤਾ ਜਾ ਸਕੇ---ਜੇ ਇਹਨਾਂ ਦੇ ਹੋਂਦ ਵਿਚ ਆਉਣ ਵਾਲੇ ਸਮੇਂ ਨੂੰ ਪ੍ਰਮਾਣਕ ਮੰਨ ਲਿਆ ਜਾਏ, ਤਾਂ ਇਹ ਮੰਨਣਾ ਪਵੇਗਾ ਕਿ ਸਮੇਂ ਸਮੇਂ ਇਹਨਾਂ ਵਿਚ ਤਬਦੀਲੀਆਂ ਅਤੇ ਮਿਲਾਵਟਾਂ ਕੀਤੀਆਂ ਗਈਆਂ ਹਨ, ਨਹੀਂ ਤਾਂ ਕੁਝ ਪੁਰਾਤਨ ਗ੍ਰੰਥਾਂ ਵਿਚ ਇਕ-ਸਾਰਤਾ ਜ਼ਰੂਰ ਹੁੰਦੀ। ਇਸ ਨਾਲ ਉਹਨਾਂ ਲੋਕਾਂ ਦੀ ਅਗਿਆਨਤਾ ਕਹੀਏ ਜਾਂ ਕੋਰਾ ਝੂਠ, ਵੀ ਉਭਰ ਕੇ ਸਾਹਮਣੇ ਆਉਂਦਾ ਹੈ, ਜੋ ਇਹ ਕਹਿੰਦੇ ਹਨ ਕਿ ਮੌਜੂਦਾ ਮਰਯਾਦਾ ਗੁਰੂ ਜੀ ਤੋਂ ਚਲੀ ਆਉਂਦੀ ਹੈ। ਪੁਰਾਤਨ ਕਹੇ ਜਾਂਦੇ ਰਹਿਤਨਾਮਿਆਂ ਅਤੇ ਇਤਿਹਾਸਕ ਪੁਸਤਕਾਂ ਵਿੱਚ ਗੁਰਮਤਿ ਵਿਰੋਧੀ, ਗੈਰ ਸਿਧਾਂਤਕ ਗੱਲਾਂ ਦੀ ਭਰਪੂਰ ਮਿਲਾਵਟ ਕੀਤੀ ਗਈ ਹੈ"। ਅੱਗੇ ਉਹਨਾਂ ਨੇ ਪੁਸਤਕ ਵਿਚ ਕੁਝ ਹੋਰ ਹਵਾਲੇ ਦੇ ਕੇ ਗੁਰਮਤ ਦੇ ਨਜ਼ਰੀਏ ਨੂੰ ਤੇ ਆਪਣੀ ਗੱਲ ਨੂੰ ਸਮਝਾਉਣ ਦੇ ਪੁਖਤੇ ਸਬੂਤ ਵੀ ਦਿੱਤੇ ਹਨ। ਆਪਣੀ ਦਲੀਲ ਨੂੰ ਚਾਲੂ ਰੱਖਦਿਆਂ ਅੱਗੇ ਲਿਖਦੇ ਹਨ ਕਿ—'ਪਰ ਇਸ ਕਮੇਟੀ ਦੇ ਵਿਦਵਾਨ ਵੀ ਇਸ ਬਚਿਤ੍ਰ ਨਾਟਕ ਅਤੇ ਪੁਰਾਣੇ

ਰਹਿਤਨਾਮਿਆਂ ਦੇ ਪ੍ਰਭਾਵ ਤੋਂ ਬੱਚ ਨਾ ਸਕੇ ਅਤੇ ਭੁੱਲ ਇਥੋਂ ਤੱਕ ਹੋਈ ਕਿ ਨਵੀਂ ਮਰਯਾਦਾ ਵਿੱਚ ਪਾਹੁਲ ਤਿਆਰ ਕਰਨ ਵੇਲੇ ਪੜ੍ਹੀਆਂ ਜਾਣ ਵਾਲੀਆਂ ਬਾਣੀਆਂ ਵਿੱਚ ਗੁਰੂ ਗ੍ਰੰਥ ਸਾਹਿਬ ਵਿਚੋਂ ਤਾਂ ਦੋ ਬਾਣੀਆਂ ਲਈਆਂ ਪਰ ਬਚਿੱਤ੍ਰ ਨਾਟਕ ਵਿੱਚੋਂ ਤਿੰਨ। ਬਹੁਤ ਸਾਰੇ ਫੈਸਲੇ ਤਾਂ ਗੁਰੂ ਗ੍ਰੰਥ ਸਾਹਿਬ ਦੇ ਇਲਾਹੀ ਗਿਆਨ ਨੂੰ ਅਧਾਰ ਬਨਾਉਣ ਦੀ ਬਜਾਏ, ਇਸ ਸੋਚ ਨਾਲ ਕੀਤੇ ਗਏ ਕਿ ਸਭ ਨੂੰ ਖੁਸ਼ ਰੱਖਣਾ ਹੈ ਅਤੇ ਸਭ ਨੂੰ ਇਕੱਠਾ ਕਰਨਾ ਹੈ। ਐਸੇ ਗੈਰ ਸਿਧਾਂਤਕ ਫੈਸਲੇ ਏਕਤਾ ਨਹੀਂ ਲਿਆ ਸਕਦੇ---ਅੱਜ ਬਚਿਤ੍ਰ ਨਾਟਕ ਦੇ ਹਮਾਇਤੀ ਇਸ ਸਿੱਖ ਰਹਿਤ ਮਰਯਾਦਾ ਨੂੰ ਇਕ ਵੱਡੇ ਹਥਿਆਰ ਦੇ ਤੌਰ ਤੇ ਵਰਤਣ ਦੀ ਕੋਸ਼ਿਸ਼ ਕਰਦੇ ਹਨ। ਜਦੋਂ ਕੋਈ ਇਨ੍ਹਾਂ ਲਿਖਤਾਂ ਬਾਰੇ ਗੱਲ ਕਰੇ ਇਹ ਰੌਲਾ ਪਾਉਣਾ ਸ਼ੁਰੂ ਕਰ ਦਿੰਦੇ ਹਨ, ਦੇਖੋ ਜੀ ! ਸਿੱਖ ਰਹਿਤ ਮਰਯਾਦਾ ਖਿਲਾਫ ਬੋਲਦੇ ਹਨ। ਹਾਲਾਂਕਿ ਗੱਲ ਬਿਲਕੁਲ ਉਲਟ ਹੈ। ਇਹ ਜਿਤਨੇ ਡੇਰੇ ਹਨ, ਸਭ ਦੀਆਂ ਆਪਣੀਆਂ ਅਲੱਗ ਅਲੱਗ ਮਰਯਾਦਾ ਹਨ ਅਤੇ ਇਹ ਸਿੱਖ ਰਹਿਤ ਮਰਯਾਦਾ ਨੂੰ ਬਿਲਕੁਲ ਨਹੀਂ ਮੰਨਦੇ। ਕੁੱਝ ਗਲਤੀ ਸੁਚੇਤ ਸਿੱਖਾਂ ਕੋਲੋ ਵੀ ਹੋਈ ਹੈ, ਇਨ੍ਹਾਂ ਸਿੱਖ ਰਹਿਤ ਮਰਿਯਾਦਾ ਨੂੰ ਗੁਰੂ ਗ੍ਰੰਥ ਸਾਹਿਬ ਦੇ ਬਰਾਬਰ ਮਹੱਤਤਾ ਦੇਣੀ ਸ਼ੁਰੂ ਕਰ ਦਿੱਤੀ' ।

ਇਸ ਦਾ ਅਰਥ ਇਹ ਨਹੀਂ ਲੇਖਕ ਕੋਈ ਰਹਿਤ ਮਰਯਾਦਾ ਤੋਂ ਮੁਨਕਰ ਹੋ ਰਿਹਾ ਹੈ ਸਗੋਂ ਉਹ ਤਾਂ ਕਹਿੰਦੇ ਹਨ ਕਿ ਇਸ ਦਾ ਸਥਾਨ ਕਿਸੇ ਕੌਮ ਦੇ ਸੰਵਿਧਾਨ ਵਰਗਾ ਹੈ ਜਿਸ ਵਿਚ ਸੋਧਾਂ ਕੀਤੀਆਂ ਜਾ ਸਕਦੀਆਂ ਹਨ।

ਆਮ ਹਾਲਤਾਂ ਵਿਚ ਕਿਤੇ ਕੰਘਾ ਵਿਸਰ ਗਿਆ ਜਾਂ ਬਾਹਰਲੇ ਮੁਲਕ ਨੂੰ ਜਾਣ ਲੱਗਿਆਂ ਕਿਰਪਾਨ ਦਾ ਜਮ੍ਹਾਂ ਕਰਾਉਣ ਨਾਲ ਪਾਹੁਲ (ਅੰਮ੍ਰਿਤ) ਵੀ ਨਾ ਟੁਟਦੀ ਹੈ ਤੇ ਨਾ ਹੀ ਭੰਗ ਹੁੰਦੀ ਹੈ। ਪਾਹੁਲ ਏਂਡੀ ਕੋਈ ਕੱਚੀ ਚੀਜ਼ ਨਹੀਂ ਹੈ ਜੋ ਮਿੰਟੋ ਮਿੰਟੀ ਟੁੱਟ ਜਾਏਗੀ। ਹਰ ਵਿਚਾਰ ਦੀ ਡੂੰਘਾਈ ਵਿਚ ਜਾਂਦਿਆਂ ਲੇਖਕ ਨੇ ਗੈਰਕੁਦਰਤੀ ਮੱਦਾਂ ਨੂੰ ਬੇਬਾਕ ਟਿੱਪਣੀਆਂ ਨਾਲ ਰੱਦ ਕੀਤਾ ਹੈ। ਜੇਹਾ ਕਿ "ਅਕਸਰ ਇਹ ਆਖਿਆ ਜਾਂਦਾ ਹੈ ਕਿ ਬਾਣੀ ਨੂੰ ਪਾਣੀ ਵਿਚ ਘੋਲ਼ ਕੇ ਪਿਲਾਇਆ ਗਿਆ ਹੈ। ਐਸੀ ਗੈਰ ਸਿਧਾਂਤਕ ਅਤੇ ਗੈਰ ਵਿਗਿਆਨਕ ਗੱਲ ਦਾ, (ਸਾਹਿਬੇ ਗਿਆਨ ਗੁਰੂ ਗ੍ਰੰਥ ਸਾਹਿਬ ਜੀ ਦੇ ਇਲਾਹੀ ਗਿਆਨ ਦੇ ਅਧਾਰਤ) ਕੌਮ ਵਿਚ ਪ੍ਰਚੱਲਤ ਹੋਣਾ ਅਤਿ ਮੰਦ ਭਾਗਾ ਅਤੇ ਦੁਖਦਾਈ ਹੀ ਕਿਹਾ ਜਾ ਸਕਦਾ ਹੈ। ਗੁਰਬਾਣੀ ਪੜ੍ਹ ਕੇ ਜਾਂ ਸੁਣ ਕੇ ਜੀਵਨ ਵਿਚ ਅਪਨਾਈ ਜਾ ਸਕਦੀ ਹੈ। ਸਤਿਗੁਰ ਜੀ ਦੇ ਪਾਵਨ ਬਚਨ ਹਨ—

ਸੁਣਿਆ ਮੰਨਿਆ ਮਨਿ ਕੀਤਾ ਭਾਉ॥ ਅੰਤਰਗਤਿ ਤੀਰਥਿ ਮਲਿ ਨਾਉ॥ (ਜਪੁ)

ਨੇਤਰਾਂ ਵਿਚ ਛੱਟੇ ਮਾਰਨ ਵਾਲੀ ਘਟਨਾ ਨੂੰ ਇੰਜ ਬਿਆਨ ਕੀਤਾ ਜਾਂਦਾ ਹੈ ਕਿ ਜਿਵੇਂ ਕੇਵਲ ਛਿੱਟੇ ਵੱਜਣ ਨਾਲ ਹੀ ਰੱਬ ਦਾ ਦੀਦਾਰ ਹੀ ਜਾਏਗਾ। ਅਸਲ ਵਿਚ ਅੱਖਾਂ ਵਿਚ ਗੁਰਬਾਣੀ ਗਿਆਨ ਦੇ ਛਿੱਟੇ ਮਾਰਨ ਦੀ ਜ਼ਰੂਰਤ ਹੈ। ਸਵੈ ਪੜਚੋਲ ਕਰਦਿਆਂ ਲੇਖਕ ਨੇ ਸਿਰ ਵਿਚ ਚੂਲੇ ਪਾਉਣ ਤੇ ਅੱਖਾਂ ਵਿਚ ਛਿੱਟੇ ਮਾਰਨ ਦੀ ਪ੍ਰਕਿਰਿਆ ਨੂੰ ਗੁਰਮਤ ਦੇ ਨਾ ਅਨੁਕੂਲ ਹੋਣਾ ਸਮਝਾਉਣ ਦਾ ਯਤਨ ਕੀਤਾ ਹੈ। ਇਹ ਵੀ ਦੱਸਿਆ ਹੈ ਕਿ ਜੇ ਇਸ ਵਿਚ ਸੋਧ ਹੋ ਜਾਏ ਤਾਂ ਨੁਕਸਾਨ ਵਾਲੀ ਕੋਈ ਗੱਲ ਨਹੀਂ ਹੈ।

ਅੰਮ੍ਰਿਤ ਸ਼ਬਦ ਦੀ ਵਿਚਾਰ ਦੇਂਦਿਆਂ ਲੇਖਕ ਜੀ ਲਿਖਦੇ ਹਨ ਕਿ "ਗੁਰਬਾਣੀ ਦੇ ਜਿਸ ਨਾਮ ਅੰਮ੍ਰਿਤ ਨੇ ਸਰੋਸ਼ਾਰ ਕਰਨਾ ਸੀ ਉਹ ਤਾਂ ਰੁਮਾਲਿਆਂ ਦੇ ਥੱਲੇ ਹੀ ਦੱਬਿਆ

ਰਹਿ ਗਿਆ। ਕਿਸੇ ਅਖੰਡ ਪਾਠ ਨੇੜੇ ਰੱਖੇ ਕੁੰਭ ਦਾ ਪਾਣੀ 'ਅੰਮ੍ਰਿਤ', ਕਿਸੇ ਪਖੰਡੀ ਸਾਧ ਦਾ ਮੰਤ੍ਰਿਆ ਹੋਇਆ ਜਲ 'ਅੰਮ੍ਰਿਤ', ਕਿਸੇ ਤਲਾ ਜਾਂ ਵੱਧ ਤੋਂ ਵੱਧ ਸਰੋਵਰ ਕਹਿ ਲਓ ਦਾ ਪਾਣੀ 'ਅੰਮ੍ਰਿਤ' ਹੋਰ ਤਾਂ ਹੋਰ ਗੁਰਦੁਆਰੇ ਦੇ ਦਰਵਾਜ਼ੇ ਦੇ ਅੱਗੇ ਪੈਰ ਧੋਣ ਲਈ ਬਣੇ ਚੁਬੱਚੇ ਦਾ ਗੰਦਲਾ ਪਾਣੀ 'ਅੰਮ੍ਰਿਤ'---ਏਨੀਆਂ ਪਹੁਲਾਂ ਦੇ ਰਲ਼ੇ ਵਿਚ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਬਖਸ਼ਿਸ਼ ਕੀਤੀ ਖੰਡੇ ਦੀ ਪਹੁਲ ਤਾਂ ਜਿਵੇਂ ਕਿਤੇ ਗੁਆਚ ਹੀ ਗਈ ਹੈ। ਸ਼ਾਇਦ ਏਸੇ ਕਰਕੇ ਬਹੁਤੀ ਕੌਮ ਇਸ ਨੂੰ ਛੱਕਣ ਤੋਂ ਮੁਨਕਰ ਹੋ ਰਹੀ ਹੈ। ਜਿਹੜੇ ਛੱਕ ਵੀ ਰਹੇ ਹਨ, ਉਹਨਾਂ ਵਿਚੋਂ ਬਹੁਤੇ ਕਰਮ-ਕਾਂਡ ਦੇ ਧਾਰਨੀ ਹੋ ਚੁੱਕੇ ਹਨ"।

ਲੇਖਕ ਜੀ ਨੇ ਸਿੱਖ ਕੌਮ ਅੱਗੇ ਦੋ ਵੱਡੇ ਮੁੱਦੇ ਰੱਖੇ ਹਨ ਕਿ ਬਚਿੱਤ੍ਰ ਨਾਟਕ ਰਾਂਹੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਿਧਾਂਤਕ ਪੱਖ ਤੇ ਹਮਲਾ ਦੂਸਰਾ ਖੰਡੇ ਦੀ ਪਾਹੁਲ ਰਾਂਹੀ ਨਿਭਾਏ ਜਾ ਰਹੇ ਕਰਮ-ਕਾਂਡ ਦੀਆਂ ਬਰੀਕ ਤੰਦਾਂ ਜਿਨ੍ਹਾਂ ਨੂੰ ਗੁਰਬਾਣੀ ਦੀ ਮਜ਼ਬੂਤੀ ਦੁਆਰਾ ਉਦੇੜਨ ਦਾ ਇਕ ਸਾਰਥਿਕ ਯਤਨ ਕੀਤਾ ਹੈ। ਸਵੈ ਪੜਚੋਲ ਪੁਸਤਕ ਵਿਚ ਇਕ ਤਰਲਾ ਮਾਰਿਆ ਹੈ ਖਬਰੇ ਕਿਤੇ ਕੌਮ ਜਾਗ ਪਏ---"ਅੱਜ ਸਿੱਖੀ ਦੇ ਦੋਵੇਂ ਪ੍ਰਮੁੱਖ ਥੰਮ ਗੁਰੂ ਗ੍ਰੰਥ ਸਾਹਿਬ ਅਤੇ ਖੰਡੇ ਬਾਟੇ ਦੀ ਪਾਹੁਲ ਦੀ ਸੰਸਥਾ ਵੱਡੇ ਹਮਲੇ ਅਧੀਨ ਹਨ---ਭੇਖੀ ਸਾਧਾਂ ਦਾ ਜਾਲ ਵਿਛਾ ਦਿੱਤਾ ਗਿਆ ਹੈ ਜੋ ਸਿੱਖੀ ਦੇ ਪ੍ਰਚਾਰ ਦਾ ਭੇਖ ਧਾਰ ਕੇ ਗੁਰੂ ਗ੍ਰੰਥ ਸਾਹਿਬ ਜੀ ਦਾ ਨਾਮ ਦੇ ਕੇ ਸਤਿਗੁਰੂ ਦੇ ਸਰੂਪ ਦੀ ਪੂਜਾ ਕਰਾ ਰਹੇ ਹਨ। ਏਹੀ ਲੋਕ ਹਨ ਜੋ ਨਾਲ ਇਸ ਸਾਕਤੀ ਕਿਤਾਬ ਨੂੰ ਵੀ ਸਥਾਪਤ ਕਰਨ ਦੀ ਕੋਸ਼ਿਸ਼ ਕਰ ਰਹੇ ਹਨ। ਇਹ ਉਸ ਦੀ ਵੀ ਬਰਾਬਰ ਪੂਜਾ ਕਰਾਉਂਦੇ ਹਨ—ਤਾਂ ਕਿ ਸਿਧਾਂਤਕ ਦੁਬਿਧਾ ਦੇ ਬੀਜ ਬੀਜੇ ਜਾ ਸਕਣ---ਦੂਸਰਾ ਖੰਡੇ ਦੀ ਪਾਹੁਲ ਨੂੰ ਇਕ ਜਾਦੂਈ ਪਾਣੀ ਦੇ ਤੌਰ ਤੇ ਪੇਸ਼ ਕੀਤਾ ਗਿਆ ਤੇ ਇਸ ਨੂੰ ਇਕ ਕਰਮ-ਕਾਂਡ ਬਣ ਦਿੱਤਾ ਗਿਆ ਹੈ"।

ਮੇਰੀ ਸਮਝ ਅਨੁਸਾਰ ਵੀਰ ਰਜਿੰਦਰ ਸਿੰਘ ਜੀ ਖਾਲਸਾ ਪੰਚਾਇਤ ਵਾਲਿਆਂ ਨੇ ਜਿਸ ਤਰ੍ਹਾਂ ਮਕੈਨੀਕਲ ਸਿਮਰਣ ਸਬੰਧੀ ਪਏ ਹੋਏ ਭੁਲੇਖਿਆਂ ਨੂੰ ਗੁਰਬਾਣੀ ਦੀ ਰੋਸ਼ਨੀ ਵਿੱਚ ਦੂਰ ਕਰਨ ਦਾ ਯਤਨ ਕਰਦਿਆਂ ਇਕ ਪੁਸਤਕ ਹੋਂਦ ਵਿਚ ਲਿਆਂਦੀ ਸੀ। ਕੁਝ ਏਸੇ ਤਰ੍ਹਾਂ ਹੀ ਪਾਹੁਲ ਸਬੰਧੀ ਜੋ ਕਰਮ-ਕਾਂਡ ਫੈਲਾਇਆ ਜਾ ਰਿਹਾ ਹੈ ਜਾਂ ਬਚ੍ਰਿਤ ਨਾਟਕ ਦੇ ਬੇ-ਲੋੜੇ ਬੋਲ ਬਾਲੇ ਨੂੰ ਵਧਾਇਆ ਜਾ ਰਿਹਾ ਹੈ ਉਸਨੂੰ ਠੱਲ੍ਹ ਪਾਉਣ ਲਈ ਸਵੈ ਪੜਚੋਲ ਕਰਨ ਦਾ ਇਕ ਵਧੀਆ ਉਦਮ ਕੀਤਾ ਹੈ। ਜਨ ਸਧਾਰਣ ਲੋਕਾਂ ਨੂੰ ਜਾਗਰੂਕ ਕਰਨ ਲਈ ਇਹ ਪੁਸਤਕ ਬਹੁਤ ਕਾਰਗਰ ਸਾਬਤ ਹਏਗੀ। ਇਕ ਦੋ ਥਾਵਾਂ ਤੇ ਕੁਝ ਸਤਰਾਂ ਦੀ ਤਬਦੀਲੀ ਕਰਨ ਲਈ ਕਿਹਾ ਸੀ ਜੋ ਉਹਨਾਂ ਨੇ ਨਵੇਂ ਸਿਰੇ ਤੋਂ ਫਿਰ ਵਿਚਾਰ ਕਰ ਲਈਆਂ ਹਨ। ਆਮ ਲੋਕਾਂ ਵਿਚ ਖੰਡੇ ਦੀ ਪਾਹੁਲ ਨੂੰ ਇਕ ਹਊਆ ਬਣਾ ਕੇ ਪੇਸ਼ ਕੀਤਾ ਹੈ ਜਿਸ ਤੋਂ ਖਾਲਸਾ ਜੀ ਨੇ ਛੁਟਕਾਰਾ ਪਾਉਣ ਦਾ ਗੁਰਬਾਣੀ ਦੇ ਚਾਨਣੇ ਵਿਚ ਹੱਲ ਵੀ ਦੱਸਿਆ ਹੈ। ਲੇਖਕ ਜੀ ਗੁਰਮਤ ਸਿਧਾਂਤ ਨੂੰ ਸਟੇਜ 'ਤੇ ਬਾਖੂਬੀ ਢੰਗ ਨਾਲ ਸੰਗਤਾਂ ਸਾਹਮਣੇ ਰੱਖਦੇ ਹਨ ਉੱਥੇ ਉਹ ਕਲਮ ਨਾਲ ਵੀ ਕੌਮ ਦੀ ਨਿਗਰ ਤੇ ਨਿਰੋਈ ਸੇਵਾ ਕਰ ਰਹੇ ਹਨ। ਮੇਰੀ ਦਿਲੀ ਭਾਵਨਾ ਹੈ ਕਿ ਇਹ ਕਲਮ ਦਾ ਸਫਰ ਏਸੇ ਤਰ੍ਹਾਂ ਚਲਦਾ ਰਹੇ। ਦੂਸਰੀ ਇਕ ਬੇਨਤੀ ਵੀ ਕੀਤੀ ਸੀ ਕਿ ਮੈਦਾਨ ਖਾਲੀ ਨਾ ਛੱਡਿਆ

ਜਾਏ ਨਵੇਂ ਸਿਰੇ ਤੋਂ ਕੁਝ ਹੋਰ ਕਰਨ ਦਾ ਇਕ ਹੋਰ ਭਰਵਾਂ ਹੰਭਲ਼ਾ ਮਾਰਨ ਦੀ ਜ਼ਰੂਰਤ ਹੈ—

ਆਗਾਹਾ ਕੂ ਤ੍ਰਾਘਿ, ਪਿਛਾ ਫੇਰਿ ਨ ਮੁਹਡੜਾ ॥
ਨਾਨਕ ਸਿਝਿ ਇਵੇਹਾ ਵਾਰ, ਬਹੁੜਿ ਨ ਹੋਵੀ ਜਨਮੜਾ ॥੧॥
ਸਲੋਕ ਮ: ੫ ਪੰਨਾ ੧੦੯੬

ਅਤੇ

ਫੂਟੋ ਆਂਡਾ ਭਰਮ ਕਾ ਮਨਹਿ ਭਇਓ ਪਰਗਾਸੁ ॥
ਕਾਟੀ ਬੇਰੀ ਪਗਹ ਤੇ ਗੁਰਿ ਕੀਨੀ ਬੰਦਿ ਖਲਾਸੁ ॥੧
ਮਾਰੂ ਮਹਲਾ ੫ ਪੰਨਾ ੧੦੦੨

ਗੁਰਬਚਨ ਸਿੰਘ 'ਥਾਈਲੈਂਡ'
ਪ੍ਰਿੰਸੀਪਲ
ਗੁਰਮਤਿ ਗਿਆਨ ਮਿਸ਼ਨਰੀ ਕਾਲਜ,
ਪੰਜਾਬੀ ਬਾਗ, ਜਵੱਦੀ ਕਲਾਂ, ਲੁਧਿਆਣਾ
91-9915529725

ੴ ਸਤਿਗੁਰਪ੍ਰਸਾਦਿ ॥

ਸ਼ੁਰੂਆਤੀ ਬੇਨਤੀ

ਗੁਰੂ ਗ੍ਰੰਥ ਸਾਹਿਬ ਇਲਾਹੀ ਗਿਆਨ ਦਾ ਅਨਮੋਲ ਖਜ਼ਾਨਾ ਹੈ। ਗੁਰੂ ਗੋਬਿੰਦ ਸਿੰਘ ਪਾਤਿਸ਼ਾਹ ਦੁਆਰਾ ਗੁਰੂ ਗ੍ਰੰਥ ਸਾਹਿਬ ਨੂੰ ਗੁਰਗੱਦੀ ਦੇਣਾ, ਦੁਨੀਆਂ ਦੇ ਧਾਰਮਿਕ ਇਤਿਹਾਸ ਵਿੱਚ ਇਕ ਵੱਡਾ ਇਨਕਲਾਬ ਸੀ, ਕਿਉਂਕਿ ਇਹ ਪਹਿਲੀ ਵਾਰ ਸੀ ਜਦੋਂ, ਇਕ ਧਾਰਮਿਕ ਇਸ਼ਟ ਨੇ ਆਪਣੇ ਪੈਰੋਕਾਰਾਂ ਨੂੰ ਗਿਆਨ ਦੇ ਲੜ ਲਾਇਆ। ਉਂਝ ਗੁਰੂ-ਘਰ ਵਿੱਚ ਇਹ ਕੋਈ ਨਵੀਂ ਗੱਲ ਵੀ ਨਹੀਂ ਸੀ, ਕਿਉਂਕਿ ਗੁਰੂ ਨਾਨਕ ਸਾਹਿਬ ਦੇ ਸਮੇਂ ਤੋਂ ਹੀ ਸਿੱਖ ਨੂੰ ਇਹ ਗੱਲ ਚੰਗੀ ਤਰ੍ਹਾਂ ਦ੍ਰਿੜ ਕਰਾਈ ਜਾ ਰਹੀ ਸੀ ਕਿ ਉਨ੍ਹਾਂ ਦਾ ਅਸਲ ਗੁਰੂ, ਗੁਰਬਾਣੀ ਦੁਆਰਾ ਦ੍ਰਿੜ ਕਰਾਇਆ, ਇਲਾਹੀ ਗਿਆਨ ਹੈ, ਜਿਸ ਨੇ ਰਹਿੰਦੀ ਦੁਨੀਆਂ ਤੱਕ ਮਨੁੱਖਤਾ ਨੂੰ ਸਹੀ ਅਤੇ ਸੱਚੀ ਅਗਵਾਈ ਬਖਸ਼ਣੀ ਹੈ। ਗੁਰਬਾਣੀ ਵਿੱਚ ਇਸ ਦੀ ਪ੍ਰੋੜਤਾ ਕਰਦੇ ਅਨੇਕ ਪ੍ਰਮਾਣ ਹਨ, ਜਿਵੇਂ:

"ਸਬਦੁ ਗੁਰੂ ਸੁਰਤਿ ਧੁਨਿ ਚੇਲਾ ॥"

{ਰਾਮਕਲੀ ਮਹਲਾ ੧, ਸਿਧ ਗੋਸਟਿ, ਪੰਨਾ ੯੪੩}

ਸ਼ਬਦ (ਮੇਰਾ) ਗੁਰੂ ਹੈ, ਮੇਰੀ ਸੁਰਤਿ ਦਾ ਟਿਕਾਉ (ਉਸ ਗੁਰੂ ਦਾ) ਸਿੱਖ ਹੈ ।

"ਇਕਾ ਬਾਣੀ ਇਕੁ ਗੁਰੁ ਇਕੋ ਸਬਦੁ ਵੀਚਾਰਿ ॥"

{ਮ: ੩, ਪੰਨਾ ੬੪੬}

ਕੇਵਲ ਬਾਣੀ ਹੀ ਪ੍ਰਮਾਣੀਕ ਗੁਰੂ ਹੈ, ਗੁਰੂ ਦੇ ਸ਼ਬਦ ਨੂੰ ਹੀ ਵਿਚਾਰੋ ।

"ਬਾਣੀ ਗੁਰੂ ਗੁਰੂ ਹੈ ਬਾਣੀ ਵਿਚਿ ਬਾਣੀ ਅੰਮ੍ਰਿਤੁ ਸਾਰੇ ॥ ਗੁਰੁ ਬਾਣੀ ਕਹੈ ਸੇਵਕੁ ਜਨੁ ਮਾਨੈ ਪਰਤਖਿ ਗੁਰੂ ਨਿਸਤਾਰੇ ॥"

{ਨਟ ਮਹਲਾ ੪, ਪੰਨਾ ੯੮੨}

ਹੇ ਭਾਈ ! ਗੁਰੂ ਦੀ) ਬਾਣੀ (ਸਿੱਖ ਦਾ) ਗੁਰੂ ਹੈ, ਗੁਰੂ ਬਾਣੀ ਵਿਚ ਮੌਜੂਦ ਹੈ । (ਗੁਰੂ ਦੀ) ਬਾਣੀ ਵਿਚ ਆਤਮਕ ਜੀਵਨ ਦੇਣ ਵਾਲਾ ਨਾਮ-ਜਲ (ਹੈ, ਜਿਸ ਨੂੰ ਸਿੱਖ ਹਰ ਵੇਲੇ ਆਪਣੇ ਹਿਰਦੇ ਵਿਚ) ਸਾਂਭ ਰੱਖਦਾ ਹੈ । ਗੁਰੂ ਬਾਣੀ ਉਚਾਰਦਾ ਹੈ, (ਗੁਰੂ ਦਾ) ਸੇਵਕ ਉਸ ਬਾਣੀ ਉਤੇ ਸਰਧਾ ਧਾਰਦਾ ਹੈ । ਗੁਰੂ ਉਸ ਸਿੱਖ ਨੂੰ ਯਕੀਨੀ ਤੌਰ ਤੇ ਸੰਸਾਰ-ਸਮੁੰਦਰ ਤੋਂ ਪਾਰ ਲੰਘਾ ਦੇਂਦਾ ਹੈ ।

ਗਿਆਨ ਸਾਰਥਕ ਤਾਂ ਹੀ ਹੁੰਦਾ ਹੈ, ਜੇ ਇਸ ਨੂੰ ਵਿਚਾਰ ਕੇ, ਅਮਲੀ ਜੀਵਨ ਵਿੱਚ ਅਪਨਾ ਲਿਆ ਜਾਵੇ, ਜੀਵਨ ਦਾ ਅਧਾਰ ਬਣਾ ਲਿਆ ਜਾਵੇ। ਇਸ ਨੂੰ ਅਮਲੀ ਜੀਵਨ ਵਿੱਚ

ਅਪਨਾਉਣ ਨਾਲ, ਇਹ ਜੀਵਨ ਨੂੰ ਗੁਣਾਂ ਨਾਲ ਸ਼ਿੰਗਾਰ ਕੇ, ਇਕ ਆਦਰਸ਼ ਮਨੁੱਖ ਦੀ ਘਾੜਨਾ ਕਰਦਾ ਹੈ, ਜੋ ਆਦਰਸ਼ ਸਮਾਜ ਦੀ ਘਾੜਨਾ ਦਾ ਇਕ ਮੁੱਢਲਾ ਥੰਮ ਹੋ ਨਿਬੜਦਾ ਹੈ। ਜੇ ਇਸ ਨੂੰ ਵਿਚਾਰਿਆ ਨਾ ਜਾਵੇ ਤਾਂ ਗਿਆਨ ਕਿਤਾਬੀ ਰੂਪ ਵਿੱਚ, ਕੁਝ ਸਮਾਂ ਕੁਝ ਅਲਮਾਰੀਆਂ ਦੀ ਸ਼ਾਨ ਬਣ ਕੇ, ਅੰਤ ਕੀੜਿਆਂ ਦੀ ਖੁਰਾਕ ਬਣ, ਸੜ ਕੇ ਮੁੱਕ ਜਾਂਦਾ ਹੈ। ਵੱਧ ਤੋਂ ਵੱਧ ਇਹ ਕੋਈ ਧਾਰਮਿਕ ਗ੍ਰੰਥ ਦਾ ਰੂਪ ਲੈਕੇ ਕੁਝ ਰੁਮਾਲਿਆਂ ਵਿੱਚ ਲਪੇਟਿਆ, ਕਰਮਕਾਂਡੀ ਪੂਜਾ ਦੀ ਵਸਤ ਬਣ ਜਾਂਦਾ ਹੈ। ਇਨ੍ਹਾਂ ਦੋਹਾਂ ਹੀ ਹਾਲਾਤ ਵਿੱਚ, ਇਹ ਮਨੁੱਖ ਜਾਂ ਮਨੁੱਖਤਾ ਦਾ ਕੁਝ ਸੁਆਰ ਨਹੀਂ ਸਕਦਾ।

ਸਿੱਖ ਧਰਮ ਗਿਆਨ ਅਧਾਰਤ ਧਰਮ ਹੈ। ਗੁਰਬਾਣੀ ਦੇ ਬੇਅੰਤ ਪ੍ਰਮਾਣ ਹਨ, ਜਿਥੋਂ ਸਾਨੂੰ ਇਸ ਗੱਲ ਦੀ ਸੋਝੀ ਮਿਲਦੀ ਹੈ:

"ਬੀਜ ਮੰਤ੍ਰੁ ਸਰਬ ਕੋ ਗਿਆਨੁ ॥"

{ਗਉੜੀ ਸੁਖਮਨੀ ਮਃ ੫, ਪੰਨਾ ੨੭੪}

ਸਭ ਤੋਂ ਮੁੱਢਲਾ ਉਪਦੇਸ਼ ਇਹ ਹੈ ਕਿ ਹਰ ਮਨੁੱਖ ਨੂੰ(ਗੁਰੂ ਦਾ) ਗਿਆਨ ਪ੍ਰਾਪਤ ਕਰਨਾ ਚਾਹੀਦਾ ਹੈ।

"ਗਿਆਨ ਅੰਜਨੁ ਗੁਰਿ ਦੀਆ ਅਗਿਆਨ ਅੰਧੇਰ ਬਿਨਾਸੁ ॥ ਹਰਿ ਕਿਰਪਾ ਤੇ ਸੰਤ ਭੇਟਿਆ ਨਾਨਕ ਮਨਿ ਪਰਗਾਸੁ ॥੧॥"

{ਗਉੜੀ ਸੁਖਮਨੀ ਮਃ ੫, ਪੰਨਾ ੨੯੩}

(ਜਿਸ ਮਨੁੱਖ ਨੂੰ) ਸਤਿਗੁਰੂ ਨੇ ਗਿਆਨ ਦਾ ਸੁਰਮਾ ਬਖਸ਼ਿਆ ਹੈ, ਉਸ ਦੇ ਅਗਿਆਨ (ਰੂਪ) ਹਨੇਰੇ ਦਾ ਨਾਸ ਹੋ ਜਾਂਦਾ ਹੈ । ਹੇ ਨਾਨਕ ! (ਜੋ ਮਨੁੱਖ) ਅਕਾਲ ਪੁਰਖ ਦੀ ਮੇਹਰ ਨਾਲ ਗੁਰੂ ਨੂੰ ਮਿਲਿਆ ਹੈ, ਉਸ ਦੇ ਮਨ ਵਿਚ (ਗਿਆਨ ਦਾ) ਚਾਨਣ ਹੋ ਜਾਂਦਾ ਹੈ ।੧।

"ਸੁਰਤੇ ਚੁਲੀ ਗਿਆਨ ਕੀ ਜੋਗੀ ਕਾ ਜਤੁ ਹੋਇ ॥"

(ਮਹਲਾ ੧, ਪੰਨਾ ੧੨੪੦)

ਜਗਿਆਸੂ ਵਾਸਤੇ ਚੁਲੀ ਵਿਚਾਰ(ਗਿਆਨ) ਦੀ ਹੈ (ਭਾਵ, ਜਗਿਆਸੂ ਦੇ ਧਰਮੀ ਬਣਨ ਵਾਸਤੇ, ਗਿਆਨ ਦਾ ਹੋਣਾ ਜ਼ਰੂਰੀ ਹੈ) ਜੋਗੀ ਦਾ ਕਾਮ-ਵਾਸ਼ਨਾ ਤੋਂ ਬਚੇ ਰਹਿਣਾ ਜੋਗੀ ਲਈ ਪਵਿੜ੍ਹ ਚੁਲੀ ਹੈ।

"ਕਬੀਰਾ ਜਹਾ ਗਿਆਨੁ ਤਹ ਧਰਮੁ ਹੈ, ਜਹਾ ਝੂਠੁ ਤਹ ਪਾਪੁ ॥"

{ਪੰਨਾ ੧੩੭੨}

ਹੇ ਕਬੀਰ ! ਜੇ (ਗੁਰੂ ਦਾ) ਗਿਆਨ ਪ੍ਰਾਪਤ ਕੀਤਾ ਹੈ, ਤਾਂ ਹੀ ਜੀਵਨ ਵਿੱਚ ਧਰਮ ਆ ਸਕਦਾ ਹੈ। ਪਰ ਜਿਸ ਮਨੁੱਖ ਦੇ ਅੰਦਰ ਝੂਠ ਅਤੇ ਲੋਭ (ਦਾ ਜੋਰ) ਹੋਵੇ, ਉਥੇ (ਧਰਮ ਦੀ ਥਾਂ) ਪਾਪ ਅਤੇ ਆਤਮਕ ਮੌਤ ਹੀ ਹੋ ਸਕਦੇ ਹਨ।

ਸਤਿਗੁਰੂ ਨੇ ਦੋ ਸੌ ਸਾਲ ਤੋਂ ਵਧੇਰੇ ਸਮਾਂ ਸਿੱਖ ਦੇ ਜੀਵਨ ਵਿੱਚ, ਗੁਰਬਾਣੀ ਰਾਹੀਂ ਗਿਆਨ ਦਾ ਸੰਚਾਰ ਕਰਕੇ, ਇਕ ਆਦਰਸ਼ ਮਨੁੱਖ ਦੀ ਘਾੜਤ ਘੜੀ, ਤਾਂ ਜੋ ਇਕ ਆਦਰਸ਼ਕ ਸਮਾਜ ਦੀ ਸਿਰਜਣਾ ਕੀਤੀ ਜਾ ਸਕੇ। ਗੁਰੂ ਗੋਬਿੰਦ ਸਿੰਘ ਪਾਤਿਸ਼ਾਹ ਨੇ ਜਿਥੇ ਸਿੱਖ ਦਾ, ਗੁਰੂ ਨਾਨਕ ਪਾਤਿਸ਼ਾਹ ਦੁਆਰਾ ਪਾਈਆਂ ਲੀਹਾਂ ਅਨੁਸਾਰ, ਇਮਤਿਹਾਨ ਲਿਆ, ਉਸ ਦੇ ਪੂਰੇ ਨੰਬਰ ਲੈਕੇ ਪਾਸ ਹੋਣ ਤੇ ਉਸ ਨੂੰ ਇਨ੍ਹਾਂ ਅਮੋਲਕ ਗੁਣਾਂ ਨੂੰ ਜੀਵਨ ਵਿੱਚ ਬਣਾਈ ਰੱਖਣ ਦਾ ਪ੍ਰਣ ਕਰਾਇਆ, ਉਥੇ ਐਸੇ ਆਦਰਸ਼ ਮਨੁੱਖ(ਸਿੱਖ) ਨੂੰ 'ਖਾਲਸਾ' ਹੋਣ ਦਾ ਵੱਡਾ ਮਾਣ ਵੀ ਬਖਸ਼ਿਆ। ਸਿੱਖ ਨੂੰ ਇਹ ਪ੍ਰਣ ਕਰਾਉਣ ਅਤੇ ਖਾਲਸੇ ਦੇ ਰੂਪ ਵਿੱਚ ਪ੍ਰਗਟ ਕਰਨ ਦੇ ਇਸ ਸਾਰੇ ਵਰਤਾਰੇ ਨੂੰ 'ਖੰਡੇ ਬਾਟੇ ਦੀ ਪਾਹੁਲ ਛਕਣ' ਦਾ ਨਾਂ ਦਿੱਤਾ ਗਿਆ। ਸਤਿਗੁਰੂ ਨੇ ਇਸ ਵਰਤਾਰੇ ਨੂੰ ਸਥਾਈ ਬਣਾ ਦਿੱਤਾ, ਤਾਂ ਜੋ ਸਿੱਖ ਦੇ ਇਕ ਆਦਰਸ਼ ਮਨੁੱਖ 'ਖਾਲਸੇ' ਦੇ ਰੂਪ ਵਿੱਚ ਪ੍ਰਗਟ ਕਰਨ ਦਾ ਇਹ ਸਿਲਸਿਲਾ ਰਹਿੰਦੀ ਦੁਨੀਆਂ ਤੱਕ ਚਲਦਾ ਰਹੇ। ਇਸ ਤਰ੍ਹਾਂ ਪਾਹੁਲ ਛਕਣ ਦੀ ਇਹ ਸੰਸਥਾ ਸਿੱਖ ਕੌਮ ਦੀ ਅਤਿ ਮਹੱਤਵਪੂਰਨ ਸੰਸਥਾ ਹੈ, ਬਲਕਿ ਜੇ ਇਹ ਕਿਹਾ ਜਾਵੇ ਕਿ ਸਿੱਖ ਕੌਮ ਅੰਦਰ ਗੁਰੂ ਗ੍ਰੰਥ ਸਾਹਿਬ ਤੋਂ ਬਾਅਦ ਇਸ ਦਾ ਦੂਸਰਾ ਸਥਾਨ ਹੈ ਤਾਂ ਇਹ ਕੋਈ ਅਤਿ ਕਥਨੀ ਨਹੀਂ ਹੋਵੇਗੀ।

ਸਿੱਖ ਕੌਮ ਸੰਸਥਾ ਅਧਾਰਤ ਧਰਮ ਹੈ। ਸੰਸਥਾਵਾਂ ਕੌਮਾਂ ਦੀਆਂ ਨੀਹਾਂ ਹੋਇਆ ਕਰਦੀਆਂ ਹਨ, ਵਿਸ਼ੇਸ਼ ਕਰ ਕੇ ਉਹ ਸੰਸਥਾਵਾਂ ਜੋ ਸਤਿਗੁਰੂ ਨੇ ਆਪ ਸਥਾਪਤ ਕੀਤੀਆਂ, ਆਪਣਾ ਵਿਲੱਖਣ ਸਥਾਨ ਅਤੇ ਮਹੱਤਵ ਰਖਦੀਆਂ ਹਨ। ਪਰ ਇਹ ਆਪਣਾ ਸਹੀ ਰੋਲ ਤਾਂ ਹੀ ਨਿਭਾ ਸਕਦੀਆਂ ਹਨ, ਜੇ ਇਨ੍ਹਾਂ ਦਾ ਮੂਲ ਰੂਪ ਸਥਾਪਤ ਰਹੇ। ਇਸੇ ਕਰਕੇ ਕੌਮ ਦੀਆਂ ਦੁਸ਼ਮਨ ਸ਼ਕਤੀਆਂ, ਇਨ੍ਹਾਂ ਸੰਸਥਾਵਾਂ ਨੂੰ ਖਤਮ ਕਰਨ ਜਾਂ ਉਨ੍ਹਾਂ ਦਾ ਮੂਲ ਰੂਪ ਵਿਗਾੜਨ ਦੀ ਕੋਸ਼ਿਸ਼ ਕਰਦੀਆਂ ਹਨ। ਜੇ ਰੂਪ ਵਿਗਾੜ ਦਿੱਤਾ ਜਾਵੇ ਤਾਂ ਉਹ ਸੰਸਥਾ ਨੂੰ ਖਤਮ ਕਰਨ ਜਿਹਾ ਬਲਕਿ ਕਈ ਵਾਰੀ ਉਸ ਤੋਂ ਵੀ ਵਧੇਰੇ ਘਾਤਕ ਹੁੰਦਾ ਹੈ। ਇਸ ਵਾਸਤੇ ਇਹ ਜ਼ਰੂਰੀ ਹੈ ਕਿ ਸਮੇਂ ਸਮੇਂ ਤੇ ਆਪਣੀਆਂ ਸੰਸਥਾਵਾਂ ਦੀ ਪੜਚੋਲ ਕਰ ਲਈ ਜਾਵੇ ਤਾਂ ਕਿ ਉਨ੍ਹਾਂ ਦਾ ਮੂਲ ਸਰੂਪ ਬਣਿਆ ਰਹੇ ਅਤੇ ਉਹ ਕੌਮ ਵਾਸਤੇ ਸਿਰਜਨਾਤਮਕ ਯੋਗਦਾਨ ਪਾਉਂਦੀਆਂ ਰਹਿਣ। ਅਸੀਂ ਵੱਡਭਾਗੀ ਹਾਂ ਕਿ ਸਾਡੇ ਕੋਲ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦੇ ਰੂਪ ਵਿੱਚ ਪਰਖ ਕਸਵੱਟੀ ਹੈ, ਜਿਸ ਤੋਂ ਸੁਚੱਜੀ ਅਗਵਾਈ ਲੈਕੇ ਅਸੀਂ ਆਪਣੀਆਂ ਸੰਸਥਾਵਾਂ ਦਾ ਸਹੀ ਪੜਚੋਲ ਕਰ ਸਕਦੇ ਹਾਂ।

ਹੱਥਲੀ ਕਿਤਾਬ ਕੌਮ ਦੀ ਅਤਿ ਮਹੱਤਵਪੂਰਨ ਸੰਸਥਾ 'ਖੰਡੇ-ਬਾਟੇ ਦੀ ਪਾਹੁਲ' ਦਾ ਨਿਰੋਲ ਗੁਰਬਾਣੀ ਦੀ ਕਸਵੱਟੀ ਤੇ ਨਿਰਪੱਖ ਪੜਚੋਲ ਕਰਨ ਦਾ ਨਿਮਾਣਾ ਜਿਹਾ ਉਪਰਾਲਾ ਹੈ, ਤਾਂ ਕਿ ਇਸ ਸੰਸਥਾ ਦਾ ਨਿਰਮਲ ਮੂਲ ਸਰੂਪ ਬਣਾ ਕੇ ਰੱਖਿਆ ਜਾ ਸਕੇ। ਇਹ ਸੰਸਥਾ ਕੌਮ ਦੀ ਉਸਾਰੀ ਦਾ ਮਹਾਨ ਸਿਰਜਨਾਤਮਕ ਕਾਰਜ ਨਿਭਾਉਂਦੀ ਰਹੇ ਅਤੇ ਵੱਧ ਤੋਂ ਵੱਧ ਸਿੱਖ ਇਸ ਸੰਸਥਾ ਨੂੰ ਅਪਣਾ ਕੇ, ਕੌਮੀ ਉਸਾਰੀ ਦੇ ਮਹਾਨ ਕਾਰਜ ਦਾ ਅੰਗ ਬਣ ਸਕਣ।

ਦਾਸ ਨੇ ਆਪਣੀ ਪਰਖ ਵਾਸਤੇ ਅਧਾਰ, ਸਿੱਖ ਰਹਿਤ ਮਰਯਾਦਾ ਵਿਚਲੇ ਪੰਥਕ ਰਹਿਣੀ ਭਾਗ ਦੇ 'ਅੰਮ੍ਰਿਤ ਸੰਸਕਾਰ' ਹਿੱਸੇ ਨੂੰ, ਜੋ ਪੂਰੀ ਤਰ੍ਹਾਂ ਇਸੇ ਪਾਹੁਲ ਦੀ ਸੰਸਥਾ ਨੂੰ ਨੇਮਬੰਧ ਕਰਦਾ ਹੈ, ਨੂੰ ਬਣਾਇਆ ਹੈ; ਭਾਵੇਂ ਇਥੇ ਸ਼ਬਦ ਪਾਹੁਲ ਨਹੀਂ, ਅੰਮ੍ਰਿਤ ਵਰਤਿਆ ਗਿਆ ਹੈ। ਕੁਝ ਮੱਦਾਂ ਜਿਥੇ ਪੜਚੋਲ ਦੀ ਲੋੜ ਸੀ, ਉਥੇ ਪਰਖ ਕਰਨ ਦੀ ਕੋਸ਼ਿਸ਼ ਕੀਤੀ ਹੈ ਬਾਕੀ

ਮੱਦਾਂ ਦੀ ਵਿਆਖਿਆ ਕੀਤੀ ਹੈ। ਜਿਥੇ ਸਿਧਾਂਤਕ ਪਰਖ ਦੀ ਕਸਵੱਟੀ ਨਿਰੋਲ ਗੁਰਬਾਣੀ ਨੂੰ ਬਣਾਇਆ ਹੈ, ਇਤਿਹਾਸਕ ਪੱਖਾਂ ਵਾਸਤੇ, ਪੁਰਾਤਨ ਇਤਿਹਾਸਕ ਸੋਮਿਆਂ ਦੀ ਵਰਤੋਂ ਕੀਤੀ ਹੈ। ਮਕਸਦ ਕੇਵਲ ਇਕੋ ਹੈ ਕਿ ਜਗਿਆਸੂ ਸਿੱਖ ਪਾਹੁਲ ਦੇ ਸੰਕਲਪ ਨੂੰ ਪੂਰੀ ਤਰ੍ਹਾਂ ਸਮਝ ਸਕਣ ਅਤੇ ਸਾਰੀ ਕੌਮ, ਗੁਰੂ ਗੋਬਿੰਦ ਸਿੰਘ ਪਾਤਿਸ਼ਾਹ ਦੁਆਰਾ ਆਪ ਸਥਾਪਤ ਕੀਤੀ, ਇਸ ਮਹਾਨ ਸੰਸਥਾ ਦੀ ਪਾਂਧੀ ਬਣ ਕੇ, ਖਾਲਸਾ ਹੋਣ ਦਾ ਮਾਣ ਪਰਾਪਤ ਕਰ ਸਕੇ ਅਤੇ ਸੰਸਾਰ ਵਿੱਚ ਖਾਲਸਾ ਜੀ ਕੇ ਬੋਲਬਾਲੇ ਹੋਣ।

ਇਹ ਸਭ ਕਰਦਿਆਂ ਅਤੇ ਉਪਰੋਕਤ ਸਤਰਾਂ ਲਿਖਦਿਆਂ, ਮੈਂ ਗੁਰਬਾਣੀ ਦੇ ਹੇਠਲੇ ਪ੍ਰਮਾਣ ਪ੍ਰਤੀ, ਪੂਰੀ ਤਰ੍ਹਾਂ ਸੁਚੇਤ ਹਾਂ :

"ਭੁਲਣ ਅੰਦਰਿ ਸਭੁ ਕੋ ਅਭੁਲੁ ਗੁਰੂ ਕਰਤਾਰੁ ॥"

{ਸਿਰੀ ਰਾਗੁ ਮਹਲਾ ੧, ਪੰਨਾ ੬੦-੬੧}

ਹਰੇਕ ਜੀਵ ਭੁਲਣਹਾਰ ਹੈ, ਗਲਤੀ ਕਰ ਜਾਂਦਾ ਹੈ, ਸਿਰਫ਼ ਗੁਰੂ ਹੈ ਤੇ ਕਰਤਾਰ ਹੈ ਜੋ ਕਦੇ ਨਹੀਂ ਭੁਲਦਾ ਅਤੇ ਨਾਹ ਗ਼ਲਤੀ ਖਾਂਦਾ ਹੈ ।

ਮੈਨੂੰ ਆਪਣੀ ਸੀਮਤ ਵਿਦਵਤਾ ਅਤੇ ਸਮਰੱਥਾ ਬਾਰੇ ਵੀ ਕੋਈ ਸ਼ੰਕਾ ਨਹੀਂ। ਇਸ ਮਹਾਨ ਕਾਰਜ ਨੂੰ ਕਰਦਿਆਂ ਵੀ ਬੇਅੰਤ ਭੁੱਲਾਂ ਹੋ ਗਈਆਂ ਹੋਣਗੀਆਂ। ਕੇਵਲ ਇਤਨਾ ਕਹਿ ਸਕਦਾ ਹੈ, ਇਹ ਸਾਰਾ ਕਾਰਜ ਗੁਰੂ ਗ੍ਰੰਥ ਸਾਹਿਬ ਅਤੇ ਪੰਥ ਨੂੰ ਪੂਰੀ ਤਰ੍ਹਾਂ ਸਮਰਪਤ ਹੋ ਕੇ ਕੀਤਾ ਹੈ। ਫੇਰ ਵੀ ਭੁੱਲ ਤਾਂ ਭੁੱਲ ਹੈ, ਸੰਗਤਾਂ ਕੋਲ ਸਨਿਮਰ ਬੇਨਤੀ ਹੈ, ਦਾਸ ਦੀਆਂ ਭੁੱਲਾਂ ਦਾਸ ਦੀ ਝੋਲੀ ਪਾ ਦੇਣਾ, ਗੁਰਮਤਿ ਨੂੰ ਪੱਲੇ ਬੰਨ ਕੇ, ਜੀਵਨ ਦਾ ਸ਼ਿੰਗਾਰ ਬਣਾ ਲੈਣਾ।

ਦਾਸ:

ਰਾਜਿੰਦਰ ਸਿੰਘ

ਪਾਹੁਲ-ਇਕ ਅਦੁੱਤੀ ਬਖਸ਼ਿਸ਼

ਅਦਭੁੱਤ ਵਰਤਾਰਾ

ਸੰਨ 1699 ਦੀ ਵਿਸਾਖੀ ਵਾਲੇ ਦਿਨ, ਗੁਰੂ ਗੋਬਿੰਦ ਸਿੰਘ ਪਾਤਿਸ਼ਾਹ ਵਲੋਂ ਖੰਡੇ ਬਾਟੇ ਦੀ ਪਾਹੁਲ ਛਕਾਉਣਾ, ਜਿੱਥੇ ਸਿੱਖ ਕੌਮ ਵਾਸਤੇ ਇਕ ਅਦੁੱਤੀ ਬਖਸ਼ਿਸ਼ ਸੀ, ਉਥੇ ਸਤਿਗੁਰੂ ਵਲੋਂ ਵਰਤਾਇਆ ਗਿਆ ਇਹ ਵਰਤਾਰਾ, ਮਨੁੱਖੀ ਇਤਿਹਾਸ ਦਾ ਇਕ ਅਦੁੱਤੀ ਵਰਤਾਰਾ ਸੀ।

ਸੱਭ ਤੋਂ ਪਹਿਲੇ ਤਾਂ ਦੇਸ਼ ਦੇ ਅਲੱਗ ਅਲੱਗ ਹਿਸਿਆਂ ਚੋਂ ਹਜ਼ਾਰਾਂ ਦੀ ਗਿਣਤੀ ਵਿੱਚ ਸੰਗਤਾਂ ਦਾ ਅਨੰਦਪੁਰ ਇਕੱਠੇ ਹੋ ਜਾਣਾ, ਆਪਣੇ ਆਪ ਵਿੱਚ ਬੇਮਿਸਾਲ ਹੈ। ਕਈ ਆਖਣਗੇ, ਇਹ ਕਿਹੜੀ ਇਤਨੀ ਹੈਰਾਨਗੀ ਵਾਲੀ ਗੱਲ ਹੈ, ਅੱਜ ਕੱਲ ਦੇ ਸਿਆਸੀ ਆਗੂ ਵੀ ਬਹੁਤ ਵੱਡੇ ਇਕੱਠ ਕਰ ਲੈਂਦੇ ਹਨ। ਹੋਰ ਤਾਂ ਹੋਰ ਕਈ ਪਾਖੰਡੀ ਸਾਧਾਂ ਦੇ ਪ੍ਰੋਗਰਾਮਾਂ ਤੇ ਵੀ ਬਹੁਤ ਵੱਡੇ ਵੱਡੇ ਇਕੱਠ ਹੋ ਜਾਂਦੇ ਹਨ, ਉਨ੍ਹਾਂ ਨੂੰ ਇਹ ਯਾਦ ਰੱਖਣਾ ਚਾਹੀਦਾ ਹੈ ਕਿ ਇਹ ਵਰਤਾਰਾ ਸਤਾਰ੍ਹਵੀਂ ਸਦੀ ਦਾ ਹੈ, ਉਸ ਸਮੇਂ, ਜਦੋਂ ਨਾ ਤਾਂ ਸੱਦੇ ਪੱਤਰ ਭੇਜਣ ਦੇ ਸਾਧਨ ਇਤਨੇ ਵਿਕਸਤ ਸਨ, ਨਾ ਅੱਜ ਵਰਗਾ ਡਾਕ ਵਿਭਾਗ, ਨਾ ਰੇਡਿਓ, ਨਾ ਟੈਲੀਫੋਨ, ਨਾ ਟੈਲੀਵਿਜ਼ਨ, ਜਿਨ੍ਹਾਂ ਰਾਹੀ ਸੰਦੇਸ਼ ਭੇਜੇ ਜਾ ਸਕਣ ਜਾਂ ਪ੍ਰਚਾਰ ਕੀਤਾ ਜਾ ਸਕੇ ਅਤੇ ਨਾ ਹੀ ਆਣ ਜਾਣ ਦੇ ਸਾਧਨ ਅੱਜ ਵਰਗੇ ਵਿਕਸਿਤ ਸਨ, ਨਾ ਹਵਾਈ ਜਹਾਜ਼, ਰੇਲ ਗੱਡੀਆਂ, ਨਾ ਬੱਸਾਂ, ਨਾ ਮੋਟਰ ਕਾਰਾਂ। ਇਸ ਸਭ ਦੀ ਅਣਹੋਂਦ ਦੇ ਬਾਵਜੂਦ, ਇਤਨਾ ਵੱਡਾ ਇਕੱਠ ਹੋਣ ਤੋਂ ਇਹ ਸਪੱਸ਼ਟ ਪਤਾ ਚਲਦਾ ਹੈ ਕਿ ਉਸ ਸਮੇਂ ਤੱਕ ਗੁਰੂ ਨਾਨਕ ਪਾਤਿਸ਼ਾਹ ਦੀ ਸਿੱਖੀ ਦਾ ਪ੍ਰਚਾਰ ਕਿਤਨਾ ਹੋ ਚੁਕਾ ਸੀ, ਸਿੱਖਾਂ ਵਿੱਚ ਸਤਿਗੁਰੂ ਪ੍ਰਤੀ ਕਿਤਨੀ ਸ਼ਰਧਾ ਅਤੇ ਸਤਿਕਾਰ ਸੀ ਅਤੇ ਸਿੱਖੀ ਭਾਵਨਾ ਕਿਤਨੀ ਪ੍ਰਬਲ ਹੋ ਚੁਕੀ ਸੀ।

ਸੱਭ ਤੋਂ ਉਪਰ ਉਹ ਚਮਤਕਾਰ ਹੈ ਜੋ ਉਸ ਦਿਨ ਕੇਸਗੜ੍ਹ ਵਾਲੇ ਸਥਾਨ ਤੇ ਵਾਪਰਿਆ। ਸੰਸਾਰ ਦੇ ਲੋਕ ਤਲਵਾਰ ਤੋਂ ਸਦਾ ਤਰਾਸਦੇ ਰਹੇ ਹਨ। ਜਦੋਂ ਕੋਈ ਤਲਵਾਰ ਮਿਆਨ 'ਚੋਂ ਬਾਹਰ ਆਈ ਹੈ, ਲੋਕਾਂ ਦੇ ਦਿਲ ਕੰਬ ਗਏ ਹਨ ਕਿ ਹੁਣ ਜ਼ਰੂਰ ਕੋਈ ਜ਼ੁਲਮ ਦਾ ਵਰਤਾਰਾ ਵਰਤੇਗਾ ਪਰ ਇਹ ਆਪਣੇ ਆਪ ਵਿੱਚ ਇਕ ਅਚੰਭਾ ਸੀ ਜਦੋਂ ਗੁਰੂ ਗੋਬਿੰਦ ਸਿੰਘ ਪਾਤਿਸ਼ਾਹ ਨੇ ਨੰਗੀ ਤਲਵਾਰ ਕੱਢ ਕੇ ਇਕ ਸੀਸ ਦੀ ਮੰਗ ਕੀਤੀ ਤੇ ਪਲਾਂ ਵਿੱਚ ਹੀ ਭਾਈ ਦਇਆ ਰਾਮ ਨੇ ਆਪਣਾ ਸੀਸ ਪੇਸ਼ ਕਰ ਦਿੱਤਾ। ਸਤਿਗੁਰੂ ਤੰਬੂ ਅੰਦਰੋਂ ਲਹੂ ਨਾਲ ਭਿੱਜੀ ਹੋਈ ਤਲਵਾਰ ਲੈਕੇ ਬਾਹਰ ਆਏ ਤੇ ਇਕ ਹੋਰ ਸੀਸ ਦੀ ਮੰਗ ਕੀਤੀ। ਇਹ ਸਿੱਖ ਦਾ ਗੁਰੂ ਉਤੇ ਪੂਰਨ ਨਿਸਚੇ ਦਾ ਸਿੱਖਰ ਹੈ ਕਿ ਤਲਵਾਰ ਵਿੱਚੋਂ ਕਿਰਦੀਆਂ ਤਾਜ਼ਾ ਖ਼ੂਨ ਦੀਆਂ ਬੂੰਦਾਂ ਵੇਖ ਕੇ ਵੀ ਸਿੱਖ ਦਾ ਚਿੱਤ ਨਹੀਂ ਡੋਲਿਆ। ਝੱਟ ਹੀ ਭਾਈ ਧਰਮ ਚੰਦ(ਭੱਟ ਵਹੀ ਭਾਦਸੋਂ, ਪਰਗਨਾ ਥਾਨੇਸਰ ਅਨੁਸਾਰ, ਭਾਈ ਮੋਹਕਮ ਚੰਦ) ਨੇ ਆਪਣਾ ਸੀਸ ਪੇਸ਼ ਕਰ ਦਿੱਤਾ। ਸਤਿਗੁਰੂ ਨੇ ਪੰਜ ਵਾਰੀ ਸੀਸ ਦੀ ਮੰਗ ਕੀਤੀ ਅਤੇ ਪੰਜ ਵਾਰੀ ਹੀ ਸੀਸ ਪੇਸ਼ ਹੋ ਗਏ। ਜਿਸ ਤਲਵਾਰ ਵਿੱਚੋਂ ਸੰਸਾਰ ਦੇ ਲੋਕਾਂ ਨੇ ਸਦਾ ਮੌਤ ਹੀ ਵੇਖੀ ਸੀ, ਸਿੱਖ ਨੂੰ ਗੁਰੂ ਦੀ ਤਲਵਾਰ ਵਿੱਚੋਂ ਵੀ ਜ਼ਿੰਦਗੀ ਨਜ਼ਰ ਆਈ ਅਤੇ ਸੱਚ ਹੋਇਆ ਵੀ ਇਹੀ, ਸਤਿਗੁਰੂ ਨੇ ਉਨ੍ਹਾਂ ਪੰਜਾਂ ਨੂੰ ਖੰਡੇ ਬਾਟੇ ਦੀ ਪਾਹੁਲ ਬਖ਼ਸ਼ ਕੇ ਇਕ ਨਵੇਂ ਪੰਥਕ ਜੀਵਨ ਦਾ ਪਾਂਧੀ ਬਣਾ ਦਿੱਤਾ। ਸਤਿਗੁਰੂ ਨੇ ਇਨ੍ਹਾਂ ਸਿੱਖਾਂ ਨੂੰ ਜਿਥੇ ਇਕ ਵਿਲੱਖਣ ਬਾਣਾ ਬਖਸ਼ਿਸ਼ ਕੀਤਾ, ਉੱਥੇ ਨਾਲ ਹੀ

ਇਕ ਗੁਰਮਤਿ ਰਹਿਤ ਦ੍ਰਿੜ ਕਰਾਈ।

ਦੁਨੀਆਵੀ ਅੱਖਾਂ ਨਾਲ ਵੇਖਿਆਂ ਭਾਵੇਂ ਇਹ ਸਾਰਾ ਵਰਤਾਰਾ ਬਹੁਤ ਅਦਭੁਤ ਜਾਪਦਾ ਹੈ ਪਰ ਗੁਰਮਤਿ ਦੇ ਚਾਨਣ ਵਿੱਚ, ਇਸ ਨੂੰ ਸੁਹਿਰਦਤਾ ਨਾਲ ਵਾਚਿਆ ਜਾਵੇ ਤਾਂ ਇਸ ਵਿੱਚ ਕੁਝ ਵੀ ਨਵਾਂ ਨਹੀਂ ਸੀ। ਗੁਰੂ ਨਾਨਕ ਪਾਤਿਸ਼ਾਹ ਨੇ ਤਾਂ ਧਰਮ ਦੇ ਮਾਰਗ 'ਤੇ ਚਲਣ ਦੇ ਜਗਿਆਸੂਆਂ ਵਾਸਤੇ ਪਹਿਲੀ ਸ਼ਰਤ ਹੀ ਇਹ ਰੱਖੀ ਸੀ:

"ਜਉ ਤਉ ਪ੍ਰੇਮ ਖੇਲਣ ਕਾ ਚਾਉ ॥ ਸਿਰੁ ਧਰਿ ਤਲੀ ਗਲੀ ਮੇਰੀ ਆਉ ॥
ਇਤੁ ਮਾਰਗਿ ਪੈਰੁ ਧਰੀਜੈ ॥ ਸਿਰੁ ਦੀਜੈ ਕਾਣਿ ਨ ਕੀਜੈ ॥੨੦॥" (ਪੰਨਾ ੧੪੧੨)

ਹੇ ਭਾਈ ! ਜੇ ਤੈਨੂੰ (ਪ੍ਰਭੂ-ਪ੍ਰੇਮ ਦੀ) ਖੇਡ ਖੇਡਣ ਦਾ ਸ਼ੌਕ ਹੈ, ਤਾਂ (ਆਪਣਾ) ਸਿਰ ਤਲੀ ਉੱਤੇ ਰੱਖ ਕੇ ਮੇਰੀ ਗਲੀ ਵਿਚ ਆ (ਲੋਕ-ਲਾਜ ਛੱਡ ਕੇ ਹਉਮੈ ਦੂਰ ਕਰ ਕੇ ਆ) । (ਪ੍ਰਭੂ-ਪ੍ਰੀਤ ਦੇ) ਇਸ ਰਸਤੇ ਉੱਤੇ (ਤਦੋਂ ਹੀ) ਪੈਰ ਧਰਿਆ ਜਾ ਸਕਦਾ ਹੈ (ਜਦੋਂ) ਸਿਰ ਭੇਟਾ ਕੀਤਾ ਜਾਏ, ਪਰ ਕੋਈ ਝਿਜਕ ਨਾਹ ਕੀਤੀ ਜਾਏ (ਜਦੋਂ ਬਿਨਾ ਕਿਸੇ ਝਿਜਕ ਦੇ ਲੋਕ-ਲਾਜ ਅਤੇ ਹਉਮੈ ਛੱਡੀ ਜਾਏ) ।20।

ਇਹ ਜੀਵਨ ਅਵਸਥਾ ਕੋਈ ਇਕ ਦਿਨ ਵਿੱਚ ਨਹੀਂ ਸੀ ਪ੍ਰਾਪਤ ਹੋ ਗਈ ਕਿ ਗੁਰੂ ਨੇ ਨੰਗੀ ਤਲਵਾਰ ਹੱਥ ਵਿੱਚ ਫੜ ਕੇ ਸੀਸ ਮੰਗਿਆ ਅਤੇ ਸਿੱਖ ਨੇ ਉਠ ਕੇ ਸੀਸ ਭੇਟ ਕਰ ਦਿੱਤਾ। ਭਾਰਤੀ, ਗੁਲਾਮ ਪ੍ਰਵਿਰਤੀ ਵਾਲੇ ਮਹੌਲ ਵਿੱਚ ਪਲੇ, ਮਾਨਸਿਕ ਤੌਰ 'ਤੇ ਅਤਿ ਕਮਜ਼ੋਰ ਹੋ ਚੁੱਕੇ ਮਨੁੱਖ ਨੂੰ, ਸ਼ਰੀਰ ਦੇ ਨਾਲ ਆਤਮਕ ਤੌਰ 'ਤੇ ਤਾਕਤਵਰ ਕਰਨ ਵਿੱਚ, ਇਸ ਵੱਡੇ ਇਮਤਿਹਾਨ ਵਾਸਤੇ ਤਿਆਰ ਕਰਨ ਵਿੱਚ, ਦੋ ਸੌ ਸਾਲ ਤੋਂ ਵੱਧ ਸਮਾਂ ਲੱਗਾ ਸੀ। ਇਹ ਗੁਰਬਾਣੀ ਦੇ ਲਗਾਤਾਰ ਅਭਿਆਸ ਦਾ ਕਰਿਸ਼ਮਾ ਸੀ, ਗੁਰਬਾਣੀ ਦੇ ਗੁਣ ਜੀਵਨ ਵਿੱਚ ਵੱਸ ਜਾਣ ਦਾ ਜ਼ਾਹਿਰਾ ਪ੍ਰਮਾਣ ਸੀ, ਗੁਰਬਾਣੀ ਨੂੰ ਜੀਵਨ ਵਿੱਚ ਧਾਰਨ ਕਰਕੇ, ਨਿਰਭਉ ਨਿਰਵੈਰ ਦੀ ਸਹਜ ਅਵਸਥਾ ਨੂੰ ਪੁਜ ਚੁੱਕੇ ਸਿੱਖ ਦਾ ਸਹਜ ਵਰਤਾਰਾ ਸੀ ਕਿ ਉਸ ਨੂੰ ਧਰਮ ਵਾਸਤੇ ਆਪਣਾ ਸੀਸ ਗੁਰੂ ਨੂੰ ਭੇਟ ਕਰਨ ਵਾਸਤੇ ਪਲ ਵੀ ਨਹੀਂ ਸੋਚਣਾ ਪਿਆ। ਗੁਰੂ ਗੋਬਿੰਦ ਸਿੰਘ ਪਾਤਿਸ਼ਾਹ ਨੇ ਤਾਂ ਗੁਰੂ ਨਾਨਕ ਪਾਤਿਸ਼ਾਹ ਵਲੋਂ ਇਕ ਪੂਰਨ ਮਨੁੱਖ ਦੀ ਘਾੜਨਾ ਦੇ ਅਰੰਭੇ ਮਿਸ਼ਨ ਦੀ ਸੰਪੂਰਨਤਾ ਦਾ ਐਲਾਨ ਕਰਦੇ ਹੋਏ, ਪੂਰੀ ਤਰ੍ਹਾਂ ਤਿਆਰ ਹੋ ਚੁੱਕੇ ਸਿੱਖ ਨੂੰ ਪਰਖ ਕੇ, ਇਸ ਨੂੰ ਖ਼ਾਲਸੇ ਦਾ ਰੁਤਬਾ ਦੇ ਕੇ ਇਕ ਕੌਮੀ ਨੇਮ(Discipline) ਵਿੱਚ ਚਲਣ ਲਈ ਵਚਨਬੱਧ ਕਰ ਦਿੱਤਾ। ਸਿੱਖ ਭਾਈਚਾਰੇ ਨੂੰ ਖੰਡੇ-ਬਾਟੇ ਦੀ ਪਾਹੁਲ ਦੁਆਰਾ, ਗੁਰਬਾਣੀ ਗਿਆਨ ਦੇ ਉਪਦੇਸ਼ ਅਨੁਸਾਰੀ ਜੀਵਨ ਵਾਲੀ, ਵਿਲੱਖਣ ਕੌਮ ਦੇ ਤੌਰ 'ਤੇ ਵਿਕਸਿਤ ਹੋਣ ਦੀ ਸ਼ੁਰੂਆਤ ਕਰ ਦਿੱਤੀ ਸੀ। ਇਸ ਤਰ੍ਹਾਂ ਜੇ ਸਾਰੇ ਵਰਤਾਰੇ ਦਾ ਤੱਤਸਾਰ ਕਢੀਏ ਤਾਂ ਸਤਿਗੁਰੂ ਨੇ ਖੰਡੇ ਬਾਟੇ ਦੀ ਪਾਹੁਲ ਦੁਆਰਾ ਸਿੱਖ ਦੇ ਇਹ ਪ੍ਰਣ ਕਰਨ ਦੀ ਰਵਾਇਤ ਦੀ ਸ਼ੁਰੂਆਤ ਕੀਤੀ ਸੀ ਕਿ ਸਿੱਖ ਇਕ ਵਿਲੱਖਣ ਕੌਮ ਦੇ ਤੌਰ ਤੇ ਵਿੱਚਰਦੇ ਹੋਏ, ਆਪਣੇ ਜੀਵਨ ਵਿੱਚ ਗੁਰਬਾਣੀ ਦੇ ਉਪਦੇਸ਼ 'ਤੇ ਦ੍ਰਿੜਤਾ ਨਾਲ ਪਹਿਰਾ ਦੇਵੇਗਾ ਅਤੇ ਗੁਰਮਤਿ ਦੇ ਪਹਿਰੇ ਵਿੱਚ ਹੀ ਆਪਣਾ ਜੀਵਨ ਬਤੀਤ ਕਰੇਗਾ।

ਪਾਹੁਲ ਛਕਾ ਕੇ ਸਤਿਗੁਰੂ ਨੇ ਸਿੱਖਾਂ ਨੂੰ ਖਾਲਸੇ ਹੋਣ ਦਾ ਮਾਣ ਦਿੱਤਾ। ਭਾਈ ਕਾਨ੍ਹ ਸਿੰਘ ਨਾਭਾ ਜੀ ਨੇ ਮਹਾਨ ਕੋਸ਼ ਵਿੱਚ ਖਾਲਸਾ ਸ਼ਬਦ ਦੇ ਇਹ ਪੰਜ ਅਰਥ ਦਿੱਤੇ ਹਨ:

ਖਾਲਸਾ: ਅ. ਖ਼ਾਲਿਸਹ. ਵਿ- ਸ਼ੁੱਧ। 2. ਬਿਨਾ ਮਿਲਾਵਟ. ਨਿਰੋਲ 3. ਸੰਗਯਾ- ਉਹ ਜਮੀਨ ਜਾਂ ਮੁਲਕ, ਜੋ ਬਾਦਸ਼ਾਹ ਦਾ ਹੈ. ਜਿਸ ਪੁਰ ਕਿਸੇ ਜਾਗੀਰਦਾਰ ਅਥਵਾ ਜਿਮੀਦਾਰ

ਦਾ ਸਵਤਵ ਨਹੀਂ। 4. ਅਕਾਲੀ ਧਰਮ. ਵਾਹਗੁਰੂ ਜੀ ਕਾ ਖਾਲਸਾ. ਸਿੰਘ ਪੰਥ। 5. ਖਾਲਸਾ ਧਰਮਧਾਰੀ ਗੁਰੂ ਨਾਨਕ ਪੰਥੀ.

ਜੇ ਵੇਖਿਆ ਜਾਵੇ ਤਾਂ ਇਹ ਸਾਰੇ ਅਰਥ ਹੀ ਪਾਹੁਲ ਛਕੇ, 'ਖਾਲਸੇ' ਵਾਸਤੇ ਬਿਲਕੁਲ ਖਰੇ ਉਤਰਦੇ ਹਨ ਪਰ ਪਹਿਲੇ ਤਿੰਨ ਅਰਥਾਂ ਵੱਲ ਵਿਸ਼ੇਸ਼ ਧਿਆਨ ਦੇਣ ਦੀ ਲੋੜ ਹੈ, ਗੱਲ ਬਿਲਕੁਲ ਸਪੱਸ਼ਟ ਹੈ ਕਿ ਜੋ ਜ਼ਮੀਨ ਕੇਵਲ ਬਾਦਸ਼ਾਹ ਦੀ ਹੈ, ਉਸ ਤੇ ਹੋਰ ਕਿਸੇ ਦਾ ਕੋਈ ਹੱਕ ਨਹੀਂ ਹੋ ਸਕਦਾ, ਇਸੇ ਤਰ੍ਹਾਂ ਖਾਲਸਾ ਤਾਂ ਹੀ ਹੈ, ਜੇ ਬਾਕੀ ਸਭ ਦੁਬਿਧਾਵਾਂ ਤਿਆਗ ਕੇ ਕੇਵਲ ਵਾਹਿਗੁਰੂ ਦਾ ਹੋ ਗਿਆ ਅਤੇ ਸਾਰੇ ਔਗੁਣ ਤਿਆਗ ਕੇ ਸ਼ੁਧ ਹੋ ਗਿਆ। ਜੀਵਨ ਨੂੰ ਨਿਰੋਲ ਗੁਣਾਂ ਨਾਲ ਸ਼ਿੰਗਾਰ ਲਿਆ ਹੈ।

ਪਿਛਲੇ ਲੰਬੇ ਸਮੇਂ ਤੋਂ ਖੰਡੇ-ਬਾਟੇ ਦੀ ਪਾਹੁਲ ਨੂੰ ਇਕ ਜਾਦੂਈ ਪਾਣੀ ਦੇ ਤੌਰ 'ਤੇ ਪੇਸ਼ ਕੀਤਾ ਜਾ ਰਿਹਾ ਹੈ। ਇਸ ਵਿੱਚ ਬਹੁਤ ਯੋਗਦਾਨ ਸਾਡੇ ਕਵੀ ਸਜਣਾਂ ਦਾ ਹੈ, ਜਿਨ੍ਹਾਂ ਆਪਣੀਆਂ ਕਵਿਤਾਵਾਂ ਨੂੰ ਪ੍ਰਭਾਵਸ਼ਾਲੀ ਬਨਾਉਣ ਲਈ ਗੁਰਮਤਿ ਸਿਧਾਂਤਾਂ ਨੂੰ ਮਜ਼ਾਕ ਬਣਾ ਕੇ ਰੱਖ ਦਿੱਤਾ ਹੈ, ਰਹਿੰਦੀ ਖੂਹੰਦੀ ਕਸਰ ਢਾਡੀਆਂ, ਰਾਗੀਆਂ, ਪ੍ਰਚਾਰਕਾਂ ਨੇ ਪੂਰੀ ਕਰ ਦਿੱਤੀ, ਜਿਨ੍ਹਾਂ ਦੀ ਨਜ਼ਰ ਕੇਵਲ ਸਟੇਜ 'ਤੇ ਆਉਣ ਵਾਲੀ ਮਾਇਆ ਤੇ ਹੀ ਹੁੰਦੀ ਹੈ ਅਤੇ ਉਹੀ ਸੁਆਦਲੀਆਂ, ਭਾਵੁਕ ਗੱਲਾਂ ਸਟੇਜ 'ਤੇ ਕਰਦੇ ਹਨ, ਜਿਨ੍ਹਾਂ ਦੁਆਰਾ ਸੰਗਤਾਂ ਨੂੰ ਖੁਸ਼ ਕਰਕੇ, ਉਨ੍ਹਾਂ ਦੀ ਜੇਬ ਦਾ ਵਜ਼ਨ ਕੁਝ ਹੌਲਾ ਕੀਤਾ ਜਾ ਸਕੇ, ਬਾਕੀ ਦਾ ਬੇੜਾ ਪਖੰਡੀ ਬਾਬਿਆਂ, ਡੇਰਿਆਂ ਨੇ ਡੋਬ ਦਿੱਤਾ ਕਿਉਂਕਿ ਉਨ੍ਹਾਂ ਦੀ ਤਾਂ ਦੁਕਾਨਦਾਰੀ ਹੀ ਕਰਿਸ਼ਮਿਆਂ ਅਤੇ ਚਮਤਕਾਰਾਂ 'ਤੇ ਚਲਦੀ ਹੈ, ਉਨ੍ਹਾਂ ਕੇਵਲ ਖੰਡੇ ਬਾਟੇ ਦੀ ਪਾਹੁਲ ਹੀ ਨਹੀਂ, ਗੁਰੂ ਗ੍ਰੰਥ ਸਾਹਿਬ ਦੀ ਇਲਾਹੀ ਗੁਰਬਾਣੀ ਨੂੰ ਹੀ ਜਾਦੂ ਦੀ ਪਟਾਰੀ ਬਣਾਇਆ ਹੋਇਆ ਹੈ।

ਅੱਜ ਹਾਲਤ ਇਹ ਹੈ ਕਿ ਬਹੁਤੀ ਕੌਮ ਖੰਡੇ-ਬਾਟੇ ਦੀ ਪਾਹੁਲ ਛਕਣ ਤੋਂ ਮੁਨਕਰ ਹੈ। ਜਿਨ੍ਹਾਂ ਵਿਰਲਿਆਂ ਨੇ ਛੱਕੀ ਵੀ ਹੈ, ਉਨ੍ਹਾਂ ਵਿੱਚੋਂ ਦੋ ਤਰ੍ਹਾਂ ਦੇ ਪ੍ਰਮੁੱਖ ਹਨ। ਇਕ ਤਾਂ ਉਹ ਜਿਨ੍ਹਾਂ ਲਈ ਪਾਹੁਲ ਛਕਣਾ ਪੇਸ਼ੇ ਦੀ ਜ਼ਰੂਰਤ ਹੈ, ਜਿਵੇਂ, ਗੁਰਦੁਆਰਿਆਂ ਦੇ ਪ੍ਰਬੰਧਕ, ਪ੍ਰਚਾਰਕ, ਸੇਵਾਦਾਰ, ਰਾਗੀ, ਢਾਡੀ, ਪਾਠੀ ਆਦਿ। ਵੈਸੇ ਤਾਂ ਸਿਆਸੀ ਅਤੇ ਧਾਰਮਿਕ ਆਗੂ ਵੀ ਇਨ੍ਹਾਂ ਦੀ ਕਤਾਰ ਵਿੱਚ ਹੀ ਆਉਂਦੇ ਹਨ, ਕਿਉਂਕਿ ਭਾਵਨਾ ਵਾਲੇ ਸਿੱਖਾਂ ਨੂੰ ਭਰਮਾਉਣ ਲਈ, ਇਹ ਉਨ੍ਹਾਂ ਦੇ ਵੀ ਪੇਸ਼ੇ ਦੀ ਲੋੜ ਹੈ। ਇਸੇ ਕਰਕੇ ਇਨ੍ਹਾਂ ਵਿੱਚੋਂ ਬਹੁਤਿਆਂ ਦੀਆਂ ਕਿਰਪਾਨਾਂ, ਘਰ ਵਿੱਚ ਤਾਂ ਅਕਸਰ ਕਿੱਲੀਆਂ ਤੇ ਹੀ ਟੰਗੀਆਂ ਰਹਿੰਦੀਆਂ ਹਨ। ਉਹ ਕੇਵਲ ਵਿਖਾਵਾ ਕਰਨ ਲਈ ਬਾਹਰ ਜਾਣ ਵੇਲੇ ਹੀ ਪਾਉਣੀਆਂ ਪੈਂਦੀਆਂ ਹਨ ਜਾਂ ਜਿਸ ਵੇਲੇ ਕੋਈ ਘਰ ਮਿਲਣ ਆ ਜਾਵੇ। ਇਨ੍ਹਾਂ ਵਿੱਚ ਕਈ ਐਸੇ ਵੀ ਹਨ, ਜਿਨ੍ਹਾਂ ਖੰਡੇ ਬਾਟੇ ਦੀ ਪਾਹੁਲ ਛਕੀ ਹੀ ਨਹੀਂ ਹੋਈ, ਕੇਵਲ ਵਿਖਾਵੇ ਵਾਸਤੇ ਹੀ ਕਿਰਪਾਨਾਂ ਪਾਈ ਫਿਰਦੇ ਹਨ।

ਦੂਸਰੀ ਕਿਸਮ ਦੇ ਉਹ ਹਨ ਜਿਨ੍ਹਾਂ ਖੰਡੇ-ਬਾਟੇ ਦੀ ਪਾਹੁਲ ਨੂੰ ਇਕ ਪਵਿੱਤਰ, ਜਾਦੂਈ ਜਾਂ ਕਰਾਮਾਤੀ ਪਾਣੀ ਸਮਝ ਕੇ ਛੱਕਿਆ ਹੈ। ਇਨ੍ਹਾਂ ਵਿੱਚ ਬਹੁਤਾਤ ਬਾਬਿਆਂ ਦੇ ਚੇਲਿਆਂ ਦੀ ਹੈ। ਇਨ੍ਹਾਂ ਵਿੱਚ ਭਾਵਨਾ ਤਾਂ ਭਰਪੂਰ ਹੈ ਪਰ ਇਹ ਭਾਵਨਾ ਗਿਆਨ ਵਿਹੂਣੀ ਹੋਣ ਕਾਰਨ, ਇਹ ਪਾਹੁਲ ਦੇ ਆਦਰਸ਼ਕ ਜੀਵਨ ਦਾ ਅਨੰਦ ਨਹੀਂ ਮਾਣ ਸਕੇ, ਇਹੀ ਕਾਰਨ ਹੈ ਕਿ ਇਹ ਬਾਬਿਆਂ ਦੇ ਡੇਰਿਆਂ ਅਤੇ ਸਮਾਗਮਾਂ 'ਤੇ ਤਾਂ ਵੱਡੀ ਗਿਣਤੀ ਵਿੱਚ ਨਜ਼ਰ ਆਉਂਦੇ ਹੀ ਹਨ, ਨਾਲ ਹੀ ਬਹੁਤਿਆਂ ਨੂੰ ਪੀਰਾਂ ਦੀਆਂ ਦਰਗਾਹਾਂ, ਅਨਮਤੀ ਕੌਮਾਂ ਦੇ ਧਰਮ ਸਥਾਨਾਂ ਅਤੇ ਅਣਮਤੀ ਪਖੰਡੀ ਸਾਧਾਂ ਦੇ ਪ੍ਰੋਗਰਾਮਾਂ ਅਤੇ ਡੇਰਿਆਂ 'ਤੇ ਭਟਕਦੇ ਵੀ ਅਕਸਰ ਵੇਖਿਆ ਜਾ ਸਕਦਾ ਹੈ। ਅਸਲ ਵਿੱਚ ਇਨ੍ਹਾਂ ਨੂੰ ਪਾਹੁਲ ਛਕਣ ਦੇ ਭਾਵ, ਉਦੇਸ਼ ਜਾਂ ਮਹੱਤਵ ਦਾ ਸ਼ਾਇਦ ਪਤਾ ਹੀ ਨਹੀਂ। ਬਹੁਤਿਆਂ ਨੂੰ ਤਾਂ ਇਹ ਹੀ ਨਹੀਂ ਪਤਾ ਕਿ ਇਹ

ਪਾਹੁਲ ਕਿਸ ਦੀ ਬਖਸ਼ਿਸ਼ ਹੈ, ਇਸੇ ਵਾਸਤੇ ਬਹੁਤੇ ਅਕਸਰ ਇਹ ਕਹਿੰਦੇ ਮਿਲ ਜਾਣਗੇ ਕਿ ਅਸੀਂ ਫਲਾਣੇ ਬਾਬਾ ਜੀ ਦਾ, ਫਲਾਣੀ ਟਕਸਾਲ ਦਾ, ਜਥੇ ਦਾ ਜਾਂ ਡੇਰੇ ਦਾ ਅੰਮ੍ਰਿਤ ਛੱਕਿਆ ਹੈ।

ਇਥੇ ਮੈਨੂੰ ਇਕ ਨਿਜੀ ਜ਼ਿੰਦਗੀ ਦੀ ਗੱਲ ਯਾਦ ਆਉਂਦੀ ਹੈ। ਗੱਲ ਉਨ੍ਹਾਂ ਕਾਲੇ ਦਿਨਾਂ ਦੀ ਹੈ, ਜਦੋਂ ਪੰਜਾਬ ਜ਼ੁਲਮ ਦੀ ਭੱਠੀ ਬਣਿਆ ਹੋਇਆ ਸੀ। ਸਰਕਾਰੀ ਜਬਰ ਖਿਲਾਫ ਅਵਾਜ਼ ਬੁਲੰਦ ਕਰਨ ਲਈ ਅਸੀਂ ਪੰਜਾਬ ਮਨੁੱਖੀ ਅਧਿਕਾਰ ਸੰਗਠਣ ਵਲੋਂ ਇਕ ਰੈਲੀ ਗਵਰਨਰ ਦੇ ਘਰ ਨੇੜੇ ਰੱਖੀ। ਜਿਸ ਵੇਲੇ ਮੈਂ ਉਸ ਰੈਲੀ ਤੋਂ ਵਾਪਸ ਆ ਰਿਹਾ ਸਾਂ, ਰਸਤੇ ਵਿੱਚ ਇਕ ਸਿੱਖ ਵੀਰ ਜਿਸ ਨੇ ਉਪਰੋਂ ਕਿਰਪਾਨ ਪਾਈ ਹੋਈ ਸੀ, ਮੈਨੂੰ ਪੈਦਲ ਤੁਰਿਆ ਜਾਂਦਾ ਨਜ਼ਰ ਪਿਆ। ਮੈਂ ਆਪਣੀ ਗੱਡੀ ਉਸ ਦੇ ਨੇੜੇ ਰੋਕ ਕੇ ਪੁੱਛਿਆ,

"ਵੀਰ ਜੀ ਕਿਧਰ ਜਾਣਾ ਹੈ?"

ਉਸ ਜੁਆਬ ਦਿੱਤਾ, "ਬੱਸ ਅੱਡੇ।"

ਮੈਂ ਦਰਵਾਜ਼ਾ ਖੋਲਦੇ ਹੋਏ ਕਿਹਾ, "ਆ ਜਾਓ, ਮੈਂ ਛੱਡ ਦੇਂਦਾ ਹਾਂ।"

ਉਹ ਬੈਠਦੇ ਹੋਏ ਹੈਰਾਨਗੀ ਵਿੱਚ ਬੋਲਿਆ, "ਧੰਨ ਸਤਿਗੁਰੂ, ਤੁਹਾਡੇ ਰੰਗ ਨਿਆਰੇ ਹਨ।"

ਮੈਂ ਪੁਛਿਆ, "ਵੀਰ ਜੀ ਕੀ ਹੋਇਆ?"

ਕਹਿਣ ਲੱਗਾ, "ਇਹ ਸਤਿਗੁਰੂ ਦੇ ਰੰਗ ਹੀ ਹਨ, ਮੈਂ ਤੁਹਾਨੂੰ ਜਾਣਦਾ ਨਹੀਂ, ਫੇਰ ਵੀ ਤੁਸੀ ਆਪੇ ਗੱਡੀ ਰੋਕ ਕੇ ਮੈਨੂੰ ਬਿਠਾ ਲਿਆ।"

ਮੈਂ ਕਿਹਾ, "ਪਰ ਮੈਂ ਤਾਂ ਤੁਹਾਨੂੰ ਪਹਿਚਾਣ ਕੇ ਹੀ ਬਿਠਾਇਆ ਹੈ, ਤੁਸੀਂ ਮੇਰੇ ਗੁਰਭਾਈ ਹੋ।"

ਉਹ ਬੜਾ ਖੁਸ਼ ਹੁੰਦਾ ਹੋਇਆ ਬੋਲਿਆ, "ਵਾਹ ਜੀ ਵਾਹ ! ਤੁਸੀਂ ਵੀ ਝੀਲ ਵਾਲੇ ਮਹਾਂਪੁਰਖਾਂ ਦੇ ਸਿੱਖ ਹੋ।"

ਮੇਰਾ ਤਾਂ ਜਿਵੇਂ ਦਿੱਲ ਹੀ ਬੁਝ ਗਿਆ, ਮੈਂ ਦੁਖੀ ਹੁੰਦੇ ਹੋਏ ਕਿਹਾ, "ਨਹੀਂ ਜੀ ! ਮੈਂ ਕਿਸੇ ਬਾਬੇ ਦਾ ਸਿੱਖ ਨਹੀਂ, ਮੈਂ ਤਾਂ ਗੁਰੂ ਗ੍ਰੰਥ ਸਾਹਿਬ ਦਾ ਸਿੱਖ ਹਾਂ ਅਤੇ ਤੁਹਾਡੇ ਗੱਲ ਵਿੱਚ ਪਏ ਗਾਤਰੇ ਨੂੰ ਵੇਖ ਕੇ, ਤੁਹਾਨੂੰ ਵੀ ਗੁਰੂ ਗ੍ਰੰਥ ਸਾਹਿਬ ਦਾ ਸਿੱਖ ਸਮਝ ਕੇ ਹੀ ਬਿਠਾਇਆ ਹੈ।"

ਪਤਾ ਨਹੀਂ ਉਸ ਨੂੰ ਮੇਰੀ ਗੱਲ ਦੀ ਸਮਝ ਨਹੀਂ ਪਈ ਜਾਂ ਸ਼ਰਮ ਕਾਰਨ, ਉਹ ਅੱਗੋਂ ਕੁਝ ਨਾ ਬੋਲਿਆ। ਥੋੜ੍ਹੀ ਦੇਰ ਬਾਅਦ ਮੈਂ ਉਸ ਨੂੰ ਪੁਛਿਆ,

"ਵੀਰ ਜੀ ਤੁਸੀਂ ਕਿਰਪਾਨ ਪਾਈ ਹੋਈ ਹੈ, ਜ਼ਾਹਰ ਹੈ ਖੰਡੇ ਬਾਟੇ ਦੀ ਪਾਹੁਲ ਛਕੀ ਹੋਵੇਗੀ?"

ਉਹ ਫੇਰ ਕੁਝ ਹੈਰਾਨ ਹੁੰਦਾ ਹੋਇਆ, ਸੁਆਲੀਆ ਲਹਿਜੇ ਵਿੱਚ ਬੋਲਿਆ; "ਹੈਂ ਜੀ?"

ਮੈਂ ਕਿਹਾ, "ਜੀ ਅੰਮ੍ਰਿਤ ਛਕਿਆ ਹੈ?"

ਉਹ ਖੁਸ਼ ਹੁੰਦਾ ਹੋਇਆ, ਗਾਤਰੇ 'ਤੇ ਹੱਥ ਫੇਰ ਕੇ ਬੋਲਿਆ, "ਹਾਂ ਜੀ ਹਾਂ।"

ਮੈਂ ਕਿਹਾ, "ਵੀਰ ਜੀ ਜਦੋਂ ਪੰਜ ਪਿਆਰੇ ਸਾਨੂੰ ਅੰਮ੍ਰਿਤ ਛਕਾਉਂਦੇ ਹਨ, ਉਹ ਮਰਿਯਾਦਾ ਦ੍ਰਿੜ ਕਰਾਉਂਦੇ ਸਾਨੂੰ ਕਹਿੰਦੇ ਹਨ ਕਿ ਅੱਜ ਤੋਂ ਤੁਹਾਡੇ ਪਿਤਾ ਗੁਰੂ ਗੋਬਿੰਦ ਸਿੰਘ ਜੀ ਹਨ ਅਤੇ ਮਾਤਾ ਸਾਹਿਬ ਕੌਰ ਜੀ, ਉਹ ਐਸਾ ਕਿਉਂ ਕਹਿੰਦੇ ਹਨ?"

ਉਹ ਥੋੜਾ ਜਿਹਾ ਸੋਚ ਕੇ ਕਹਿਣ ਲੱਗਾ, "ਉਹ ਗਲਤ ਕਹਿੰਦੇ ਹਨ, ਉਨ੍ਹਾਂ ਨੂੰ ਐਸਾ ਨਹੀਂ ਕਹਿਣਾ ਚਾਹੀਦਾ।"

ਉਸ ਦੇ ਜੁਆਬ ਨੇ ਮੈਨੂੰ ਇਕ ਹੋਰ ਝਟਕਾ ਦਿੱਤਾ। ਅਸੀਂ ਬੱਸ ਅੱਡੇ ਅੱਗੇ ਪਹੁੰਚ ਗਏ ਸਾਂ, ਮੈਂ ਗੱਡੀ ਰੋਕ ਲਈ ਪਰ ਉਸ ਦਾ ਹੱਥ ਫੜ ਕੇ ਕਿਹਾ, "ਵੀਰ ਜੀ, ਉਹ ਗਲਤ ਨਹੀਂ ਕਹਿੰਦੇ। ਸਤਿਗੁਰੂ ਇਹੀ ਚਾਹੁੰਦੇ ਸਨ ਕਿ ਸਾਡਾ ਸਾਰੇ ਗੁਰਸਿੱਖਾਂ ਦਾ ਸਕੇ ਭੈਣ ਭਰਾਵਾਂ ਵਰਗਾ ਪਿਆਰ ਅਤੇ ਸਬੰਧ ਹੋਵੇ। ਪਾਹੁਲ ਛੱਕ ਕੇ ਅਸੀਂ ਇਕ ਪਰਿਵਾਰ ਬਣ ਕੇ ਵਿਚਰੀਏ। ਇਸੇ ਵਾਸਤੇ ਸਾਨੂੰ ਇਕ ਪਿਤਾ, ਗੁਰੂ ਗੋਬਿੰਦ ਸਿੰਘ ਜੀ ਅਤੇ ਇਕ ਮਾਤਾ, ਮਾਤਾ ਸਾਹਿਬ ਕੌਰ ਜੀ ਦੀ ਸੰਤਾਨ ਹੋਣਾ ਦ੍ਰਿੜ ਕਰਾਇਆ ਜਾਂਦਾ ਹੈ।"

"ਹਾਂ ਜੀ, ਹਾਂ ਜੀ, ਬਹੁਤ ਧੰਨਵਾਦ" ਕਹਿੰਦਾ ਹੋਇਆ, ਉਹ ਹੱਥ ਛੁੜਾ ਕੇ ਗੱਡੀ ਚੋਂ ਬਾਹਰ ਨਿਕਲ ਗਿਆ।

ਇਹ ਹੈ ਸਾਡਾ ਖੰਡੇ-ਬਾਟੇ ਦੀ ਪਾਹੁਲ ਛਕਣਾ। ਅੱਜ ਜਿਹੜੇ ਸਿੱਖ ਪਾਹੁਲ ਛੱਕ ਵੀ ਰਹੇ ਹਨ, ਉਨ੍ਹਾਂ ਵਿੱਚੋਂ ਬਹੁਤੇ ਤਾਂ ਇਸ ਨੂੰ ਇਕ ਕਰਮ ਕਾਂਡ ਦੇ ਤੌਰ 'ਤੇ ਹੀ ਛੱਕ ਰਹੇ ਹਨ, ਇਹ ਸੋਚ ਕੇ ਕਿ ਪਾਹੁਲ ਛਕਣ ਨਾਲ ਉਨ੍ਹਾਂ ਦੇ ਕੀਤੇ ਪਿਛਲੇ ਸਾਰੇ ਕਰਮ ਧੋਤੇ ਜਾਣਗੇ, ਉਹ ਗੁਰੂ ਦੇ ਘਰ ਵਿੱਚ ਪ੍ਰਵਾਨ ਹੋ ਜਾਣਗੇ, ਉਨ੍ਹਾਂ ਵਾਸਤੇ ਸਵਰਗਾਂ ਦੇ ਰਸਤੇ ਖੁਲ੍ਹ ਜਾਣਗੇ, ਉਨ੍ਹਾਂ ਦੀਆਂ ਅਗਲੀਆਂ ਪਿਛਲੀਆਂ ਕੁੱਲਾਂ ਤਰ ਜਾਣਗੀਆਂ ਆਦਿ..। ਬਿਲਕੁਲ ਉਵੇਂ ਹੀ ਜਿਵੇਂ ਬ੍ਰਾਹਮਣੀ ਵਿਚਾਰਧਾਰਾ ਦੇ ਲੋਕ ਹਰਿਦੁਆਰ, ਕਾਂਸ਼ੀ ਆਦਿ ਤੀਰਥਾਂ ਤੇ ਇਸ਼ਨਾਨ ਕਰਕੇ, ਇਹ ਸੋਚਦੇ ਹਨ ਕਿ ਉਨ੍ਹਾਂ ਦੇ ਪਿਛਲੇ ਸਾਰੇ ਪਾਪ ਕਰਮ ਧੋਤੇ ਗਏ ਹਨ। ਸਤਿਗੁਰੂ ਗੁਰਬਾਣੀ ਵਿੱਚ ਸਮਝਾਉਂਦੇ, ਬਖਸ਼ਿਸ਼ ਕਰਦੇ ਹਨ:

"ਪਾਪ ਕਰਹਿ ਪੰਚਾਂ ਕੇ ਬਸਿ ਰੇ ॥ ਤੀਰਥਿ ਨਾਇ ਕਹਹਿ ਸਭਿ ਉਤਰੇ ॥
ਬਹੁਰਿ ਕਮਾਵਹਿ ਹੋਇ ਨਿਸੰਕ ॥ ਜਮ ਪੁਰਿ ਬਾਂਧਿ ਖਰੇ ਕਾਲੰਕ ॥੨॥"

(ਪ੍ਰਭਾਤੀ ਮਹਲਾ ੫, ਪੰਨਾ ੧੩੪੮)

ਹੇ ਭਾਈ ! (ਜਿਹੜੇ ਮਨੁੱਖ ਕਾਮਾਦਿਕ) ਪੰਜਾਂ ਦੇ ਵੱਸ ਵਿਚ (ਰਹਿ ਕੇ) ਪਾਪ ਕਰਦੇ ਰਹਿੰਦੇ ਹਨ, (ਫਿਰ ਕਿਸੇ) ਤੀਰਥ ਉੱਤੇ ਇਸ਼ਨਾਨ ਕਰ ਕੇ ਆਖਦੇ ਹਨ (ਕਿ ਸਾਡੇ) ਸਾਰੇ (ਪਾਪ) ਲਹਿ ਗਏ ਹਨ, (ਤੇ) ਝਾਕਾ ਲਾਹ ਕੇ ਮੁੜ ਮੁੜ (ਉਹੀ ਪਾਪ) ਕਰੀ ਜਾਂਦੇ ਹਨ (ਤੀਰਥ-ਇਸ਼ਨਾਨ ਉਹਨਾਂ ਨੂੰ ਜਮਰਾਜ ਤੋਂ ਬਚਾ ਨਹੀਂ ਸਕਦਾ, ਉਹ ਤਾਂ ਕੀਤੇ) ਪਾਪਾਂ ਦੇ ਕਾਰਨ ਬੰਨ੍ਹ ਕੇ ਜਮਰਾਜ ਦੇ ਦੇਸ ਵਿਚ ਅਪੜਾਏ ਜਾਂਦੇ ਹਨ ।2।

ਜਿਵੇਂ ਤੀਰਥਾਂ ਤੋਂ ਆਕੇ, ਉਹ ਲੋਕ ਮੁੜ ਉਨ੍ਹਾਂ ਪਾਪ ਕਰਮਾਂ ਵਿੱਚ ਹੀ ਗਲਤਾਨ ਹੋ ਜਾਂਦੇ ਹਨ, ਇਹੀ ਹਾਲਤ ਸਾਡੇ ਇਨ੍ਹਾਂ ਅੰਮ੍ਰਿਤਧਾਰੀ ਸਿੱਖਾਂ ਦੀ ਹੈ, ਸਿਵਾਏ ਇਸ ਦੇ ਕਿ ਉਹ ਸਰੀਰ 'ਤੇ ਕਕਾਰ ਸਜਾ ਲੈਂਦੇ ਹਨ ਅਤੇ ਕੁਝ, ਕੁਝ ਸਮੇਂ ਵਾਸਤੇ ਨਿਤਨੇਮ ਦੀਆਂ ਬਾਣੀਆਂ ਦੇ ਰੱਟੇ ਲਾਉਣੇ ਸ਼ੁਰੂ ਕਰ ਦੇਂਦੇ ਹਨ, ਖੰਡੇ-ਬਾਟੇ ਦੀ ਪਾਹੁਲ ਛੱਕ ਕੇ ਵੀ, ਉਨ੍ਹਾਂ ਦੇ ਜੀਵਨ ਵਿੱਚ ਹੋਰ ਕੋਈ ਤਬਦੀਲੀ ਨਹੀਂ ਆਉਂਦੀ। ਉਨ੍ਹਾਂ ਦਾ ਕਿਰਦਾਰ ਉਂਝ ਦਾ ਉਂਝ ਹੀ ਰਹਿੰਦਾ ਹੈ। ਹੋਰ ਤਾਂ ਹੋਰ, ਜਿੰਨੀ ਕੁ ਮਰਯਾਦਾ ਉਨ੍ਹਾਂ ਨੂੰ ਸਮਝ ਪਈ ਹੈ, ਉਸ ਤੋਂ ਵੀ ਉਲਟ ਕਰਮ ਕਰਨ ਵਾਲਿਆਂ ਨੂੰ ਅਕਸਰ ਇਹ ਕਹਿੰਦੇ ਸੁਣੀ ਦਾ ਹੈ, ਕੋਈ ਨਹੀਂ ਜੀ, ਫੇਰ ਕਿਤੇ ਅੰਮ੍ਰਿਤ ਸੰਚਾਰ 'ਤੇ ਭੁਲ ਬਖਸ਼ਾ ਲਵਾਂਗੇ ਜਾਂ ਮੁੜ ਕੇ ਅੰਮ੍ਰਿਤ ਛੱਕ ਲਵਾਂਗੇ, ਬਿਲਕੁਲ ਉਵੇਂ ਜਿਵੇਂ ਬ੍ਰਾਹਮਣਵਾਦੀ ਵਿਚਾਰਧਾਰਾ ਵਾਲੇ ਸੋਚਦੇ ਹਨ, ਇਕ ਵੇਰਾਂ ਫੇਰ ਗੰਗਾ ਨਹਾ ਆਵਾਂਗੇ, ਨਹੀਂ ਤਾਂ ਹੱਡੀਆਂ ਤਾਂ ਆਖਰ ਗੰਗਾ ਵਿੱਚ ਹੀ ਜਾਣੀਆਂ ਹਨ। ਸੱਚ ਵੇਖਿਆ ਜਾਵੇ ਤਾਂ ਬਹੁਤਾ ਕਸੂਰ ਉਨ੍ਹਾਂ ਦਾ ਵੀ ਨਹੀਂ, ਸਾਡੇ ਉਹ ਮਹਾਂਪੁਰਖ(ਮਹਾਂਠੱਗ) ਜੋ ਅੰਮ੍ਰਿਤ

ਦੀਆਂ ਹੱਟੀਆਂ ਖੋਲੀ ਬੈਠੇ ਹਨ, ਉਹ ਪ੍ਰਚਾਰ ਹੀ ਇਹੀ ਕਰ ਰਹੇ ਹਨ। ਉਨ੍ਹਾਂ ਦੇ ਤਾਂ ਦਾਅਵੇ ਵੀ ਬਹੁਤ ਵੱਡੇ ਵੱਡੇ ਹਨ। ਹਰ ਬਾਬੇ ਨੇ ਹਜ਼ਾਰਾਂ ਪ੍ਰਾਣੀਆਂ ਨੂੰ ਅੰਮ੍ਰਿਤ ਛਕਾ ਕੇ ਗੁਰੂ ਵਾਲਾ(ਕਿ ਆਪਣੇ ਡੇਰੇ ਦਾ ਸਿੱਖ?) ਬਣਾਇਆ ਹੈ, ਜੇ ਸਾਰਿਆਂ ਦੇ ਦਾਅਵਿਆਂ ਨੂੰ ਇਕੱਠਾ ਕਰ ਲਿਆ ਜਾਵੇ ਤਾਂ ਅੱਜ ਜਿੰਨੀ ਸਿੱਖ ਕੌਮ ਦੀ ਕੁਲ ਗਿਣਤੀ ਹੈ, ਸਾਰਿਆਂ ਨੇ ਘੱਟੋ ਘੱਟ ਦੋ ਦੋ ਵਾਰੀ ਅੰਮ੍ਰਿਤ ਛੱਕ ਲਿਆ ਹੋਣਾ ਚਾਹੀਦਾ ਹੈ, ਜਦਕਿ ਸੱਚਾਈ ਸਭ ਦੇ ਸਾਹਮਣੇ ਹੈ ਕਿ ਅੱਸੀ ਤੋਂ ਨੱਬੇ ਪ੍ਰਤੀਸ਼ਤ ਕੌਮ ਪਤਿਤ ਹੋਈ ਪਈ ਹੈ, ਹਾਲਾਂਕਿ ਇਹ ਗਿਣਤੀ ਵੀ ਕੇਵਲ ਕੇਸਾਂ ਦੀ ਬੇਅਦਬੀ ਕਰਨ ਵਾਲਿਆਂ ਦੀ ਹੈ।

ਸਮਾਜਕ ਤੌਰ 'ਤੇ ਵੀ ਵੇਖਿਆ ਜਾਵੇ ਤਾਂ ਅੱਜ ਨਾ ਤਾਂ ਬਹੁਤੇ ਪਾਹੁਲ ਛਕਣ ਵਾਲਿਆਂ ਦੇ ਨਿਜੀ ਜੀਵਨ ਵਿੱਚ ਸ਼ਾਂਤੀ ਹੈ, ਨਾ ਪਰਿਵਾਰਕ ਜੀਵਨ ਵਿੱਚ। ਕੌਮੀ ਜੀਵਨ ਦੀ ਗੱਲ ਕਰੀਏ ਤਾਂ ਅੱਜ ਕੁਝ ਗਾਤਰਿਆਂ ਵਾਲੇ ਹੀ ਪੰਥ ਦੋਖੀ ਸ਼ਕਤੀਆਂ ਦੇ ਏਜੰਟ ਬਣ ਕੇ, ਕੌਮ ਨੂੰ ਬਰਬਾਦ ਕਰਨ ਲੱਗੇ ਹੋਏ ਹਨ। ਅੱਜ ਇਨ੍ਹਾਂ ਲੋਕਾਂ ਦੀ ਵਜ੍ਹਾ ਕਰਕੇ ਕੌਮ ਖਾਨਾਜੰਗੀ ਦੇ ਮੁਹਾਨੇ 'ਤੇ ਪਹੁੰਚ ਗਈ ਹੈ। ਪਾਹੁਲ ਛਕਣ ਵਾਲੇ ਗੁਰਸਿੱਖ ਦਾ ਜੋ ਸਮਾਜ ਵਿੱਚ ਵਿਸ਼ੇਸ਼ ਸਥਾਨ ਅਤੇ ਸਤਿਕਾਰ ਹੁੰਦਾ ਸੀ, ਉਹ ਬਿਲਕੁਲ ਗੁਆਚ ਗਿਆ ਹੈ ਬਲਕਿ ਅੱਜ ਕੱਲ ਤਾਂ ਲੋਕ ਕ੍ਰਿਪਾਨਧਾਰੀ ਸਿੱਖ ਨੂੰ ਵਧੇਰੇ ਸ਼ੱਕ ਦੀਆਂ ਨਜ਼ਰਾਂ ਨਾਲ ਵੇਖਦੇ ਹਨ। ਆਮ ਲੋਕੀ ਪਾਹੁਲ ਛਕਣ ਵਾਲੇ ਪਰਿਵਾਰ ਵਿੱਚ ਧੀ ਵਿਆਹੁਣ ਤੋਂ ਡਰਨ ਲੱਗ ਪਏ ਹਨ।

ਕਾਰਨ ਕੀ ਹੈ? ਕਿਥੇ ਅਤੇ ਕਿਉਂ ਗੁਆਚ ਗਿਆ ਹੈ ਸਤਿਗੁਰੂ ਦੀ ਇਸ ਅਦੁੱਤੀ ਬਖਸ਼ਿਸ਼ ਦਾ ਸਤਿਕਾਰ?

ਇਸ ਲੇਖ ਰਾਹੀਂ ਅਸੀਂ ਸਿੱਖ ਦੇ ਜੀਵਨ ਵਿੱਚ ਖੰਡੇ ਬਾਟੇ ਦੀ ਪਾਹੁਲ ਦੇ ਵਿਧੀ ਵਿਧਾਨ ਅਤੇ ਮਰਿਯਾਦਾ ਦੀ ਕੁੱਝ ਸਮੀਖਿਆ ਕਰਨ ਦਾ ਯਤਨ ਕਰਾਂਗੇ, ਤਾਂ ਜੋ ਆਪਣੇ ਨਿਜੀ ਅਤੇ ਸਮਾਜਕ ਜੀਵਨ ਵਿੱਚ ਆਈਆਂ ਕਮੀਆਂ ਦੀ ਪੜਚੋਲ ਕਰਕੇ, ਉਨ੍ਹਾਂ ਦੀ ਸੁਧਾਈ ਕਰਕੇ, ਜਿਥੇ ਆਪਣੇ ਜੀਵਨ ਨੂੰ ਗੁਣਾਂ ਨਾਲ ਸ਼ਿੰਗਾਰ ਸਕੀਏ, ਉਥੇ ਸਤਿਗੁਰੂ ਦੀ ਇਸ ਅਦੁੱਤੀ ਬਖਸ਼ਿਸ਼ ਦਾ ਮਾਨ ਸਤਿਕਾਰ ਬਹਾਲ ਕੀਤਾ ਜਾ ਸਕੇ।

ਅੰਮ੍ਰਿਤ ਕਿ ਪਾਹੁਲ?

ਦੁਨੀਆਂ ਦੇ, ਵਿਸ਼ੇਸ਼ ਕਰਕੇ ਭਾਰਤ ਦੇ ਲੋਕ ਇਹ ਸਮਝਦੇ ਸਨ ਕਿ ਕੋਈ ਐਸਾ ਜਲ ਹੈ, ਜਿਸ ਦੇ ਪੀਣ ਨਾਲ ਜੀਵ ਸਦਾ ਲਈ ਅਮਰ ਹੋ ਜਾਂਦਾ ਹੈ, ਫਿਰ ਉਸ ਨੂੰ ਕਦੇ ਮੌਤ ਨਹੀਂ ਆਉਂਦੀ। ਉਸ ਕਿਆਸੇ ਹੋਏ ਜਲ ਨੂੰ ਅੰਮ੍ਰਿਤ ਦਾ ਨਾਂ ਦਿੱਤਾ ਗਿਆ। ਇਸ ਜਲ ਦੇ ਸਮੁੰਦਰ ਰਿੜਕਣ ਦੇ ਹਾਸਮਈ ਮਿਥਿਹਾਸ ਵਿੱਚ ਵੀ ਪਰਗਟ ਹੋਣਾ ਦਸਿਆ ਜਾਂਦਾ ਹੈ। ਕਿਸੇ ਰਾਜੇ ਦੇ ਉਸ ਜਲ ਤੱਕ ਪਹੁੰਚ ਜਾਣ ਦੀ ਕਹਾਣੀ ਵੀ ਬਣੀ ਹੋਈ ਹੈ, ਪਰ ਦਸਿਆ ਜਾਂਦਾ ਹੈ ਕਿ ਉਸ ਨੂੰ ਉਥੇ ਇੱਕ ਕਾਂ ਮਿਲ ਪਿਆ, ਜਿਸ ਨੇ ਕਈ ਸਦੀਆਂ ਪਹਿਲੇ ਉਹ ਅੰਮ੍ਰਿਤ ਪੀ ਲਿਆ ਸੀ। ਹੁਣ ਬਹੁਤ ਵਡੇਰੀ ਉਮਰ ਹੋ ਜਾਣ ਕਾਰਨ, ਉਹ ਸਰੀਰਕ ਤੌਰ 'ਤੇ ਬਹੁਤ ਨਿਰਬਲ ਹੋ ਚੁੱਕਾ ਸੀ ਅਤੇ ਬਹੁਤ ਕਸ਼ਟ ਭੋਗ ਰਿਹਾ ਸੀ ਪਰ ਅੰਮ੍ਰਿਤ ਪੀ ਕੇ ਅਮਰ ਹੋ ਜਾਣ ਕਾਰਨ, ਮੌਤ ਤਾਂ ਹੁਣ ਕਦੇ ਆਉਣੀ ਹੀ ਨਹੀਂ ਸੀ। ਉਸ ਦੀ ਹਾਲਤ ਵੇਖ ਕੇ ਉਸ ਰਾਜੇ ਨੇ ਉਹ ਅੰਮ੍ਰਿਤ ਪੀਣ ਦਾ ਵਿਚਾਰ ਤਿਆਗ ਦਿੱਤਾ।

ਜੇ ਕੋਈ ਐਸਾ ਕਾਂ ਹੁੰਦਾ ਤਾਂ ਉਹ ਤਾਂ ਅੱਜ ਵੀ ਜਿਊਂਦਾ ਹੋਣਾ ਚਾਹੀਦਾ ਸੀ, ਅੰਮ੍ਰਿਤ ਪੀ ਕੇ ਅਮਰ ਜੋ ਹੋ ਗਿਆ। ਫੇਰ ਤਾਂ ਕਦੋਂ ਦਾ ਉਸ ਨੂੰ ਕਿਸੇ ਵੱਡੇ ਦੇਵਤੇ ਦਾ ਖਿਤਾਬ ਮਿਲ ਚੁੱਕਾ ਹੁੰਦਾ, ਆਖਿਰ ਸੰਸਾਰ ਦੀ ਸੱਭ ਤੋਂ ਦੁਰਲਭ ਵਸਤੂ ਅੰਮ੍ਰਿਤ ਪੀਣ ਵਾਲਾ ਕੋਈ ਆਮ ਜੀਵ ਤਾਂ ਨਹੀਂ ਹੋ ਸਕਦਾ। ਭਾਵੇਂ ਉਹ ਕਿਸੇ ਪਹਾੜ ਦੀ ਚੋਟੀ 'ਤੇ ਜਾ ਲੁਕਦਾ, ਸ਼ਰਧਾਲੂਆਂ ਨੇ ਉਸ ਨੂੰ ਲੱਭ ਹੀ ਲੈਣਾ ਸੀ। ਜਿਹੜੇ ਪੱਥਰ ਦੀਆਂ ਜਾਂ ਬਰਫ ਦੀਆਂ ਮੂਰਤੀਆਂ ਪੂਜਣ ਵਾਸਤੇ ਜਾਂ ਕਿਸੇ ਧਰਤੀ ਵਿਸ਼ੇਸ਼ ਦੀ ਪੂਜਾ ਕਰਨ ਲਈ, ਉਚੇ ਉਚੇ ਪਹਾੜਾਂ 'ਤੇ ਲਾਇਨਾਂ ਲਾ ਕੇ ਦੌੜੇ ਫਿਰਦੇ ਹਨ, ਉਨ੍ਹਾਂ ਉਸ ਜੀਵਤ ਮੁਜੱਸਮੇ ਨੂੰ ਕਿਥੋਂ ਛੱਡਣਾ ਸੀ?

ਸਤਿਗੁਰੂ ਨੇ ਮਨੁੱਖਤਾ ਤੇ ਵੱਡਾ ਉਪਕਾਰ ਕਰਦੇ ਹੋਏ, ਇਸ ਭਰਮਜਾਲ ਨੂੰ ਪੂਰੀ ਤਰ੍ਹਾਂ ਤੋੜ ਦਿੱਤਾ ਅਤੇ ਇਹ ਗੱਲ ਸਪੱਸ਼ਟ ਸਮਝਾ ਦਿੱਤੀ ਕਿ ਜੋ ਸੰਸਾਰ ਤੇ ਪੈਦਾ ਹੋਇਆ ਹੈ, ਉਸ ਦੀ ਸਰੀਰਕ ਮੌਤ ਯਕੀਨੀ ਹੈ। ਗੁਰਬਾਣੀ ਦੇ ਬੇਅੰਤ ਪ੍ਰਮਾਣ ਹਨ, ਜੋ ਸਾਨੂੰ ਇਹ ਸਚਾਈ ਦ੍ਰਿੜ ਕਰਾਉਂਦੇ ਹਨ:

"ਸਭਨਾ ਮਰਣਾ ਆਇਆ ਵੇਛੋੜਾ ਸਭਨਾਹ ॥" {ਸੋਰਠਿ ਮਹਲਾ ੧, ਪੰਨਾ ੫੯੫}
ਸੰਸਾਰ ਦੇ ਹਰ ਜੀਵ ਨੇ ਮਰਨਾ ਹੈ, ਵਿਛੋੜਾ ਸਭ ਨੂੰ ਸਹਾਰਨਾ ਪੈਣਾ ਹੈ।

"ਰਹਣੁ ਨ ਪਾਵਹਿ ਸੁਰਿ ਨਰ ਦੇਵਾ ॥ ਊਠਿ ਸਿਧਾਰੇ ਕਰਿ ਮੁਨਿ ਜਨ ਸੇਵਾ ॥੧॥"
{ਸੂਹੀ ਮਹਲਾ ੫, ਪੰਨਾ ੭੪੦}

ਹੇ ਭਾਈ ! (ਅਨੇਕਾਂ ਮਨੁੱਖ ਆਪਣੇ ਆਪ ਨੂੰ) ਦੈਵੀ ਮਨੁੱਖ, ਦੇਵਤੇ (ਅਖਵਾ ਗਏ, ਅਨੇਕਾਂ ਆਪਣੇ ਆਪ ਨੂੰ) ਰਿਸ਼ੀ ਮੁਨੀ (ਅਖਵਾ ਗਏ, ਅਨੇਕਾਂ ਹੀ ਉਹਨਾਂ ਦੀ) ਸੇਵਾ ਕਰ ਕੇ (ਜਗਤ ਤੋਂ ਆਖ਼ਰ ਆਪੋ ਆਪਣੀ ਵਾਰੀ) ਚਲੇ ਜਾਂਦੇ ਰਹੇ, (ਕੋਈ ਭੀ ਇਥੇ) ਸਦਾ ਲਈ ਟਿਕੇ ਨਹੀਂ ਰਹਿ ਸਕਦੇ ।1।

"ਬਾਦਿਸਾਹ ਸਾਹ ਵਾਪਾਰੀ ਮਰਨਾ ॥ ਜੋ ਦੀਸੈ ਸੋ ਕਾਲਹਿ ਖਰਨਾ ॥੨॥"
{ਸੂਹੀ ਮਹਲਾ ੫, ਪੰਨਾ ੭੪੦}

ਹੇ ਭਾਈ ! ਸ਼ਾਹ, ਵਾਪਾਰੀ, ਬਾਦਸ਼ਾਹ (ਸਭਨਾਂ ਨੇ ਆਖ਼ਰ) ਮਰਨਾ ਹੈ । ਜੇਹੜਾ ਭੀ ਕੋਈ (ਇਥੇ) ਦਿੱਸਦਾ ਹੈ, ਹਰੇਕ ਨੂੰ ਮੌਤ ਨੇ ਲੈ ਜਾਣਾ ਹੈ ।2।

"ਜੋ ਉਪਜਿਓ ਸੋ ਬਿਨਸਿ ਹੈ ਪਰੋ ਆਜੁ ਕੈ ਕਾਲਿ ॥"

(ਸਲੋਕ ਮਹਲਾ ੯, ਪੰਨਾ ੧੪੨੯)

ਹੇ ਭਾਈ ! ਜਗਤ ਵਿਚ ਤਾਂ) ਜਿਹੜਾ ਭੀ ਜੰਮਿਆ ਹੈ ਉਹ (ਜ਼ਰੂਰ) ਨਾਸ ਹੋ ਜਾਇਗਾ (ਹਰ ਕੋਈ ਇਥੋਂ) ਅੱਜ ਜਾਂ ਭਲਕੇ ਕੂਚ ਕਰ ਜਾਣ ਵਾਲਾ ਹੈ ।

ਸਤਿਗੁਰੂ ਤਾਂ ਇਹ ਸਮਝਾਉਂਦੇ ਹਨ ਕਿ ਹਰ ਉਹ ਚੀਜ਼ ਜੋ ਨਜ਼ਰ ਆਉਂਦੀ ਹੈ, ਆਖਰ ਇਕ ਦਿਨ ਉਸ ਦਾ ਵਿਨਾਸ਼ ਹੋ ਜਾਣਾ ਹੈ:

"ਜੋ ਦੀਸੈ ਸੋ ਸਗਲ ਬਿਨਾਸੈ ਜਿਉ ਬਾਦਰ ਕੀ ਛਾਹੀ ॥੧॥"

{ਸਾਰੰਗ ਮਹਲਾ ੯, ਪੰਨਾ ੧੨੩੧}

ਜਿਵੇਂ ਬੱਦਲਾਂ ਦੀ ਛਾਂ ਹੈ, ਤਿਵੇਂ ਜੋ ਕੁਝ ਦਿੱਸ ਰਿਹਾ ਹੈ ਸਭ ਨਾਸਵੰਤ ਹੈ ।1।

"ਦ੍ਰਿਸਟਿਮਾਨ ਹੈ ਸਗਲ ਬਿਨਾਸੀ ਇਕਿ ਸਾਧ ਬਚਨ ਆਗਾਧਾ ॥੩॥"

{ਸਾਰਗ ਮਹਲਾ ੫, ਪੰਨਾ ੧੨੦੪}

ਜੋ ਕੁਝ (ਇਹ ਜਗਤ) ਦਿੱਸ ਰਿਹਾ ਹੈ ਸਾਰਾ ਨਾਸਵੰਤ ਹੈ । ਸਿਰਫ਼ ਗੁਰੂ ਦੇ ਬਚਨ ਹੀ ਐਸੇ ਹਨ ਜੋ ਅਟੱਲ ਹਨ (ਭਾਵ, ਆਤਮਕ ਜੀਵਨ ਵਾਸਤੇ ਜੋ ਮਰਯਾਦਾ ਗੁਰੂ ਨੇ ਦੱਸੀ ਹੈ ਉਹ ਕਦੇ ਭੀ ਕਿਤੇ ਭੀ ਬਦਲ ਨਹੀਂ ਸਕਦੀ) ।3।

ਫਿਰ ਕਿਸੇ ਐਸੇ ਜਲ ਬਾਰੇ ਸੋਚਣਾ, ਜਿਸ ਦੇ ਪੀਣ ਨਾਲ ਮੌਤ ਤੋਂ ਛੁਟਕਾਰਾ ਮਿਲ ਜਾਂਦਾ ਹੈ, ਕੋਈ ਜੀਵ ਅਮਰ ਹੋ ਜਾਂਦਾ ਹੈ, ਇਕ ਭਰਮ ਤੋਂ ਸਿਵਾ ਹੋਰ ਕੁਝ ਨਹੀਂ ਹੋ ਸਕਦਾ। ਹਾਂ ਸਤਿਗੁਰੂ ਨੇ ਉਹ ਆਤਮਕ ਮੌਤ, ਜੋ ਆਮ ਮਨੁੱਖ ਜੀਵਨ ਵਿੱਚ ਹੀ ਪਤਾ ਨਹੀਂ ਕਿੰਨੀ ਵਾਰੀ ਮਰਦਾ ਹੈ, ਬਲਕਿ ਰੋਜ਼ ਪਤਾ ਨਹੀਂ ਕਿੰਨੀ ਵਾਰੀ ਮਰਦਾ ਹੈ, ਮੌਤ ਦਾ ਡੱਰ ਜਿਸ ਤੋਂ ਮਨੁੱਖ ਸਦਾ ਸਹਿਮਿਆਂ ਰਹਿੰਦਾ ਹੈ, ਉਸ ਤੋਂ ਮੁਕਤ ਹੋਣ ਵਾਸਤੇ ਸਾਨੂੰ ਅੰਮ੍ਰਿਤ ਬਖਸ਼ ਦਿੱਤਾ ਹੈ। ਇਹ ਅੰਮ੍ਰਿਤ ਹੈ, 'ਨਾਮ ਅੰਮ੍ਰਿਤ' ਅਤੇ ਇਸ ਅੰਮ੍ਰਿਤ ਨੂੰ ਪਰਾਪਤ ਕਰਨ ਦਾ ਤਰੀਕਾ ਹੈ, ਗੁਰਬਾਣੀ ਰਾਹੀਂ, ਗੁਰੂ ਦੀ ਮਤਿ ਨੂੰ ਗ੍ਰਹਿਣ ਕਰਨਾ। ਸਤਿਗੁਰੂ ਦੇ ਪਾਵਨ ਬਚਨ ਹਨ:

"ਅੰਮ੍ਰਿਤੁ ਹਰਿ ਹਰਿ ਨਾਮੁ ਹੈ ਮੇਰੀ ਜਿੰਦੁੜੀਏ ਅੰਮ੍ਰਿਤੁ ਗੁਰਮਤਿ ਪਾਏ ਰਾਮ ॥"

{ਰਾਗੁ ਬਿਹਾਗੜਾ ਮਹਲਾ ੪, ਪੰਨਾ ੫੩੮}

ਹੇ ਮੇਰੀ ਸੋਹਣੀ ਜਿੰਦੇ ! ਪਰਮਾਤਮਾ ਦਾ ਨਾਮ ਆਤਮਕ ਜੀਵਨ ਦੇਣ ਵਾਲਾ ਜਲ ਹੈ, ਇਹ ਨਾਮ-ਜਲ ਗੁਰੂ ਦੀ ਮਤਿ ਉੱਤੇ ਤੁਰਿਆਂ ਹੀ ਮਿਲਦਾ ਹੈ ।

ਸਤਿਗੁਰੂ ਨੇ ਇਹ ਵੀ ਸਪੱਸ਼ਟ ਕਰ ਦਿੱਤਾ ਹੈ ਕਿ ਇਹ ਨਾਮ ਅੰਮ੍ਰਿਤ ਕਿਤੇ ਬਾਹਰੋਂ ਨਹੀਂ ਆਉਣਾ, ਇਹ ਤੇਰੇ ਅੰਦਰ ਹੀ ਹੈ। ਜਿਵੇਂ ਜਿਵੇਂ ਤੂੰ ਗੁਰੂ ਸ਼ਬਦ ਦੀ ਵਿਚਾਰ ਕਰਕੇ

ਗੁਰਬਾਣੀ ਦੇ ਗੁਣ ਜੀਵਨ ਵਿੱਚ ਧਾਰਨ ਕਰੀ ਜਾਵੇਂਗਾ, ਇਹ ਨਾਮ ਅੰਮ੍ਰਿਤ ਤੇਰੇ ਅੰਦਰ ਪ੍ਰਗਟ ਹੁੰਦਾ ਜਾਵੇਗਾ:

"ਰਸਨਾ ਹਰਿ ਰਸੁ ਪੀਜੈ ਅੰਤਰੁ ਭੀਜੈ ਸਾਚ ਸਬਦਿ ਬੀਚਾਰੀ ॥
ਅੰਤਰਿ ਖੂਹਟਾ ਅੰਮ੍ਰਿਤਿ ਭਰਿਆ ਸਬਦੇ ਕਾਢਿ ਪੀਐ ਪਨਿਹਾਰੀ ॥"
{ਵਡਹੰਸੁ ਮਹਲਾ ੩, ਪੰਨਾ ੫੭੦}

ਹੇ ਭਾਈ ! ਆਤਮਕ ਜੀਵਨ ਦੇਣ ਵਾਲੇ ਨਾਮ-ਜਲ ਨਾਲ ਭਰਿਆ ਹੋਇਆ ਚਸ਼ਮਾ ਮਨੁੱਖ ਦੇ ਅੰਦਰ ਹੀ ਹੈ, ਜਿਸ ਮਨੁੱਖ ਦੀ ਸੁਰਤਿ ਗੁਰੂ ਦੇ ਸ਼ਬਦ ਦੀ ਰਾਹੀਂ ਇਹ ਨਾਮ-ਜਲ ਭਰਨਾ ਜਾਣਦੀ ਹੈ ਉਹ ਮਨੁੱਖ (ਅੰਦਰਲੇ ਚਸ਼ਮੇ ਵਿਚੋਂ ਨਾਮ-ਜਲ) ਕੱਢ ਕੇ ਪੀਂਦਾ ਰਹਿੰਦਾ ਹੈ ।

ਗੁਰਬਾਣੀ ਵਿੱਚ ਇਸ 'ਨਾਮ ਅੰਮ੍ਰਿਤ' ਨੂੰ ਪ੍ਰਾਪਤ ਕਰਨ ਦੇ ਸਾਧਨਾਂ ਨੂੰ ਵੀ ਅੰਮ੍ਰਿਤ ਦੀ ਹੀ ਸੰਗਯਾ ਦਿੱਤੀ ਗਈ ਹੈ। ਇਸੇ ਲਈ ਗੁਰਬਾਣੀ ਨੂੰ ਵੀ ਅੰਮ੍ਰਿਤ ਦਾ ਸਨਮਾਨ ਦਿੱਤਾ ਗਿਆ ਹੈ। ਜਿਵੇਂ:

"ਅੰਮ੍ਰਿਤ ਬਾਣੀ ਸਤਿਗੁਰ ਪੂਰੇ ਕੀ, ਜਿਸੁ ਕਿਰਪਾਲੁ ਹੋਵੈ ਤਿਸੁ ਰਿਦੈ ਵਸੇਹਾ ॥"
{ਮ: ੫, ਪੰਨਾ ੯੬੦}

ਰੇ ਗੁਰੂ ਦੀ ਆਤਮਕ ਜੀਵਨ ਦੇਣ ਵਾਲੀ ਬਾਣੀ ਉਸ ਮਨੁੱਖ ਦੇ ਹਿਰਦੇ ਵਿਚ ਵੱਸਦੀ ਹੈ ਜਿਸ ਉਤੇ ਗੁਰੂ ਮੇਹਰ ਕਰੇ।

ਇਤਨਾ ਹੀ ਨਹੀਂ, ਹਰ ਉਹ ਸਾਧਨ ਜਿਸ ਰਾਹੀਂ ਅਸੀਂ 'ਨਾਮ ਅੰਮ੍ਰਿਤ' ਪਰਾਪਤ ਕਰ ਸਕਦੇ ਹਾਂ, ਨੂੰ ਵੀ ਗੁਰਬਾਣੀ ਵਿੱਚ ਅੰਮ੍ਰਿਤ ਦੀ ਸੰਗਿਆ ਦਿੱਤੀ ਗਈ ਹੈ। ਜ਼ਰਾ ਇਸ ਪ੍ਰਮਾਣ ਵੱਲ ਧਿਆਨ ਦਿਓ:

"ਅੰਮ੍ਰਿਤ ਵੇਲਾ ਸਚੁ ਨਾਉ, ਵਡਿਆਈ ਵੀਚਾਰੁ ॥"(ਜਪੁ- ਪੰਨਾ ੧)

ਪੂਰਨ ਖਿੜਾਉ ਦਾ ਸਮਾਂ ਹੋਵੇ (ਭਾਵ, ਪ੍ਰਭਾਤ ਵੇਲਾ ਹੋਵੇ), ਨਾਮ (ਸਿਮਰੀਏ) ਤੇ ਉਸ ਦੀਆਂ ਵਡਿਆਈਆਂ ਦੀ ਵਿਚਾਰ ਕਰੀਏ।

ਉਪਰੋਕਤ ਪ੍ਰਮਾਣ ਸਾਨੂੰ ਦਸਦਾ ਹੈ ਕਿ ਇਸੇ ਤਰ੍ਹਾਂ ਜੀਵਨ ਦੇ ਇਸ ਅਮੋਲਕ ਸਮੇਂ ਨੂੰ ਵੀ ਅਕਾਲ-ਪੁਰਖ ਦੇ ਗੁਣਾਂ ਦੀ ਵਿਚਾਰ ਲਈ ਵਰਤ ਲਈਏ, ਭਾਵ ਗੁਰਬਾਣੀ ਨੂੰ ਵਿਚਾਰ ਕੇ ਪੜ੍ਹ ਕੇ, ਅਕਾਲ-ਪੁਰਖ ਦੇ ਅਦੁੱਤੀ ਗੁਣਾਂ ਨੂੰ ਸਮਝ ਕੇ, ਆਪਣੇ ਹਿਰਦੇ ਵਿੱਚ ਵਸਾ ਲਈਏ ਤਾਂ ਇਹੀ ਹੈ, 'ਅੰਮ੍ਰਿਤ ਨਾਮ' ਦਾ ਹਿਰਦੇ ਵਿੱਚ ਵੱਸ ਜਾਣਾ। ਸੋ ਗੁਰਬਾਣੀ ਵਿੱਚ ਉਹ ਸਮਾਂ ਜੋ ਅਸੀਂ ਅਕਾਲ-ਪੁਰਖ ਨਾਲ ਅਭੇਦ ਹੋਣ ਲਈ ਵਰਤਦੇ ਹਾਂ, ਉਸ ਨੂੰ ਵੀ ਅੰਮ੍ਰਿਤ ਕਿਹਾ ਹੈ। ਇਸੇ ਤਰ੍ਹਾਂ ਦ੍ਰਿਸਟਿ ਅਤੇ ਗੁਣਾਂ ਆਦਿ ਨਾਲ ਵੀ ਅੰਮ੍ਰਿਤ ਸ਼ਬਦ ਵਰਤਿਆ ਗਿਆ ਹੈ, ਕਿਉਂਕਿ ਇਹ ਸਾਰੇ 'ਨਾਮ ਅੰਮ੍ਰਿਤ' ਨੂੰ ਪ੍ਰਾਪਤ ਕਰਨ ਦੇ ਸਾਧਨ ਹਨ।

ਅਸੀਂ ਅਕਸਰ ਖੰਡੇ-ਬਾਟੇ ਦੀ ਪਾਹੁਲ ਨੂੰ ਵੀ ਅੰਮ੍ਰਿਤ ਕਹਿੰਦੇ ਹਾਂ। ਇਹ ਨਾਂ ਕਦੋਂ ਅਤੇ

ਕਿਸ ਪ੍ਰਚਲਤ ਕੀਤਾ, ਇਸ ਦਾ ਪਤਾ ਲਾਉਣਾ ਤਾਂ ਔਖਾ ਹੈ, ਪਰ ਇਹ ਸਚਾਈ ਹੈ ਕਿ ਅੱਜ ਬਹੁਤੇ ਵੀਰ ਇਸ ਨੂੰ ਅੰਮ੍ਰਿਤ ਦੇ ਨਾਂ ਨਾਲ ਹੀ ਜਾਣਦੇ ਹਨ, ਹਾਂ ਖੰਡੇ ਬਾਟੇ ਦਾ ਅੰਮ੍ਰਿਤ ਭਾਵੇਂ ਕਹਿ ਲੈਣ, ਖੰਡੇ ਬਾਟੇ ਦੀ ਪਾਹੁਲ ਤਾਂ ਵਿਰਲਿਆਂ ਨੂੰ ਹੀ ਪਤਾ ਹੈ। ਕਿਉਂਕਿ ਕਈ ਬਹੁਤ ਪੁਰਾਤਨ ਇਤਿਹਾਸਕਾਰਾਂ ਨੇ ਵੀ ਇਸ ਨੂੰ ਅੰਮ੍ਰਿਤ ਸ਼ਬਦ ਨਾਲ ਸੰਬੋਧਤ ਕੀਤਾ ਹੈ, ਇਸ ਲਈ, ਇਸ ਵਿੱਚ ਕੋਈ ਸ਼ੱਕ ਨਹੀਂ ਕਿ ਪਾਹੁਲ ਵਾਸਤੇ, ਇਹ ਅੰਮ੍ਰਿਤ ਨਾਮ ਬਹੁਤ ਪਹਿਲੇ ਤੋਂ ਹੀ ਪ੍ਰਚੱਲਤ ਹੋ ਗਿਆ ਸੀ। ਅਸੀਂ ਇਸ ਨੂੰ ਇਕ ਭਾਵੁਕ ਉਪਜ ਹੀ ਕਹਿ ਸਕਦੇ ਹਾਂ ਕਿਉਂਕਿ ਸਾਰੇ ਪੁਰਾਤਨ ਰਹਿਤਨਾਮਿਆਂ ਵਿੱਚ ਸ਼ਬਦ ਪਾਹੁਲ ਆਇਆ ਹੈ:

'ਬਚਨ ਕੀਆ ਜੁ ਗਲ ਮੈਂ ਪਾਵੇਗਾ ਤਾਗਾ ਪਾਹੁਲੀਆ ਸਿੰਘ ਤਿਸਕੋ ਜਨਮ ਜਨਮ ਕੁਭੀ ਨਰਕ ਮੇਂ ਪਾਵਾਂਗਾ।'

'ਖੰਡੇ ਕੀ ਪਾਹੁਲ ਬਿਨਾਂ ਕੇਸ ਰਾਖੈ ਸੋ ਭੇਖੀ....'

(ਰਹਿਤਨਾਮਾ ਭਾਈ ਦਯਾ ਸਿੰਘ)

'ਪ੍ਰਥਮ ਰਹਿਤ ਯਹਿ ਜਾਨ, ਖੰਡੇ ਕੀ ਪਾਹੁਲ ਛਕੇ।
ਸੋਈ ਸਿੰਘ ਪ੍ਰਧਾਨ, ਅਵਰ ਨ ਪਾਹੁਲ ਜੋ ਲਏ'। {ਰਹਿਤਨਾਮਾ ਭਾ. ਦੇਸਾ ਸਿੰਘ}

ਭਾਈ ਦੇਸਾ ਸਿੰਘ ਦਾ ਇਹ ਰਹਿਤਨਾਮਾ ੧੭੯੩ ਈ. ਦਾ ਮੰਨਿਆਂ ਜਾਂਦਾ ਹੈ ਪਰ ਇਸ ਤੋਂ ਪਹਿਲਾਂ ਭਾਈ ਸਾਹਿਬ ਸਿੰਘ ਦਾ ਰਹਿਤਨਾਮਾ ਜੋ ਬਿਕਰਮੀ ਸੰਮਤ ੧੭੯੧ (੧੭੩੮-੩੯ ਈ) ਦਾ ਮੰਨਿਆਂ ਜਾਂਦਾ ਹੈ ਵਿੱਚ ਵੀ ਪਾਹੁਲ ਸ਼ਬਦ ਆਇਆ ਹੈ:

'ਗੁਰੂ ਕਹਹਿ ਸੁਨ ਖਾਲਸਾ ! ਕੇਸ ਪਾਹੁਲੀ ਮੁਕਤ
ਕੈ ਖੰਡਾ ਪਾਹੁਲ ਭਲੀ ਕੈ ਚਰਨਨ ਕੀ ਜੁਗਤਿ।੪
ਧਰਹਿ ਕੇਸ ਪਾਹੁਲ ਬਿਨਾਂ, ਭੇਖੀ ਮੂੜਾ ਸਿਖ।
ਮੇਰਾ ਦਰਸ਼ਨ ਨਾਹਿ ਤਿਸ, ਪਾਪੀ ਤਿਆਗੇ ਭਿਖ'।੫

ਇਸੇ ਤਰ੍ਹਾਂ ਭਾਈ ਸਾਹਿਬ ਸਿੰਘ ਦੇ ਮੁਕਤਿਨਾਮਾ ਵਿੱਚ ਵੀ ਪਾਹੁਲ ਸ਼ਬਦ ਹੀ ਆਇਆ ਹੈ:

ਗੁਰ ਕੀ ਪਾਹੁਲ ਸਿੱਖ ਲੇਇ, ਰਹਤ ਕਮਾਵਹਿ ਗ੍ਰੰਥ
ਜੋ ਬੇੜਾ ਸੋ ਸੇਵਿਆ, ਔਰ ਨ ਭਰਮਹਿ ਪੰਥ।

ਇਸੇ ਤਰ੍ਹਾਂ ਭਾਈ ਚਉਪਾ ਸਿੰਘ ਛਿਬਰ ਨੇ ਆਪਣੇ ਰਹਿਤਨਾਮੇ ਵਿਚ, ਜੋ ੧੭੮੦ ਬਿਕਰਮੀ (੧੭੨੭-੨੮ ਈ.) ਦਾ ਮੰਨਿਆਂ ਜਾਂਦਾ ਹੈ, ਵਿੱਚ ਵੀ ਪਾਹੁਲ ਸ਼ਬਦ ਦੀ ਹੀ ਵਰਤੋਂ ਕੀਤੀ ਹੈ:

'ਗੁਰੂ ਕਾ ਸਿੱਖ ਪਾਹੁਲ ਲਏ, ਜੂੜੇ ਸੰਪੂਰਨ ਹੋਏ ਤੋੜੀ'।

ਭਾਵ ਜਦੋਂ ਸਿੱਖ ਦੇ ਕੇਸ ਜੂੜੇ ਦੇ ਰੂਪ ਵਿੱਚ ਬਝਣ ਦੇ ਕਾਬਲ ਹੋ ਜਾਣ ਤਾਂ ਉਸ ਨੂੰ ਪਾਹੁਲ ਛੱਕ ਲੈਣੀ ਚਾਹੀਦੀ ਹੈ।

'ਪਾਹੁਲ ਦੇਵਣ ਵਾਲਾ ਸਿਖ ਕਾਮੀ, ਕ੍ਰੋਧੀ, ਮਾਨੀ, ਵਿਕਾਰੀ ਨ ਹੋਵੈ। ਰਹਿਤਵਾਨ ਹੋਵੈ।

ਆਪ ਗੁਰੂ ਨਾ ਸਦਾਏ।'

ਰਹਿਤਨਾਮਾ ਪਰਮ ਸੁਮਾਰਗ(ਅਗਿਆਤ ਲਿਖਾਰੀ) ਦੇ ਦੂਤੀਆ ਧਿਆਉ ਵਿੱਚ ਲਿਖਿਆ ਹੈ:

'..ਫੇਰ ਪਾਹੁਲ ਖੰਡੇ ਦੀ ਕਰੀਐ। ਮਿਠੀ ਕਰਿਕੈ ਉਸ ਪ੍ਰਾਨੀ ਨੂੰ ਦੀਜੀਐ।'

ਭੱਟ ਵਹੀ ਪਰਗਣਾ ਥਾਨੇਸਰ ਵਿੱਚ ਲਿਖਿਆ ਹੈ:

'ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਲ ਦਸਮਾ,,,,,,,

ਬੇਟਾ ਗੁਰੂ ਤੇਗ ਬਹਾਦਰ ਜੀ ਕਾ, ਸਾਲ ਸਤ੍ਰ ਸੈ ਪਚਾਵਨ ਮੰਗਲਵਾਰ ਵੈਸਾਖੀ ਕੇ ਦਿਹੁੰ ਪਾਂਚ ਸਿਖੋਂ ਕੋ ਖਾਂਡੇ ਕੀ ਪਾਹੁਲ ਦੀ, ਸਿੰਘ ਨਾਮ ਰਾਖਾ।'

ਸ਼ਾਇਦ ਜਾਪੇ ਕਿ ਗੱਲ ਇਤਨੀ ਮਹੱਤਵਪੂਰਨ ਨਹੀਂ, ਕਿਉਂਕਿ ਨਾਂ ਨਾਲ ਕੋਈ ਖਾਸ ਫਰਕ ਨਹੀਂ ਪੈਂਦਾ, ਉਂਝ ਵੀ ਕੌਮ ਦੇ ਇਤਨੇ ਸਿਆਣੇ ਵਿਅਕਤੀਆਂ ਨੇ ਇਹ ਨਾਂ ਵਰਤਿਆ ਹੈ ਅਤੇ ਅੱਜ ਵੀ ਵਰਤ ਰਹੇ ਹਨ ਤਾਂ ਫਿਰ ਮੈਂ ਇਸ ਨੂੰ ਇਤਨਾ ਕਿਉਂ ਖਿੱਚ ਰਿਹਾ ਹਾਂ?

ਮੈਂ ਤਾਂ ਕੇਵਲ ਇਤਨਾ ਕਹਿਣਾ ਚਾਹੁੰਦਾ ਹਾਂ ਕਿ ਅੰਮ੍ਰਿਤ ਨਾਂ ਕਾਰਨ, ਸਾਡੇ ਕਈ ਪਰਚਾਰਕਾਂ ਅਤੇ ਡੇਰਿਆਂ ਨੇ ਪਾਹੁਲ ਨੂੰ ਇਕ ਚਮਤਕਾਰ ਅਤੇ ਕਰਿਸ਼ਮੇਂ ਕਰਨ ਵਾਲੇ ਜਾਦੂਈ ਪਾਣੀ ਦੇ ਤੌਰ 'ਤੇ ਪੇਸ਼ ਕਰ ਦਿੱਤਾ ਹੈ ਅਤੇ ਸੰਗਤਾਂ ਵੀ ਇਹੀ ਸਮਝ ਕੇ ਛੱਕ ਰਹੀਆਂ ਹਨ।

ਇਹ ਕੋਈ ਕਰਿਸ਼ਮਿਆਂ ਵਾਲਾ ਜਾਦੂਈ ਪਾਣੀ ਨਹੀਂ, ਪਾਹੁਲ ਛਕਣਾ, ਸਤਿਗੁਰੂ ਨਾਲ ਇਕ ਪ੍ਰਣ ਹੈ ਕਿ ਸਤਿਗੁਰੂ ਮੈਂ ਆਪਣਾ ਬਾਕੀ ਦਾ ਜੀਵਨ ਆਪ ਨੂੰ ਸਮਰਪਿਤ ਕਰਦਾ ਹਾਂ, ਬਾਕੀ ਦਾ ਸਾਰਾ ਜੀਵਨ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦੀ ਅਗਵਾਈ ਵਿੱਚ ਬਤੀਤ ਕਰਾਂਗਾ। ਮੈਂ ਜੋ ਕਕਾਰ ਧਾਰਨ ਕੀਤੇ ਹਨ, ਉਨ੍ਹਾਂ ਦੇ ਗੁਣਾਂ ਨੂੰ ਜੀਵਨ ਵਿੱਚ ਵਸਾ ਕੇ, ਜੋ ਰਹਿਤ ਮੈਨੂੰ ਦ੍ਰਿੜ ਕਰਾਈ ਗਈ ਹੈ, ਉਸ ਤੇ ਦ੍ਰਿੜਤਾ ਨਾਲ ਪਹਿਰਾ ਦੇਵਾਂਗਾ ਅਤੇ ਇਨ੍ਹਾਂ ਅਮੋਲਕ ਸਿਧਾਂਤਾਂ 'ਤੇ ਪਹਿਰਾ ਦੇਂਦਾ ਹੋਇਆ, ਲੋੜ ਪੈਣ ਤੇ ਜਿੰਦ ਵੀ ਕੌਮ ਦੇ ਲੇਖੇ ਲਾ ਦਿਆਂਗਾ।

ਇਸ ਵਿੱਚ ਕੋਈ ਸ਼ਕ ਨਹੀਂ ਕਿ ਜੇ ਅਸੀਂ ਇਹ ਪ੍ਰਣ ਪੂਰਨ ਤੌਰ ਤੇ ਨਿਭਾਉਂਦੇ ਹੋਏ ਜੀਵਨ ਨੂੰ ਗੁਰਮਤਿ ਅਨੁਸਾਰ ਸੋਧ ਲਈਏ ਤਾਂ ਨਾਮ ਅੰਮ੍ਰਿਤ ਸਾਡੇ ਹਿਰਦੇ ਵਿੱਚ ਵੱਸ ਜਾਵੇਗਾ ਅਤੇ ਸੱਚ-ਮੁੱਚ ਅੰਮ੍ਰਿਤਧਾਰੀ ਬਣ ਜਾਵਾਂਗੇ।

ਜੇ ਖੰਡੇ ਬਾਟੇ ਦੀ ਪਾਹੁਲ ਦੀ ਕਿਰਿਆ ਨੂੰ ਧਿਆਨ ਨਾਲ ਵਾਚਿਆ ਜਾਵੇ ਤਾਂ ਸਾਰੇ ਵਰਤਾਰੇ ਨੂੰ ਤਿੰਨ ਪ੍ਰਮੁੱਖ ਹਿੱਸਿਆਂ ਵਿੱਚ ਵੰਡਿਆ ਜਾ ਸਕਦਾ ਹੈ:

ੳ) ਪਾਹੁਲ ਤਿਆਰ ਕਰਨ ਦੀ ਵਿਧੀ।

ਅ) ਬਾਣਾ।

ੲ) ਮਰਿਯਾਦਾ।

ਇਨ੍ਹਾਂ ਤਿੰਨਾਂ ਦੀ ਲੜੀਵਾਰ ਵਿਚਾਰ ਕਰਨ ਤੋਂ ਪਹਿਲਾਂ, ਮੈਂ ਇਕ ਵੱਡਾ ਸਿਧਾਂਤ ਦ੍ਰਿੜ ਕਰਾਉਂਦਾ, ਇਤਿਹਾਸਕ ਪੱਖ, ਸੰਗਤ ਨਾਲ ਸਾਂਝਾ ਕਰਨਾ ਚਾਹੁੰਦਾ ਹਾਂ।

ਨਵੇਂ ਇਨਕਲਾਬ ਦੀ ਸ਼ੁਰੂਆਤ

ਆਓ ! ਰਾਏ ਭੋਏ ਦੀ ਤਲਵੰਡੀ(ਮੌਜੂਦਾ ਨਨਕਾਣਾ ਸਾਹਿਬ) ਚਲਦੇ ਹਾਂ, ਜਿਥੇ ਮਹਿਤਾ ਕਲਿਆਣ ਦਾਸ ਜੀ ਦੇ ਘਰ ਭਾਰੀ ਚਹਿਲ ਪਹਿਲ ਹੈ। ਬਹੁਤ ਸਾਕ ਸਬੰਧੀ ਇਕੱਤਰ ਹੋਏ ਨੇ। ਜਲ-ਪਾਣੀ ਦੇ ਨਾਲ ਸੁਆਦੜੇ ਪਕਵਾਨਾਂ ਦੇ ਦੌਰ ਚੱਲ ਰਹੇ ਨੇ। ਘਰ ਦੇ ਵਿਹੜੇ ਵਿੱਚ ਆਏ ਸਬੰਧੀਆਂ ਦੇ ਬੈਠਣ ਲਈ ਦਰੀਆਂ ਦੀ ਵਿਛਾਈ ਕੀਤੀ ਗਈ ਹੈ। ਇਨ੍ਹਾਂ ਦੇ ਵਿਚਕਾਰ, ਇਕ ਹੋਰ ਨਵੀਂ ਦਰੀ ਜਿਸ ਉਤੇ ਚਿੱਟੀਆਂ ਚਾਦਰਾਂ ਵਿਛਾਈਆਂ ਗਈਆਂ ਹਨ, ਦੇ ਉਤੇ ਦੋ ਸਾਫ ਸੁਥਰੀਆਂ ਚੌਂਕੀਆਂ ਰੱਖੀਆਂ ਹਨ। ਇਨ੍ਹਾਂ ਦੇ ਨੇੜੇ ਇਕ ਚਮਕਦਾ ਕੈਂਹ ਦਾ ਥਾਲ ਪਿਐ, ਜਿਸ ਵਿੱਚ ਕੁਝ ਸਮੱਗਰੀ ਪਈ ਹੈ।

ਮਹਿਤਾ ਕਲਿਆਣ ਦਾਸ ਜੀ ਦਰਵਾਜ਼ੇ 'ਤੇ ਖੜੇ ਨਵੇਂ ਆ ਰਹੇ ਮਹਿਮਾਨਾਂ ਨੂੰ ਜੀ ਆਇਆਂ ਆਖ ਰਹੇ ਹਨ ਪਰ ਨਾਲ ਹੀ ਉਨ੍ਹਾਂ ਦੀਆਂ ਅੱਖਾਂ ਕਿਸੇ ਵਿਸ਼ੇਸ਼ ਮਹਿਮਾਨ ਦਾ ਇੰਤਜ਼ਾਰ ਕਰ ਰਹੀਆਂ ਜਾਪਦੀਆਂ ਹਨ। ਇੰਨੇ ਨੂੰ ਗਲੀ ਦੀ ਨੁਕੱੜ ਤੋਂ ਪੰਡਿਤ ਹਰਦਿਆਲ ਜੀ, ਨਾਲ ਉਨ੍ਹਾਂ ਦੇ ਦੋ ਚੇਲੇ ਨਜ਼ਰ ਪਏ। ਮਹਿਤਾ ਕਲਿਆਣ ਦਾਸ ਜੀ ਨੇ ਅੱਗੇ ਵੱਧ ਕੇ ਪੰਡਿਤ ਜੀ ਦੇ ਪੈਰਾਂ ਨੂੰ ਹੱਥ ਲਾਇਆ ਤਾਂ ਪੰਡਿਤ ਜੀ ਨੇ ਉਨ੍ਹਾਂ ਦੇ ਸਿਰ ਉਪਰ ਹੱਥ ਕਰ ਕੇ ਅਸ਼ੀਰਵਾਦ ਦਿੱਤਾ। ਮਹਿਤਾ ਜੀ ਉਨ੍ਹਾਂ ਦੀ ਅਗਵਾਈ ਕਰ ਕੇ ਘਰ ਲੈ ਆਏ।

"ਕਾਰਜ ਸ਼ੁਰੂ ਕਰਨ ਤੋਂ ਪਹਿਲਾਂ ਕੁਝ ਜਲ-ਪਾਣੀ ਛਕ ਲਓ।" ਦਰਵਾਜ਼ੇ ਤੋਂ ਅੰਦਰ ਵੜਦਿਆਂ ਮਹਿਤਾ ਕਲਿਆਣ ਦਾਸ ਜੀ ਨੇ ਬੜੇ ਸਤਿਕਾਰ ਨਾਲ ਕਿਹਾ।

"ਨਹੀਂ ਮਹਿਤਾ ਜੀ ! ਇਹ ਪਵਿੱਤਰ ਕਾਰਜ ਸੁੱਚੇ ਮੂੰਹ ਹੀ ਕਰਾਂਗੇ, ਜਲ-ਪਾਣੀ ਬਾਅਦ ਵਿੱਚ ਹੀ ਛਕਾਂਗੇ।" ਕਹਿੰਦੇ ਹੋਏ, ਪੰਡਤ ਹਰਦਿਆਲ ਵਿਚਕਾਰ ਪਈ ਚੌਂਕੀ 'ਤੇ ਬੈਠ ਗਏ। ਥਾਲ ਵਿੱਚੋਂ ਕੁਝ ਧੂਫ ਚੁੱਕ ਕੇ ਉਸ ਦੀ ਬੱਤੀ ਬਣਾਉਂਦੇ ਹੋਏ, ਮਹਿਤਾ ਕਲਿਆਣ ਦਾਸ ਜੀ ਵੱਲ ਮੂੰਹ ਕਰਕੇ ਬੋਲੇ,

"ਨਾਨਕ ਨੂੰ ਲੈ ਆਓ।"

"ਜੀ ਅੱਛਾ", ਕਹਿੰਦੇ ਹੋਏ ਮਹਿਤਾ ਕਲਿਆਣ ਦਾਸ ਜੀ ਅੰਦਰ ਵੱਲ ਜਾਣ ਲਗੇ ਤਾਂ ਸਾਹਮਣੇ ਆਪਣੀ ਪਤਨੀ ਤ੍ਰਿਪਤਾ ਅਤੇ ਬੇਟੀ ਨਾਨਕੀ ਨੂੰ, ਨਾਨਕ ਨੂੰ ਨਾਲ ਲੈਕੇ ਆਉਂਦੇ ਵੇਖਿਆ।

ਨਾਨਕ, ਮਹਿਤਾ ਕਲਿਆਣ ਦਾਸ ਜੀ ਦਾ ਇਕਲੌਤਾ ਪੁੱਤਰ ਸੀ। ਬਿਪਰ ਮਰਿਯਾਦਾ ਅਨੁਸਾਰ ਬ੍ਰਾਹਮਣ ਦੇ ਪੁੱਤਰ ਨੂੰ ਸੱਤ ਸਾਲ, ਖਤਰੀ ਦੇ ਪੁੱਤਰ ਨੂੰ ਨੌਂ ਸਾਲ ਅਤੇ ਵੈਸ਼ ਦੇ ਪੁੱਤਰ ਨੂੰ ਯਾਰਾਂ ਸਾਲ ਦੀ ਉਮਰ ਵਿੱਚ ਜਨੇਊ ਪਾਇਆ ਜਾਂਦਾ ਹੈ, ਸ਼ੂਦਰ ਕਿਉਂਕਿ ਸਭ ਤੋਂ ਨੀਵੇਂ ਅਤੇ ਅਛੂਤ ਸਮਝੇ ਜਾਂਦੇ ਹਨ, ਇਸ ਲਈ ਉਨ੍ਹਾਂ ਨੂੰ ਜਨੇਊ ਪਾਉਣ ਦਾ ਅਧਿਕਾਰ ਨਹੀਂ। ਮਹਿਤਾ ਕਲਿਆਣ ਦਾਸ ਵੀ ਬੇਦੀ ਕੁੱਲ ਵਿੱਚੋਂ ਸਨ, ਜੋ ਖਤ੍ਰੀਆਂ ਦੀ ਇਕ ਉਪ-ਜਾਤ ਸਮਝੀ ਜਾਂਦੀ ਹੈ, ਇਸ ਲਈ ਹੁਣ ਨੌਂ ਸਾਲ ਦਾ ਹੋ ਜਾਣ ਤੇ ਨਾਨਕ ਦੀ ਜਨੇਊ ਪਾਉਣ ਦੀ ਰਸਮ ਹੋਣੀ ਸੀ। ਭਾਵੇਂ ਬੇਟੀ ਨਾਨਕੀ ਉਮਰ ਵਿੱਚ ਪੰਜ ਸਾਲ ਵੱਡੀ ਸੀ ਪਰ ਹਿੰਦੂ ਕੌਮ ਵਿੱਚ ਔਰਤ ਨੂੰ ਵੀ, ਸ਼ੂਦਰ ਦੀ ਤਰ੍ਹਾਂ, ਨੀਵਾਂ ਸਮਝਿਆ ਜਾਂਦਾ ਹੈ, ਇਸ ਲਈ ਉਸ ਨੂੰ ਵੀ ਜਨੇਊ ਪਾਉਣ ਦਾ ਅਧਿਕਾਰ ਨਹੀਂ, ਇਸ ਤਰ੍ਹਾਂ ਘਰ ਵਿੱਚ ਇਹ ਪਹਿਲਾ ਵੱਡਾ ਪ੍ਰੋਗਰਾਮ ਸੀ। ਮਹਿਤਾ ਕਲਿਆਣ ਦਾਸ ਜੀ ਨੇ ਬੜੇ ਚਾਅ ਨਾਲ ਦੂਰ ਨੇੜੇ ਦੇ ਰਿਸ਼ਤੇਦਾਰ ਅਤੇ ਸਾਕ ਸਬੰਧੀਆਂ ਨੂੰ ਨਿਓਤੇ ਦੇ ਕੇ ਬੁਲਾਇਆ ਸੀ।

ਨਾਨਕ ਨੂੰ ਪੰਡਿਤ ਜੀ ਦੇ ਸਾਹਮਣੇ ਪਈ ਚੌਂਕੀ 'ਤੇ ਬਿਠਾ ਦਿੱਤਾ। ਪੰਡਿਤ ਜੀ ਨੇ ਧੂਫ

ਬਾਲ ਕੇ ਥਾਲੀ ਵਿੱਚ ਟਿਕਾਈ ਅਤੇ ਉਸ ਵਿੱਚੋਂ ਸੂਤ ਦਾ ਧਾਗਾ ਲੈ ਕੇ ਉਸ ਨੂੰ ਵੱਟ ਚਾੜਨੇ ਸ਼ੁਰੂ ਕੀਤੇ। ਖਤ੍ਰੀ ਕੁੱਲ ਵਿੱਚ ਪੈਦਾ ਹੋਣ ਕਾਰਨ ਨਾਨਕ ਦੇ ਹਿੱਸੇ ਸੂਤ ਦਾ ਜਨੇਊ ਆਇਆ ਸੀ, ਕਿਉਂਕਿ ਮਰਯਾਦਾ ਅਨੁਸਾਰ ਬ੍ਰਾਹਮਣ ਨੂੰ ਰੇਸ਼ਮ ਦਾ, ਖਤਰੀ ਨੂੰ ਸੂਤ ਦਾ ਅਤੇ ਵੈਸ਼ ਨੂੰ ਉਨ ਦੇ ਧਾਗੇ ਦਾ ਜਨੇਊ ਪਾਇਆ ਜਾਂਦਾ ਹੈ। ਪੰਡਿਤ ਜੀ ਬੜੀ ਸ਼ਰਧਾ ਨਾਲ ਕੁਝ ਮੰਤਰ ਪੜ੍ਹਦੇ ਹੋਏ ਧਾਗੇ ਨੂੰ ਵੱਟ ਚਾੜ੍ਹਦੇ ਜਾਪਦੇ ਸਨ। ਗਰਮੀ ਦਾ ਮੌਸਮ ਹੋਣ ਕਾਰਨ ਸਵੇਰੇ ਹੀ ਤਪਸ਼ ਸ਼ੁਰੂ ਹੋ ਗਈ ਸੀ, ਇਸ ਲਈ ਇਕ ਨੌਜੁਆਨ ਪੰਡਿਤ ਜੀ ਦੇ ਪਿੱਛੇ ਖੜੋ ਕੇ ਪੱਖਾ ਝੱਲਣ ਲੱਗ ਪਿਆ। ਇਹ ਵੀ ਮਜ਼ਬੂਰੀ ਸੀ ਕਿ ਗਰਮੀਆਂ ਵਿੱਚ ਹੀ ਸਮਾਗਮ ਰਖਣਾ ਪਿਆ ਕਿਉਂਕਿ ਬ੍ਰਾਹਮਣ ਦੇ ਬੱਚੇ ਨੂੰ ਬਸੰਤ, ਖਤ੍ਰੀ ਨੂੰ ਗਰਮੀਆਂ ਅਤੇ ਵੈਸ਼ ਨੂੰ ਪਤਝੱੜ ਰੁੱਤ ਵਿੱਚ ਹੀ ਜਨੇਊ ਪਾਉਣ ਦੀ ਮਰਿਯਾਦਾ ਹੈ। ਨਾਨਕ ਇਸ ਸਭ ਨੂੰ ਬੜੀ ਜਗਿਆਸਾ ਨਾਲ ਵਾਚਦੇ ਮਹਿਸੂਸ ਹੋ ਰਹੇ ਸਨ।

ਪੰਡਿਤ ਜੀ ਨੇ ਮੰਤਰਾਂ ਦੇ ਉਚਾਰਣ ਦੀ ਸੁਰ ਕੁਝ ਉੱਚੀ ਕਰਦੇ ਹੋਏ, ਧਾਗੇ ਨੂੰ ਵੱਟ ਕੇ ਗੰਢਾਂ ਮਾਰੀਆਂ ਅਤੇ ਹੱਥ ਵਧਾ ਕੇ ਉਸ ਨੂੰ ਨਾਨਕ ਦੇ ਗਲੇ ਵਿੱਚ ਪਾਉਣ ਲੱਗੇ। ਉਸੇ ਵੇਲੇ ਇਕ ਅਚੰਭਾ ਵਾਪਰਿਆ, ਨਾਨਕ ਨੇ ਥੋੜ੍ਹਾ ਪਿੱਛੇ ਹਟਦੇ ਹੋਏ ਆਪਣੇ ਹੱਥ ਅੱਗੇ ਵਧਾ ਕੇ, ਪੰਡਿਤ ਜੀ ਦੇ ਹੱਥ ਫੜ ਲਏ ਅਤੇ ਪੁਛਿਆ, "ਪੰਡਿਤ ਜੀ ਇਹ ਕੀ ਕਰਨ ਲੱਗੇ ਹੋ?"

"ਤੈਨੂੰ ਜਨੇਊ ਪਾਉਣ ਲੱਗਾ ਹਾਂ, ਇਹ ਮਰਯਾਦਾ ਹੈ", ਜੁਆਬ ਮਿਲਿਆ। ਪੰਡਿਤ ਜੀ ਨੇ ਸੋਚਿਆ ਬਾਲਕ ਬਹੁਤ ਭੋਲਾ ਹੈ ਅਤੇ ਜਗਿਆਸਾ ਵੱਸ ਪੁੱਛ ਰਿਹਾ ਹੈ।

"ਪਰ ਇਸ ਦੇ ਪਾਉਣ ਦੀ ਕੀ ਲੋੜ ਹੈ?" ਨਾਨਕ ਨੇ ਇਕ ਹੋਰ ਸੁਆਲ ਕਰ ਦਿੱਤਾ।

"ਇਸ ਨਾਲ ਤੂੰ ਧਰਮ ਦੀ ਦੁਨੀਆਂ ਵਿੱਚ ਦਾਖਲ ਹੋ ਜਾਵੇਂਗਾ।"

"ਫੇਰ ਤਾਂ ਪਹਿਲਾਂ ਇਹ ਜਨੇਊ ਮੇਰੀ ਵੱਡੀ ਭੈਣ ਨਾਨਕੀ ਜੀ ਨੂੰ ਪਹਿਨਾਓ, ਉਹ ਮੇਰੇ ਨਾਲੋਂ ਪੰਜ ਸਾਲ ਵੱਡੇ ਹਨ ਅਤੇ ਧਰਮੀ ਬਣਨ ਦਾ ਪਹਿਲਾ ਹੱਕ ਵੀ ਉਨ੍ਹਾਂ ਦਾ ਹੈ।"

ਪੰਡਿਤ ਜੀ ਨੇ ਭਾਵੇਂ ਕੁਝ ਖਿੱਝ ਜਿਹੀ ਮਹਿਸੂਸ ਕੀਤੀ ਪਰ ਆਪਣੀਆਂ ਭਾਵਨਾਵਾਂ ਤੇ ਸੰਜਮ ਰਖਦੇ ਹੋਏ ਬੋਲੇ,

"ਨਾਨਕ ! ਵੇਦ ਸ਼ਾਸਤ੍ਰਾਂ ਅਨੁਸਾਰ ਔਰਤ ਵੀ ਨੀਚ ਸ਼ੂਦ੍ਰਾਂ ਦੀ ਜਮਾਤ ਵਿੱਚ ਆਉਂਦੀ ਹੈ ਅਤੇ ਸ਼ੂਦ੍ਰ ਕਿਉਂਕਿ ਨੀਚ ਜਾਤ ਹਨ, ਉਨ੍ਹਾਂ ਨੂੰ ਇਹ ਪਵਿਤ੍ਰ ਜਨੇਊ ਨਹੀਂ ਪਹਿਨਾਇਆ ਜਾਂਦਾ।"

"ਅੱਛਾ ਪੰਡਿਤ ਜੀ, ਇਹ ਦਸੋ, ਇਸ ਦੇ ਪਹਿਨਣ ਨਾਲ ਮੇਰੇ ਜੀਵਨ ਵਿੱਚ ਕੀ ਤਬਦੀਲੀ ਆਵੇਗੀ?" ਨਾਨਕ ਨੇ ਇਕ ਹੋਰ ਸੁਆਲ ਕਰ ਦਿੱਤਾ।

"ਨਾਨਕ ਇਹ ਹਿੰਦੂਆਂ ਦਾ ਧਾਰਮਿਕ ਚਿੰਨ੍ਹ ਹੈ, ਇਸ ਦੇ ਪਹਿਨਣ ਨਾਲ ਤੂੰ ਹਿੰਦੂ ਧਰਮ ਵਿੱਚ ਸ਼ਾਮਿਲ ਹੋ ਜਾਵੇਂਗਾ।" ਪੰਡਿਤ ਜੀ ਨੇ ਫੇਰ ਬੜੇ ਸਹਿਜ ਨਾਲ ਸਮਝਾਉਂਦੇ ਹੋਏ ਕਿਹਾ।

"ਪਰ ਪੰਡਿਤ ਜੀ ਹਿੰਦੂ ਜਾਂ ਮੁਸਲਮਾਨ ਬਣਨ ਨਾਲੋਂ ਵਧੇਰੇ ਮਹੱਤਵਪੂਰਨ ਚੰਗਾ ਇਨਸਾਨ ਬਣਨਾ ਹੈ। ਪ੍ਰਮਾਤਮਾ ਨੇ ਤਾਂ ਸਾਨੂੰ ਸਾਰਿਆਂ ਨੂੰ ਇਨਸਾਨ ਬਣਾਇਆ ਹੈ। ਮੈਂ ਤਾਂ ਇਕ ਚੰਗਾ ਇਨਸਾਨ ਬਨਣਾ ਚਾਹੁੰਦਾ ਹਾਂ। ਮੈਨੂੰ ਤਾਂ ਇਹ ਦਸੋ ਕਿ ਇਸ ਦੇ ਪਾਉਣ ਨਾਲ ਮੇਰੇ ਜੀਵਨ ਵਿੱਚ ਚੰਗਾ ਇਨਸਾਨ ਬਨਣ ਲਈ ਕਿਹੜੇ ਗੁਣ ਆ ਜਾਣਗੇ?"

ਪੰਡਿਤ ਜੀ ਤਾਂ ਜਿਵੇਂ ਲਾਜੁਆਬ ਹੋ ਗਏ ਸਨ, ਉਨ੍ਹਾਂ ਦੀ ਘਬਰਾਹਟ ਉਨ੍ਹਾਂ ਦੇ ਮੱਥੇ ਤੇ ਉਭਰ ਆਏ ਪਸੀਨੇ ਅਤੇ ਤਿਊੜੀਆਂ ਤੋ ਸਾਫ ਝਲਕ ਰਹੀ ਸੀ। ਫੇਰ ਵੀ ਕੁਝ ਹੌਸਲਾ

ਕਰ ਕੇ ਬੋਲੇ, "ਨਾਨਕ ਮੈਂ ਅੱਜ ਤੱਕ ਸੈਂਕੜਿਆਂ ਨੂੰ ਜਨੇਊ ਪੁਆ ਚੁੱਕਾ ਹਾਂ, ਕਦੇ ਕਿਸੇ ਨੇ ਕੋਈ ਸੁਆਲ ਨਹੀਂ ਕੀਤਾ। ਤੈਨੂੰ ਮਰਿਯਾਦਾ ਦਾ ਕੋਈ ਮਾਨ ਸਤਿਕਾਰ ਹੈ ਤਾਂ ਚੁੱਪ ਕਰਕੇ ਜਨੇਊ ਪੁਆ ਲੈ।" ਪੰਡਿਤ ਜੀ ਦੇ ਬੋਲਾਂ ਵਿੱਚ ਕੁਝ ਤਿੱਖਾਪਣ ਸਾਫ ਝਲਕ ਰਿਹਾ ਸੀ।

"ਪਰ ਪੰਡਿਤ ਜੀ, ਤੁਸੀਂ ਕਹਿੰਦੇ ਹੋ, ਇਹ ਜਨੇਊ ਧਰਮ ਦਾ ਚਿੰਨ੍ਹ ਹੈ, ਧਰਮ ਤਾਂ ਸਾਰੀ ਮਨੁੱਖਤਾ ਨੂੰ ਬਰਾਬਰ ਸਮਝਣਾ ਸਿਖਾਉਂਦਾ ਹੈ, ਅਸੀਂ ਸਾਰੇ ਮਨੁੱਖ ਇਕ ਪਰਮਾਤਮਾ ਦੀ ਸੰਤਾਨ ਹਾਂ, ਇਸ ਨਾਤੇ ਸਾਰੇ ਭਰਾ ਭਰਾ ਹਾਂ ਪਰ ਤੁਹਾਡਾ ਇਹ ਜਨੇਊ ਤਾਂ ਮਨੁੱਖ ਮਨੁੱਖ ਵਿੱਚ ਵੰਡੀਆਂ ਪਾਉਣ ਵਾਲਾ ਹੈ, ਕਿਸੇ ਨੂੰ ਉੱਚਾ ਅਤੇ ਕਿਸੇ ਨੂੰ ਨੀਚ ਦਾ ਦਰਜਾ ਦੇਣ ਵਾਲਾ, ਹੋਰ ਤਾਂ ਹੋਰ ਜਿਸ ਮਾਂ ਦੀ ਪਵਿੱਤਰ ਕੁੱਖ ਚੋਂ ਅਸੀਂ ਜਨਮ ਲਿਆ ਹੈ, ਉਸ ਨੂੰ ਨੀਚ ਗਰਦਾਨ ਕੇ ਉਸ ਦਾ ਅਪਮਾਨ ਕਰਦਾ ਹੈ। ਇਹ ਚਿੱਟੇ ਧਾਗੇ ਦਾ ਹੈ, ਜੋ ਕੁਝ ਸਮੇਂ ਬਾਅਦ ਮੈਲਾ ਹੋ ਜਾਵੇਗਾ, ਤਾਂ ਕੀ ਧਰਮ ਵੀ ਮੈਲਾ ਹੋ ਜਾਵੇਗਾ? ਇਹ ਤਾਂ ਕੁਝ ਸਮੇਂ ਬਾਅਦ ਟੁੱਟ ਵੀ ਸਕਦਾ ਹੈ, ਸੜ ਵੀ ਸਕਦਾ ਹੈ, ਜੇ ਇਹ ਜਨੇਊ ਧਰਮ ਦਾ ਪ੍ਰਤੀਕ ਹੈ ਤਾਂ ਫੇਰ ਤਾਂ ਇਸ ਦੇ ਟੁਟਣ ਜਾਂ ਸੜਨ ਨਾਲ, ਧਰਮ ਦਾ ਵੀ ਨਾਸ਼ ਹੋ ਜਾਵੇਗਾ। ਨਾਲੇ ਮੇਰੇ ਮਰਨ ਤੋਂ ਬਾਅਦ ਇਹ ਜਨੇਊ ਜਾਂ ਮੇਰੇ ਸਰੀਰ ਨਾਲ ਸੜ ਜਾਵੇਗਾ ਜਾਂ ਇਥੇ ਹੀ ਰਹਿ ਜਾਵੇਗਾ, ਫੇਰ ਤਾਂ ਅਕਾਲ ਪੁਰਖ ਦੀ ਦਰਗਾਹ ਵਿੱਚ ਅਧਰਮੀ ਹੀ ਜਾਵਾਂਗਾ। ਪੰਡਿਤ ਜੀ ਇਹ ਵੰਡੀਆਂ ਪਾਉਣ ਵਾਲਾ, ਸਮਾਜ ਦੇ ਇਕ ਵੱਡੇ ਹਿੱਸੇ ਦਾ ਅਪਮਾਨ ਕਰਨ ਵਾਲਾ ਜਨੇਊ ਮੈਂ ਨਹੀਂ ਪਾਉਣਾ। ਮੈਨੂੰ ਉਹ ਗੁਣਾਂ ਰੂਪੀ ਪੱਕਾ ਜਨੇਊ ਪਹਿਨਾਓ, ਜਿਹੜਾ ਕਦੇ ਮੈਲਾ ਨਾ ਹੋਵੇ, ਜਿਸਦਾ ਕਦੇ ਨਾਸ ਨਾ ਹੋਵੇ, ਜਿਸ ਨਾਲ ਮੇਰਾ ਜੀਵਨ ਗੁਣਾਂ ਨਾਲ ਸ਼ਿੰਗਾਰਿਆ ਜਾਵੇ ਅਤੇ ਮੈਂ ਸਦਾ ਲਈ ਪੱਕਾ ਧਰਮੀ ਬਣ ਜਾਵਾਂ...।" ਨਾਨਕ ਦੇ ਫੁਰਨੇ ਤਾਂ ਰੁਕਣ ਦਾ ਨਾਂ ਹੀ ਨਹੀਂ ਸਨ ਲੈ ਰਹੇ। ਉਧਰ ਪੰਡਿਤ ਜੀ ਨੂੰ ਵੀ ਸਮਝ ਪੈਣੀ ਸ਼ੁਰੂ ਹੋ ਗਈ ਸੀ ਕਿ ਨਾਨਕ ਕੋਈ ਆਮ ਬਾਲਕ ਨਹੀਂ। ਇਤਨੇ ਗਹਿਰ ਅਧਿਆਤਮਕ ਗਿਆਨ ਦੀਆਂ ਗੱਲਾਂ, ਨਾਨਕ ਜਿਸ ਠਰ੍ਹਮੇਂ, ਸਹਿਜ ਅਤੇ ਮਿਠਾਸ ਭਰੇ ਬੋਲਾਂ ਨਾਲ ਕਰ ਰਹੇ ਸਨ, ਪੰਡਿਤ ਉਸ ਤੋਂ ਪ੍ਰਭਾਵਤ ਹੋਏ ਬਿਨਾਂ ਨਾ ਰਹਿ ਸਕਿਆ, ਐਸੀਆਂ ਇਲਾਹੀ ਗਿਆਨ ਦੀਆਂ ਗੱਲਾਂ ਸ਼ਾਇਦ ਉਸ ਨੇ ਜੀਵਨ ਵਿੱਚ ਪਹਿਲੀ ਵਾਰ ਸੁਣੀਆਂ ਸਨ। ਉਸ ਦੀ ਖਿੱਝ, ਜਗਿਆਸਾ ਵਿੱਚ ਅਤੇ ਗੁੱਸਾ, ਸ਼ਰਧਾ ਵਿੱਚ ਬਦਲ ਰਿਹਾ ਸੀ। ਉਹ ਨਿਮ੍ਰਤਾ ਵਿੱਚ ਆਉਂਦਾ ਹੋਇਆ ਬੋਲਿਆ, "ਨਾਨਕ ਤੂੰ ਹੀ ਦੱਸ ਤੂੰ ਕੈਸਾ ਜਨੇਊ ਪਾਉਣਾ ਚਾਹੁੰਦਾ ਹੈਂ?"

ਇਸ ਪ੍ਰਥਾਏ ਗੁਰੂ ਨਾਨਕ ਪਾਤਿਸ਼ਾਹ ਨੇ ਜੋ ਸ਼ਬਦ ਉਚਾਰਣ ਕੀਤਾ, ਉਹ ਗੁਰੂ ਗ੍ਰੰਥ ਸਾਹਿਬ ਦੇ ਪੰਨਾ 471 ਤੇ ਆਸਾ ਕੀ ਵਾਰ ਬਾਣੀ ਵਿੱਚ ਦਰਜ ਹੈ:

"ਸਲੋਕੁ ਮਃ ੧ ॥ ਦਇਆ ਕਪਾਹ ਸੰਤੋਖੁ ਸੂਤੁ ਜਤੁ ਗੰਢੀ ਸਤੁ ਵਟੁ ॥ ਏਹੁ ਜਨੇਊ ਜੀਅ ਕਾ ਹਈ ਤ ਪਾਡੇ ਘਤੁ ॥ ਨਾ ਏਹੁ ਤੁਟੈ ਨ ਮਲੁ ਲਗੈ ਨਾ ਏਹੁ ਜਲੈ ਨ ਜਾਇ ॥ ਧੰਨੁ ਸੁ ਮਾਣਸ ਨਾਨਕਾ ਜੋ ਗਲਿ ਚਲੇ ਪਾਇ ॥ ਚਉਕੜਿ ਮੁਲਿ ਅਣਾਇਆ ਬਹਿ ਚਉਕੈ ਪਾਇਆ ॥ ਸਿਖਾ ਕੰਨਿ ਚੜਾਈਆ ਗੁਰੁ ਬ੍ਰਾਹਮਣੁ ਥਿਆ ॥ ਓਹੁ ਮੁਆ ਓਹੁ ਝੜਿ ਪਇਆ ਵੇਤਗਾ ਗਇਆ ॥੧॥"

ਹੇ ਪੰਡਤ ! ਜੇ (ਤੇਰੇ ਪਾਸ) ਇਹ ਆਤਮਾ ਦੇ ਕੰਮ ਆਉਣ ਵਾਲਾ ਜਨੇਊ ਹੈ ਤਾਂ (ਮੇਰੇ ਗਲ) ਪਾ ਦੇਹ—ਇਹ ਜਨੇਊ ਜਿਸ ਦੀ ਕਪਾਹ ਦਇਆ ਹੋਵੇ, ਜਿਸ ਦਾ ਸੂਤ ਸੰਤੋਖ ਹੋਵੇ, ਜਿਸ ਦੀਆਂ ਗੰਢਾਂ ਜਤ ਹੋਣ, ਅਤੇ ਜਿਸ ਦਾ ਵੱਟ ਉੱਚਾ ਆਚਰਨ ਹੋਵੇ । (ਹੇ ਪੰਡਿਤ) !

ਇਹੋ ਜਿਹਾ ਜਨੇਊ ਨਾ ਟੁੱਟਦਾ ਹੈ, ਨਾ ਹੀ ਇਸ ਨੂੰ ਮੈਲ ਲੱਗਦੀ ਹੈ, ਨਾ ਇਹ ਸੜਦਾ ਹੈ ਅਤੇ ਨਾ ਹੀ ਇਹ ਗੁਆਚਦਾ ਹੈ । ਹੇ ਨਾਨਕ ! ਉਹ ਮਨੁੱਖ ਭਾਗਾਂ ਵਾਲੇ ਹਨ, ਜਿਨ੍ਹਾਂ ਨੇ ਇਹ ਜਨੇਊ ਆਪਣੇ ਗਲੇ ਵਿਚ ਪਾ ਲਿਆ ਹੈ ।

(ਹੇ ਪੰਡਤ ! ਇਹ ਜਨੇਊ ਜੋ ਤੂੰ ਪਾਂਦਾ ਫਿਰਦਾ ਹੈਂ, ਇਹ ਤਾਂ ਤੂੰ) ਚਾਰ ਕੌਡਾਂ ਮੁੱਲ ਦੇ ਕੇ ਮੰਗਵਾ ਲਿਆ, (ਆਪਣੇ ਜਜਮਾਨ ਦੇ) ਚੌਕੇ ਵਿਚ ਬੈਠ ਕੇ (ਉਸ ਦੇ ਗਲ) ਪਾ ਦਿੱਤਾ, (ਫੇਰ ਤੂੰ ਉਸ ਦੇ) ਕੰਨ ਵਿਚ ਉਪਦੇਸ਼ ਦਿੱਤਾ (ਕਿ ਅੱਜ ਤੋਂ ਤੇਰਾ) ਗੁਰੂ ਬ੍ਰਾਹਮਣ ਹੋ ਗਿਆ । (ਸਮਾ ਪੁੱਗਣ ਤੇ ਜਦੋਂ) ਉਹ (ਜਜਮਾਨ) ਮਰ ਗਿਆ (ਤਾਂ) ਉਹ (ਜਨੇਊ ਉਸ ਦੇ ਸਰੀਰ ਤੋਂ) ਢਹਿ ਪਿਆ (ਭਾਵ ਸੜ ਗਿਆ ਜਾਂ ਡਿੱਗ ਪਿਆ, ਪਰ ਆਤਮਾ ਦੇ ਨਾਲ ਨਾ ਨਿਭਿਆ, ਇਸ ਵਾਸਤੇ ਉਹ ਜਜਮਾਨ ਵਿਚਾਰਾ) ਜਨੇਊ ਤੋਂ ਬਿਨਾ ਹੀ (ਸੰਸਾਰ ਤੋਂ) ਗਿਆ ।1।

ਪੰਡਿਤ ਜੀ ਦੇ ਸਾਹਮਣੇ ਜਿਵੇਂ ਕੋਈ ਅਚੰਭਾ ਵਾਪਰਿਆ ਸੀ। ਨਾਨਕ ਜੀ ਦੇ ਬੋਲ ਉਸ ਦੇ ਕੰਨਾਂ ਵਿੱਚ ਗੂੰਜ ਰਹੇ ਸਨ। ਉਸ ਦਾ ਮਨ ਨਾਨਕ ਪ੍ਰਤੀ ਸਤਿਕਾਰ ਨਾਲ ਭਰ ਗਿਆ ਅਤੇ ਸੀਸ ਆਪਣੇ ਆਪ ਨਿਉਂਦਾ ਜਾ ਰਿਹਾ ਸੀ। ਪੰਡਿਤ ਜੀ ਉਠ ਕੇ ਖੜੇ ਹੋ ਗਏ ਅਤੇ ਮਹਿਤਾ ਕਲਿਆਣ ਦਾਸ ਜੀ ਵੱਲ ਮੂੰਹ ਕਰਕੇ ਬੋਲੇ,

"ਮਹਿਤਾ ਜੀ, ਨਾਨਕ ਨੂੰ ਇਹ ਜਨੇਊ ਪਾਉਣ ਦੀ ਕੋਈ ਲੋੜ ਨਹੀਂ ਅਤੇ ਜਿਹੜਾ ਜਨੇਊ ਨਾਨਕ ਪਾਉਣਾ ਚਾਹੁੰਦਾ ਹੈ, ਉਹ ਮੇਰੇ ਕੋਲ ਨਹੀਂ।" ਕਹਿੰਦੇ ਹੋਏ, ਅੱਗੇ ਪੰਡਿਤ ਜੀ ਅਤੇ ਮਗਰ ਉਨ੍ਹਾਂ ਦੇ ਚੇਲੇ ਦਰਵਾਜ਼ੇ ਤੋਂ ਬਾਹਰ ਨਿਕਲ ਗਏ।

ਇਕ ਵਾਰੀ ਤਾਂ ਘਰ ਦਾ ਮਾਹੌਲ ਸੁੰਨ ਹੋ ਗਿਆ। ਥੋੜ੍ਹੀ ਦੇਰ ਬਾਅਦ ਅਲੱਗ ਅਲੱਗ ਗੱਲਾਂ ਸ਼ੁਰੂ ਹੋ ਗਈਆਂ। ਕੁਝ ਤਾਂ ਇਹ ਕਹਿ ਰਹੇ ਸਨ ਕਿ ਨਾਨਕ ਨੇ ਇਤਨੇਂ ਮਹਾਨ, ਵਿਦਵਾਨ ਪੰਡਿਤ ਦਾ ਅਪਮਾਨ ਕਰ ਦਿੱਤਾ ਹੈ ਅਤੇ ਆਪਣੇ ਮਾਤਾ ਪਿਤਾ ਨੂੰ ਵੀ ਸ਼ਰਮਸਾਰ ਕੀਤਾ ਹੈ। ਕੁਝ ਸਮਝਦਾਰ ਲੋਕ ਅਚੰਭਤ ਹੋ ਕੇ ਕਹਿ ਰਹੇ ਸਨ ਕਿ ਇਤਨੀ ਛੋਟੀ ਜਿਹੀ ਉਮਰ ਵਿੱਚ ਨਾਨਕ ਨੂੰ ਕਿਤਨਾ ਅਧਿਆਤਮਕ ਗਿਆਨ ਹੈ ਕਿ ਇਕ ਵਿਦਵਾਨ ਪੰਡਿਤ ਵੀ ਲਾਜੁਆਬ ਹੋ ਗਿਆ ਹੈ। ਐਸੀਆਂ ਗੱਲਾਂ ਕੋਈ ਆਮ ਬਾਲਕ ਨਹੀਂ ਕਰ ਸਕਦਾ, ਯਕੀਨਨ ਨਾਨਕ ਜੀ ਕੋਈ ਆਮ ਬਾਲਕ ਨਹੀਂ ਹਨ।

ਪਿਤਾ ਕਲਿਆਣ ਦਾਸ ਜੀ ਦੇ ਚਿਹਰੇ ਤੇ ਗੁੱਸਾ ਸਾਫ ਝਲਕ ਰਿਹਾ ਸੀ, ਨਾਲੇ ਉਹ ਸਮਾਜ ਵਿੱਚ ਆਪਣੇ ਆਪ ਨੂੰ ਸ਼ਰਮਿੰਦਾ ਹੋਇਆ ਮਹਿਸੂਸ ਕਰ ਰਹੇ ਸਨ। ਉਨ੍ਹਾਂ ਦੇ ਮਨ ਵਿੱਚ ਬਾਰ ਬਾਰ ਇਹੀ ਖਿਆਲ ਆ ਰਿਹਾ ਸੀ ਕਿ ਨਾਨਕ ਨੇ ਇਹ ਕੀ ਤਮਾਸ਼ਾ ਕੀਤਾ ਹੈ? ਜੇ ਜਨੇਊ ਨਹੀਂ ਸੀ ਪਾਉਣਾ ਤਾਂ ਪਹਿਲਾਂ ਘਰ ਵਿੱਚ ਹੀ ਕਹਿ ਦੇਣਾ ਚਾਹੀਦਾ ਸੀ, ਇਤਨੀ ਬਰਾਦਰੀ ਵਿੱਚ ਤਮਾਸ਼ਾ ਕਰਨ ਦੀ ਕੀ ਲੋੜ ਸੀ? **ਸ਼ਾਇਦ ਉਹ ਨਹੀਂ ਸਨ ਸਮਝ ਰਹੇ ਕਿ ਨਾਨਕ ਜੀ ਨੇ ਅੱਜ ਜਿਸ ਵੱਡੇ ਇਨਕਲਾਬ ਦੀ ਸ਼ੁਰੂਆਤ ਕੀਤੀ ਹੈ, ਉਸ ਦਾ ਆਗਾਜ਼ ਭਰੇ ਸਮਾਜ ਸਾਹਮਣੇ ਹੋਣਾ ਹੀ ਜ਼ਰੂਰੀ ਸੀ, ਇਹ ਸ਼ੁਰੂਆਤ ਸੀ ਧਰਮ ਦੇ ਨਾਂ ਤੇ ਮਿੱਥੇ ਹੋਏ ਕਰਮਕਾਂਡਾਂ ਨੂੰ ਰੱਦ ਕਰਨ ਅਤੇ ਸੱਚ ਧਰਮ ਨੂੰ ਪ੍ਰਗਟ ਕਰਨ ਦੀ।**

ਕੀ ਪਾਹੁਲ ਛਕਣਾ ਕਰਮਕਾਂਡ ਹੈ?

ਹੁਣ ਅਸੀਂ ਆਪਣੇ ਮੂਲ ਵਿਸ਼ੇ 'ਤੇ ਵਾਪਸ ਆਉਂਦੇ ਹਾਂ। ਅਸੀਂ ਅਕਸਰ ਆਖਦੇ ਹਾਂ, ਕਿ ਸਾਡੇ ਕਕਾਰ ਸਾਡੇ ਧਾਰਮਿਕ ਚਿਨ੍ਹ ਹਨ। ਉਪਰੋਕਤ ਸਾਖੀ ਨੂੰ ਵਾਚਣ ਤੋਂ ਬਾਅਦ ਦੋ ਬਹੁਤ ਵੱਡੇ ਸੁਆਲ ਸਾਡੇ ਸਾਹਮਣੇ ਆਉਂਦੇ ਹਨ:

1. ਜੇ ਜਨੇਊ ਪਾਉਣਾ ਇਕ ਕਰਮ ਕਾਂਡ ਹੈ ਤਾਂ ਕੀ ਪਾਹੁਲ ਛਕਣਾ ਵੀ ਕਰਮ ਕਾਂਡ ਨਹੀਂ?

2. ਚਲੋ ! ਕੇਸ ਤਾਂ ਕੁਦਰਤੀ ਹਨ, ਸ਼ਰੀਰ ਦੇ ਨਾਲ ਹੀ ਪੈਦਾ ਹੋਏ ਹਨ ਪਰ ਗੁਰੂ ਨਾਨਕ ਪਾਤਿਸ਼ਾਹ ਨੇ ਇਕ ਜਨੇਊ ਉਤਰਵਾਇਆ ਸੀ ਤੇ ਕੀ ਗੁਰੂ ਗੋਬਿੰਦ ਸਿੰਘ ਪਾਤਿਸ਼ਾਹ ਨੇ ਚਾਰ ਨਵੇਂ ਪੁਆ ਦਿੱਤੇ?

ਆਓ ! ਇਨ੍ਹਾਂ ਅਤਿ ਮਹਤੱਵਪੂਰਨ ਸੁਆਲਾਂ ਦਾ ਜੁਆਬ ਗੁਰੂ ਨਾਨਕ ਪਾਤਿਸ਼ਾਹ ਦੇ ਇਸ ਸੰਦਰਭ ਵਿੱਚ ਉਚਾਰਨ ਕੀਤੇ ਸ਼ਬਦ ਵਿੱਚੋਂ ਹੀ ਲੱਭਣ ਦੀ ਕੋਸ਼ਿਸ਼ ਕਰਦੇ ਹਾਂ। ਸਤਿਗੁਰੂ ਦਾ ਸ਼ਬਦ ਜੋ ਉਪਰ ਵੀ ਦਿੱਤਾ ਹੈ, ਨੂੰ ਇਕ ਵਾਰੀ ਫੇਰ ਵਿਚਾਰੀਏ:

"ਸਲੋਕੁ ਮਃ ੧ ॥ ਦਇਆ ਕਪਾਹ ਸੰਤੋਖੁ ਸੂਤੁ ਜਤੁ ਗੰਢੀ ਸਤੁ ਵਟੁ ॥ ਏਹੁ ਜਨੇਊ ਜੀਅ ਕਾ ਹਈ ਤ ਪਾਡੇ ਘਤੁ ॥ ਨਾ ਏਹੁ ਤੁਟੈ ਨ ਮਲੁ ਲਗੈ ਨਾ ਏਹੁ ਜਲੈ ਨ ਜਾਇ ॥ ਧੰਨੁ ਸੁ ਮਾਣਸ ਨਾਨਕਾ ਜੋ ਗਲਿ ਚਲੇ ਪਾਇ ॥"

ਸਤਿਗੁਰੂ ਨੇ ਧਰਮੀ ਬਨਣ ਵਾਸਤੇ ਜਿਨ੍ਹਾਂ ਸ਼ੁਭ ਗੁਣਾਂ ਨੂੰ ਜੀਵਨ ਵਿੱਚ ਧਾਰਨ ਕਰਨ ਦੀ ਗੱਲ ਕੀਤੀ ਹੈ, ਉਹ ਹਨ: ਦਇਆ, ਸੰਤੋਖ, ਜਤੁ(ਉੱਚਾ ਆਚਰਣ) ਅਤੇ ਸਤੁ(ਸੱਚੁ, ਸਚਿਆਰ ਜੀਵਣ)। ਗੁਰਬਾਣੀ ਵਿੱਚ ਅਕਸਰ ਦਇਆ ਨੂੰ ਧਰਮ ਦਾ ਅਧਾਰ ਮੰਨਿਆਂ ਗਿਆ ਹੈ। ਜਪੁ ਬਾਣੀ ਵਿੱਚ ਵੀ ਗੁਰੂ ਨਾਨਕ ਪਾਤਿਸ਼ਾਹ ਨੇ ਬਖਸ਼ਿਸ਼ ਕੀਤੀ ਹੈ:

"ਧੌਲੁ ਧਰਮੁ ਦਇਆ ਕਾ ਪੂਤੁ ॥ ਸੰਤੋਖੁ ਥਾਪਿ ਰਖਿਆ ਜਿਨਿ ਸੂਤਿ ॥"(ਪੰਨਾ-੩)

(ਅਕਾਲ ਪੁਰਖ ਦਾ) ਧਰਮ-ਰੂਪੀ ਬੱਝਵਾਂ ਨੀਯਮ ਹੀ ਬਲਦ ਹੈ (ਜੋ ਸ੍ਰਿਸ਼ਟੀ ਨੂੰ ਕਾਇਮ ਰੱਖ ਰਿਹਾ ਹੈ)। (ਇਹ ਧਰਮ) ਦਇਆ ਦਾ ਪੁੱਤਰ ਹੈ (ਭਾਵ, ਅਕਾਲ ਪੁਰਖ ਨੇ ਆਪਣੀ ਮਿਹਰ ਕਰ ਕੇ ਸ੍ਰਿਸ਼ਟੀ ਨੂੰ ਟਿਕਾ ਰੱਖਣ ਲਈ 'ਧਰਮ'-ਰੂਪ ਨੀਯਮ ਬਣਾ ਦਿੱਤਾ ਹੈ)। ਇਸ ਧਰਮ ਨੇ ਆਪਣੀ ਮਰਜਾਦਾ ਅਨੁਸਾਰ ਸੰਤੋਖ ਨੂੰ ਜਨਮ ਦੇ ਦਿੱਤਾ ਹੈ।

ਅਸਲ ਵਿੱਚ ਗੁਰਬਾਣੀ ਵਿੱਚ ਇਨ੍ਹਾਂ ਸਾਰੇ ਗੁਣਾਂ ਨੂੰ ਹੀ ਜੀਵਨ ਵਿੱਚ ਅਪਨਾਉਣ ਦੀ ਬਾਰ ਬਾਰ ਤਾਕੀਦ ਕੀਤੀ ਗਈ ਹੈ:

"ਸਤੁ ਸੰਤੋਖੁ ਦਇਆ ਕਮਾਵੈ ਏਹ ਕਰਣੀ ਸਾਰ ॥
ਆਪੁ ਛੋਡਿ ਸਭ ਹੋਇ ਰੇਣਾ ਜਿਸੁ ਦੇਇ ਪ੍ਰਭੁ ਨਿਰੰਕਾਰੁ ॥"

{ਸਿਰੀਰਾਗੁ ਮਹਲਾ ੫, ਪੰਨਾ ੫੧}

ਜਿਸ (ਭਾਗਾਂ ਵਾਲੇ ਮਨੁੱਖ) ਨੂੰ ਨਿਰੰਕਾਰ ਪ੍ਰਭੂ (ਆਪਣੇ ਨਾਮ ਦੀ ਦਾਤਿ) ਦੇਂਦਾ ਹੈ, ਉਹ ਆਪਾ-ਭਾਵ ਛੱਡ ਕੇ ਸਭ ਦੀ ਚਰਨ-ਧੂੜ ਬਣਦਾ ਹੈ, ਉਹ ਸੱਚ, ਸੰਤੋਖ ਦੇ ਦਇਆ (ਦੀ ਕਮਾਈ) ਕਮਾਂਦਾ ਹੈ, ਤੇ ਇਹੀ ਹੈ ਸ੍ਰੇਸ਼ਟ ਕਰਣੀ ।

"ਸਤੁ ਸੰਤੋਖੁ ਦਇਆ ਧਰਮੁ ਸੀਗਾਰੁ ਬਨਾਵਉ ॥
ਸਫਲ ਸੁਹਾਗਣਿ ਨਾਨਕਾ ਅਪੁਨੇ ਪ੍ਰਭ ਭਾਵਉ ॥"

{ਬਿਲਾਵਲੁ ਮਹਲਾ ੫, ਪੰਨਾ ੮੧੨}

(ਹੇ ਪ੍ਰਭੂ ! ਮੇਹਰ ਕਰ) ਮੈਂ ਸਤ ਨੂੰ, ਸੰਤੋਖ ਨੂੰ, ਦਇਆ ਨੂੰ, ਧਰਮ ਨੂੰ, (ਆਪਣੇ ਆਤਮਕ ਜੀਵਨ ਦੀ) ਸਜਾਵਟ ਬਣਾਈ ਰੱਖਾਂ । ਹੇ ਨਾਨਕ (ਆਖ—ਜਿਵੇਂ) ਸੋਹਾਗਣ ਇਸਤ੍ਰੀ (ਆਪਣੇ ਪਤੀ ਨੂੰ ਪਿਆਰੀ ਲੱਗਦੀ ਹੈ, ਤਿਵੇਂ, ਜੇ ਉਸ ਦੀ ਮੇਹਰ ਹੋਵੇ, ਤਾਂ) ਕਾਮਯਾਬ ਜੀਵਨ ਵਾਲਾ ਬਣ ਕੇ ਆਪਣੇ ਪ੍ਰਭੂ ਨੂੰ ਪਿਆਰਾ ਲੱਗ ਸਕਦਾ ਹਾਂ ।

"ਜਤੁ ਸਤੁ ਸੰਜਮੁ ਸੀਲੁ ਨ ਰਾਖਿਆ ਪ੍ਰੇਤ ਪਿੰਜਰ ਮਹਿ ਕਾਸਟੁ ਭਇਆ ॥"

{ਰਾਮਕਲੀ ਮਹਲਾ ੧, ਪੰਨਾ ੯੦੬}

(ਹੇ ਜੀਵ ! ਤੂੰ ਆਪਣੇ ਆਪ ਨੂੰ) ਕਾਮ-ਵਾਸਨਾ ਵਲੋਂ ਨਹੀਂ ਬਚਾਇਆ, ਤੂੰ ਉੱਚਾ ਆਚਰਨ ਨਹੀਂ ਬਣਾਇਆ, ਤੂੰ ਇੰਦ੍ਰਿਆਂ ਨੂੰ ਮੰਦੇ ਪਾਸੇ ਵਲੋਂ ਰੋਕਣ ਦਾ ਉੱਦਮ ਨਹੀਂ ਕੀਤਾ, ਤੂੰ ਮਿੱਠਾ ਸੁਭਾਉ ਨਹੀਂ ਬਣਾਇਆ । (ਵਿਕਾਰਾਂ ਦੇ ਕਾਰਨ) ਅਪਵਿਤ੍ਰ ਹੋਏ ਸਰੀਰ-ਪਿੰਜਰ ਵਿਚ ਤੂੰ ਲੱਕੜ (ਵਰਗਾ ਕੁਰਖ਼ਤ-ਦਿਲ) ਹੋ ਚੁਕਾ ਹੈਂ ।

ਸੋ ਧਰਮ ਹੈ ਜੀਵਨ ਵਿੱਚ ਸ਼ੁਭ ਗੁਣਾਂ ਨੂੰ ਧਾਰਨ ਕਰਨਾ। ਜੇ ਸ਼ੁਭ ਗੁਣ ਹਨ ਤਾਂ ਧਰਮ ਹੈ, ਕੋਈ ਚਿਨ੍ਹ ਧਰਮ ਨਹੀਂ ਹੋ ਸਕਦਾ। ਹਾਂ ਚਿਨ੍ਹ ਕਿਸੇ ਗੁਣ ਦਾ ਸੰਕੇਤਕ ਹੋ ਸਕਦਾ ਹੈ, ਜਿਵੇਂ ਸਤਿਗੁਰੂ ਨੇ ਇਸ ਸ਼ਬਦ ਵਿੱਚ ਵੀ ਕਿਹਾ ਹੈ, "ਦਇਆ ਕਪਾਹ ਸੰਤੋਖੁ ਸੂਤੁ ਜਤੁ ਗੰਢੀ ਸਤੁ ਵਟੁ ॥" ਬਿਲਕੁਲ ਉਂਝ ਜਿਵੇਂ ਕਿਸੇ ਵਿਸ਼ੇ ਦੀ ਸਿਖਿਆ ਪ੍ਰਾਪਤ ਕਰਨ 'ਤੇ ਕਿਸੇ ਵਿਅਕਤੀ ਨੂੰ ਕੋਈ ਸਰਟੀਫ਼ਿਕੇਟ ਜਾਂ ਡਿਗਰੀ ਦਿੱਤੀ ਜਾਂਦੀ ਹੈ। ਉਹ ਸਰਟੀਫ਼ਿਕੇਟ ਜਾਂ ਡਿਗਰੀ ਇਸ ਗੱਲ ਦੀ ਪ੍ਰਤੀਕ ਹੈ ਕਿ ਉਸ ਵਿਅਕਤੀ ਨੇ ਉਸ ਵਿਸ਼ੇ ਵਿੱਚ ਲੋੜੀਦੀ ਯੋਗਤਾ ਹਾਸਲ ਕੀਤੀ ਹੋਈ ਹੈ। ਉਹ ਜਦੋਂ ਕਿਸੇ ਉਚੇਰੀ ਸਿੱਖਿਆ ਜਾਂ ਨੌਕਰੀ ਆਦਿ ਵਾਸਤੇ ਜਾਂਦਾ ਹੈ, ਕੇਵਲ ਉਸ ਦੇ ਸਰਟੀਫ਼ਿਕੇਟ ਜਾਂ ਡਿਗਰੀ ਵੇਖ ਕੇ ਹੀ ਵਾਚਣ ਵਾਲਾ ਸਮਝ ਜਾਂਦਾ ਹੈ ਕਿ ਇਸ ਦੇ ਜੀਵਨ ਵਿੱਚ, ਇਸ ਵਿਸ਼ੇ ਦੇ ਲੋੜੀਂਦੇ ਗੁਣ ਮੌਜੂਦ ਹਨ। ਬਹੁਤੀ ਵਾਰੀ ਆਮ ਆਦਮੀਂ ਨੂੰ ਉਨ੍ਹਾਂ ਦੀ ਪਹਿਚਾਣ ਕਰਨ ਲਈ ਸਰਟੀਫ਼ਿਕੇਟ ਵੀ ਨਹੀਂ ਵੇਖਣਾ ਪੈਂਦਾ। ਹਸਪਤਾਲ ਵਿੱਚ ਡਾਕਟਰ ਦੇ ਚਿੱਟੇ ਕੋਟ ਨੂੰ ਵੇਖ ਕੇ ਉਸ ਦੇ ਡਾਕਟਰ ਹੋਣ, ਵਕੀਲ ਦੇ ਕਾਲੇ ਕੋਟ ਨੂੰ ਵੇਖ ਕੇ ਉਸ ਦੇ ਵਕੀਲ ਹੋਣ ਅਤੇ ਵਰਦੀ ਵੇਖ ਕੇ ਕਿਸੇ ਦੇ ਪੁਲਿਸ ਜਾਂ ਫੌਜੀ ਅਫਸਰ ਹੋਣ ਦਾ ਪਤਾ ਲੱਗ ਜਾਂਦਾ ਹੈ। ਜੇ ਉਸ ਕੋਲ ਸਰਟੀਫ਼ਿਕੇਟ ਜਾਂ ਡਿਗਰੀ ਤਾਂ ਹੋਵੇ ਪਰ ਉਸ ਨੇ ਇਹ ਵਿਦਿਆ ਹਾਸਲ ਨਾ ਕੀਤੀ ਹੋਵੇ ਤਾਂ ਉਸ ਦੀ ਡਿਗਰੀ ਨੂੰ ਨਕਲੀ ਅਤੇ ਉਸ ਵਿਅਕਤੀ ਨੂੰ ਬੇਈਮਾਨ ਗਰਦਾਨਿਆ ਜਾਂਦਾ ਹੈ। ਸ਼ਾਇਦ ਇਸੇ ਕਰਕੇ ਸਤਿਗੁਰੂ ਨੇ ਪਹਿਲਾਂ ਦੋ ਸੌ ਸਾਲ ਤੋਂ ਵੱਧ ਸਮਾਂ ਸਾਡੇ ਜੀਵਨ ਨੂੰ ਗੁਣਾਂ ਨਾਲ ਸਿੰਝਿਆ, ਸ਼ਿੰਗਾਰਿਆ ਅਤੇ ਉਸ ਤੋਂ ਬਾਅਦ ਹੀ ਖੰਡੇ ਬਾਟੇ ਦੀ ਪਾਹੁਲ ਰਾਹੀਂ ਇਹ ਪ੍ਰਣ ਕਰਾਕੇ ਕਿ ਅਸੀਂ ਆਪਣਾ ਜੀਵਨ ਇਨ੍ਹਾਂ ਲਾਸਾਨੀ ਗੁਣਾਂ ਅਨੁਸਾਰ ਹੀ ਬਤੀਤ ਕਰਾਂਗੇ, ਸਾਨੂੰ ਖ਼ਾਲਸੇ ਦੀ ਡਿਗਰੀ ਦੇ ਦਿੱਤੀ। ਬਿਲਕੁਲ ਉਸੇ ਤਰ੍ਹਾਂ ਜਿਵੇਂ ਅੱਜ ਕਲ੍ਹ ਡਾਕਟਰਾਂ, ਇੰਜੀਨਿਅਰਾਂ ਕਾਨੂੰਨ

ਵੇਤਾਵਾਂ ਨੂੰ ਪੜ੍ਹਾਈ ਪੂਰੀ ਹੋਣ 'ਤੇ ਇਹ ਪ੍ਰਣ ਕਰਾਇਆ ਜਾਂਦਾ ਹੈ ਕਿ ਉਹ ਪ੍ਰਾਪਤ ਕੀਤੀ ਵਿਦਿਆ ਦੀ ਵਰਤੋਂ ਪੂਰੀ ਇਮਾਨਦਾਰੀ ਨਾਲ ਮਨੁੱਖਤਾ ਦੀ ਭਲਾਈ ਵਾਸਤੇ ਕਰਨਗੇ।

ਸੋ ਜੇ ਤਾਂ ਸਾਡੇ ਜੀਵਨ ਵਿੱਚ ਗੁਰਬਾਣੀ ਦੇ ਅਲੌਕਿਕ ਗੁਣਾਂ ਦੀ ਖੁਸ਼ਬੋ ਆ ਚੁੱਕੀ ਹੈ, ਅਤੇ ਇਸ ਪਾਹੁਲ ਛਕਣ ਦੀ ਰਸਮ ਦੁਆਰਾ ਅਸੀਂ ਆਪਣੇ ਜੀਵਨ ਨੂੰ ਇਸ ਨੇਮ ਵਿੱਚ ਬਨਣ ਦਾ ਪ੍ਰਣ ਕੀਤਾ ਹੈ ਕਿ ਸਾਰਾ ਜੀਵਨ ਗੁਰਬਾਣੀ ਦੇ ਗੁਣਾਂ ਅਨੁਸਾਰ ਬਤੀਤ ਕਰਾਂਗੇ, ਇਨ੍ਹਾਂ ਦੀ ਖੁਸ਼ਬੋ ਸਮਾਜ ਵਿੱਚ ਫੈਲਾਵਾਂਗੇ ਤਾਂ ਅਸੀਂ ਖੰਡੇ ਬਾਟੇ ਦੀ ਪਾਹੁਲ ਛਕੀ ਹੈ।

ਜੇ ਇਸ ਨੂੰ ਇਕ ਜਾਦੂਈ ਪਾਣੀ ਸਮਝ ਕੇ ਜਾਂ ਕੇਵਲ ਇਕ ਰਸਮ ਸਮਝ ਕੇ ਪੀਤਾ ਹੈ ਤਾਂ ਨਿਰੋਲ ਕਰਮਕਾਂਡ ਕੀਤਾ ਹੈ।

ਇਥੇ ਇਕ ਗੱਲ ਹੋਰ ਸਪੱਸ਼ਟ ਕਰਨੀ ਜ਼ਰੂਰੀ ਹੈ, ਅਸੀਂ ਅਕਸਰ ਆਖਦੇ ਹਾਂ ਕਿ ਪਾਹੁਲ ਸ਼ੁਰੂਆਤ ਹੈ, ਉਸ ਤੋਂ ਬਾਅਦ ਜੀਵਨ ਨੂੰ ਸਾਧਨਾ ਸ਼ੁਰੂ ਕਰਨਾ ਹੈ। ਬਿਲਕੁਲ ਨਹੀਂ। ਜੇ ਇਹ ਗੱਲ ਹੁੰਦੀ ਤਾਂ ਗੁਰੂ ਨਾਨਕ ਪਾਤਿਸ਼ਾਹ ਨੇ ਪਾਹੁਲ ਛਕਾ ਕੇ ਹੀ ਪੰਥ ਦੀ ਸ਼ੁਰੂਆਤ ਕਰਨੀ ਸੀ। ਬੇਸ਼ਕ ਇਹ ਇਕ ਸ਼ੁਰੂਆਤ ਵੀ ਹੈ, ਪਰ ਸ਼ੁਰੂਆਤ ਗੁਰਮਤਿ ਸਿਖਣੀ ਸ਼ੁਰੂ ਕਰਨ ਦੀ ਨਹੀਂ। ਸ਼ੁਰੂਆਤ ਹੈ ਇਕ ਨਵੇਂ ਜੀਵਨ ਦੀ, ਜਿਸ ਵਿੱਚ ਅਸੀਂ ਸਤਿਗੁਰੂ ਨਾਲ ਇਸ ਪ੍ਰਣ ਵਿੱਚ ਬੱਝ ਜਾਂਦੇ ਹਾਂ ਕਿ ਸਤਿਗੁਰੂ ਅੱਜ ਤੋਂ ਜੀਵਨ ਆਪ ਜੀ ਨੂੰ ਸਮਰਪਿਤ ਹੈ, ਹਰ ਕਰਮ ਗੁਰਮਤਿ ਅਨੁਸਾਰ ਹੋਵੇਗਾ, ਹਰ ਦਿਨ, ਹਰ ਪੱਲ, ਆਪ ਦੀ ਸਿੱਖਿਆ ਅਨੁਸਾਰ ਬਤੀਤ ਹੋਵੇਗਾ। ਸੀਸ ਗੁਰੂ ਨੂੰ ਭੇਟ ਕਰਨ ਦਾ ਅਸਲੀ ਮਕਸਦ ਤਾਂ ਇਹੀ ਹੈ ਨਾ।

ਅਸਲ ਵਿੱਚ ਗੁਰਮਤਿ ਦੇ ਸ਼ੁਭ ਗੁਣ ਸੁਭਾਵਕ ਹੀ ਸਿੱਖ ਦੇ ਜੀਵਨ ਵਿੱਚ ਹੋਣੇ ਚਾਹੀਦੇ ਹਨ। ਇਹ ਸਾਡੇ ਬੱਚਿਆਂ ਨੂੰ ਵਿਰਸੇ ਵਿੱਚ, ਪਰਿਵਾਰਕ ਮਹੌਲ ਵਿੱਚੋਂ ਮਿਲਣੇ ਚਾਹੀਦੇ ਹਨ। ਨੀਂਹ ਘਰ ਤੋਂ ਬੱਝ ਜਾਵੇ, ਗੁਰਬਾਣੀ ਪੜ੍ਹਨ ਸਮਝਣ ਦੀ ਲਗਨ ਮਾਤਾ ਪਿਤਾ ਤੋਂ ਲੱਗ ਜਾਵੇ, ਅੱਗੋਂ ਤਾਂ ਵਿਕਾਸ ਹਰ ਦਿਨ ਹੁੰਦਾ ਜਾਵੇਗਾ। ਸਿੱਖ ਨੇ ਤਾਂ ਸਾਰਾ ਜੀਵਨ ਸਿੱਖ ਰਹਿਣਾ ਹੈ, ਪਾਹੁਲ ਪ੍ਰਾਪਤ ਕਰਨ ਤੋਂ ਪਹਿਲਾਂ ਵੀ ਗੁਰੂ ਦੀ ਸਿੱਖਿਆ ਧਾਰਨ ਕਰਨੀ ਹੈ ਅਤੇ ਪਾਹੁਲ ਛੱਕਣ ਤੋਂ ਬਾਅਦ ਵੀ ਆਖਿਰੀ ਸੁਆਸ ਤੱਕ ਇਹ ਸਿਲਸਿਲਾ ਚਲਦਾ ਹੀ ਰਹਿਣਾ ਹੈ। ਗੁਰੂ ਗ੍ਰੰਥ ਸਾਹਿਬ ਜੀ ਦਾ ਪਾਵਨ ਗਿਆਨ-ਭੰਡਾਰ ਇਤਨਾ ਅਥਾਹ ਹੈ ਕਿ ਇਹ ਕਦੇ ਮੁੱਕਣਾ ਨਹੀਂ।

ਪਰ ਅੱਜ ਸਾਡੇ ਘਰਾਂ ਦਾ ਮਹੌਲ ਇਤਨਾ ਪ੍ਰਦੂਸ਼ਤ ਹੈ ਕਿ ਸਿੱਖ ਪਰਿਵਾਰਾਂ ਵਿੱਚੋਂ ਵੀ ਮਨਮਤਿ ਦੇ ਹੀ ਵੇਗ ਵੱਗ ਰਹੇ ਹਨ, ਉਥੋਂ ਬੱਚੇ ਨੂੰ ਕੀ ਪ੍ਰਾਪਤ ਹੋਵੇਗਾ? ਬਹੁਤੇ ਮਾਤਾ ਪਿਤਾ ਨੇ ਤਾਂ ਆਪ ਹੀ ਪਾਹੁਲ ਨਹੀਂ ਛਕੀ ਹੋਈ, ਉਹ ਬੱਚਿਆਂ ਨੂੰ ਕੀ ਪ੍ਰੇਰਨਾ ਦੇਣਗੇ? ਜਿਨ੍ਹਾਂ ਛਕੀ ਵੀ ਹੀ, ਉਨ੍ਹਾਂ ਵਿੱਚੋਂ ਵੀ ਬਹੁਤਾਤ ਉਨ੍ਹਾਂ ਦੀ ਹੈ, ਜਿਨ੍ਹਾਂ ਨੂੰ ਸ਼ਾਇਦ ਪਾਹੁਲ ਛਕਣ ਦਾ ਮਕਸਦ ਅਤੇ ਮਾਇਨਾ ਹੀ ਨਹੀਂ ਪਤਾ। ਉਨ੍ਹਾਂ ਦੀ ਸੰਗਤ ਵਿੱਚੋਂ ਬੱਚਿਆਂ ਨੂੰ ਕੀ ਪਰਾਪਤ ਹੋਵੇਗਾ ਅਤੇ ਉਹ ਆਪ ਸਤਿਗੁਰੂ ਨਾਲ ਕੀ ਪ੍ਰਣ ਨਿਭਾਉਣਗੇ?

ਇਹ ਕਮੀਂ ਸਾਡੇ ਗੁਰਦੁਆਰੇ ਪੂਰੀ ਕਰ ਸਕਦੇ ਸਨ। ਵੈਸੇ ਤਾਂ ਸਾਡੇ ਗੁਰਦੁਆਰਿਆਂ ਵਿੱਚ ਚਲਦੇ ਰੋਜ਼ਾਨਾ ਸਮਾਗਮ ਇਸ ਦੇ ਪੂਰਕ ਹੋਣੇ ਚਾਹੀਦੇ ਹਨ, ਪਰ ਇਹ ਕੌਮ ਦੀ ਬਦਕਿਸਮਤੀ ਹੀ ਕਹੀ ਜਾ ਸਕਦੀ ਹੈ ਕਿ ਸਾਡੇ ਬਹੁਤਾਤ ਗੁਰਦੁਆਰਿਆਂ ਦੇ ਪ੍ਰਬੰਧ 'ਤੇ ਐਸੇ ਲੋਕਾਂ ਦਾ ਕਬਜ਼ਾ ਹੈ, ਜਿਨ੍ਹਾਂ ਨੂੰ ਆਪ ਗੁਰਮਤਿ ਦੀ ਸੋਝੀ ਨਾ ਬਰਾਬਰ ਹੀ ਹੈ, ਉਨ੍ਹਾਂ ਸੰਗਤ ਨੂੰ ਕੀ ਦੇਣਾ ਹੈ? ਪ੍ਰਚਾਰਕ ਸ਼੍ਰੇਣੀ ਵਲੋਂ ਵੀ ਕੌਮ ਦੀ ਹਾਲਤ ਤਰਸ ਯੋਗ ਹੈ। ਪਹਿਲਾਂ

ਤਾਂ ਬਹੁਤੇ ਪ੍ਰਚਾਰਕ ਹੀ ਬਾਬਿਆਂ ਦੇ ਡੇਰਿਆਂ 'ਚੋਂ ਸਨਾਤਨੀ ਪ੍ਰਭਾਵ ਵਿੱਚੋਂ ਆਉਂਦੇ ਹਨ, ਉਹ ਗੁਰਦੁਆਰਿਆਂ ਵਿੱਚ ਬੈਠ ਕੇ ਵੀ ਪਰਚਾਰ ਉਹੀ ਬ੍ਰਾਹਮਣੀ ਵਿਚਾਰਧਾਰਾ ਦਾ ਕਰ ਰਹੇ ਹਨ। ਹਾਂ ! ਗੁਰਬਾਣੀ ਦੀਆਂ ਕੁਝ ਪੰਕਤੀਆਂ ਦੇ ਅਰਥ ਆਪਣੀ ਭਾਵਨਾ ਅਨੁਸਾਰ ਕਰਕੇ, ਉਸ ਉਤੇ ਵਿਖਾਵਾ ਗੁਰਮਤਿ ਦਾ ਚਾੜ੍ਹ ਦੇਂਦੇ ਹਨ। ਜਿਹੜੇ ਕੁਝ ਗੁਰਮਤਿ ਦੀ ਸੋਝੀ ਰੱਖਣ ਵਾਲੇ ਵੀ ਹਨ, ਉਹ ਪ੍ਰਬੰਧਕਾਂ ਦੇ ਪ੍ਰਭਾਵ ਕਾਰਨ ਕੁਝ ਨਹੀਂ ਕਰ ਸਕਦੇ। ਉਨ੍ਹਾਂ ਨੂੰ ਆਪਣੀ ਨੌਕਰੀ ਦੀ ਚਿੰਤਾ ਰਹਿੰਦੀ ਹੈ। ਨਤੀਜਾ ਇਹ ਹੈ ਕਿ ਗੁਰਦੁਆਰਾ ਧਰਮਸਾਲ ਨਾ ਹੋ ਕੇ ਪੂਜਾ ਦਾ ਸਥਾਨ ਬਣ ਗਿਆ ਹੈ। ਇਨ੍ਹਾਂ ਸਾਰਿਆਂ ਤੋਂ ਵੀ ਵੱਡੀ ਸਮਸਿਆ ਹੈ ਕਿ ਕੌਮ ਦਾ ਸਾਇਦ 1% ਹਿੱਸਾ ਵੀ ਗੁਰਦੁਆਰੇ ਸਤਿਸੰਗਤ ਕਰਨ ਲਈ ਨਹੀਂ ਜਾਂਦਾ। ਹਾਂ ! ਉਹ ਘਰ ਬੈਠੇ ਇਹ ਗਿਲਾ ਜ਼ਰੂਰ ਕਰਦੇ ਰਹਿੰਦੇ ਹਨ ਕਿ ਕੌਮ ਦਾ ਪ੍ਰਚਾਰ ਨਹੀਂ ਹੋ ਰਿਹਾ।

ਕਈ ਗੁਰਪੁਰਬਾਂ ਦੇ ਮੌਕਿਆਂ 'ਤੇ, ਵਿਸ਼ੇਸ਼ ਕਰਕੇ ਵਿਸਾਖੀ ਅਤੇ ਗੁਰੂ ਗੋਬਿੰਦ ਸਿੰਘ ਪਾਤਿਸ਼ਾਹ ਦੇ ਪ੍ਰਕਾਸ਼ ਉਤਸਵ 'ਤੇ, ਕਈ ਗੁਰਦੁਆਰਿਆਂ ਵਿੱਚ ਅੰਮ੍ਰਿਤ ਸੰਚਾਰ ਦੇ ਨਾਂ ਤੇ ਪਾਹੁਲ ਛਕਾਉਣ ਦੇ ਸਮਾਗਮ ਰਖੇ ਜਾਂਦੇ ਹਨ। ਕਈ ਬਾਬਿਆਂ ਦੇ ਡੇਰਿਆਂ 'ਤੇ ਹੋਕੇ ਦਿੱਤੇ ਜਾਂਦੇ ਹਨ, ਆ ਜਾਓ, ਗੁਰੂ ਪਿਆਰਿਓ ! ਚੜ੍ਹ ਜਾਓ ਜਹਾਜ਼ 'ਤੇ। ਸਾਡੇ ਤਾਂ ਇਕ ਨਵੀਂ ਰਵਾਇਤ ਚੱਲ ਪਈ ਹੈ, ਲਾਲਚ ਦੇਕੇ ਅੰਮ੍ਰਿਤ ਛਕਾਉਣ ਦੀ। ਕਿਤੇ ਕਕਾਰ ਮੁਫਤ ਦੇਣ ਦਾ ਲਾਲਚ ਦਿੱਤਾ ਜਾ ਰਿਹਾ ਹੈ, ਕਿਤੇ ਕੋਈ ਵਿਸ਼ੇਸ਼ ਤੋਹਫਾ ਦੇਣ ਦਾ। ਪਿਛਲੇ ਦਿਨਾਂ ਵਿੱਚ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਇਹ ਲਾਲਚ ਦਿੱਤਾ ਕਿ ਜੋ ਅੰਮ੍ਰਿਤ ਛਕੇਗਾ, ਉਸ ਨੂੰ ਜਥੇ ਨਾਲ ਪਾਕਿਸਤਾਨ ਜਾਣ ਦਾ ਵੀਜ਼ਾ ਦਿੱਤਾ ਜਾਵੇਗਾ। ਜਿਸ ਪਾਹੁਲ ਨੂੰ ਸੀਸ ਭੇਟ ਕਰ ਕੇ ਪ੍ਰਾਪਤ ਕਰਨਾ ਵੀ ਸਿੱਖ ਨੇ ਸੁਭਾਗ ਸਮਝਿਆ, ਅੱਜ ਉਸ ਪਾਹੁਲ ਦਾ ਮੁੱਲ ਪੈ ਗਿਆ। ਉਸ ਦੇ ਵਾਸਤੇ ਲਾਲਚ ਦਿੱਤੇ ਜਾ ਰਹੇ ਹਨ। ਅਸੀਂ ਆਪ ਹੀ ਨਿਰਣਾ ਕਰ ਲਈਏ ਕਿ ਇਸ ਤਰ੍ਹਾਂ ਲਾਲਚ ਅਧੀਨ ਛਕਿਆ ਅੰਮ੍ਰਿਤ(?) ਗੁਰੂ ਨਾਲ ਪ੍ਰਣ ਹੋਵੇਗਾ ਜਾਂ ਇਕ ਕਰਮ ਕਾਂਡ?

ਅੱਜ ਦੇ ਹਾਲਾਤ ਮੁਤਾਬਕ ਚਾਹੀਦਾ ਤਾਂ ਇਹ ਹੈ ਕਿ ਹਰ ਸ਼ਹਿਰ ਵਿੱਚ, ਨਗਰ ਵਿੱਚ, ਖੰਡੇ-ਬਾਟੇ ਦੀ ਪਾਹੁਲ ਛਕਾਉਣ ਦਾ ਸਮਾਗਮ ਰਖਣ ਤੋਂ ਪਹਿਲਾਂ, ਜਗਿਆਸੂ ਪ੍ਰਾਣੀਆਂ ਦਾ ਤਕਰੀਬਨ ਇੱਕ ਮਹੀਨੇ ਦਾ ਕੈਂਪ ਲਾਇਆ ਜਾਵੇ, ਉਨ੍ਹਾਂ ਨੂੰ ਗੁਰਮਤਿ ਦੀ ਮੁਢਲੀ ਸੋਝੀ ਦੇਕੇ ਇਸ ਨਵੇਂ ਜੀਵਨ ਵਾਸਤੇ ਤਿਆਰ ਕੀਤਾ ਜਾਵੇ। ਜਿਸ ਗੁਰਦੁਆਰੇ ਵਿੱਚ ਪਾਹੁਲ ਸੰਚਾਰ ਸਮਾਗਮ ਰਖਿਆ ਜਾਣਾ ਹੈ, ਉਸ ਵਿੱਚ ਮਹੀਨਾ, ਡੇਢ ਮਹੀਨਾ ਪਹਿਲਾਂ, ਵਿਸ਼ੇਸ਼ ਸਮਾਗਮ ਸ਼ੁਰੂ ਕੀਤੇ ਜਾਣ, ਜਿਸ ਵਿੱਚ ਪਾਹੁਲ ਛਕਣ ਦੇ ਚਾਹਵਾਨਾਂ ਦਾ ਆਉਣਾ ਲਾਜ਼ਮੀਂ ਹੋਵੇ। ਗੁਰਮਤਿ ਰਾਹੀਂ ਉਨ੍ਹਾਂ ਦੇ ਜੀਵਨ ਨੂੰ ਇਲਾਹੀ ਨਾਮ ਅੰਮ੍ਰਿਤ ਨਾਲ ਰੰਗਿਆ ਜਾਵੇ। ਉਨ੍ਹਾਂ ਨੂੰ ਖੰਡੇ-ਬਾਟੇ ਦੀ ਪਾਹੁਲ ਦੀ ਮਹੱਤਤਾ ਦ੍ਰਿੜ ਕਰਾਈ ਜਾਵੇ। ਇਹ ਤਿਆਰੀ ਕਰਾਕੇ ਉਨ੍ਹਾਂ ਨੂੰ ਖੰਡੇ-ਬਾਟੇ ਦੀ ਪਾਹੁਲ ਛਕਾਈ ਜਾਵੇ। ਫਿਰ ਇਹ ਸੱਚ-ਮੁੱਚ ਸਤਿਗੁਰੂ ਨੂੰ ਸਮਰਪਿਤ ਹੋਣ ਅਤੇ ਇਕ ਨਵੇਂ ਅਮਲੀ ਗੁਰਮਤਿ ਜੀਵਨ ਦੀ ਸ਼ੁਰੂਆਤ ਦਾ ਸੰਸਕਾਰ ਹੋਵੇਗਾ, ਕੋਈ ਕਰਮਕਾਂਡ ਨਹੀਂ। ਐਸੇ ਅੰਮ੍ਰਿਤਧਾਰੀ ਖਾਲਸੇ ਹੀ ਸਤਿਗੁਰੂ ਦੀ ਇਸ ਅਦੁੱਤੀ ਬਖਸ਼ਿਸ਼ ਦਾ ਸਮਾਜ ਵਿੱਚ ਸਨਮਾਨ, ਸਤਿਕਾਰ ਸਥਾਪਤ ਕਰਨਗੇ।

ਗੁਰਬਾਣੀ ਵਿੱਚ ਮਨੁੱਖਾ ਜੀਵਨ ਦਾ ਮਨੋਰਥ ਅਕਾਲ ਪੁਰਖ ਨਾਲ ਅਭੇਦ ਹੋਣਾ ਦੱਸਿਆ ਹੈ। ਸਤਿਗੁਰੂ ਦੇ ਪਾਵਨ ਬਚਨ ਹਨ:

"ਭਈ ਪਰਾਪਤਿ ਮਾਨੁਖ ਦੇਹੁਰੀਆ ॥ ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ॥
ਅਵਰਿ ਕਾਜ ਤੇਰੈ ਕਿਤੈ ਨ ਕਾਮ ॥ ਮਿਲੁ ਸਾਧ ਸੰਗਤਿ ਭਜੁ ਕੇਵਲ ਨਾਮ ॥੧॥"
{ਆਸਾ ਮਹਲਾ ੫, ਪੰਨਾ ੧੨}

(ਹੇ ਭਾਈ !) ਤੈਨੂੰ ਸੋਹਣਾ ਮਨੁਖਾ ਸਰੀਰ ਮਿਲਿਆ ਹੈ । ਪਰਮਾਤਮਾ ਨੂੰ ਮਿਲਣ ਦਾ ਤੇਰੇ ਲਈ ਇਹੀ ਮੌਕਾ ਹੈ । (ਜੇ ਪ੍ਰਭੂ ਨੂੰ ਮਿਲਣ ਲਈ ਕੋਈ ਉੱਦਮ ਨਾਹ ਕੀਤਾ, ਤਾਂ) ਹੋਰ ਸਾਰੇ ਕੰਮ ਤੇਰੇ ਆਪਣੇ ਕਿਸੇ ਭੀ ਅਰਥ ਨਹੀਂ (ਤੇਰੀ ਜਿੰਦ ਨੂੰ ਕੋਈ ਲਾਭ ਨਹੀਂ ਅਪੜਾਣਗੇ) । (ਇਸ ਵਾਸਤੇ) ਸਾਧ ਸੰਗਤਿ ਵਿਚ (ਭੀ) ਮਿਲ ਬੈਠਿਆ ਕਰ (ਸਾਧ ਸੰਗਤਿ ਵਿਚ ਬੈਠ ਕੇ ਭੀ) ਸਿਰਫ਼ ਪਰਮਾਤਮਾ ਦਾ ਨਾਮ ਸਿਮਰਿਆ ਕਰ (ਸਾਧ ਸੰਗਤਿ ਵਿਚ ਬੈਠਣ ਦਾ ਭੀ ਤਦੋਂ ਹੀ ਲਾਭ ਹੈ ਜੇ ਉਥੇ ਤੂੰ ਪਰਮਾਤਮਾ ਦੀ ਸਿਫ਼ਤਿ-ਸਲਾਹ ਵਿਚ ਜੁੜੇਂ) ।1।

ਸਤਿਗੁਰੂ ਨੇ ਉਪਰੋਕਤ ਸ਼ਬਦ ਵਿੱਚ ਅਕਾਲ-ਪੁਰਖ ਨਾਲ ਮਿਲਾਪ ਕਰਨ ਦਾ ਜੋ ਤਰੀਕਾ ਦੱਸਿਆ ਹੈ, ਉਹ ਹੈ 'ਨਾਮ ਸਿਮਰਨ'। ਨਾਮ ਸਿਮਰਨਾ, ਧਿਆਉਣਾ, ਭਜਨਾ, ਜਪਣਾ ਆਦਿ ਸਾਰੇ ਸਮਭਾਵੀ ਸ਼ਬਦ ਹਨ। ਨਾਮ ਸਿੱਖੀ ਦਾ ਅਧਾਰ ਹੈ ਪਰ ਅੱਜ ਸਿੱਖ ਕੌਮ ਵਿੱਚ ਨਾਮ ਅਤੇ ਨਾਮ ਸਿਮਰਨ ਬਾਰੇ ਇਤਨਾ ਭੁਲੇਖਾ ਪਾ ਦਿੱਤਾ ਗਿਆ ਹੈ ਕਿ ਬਹੁਤਾਤ ਕੌਮ ਗੁੰਮਰਾਹ ਹੋ ਗਈ ਜਾਪਦੀ ਹੈ, ਹਾਲਾਂਕਿ ਗੁਰਬਾਣੀ ਵਿੱਚੋਂ ਅਗਵਾਈ ਲੈਣ ਦੀ ਕੋਸ਼ਿਸ਼ ਕਰੀਏ ਤਾਂ ਸਤਿਗੁਰੂ ਨੇ ਕੋਈ ਭੁਲੇਖੇ ਦੀ ਗੁੰਜਾਇਸ਼ ਛੱਡੀ ਹੀ ਨਹੀਂ। ਜਿਸ ਨਾਮ ਨੂੰ ਸਤਿਗੁਰੂ ਮਨ ਵਿੱਚ ਵਸਾਉਣ ਦੀ ਨਸੀਹਤ ਦੇਂਦੇ ਹਨ, ਉਸ ਨਾਮ ਦੇ ਨਾਂ ਤੇ ਰੋਜ਼ ਉੱਚੀ ਉੱਚੀ ਕੂਕਾਂ ਮਾਰੀਆਂ ਜਾ ਰਹੀਆਂ ਹਨ, ਜਦਕਿ ਨਾਮ ਮਨ ਵਿੱਚ ਵਸਾਉਣ ਦੀ ਜਾਚ ਸਤਿਗੁਰੂ ਸਾਨੂੰ ਇੰਝ ਦਸਦੇ ਹਨ:

"ਗੁਰ ਤੇ ਗਿਆਨੁ ਪਾਇਆ ਅਤਿ ਖੜਗੁ ਕਰਾਰਾ ॥ ਦੂਜਾ ਭ੍ਰਮੁ ਗੜੁ ਕਟਿਆ ਮੋਹੁ ਲੋਭੁ ਅਹੰਕਾਰਾ ॥ ਹਰਿ ਕਾ ਨਾਮੁ ਮਨਿ ਵਸਿਆ ਗੁਰ ਸਬਦਿ ਵੀਚਾਰਾ॥"
{ਮਾਰੂ ਵਾਰ ਮਹਲਾ ੩, ਪੰਨਾ ੧੦੮੭}

(ਗਿਆਨ, ਮਾਨੋ) ਬੜਾ ਤੇਜ਼ ਖੰਡਾ ਹੈ, ਇਹ ਗਿਆਨ ਗੁਰੂ ਤੋਂ ਮਿਲਦਾ ਹੈ, (ਜਿਸ ਨੂੰ ਮਿਲਿਆ ਹੈ ਉਸ ਦਾ) ਮਾਇਆ ਦੀ ਖ਼ਾਤਰ ਭਟਕਣਾ, ਮੋਹ, ਲੋਭ ਤੇ ਅਹੰਕਾਰ-ਰੂਪ ਕਿਲ੍ਹਾ (ਜਿਸ ਵਿਚ ਉਹ ਘਿਰਿਆ ਪਿਆ ਸੀ, ਇਸ ਗਿਆਨ-ਖੜਗ ਨਾਲ) ਕੱਟਿਆ ਜਾਂਦਾ ਹੈ; ਗੁਰੂ ਦੇ ਸ਼ਬਦ ਵਿਚ ਸੁਰਤਿ ਜੋੜਿਆਂ ਉਸ ਦੇ ਮਨ ਵਿਚ ਪਰਮਾਤਮਾ ਦਾ ਨਾਮ ਵੱਸ ਪੈਂਦਾ ਹੈ ।

ਜਦ ਗੁਰੂ ਸ਼ਬਦ ਦੀ ਵਿਚਾਰ ਨਾਲ ਸਤਿਗੁਰੂ ਕੋਲੋਂ ਗਿਆਨ ਦੀ ਖੜਗ ਹਾਸਲ ਕਰ ਲਈ, ਫੇਰ ਗਿਆਨ ਖੜਗ ਦੀ ਸ਼ਕਤੀ ਨਾਲ, ਗਿਆਨ ਖੜਗ ਦੇ ਵਾਰ ਨਾਲ, ਸਾਰੀ ਦੁਬਿਧਾ ਦਾ ਨਾਸ ਹੋ ਗਿਆ, ਜਿਹੜੇ ਵਿਕਾਰ ਜੀਵਨ ਤੇ ਭਾਰੂ ਸਨ, ਜਿਨ੍ਹਾਂ ਦਾ ਗੁਲਾਮ ਬਣ ਕੇ ਜੀਵਨ ਬਤੀਤ ਕਰ ਰਹੇ ਸਾਂ, ਉਹ ਵਿਕਾਰ ਵੀ ਵੱਸ ਵਿੱਚ ਆ ਗਏ, ਜੀਵਨ ਵਿੱਚੋਂ ਔਗੁਣ ਨਿਕਲ ਗਏ ਤੇ ਮਨ ਸੁੱਚਾ ਹੋ ਗਿਆ। ਔਗੁਣਾਂ ਦੀ ਜਗ੍ਹਾ ਜੀਵਨ ਗੁਣਾਂ ਨਾਲ ਸ਼ਿੰਗਾਰਿਆ ਗਿਆ। ਸਤਿਗੁਰੂ ਬਖਸ਼ਿਸ਼ ਕਰਦੇ ਹਨ ਕਿ ਜੀਵਨ ਨੂੰ ਗੁਣਾਂ ਨਾਲ ਸ਼ਿੰਗਾਰਨ ਨਾਲ ਹੀ ਨਾਮ ਧਨੁ ਪ੍ਰਾਪਤ ਹੋ ਜਾਵੇਗਾ। ਸਤਿਗੁਰੂ ਬਖਸ਼ਿਸ਼ ਕਰਦੇ ਸਮਝਾਉਂਦੇ ਹਨ:

"ਸਾਚੀ ਬਾਣੀ ਸੂਚਾ ਹੋਇ ॥ ਗੁਣ ਤੇ ਨਾਮੁ ਪਰਾਪਤਿ ਹੋਇ ॥"
{ਆਸਾ ਮਹਲਾ ੩, ਪੰਨਾ ੩੬੧}

ਸਦਾ-ਥਿਰ ਰਹਿਣ ਵਾਲੇ ਪਰਮਾਤਮਾ ਦੀ ਸਿਫ਼ਤਿ-ਸਾਲਾਹ ਦੀ ਬਾਣੀ ਨੂੰ ਜੀਵਨ ਵਿੱਚ ਵਸਾਉਣ ਨਾਲ ਮਨੁੱਖ ਪਵਿੜ੍ਹ ਜੀਵਨ ਵਾਲਾ ਹੋ ਜਾਂਦਾ ਹੈ । ਗੁਰਬਾਣੀ ਦੇ ਅਲੌਕਿਕ ਗੁਣ ਜੀਵਨ ਵਿੱਚ ਆ ਜਾਣ ਨਾਲ, ਉਸ ਨੂੰ ਪਰਮਾਤਮਾ ਦੇ ਨਾਮ ਦਾ ਸੌਦਾ ਮਿਲ ਜਾਂਦਾ ਹੈ।

ਜੋ ਲੋਕ ਗੁਰਬਾਣੀ ਦੇ ਇਲਾਹੀ ਗਿਆਨ ਦੁਆਰਾ ਜੀਵਨ ਨੂੰ ਅਮੋਲਕ ਗੁਣਾਂ ਨਾਲ ਸ਼ਿਗਾਰਨ ਦੀ ਬਜਾਏ ਸਿਰਫ ਕਿਸੇ ਇਕ ਸ਼ਬਦ ਦੇ ਰਟਨ ਦੁਆਰਾ ਨਾਮ ਸਿਮਰਨ ਦਾ ਭਰਮ ਪਾਲ ਰਹੇ ਹਨ, ਸਤਿਗੁਰੂ ਉਨ੍ਹਾਂ ਨੂੰ ਸਮਝਾਉਂਦੇ ਹਨ ਕਿ ਤੁਹਾਨੂੰ ਪਛਤਾਉਣਾ ਪਵੇਗਾ। ਗੁਰਬਾਣੀ ਦੇ ਪਾਵਨ ਬਚਨ ਹਨ:

"ਵਣਜੁ ਕਰਹੁ ਮਖਸੂਦੁ ਲੈਹੁ ਮਤ ਪਛੋਤਾਵਹੁ ॥ ਅਉਗਣ ਛੋਡਹੁ ਗੁਣ ਕਰਹੁ ਐਸੇ ਤਤੁ ਪਰਾਵਹੁ ॥੭॥"
{ਆਸਾ ਕਾਫੀ ਮਹਲਾ ੧, ਪੰਨਾ ੪੧੮}

(ਹੇ ਭਾਈ ! ਨਾਮ-ਸਿਮਰਨ ਦਾ ਅਜੇਹਾ) ਵਣਜ-ਵਪਾਰ ਕਰੋ, ਜਿਸ ਤੋਂ ਜੀਵਨ ਮਨੋਰਥ ਦਾ ਲਾਭ ਖੱਟ ਸਕੋ, ਨਹੀਂ ਤਾਂ ਪਛਤਾਣਾ ਪਵੇਗਾ । ਮਾੜੇ ਕੰਮ ਛੱਡੋ, ਗੁਣ ਗ੍ਰਹਣ ਕਰੋ । ਇਸ ਤਰ੍ਹਾਂ ਅਸਲ (ਖੱਟੀ) ਖੱਟੋ ।7।

ਸੋ ਅਸਲ ਗੱਲ ਹੈ ਗੁਰਬਾਣੀ ਦੇ ਇਲਾਹੀ ਗਿਆਨ ਦੁਆਰਾ ਜੀਵਨ ਨੂੰ ਗੁਣਾਂ ਨਾਲ ਸ਼ਿੰਗਾਰ ਲੈਣਾ। ਜੇ ਗੁਣ ਹਨ ਤਾਂ ਸਿੱਖੀ ਹੈ। ਜੇ ਜੀਵਨ ਗੁਣਾਂ ਤੋਂ ਸੱਖਣਾ ਹੈ ਤਾਂ ਕੇਵਲ ਵਿਖਾਵੇ ਦੀ ਸਿੱਖੀ ਹੋ ਸਕਦੀ ਹੈ। ਸਿੱਧੇ ਲਫਜ਼ਾਂ ਵਿੱਚ ਇਹ ਕਹਿ ਸਕਦੇ ਹਾਂ ਕਿ ਸਿੱਖ ਧਰਮ ਗੁਣਾਂ ਦਾ ਧਰਮ ਹੈ। ਇਸੇ ਲਈ ਸਤਿਗੁਰੂ ਸਾਨੂੰ ਜਿਥੋਂ ਵੀ ਗੁਣ ਮਿਲਣ, ਉਨ੍ਹਾਂ ਨੂੰ ਸੰਭਾਲ ਲੈਣ ਦੀ ਤਾਕੀਦ ਕਰਦੇ ਹਨ।

"ਗੁਣਾ ਕਾ ਹੋਵੈ ਵਾਸੁਲਾ ਕਢਿ ਵਾਸੁ ਲਈਜੈ ॥ ਜੇ ਗੁਣ ਹੋਵਨ੍ਹਿ ਸਾਜਨਾ ਮਿਲਿ ਸਾਝ ਕਰੀਜੈ ॥ ਸਾਝ ਕਰੀਜੈ ਗੁਣਹ ਕੇਰੀ ਛੋਡਿ ਅਵਗਣ ਚਲੀਐ ॥"
{ਰਾਗੁ ਸੂਹੀ ਛੰਤ ਮਹਲਾ ੧, ਪੰਨਾ ੭੬੫}

ਜੇ ਕਿਸੇ ਨੂੰ ਗੁਣਾਂ ਦਾ ਡੱਬਾ ਲੱਭ ਪਏ, ਤਾਂ ਉਹ ਡੱਬਾ ਖੋਹਲ ਕੇ (ਡੱਬੇ ਵਿਚਲੀ) ਸੁਗੰਧੀ ਲੈਣੀ ਚਾਹੀਦੀ ਹੈ । (ਹੇ ਭਾਈ !) ਜੇ ਤੂੰ ਚਾਹੁੰਦਾ ਹੈਂ ਕਿ ਤੇਰੇ ਅੰਦਰ ਗੁਣ ਪੈਦਾ ਹੋਣ, ਤਾਂ ਗੁਰਮੁਖਾਂ ਨੂੰ ਮਿਲ ਕੇ ਉਹਨਾਂ ਨਾਲ ਗੁਣਾਂ ਦੀ ਸਾਂਝ ਕਰਨੀ ਚਾਹੀਦੀ ਹੈ । (ਗੁਰਮੁਖਾਂ ਨਾਲ) ਗੁਣਾਂ ਦੀ ਸਾਂਝ ਕਰਨੀ ਚਾਹੀਦੀ ਹੈ, ਇਸ ਤਰ੍ਹਾਂ (ਅੰਦਰੋਂ) ਔਗੁਣ ਤਿਆਗ ਕੇ ਜੀਵਨ-ਰਾਹ ਤੇ ਤੁਰ ਸਕੀਦਾ ਹੈ।

ਸਾਡੇ ਤੋਂ ਵੱਡੇ ਭਾਗਾਂ ਵਾਲਾ ਕੌਣ ਹੋ ਸਕਦਾ ਹੈ, ਜਿਨ੍ਹਾਂ ਨੂੰ ਗੁਰੂ ਗ੍ਰੰਥ ਸਾਹਿਬ ਜਿਹੇ ਗੁਣਾਂ ਦੇ ਖਜ਼ਾਨੇ ਸਤਿਗੁਰੂ ਦੇ ਸਿੱਖ ਬਣਨ ਦਾ ਸੁਭਾਗ ਪਰਾਪਤ ਹੋਇਆ ਹੈ? ਨਾਲੇ ਦੁਨੀਆਂ ਵਿੱਚ, ਗੁਰੂ ਗ੍ਰੰਥ ਸਾਹਿਬ ਨਾਲੋਂ ਵੱਡੀ ਗੁਣਾਂ ਦੀ ਸਾਂਝ ਦੀ ਮਿਸਾਲ ਹੋਰ ਕਿਤੇ ਨਹੀਂ ਮਿਲ ਸਕਦੀ। ਸਾਰੇ ਗੁਰੂ ਸਾਹਿਬਾਨ ਤਾਂ ਗੁਣਾਂ ਦੇ ਮੁਜਸਮੇਂ ਸਨ ਹੀ, ਉਨ੍ਹਾਂ ਦੇ ਨਾਲ ਹੋਰ ਜਿਥੋਂ ਵੀ ਇਲਾਹੀ ਗੁਣ ਪ੍ਰਗਟ ਹੋਏ ਮਿਲੇ, ਉਨ੍ਹਾਂ ਨੂੰ ਗੁਰਬਾਣੀ ਰੂਪ ਵਿੱਚ ਗੁਰੂ ਗ੍ਰੰਥ ਸਾਹਿਬ

ਅੰਦਰ ਸਮੇਟ ਲਿਆ। ਇਸ ਦੁਨਿਆਵੀ ਵਿਹਾਰ ਦੀ ਬਿਲਕੁਲ ਕੋਈ ਪਰਵਾਹ ਨਹੀਂ ਕੀਤੀ ਕਿ ਉਨ੍ਹਾਂ ਨੂੰ ਉਚਾਰਨ ਕਰਨ ਵਾਲਾ ਕਿਸ ਕੌਮ, ਜਾਤ, ਵਰਣ, ਭਾਸ਼ਾ ਜਾਂ ਇਲਾਕੇ ਨਾਲ ਸਬੰਧ ਰਖਦਾ ਹੈ। ਸਿਰਫ ਇਕੋ ਗੱਲ ਦੀ ਪਰਖ ਕੀਤੀ ਕਿ ਵਿਚਾਧਾਰਾ ਗੁਰੂ ਨਾਨਕ ਪਾਤਿਸ਼ਾਹ ਦੀ ਅਲੌਕਿਕ ਵਿਚਾਰਧਾਰਾ ਨਾਲ ਮੇਲ ਖਾਣੀ ਚਾਹੀਦੀ ਹੈ। ਸਿੱਖ ਕੌਮ ਦੀ ਹਰ ਸੰਸਥਾ ਵੀ ਗੁਣਾਂ ਦੇ ਅਧਾਰ 'ਤੇ ਹੀ ਸਥਾਪਤ ਕੀਤੀ ਗਈ ਹੈ। ਅਸੀਂ ਆਪਣੀ ਬਿਬੇਕ ਬੁੱਧੀ ਦੁਆਰਾ ਆਪਣੀਆਂ ਸੰਸਥਾਵਾਂ ਦੇ ਹਰ ਵਰਤਾਰੇ ਵਿੱਚੋਂ ਗੁਣਾਂ ਦੀ ਭਾਲ ਕਰਕੇ ਆਪਣੇ ਜੀਵਨ ਨੂੰ ਸ਼ਿੰਗਾਰਨਾ ਹੈ।

ਆਓ ! ਖੰਡੇ ਬਾਟੇ ਦੀ ਪਾਹੁਲ ਦੇ ਵਰਤਾਰੇ ਵਿੱਚੋਂ ਵੀ ਸਤਿਗੁਰੂ ਵਲੋਂ ਸਮੋਏ ਪਾਵਨ ਗੁਣਾਂ ਦੀ ਭਾਲ ਕਰਦੇ ਹਾਂ। ਅੱਜ ਸਿੱਖ ਕੌਮ ਅੰਦਰ ਪਾਹੁਲ ਛਕਾਉਣ ਦੀ ਸਾਰੀ ਕਿਰਿਆ ਸਿੱਖ ਰਹਿਤ ਮਰਯਾਦਾ ਅਨੁਸਾਰ ਨਿਭਾਈ ਜਾਂਦੀ ਹੈ, ਇਸ ਲਈ ਅਸੀਂ ਆਪਣੀ ਵਿਚਾਰ ਦਾ ਆਧਾਰ ਸਿੱਖ ਰਹਿਤ ਮਰਯਾਦਾ ਅੰਦਰ ਦਿੱਤੀਆਂ ਮੱਦਾਂ ਨੂੰ ਹੀ ਬਣਾਵਾਂਗੇ। ਇਸ ਵਿੱਚ ਜਿਥੇ ਗੁਰਮਤਿ ਅਨੁਸਾਰੀ ਮੱਦਾਂ ਦੀ ਕੁਝ ਵਿਆਖਿਆ ਕਰਾਂਗੇ, ਉਥੇ ਜੋ ਕੁਝ ਮੱਦਾਂ ਗੁਰਮਤਿ ਦੀ ਕਸਵੱਟੀ ਤੇ ਖਰੀਆਂ ਨਹੀਂ ਉੱਤਰਦੀਆਂ, ਉਨ੍ਹਾਂ ਦੀ ਵਿਚਾਰ ਵੀ ਕਰਾਂਗੇ। ਸਭ ਤੋਂ ਪਹਿਲਾਂ ਗੱਲ ਕਰਦੇ ਹਾਂ, ਪਾਹੁਲ ਤਿਆਰ ਕਰਨ ਦੀ ਵਿਧੀ ਦੀ।

ਪਾਹੁਲ ਤਿਆਰ ਕਰਨ ਅਤੇ ਛਕਾਉਣ ਦੀ ਮਰਯਾਦਾ

ਹਰ ਸੰਸਥਾ ਨੂੰ ਇਕ ਨੇਮ ਵਿੱਚ ਬੰਨਣਾ ਜ਼ਰੂਰੀ ਹੁੰਦਾ ਹੈ, ਇਸ ਲਈ ਖੰਡੇ ਬਾਟੇ ਦੀ ਪਾਹੁਲ ਤਿਆਰ ਕਰਨ ਲਈ ਵੀ ਇਕ ਨੇਮਬੱਧ ਮਰਯਾਦਾ ਬਣਾਈ ਗਈ ਹੈ। ਇਸ ਮਰਯਾਦਾ ਨੂੰ ਲੜੀ ਵਾਰ ਵਿਚਾਰਣ ਤੋਂ ਪਹਿਲਾਂ ਮੈਂ ਇਕ ਗੱਲ ਸਪੱਸ਼ਟ ਕਰ ਦੇਣਾ ਚਾਹੁੰਦਾ ਹਾਂ, ਕਿ ਇਹ ਮਰਯਾਦਾ, ਸਿੱਖ ਰਹਿਤ ਮਰਯਾਦਾ ਦਾ ਹਿੱਸਾ ਹੈ ਅਤੇ ਸਿੱਖ ਰਹਿਤ ਮਰਯਾਦਾ ਬਨਾਉਣ ਵਾਲੀ ਰਹੁ ਰੀਤ ਕਮੇਟੀ ਦੁਆਰਾ ਹੀ ਤਿਆਰ ਕੀਤੀ ਗਈ ਹੈ। ਇਹ ਕਹਿਣਾ ਕਿ ਇਹ ਮਰਯਾਦਾ ਇੰਨ ਬਿੰਨ ਉਹੀ ਹੈ, ਜੋ ਪਾਹੁਲ ਦੀ ਬਖਸ਼ਿਸ਼ ਕਰਨ ਸਮੇਂ ਗੁਰੂ ਗੋਬਿੰਦ ਸਿੰਘ ਸਾਹਿਬ ਨੇ ਨਿਭਾਈ ਸੀ ਅਤੇ ਸੀਨਾ ਬਸੀਨਾ ਚਲੀ ਆਉਂਦੀ ਹੈ, ਬਿਲਕੁਲ ਹੀ ਗ਼ਲਤ ਹੈ। ਗੁਰੂ ਗੋਬਿੰਦ ਸਿੰਘ ਪਾਤਿਸ਼ਾਹ ਦੇ ਅਕਾਲ ਚਲਾਣੇ ਤੋਂ ਬਾਅਦ, ਵਿਸ਼ੇਸ਼ ਕਰਕੇ ਬਾਬਾ ਬੰਦਾ ਸਿੰਘ ਬਹਾਦੁਰ ਦੀ ਸ਼ਹਾਦਤ ਤੋਂ ਬਾਅਦ, ਸਿੱਖ ਕੌਮ ਨੂੰ ਲੰਮਾਂ ਸਮਾਂ ਜੰਗਾਂ ਜੁੱਧਾਂ ਵਿੱਚ ਬਤੀਤ ਕਰਨਾ ਪਿਆ। ਖਾਲਸਾ ਘਰ-ਬਾਰ ਛੱਡ ਕੇ, ਕਈ ਜਥਿਆਂ ਵਿੱਚ ਵੰਡ ਕੇ ਜੰਗਲ ਬੇਲਿਆਂ ਵਿੱਚ ਭਟਕਦਾ ਰਿਹਾ। ਇਨ੍ਹਾਂ ਜਥਿਆਂ ਦਾ ਕਈ ਵਾਰੀ ਲੰਮਾ-ਲੰਮਾ ਸਮਾਂ ਆਪਸ ਵਿੱਚ ਮੇਲ ਮਿਲਾਪ ਵੀ ਨਹੀਂ ਸੀ ਹੁੰਦਾ। ਉਸੇ ਸਮੇਂ ਵੱਖ-ਵੱਖ ਜਥਿਆਂ ਵਿੱਚ ਅਲੱਗ ਅਲੱਗ ਮਰਯਾਦਾ ਪ੍ਰਚਲਤ ਹੋ ਗਈਆਂ। ਇਹ ਵਖਰੇਵਾਂ ਪੁਰਾਤਨ ਕਹੇ ਜਾਣ ਵਾਲੇ ਅਲੱਗ-ਅਲੱਗ ਰਹਿਤਨਾਮਿਆਂ ਵਿੱਚੋਂ ਵੀ ਸਪੱਸ਼ਟ ਨਜ਼ਰ ਆਉਂਦਾ ਹੈ। ਬੇਸ਼ਕ ਇਸ ਨੂੰ ਬਨਾਉਣ ਸਮੇਂ ਕਮੇਟੀ ਨੇ ਇਹ ਕੋਸ਼ਿਸ਼ ਕੀਤੀ ਹੋਵੇਗੀ ਕਿ ਇਸ ਦਾ ਸਰੂਪ ਉਹੀ ਹੋਵੇ ਜੋ ਸਤਿਗੁਰੂ ਨੇ ਬਣਾਇਆ ਸੀ, ਪਰ ਇਸ ਦੀਆਂ ਕਈ ਮੱਦਾਂ ਤੋਂ, ਉਨ੍ਹਾਂ ਉਪਰ ਭਾਰਤੀ ਬ੍ਰਾਹਮਣਵਾਦੀ ਮਹੌਲ ਦਾ ਅਸਰ ਅਤੇ ਪੁਰਾਤਨ ਕਹੇ ਜਾਣ ਵਾਲੇ ਰਹਿਤਨਾਮਿਆਂ ਦਾ ਅਸਰ ਸਪੱਸ਼ਟ ਨਜ਼ਰ ਆਉਂਦਾ ਹੈ ਅਤੇ ਇਸ ਮਰਯਾਦਾ ਦੀਆਂ ਕੁਝ ਮੱਦਾਂ ਨੂੰ ਸਾਡੇ ਡੇਰਿਆਂ, ਸੰਪਰਦਾਵਾਂ ਅਤੇ ਸਨਾਤਨੀ ਸੋਚ ਵਾਲੇ ਸਿੱਖਾਂ ਨੇ ਆਪਣੀ ਸਮਝ ਮੁਤਾਬਕ ਬ੍ਰਾਹਮਣੀ ਰੰਗਤ ਵਿੱਚ ਰੰਗ ਲਿਆ ਹੈ।

ਸਿੱਖ ਰਹਿਤ ਮਰਯਾਦਾ ਦੇ ਪੰਥਕ ਰਹਿਣੀ ਭਾਗ ਦੇ ਦੂਜੇ ਹਿੱਸੇ, 'ਅੰਮ੍ਰਿਤ ਸੰਸਕਾਰ ਦੀ ਮੱਦ (ੳ) ਵਿੱਚ ਲਿਖਿਆ ਹੈ: 'ਅੰਮ੍ਰਿਤ ਛਕਾਣ ਲਈ ਇਕ ਖਾਸ ਅਸਥਾਨ 'ਤੇ ਪ੍ਰਬੰਧ ਹੋਵੇ। ਉਥੇ ਆਮ ਲੋਕਾਂ ਦਾ ਲਾਂਘਾ ਨਾ ਹੋਵੇ'।

ਇਹ ਮੱਦ ਆਪਣੇ ਆਪ ਵਿੱਚ ਇਤਨੀ ਸਪੱਸ਼ਟ ਹੈ ਕਿ ਇਸ ਵਿੱਚ ਕਿਸੇ ਵਿਆਖਿਆ ਅਤੇ ਵਿਚਾਰ ਦੀ ਕੋਈ ਲੋੜ ਨਹੀਂ ਭਾਸਦੀ। ਜਿਥੇ ਕੁਝ ਗੁਰਸਿੱਖਾਂ ਨੂੰ ਗੁਰਮਤਿ ਗਾਡੀ-ਰਾਹ ਦਾ ਪਾਂਧੀ ਬਣਾਇਆ ਜਾਣਾ ਹੈ, ਜਿਥੇ ਉਨ੍ਹਾਂ ਆਪਣਾ ਜੀਵਨ ਗੁਰੂ ਨੂੰ ਸਮਰਪਤ ਕਰਨਾ ਹੈ, ਉਹ ਸਥਾਨ ਨਿਵੇਕਲਾ ਅਤੇ ਸ਼ਾਂਤ ਹੀ ਹੋਣਾ ਚਾਹੀਦਾ ਹੈ।

'ਅੰਮ੍ਰਿਤ ਸੰਸਕਾਰ ਦੀ ਮੱਦ (ਅ) ਵਿੱਚ ਲਿਖਿਆ ਹੈ: ਉਥੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪਰਕਾਸ਼ ਹੋਵੇ। ਘੱਟ ਤੋਂ ਘੱਟ ਛੇ ਤਿਆਰ-ਬਰ-ਤਿਆਰ ਸਿੰਘ ਹਾਜ਼ਰ ਹੋਣ, ਜਿਨ੍ਹਾਂ 'ਚੋਂ ਇਕ ਤਾਬਿਆ ਬੈਠੇ ਤੇ ਬਾਕੀ ਪੰਜ ਅੰਮ੍ਰਿਤ ਛਕਾਣ ਲਈ ਹੋਣ। ਇਨ੍ਹਾਂ ਵਿੱਚ ਸਿੰਘਣੀਆਂ ਭੀ ਹੋ ਸਕਦੀਆਂ ਹਨ। ਇਨ੍ਹਾਂ ਨੇ ਕੇਸੀਂ ਇਸ਼ਨਾਨ ਕੀਤਾ ਹੋਵੇ।'

ਪਾਹੁਲ ਛਕਣ ਵਾਲੇ ਪ੍ਰਾਣੀਆਂ ਨੇ ਜਿਸ ਗੁਰੂ ਦੇ ਲੜ ਲਗਣਾ ਹੈ, ਜਿਸ ਸਤਿਗੁਰੂ ਨੂੰ

ਆਪਣਾ ਜੀਵਨ ਸਮਰਪਣ ਕਰਨ ਦਾ ਪ੍ਰਣ ਕਰਨਾ ਹੈ, ਉਨ੍ਹਾਂ ਦਾ ਪ੍ਰਕਾਸ਼ ਤਾਂ ਹੋਣਾ ਹੀ ਚਾਹੀਦਾ ਹੈ। ਇਤਨਾ ਮਹੱਤਵ ਪੂਰਨ ਸਮਾਗਮ ਸਤਿਗੁਰੂ ਦੀ ਹਜ਼ੂਰੀ ਤੋਂ ਬਿਨਾਂ ਹੋ ਹੀ ਨਹੀਂ ਸਕਦਾ। ਇਸ ਦੀ ਅਗਲੀ ਗੱਲ ਵੀ ਬਹੁਤ ਜ਼ਰੂਰੀ ਹੈ ਕਿ ਘੱਟ-ਘੱਟ ਛੇ ਤਿਆਰ-ਬਰ-ਤਿਆਰ ਸਿੰਘ ਹਾਜ਼ਰ ਹੋਣ, ਕਿਉਂਕਿ ਮਰਯਾਦਾ ਅਨੁਸਾਰ ਪਾਹੁਲ ਛਕਾਉਣ ਵਾਸਤੇ ਪੰਜ ਸਿੰਘ ਚਾਹੀਦੇ ਹੀ ਹਨ ਅਤੇ ਸਤਿਗੁਰੂ ਦੀ ਤਾਬਿਆ ਵਾਸਤੇ ਵੀ ਇਕ ਸਿੰਘ ਜ਼ਰੂਰੀ ਹੈ। ਬਲਕਿ ਜੇ ਇਕ ਦੋ ਹੋਰ ਵਧੇਰੇ ਹੋਣ ਤਾਂ ਹੋਰ ਵੀ ਚੰਗਾ ਹੈ, ਤਾਂ ਕਿ ਇਕ ਜਾਂ ਦੋ ਸਿੰਘ ਬਾਹਰ ਪਹਿਰੇ ਤੇ ਬਿਠਾਏ ਜਾ ਸਕਣ ਕਿ ਕੋਈ ਇਤਨੇ ਮਹੱਤਵ ਪੂਰਨ ਸਮਾਗਮ ਵਿੱਚ ਕਿਸੇ ਤਰ੍ਹਾਂ ਦਾ ਵਿਘਨ ਨਾ ਪਾ ਸਕੇ। ਹਰ ਹਾਲਤ ਵਿੱਚ ਛੇ ਤਾਂ ਜ਼ਰੂਰੀ ਹੀ ਹਨ। ਇਸ ਦੇ ਨਾਲ ਇਕ ਬਹੁਤ ਸਿਧਾਂਤਕ ਗੱਲ ਲਿਖੀ ਹੈ ਕਿ 'ਇਨ੍ਹਾਂ ਵਿੱਚ ਸਿੰਘਣੀਆਂ ਭੀ ਹੋ ਸਕਦੀਆਂ ਹਨ'। ਸਿੱਖ ਕੌਮ ਵਿੱਚ ਔਰਤ ਨੂੰ ਬਰਾਬਰ ਦਾ ਸਤਿਕਾਰ ਅਤੇ ਸਥਾਨ ਦਿੱਤਾ ਗਿਆ ਹੈ। ਇਥੇ ਜੇ ਜ਼ਾਤਪਾਤ ਦਾ ਕੋਈ ਵਿਤਕਰਾ ਨਹੀਂ ਤਾਂ ਲਿੰਗ-ਭੇਦ ਦਾ ਵੀ ਕੋਈ ਭੇਦਭਾਵ ਨਹੀਂ, ਸੋ ਰਹੁਰੀਤ ਕਮੇਟੀ ਦਾ ਇਹ ਨਿਰਣਾ ਤਾਂ ਬਿਲਕੁਲ ਗੁਰਮਤਿ ਅਨੁਸਾਰੀ ਹੈ ਪਰ ਇਹ ਅਤਿ ਮੰਦਭਾਗੀ ਗੱਲ ਹੈ ਕਿ ਇਸ ਮੱਦ ਨੂੰ ਲਾਗੂ ਕਰਾਉਣ ਦੇ ਕੋਈ ਉਪਰਾਲੇ ਨਹੀਂ ਕੀਤੇ ਗਏ। ਹੋਰ ਤਾਂ ਹੋਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਖ ਕਮੇਟੀ ਜਿਸ ਉਤੇ ਇਸ ਮਰਯਾਦਾ 'ਤੇ ਪਹਿਰਾ ਦੇਣ ਦੀ ਸਭ ਤੋਂ ਵੱਧ ਜ਼ਿਮੇਂਵਾਰੀ ਹੈ, ਉਹ ਵੀ ਛਾਪਣ ਤੱਕ ਹੀ ਸੀਮਤ ਹੈ, ਉਨ੍ਹਾਂ ਅੱਜ ਤੱਕ ਪਾਹੁਲ ਛਕਾਉਣ ਵਾਲੀ ਆਪਣੀ ਕਿਸੇ ਟੀਮ ਵਿੱਚ, ਕਦੇ ਕਿਸੇ ਸਿੰਘਣੀ ਨੂੰ ਸ਼ਾਮਲ ਨਹੀਂ ਕੀਤਾ। ਜਿਨ੍ਹਾਂ ਲੀਹਾਂ ਪਾਉਣੀਆਂ ਸਨ, ਉਨ੍ਹਾਂ ਸ਼ੁਰੂਆਤ ਹੀ ਨਹੀਂ ਕੀਤੀ ਤਾਂ ਅੱਗੋਂ ਮਰਯਾਦਾ ਕਿਥੋਂ ਚਲਣੀ ਸੀ। ਇਤਨਾ ਹੀ ਨਹੀਂ ਅਖੌਤੀ ਟਕਸਾਲ ਸਮੇਤ, ਸਾਰਾ ਬਾਬਾ ਲ਼ਾਣਾ ਇਸ ਦਾ ਖੁੱਲ ਕੇ ਵਿਰੋਧ ਕਰਦਾ ਹੈ। ਉਨ੍ਹਾਂ ਤੇ ਜੋ ਬਿਪਰਵਾਦੀ ਪ੍ਰਭਾਵ ਇਤਨਾ ਭਾਰੂ ਹੈ, ਸਿੱਖ ਕੌਮ ਤੇ ਇਸ ਨੂੰ ਜ਼ਬਰਦਸਤੀ ਲੱਦਣਾ ਚਾਹੁੰਦੇ ਹਨ। ਇਸ ਗੱਲ ਦੀ ਵੱਡੀ ਲੋੜ ਹੈ ਕਿ ਪਾਹੁਲ ਛਕਾਉਣ ਦੇ ਹਰ ਸਮਾਗਮ ਵਿੱਚ ਸੇਵਾ ਨਿਭਾਉਣ ਲਈ ਕੁਝ ਬੀਬੀਆਂ ਨੂੰ ਲਾਜ਼ਮੀਂ ਸ਼ਾਮਲ ਕੀਤਾ ਜਾਵੇ, ਤਾਂਕਿ ਕੌਮ ਵਿੱਚ ਔਰਤ ਪ੍ਰਤੀ ਭਾਰੂ ਹੋ ਰਹੀ ਗਲਤ, ਬ੍ਰਾਹਮਣੀ ਸੋਚ ਨੂੰ ਮੋੜਾ ਪੈ ਸਕੇ।

ਇਸ ਮੱਦ ਵਿੱਚ ਅਗੋਂ ਲਿਖਿਆ ਹੈ, 'ਇਨ੍ਹਾਂ ਨੇ ਕੇਸੀਂ ਇਸ਼ਨਾਨ ਕੀਤਾ ਹੋਵੇ।'

ਅੰਮ੍ਰਿਤ ਸੰਸਕਾਰ ਦੇ (ਸ) ਮਦ ਵਿੱਚ ਵੀ ਲਿਖਿਆ ਹੈ ਕਿ, 'ਅੰਮ੍ਰਿਤ ਛਕਣ ਵਾਲੇ ਹਰੇਕ ਪ੍ਰਾਣੀ ਨੇ ਕੇਸੀਂ ਇਸ਼ਨਾਨ ਕੀਤਾ ਹੋਵੇ'....। ਸੋ ਇਸ ਦੀ ਵਿਚਾਰ ਹੇਠਾਂ (ਸ) ਮੱਦ ਦੀ ਵਿਚਾਰ ਦੇ ਨਾਲ ਹੀ ਕਰਾਂਗੇ।

ਅੰਮ੍ਰਿਤ ਸੰਸਕਾਰ ਦੇ (ੲ) ਮਦ ਵਿੱਚ ਵੀ ਲਿਖਿਆ ਹੈ: 'ਇਨ੍ਹਾਂ ਪੰਜ ਪਿਆਰਿਆਂ ਵਿੱਚ ਕੋਈ ਅੰਗ-ਹੀਣ(ਅੰਨ੍ਹਾਂ, ਕਾਣਾ, ਲੰਙਾ. ਲੂਲਾ ਜਾਂ ਦੀਰਘ ਰੋਗ ਵਾਲਾ) ਨਾ ਹੋਵੇ। ਕੋਈ ਤਨਖਾਹੀਆ ਨਾ ਹੋਵੇ। ਸਾਰੇ ਤਿਆਰ-ਬਰ-ਤਿਆਰ ਦਰਸ਼ਨੀ ਸਿੰਘ ਹੋਣ।'

ਹਾਲਾਂਕਿ ਗੁਰਮਤਿ ਅਨੁਸਾਰ ਤਾਂ ਪਹਿਲੇ ਭਾਗ ਕਿ ਕੋਈ ਅੰਗ-ਹੀਣ ਨਾ ਹੋਵੇ, ਦੀ ਕੋਈ ਮਹੱਤਤਾ ਨਹੀਂ ਜਾਪਦੀ, ਪਰ ਸਮਾਗਮ ਦੀ ਮਹੱਤਤਾ ਵੇਖਦੇ ਹੋਏ ਗੱਲ ਤਰਕ ਸੰਗਤ ਲਗਦੀ ਹੈ। ਐਸੇ ਲਾਸਾਨੀ ਸਮਾਗਮ ਨੂੰ ਨਿਭਾਉਣ ਵਾਲੇ ਦਰਸ਼ਨੀ ਸਿੰਘ ਹੀ ਹੋਣੇ ਚਾਹੀਦੇ ਹਨ, ਕਿਉਂਕਿ ਪਾਹੁਲ ਛਕਣ ਵਾਲਿਆਂ ਤੇ ਇਸ ਦਾ ਮਾਨਸਿਕ ਪ੍ਰਭਾਵ ਵੀ ਪੈਂਦਾ ਹੈ। ਦੂਸਰਾ ਭਾਗ ਕਿ ਕੋਈ ਤਨਖਾਹੀਆ ਨਾ ਹੋਵੇ, ਬਹੁਤ ਮਹੱਤਵ ਪੂਰਨ ਹੈ। ਤਨਖਾਹੀਆ

ਦਾ ਭਾਵ ਹੈ ਐਸਾ ਵਿਅਕਤੀ, ਜਿਸ ਪਾਹੁਲ ਛੱਕ ਕੇ ਕੋਈ ਭੁੱਲ ਕੀਤੀ ਹੈ ਅਤੇ ਤਨਖਾਹ ਭੁਗਤ ਕੇ ਭੁੱਲ ਨਹੀਂ ਬਖਸ਼ਾਈ । ਜਿਸ ਆਪ ਹੀ ਮਰਯਾਦਾ ਨਹੀਂ ਨਿਭਾਈ, ਉਹ ਦੂਸਰਿਆਂ ਨੂੰ ਪਾਹੁਲ ਛਕਾਉਣ ਜਾਂ ਮਰਯਾਦਾ ਦ੍ਰਿੜ ਕਰਾਉਣ ਦਾ ਕੀ ਹੱਕ ਰਖਦਾ ਹੈ?

ਸਿੱਖ ਰਹਿਤ ਮਰਯਾਦਾ ਦੇ ਪੰਥਕ ਰਹਿਣੀ ਦੇ ਭਾਗ ਅੰਮ੍ਰਿਤ ਸੰਸਕਾਰ ਦੇ (ਸ) ਮਦ ਵਿੱਚ ਲਿਖਿਆ ਹੈ: 'ਹਰ ਦੇਸ਼ ਹਰ ਮਜ਼ਬ ਤੇ ਜਾਤੀ ਦੇ ਹਰ ਇਸਤ੍ਰੀ ਪੁਰਸ਼ ਨੂੰ ਅੰਮ੍ਰਿਤ ਛਕਣ ਦਾ ਅਧਿਕਾਰ ਹੈ, ਜੋ ਸਿੱਖ ਧਰਮ ਗ੍ਰਹਿਣ ਕਰਨ 'ਤੇ ਉਸ ਦੇ ਅਸੂਲਾਂ ਉਪਰ ਚਲਣ ਦਾ ਪ੍ਰਣ ਕਰੇ।

ਬਹੁਤ ਛੋਟੀ ਅਵਸਥਾ ਦਾ ਨਾ ਹੋਵੇ, ਹੋਸ਼ ਸੰਭਾਲੀ ਹੋਵੇ, ਅੰਮ੍ਰਿਤ ਛਕਣ ਵਾਲੇ ਹਰੇਕ ਪ੍ਰਾਣੀ ਨੇ ਕੇਸੀਂ ਇਸ਼ਨਾਨ ਕੀਤਾ ਹੋਵੇ ਅਤੇ ਹਰ ਇਕ ਪੰਜ ਕਕਾਰ(ਕੇਸ, ਕ੍ਰਿਪਾਨ ਗਾਤਰੇ ਵਾਲੀ, ਕਛਹਿਰਾ, ਕੰਘਾ, ਕੜਾ) ਦਾ ਧਾਰਨੀ ਹੋਵੇ। ਅਨਮਤ ਦਾ ਕੋਈ ਚਿੰਨ੍ਹ ਨਾ ਹੋਵੇ, ਸਿਰ ਨੰਗਾ ਜਾਂ ਟੋਪੀ ਨਾ ਹੋਵੇ, ਛੇਦਕ ਗਹਿਣੇ ਕੋਈ ਨਾ ਹੋਣ। ਅਦਬ ਨਾਲ ਸ੍ਰੀ ਗੁਰੂ ਜੀ ਦੇ ਹਜ਼ੂਰ ਖੜੇ ਹੋਣ।'

ਇਸ ਮੱਦ ਦਾ ਪਹਿਲਾ ਭਾਗ ਕਿ 'ਹਰ ਦੇਸ਼ ਹਰ ਮਜ਼ਬ ਤੇ ਜਾਤੀ ਦੇ ਹਰ ਇਸਤ੍ਰੀ ਪੁਰਸ਼ ਨੂੰ ਅੰਮ੍ਰਿਤ ਛਕਣ ਦਾ ਅਧਿਕਾਰ ਹੈ, ਜੋ ਸਿੱਖ ਧਰਮ ਗ੍ਰਹਿਣ ਕਰਨ 'ਤੇ ਉਸ ਦੇ ਅਸੂਲਾਂ ਉਪਰ ਚਲਣ ਦਾ ਪ੍ਰਣ ਕਰੇ', ਕਾਫੀ ਸਪੱਸ਼ਟਤਾ ਮੰਗਦਾ ਹੈ। ਇਹ ਠੀਕ ਹੈ ਕਿ ਸਿੱਖ ਧਰਮ ਇਕ ਵਿਸ਼ਵ ਧਰਮ ਹੈ ਅਤੇ ਹਰ ਮਨੁੱਖ ਮਾਤਰ ਨੂੰ ਇਸ ਨੂੰ ਧਾਰਨ ਕਰਨ ਦਾ ਪੂਰਾ ਹੱਕ ਹੈ ਪਰ ਇਸ ਪੰਕਤੀ ਤੋਂ ਇੰਝ ਜਾਪਦਾ ਹੈ ਕਿ ਪਾਹੁਲ ਛਕਣ ਨੂੰ ਸਿੱਖੀ ਵਿੱਚ ਦਾਖਲੇ ਦੇ ਰਸਤੇ ਦੇ ਤੌਰ 'ਤੇ ਵਰਤਿਆ ਗਿਆ ਹੈ, ਜਦਕਿ ਜਿਵੇਂ ਉਪਰ ਸਪੱਸ਼ਟ ਕੀਤਾ ਗਿਆ ਹੈ, ਪਹਿਲਾਂ ਸਿੱਖ ਸਿਧਾਂਤਾਂ ਦੀ ਜਾਣਕਾਰੀ ਅਤੇ ਉਨ੍ਹਾਂ ਪ੍ਰਤੀ ਦ੍ਰਿੜਤਾ ਜ਼ਰੂਰੀ ਹੈ। ਇਹ ਕਹਿ ਦੇਣਾ ਕਾਫੀ ਨਹੀਂ ਕਿ ਸਿੱਖ ਧਰਮ ਦੇ ਅਸੂਲਾਂ ਉਪਰ ਚਲਣ ਦਾ ਪ੍ਰਣ ਕਰੇ, ਕਿਉਂਕਿ ਅਸੂਲਾਂ ਉਪਰ ਚੱਲਣ ਲਈ ਅਸੂਲਾਂ ਦੀ ਜਾਣਕਾਰੀ ਹੋਣੀ ਬਹੁਤ ਜ਼ਰੂਰੀ ਹੈ। ਹਾਂ ! ਜਿਨ੍ਹਾਂ ਪਹਿਲਾਂ ਸਿੱਖ ਸਿਧਾਂਤਾਂ ਨੂੰ ਜਾਣ ਲਿਆ ਅਤੇ ਫਿਰ ਪਾਹੁਲ ਛਕੀ, ਉਹ ਬਹੁਤ ਵਧੀਆ ਸਿੱਖ ਸਾਬਤ ਹੋਏ ਅਤੇ ਕੌਮ ਨੂੰ ਵੱਡੀਆਂ ਦੇਣਾਂ ਵੀ ਦਿੱਤੀਆਂ। ਇਨ੍ਹਾਂ ਵਿਚ, ਮਾਸਟਰ ਤਾਰਾ ਸਿੰਘ ਅਤੇ ਗਿਆਨੀ ਭਾਗ ਸਿੰਘ ਅੰਬਾਲਾ ਵਰਗੀਆਂ ਸ਼ਕਸੀਅਤਾ ਦੇ ਨਾਂ ਲਏ ਜਾ ਸਕਦੇ ਹਨ। ਅਜੋਕੇ ਸਮੇਂ ਵਿੱਚ ਵੀ ਇਕ ਫਰਾਂਸੀਸੀ 'ਮਿਸ਼ੇਲ ਰੁਡੇਲ' ਤੋਂ ਸਿੱਖ ਬਣੇ ਦਰਸ਼ਨ ਸਿੰਘ ਨੂੰ ਜਦੋਂ ਮੈਂ ਉਨ੍ਹਾਂ ਦੇ ਸਿੱਖ ਬਣਨ ਬਾਰੇ ਪੁੱਛਿਆ ਤਾਂ ਉਨ੍ਹਾਂ ਇਹੀ ਦਸਿਆ ਕਿ ਪਹਿਲਾਂ ਉਨ੍ਹਾਂ ਸਿੱਖ ਫਲਸਫਾ ਪੜ੍ਹਿਆ, ਜਦੋਂ ਉਹ ਉਸ ਤੋਂ ਬਹੁਤ ਪ੍ਰਭਾਵਤ ਹੋ ਗਏ ਅਤੇ ਸਿੱਖ ਬਣਨ ਦਾ ਮਨ ਬਣਾ ਲਿਆ ਤਾਂ ਪੰਜਾਬੀ ਭਾਸ਼ਾ ਪੜ੍ਹੀ, ਗੁਰਬਾਣੀ ਰਾਹੀਂ ਸਿੱਖ ਸਿਧਾਂਤ ਅਤੇ ਇਤਿਹਾਸ ਪੜ੍ਹਿਆ। ਮਨ ਪੱਕਾ ਕਰ ਕੇ ਕੇਸ ਵਧਾਏ ਅਤੇ ਫਿਰ ਪਾਹੁਲ ਛਕੀ। ਅੱਜ ਉਹ ਵਧੀਆ ਸਿੱਖ ਦੇ ਤੌਰ 'ਤੇ ਅਨੰਦਪੁਰ ਤੋਂ ਅੱਠ ਦਸ ਕਿਲੋਮੀਟਰ ਦੂਰ ਨੂਰਪੁਰ ਬੇਦੀ ਕੋਲ ਆਪਣੀ ਖੇਤੀ ਬਾੜੀ ਦੀ ਕਿਰਤ ਕਰਦੇ ਹਨ। ਜਿਸ ਮਿਹਨਤ, ਲਗਨ ਅਤੇ ਇਮਾਨਦਾਰੀ ਨਾਲ ਉਹ ਆਪਣੀ ਕਿਰਤ ਅਤੇ ਪਰਿਵਾਰਕ ਫਰਜ਼ ਨਿਭਾਉਂਦੇ ਹਨ, ਉਹ ਆਪਣੇ ਆਪ ਵਿੱਚ ਦੂਸਰਿਆਂ ਵਾਸਤੇ ਇਕ ਪ੍ਰੇਰਨਾ ਸਰੋਤ ਹੈ।

ਇਸੇ ਤਰ੍ਹਾਂ ਇੰਗਲੈਂਡ ਦੀ ਰਹਿਣ ਵਾਲੀ ਇਕ ਬੀਬੀ ਹਰਸਿਮਰਤ ਕੌਰ ਹੈ, ਜਿਸਦਾ ਪਹਿਲਾ ਨਾਂ ਨੈਨਸੀ ਸੀ। ਇਸ ਨੇ ਵੀ ਇਹੀ ਦੱਸਿਆ ਕਿ ਉਸ ਨੇ ਪਹਿਲਾਂ ਪੰਜਾਬੀ ਪੜ੍ਹੀ।

ਉਸ ਰਾਹੀਂ ਗੁਰਬਾਣੀ ਪੜ੍ਹੀ ਅਤੇ ਸਮਝੀ। ਗੁਰਬਾਣੀ ਦੇ ਅਲੌਕਿਕ ਗਿਆਨ ਨਾਲ ਜੀਵਨ ਨੂੰ ਸਰੋਸ਼ਾਰ ਕਰਕੇ, ਫਿਰ ਪਾਹੁਲ ਛਕੀ। ਇਹ ਬੀਬੀ ਜਦੋਂ ਗਟਾਰ ਵਜਾ ਕੇ ਕੀਰਤਨ ਕਰਦੀ ਹੈ, ਤਾਂ ਸੁਣਨ ਅਤੇ ਵੇਖਣ ਵਾਲਾ ਨਜ਼ਾਰਾ ਹੁੰਦਾ ਹੈ। ਜਿਤਨੀ ਗੁਰਬਾਣੀ ਇਸ ਬੀਬੀ ਨੂੰ ਕੰਠ ਹੈ, ਵਿਰਲੇ ਸਿੱਖਾਂ ਨੂੰ ਹੁੰਦੀ ਹੈ, ਇਥੋਂ ਤੱਕ ਕਿ ਸਹਿਸਕ੍ਰਿਤੀ ਦੇ ਸਲੋਕ ਵੀ ਬੜੇ ਸਹਿਜ ਨਾਲ ਸੁਣਾਉਂਦੀ ਹੈ।

ਇਹੀ ਸਹੀ ਤਰੀਕਾ ਹੈ। ਰਹਿਤ ਮਰਯਾਦਾ ਦੀਆਂ, ਇਨ੍ਹਾਂ ਪੰਕਤੀਆਂ ਵਿੱਚ ਵੀ ਸਪੱਸ਼ਟ ਕਰਨਾ ਚਾਹੀਦਾ ਹੈ ਕਿ ਜੋ ਸਿੱਖ ਧਰਮ ਗ੍ਰਹਿਣ ਕਰਨਾ ਚਾਹੁੰਦਾ ਹੈ, ਉਹ ਕੁਝ ਸਮਾਂ ਸਤਿਸੰਗਤ ਕਰਕੇ ਅਤੇ ਗੁਰਬਾਣੀ ਪੜ੍ਹ, ਵਿਚਾਰ ਕੇ ਸਿੱਖ ਸਿਧਾਤਾਂ ਨੂੰ ਸਮਝੇ, ਅਪਨਾਵੇ ਅਤੇ ਤਿਆਰੀ ਕਰਕੇ ਫਿਰ ਪਾਹੁਲ ਛਕੇ। ਇਸ ਤੋਂ ਅਗਲੀ ਗੱਲ ਵੀ ਇਸੇ ਅਧੀਨ ਆ ਜਾਂਦੀ ਹੈ ਕਿ ਬਹੁਤ ਛੋਟੀ ਅਵਸਥਾ ਦਾ ਨਾ ਹੋਵੇ, ਹੋਸ਼ ਸੰਭਾਲੀ ਹੋਵੇ, ਤਾਂ ਕਿ ਗੁਰਮਤਿ ਸਿਧਾਂਤਾਂ ਨੂੰ ਸਮਝਣ ਦੇ ਕਾਬਲ ਹੋ ਜਾਵੇ। ਪਹਿਲਾਂ ਤਾਂ ਪਾਹੁਲ ਛਕਣ ਦਾ ਭਾਵ ਸਮਝਦਾ ਹੋਵੇ, ਸਿਧਾਂਤਾਂ ਤੇ ਪਹਿਰਾ ਦੇਣ ਅਤੇ ਮਰਯਾਦਾ ਨਿਭਾਉਣ ਦੇ ਸਮਰੱਥ ਹੋਵੇ।

ਕੇਸੀਂ ਇਸ਼ਨਾਨ

ਇਸ ਪੰਕਤੀ ਦਾ ਅਗਲਾ ਭਾਗ ਹੈ, 'ਅੰਮ੍ਰਿਤ ਛਕਣ ਵਾਲੇ ਹਰੇਕ ਪ੍ਰਾਣੀ ਨੇ ਕੇਸੀਂ ਇਸ਼ਨਾਨ ਕੀਤਾ ਹੋਵੇ'....। (ਅ) ਮੱਦ ਵਿੱਚ ਵੀ ਆਇਆ ਸੀ ਕਿ ਪਾਹੁਲ ਛਕਾਉਣ ਵਾਲੇ ਪੰਜ ਪਿਆਰਿਆਂ ਨੇ ਕੇਸੀਂ ਇਸ਼ਨਾਨ ਕੀਤਾ ਹੋਵੇ। ਇਸ ਗੱਲ ਨੂੰ ਗੁਰਮਤਿ ਦੀ ਕਸਵੱਟੀ ਤੇ ਵਿਚਾਰਨ ਦੀ ਲੋੜ ਹੈ।

ਇਸ ਵਿੱਚ ਕੋਈ ਸ਼ਕ ਨਹੀਂ ਕਿ ਜਿਥੇ ਸਿੱਖ, ਬਲਕਿ ਮੈਂ ਕਹਾਂਗਾ ਹਰ ਮਨੁੱਖ ਨੂੰ ਨੇਮ ਨਾਲ ਰੋਜ਼ ਇਸ਼ਨਾਨ ਕਰਨਾ ਚਾਹੀਦਾ ਹੈ, ਉਥੇ ਸਿੱਖ ਨੂੰ ਹਰ 5-6 ਦਿਨਾਂ ਬਾਅਦ(ਘੱਟੋ ਘੱਟ ਹਫਤੇ ਵਿੱਚ ਇਕ ਵਾਰੀ) ਕੇਸੀਂ ਇਸ਼ਨਾਨ ਵੀ ਜ਼ਰੂਰ ਕਰਨਾ ਚਾਹੀਦਾ ਹੈ। ਇਹ ਇਸ਼ਨਾਨ ਸਰੀਰ ਨੂੰ ਸੁਚੇਤ ਅਤੇ ਸਵਸਥ ਰੱਖਣ ਲਈ ਜ਼ਰੂਰੀ ਹੈ। ਗੁਰਬਾਣੀ ਦਾ ਵੀ ਫੁਰਮਾਨ ਹੈ:

"ਕਰਿ ਇਸਨਾਨੁ ਸਿਮਰਿ ਪ੍ਰਭੁ ਅਪਨਾ ਮਨ ਤਨ ਭਏ ਅਰੋਗਾ ॥"

{ਸੋਰਠਿ ਮਹਲਾ ੫, ਪੰਨਾ ੬੧੧}

(ਹੇ ਭਾਈ ! ਅੰਮ੍ਰਿਤ ਵੇਲੇ) ਇਸ਼ਨਾਨ ਕਰ ਕੇ, ਆਪਣੇ ਪ੍ਰਭੂ ਦਾ ਨਾਮ ਸਿਮਰ ਕੇ ਮਨ ਅਤੇ ਸਰੀਰ ਨਰੋਏ ਹੋ ਜਾਂਦੇ ਹਨ।

ਉਪਰੋਕਤ ਪੰਕਤੀਆਂ ਤੋਂ ਗੱਲ ਬੜੀ ਸਪੱਸ਼ਟ ਹੈ ਕਿ ਨੇਮ ਨਾਲ ਇਸ਼ਨਾਨ ਕੀਤਿਆਂ ਸਰੀਰ ਅਰੋਗ ਰਹੇਗਾ ਅਤੇ ਅਕਾਲ ਪੁਰਖ ਦੀ ਸਿਫਤਿ ਸਾਲਾਹ ਵਿੱਚ ਜੁੜਿਆਂ ਮਨ ਆਰੋਗ ਰਹੇਗਾ। ਬ੍ਰਾਹਮਣ-ਵਾਦੀ ਵਿਚਾਰਧਾਰਾ ਵਿੱਚ ਇਸ਼ਨਾਨ ਕਰਨ ਨੂੰ ਪਵਿਤ੍ਰਤਾ ਹੀ ਸਮਝਿਆ ਜਾਂਦਾ ਸੀ, ਪਰ ਸਤਿਗੁਰੂ ਨੇ ਇਸ ਵਿਚਾਰ ਨੂੰ ਪੂਰਨਤਾ ਰੱਦ ਕਰ ਦਿੱਤਾ ਹੈ। ਸਤਿਗੁਰੂ ਬਖਸ਼ਿਸ਼ ਕਰਦੇ ਸਮਝਾਉਂਦੇ ਹਨ:

"ਸੂਚੇ ਏਹਿ ਨ ਆਖੀਅਹਿ ਬਹਨਿ ਜਿ ਪਿੰਡਾ ਧੋਇ ॥ ਸੂਚੇ ਸੇਈ ਨਾਨਕਾ ਜਿਨ ਮਨਿ ਵਸਿਆ ਸੋਇ ॥੨॥" {ਮ: ੧, ਪੰਨਾ ੪੭੨}

ਅਜੇਹੇ ਮਨੁੱਖ ਸੁੱਚੇ ਨਹੀਂ ਆਖੇ ਜਾਂਦੇ ਜੋ ਨਿਰਾ ਸਰੀਰ ਨੂੰ ਹੀ ਧੋ ਕੇ (ਆਪਣੇ ਵਲੋਂ ਪਵਿੱਤਰ ਬਣ ਕੇ) ਬੈਠ ਜਾਂਦੇ ਹਨ। ਹੇ ਨਾਨਕ! ਕੇਵਲ ਉਹੀ ਮਨੁੱਖ ਸੁੱਚੇ ਹਨ ਜਿਨ੍ਹਾਂ ਦੇ ਮਨ ਵਿੱਚ ਪ੍ਰਭੂ ਵੱਸਦਾ ਹੈ।2।

"ਜਲਿ ਮਲਿ ਕਾਇਆ ਮਾਜੀਐ ਭਾਈ ਭੀ ਮੈਲਾ ਤਨੁ ਹੋਇ ॥"
{ਸੋਰਠਿ ਮਹਲਾ ੧, ਪੰਨਾ ੬੩੭}

ਹੇ ਭਾਈ! ਜੇ ਪਾਣੀ ਨਾਲ ਮਲ ਮਲ ਕੇ ਸਰੀਰ ਨੂੰ ਮਾਂਜੀਏ ਤਾਂ ਭੀ ਸਰੀਰ ਮੈਲਾ ਹੀ ਰਹਿੰਦਾ ਹੈ।

ਭਗਤ ਕਬੀਰ ਜੀ ਤਾਂ ਪਾਣੀ ਨਾਲ ਨਹਾ ਕੇ ਆਪਣੇ ਆਪ ਨੂੰ ਪਵਿੱਤਰ ਸਮਝਣ ਵਾਲਿਆਂ ਨੂੰ ਇਸ ਤਰ੍ਹਾਂ ਸਮਝਾਉਂਦੇ ਹਨ:

"ਜਲ ਕੈ ਮਜਨਿ ਜੇ ਗਤਿ ਹੋਵੈ ਨਿਤ ਨਿਤ ਮੇਂਡੁਕ ਨਾਵਹਿ ॥
ਜੈਸੇ ਮੇਂਡੁਕ ਤੈਸੇ ਓਇ ਨਰ ਫਿਰਿ ਫਿਰਿ ਜੋਨੀ ਆਵਹਿ ॥"
{ਆਸਾ ਕਬੀਰ ਜੀ, ਪੰਨਾ ੪੮੪}

ਪਾਣੀ ਵਿਚ ਚੁੱਭੀ ਲਾਇਆਂ ਜੇ ਮੁਕਤੀ ਮਿਲ ਸਕਦੀ ਹੋਵੇ ਤਾਂ ਡੱਡੂ ਸਦਾ ਹੀ ਨ੍ਹਾਉਂਦੇ ਹਨ। ਜਿਵੇਂ ਉਹ ਡੱਡੂ ਹਨ ਤਿਵੇਂ ਉਹ ਮਨੁੱਖ ਸਮਝੋ; (ਪਰ ਨਾਮ ਤੋਂ ਬਿਨਾ ਉਹ) ਸਦਾ ਜੂਨਾਂ ਵਿਚ ਪਏ ਰਹਿੰਦੇ ਹਨ।

"ਸੰਧਿਆ ਪ੍ਰਾਤ ਇਸ੍ਨਾਨੁ ਕਰਾਹੀ ॥ ਜਿਉ ਭਏ ਦਾਦੁਰ ਪਾਨੀ ਮਾਹੀ ॥"
{ਗਉੜੀ ਕਬੀਰ ਜੀ, ਪੰਨਾ ੩੨੪}

(ਜੋ ਮਨੁੱਖ) ਸਵੇਰੇ ਤੇ ਸ਼ਾਮ ਨੂੰ (ਭਾਵ, ਦੋਵੇਂ ਵੇਲੇ ਨਿਰਾ) ਇਸ਼ਨਾਨ ਹੀ ਕਰਦੇ ਹਨ (ਤੇ ਸਮਝਦੇ ਹਨ ਕਿ ਅਸੀ ਪਵਿੱਤਰ ਹੋ ਗਏ ਹਾਂ, ਉਹ ਇਉਂ ਹਨ) ਜਿਵੇਂ ਪਾਣੀ ਵਿਚ ਡੱਡੂ ਵੱਸ ਰਹੇ ਹਨ।1।

ਅਸਲ ਵਿੱਚ ਪਹਿਲਾਂ ਸਮਝਣ ਵਾਲੀ ਗੱਲ ਤਾਂ ਇਹ ਹੈ ਕਿ ਮੈਲ ਕਿਹੜੀ ਲੱਗੀ ਹੈ ਅਤੇ ਕਿੱਥੇ ਲੱਗੀ ਹੈ? ਇਹ ਸੱਮਝ ਲੱਗ ਜਾਵੇ, ਤਾਂ ਫਿਰ ਹੀ ਇਹ ਵੀ ਵਿਚਾਰਿਆ ਜਾ ਸਕਦਾ ਹੈ ਕਿ ਉਸ ਮੈਲ ਨੂੰ ਸਾਫ ਕਰਨ ਦਾ ਤਰੀਕਾ ਕੀ ਹੈ? ਸਤਿਗੁਰੂ ਬਖਸ਼ਿਸ਼ ਕਰਦੇ ਸਾਨੂੰ ਸਮਝਾਉਂਦੇ ਹਨ:

"ਮਲ ਭਰਮ ਕਰਮ ਅਹੰ ਮਮਤਾ ਮਰਣੁ ਚੀਤਿ ਨ ਆਵਏ ॥ ਬਨਿਤਾ ਬਿਨੋਦ ਅਨੰਦ ਮਾਇਆ ਅਗਿਆਨਤਾ ਲਪਟਾਵਏ ॥" {ਆਸਾ ਮਹਲਾ ੫, ਪੰਨਾ ੪੫੮}

ਹੇ ਪ੍ਰਭੂ! ਭਟਕਣਾ ਵਿਚ ਪੈਣ ਵਾਲੇ ਕਰਮਾਂ ਦੀ ਮੈਲ ਮੈਨੂੰ ਲੱਗੀ ਹੋਈ ਹੈ, ਮੇਰੇ ਅੰਦਰ ਅਹੰਕਾਰ ਹੈ, ਮਮਤਾ ਹੈ, (ਇਸ ਵਾਸਤੇ) ਮੌਤ ਮੈਨੂੰ ਚੇਤੇ ਨਹੀਂ ਆਉਂਦੀ। ਮੈਂ ਇਸਤ੍ਰੀ ਦੇ ਚੋਜ-ਤਮਾਸ਼ਿਆਂ ਵਿਚ ਮਾਇਆ ਦੇ ਮੌਜ-ਮੇਲਿਆਂ ਵਿਚ (ਗਰਕ ਹਾਂ), ਮੈਨੂੰ ਅਗਿਆਨਤਾ

ਹੰਬੜੀ ਹੋਈ ਹੈ ।

ਇਹ ਹੈ ਉਹ ਵਿਕਾਰਾਂ ਦੀ ਮੈਲ, ਜਿਸ ਦੇ ਕਾਰਨ ਮਨ ਗੰਦਗੀ ਨਾਲ ਭਰਿਆ ਪਿਆ ਹੈ ਅਤੇ ਸਤਿਗੁਰੂ ਸਮਝਾਉਂਦੇ ਹਨ ਕਿ ਇਹ ਮੈਲ ਤਨ ਦੇ ਧੋਣ ਨਾਲ ਨਹੀਂ ਸਾਫ ਹੋਣੀ। ਗੁਰਬਾਣੀ ਦੇ ਫੁਰਮਾਨ ਹਨ :

"ਮਨਿ ਮੈਲੈ ਸਭੁ ਕਿਛੁ ਮੈਲਾ ਤਨਿ ਧੋਤੈ ਮਨੁ ਹਛਾ ਨ ਹੋਇ ॥ ਇਹ ਜਗਤੁ ਭਰਮਿ ਭੁਲਾਇਆ ਵਿਰਲਾ ਬੂਝੈ ਕੋਇ ॥" {ਵਡਹੰਸੁ ਮਹਲਾ ੩, ਪੰਨਾ ੫੫੮}

ਹੇ ਭਾਈ ! ਜੇ ਮਨੁੱਖ ਦਾ ਮਨ (ਵਿਕਾਰਾਂ ਦੀ) ਮੈਲ ਨਾਲ ਭਰਿਆ ਰਹੇ (ਤਾਂ ਉਤਨਾ ਚਿਰ ਮਨੁੱਖ ਜੋ ਕੁਝ ਕਰਦਾ ਹੈ । ਸਭ ਕੁਝ ਵਿਕਾਰ ਹੀ ਕਰਦਾ ਹੈ, ਸਰੀਰ ਨੂੰ ਇਸ਼ਨਾਨ ਕਰਾਣ ਨਾਲ ਮਨ ਪਵਿਤ੍ਰ ਨਹੀਂ ਹੋ ਸਕਦਾ । ਪਰ ਇਹ ਸੰਸਾਰ (ਇਸ਼ਨਾਨ ਤੋਂ ਮਨ ਦੀ ਪਵਿਤ੍ਰਤਾ ਮਿਲ ਜਾਣ ਦੇ) ਭੁਲੇਖੇ ਵਿਚ ਪੈ ਕੇ ਕੁਰਾਹੇ ਤੁਰਿਆ ਜਾ ਰਿਹਾ ਹੈ । ਕੋਈ ਵਿਰਲਾ ਮਨੁੱਖ (ਇਸ ਸੱਚਾਈ ਨੂੰ) ਸਮਝਦਾ ਹੈ ।

"ਦੇਹੀ ਧੋਇ ਨ ਉਤਰੈ ਮੈਲੁ ॥ ਹਉਮੈ ਬਿਆਪੈ ਦੁਬਿਧਾ ਫੈਲੁ ॥"
{ ਰਾਮਕਲੀ ਮਹਲਾ ੫, ਪੰਨਾ ੯੯੩}

ਹੇ ਸੰਤ ਜਨੋ ! ਸਰੀਰ ਨੂੰ ਧੋਤਿਆਂ (ਮਨ ਦੀ ਵਿਕਾਰਾਂ ਵਾਲੀ) ਮੈਲ ਦੂਰ ਨਹੀਂ ਹੁੰਦੀ, (ਸਗੋਂ ਇਹ) ਹਉਮੈ ਆਪਣਾ ਦਬਾਉ ਪਾ ਲੈਂਦੀ ਹੈ (ਕਿ ਮੈਂ ਤੀਰਥਾਂ ਦੇ ਇਸ਼ਨਾਨ ਕਰ ਆਇਆ ਹਾਂ)।

ਸਰੀਰ ਨੂੰ ਧੋ ਕੇ ਆਪਣੇ ਆਪ ਨੂੰ ਪਵਿੱਤਰ ਸਮਝਣ ਵਾਲਿਆਂ ਨੂੰ ਸਤਿਗੁਰੂ ਸਮਝਾਉਂਦੇ ਹਨ, ਕਿ ਅਸਲ ਲੋੜ ਤਾਂ ਮਨ ਨੂੰ ਪਵਿਤਰ ਕਰਨ ਦੀ ਹੈ। ਜੇ ਮਨ ਮੈਲਾ ਹੈ, ਤੇ ਤਨ ਨੂੰ ਧੋ ਕੇ ਤੁਸੀਂ ਪਵਿਤਰ ਹੋਣ ਦੀ ਕੋਸ਼ਿਸ਼ ਕਰ ਰਹੇ ਹੋ, ਤੁਸੀਂ ਆਪਣਾ ਜੀਵਨ ਅਜਾਈਂ ਗੁਆ ਕੇ ਸੰਸਾਰ ਤੋਂ ਚਲੇ ਜਾਓਗੇ। ਪਾਵਨ ਗੁਰਵਾਕ ਹੈ:

"ਜੀਅਹੁ ਮੈਲੇ ਬਾਹਰਹੁ ਨਿਰਮਲ ॥ ਬਾਹਰਹੁ ਨਿਰਮਲ ਜੀਅਹੁ ਤ ਮੈਲੇ ਤਿਨੀ ਜਨਮੁ ਜੂਐ ਹਾਰਿਆ ॥" {ਰਾਮਕਲੀ ਮਹਲਾ ੩ ਅਨੰਦੁ, ਪੰਨਾ ੯੧੯}

(ਨਿਰੇ ਬਾਹਰੋਂ ਧਾਰਮਿਕ ਦਿੱਸਦੇ ਕਰਮ ਕਰਨ ਵਾਲੇ ਬੰਦੇ) ਮਨ ਵਿਚ (ਵਿਕਾਰਾਂ ਨਾਲ) ਮੈਲੇ ਰਹਿੰਦੇ ਹਨ ਤੇ ਸਿਰਫ਼ ਵੇਖਣ ਨੂੰ ਹੀ ਪਵਿਤ੍ਰ ਜਾਪਦੇ ਹਨ । ਤੇ, ਜੇਹੜੇ ਬੰਦੇ ਬਾਹਰੋਂ ਪਵਿਤ੍ਰ ਦਿੱਸਣ, ਉਂਞ ਮਨੋਂ ਵਿਕਾਰੀ ਹੋਣ, ਉਹਨਾਂ ਨੇ ਆਪਣਾ ਜੀਵਨ ਇਉਂ ਵਿਅਰਥ ਗਵਾ ਲਿਆ ਸਮਝੋ ਜਿਵੇਂ ਕੋਈ ਜੁਆਰੀਆ ਜੂਏ ਵਿਚ ਧਨ ਹਾਰ ਆਉਂਦਾ ਹੈ।

ਗੁਰਬਾਣੀ ਵਿੱਚ ਬਹੁਤ ਸਾਰੇ ਐਸੇ ਸ਼ਬਦ ਹਨ, ਜੋ ਅਸਲ ਵਿੱਚ ਗੁਰਬਾਣੀ ਦੇ ਗਿਆਨ ਸਰੋਵਰ ਵਿੱਚ ਇਸ਼ਨਾਨ ਕਰਨ ਦੀ ਪ੍ਰੇਰਨਾ ਦੇਂਦੇ ਹਨ, ਪਰ ਅਸੀਂ ਸ਼ਬਦ ਦੇ ਅਸਲ ਭਾਵ ਨੂੰ ਸਮਝੇ ਬਗੈਰ, ਉਸ ਦੇ ਅਰਥ ਸਰੀਰਕ ਇਸ਼ਨਾਨ ਕਰਨ ਦੇ ਕੱਢ ਲੈਂਦੇ ਹਾਂ, ਜਿਵੇਂ:

"ਰਾਮਦਾਸ ਸਰੋਵਰਿ ਨਾਤੇ ॥ ਸਭਿ ਉਤਰੇ ਪਾਪ ਕਮਾਤੇ ॥"

{ਸੋਰਠਿ ਮਹਲਾ ੫, ਪੰਨਾ ੬੨੫}

ਹੇ ਭਾਈ ! ਜੇਹੜੇ ਮਨੁੱਖ ਰਾਮ ਦੇ ਦਾਸਾਂ ਦੇ ਸਰੋਵਰ ਵਿਚ (ਸਾਧ ਸੰਗਤਿ ਵਿਚ ਨਾਮ-ਅੰਮ੍ਰਿਤ ਨਾਲ) ਇਸ਼ਨਾਨ ਕਰਦੇ ਹਨ, ਉਹਨਾਂ ਦੇ (ਪਿਛਲੇ) ਕੀਤੇ ਹੋਏ ਸਾਰੇ ਪਾਪ ਲਹਿ ਜਾਂਦੇ ਹਨ ।

ਅਕਸਰ ਸ਼ਬਦ ਦਾ ਭਾਵ ਸਮਝੇ ਬਗੈਰ ਅਸੀਂ ਇਹ ਸਮਝ ਲੈਂਦੇ ਹਾਂ ਕਿ ਰਾਮਦਾਸ ਸਤਿਗੁਰੂ ਜੀ ਦੇ ਸਰੋਵਰ ਭਾਵ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਸਰੋਵਰ ਦੀ ਗੱਲ ਹੋ ਰਹੀ ਹੈ। ਇਸ ਗੱਲ ਨੂੰ ਹੋਰ ਸਪੱਸ਼ਟ ਕਰਨ ਲਈ ਸਤਿਗੁਰੂ ਨੇ ਇਸੇ ਸ਼ਬਦ ਦੇ ਅਗਲੇ ਪਦੇ ਵਿੱਚ ਬਖਸ਼ਿਸ਼ ਕੀਤੀ ਹੈ:

"ਸਾਧ ਸੰਗਿ ਮਲੁ ਲਾਥੀ ॥ ਪਾਰਬ੍ਰਹਮੁ ਭਇਓ ਸਾਥੀ ॥"

{ਸੋਰਠਿ ਮਹਲਾ ੫, ਪੰਨਾ ੬੨੫}

ਹੇ ਭਾਈ ! ਸਾਧ ਸੰਗਤਿ ਵਿਚ (ਟਿਕਿਆਂ) ਵਿਕਾਰਾਂ ਦੀ ਮੈਲ ਦੂਰ ਹੋ ਜਾਂਦੀ ਹੈ, (ਸਾਧ ਸੰਗਤਿ ਦੀ ਬਰਕਤਿ ਨਾਲ) ਪਰਮਾਤਮਾ ਮਦਦਗਾਰ ਬਣ ਜਾਂਦਾ ਹੈ ।

"ਇਕਿ ਪੜਹਿ ਸੁਣਹਿ ਗਾਵਹਿ ਪਰਭਾਤਿਹਿ ਕਰਹਿ ਇਸਨਾਨੁ ॥" {ਪੰਨਾ ੧੪੦੨}

ਕਈ ਮਨੁੱਖ (ਗੁਰੂ ਦਾ ਜਸ) ਪੜ੍ਹਦੇ ਹਨ, ਸੁਣਦੇ ਹਨ ਤੇ ਗਾਉਂਦੇ ਹਨ ਤੇ (ਉਸ 'ਜਸ'-ਰੂਪ ਜਲ ਵਿਚ) ਅੰਮ੍ਰਿਤ ਵੇਲੇ ਇਸ਼ਨਾਨ ਕਰਦੇ ਹਨ ।

"ਗੁਰਮਤਿ ਸਤਸਰਿ ਹਰਿ ਜਲਿ ਨਾਇਆ ॥ ਦੁਰਮਤਿ ਮੈਲੁ ਸਭੁ ਦੁਰਤੁ ਗਵਾਇਆ॥"

{ਆਸਾ ਮਹਲਾ ੩, ਪੰਨਾ ੩੬੨}

ਗੁਰੂ ਦੀ ਮਤਿ ਲੈ ਕੇ ਜਿਸ ਮਨੁੱਖ ਨੇ ਸਤਸੰਗ-ਸਰੋਵਰ ਵਿਚ ਪਰਮਾਤਮਾ ਦੇ ਨਾਮ-ਜਲ ਨਾਲ ਇਸ਼ਨਾਨ ਕੀਤਾ, ਉਸ ਨੇ ਭੈੜੀ ਖੋਟੀ ਮਤਿ ਦੀ ਮੈਲ ਧੋ ਲਈ ਉਸ ਨੇ (ਆਪਣੇ ਅੰਦਰੋਂ) ਸਾਰਾ ਪਾਪ ਦੂਰ ਕਰ ਲਿਆ।

ਮਨ ਨੂੰ ਧੋਣ ਦੀ ਜਾਚ ਸਤਿਗੁਰੂ ਗੁਰਬਾਣੀ ਵਿੱਚ ਇੰਝ ਦਸਦੇ ਹਨ:

"ਮੰਨੁ ਧੋਵਹੁ ਸਬਦਿ ਲਾਗਹੁ ਹਰਿ ਸਿਉ ਰਹਹੁ ਚਿਤੁ ਲਾਇ ॥"

{ਰਾਮਕਲੀ ਮਹਲਾ ੩ ਅਨੰਦੁ, ਪੰਨਾ ੯੧੯}

(ਹੇ ਭਾਈ !) ਗੁਰੂ ਦੇ ਸ਼ਬਦ ਵਿਚ ਜੁੜੋ, ਪਰਮਾਤਮਾ ਦੇ ਚਰਨਾਂ ਵਿਚ ਸਦਾ ਚਿੱਤ ਜੋੜੀ ਰੱਖੋ, (ਜੇ) ਮਨ (ਧੋਣਾ ਹੈ ਤਾਂ ਇਸ ਤਰ੍ਹਾਂ) ਧੋਵੋ ।

"ਗੁਰਬਾਣੀ ਸੁਣਿ ਮੈਲੁ ਗਵਾਏ ॥ ਸਹਜੇ ਹਰਿ ਨਾਮੁ ਮੰਨਿ ਵਸਾਏ ॥"

{ ਧਨਾਸਰੀ ਮਹਲਾ ੩, ਪੰਨਾ ੬੬੫}

ਹੇ ਭਾਈ ! ਗੁਰੂ ਦੀ ਬਾਣੀ ਸੁਣਿਆ ਕਰ, (ਇਹ ਬਾਣੀ ਮਨ ਵਿਚੋਂ ਵਿਕਾਰਾਂ ਦੀ) ਮੈਲ ਦੂਰ ਕਰ ਦੇਂਦੀ ਹੈ । (ਇਹ ਬਾਣੀ) ਆਤਮਕ ਅਡੋਲਤਾ ਵਿਚ (ਟਿਕਾ ਕੇ) ਪਰਮਾਤਮਾ

ਦਾ ਨਾਮ ਮਨ ਵਿਚ ਵਸਾ ਦੇਂਦੀ ਹੈ ।

ਗੁਰਬਾਣੀ ਦੇ ਉਪਰੋਕਤ ਪ੍ਰਮਾਣਾਂ ਤੋਂ ਗੱਲ ਬੜੀ ਸਪੱਸ਼ਟ ਹੈ ਕਿ ਐਸੀ ਸ਼ਰੀਰਕ ਪਵਿੱਤ੍ਰਤਾ ਦਾ ਗੁਰਮਤਿ ਵਿੱਚ ਕੋਈ ਸਥਾਨ ਨਹੀਂ, ਇਸ਼ਨਾਨ ਕਰਨਾ ਕੋਈ ਪਵਿੱਤ੍ਰਤਾ ਨਹੀਂ, ਸਰੀਰਕ ਸਵੱਛਤਾ(Hygene) ਹੈ। ਪਵਿੱਤ੍ਰਤਾ ਤਾਂ ਹੈ, ਮਨ ਦਾ ਵਿਕਾਰਾਂ ਤੋਂ ਮੁਕਤ ਹੋ ਜਾਣਾ, ਜੇ ਮਨ ਪਵਿੱਤ੍ਰ ਹੋ ਗਿਆ ਤਾਂ ਸਰੀਰ ਵੀ ਪਾਪ ਕਰਮਾਂ ਤੇ ਔਗੁਣਾਂ ਤੋਂ ਮੁਕਤ ਹੋ ਕੇ ਪਵਿੱਤਰ ਹੋ ਜਾਵੇਗਾ।

ਆਓ ਹੁਣ ਇਤਿਹਾਸਕ ਪੱਖੋਂ ਵੀ ਵੇਖੀਏ, ਜਦੋਂ ਸਤਿਗੁਰੂ ਨੇ 1699 ਦੀ ਵਿਸਾਖੀ ਨੂੰ ਕੌਮੀ ਇਕੱਠ ਸੱਦਿਆ, ਕੀ ਕਿਸੇ ਨੂੰ ਪਤਾ ਸੀ ਕਿ ਸਤਿਗੁਰੂ ਨੇ ਕੀ ਖੇਡ ਵਰਤਾਉਣੀ ਹੈ? ਕੀ ਇਹ ਜ਼ਰੂਰੀ ਹੈ ਕਿ ਸੀਸ ਭੇਟ ਕਰਨ ਵਾਲੇ ਪੰਜ ਪਿਆਰੇ ਜ਼ਰੂਰ ਉਸ ਦਿਨ ਕੇਸੀਂ ਇਸ਼ਨਾਨ ਕਰ ਕੇ ਹੀ ਆਏ ਹੋਣਗੇ। ਕਿਸੇ ਵੀ ਪੁਰਾਤਨ ਲਿਖਾਰੀ ਦੀ ਕਿਸੇ ਵੀ ਲਿਖਤ ਤੋਂ ਐਸਾ ਕੋਈ ਸੰਕੇਤ ਨਹੀਂ ਮਿਲਦਾ ਕਿ ਸਤਿਗੁਰੂ ਨੇ ਪਹਿਲਾਂ ਉਨ੍ਹਾਂ ਨੂੰ ਕੇਸੀਂ ਇਸ਼ਨਾਨ ਕਰਾਇਆ। ਹਾਂ ! ਅੱਜ ਕੋਈ ਆਪਣੀਆਂ ਭਾਵਨਾਵਾਂ ਨੂੰ ਸੱਚਾ ਸਾਬਤ ਕਰਨ ਲਈ, ਕੋਈ ਐਸੀ ਯਭਲੀ ਮਾਰ ਦੇਵੇ ਤਾਂ ਇਹ ਉਸ ਦੀ ਅੰਧੀ-ਭਾਵਨਾ ਹੀ ਕਹੀ ਜਾ ਸਕਦੀ। ਅੱਜ ਇਸ ਗੱਲ ਨੂੰ ਮੁੜ ਵਿਚਾਰ ਕੇ ਆਪਣੀ ਮਰਯਾਦਾ ਵਿੱਚ ਗੁਰਮਤਿ ਅਨੁਸਾਰ ਸੋਧ ਕਰ ਲੈਣੀ ਚਾਹੀਦੀ ਹੈ।

ਕਕਾਰਾਂ ਨੂੰ ਵਿਸਥਾਰ ਵਿੱਚ ਵਿਚਾਰਨ ਤੋਂ ਪਹਿਲਾਂ, ਇਹ ਸਪੱਸ਼ਟ ਕਰਨਾ ਜ਼ਰੂਰੀ ਹੈ ਕਿ ਇਸ ਤੋਂ ਅਗਲੀ ਪੰਕਤੀ ਬਿਲਕੁਲ ਠੀਕ ਹੈ ਕਿ ਅਨਮਤ ਦਾ ਕੋਈ ਚਿੰਨ੍ਹ ਨਾ ਹੋਵੇ, ਸਿਰ ਨੰਗਾ ਜਾਂ ਟੋਪੀ ਨਾ ਹੋਵੇ, ਛੇਦਕ ਗਹਿਣੇ ਕੋਈ ਨਾ ਹੋਣ। ਅਦਬ ਨਾਲ ਸ੍ਰੀ ਗੁਰੂ ਜੀ ਦੇ ਹਜ਼ੂਰ ਖੜੇ ਹੋਣ। ਜੇ ਸਿੱਖ ਕੌਮ ਵਿੱਚ ਸ਼ਾਮਲ ਹੋਣਾ ਹੈ ਤਾਂ ਪਹਿਲੀ ਮੱਤ ਅਤੇ ਪਹਿਰਾਵਾ ਦੋਵੇਂ ਤਿਆਗ ਕੇ ਸਿੱਖ ਸਿਧਾਂਤ ਅਤੇ ਪਹਿਰਾਵਾ ਧਾਰਨ ਕਰਨਾ ਲਾਜ਼ਮੀ ਹੈ। ਇਥੇ ਛੇਦਕ ਗਹਿਣੇ ਨਾ ਪਹਿਨਣ ਬਾਰੇ ਕੁਝ ਸਪੱਸ਼ਟਤਾ ਦੀ ਲੋੜ ਹੈ ਜਿਸ ਦੀ ਵਿਚਾਰ ਅੱਗੇ ਕੁਰਹਿਤਾਂ ਵਾਲੇ ਭਾਗ ਵਿੱਚ ਕੀਤੀ ਜਾਵੇਗੀ।

ਕਕਾਰ

ਖੰਡੇ ਬਾਟੇ ਦੀ ਪਾਹੁਲ ਛਕਾ ਕੇ ਖ਼ਾਲਸਾ ਬਣਾ ਕੇ ਸਤਿਗੁਰੂ ਨੇ ਸਿੱਖ ਨੂੰ ਦੋ ਚੀਜ਼ਾਂ ਦੀ ਬਖਸ਼ਿਸ਼ ਕੀਤੀ। ਪਹਿਲਾ ਹੈ ਬਾਣਾ, ਜਿਸ ਦੀ ਨੁਮਾਂਇਦਗੀ ਸਾਡੇ ਕਕਾਰ ਕਰਦੇ ਹਨ ਅਤੇ ਦੂਸਰੀ ਹੈ ਉਹ ਰਹਿਤ ਜੋ ਸਾਨੂੰ ਉਸ ਸਮੇਂ ਦ੍ਰਿੜ ਕਰਾਈ ਜਾਂਦੀ ਹੈ। ਸਿੱਖ ਰਹਿਤ ਮਰਯਾਦਾ ਦੇ ਪੰਥਕ ਰਹਿਣੀ ਭਾਗ ਦੀ ਉਪਰੋਕਤ ਤਰਤੀਬ ਵਿੱਚ ਚਲਦਿਆਂ, ਅਸੀਂ ਪਹਿਲਾਂ ਕਕਾਰਾਂ ਦੀ ਗੱਲ ਕਰਾਂਗੇ।

ਅਕਸਰ ਇਹ ਕਿਹਾ ਜਾਂਦਾ ਹੈ ਕਿ ਇਨ੍ਹਾਂ ਕਕਾਰਾਂ ਰਾਹੀਂ ਸਤਿਗੁਰੂ ਨੇ ਸਾਨੂੰ ਇਕ ਅਲੱਗ ਪਹਿਚਾਣ ਬਖਸ਼ੀ। ਇਸ ਵਿੱਚ ਕੋਈ ਸ਼ਕ ਨਹੀਂ ਕਿ ਸਿੱਖ ਦੀ ਇਕ ਵਖਰੀ ਪਹਿਚਾਣ ਹੈ। ਸਿੱਖ ਹਜ਼ਾਰਾਂ ਵਿੱਚ ਖੜ੍ਹਾ ਵੀ ਫੌਰਨ ਪਹਿਚਾਣਿਆਂ ਜਾਂਦਾ ਹੈ। ਸਿੱਖ ਦੀ ਕੌਮੀ ਪਹਿਚਾਣ ਕਿਸੇ ਪਹਿਚਾਣ ਕਰਾਉਣ ਦੀ ਮੁਹਤਾਜ ਨਹੀਂ, ਪਰ ਇਹ ਪਹਿਚਾਣ ਤਾਂ ਸਾਡੇ ਕੇਸਾਂ ਅਤੇ ਦਸਤਾਰ ਨਾਲ ਹੀ ਹੋ ਜਾਂਦੀ ਹੈ। ਅੱਜ ਦੁਨੀਆਂ ਦੇ ਹਰ ਕੋਨੇ ਵਿੱਚ ਸਿੱਖ ਵਸਦੇ ਹਨ, ਹਾਲਾਂਕਿ ਪਾਹੁਲ ਵਿਰਲਿਆਂ ਨੇ ਹੀ ਛਕੀ ਹੋਈ ਹੈ, ਸੁਭਾਵਕ, ਉਹ ਬਾਕੀ

ਕਕਾਰ ਵੀ ਧਾਰਨ ਨਹੀਂ ਕਰਦੇ, ਫਿਰ ਵੀ ਸਿੱਖ ਦੇ ਤੌਰ ਤੇ ਪਹਿਚਾਣੇ ਜਾਂਦੇ ਹਨ।

ਦੂਸਰਾ ਕਿਹਾ ਜਾਂਦਾ ਹੈ ਕਿ ਕਕਾਰ ਸਾਡੇ ਧਾਰਮਿਕ ਚਿੰਨ੍ਹ ਹਨ ਪਰ ਜਿਵੇਂ ਉਪਰ ਵਿਚਾਰ ਹੋ ਚੁੱਕੀ ਹੈ, ਕੇਵਲ ਵਿਖਾਵੇ ਦੇ ਧਾਰਮਿਕ ਚਿੰਨ੍ਹ 'ਜਨੇਊ' ਨੂੰ ਤਾਂ ਗੁਰੂ ਨਾਨਕ ਪਾਤਿਸ਼ਾਹ ਨੇ ਨੌਂ ਸਾਲ ਦੀ ਉਮਰ ਵਿੱਚ ਹੀ ਰੱਦ ਕਰ ਦਿੱਤਾ ਸੀ, ਇਸੇ ਕਰਕੇ ਉਪਰ ਦੋ ਮਹੱਤਵਪੂਰਨ ਸੁਆਲ ਸਾਡੇ ਸਾਹਮਣੇ ਆਏ ਸਨ:

1. ਜੇ ਜਨੇਊ ਪਾਉਣਾ ਇਕ ਕਰਮ ਕਾਂਡ ਹੈ ਤਾਂ ਕੀ ਪਾਹੁਲ ਛਕਣਾ ਵੀ ਕਰਮ ਕਾਂਡ ਨਹੀਂ?
2. ਚਲੋ ! ਕੇਸ ਤਾਂ ਕੁਦਰਤੀ ਹਨ, ਸਰੀਰ ਦੇ ਨਾਲ ਹੀ ਪੈਦਾ ਹੋਏ ਹਨ ਪਰ ਗੁਰੂ ਨਾਨਕ ਪਾਤਿਸ਼ਾਹ ਨੇ ਇਕ ਜਨੇਊ ਉਤਰਵਾਇਆ ਸੀ ਤੇ ਕੀ ਗੁਰੂ ਗੋਬਿੰਦ ਸਿੰਘ ਪਾਤਿਸ਼ਾਹ ਨੇ ਚਾਰ ਨਵੇਂ ਪੁਆ ਦਿੱਤੇ?

ਪਹਿਲੇ ਸੁਆਲ ਦਾ ਜੁਆਬ ਤਾਂ ਉਪਰ ਵਿਸਥਾਰ ਨਾਲ ਆ ਚੁੱਕਾ ਹੈ, ਦੂਸਰੇ ਦਾ ਜੁਆਬ ਅਸੀਂ ਹੁਣ ਇਥੇ ਲੱਭਣ ਦੀ ਕੋਸ਼ਿਸ਼ ਕਰਾਂਗੇ। ਅਸੀਂ ਇਕ ਵਾਰੀ ਫਿਰ ਗੁਰੂ ਨਾਨਕ ਪਾਤਿਸ਼ਾਹ ਦੀਆਂ ਉਚਾਰਨ ਕੀਤੀਆਂ ਉਹ ਪੰਕਤੀਆਂ ਦੁਬਾਰਾ ਵਿਚਾਰ ਲਈ ਲੈਂਦੇ ਹਾਂ ਜੋ ਉਨ੍ਹਾਂ ਜਨੇਊ ਦੇ ਸਬੰਧ ਵਿੱਚ ਉਚਾਰਨ ਕੀਤੀਆਂ ਹਨ:

"ਸਲੋਕੁ ਮਃ ੧ ॥ ਦਇਆ ਕਪਾਹ ਸੰਤੋਖੁ ਸੂਤੁ ਜਤੁ ਗੰਢੀ ਸਤੁ ਵਟੁ ॥ ਏਹੁ ਜਨੇਊ ਜੀਅ ਕਾ ਹਈ ਤ ਪਾਡੇ ਘਤੁ ॥ ਨਾ ਏਹੁ ਤੁਟੈ ਨ ਮਲੁ ਲਗੈ ਨਾ ਏਹੁ ਜਲੈ ਨ ਜਾਇ ॥ ਧੰਨੁ ਸੁ ਮਾਣਸ ਨਾਨਕਾ ਜੋ ਗਲਿ ਚਲੇ ਪਾਇ ॥"

ਸਤਿਗੁਰੂ ਨੇ ਵਿਖਾਵੇ ਦਾ ਧਾਰਮਿਕ ਚਿੰਨ੍ਹ ਪਾਉਣ ਤੋਂ ਇਨਕਾਰ ਕਰਦੇ ਹੋਏ, ਸਾਫ ਕਿਹਾ ਸੀ ਕਿ ਮੈਨੂੰ ਤਾਂ ਜੀਵਨ ਵਿੱਚ ਸ਼ੁਭ ਗੁਣਾਂ ਦੀ ਲੋੜ ਹੈ। ਸਤਿਗੁਰੂ ਨੇ ਧਰਮੀ ਬਨਣ ਵਾਸਤੇ ਜਿਨ੍ਹਾਂ ਸ਼ੁਭ ਗੁਣਾਂ ਨੂੰ ਜੀਵਨ ਵਿੱਚ ਧਾਰਨ ਕਰਨ ਦੀ ਗੱਲ ਕੀਤੀ ਹੈ, ਉਹ ਹਨ: ਦਇਆ, ਸੰਤੋਖ, ਜਤੁ(ਉਚਾ ਆਚਰਣ) ਅਤੇ ਸਤੁ(ਸੱਚੁ, ਸਚਿਆਰ ਜੀਵਨ)। ਇਸ ਲਈ ਇਹ ਨਹੀਂ ਹੋ ਸਕਦਾ ਕਿ ਸਤਿਗੁਰੂ ਨਾਨਕ ਪਾਤਿਸ਼ਾਹ ਨੇ ਜੋ ਵਿਖਾਵੇ ਦਾ ਚਿੰਨ੍ਹ ਪਹਿਨਣ ਤੋਂ ਇਨਕਾਰ ਕਰ ਦਿੱਤਾ ਸੀ, ਗੁਰੂ ਗੋਬਿੰਦ ਸਿੰਘ ਪਾਤਿਸ਼ਾਹ ਨੇ ਇਕ ਦੀ ਬਜਾਏ ਚਾਰ ਪਹਿਨਾ ਦਿੱਤੇ। ਸਾਡੇ ਜੀਵਨ ਵਿਚ ਦੋ ਸੌ ਸਾਲ ਤੋਂ ਵਧੇਰੇ ਸਮਾਂ ਸ਼ੁਭ ਗੁਣਾਂ ਦਾ ਸੰਚਾਰ ਕਰਕੇ, ਸਾਨੂੰ ਉਨ੍ਹਾਂ ਗੁਣਾਂ ਦੇ ਪ੍ਰਤੀਕ ਕਕਾਰ ਪਹਿਨਾਏ ਹਨ, ਤਾਂ ਕਿ ਸੰਸਾਰ ਦੇ ਲੋਕਾਂ ਨੂੰ ਖਾਲਸੇ ਨਾਲ ਮਿਲਣ 'ਤੇ ਹੀ ਪਤਾ ਲੱਗ ਜਾਵੇ ਕਿ ਇਹ ਵਿਅਕਤੀ ਇਨ੍ਹਾਂ ਸ਼ੁਭ ਗੁਣਾਂ ਦਾ ਧਾਰਨੀ ਹੈ। ਆਓ ਆਪਣੇ ਕਕਾਰਾਂ ਦੇ 'ਗੁਣ ਵਾਚਕ ਰੂਪ' ਦੀ ਲੜੀ-ਵਾਰ ਵਿਚਾਰ ਕਰਦੇ ਹਾਂ।

ਕੇਸ

ਅਕਸਰ ਇਹ ਕਿਹਾ ਜਾਂਦਾ ਹੈ ਕਿ ਕੇਸ ਤਾਂ ਸਰੀਰ ਦੇ ਨਾਲ ਹੀ ਪੈਦਾ ਹੋਏ ਹਨ, ਸਤਿਗੁਰੂ ਨੇ ਸਾਰੇ ਕਕਾਰ ਬਾਹਰੀ ਦਿੱਤੇ ਹਨ ਇਸ ਵਾਸਤੇ ਕੇਸ ਕਕਾਰ ਨਹੀਂ। ਅਸੀਂ

ਇਹ ਗੱਲ ਨਹੀਂ ਭੁਲ ਸਕਦੇ ਕਿ ਜਿਸ ਵੇਲੇ ਗੁਰੂ ਨਾਨਕ ਪਾਤਿਸ਼ਾਹ ਪ੍ਰਕਾਸ਼ਮਾਨ ਹੋਏ, ਉਸ ਵੇਲੇ ਤੱਕ ਮਨੁਖੀ ਸਮਾਜ ਵਿੱਚ ਕੇਸਾਂ ਦਾ ਕਤਲ ਕਰਨ ਦਾ ਮਾੜਾ ਰਿਵਾਜ਼ ਸ਼ੁਰੂ ਹੋ ਚੁੱਕਾ ਸੀ। ਗੁਰੂ ਨਾਨਕ ਪਾਤਿਸ਼ਾਹ ਨੇ ਹੀ ਭੁੱਲੜ ਮਨੁੱਖ ਨੂੰ ਇਹ ਸਮਝਾਉਣ ਦੀ ਸ਼ੁਰੂਆਤ ਕੀਤੀ ਕਿ ਵਾਹਿਗੁਰੂ ਦਾ ਕੀਤਾ ਹਰ ਕੰਮ ਪੂਰਾ ਹੈ, ਉਸ ਦੀ ਸਿਆਣਪ ਤੇ ਸ਼ੰਕਾ ਕਰਨ ਦੀ ਮੂਰਖਤਾ ਨਾ ਕਰ। ਸਲੋਕ ਵਾਰਾਂ ਤੇ ਵਧੀਕ ਵਿੱਚ ਸਤਿਗੁਰੂ ਬਖਸ਼ਿਸ਼ ਕਰਦੇ ਹਨ:

"ਪੂਰੇ ਕਾ ਕੀਆ ਸਭ ਕਿਛੁ ਪੂਰਾ ਘਟਿ ਵਧਿ ਕਿਛੁ ਨਾਹੀ ॥" (ਮਹਲਾ ੧, ਪੰਨਾ ੧੪੧੨)
ਹੇ ਨਾਨਕ ! ਗੁਰੂ ਦੇ ਸਨਮੁਖ ਰਹਿਣ ਵਾਲਾ ਮਨੁੱਖ ਇਹ ਨਿਸਚਾ ਰੱਖਦਾ ਹੈ ਕਿ ਸਰਬ-ਗੁਣ-ਭਰਪੂਰ ਪਰਮਾਤਮਾ ਦੀ ਰਚੀ ਜਗਤ-ਮਰਯਾਦਾ ਅਭੁੱਲ ਹੈ, ਇਸ ਵਿਚ ਕਿਤੇ ਕੋਈ ਨੁਕਸ ਨਹੀਂ ਹੈ ।

ਇਹ ਗੱਲ ਗੁਰਬਾਣੀ ਵਿੱਚ ਬਾਰ-ਬਾਰ ਦ੍ਰਿੜ ਕਰਾਈ ਗਈ ਹੈ। ਗੁਰੂ ਅਰਜਨ ਪਾਤਿਸ਼ਾਹ ਦੇ ਪਾਵਨ ਬਚਨ ਹਨ:

"ਪੂਰਾ ਗੁਰੁ ਪੂਰੀ ਬਣਤ ਬਣਾਈ ॥" (ਆਸਾ ਮਹਲਾ ੫, ਪੰਨਾ ੩੭੬)
ਹੇ ਨਾਨਕ ! ਪਰਮਾਤਮਾ ਸਭ ਤੋਂ ਵੱਡਾ ਹੈ ਉਸ ਵਿਚ ਕੋਈ ਉਕਾਈ ਨਹੀਂ ਹੈ ਉਸ ਦੀ ਬਣਾਈ ਹੋਈ ਰਚਨਾ ਭੀ ਉਕਾਈ-ਹੀਣ ਹੈ।

ਸਤਿਗੁਰੂ ਨੇ ਇਹ ਗੱਲ ਵੀ ਸਪੱਸ਼ਟ ਕਰ ਦਿੱਤੀ ਹੈ, ਕਿ ਅਕਾਲ-ਪੁਰਖੁ ਦੇ ਸ੍ਰਿਸ਼ਟੀ ਰਚਨਾ ਦੇ ਹੁਕਮ ਦੀ ਸਮਝ ਉਸ ਨੂੰ ਹੀ ਪੈ ਸਕਦੀ ਹੈ ਅਤੇ ਉਹੀ ਅਕਾਲ ਪੁਰਖ ਦੀ ਰਜ਼ਾ ਵਿੱਚ ਚਲ ਸਕਦਾ ਹੈ, ਜਿਸ ਨੂੰ ਪੂਰਾ ਗੁਰੂ ਮਿਲ ਪੈਂਦਾ ਹੈ:

"ਤੇਰਾ ਹੁਕਮੁ ਅਪਾਰ ਹੈ ਕੋਈ ਅੰਤੁ ਨ ਪਾਏ ॥ ਜਿਸੁ ਗੁਰੁ ਪੂਰਾ ਭੇਟਸੀ ਸੋ ਚਲੈ ਰਜਾਏ॥" (ਆਸਾ ਮਹਲਾ ੫, ਪੰਨਾ ੩੯੬)
ਹੇ ਪ੍ਰਭੂ ! ਤੇਰਾ ਹੁਕਮ ਬੇਅੰਤ ਹੈ, ਕੋਈ ਜੀਵ ਤੇਰੇ ਹੁਕਮ ਦਾ ਅੰਤ ਨਹੀਂ ਲੱਭ ਸਕਦਾ, (ਤੇਰੀ ਮਿਹਰ ਨਾਲ) ਜਿਸ ਮਨੁੱਖ ਨੂੰ ਗੁਰੂ ਮਿਲ ਪੈਂਦਾ ਹੈ, ਉਹ ਤੇਰੇ ਹੁਕਮ ਵਿਚ ਤੁਰਦਾ ਹੈ ।2।

ਜੋ ਲੋਕ ਕੇਸਾਂ ਦੀ ਬੇਅਦਬੀ ਕਰਦੇ ਹਨ ਭਾਵ ਕਿਸੇ ਰੂਪ ਵਿੱਚ ਵੀ ਵਾਲ ਕਟਦੇ ਜਾਂ ਕੁਤਰਦੇ ਹਨ, ਉਨ੍ਹਾਂ ਦੇ ਅਚੇਤ ਮਨ ਵਿੱਚ ਕਿਧਰੇ ਇਹ ਖਿਆਲ ਹੁੰਦਾ ਹੈ ਕਿ ਪ੍ਰਮਾਤਮਾ ਨੇ ਵਾਲ ਵਾਧੂ ਹੀ ਬਣਾ ਦਿੱਤੇ ਹਨ, ਇਨ੍ਹਾਂ ਦੀ ਕੋਈ ਲੋੜ ਨਹੀਂ। ਇਹ ਅਲੱਗ ਗੱਲ ਹੈ ਕਿ ਉਨ੍ਹਾਂ ਇਸ ਗੱਲ ਨੂੰ ਕਦੇ ਗੰਭੀਰਤਾ ਨਾਲ ਵਿਚਾਰਿਆ ਨਾ ਹੋਵੇ। ਚਲੀ ਆ ਰਹੀ, ਆਪਣੀ ਸਮਾਜਿਕ ਬਣਤੱਰ ਵਿੱਚ ਇਹ ਕੰਮ ਸੁਭਾਵਕ ਹੀ ਕਰੀ ਜਾ ਰਹੇ ਹੋਣ। ਜਿਸ ਮਨੁੱਖ ਨੂੰ ਅਕਾਲ ਪੁਰਖ ਦੀ ਪੂਰੀ ਸਿਆਣਪ 'ਤੇ ਪੂਰਨ ਭਰੋਸਾ ਹੋ ਜਾਵੇ, ਉਹ ਕਦੇ ਕੇਸਾਂ ਦੀ ਬੇਅਦਬੀ ਕਰਨ ਦਾ ਸੋਚ ਹੀ ਨਹੀਂ ਸਕਦਾ। ਇਥੇ ਆਪਣੇ ਨਿਜੀ ਜੀਵਨ ਵਿੱਚ ਵਾਪਰੀ ਇਕ ਘਟਨਾ ਦਾ ਜ਼ਿਕਰ ਕਰਨਾ ਯੋਗ ਹੋਵੇਗਾ। ਮੇਰਾ ਇਕ ਇਸਾਈ ਮਿੱਤਰ ਹੈ, ਉਸ ਦਾ ਨਾਂ ਆਈਜ਼ੈਕ ਹੈ। ਅਸਲ ਵਿੱਚ ਸਾਡਾ ਕਾਰੋਬਾਰੀ ਸਬੰਧ ਹੈ, ਉਹ ਇਕ ਕੰਪਨੀ ਜਿਸ

ਦੇ ਅਸੀਂ ਡੀਲਰ ਹਾਂ, ਦਾ ਨੁਮਾਇੰਦਾ ਹੈ। ਕੁਝ ਸਮਾਂ ਪਹਿਲੇ ਜਦੋਂ ਉਸ ਦੀ ਡਿਊਟੀ ਸਾਡੇ ਇਲਾਕੇ ਵਿੱਚ ਲੱਗੀ ਹੋਈ ਸੀ, ਆਪਣੀ ਡਿਊਟੀ ਦੇ ਸਿਲਸਿਲੇ ਵਿੱਚ, ਮਹੀਨੇ ਵਿੱਚ ਦੋ ਦਿਨ ਚੰਡੀਗੜ੍ਹ ਸਾਡੇ ਕੋਲ ਆਉਂਦਾ ਸੀ। ਇਕ ਗੱਲ ਕਹਿਣੋ ਮੈਂ ਨਹੀਂ ਰਹਿ ਸਕਦਾ ਕਿ ਉਸ ਦੀ ਆਪਣੇ ਧਰਮ ਪ੍ਰਤੀ ਵਚਨ-ਬੱਧਤਾ ਲਾਮਿਸਾਲ ਹੈ। ਇਕ ਦਿਨ ਕਾਰੋਬਾਰ ਦੇ ਸਿਲਸਿਲੇ ਵਿੱਚ ਹੀ ਅਸੀਂ ਇਕੱਠੇ ਕਾਰ ਵਿੱਚ ਕਿਸੇ ਨੇੜਲੇ ਸ਼ਹਿਰ ਜਾ ਰਹੇ ਸਾਂ। ਰਸਤੇ ਵਿੱਚ ਆਈਜ਼ੈਕ ਕਹਿਣ ਲੱਗਾ,

"ਰਾਜਿੰਦਰ ਸਿੰਘ ਜੀ ! ਜੇ ਤੁਸੀਂ ਬੁਰਾ ਨਾ ਮੰਨੋਂ ਤਾਂ ਮੈਂ ਤੁਹਾਨੂੰ ਇਕ ਸੁਆਲ ਪੁੱਛਣਾ ਚਾਹੁੰਦਾ ਹਾਂ।"

"ਜ਼ਰੂਰ ਪੁੱਛੋ"। ਮੈਂ ਆਖਿਆ।

"ਤੁਸੀਂ ਲੰਬੇ ਵਾਲ ਕਿਉਂ ਉਗਾਉਂਦੇ ਹੋ?" ਆਈਜ਼ੈਕ ਦਾ ਸੁਆਲ ਸੀ, ਸਾਰੀ ਗੱਲਬਾਤ ਕਿਉਂਕਿ ਅੰਗ੍ਰੇਜ਼ੀ ਵਿੱਚ ਹੋ ਰਹੀ ਸੀ, ਉਸ ਦੀ ਸ਼ਬਦਾਵਲੀ ਇੰਝ ਸੀ, "Why do you grow long hair"?

"ਆਈਜ਼ੈਕ ਤੁਹਾਡਾ ਸੁਆਲ ਗ਼ਲਤ ਹੈ", ਮੇਰਾ ਜੁਆਬ ਸੀ, "ਮੈਂ ਇਨ੍ਹਾਂ ਵਾਸਤੇ ਕੋਈ ਬੀਜ ਨਹੀਂ ਪਾਇਆ, ਕੋਈ ਖਾਦ ਨਹੀਂ ਵਰਤੀ, ਇਹ ਤਾਂ ਕੁਦਰਤੀ ਹਨ। ਅਸਲ ਵਿੱਚ ਸੁਆਲ ਤਾਂ ਮੇਰੇ ਵਲੋਂ ਹੋਣਾ ਚਾਹੀਦਾ ਹੈ ਕਿ ਜਦ ਵਾਲ ਕੁਦਰਤੀ ਹਨ ਤਾਂ ਤੁਸੀਂ ਇਨ੍ਹਾਂ ਨੂੰ ਕਟਦੇ ਕਿਉਂ ਹੋ? ਪਰ ਖੈਰ ਤੁਸੀਂ ਸੁਆਲ ਪੁਛਿਆ ਹੈ ਤਾਂ ਮੈਂ ਜਵਾਬ ਜ਼ਰੂਰ ਦੇਵਾਂਗਾ, ਪਰ ਪਹਿਲੇ ਮੈਂ ਤੁਹਾਨੂੰ ਦੋ ਸੁਆਲ ਪੁਛਣਾ ਚਾਹਾਂਗਾ"।

"ਜ਼ਰੂਰ ਪੁੱਛੋ(Sure)" , ਆਇਜ਼ੈਕ ਵਿੱਚੋਂ ਹੀ ਬੋਲਿਆ।

"ਤੁਸੀਂ ਪ੍ਰਮਾਤਮਾਂ ਦੀ ਸਿਆਣਪ ਬਾਰੇ ਕੀ ਸੋਚਦੇ ਹੋ?(What do you think about the wisdom of the God?), ਮੇਰਾ ਪਹਿਲਾ ਸੁਆਲ ਸੀ। ਆਈਜ਼ੈਕ ਥੋੜ੍ਹੀ ਦੇਰ ਸੋਚਦਾ ਰਿਹਾ ਫਿਰ ਬੋਲਿਆ,

"ਮੈਨੂੰ ਤੁਹਾਡੇ ਸੁਆਲ ਦੀ ਸਮਝ ਨਹੀਂ ਲੱਗੀ(I did n't get your question)"।

"ਮੇਰਾ ਸੁਆਲ ਤਾਂ ਬਹੁਤ ਸਿੱਧਾ ਅਤੇ ਸਾਦਾ ਹੈ, ਪ੍ਰਮਾਤਮਾ ਕਿੰਨਾ ਕੁ ਸਿਆਣਾ ਹੈ, ਕੀ ਪ੍ਰਮਾਤਮਾ ਕਦੇ ਕੋਈ ਭੁੱਲ ਵੀ ਕਰਦਾ ਹੈ, ਕੋਈ ਐਸਾ ਕੰਮ ਵੀ ਕਰਦਾ ਹੈ ਜਿਸ ਦੀ ਲੋੜ ਨਾ ਹੋਵੇ?"

ਜਿਵੇਂ ਇਕ ਸੱਚੇ ਇਸਾਈ ਕੋਲੋਂ ਆਸ ਸੀ, ਜੁਆਬ ਜਿਵੇਂ ਉਸ ਦੇ ਅੰਦਰੋਂ ਨਿਕਲਿਆ ਹੋਵੇ, ਉਹ ਇਕ ਦੱਮ ਬੋਲਿਆ, "ਨਹੀਂ, ਨਹੀਂ, ਉਹ ਪੂਰਨ ਸਿਆਣਾ ਹੈ(No, No, He is all wise)[

ਮੈਂ ਦੂਸਰਾ ਸੁਆਲ ਕੀਤਾ, "ਈਸਾ ਮਸੀਹ ਨੇ ਲੰਬੇ ਵਾਲ ਕਿਉਂ ਰੱਖੇ ਹੋਏ ਸਨ? ਇਹ ਠੀਕ ਹੈ ਉਹ ਸਾਡੇ ਵਾਂਗੂ ਪੱਗ ਨਹੀਂ ਸਨ ਬੰਨਦੇ ਪਰ ਉਨ੍ਹਾਂ ਦੀ ਪੂਰੀ ਖੁੱਲ੍ਹੀ ਦਾਹੜੀ ਸੀ, ਪੂਰੇ ਵਾਲ ਸਨ, ਕਿਉਂ?"

ਆਈਜ਼ੈਕ ਨੇ ਥੋੜ੍ਹੀ ਦੇਰ ਸੋਚਿਆ ਤੇ ਬੋਲਿਆ, "ਬਹੁਤੇ ਧਾਰਮਿਕ ਆਗੂ ਲੰਬੇ ਵਾਲ ਰਖਦੇ ਹਨ, ਮੁਹੰਮਦ ਸਾਹਿਬ ਦੇ ਵੀ ਲੰਬੇ ਵਾਲ ਸਨ, ਹਿੰਦੂ ਦੇਵੀ ਦੇਵਤਿਆਂ ਅਤੇ ਅਵਤਾਰਾਂ ਦੇ ਵੀ ਲੰਬੇ ਵਾਲ ਹਨ, ਇਥੋਂ ਤੱਕ ਕਿ ਭਾਵੇਂ ਮਹਾਤਮਾਂ ਬੁੱਧ ਪਹਿਲਾਂ ਸਿਰੋਂ ਰੋਡਾ ਸੀ ਪਰ ਜਦੋਂ ਉਸ ਨੂੰ ਗਿਆਨ ਪ੍ਰਾਪਤ ਹੋ ਗਿਆ, ਉਹ ਧਾਰਮਿਕ ਆਗੂ ਬਣ ਗਿਆ, ਉਸ ਨੇ ਵੀ ਪੂਰੇ ਵਾਲ ਰੱਖ ਲਏ।"

ਮੈਂ ਆਖਿਆ, "ਆਈਜ਼ੈਕ ਮੇਰੀ ਗੱਲ ਦਾ ਜੁਆਬ ਨਹੀਂ ਮਿਲਿਆ, ਤੁਸੀ ਕੇਵਲ ਮੇਰੀ

ਗੱਲ ਦੀ ਪ੍ਰੋੜਤਾ ਕੀਤੀ ਹੈ ਕਿ ਕੇਵਲ ਈਸਾ ਮਸੀਹ ਹੀ ਨਹੀਂ, ਬਾਕੀ ਧਾਰਮਿਕ ਆਗੂਆਂ ਨੇ ਵੀ ਪੂਰੇ ਵਾਲ ਰੱਖੇ ਹੋਏ ਸਨ, ਮੈਂ ਪੁੱਛ ਰਿਹਾ ਹਾਂ, ਕਿਉਂ?

ਆਈਜ਼ੈਕ ਫੇਰ ਕੁਝ ਸੋਚੀਂ ਪੈ ਗਿਆ, ਜਾਪਦਾ ਸੀ ਉਸ ਨੂੰ ਜਵਾਬ ਨਹੀਂ ਸੁਝ ਰਿਹਾ। ਥੋੜ੍ਹੀ ਦੇਰ ਇੰਤਜ਼ਾਰ ਕਰਕੇ ਮੈਂ ਪੁੱਛਿਆ, "ਆਈਜ਼ੈਕ ਮੈਂ ਜਵਾਬ ਦੱਸਾਂ(Shall I reply)?"

"ਹਾਂ ਦੱਸੋ", ਆਈਜ਼ੈਕ ਬੋਲਿਆ।

"ਕਿਉਂਕਿ ਈਸਾ ਮਸੀਹ ਨੂੰ ਪ੍ਰਮਾਤਮਾ ਦੀ ਸਿਆਣਪ 'ਤੇ ਪੂਰਨ ਵਿਸ਼ਵਾਸ ਸੀ, ਉਹ ਜਾਣਦੇ ਸਨ ਕਿ ਪ੍ਰਮਾਤਮਾਂ ਕਦੇ ਕੋਈ ਭੁੱਲ ਨਹੀਂ ਕਰਦਾ, ਜੇ ਉਸ ਨੇ ਸਾਨੂੰ ਵਾਲ ਦਿੱਤੇ ਹਨ ਤਾਂ ਜ਼ਰੂਰ ਇਨ੍ਹਾਂ ਦਾ ਸਾਡੇ ਜੀਵਨ ਵਿੱਚ ਕੋਈ ਮਹੱਤਵ ਹੈ"।

ਮੇਰਾ ਜਵਾਬ ਸੁਨਣ ਤੋਂ ਬਾਅਦ ਆਈਜ਼ੈਕ ਸਾਰਾ ਰਸਤਾ ਕੁਝ ਨਹੀਂ ਬੋਲਿਆ। ਜਦੋਂ ਉਹ ਮਹੀਨੇ ਬਾਅਦ ਦੁਬਾਰਾ ਆਇਆ ਤਾਂ ਉਸ ਦੇ ਚਿਹਰੇ ਤੋਂ ਸਾਫ ਪਤਾ ਲੱਗ ਰਿਹਾ ਸੀ ਕਿ ਉਸਨੇ ਨਾ ਸਿਰ ਦੇ ਵਾਲ ਕੱਟੇ ਹੋਏ ਸਨ ਅਤੇ ਨਾ ਦਾਹੜੀ। ਉਸ ਤੋਂ ਅਗਲੇ ਮਹੀਨੇ, ਵਾਲ ਦਾਹੜੀ ਹੋਰ ਵੀ ਕਾਫੀ ਵਧੇ ਹੋਏ ਸਨ, ਵੇਖ ਕੇ ਮੇਰੇ ਬੱਚੇ ਬਹੁਤ ਹੈਰਾਨ ਹੋਏ ਅਤੇ ਇਸ ਦਾ ਕਾਰਨ ਪੁੱਛਣ ਲੱਗੇ। ਮੈਂ ਆਪਣੇ ਨਾਲ ਹੋਈ ਸਾਰੀ ਗੱਲਬਾਤ ਦੱਸੀ, ਉਹ ਕਹਿਣ ਲੱਗੇ ਕਿ ਕੀ ਇਹ ਪੱਕੇ ਤੌਰ 'ਤੇ ਵਾਲ ਰੱਖ ਲਏਗਾ? ਮੈਂ ਆਖਿਆ, ਕਿਹਾ ਤਾਂ ਨਹੀਂ ਜਾ ਸਕਦਾ, ਪਰ ਉਸ ਲਈ ਹੈ ਬਹੁਤ ਔਖਾ, ਕਿਉਂਕਿ ਇਹ ਉਨ੍ਹਾਂ ਦੀ ਮੌਜੂਦਾ ਸਮਾਜਿਕ ਬਣਤਰ ਦਾ ਹਿੱਸਾ ਨਹੀਂ, ਹੁਣ ਤੱਕ ਲੋਕ ਉਸ ਨੂੰ ਮਜ਼ਾਕ ਕਰਨ ਲੱਗ ਪਏ ਹੋਣਗੇ ਕਿ ਕੀ ਸਿੱਖਾਂ ਕੋਲ ਜਾ ਕੇ ਸਿੱਖ ਬਣ ਗਿਆ ਹੈ? ਇਹ ਉਨ੍ਹਾਂ ਦੀ ਸਮਾਜਿਕ ਬਣਤਰ ਦਾ ਹਿੱਸਾ ਨਾ ਹੋਣ ਕਾਰਨ, ਪੇਸ਼ੇ ਵਜੋਂ ਵੀ ਉਸ ਨੂੰ ਕਈ ਔਕੜਾਂ ਆ ਰਹੀਆਂ ਹੋਣਗੀਆਂ, ਵੇਖੋ ਕਿਤਨੀ ਦੇਰ ਇਸ ਸਾਰੇ ਦਾ ਸਾਹਮਣਾ ਕਰ ਸਕਦਾ ਹੈ? ਆਈਜ਼ੈਕ ਚਾਰ ਮਹੀਨੇ ਤੱਕ ਉਸੇ ਰੂਪ ਵਿੱਚ ਆਉਂਦਾ ਰਿਹਾ।

ਇਸ ਵਿੱਚ ਕੋਈ ਸ਼ੱਕ ਨਹੀਂ ਕਿ ਸਿੱਖ ਦੁਨੀਆਂ ਦਾ ਸੱਭ ਤੋਂ ਵੱਡਭਾਗਾ ਮਨੁੱਖ ਹੈ ਜਿਸ ਨੂੰ ਗੁਰੂ ਗ੍ਰੰਥ ਸਾਹਿਬ ਜੀ ਜਿਹੇ ਗਿਆਨ ਸਾਗਰ ਗੁਰੂ ਦਾ ਸਿੱਖ ਹੋਣ ਦਾ ਸੁਭਾਗ ਪ੍ਰਾਪਤ ਹੋਇਆ ਹੈ, ਜਿਨ੍ਹਾਂ ਸਿੱਖ ਨੂੰ ਅਕਾਲ ਪੁਰਖ ਦੀ ਹੋਂਦ, ਸਮਰੱਥਾ ਅਤੇ ਪੂਰਨਤਾ ਦੇ ਪੂਰਨ ਵਿਸ਼ਵਾਸ ਨਾਲ ਸਰੋਸ਼ਾਰ ਕਰ ਦਿੱਤਾ ਹੈ। ਹੈਰਾਨਗੀ ਉਨ੍ਹਾਂ ਲੋਕਾਂ ਦੀ ਸਮਝ ਤੇ ਹੁੰਦੀ ਹੈ, ਜੋ ਕਹਿੰਦੇ ਹਨ ਕਿ ਗੁਰੂ ਗ੍ਰੰਥ ਸਾਹਿਬ ਵਿੱਚ ਕੇਸਾਂ ਦੀ ਸੰਭਾਲ ਕਰਨ ਬਾਰੇ ਕੁਝ ਨਹੀਂ ਲਿਖਿਆ। ਜੇ ਉਪਰੋਕਤ ਸਿਧਾਂਤ ਦੀ ਸਮਝ ਆ ਜਾਵੇ ਤਾਂ ਸਤਿਗੁਰੂ ਨੇ ਕੇਸਾਂ ਦੀ ਸੰਭਾਲ ਕਰਨ ਦੀ ਹਦਾਇਤ ਤਾਂ ਗੁਰੂ ਗ੍ਰੰਥ ਸਾਹਿਬ ਦੇ ਪਹਿਲੇ ਪੰਨੇ 'ਤੇ, ਜਪੁ ਬਾਣੀ ਦੀ ਪਹਿਲੀ ਪਉੜੀ ਵਿੱਚ ਹੀ ਕਰ ਦਿੱਤੀ ਹੈ:

"ਕਿਵ ਸਚਿਆਰਾ ਹੋਈਐ ਕਿਵ ਕੂੜੈ ਤੁਟੈ ਪਾਲਿ ॥ ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ ॥੧॥"

(ਜਪੁ, ਮਃ ੧, ਪੰਨਾ ੧)

ਅਕਾਲ ਪੁਰਖ ਦਾ ਪਰਕਾਸ਼ ਹੋਣ ਲਈ ਯੋਗ ਕਿਵੇਂ ਬਣ ਸਕੀਦਾ ਹੈ (ਅਤੇ ਸਾਡੇ ਅੰਦਰ ਦਾ) ਕੂੜ ਦਾ ਪਰਦਾ ਕਿਵੇਂ ਟੁੱਟ ਸਕਦਾ ਹੈ ? ਰਜ਼ਾ ਦੇ ਮਾਲਕ ਅਕਾਲ ਪੁਰਖ ਦੇ ਹੁਕਮ ਵਿਚ ਤੁਰਨਾ-(ਇਹੀ ਇਕ ਵਿਧੀ ਹੈ)। ਹੇ ਨਾਨਕ ! (ਇਹ ਵਿਧੀ) ਧੁਰ ਤੋਂ ਹੀ ਜਦ ਤੋਂ ਜਗਤ ਬਣਿਆ ਹੈ, ਲਿਖੀ ਚਲੀ ਆ ਰਹੀ ਹੈ ।1।

ਪਹਿਲਾਂ ਤਾਂ ਇਹ ਸਮਝ ਲੈਣ ਦੀ ਲੋੜ ਹੈ ਕਿ ਮਨੁਖਾ ਜੀਵਨ ਦਾ ਮਨੋਰਥ ਹੈ ਸਚਿਆਰ ਹੋਣਾ। ਸਚਿਆਰ ਸ਼ਬਦ ਦੋ ਸ਼ਬਦਾਂ ਦੇ ਮੇਲ ਨਾਲ ਬਣਿਆ ਹੈ। ਸਚੁ+ਆਚਾਰ=ਸਚਿਆਰ, ਭਾਵ, ਸੱਚਾ ਆਚਰਣ ਬਨਾਉਣਾ, ਅਕਾਲ ਪੁਰਖ ਦਾ ਪ੍ਰਕਾਸ਼ ਤਾਂ ਕਿਸੇ ਸਚਿਆਰ ਮਨੁੱਖ ਦੇ ਜੀਵਨ ਵਿੱਚ ਹੀ ਹੋ ਸਕਦਾ ਹੈ ਅਤੇ ਸੱਚਾ ਆਚਰਣ ਬਨਾਉਣ ਦਾ ਤਰੀਕਾ ਸਤਿਗੁਰੂ ਨੇ ਦਸਿਆ ਹੈ, 'ਹੁਕਮਿ ਰਜਾਈ ਚਲਣਾ'। ਬਸ ਇਤਨੀ ਗੱਲ ਹੀ ਪੱਲੇ ਪੈ ਜਾਵੇ ਕਿ ਸਾਡੇ ਕੇਸ ਵੀ ਤਾਂ ਅਕਾਲ ਪੁਰਖ ਦੀ ਰਜ਼ਾ ਵਿੱਚ ਹੀ ਆਉਂਦੇ ਹਨ, ਤਾਂ ਸਾਰਾ ਮਸਲਾ ਹੱਲ ਹੋ ਜਾਵੇਗਾ। ਹਰ ਚੀਜ਼ ਚੋਂ ਢੂਚਕਰਾਂ ਕਢਣਾ, ਮਨੁੱਖੀ ਸੁਭਾ ਹੈ, ਪਰ ਗੁਰੂ ਗ੍ਰੰਥ ਸਾਹਿਬ ਜੀ ਇਤਨੇ ਪੂਰਨ ਗੁਰੂ ਹਨ ਕਿ ਕਿਸੇ ਭੁਲੇਖੇ ਦੀ ਕੋਈ ਗੁੰਜਾਇਸ਼ ਹੀ ਨਹੀਂ ਛੱਡੀ। ਅਗਲੀ ਹੀ ਪਉੜੀ ਦੀ ਪਹਿਲੀ ਪੰਕਤੀ ਵਿੱਚ ਸਤਿਗੁਰੂ ਨੇ ਗੱਲ ਨੂੰ ਹੋਰ ਸਪੱਸ਼ਟ ਕਰ ਦਿੱਤਾ:

"ਹੁਕਮੀ ਹੋਵਨਿ ਆਕਾਰ ਹੁਕਮੁ ਨ ਕਹਿਆ ਜਾਈ ॥ ਹੁਕਮੀ ਹੋਵਨਿ ਜੀਅ ਹੁਕਮਿ ਮਿਲੈ ਵਡਿਆਈ ॥" (ਜਪੁ, ਮਃ ੧, ਪੰਨਾ ੧)

ਅਕਾਲ ਪੁਰਖ ਦੇ ਹੁਕਮ ਅਨੁਸਾਰ ਸਾਰੇ ਸਰੀਰ ਬਣਦੇ ਹਨ, (ਪਰ ਇਹ) ਹੁਕਮ ਦੱਸਿਆ ਨਹੀਂ ਜਾ ਸਕਦਾ ਕਿ ਕਿਹੋ ਜਿਹਾ ਹੈ। ਰੱਬ ਦੇ ਹੁਕਮ ਅਨੁਸਾਰ ਹੀ ਸਾਰੇ ਜੀਵ ਜੰਮ ਪੈਂਦੇ ਹਨ ਅਤੇ ਹੁਕਮ ਅਨੁਸਾਰ ਹੀ (ਰੱਬ ਦੇ ਦਰ 'ਤੇ) ਸ਼ੋਭਾ ਮਿਲਦੀ ਹੈ।

ਜਦ ਸਾਡੇ ਸਰੀਰ ਅਕਾਲ ਪੁਰਖ ਦੇ ਹੁਕਮ ਅਨੁਸਾਰ ਹੀ ਬਣਦੇ ਹਨ ਤਾਂ ਸਰੀਰ ਦੇ ਬਾਕੀ ਅੰਗਾਂ ਦੀ ਤਰ੍ਹਾਂ, ਕੀ ਸਾਡੇ ਕੇਸ ਉਸ ਸਰੀਰ ਦਾ ਹਿੱਸਾ ਨਹੀਂ ਹਨ? ਅਕਾਲ ਪੁਰਖ ਦੇ ਬਣਾਏ ਇਸ ਸਰੀਰ ਨੂੰ ਕਿਸੇ ਤਰ੍ਹਾਂ ਛੇਦਣਾ, ਛਾਂਗਣਾ ਤਾਂ ਅਕਾਲ ਪੁਰਖ ਦੀ ਸਿਆਣਪ ਤੇ ਸ਼ੱਕ ਕਰਨਾ ਹੈ। ਪ੍ਰਮੇਸ਼ਰ ਨੇ ਹਰ ਜੀਵ ਦੀ ਬਣਤਰ, ਆਪਣੇ ਨੀਯਮਾਂ ਅਨੁਸਾਰ ਘੜੀ ਹੈ। ਦਾੜ੍ਹੀ ਮੁੱਛ ਕੇਵਲ ਮਰਦਾਂ ਦੇ ਚਿਹਰੇ ਤੇ ਹੀ ਆਉਂਦੀ ਹੈ, ਇਹ ਵੀ ਪ੍ਰਭੂ ਦੀ ਬਣਤਰ ਅਨੁਸਾਰ ਹੀ ਹੈ। ਹਰ ਜੀਵ ਦੇ ਦੋ ਵੱਖ ਵੱਖ ਭਾਗ ਹਨ, ਨਰ 'ਤੇ ਮਾਦਾ। ਜੇ ਕੋਈ ਮਨੁੱਖ ਮਰਦ ਹੋ ਕੇ ਔਰਤਾਂ ਦੀ ਸ਼ਕਲ ਗ੍ਰਹਿਣ ਕਰਨਾ ਚਾਹੁੰਦਾ ਹੈ, ਤਾਂ ਇਹ ਨਹੀਂ ਹੋ ਸਕਦਾ। ਮਰਦ ਦੇ ਚਿਹਰੇ ਤੇ ਦਾੜ੍ਹੀ ਮੁੱਛ ਅਖੀਰ ਤੱਕ ਆਉਂਦੀ ਹੀ ਰਹੇਗੀ, ਇਹ ਕੁਦਰਤ ਦਾ ਨੀਯਮ ਹੈ, ਬਿਲਕੁਲ ਉਵੇਂ, ਜਿਵੇਂ ਮਰਦ ਬੱਚੇ ਨੂੰ ਜਨਮ ਨਹੀਂ ਦੇ ਸਕਦਾ। ਇਸ ਫਰਕ ਨੂੰ ਮਿਟਾਉਣਾ ਕੁਦਰਤ ਦੇ ਵਿਪਰੀਤ ਕਰਮ ਹੈ। ਜਿਹੜੇ ਲੋਕ ਵਾਲ ਕੱਟਦੇ ਹਨ, ਯਕੀਨਨ ਹੀ ਉਨ੍ਹਾਂ ਅੰਦਰ ਅਚੇਤ ਹੀ ਅਕਾਲ ਪੁਰਖ ਦੀ ਪੂਰਨ ਸਿਆਣਪ ਪ੍ਰਤੀ ਸ਼ੰਕਾ ਹੁੰਦੀ ਹੈ, ਭਾਵੇਂ ਉਹ ਜ਼ਾਹਿਰਾ ਨਾ ਮੰਨਣ, ਪਰ ਅੰਦਰ ਹੀ ਅਚੇਤ ਮਨ ਵਿੱਚ, ਕਿਤੇ ਇਹ ਖਿਆਲ ਛੁਪਿਆ ਹੁੰਦਾ ਹੈ ਕਿ ਪ੍ਰਮਾਤਮਾ ਨੇ ਵਾਲ ਫਾਲਤੂ ਹੀ ਲਾ ਦਿੱਤੇ ਹਨ ਅਤੇ ਮੈਂ ਇਨ੍ਹਾਂ ਨੂੰ ਕੱਟ ਕੇ ਕੋਈ ਗ਼ਲਤੀ ਨਹੀਂ ਕਰ ਰਿਹਾ। ਜਦਕਿ ਸਤਿਗੁਰੂ ਸਮਝਾਉਂਦੇ ਹਨ:

"ਭੁਲਣ ਅੰਦਰਿ ਸਭੁ ਕੋ ਅਭੁਲੁ ਗੁਰੂ ਕਰਤਾਰੁ ॥" (ਸਿਰੀ ਰਾਗ ਮ: ੧, ਪੰਨਾ ੬੧)

ਹਰੇਕ ਜੀਵ ਗ਼ਲਤੀ ਖਾ ਜਾਂਦਾ ਹੈ, ਸਿਰਫ਼ ਗੁਰੂ ਹੈ ਤੇ ਕਰਤਾਰ ਹੈ ਜੋ (ਨਾਹ ਮਾਇਆ ਦੇ ਅਸਰ ਹੇਠ ਆਉਂਦਾ ਹੈ, ਤੇ) ਨਾਹ ਗ਼ਲਤੀ ਖਾਂਦਾ ਹੈ।

"ਭੁਲਣ ਵਿਚਿ ਕੀਆ ਸਭੁ ਕੋਈ ਕਰਤਾ ਆਪਿ ਨ ਭੁਲੈ ॥ ਨਾਨਕ ਸਚਿ ਨਾਮਿ ਨਿਸਤਾਰਾ ਕੋ ਗੁਰ ਪਰਸਾਦਿ ਅਘੁਲੈ ॥" (ਪ੍ਰਭਾਤੀ ਮਹਲਾ ੧, ਪੰਨਾ ੧੩੪੪)

ਕਰਤਾਰ ਆਪ ਕਦੇ ਗ਼ਲਤੀ ਨਹੀਂ ਖਾਂਦਾ ਪਰ ਹਰੇਕ ਜੀਵ ਜੋ ਉਸ ਨੇ ਪੈਦਾ ਕੀਤਾ ਹੈ ਭੁੱਲਾਂ ਵਿਚ ਫਸਦਾ ਰਹਿੰਦਾ ਹੈ । ਹੇ ਨਾਨਕ ! ਸਦਾ-ਥਿਰ ਰਹਿਣ ਵਾਲੇ ਪਰਮਾਤਮਾ ਦੇ ਨਾਮ ਵਿਚ ਜੁੜਿਆਂ ਇਹਨਾਂ ਭੁੱਲਾਂ ਤੋਂ ਬਚ ਸਕੀਦਾ ਹੈ । ਗੁਰੂ ਦੀ ਕਿਰਪਾ ਨਾਲ ਹੀ ਕੋਈ ਵਿਰਲਾ ਜੀਵ ਕੁਰਾਹੇ ਪੈਣ ਤੋਂ ਬਚਦਾ ਹੈ ।

ਇਕ ਗੱਲ ਹੋਰ ਸਮਝਣ ਵਾਲੀ ਹੈ ਕਿ ਵਾਲ ਸਾਡੇ ਸ਼ਰੀਰ ਦੀ ਲੋੜ ਅਨੁਸਾਰ ਇਕ ਹੱਦ ਤੱਕ ਹੀ ਵਧਦੇ ਹਨ। ਕਿਸੇ ਦੇ ਲੰਬੇ, ਕਿਸੇ ਦੇ ਮੱਧਮ, ਕਿਸੇ ਦੇ ਛੋਟੇ, ਕਿਸੇ ਦੇ ਸੰਘਣੇ ਤੇ ਕਿਸੇ ਦੇ ਹਲਕੇ, ਪਰ ਇਹ ਆਪਣੀ ਇਕ ਹੱਦ ਤੱਕ ਹੀ ਰਹਿੰਦੇ ਹਨ। ਜੋ ਵਾਲ ਕਟਦੇ ਹਨ, ਉਹ ਜੀਵਨ ਵਿੱਚ ਭਾਵੇਂ ਮੀਲਾਂ ਦੇ ਮੀਲ ਕੱਟ ਦੇਣ, ਵਾਲ ਆਈ ਹੀ ਜਾਂਦੇ ਹਨ ਪਰ ਜਿਵੇਂ ਹੀ ਕੱਟਣੇ ਬੰਦ ਕਰੋ, ਇਹ ਆਪਣੀ ਹੱਦ ਤੇ ਆ ਕੇ ਵਧਣਾ ਬੰਦ ਕਰ ਦੇਂਦੇ ਹਨ। ਇਸ ਤੋਂ ਵੀ ਸਪੱਸ਼ਟ ਹੈ ਕਿ ਸਾਡੇ ਸ਼ਰੀਰ ਦੀ ਲੋੜ ਅਨੁਸਾਰ ਵਾਲਾਂ ਦੀ ਲੋੜ ਹੈ। ਜਿਹੜੇ ਵਾਲ ਕਟਦੇ ਹਨ, ਉਨ੍ਹਾਂ ਦਾ ਤਾਂ ਜਿਵੇਂ ਪ੍ਰਮਾਤਮਾ ਨਾਲ ਮੁਕਾਬਲਾ ਚੱਲ ਰਿਹਾ ਹੋਵੇ, ਉਹ ਕੱਟੀ ਜਾਂਦੇ ਹਨ, ਪ੍ਰਮਾਤਮਾ ਦੇਈ ਜਾਂਦਾ ਹੈ। ਉਨ੍ਹਾਂ ਦੀ ਜ਼ਿਦ ਹੈ, ਅਸੀਂ ਵਾਲ ਨਹੀਂ ਰਹਿਣ ਦੇਣੇ ਅਤੇ ਪ੍ਰਮਾਤਮਾ ਕਹਿੰਦਾ ਹੈ, ਮੈਂ ਵਾਲਾਂ ਤੋਂ ਬਗੈਰ ਨਹੀਂ ਰਹਿਣ ਦੇਣਾ। ਇਸੇ ਦੌੜ ਵਿੱਚ ਜ਼ਿੰਦਗੀ ਮੁੱਕ ਜਾਂਦੀ ਹੈ। ਜਿਉਂ ਹੀ ਜ਼ਿੰਦਗੀ ਮੁਕਦੀ ਹੈ, ਵਾਲ ਵਧਣੇ ਵੀ ਬੰਦ ਹੋ ਜਾਂਦੇ ਹਨ, ਮ੍ਰਿਤੱਕ ਸਰੀਰ ਦੇ ਵਾਲ ਨਹੀਂ ਵਧਦੇ, ਕਿਉਂਕਿ ਇਹ ਤਾਂ ਜ਼ਿੰਦਾ ਸਰੀਰ ਦੀ ਲੋੜ ਹੈ। **ਪ੍ਰਮਾਤਮਾ ਦੀ ਸਿਆਣਪ ਵਿੱਚ ਬੇਵਿਸ਼ਵਾਸੀ ਦਾ ਇਸ ਤੋਂ ਵੱਡਾ ਪ੍ਰਮਾਣ ਹੋਰ ਕੀ ਹੋਵੇਗਾ?**

ਇਥੇ ਇਕ ਹੋਰ ਗੱਲ ਵੀ ਸਪੱਸ਼ਟ ਕਰ ਦੇਣੀ ਚੰਗੀ ਹੋਵੇਗੀ। ਕਈ ਲੋਕ ਪੁਛਦੇ ਹਨ ਕਿ ਨਹੁੰ ਵੀ ਤਾਂ ਕੁਦਰਤੀ ਹਨ, ਫੇਰ ਅਸੀਂ ਨਹੁੰ ਕਿਉਂ ਕੱਟਦੇ ਹਾਂ? ਸੁਆਲ ਹੈ ਵੀ ਬੜਾ ਸੁਭਾਵਿਕ। ਪਹਿਲਾਂ ਇਕ ਗੱਲ ਸਮਝ ਲਈਏ ਕਿ ਅਸੀਂ ਸੰਭਾਲ ਜ਼ਿੰਦਾ ਕੇਸਾਂ ਦੀ ਕਰਦੇ ਹਾਂ, ਸਿੱਖ ਨੂੰ ਰੋਜ਼ ਦੋ ਵਾਰੀ(ਸਵੇਰੇ-ਸ਼ਾਮ), ਕੇਸਾਂ ਵਿੱਚ ਕੰਘਾ ਕਰਨ ਦਾ ਆਦੇਸ਼ ਹੈ। ਜਦੋਂ ਅਸੀਂ ਕੰਘਾ ਕਰਦੇ ਹਾਂ, ਜਿਹੜੇ ਵਾਲ ਮ੍ਰਿਤਕ ਹੋ ਗਏ ਹੁੰਦੇ ਹਨ, ਉਹ ਕੰਘੇ ਰਾਹੀਂ ਬਾਹਰ ਆ ਜਾਂਦੇ ਹਨ। ਅਸੀਂ ਉਨ੍ਹਾਂ ਦੀ ਸੰਭਾਲ ਨਹੀਂ ਕਰਦੇ, ਉਨ੍ਹਾਂ ਨੂੰ ਸੁੱਟ ਦੇਂਦੇ ਹਾਂ। ਹਾਂ ! ਕਈ ਸਮਝਦਾਰ ਵੀਰ,ਭੈਣਾਂ, ਉਨ੍ਹਾਂ ਨੂੰ ਇਕੱਠਾ ਕਰੀ ਜਾਂਦੇ ਹਨ ਅਤੇ ਬਾਅਦ ਵਿੱਚ ਇਕੱਠਿਆਂ ਨੂੰ ਅੱਗ ਲਗਾ ਦੇਂਦੇ ਹਨ, ਦਬਾ ਦੇਂਦੇ ਹਨ ਜਾਂ ਕਿਤੇ ਸੁੱਟ ਦੇਂਦੇ ਹਨ, ਇਸ ਦੇ ਪਿੱਛੇ ਸਿਰਫ ਇਤਨੀ ਹੀ ਭਾਵਨਾ ਹੈ ਕਿ ਘਰ ਵਿੱਚ ਗੰਦ ਨਾ ਪਵੇ। ਬਿਲਕੁਲ ਇਸੇ ਤਰ੍ਹਾਂ ਅਸੀਂ ਨਹੁੰ ਵੀ ਉਹੀ ਕਟਦੇ ਹਾਂ ਜੋ ਮ੍ਰਿਤਕ ਹੋ ਜਾਂਦੇ ਹਨ ਅਤੇ ਉਂਗਲਾਂ ਦੇ ਮਾਸ ਨੂੰ ਛੱਡ ਦੇਂਦੇ ਹਨ। ਕਿਤੇ ਜ਼ਿੰਦਾ ਨਹੁੰਆਂ ਨੂੰ ਕੱਟ ਕੇ ਵੇਖੋ, ਭਾਰੀ ਪੀੜਾ ਵੀ ਹੋਵੇਗੀ ਅਤੇ ਲਹੂ ਵੀ ਸਿੰਮ ਪਵੇਗਾ, ਜਦਕਿ ਮ੍ਰਿਤਕ ਨਹੁੰਆਂ ਨੂੰ ਕੱਟਿਆਂ ਐਸੀ ਕੋਈ ਪ੍ਰੇਸ਼ਾਨੀ ਨਹੀਂ ਆਉਂਦੀ। ਇਹ ਵੀ ਅਕਾਲ ਪੁਰਖ ਦੀ ਪੂਰਨਤਾ ਦੀ ਇਕ ਲਾਜੁਆਬ ਮਿਸਾਲ ਹੈ ਕਿ ਸਾਡੇ ਕੁਝ ਨਹੁੰ ਲਗਾਤਾਰ ਮ੍ਰਿਤਕ ਹੁੰਦੇ ਰਹਿੰਦੇ ਹਨ, ਜਿਹੜੇ ਹੱਥਾਂ ਨਾਲ ਕਿਰਤ ਕਰਨ ਵਾਲੇ ਹਨ, ਉਨ੍ਹਾਂ ਦੇ ਇਹ ਨਹੁੰ ਕੁਦਰਤੀ ਘਸਦੇ ਰਹਿੰਦੇ ਹਨ, ਜੇ ਇਹ ਵਧਣ ਅਤੇ ਮ੍ਰਿਤਕ ਹੋਣ ਵਾਲਾ ਸਿਲਸਿਲਾ ਨਾ ਹੋਵੇ ਤਾਂ ਉਨ੍ਹਾਂ ਦੇ ਜੀਵਤ ਨਹੁੰਆਂ ਦੇ ਉਂਗਲਾਂ ਨਾਲ ਜੋੜ ਵਾਲੇ ਸਥਾਨ ਜ਼ਖ਼ਮੀ ਹੋ ਜਾਣ। ਅੱਜ ਕਿਉਂ ਕਿ ਹੱਥਾਂ ਦੀ ਕਿਰਤ ਬਹੁਤ ਘੱਟ ਗਈ ਹੈ, ਸਾਨੂੰ ਸਫਾਈ ਵਾਸਤੇ ਮ੍ਰਿਤਕ ਨਹੁੰਆਂ ਨੂੰ ਕੱਟਣ ਦੀ ਲੋੜ ਪੈਂਦੀ ਹੈ।

ਦੂਸਰਿਆਂ ਨੂੰ ਤਾਂ ਭਲਾ ਗੁਰੂ ਗ੍ਰੰਥ ਸਹਿਬ ਦੀ ਸੰਗਤ ਦਾ ਸੁਭਾਗ ਪ੍ਰਾਪਤ ਨਹੀਂ

ਹੋਇਆ ਪਰ ਹੈਰਾਨਗੀ ਦੀ ਗੱਲ ਤਾਂ ਇਹ ਹੈ ਕਿ ਸਿੱਖਾਂ ਦੇ ਘਰ ਜੰਮੇ ਵੀ ਕੇਸਾਂ ਦੀ ਬੇਅਦਬੀ ਕਰੀ ਜਾ ਰਹੇ ਹਨ, ਕਾਰਨ ਇਥੇ ਵੀ ਇਹੀ ਹੈ ਕਿ ਸਿੱਖਾਂ ਦੇ ਘਰ ਜਨਮ ਤਾਂ ਲੈ ਲਿਆ ਪਰ ਬਾਣੀ ਦੇ ਸਰੋਵਰ ਵਿੱਚ ਕਦੇ ਚੁੱਭਾ ਨਹੀਂ ਮਾਰਿਆ। ਜੇ ਬਾਣੀ ਪੜ੍ਹੀ ਵੀ ਤਾ ਭਾੜੇ ਦੀ, ਕੇਵਲ ਰੱਟੇ ਲਾ ਲਏ। ਗੁਰਬਾਣੀ ਦੇ ਗਿਆਨ ਸਾਗਰ 'ਚੋਂ ਕੋਈ ਰਤਨ ਪਦਾਰਥ ਕਦੇ ਆਪਣੀ ਮਤਿ ਰੂਪੀ ਝੋਲੀ ਵਿੱਚ ਪਾਉਣ ਦੀ ਕਦੇ ਕੋਸ਼ਿਸ਼ ਹੀ ਨਹੀਂ ਕੀਤੀ। ਜੇ ਸਮਝਣ ਦੀ ਕੋਸ਼ਿਸ਼ ਕਰੀਏ ਤਾਂ ਗੁਰਬਾਣੀ ਵਿਚ ਹੋਰ ਵੀ ਬਹੁਤ ਪ੍ਰਮਾਣ ਹਨ, ਜਿਥੋਂ ਸਾਨੂੰ ਇਹ ਪਤਾ ਲਗਦਾ ਹੈ ਕਿ ਸਿੱਖ ਕੌਮ ਸ਼ੁਰੂ ਤੋਂ ਕੇਸਾਧਾਰੀ ਹੈ:

"ਕੇਸ ਸੰਗਿ ਦਾਸ ਪਗ ਝਾਰਉ ਇਹੈ ਮਨੋਰਥ ਮੋਰ ॥" {ਗੂਜਰੀ ਮਹਲਾ ੫, ਪੰਨਾ ੫੦੦}

"ਸੇ ਦਾੜੀਆਂ ਸਚੀਆ ਜਿ ਗੁਰ ਚਰਨੀ ਲਗੰਨਿ੍ ॥" (ਪੰਨਾ ੧੪੧੯)

"ਦਿਵਸ ਰੈਨਿ ਤੇਰੇ ਪਾਉ ਪਲੋਸਉ ਕੇਸ ਚਵਰ ਕਰਿ ਫੇਰੀ ॥"
(ਰਾਮਕਲੀ ਭਗਤ ਕਬੀਰ ਜੀ, ਪੰਨਾ ੯੬੯)

ਉਪਰੋਕਤ ਸਾਰੇ ਪ੍ਰਮਾਣ ਭਾਵੇਂ ਅਮਲੀ ਨਹੀਂ, ਸਿੱਖ ਦੇ ਜੀਵਨ ਦੀ ਅਤਿ ਨਿਮਰਤਾ ਵਾਲੀ ਅਵਸਥਾ ਦੇ ਪ੍ਰਤੀਕ ਹਨ, ਪਰ ਪ੍ਰਮਾਣ ਵੀ ਤਾਂ ਅਸਲੀ ਸਰੂਪ ਦੇ ਲਖਾਇਕ ਹੁੰਦੇ ਹਨ। ਜੇ ਭਲਾ ਸਿਰੋਂ ਹੀ ਰੋਡਾ ਹੈ ਤਾਂ ਉਸ ਦਾ ਕੇਸਾਂ ਨਾਲ ਅਕਾਲ ਪੁਰਖ ਦੇ ਭਗਤ ਜਨਾਂ ਦੇ ਪੈਰ ਝਾੜਨ ਦਾ ਸੁਆਲ ਹੀ ਕਿਵੇਂ ਪੈਦਾ ਹੋ ਸਕਦਾ ਹੈ? ਇਵੇਂ ਹੀ ਜਿਸਨੇ ਮੂੰਹ ਮੁਨਿਆ ਹੋਇਆ ਹੈ, ਉਸ ਦੀ ਦਾੜ੍ਹੀ ਗੁਰੂ ਚਰਨਾਂ ਨਾਲ ਲੱਗਣ ਦੀ ਗੱਲ ਹੀ ਕਿਵੇਂ ਕੀਤੀ ਜਾ ਸਕਦੀ ਹੈ? ਅਤੇ ਸਿਰੋਂ ਘੋਨੇ ਦੇ ਕੇਸ ਚਵਰ ਵਾਂਗੂੰ ਫੇਰਨ ਦੀ ਗੱਲ ਕਰਨਾ ਵੀ ਮਜ਼ਾਕ ਜਾਪਦਾ ਹੈ। ਬੇਸ਼ਕ ਇਹ ਪ੍ਰਮਾਣ ਮਨੁੱਖ ਦਾ ਸਾਬਤ ਸੂਰਤ ਸਰੂਪ ਸਾਹਮਣੇ ਰੱਖ ਕੇ ਹੀ ਉਚਾਰਣ ਕੀਤੇ ਗਏ ਹਨ। ਹੇਠਲਾ ਸ਼ਬਦ ਤਾਂ ਬਿਲਕੁਲ ਹੀ ਸਪਸ਼ਟ ਹੈ:

"ਨਾਪਾਕ ਪਾਕੁ ਕਰਿ ਹਦੂਰਿ ਹਦੀਸਾ ਸਾਬਤ ਸੂਰਤਿ ਦਸਤਾਰ ਸਿਰਾ ॥੧੨॥"
{ਮਾਰੂ ਮਹਲਾ ੫, ਪੰਨਾ ੧੦੮੪}

ਹੇ ਅੱਲਾ ਦੇ ਬੰਦੇ ! (ਵਿਕਾਰਾਂ ਵਿਚ) ਮਲੀਨ ਹੋ ਰਹੇ ਮਨ ਨੂੰ ਪਵਿੱਤਰ ਕਰਨ ਦਾ ਜਤਨ ਕਰ—ਇਹੀ ਹੈ ਰੱਬੀ ਮਿਲਾਪ ਪੈਦਾ ਕਰਨ ਵਾਲੀ ਸ਼ਰਹ ਦੀ ਕਿਤਾਬ । (ਸੁੰਨਤਿ, ਲਬਾਂ ਕਟਾਣ ਆਦਿਕ ਸ਼ਰਹ ਨੂੰ ਛੱਡ ਕੇ) ਆਪਣੀ ਸ਼ਕਲ ਨੂੰ ਜਿਉਂ ਕਾ ਤਿਉਂ ਰੱਖ, ਅਤੇ ਸਿਰ ਤੇ ਦਸਤਾਰ ਸਜਾ—ਇਹ (ਲੋਕ ਪਰਲੋਕ ਵਿਚ) ਇੱਜ਼ਤ-ਆਦਰ ਪ੍ਰਾਪਤ ਕਰਨ ਦਾ ਵਸੀਲਾ ਬਣ ਜਾਂਦਾ ਹੈ ।12।

ਇਹ ਠੀਕ ਹੈ ਕਿ ਸਤਿਗੁਰੂ ਨੇ ਇਹ ਸ਼ਬਦ ਮੁਸਲਮਾਨ ਕੌਮ ਦੇ ਵੀਰਾਂ ਦੇ ਪ੍ਰਥਾਏ ਉਚਾਰਣ ਕੀਤਾ ਹੈ ਪਰ ਇਹ ਤਾਂ ਨਹੀਂ ਹੋ ਸਕਦਾ ਕਿ ਜੇ ਸਤਿਗੁਰੂ ਮੁਸਲਮਾਨ ਵੀਰਾਂ ਨੂੰ ਸਾਬਤ ਸੂਰਤ ਰਹਿਣ ਦਾ ਉਪਦੇਸ਼ ਦੇ ਰਹੇ ਹਨ ਤਾਂ ਇਹ ਸਾਡੇ ਵਾਸਤੇ ਲਾਗੂ ਨਹੀਂ ਹੈ। ਸਤਿਗੁਰੂ ਦਾ ਉਪਦੇਸ਼ ਸਾਰੀ ਮਨੁੱਖਤਾ ਲਈ ਸਾਂਝਾ ਹੈ, ਹਾਂ! ਸਤਿਗੁਰੂ ਦੇ ਸਿੱਖ ਹੋਣ ਦੇ ਨਾਤੇ ਸਿੱਖ ਇਨ੍ਹਾਂ ਦਾ ਅਲੰਬਰਦਾਰ ਹੈ, ਸਿੱਖ ਲਈ ਤਾਂ ਇਨ੍ਹਾਂ ਨੂੰ ਮੰਨਣਾ ਲਾਜ਼ਮੀ ਹੈ।

ਅੱਜ ਕੇਸਾਂ ਦੀ ਮਹੱਤਤਾ ਬਾਰੇ ਬੜੀਆਂ ਖੋਜਾਂ ਹੋ ਰਹੀਆਂ ਹਨ, ਇਸ ਵਿੱਚ ਕੋਈ ਸ਼ੱਕ ਵੀ ਨਹੀਂ ਕਿ ਜੇ ਅਕਾਲ ਪੁਰਖ ਨੇ ਇਨ੍ਹਾਂ ਦੀ ਬਖਸ਼ਿਸ਼ ਕੀਤੀ ਹੈ ਅਤੇ ਸਤਿਗੁਰੂ ਨੇ ਸਾਨੂੰ ਇਨ੍ਹਾਂ ਦੀ ਸੰਭਾਲ ਕਰਨ ਦਾ ਆਦੇਸ਼ ਕੀਤਾ ਹੈ ਤਾਂ ਇਨ੍ਹਾਂ ਵਿਚ ਅਕਾਲ ਪੁਰਖ ਦੀ ਕੋਈ ਗੁੱਝੀ ਸਿਆਨਪ ਹੈ, ਇਨ੍ਹਾਂ ਦਾ ਸਾਡੇ ਜੀਵਨ ਵਿੱਚ ਕੋਈ ਵਿਸ਼ੇਸ਼ ਯੋਗਦਾਨ ਹੋਵੇਗਾ, ਪਰ **ਸਿੱਖ ਵਾਸਤੇ ਤਾਂ ਇਤਨਾ ਹੀ ਕਾਫੀ ਹੈ ਕਿ ਉਸ ਦੇ ਸਤਿਗੁਰੂ ਨੇ ਆਦੇਸ਼ ਕੀਤਾ ਹੈ ਕਿ ਸਿੱਖ ਨੇ ਕੇਸਾਂ ਦੀ ਬੇਅਦਬੀ ਨਹੀਂ ਕਰਨੀ, ਸਿੱਖ ਦਾ ਕੰਮ ਹੈ ਬਿਨਾਂ ਕਿਸੇ ਹੀਲ, ਹੁਜਤ, ਸ਼ੰਕੇ ਅਤੇ ਕਿੰਤੂ ਦੇ ਸਤਿਗੁਰੂ ਦੀ ਆਗਿਆ ਮੰਨਣੀ।**

ਸਿੱਖ ਦਾ ਸਾਬਤ ਸੂਰਤ ਸਰੂਪ ਇਸ ਗੱਲ ਦਾ ਪ੍ਰਤੀਕ ਹੈ ਕਿ ਸਿੱਖ ਨੂੰ ਅਕਾਲ ਪੁਰਖ ਦੀ ਹੋਂਦ, ਸਮਰੱਥਾ ਅਤੇ ਪੂਰਨਤਾ 'ਤੇ ਪੂਰਨ ਵਿਸ਼ਵਾਸ ਹੈ ਅਤੇ ਸਿੱਖ ਸਦਾ ਆਪਣੇ ਸਤਿਗੁਰੂ ਦੇ ਹੁਕਮ ਦੀ ਪਾਲਣਾ ਕਰਦਾ ਹੈ।

ਕੰਘਾ

ਵੈਸੇ ਤਾਂ ਕੰਘਾ ਕੇਸਾਂ ਦੀ ਸੰਭਾਲ ਵਾਸਤੇ ਹੈ। ਜਿਵੇਂ ਉਪਰ ਲਿਖਿਆ ਹੈ, ਸਿੱਖ ਨੂੰ ਰੋਜ਼ ਦੋ ਵਾਰੀ(ਸਵੇਰੇ-ਸ਼ਾਮ), ਕੇਸਾਂ ਵਿੱਚ ਕੰਘਾ ਕਰਨ ਦਾ ਆਦੇਸ਼ ਹੈ। ਜੇ ਨੇਮ ਨਾਲ ਕੰਘਾ ਨਾ ਫੇਰਿਆ ਜਾਵੇ ਤਾਂ ਮ੍ਰਿਤਕ ਵਾਲ ਵਿੱਚੇ ਉਲਝਦੇ ਜਾਣਗੇ ਅਤੇ ਵਾਲਾਂ ਦੀਆਂ ਲਿਟਾਂ ਬਣ ਜਾਣਗੀਆਂ। ਇਸ ਤਰ੍ਹਾਂ ਕੰਘੇ ਦਾ ਇਹ ਗੁਣ ਹੈ ਕਿ ਇਹ ਜੀਵਤ ਵਾਲਾਂ ਦੀ ਸੰਭਾਲ ਕਰਦਾ ਹੈ ਅਤੇ ਮ੍ਰਿਤਕ ਵਾਲਾਂ ਨੂੰ ਬਾਹਰ ਕੱਢ ਸੁਟਦਾ ਹੈ। ਕੰਘੇ ਦੇ ਇਸ ਗੁਣ ਤੋਂ, ਇਸ ਗੱਲ ਦੀ ਪ੍ਰੇਰਣਾ ਮਿਲਦੀ ਹੈ ਕਿ ਸਿੱਖ ਨੇ ਹਰ ਰੋਜ਼ ਆਪਣੀ ਸਵੈ ਪੜਚੋਲ ਕਰਨੀ ਹੈ, ਜੋ ਵਿਚਾਰ ਗੁਰਮਤਿ ਅਨੁਸਾਰੀ ਹੋਣ, ਉਨ੍ਹਾਂ ਨੂੰ ਸੰਭਾਲ ਲੈਣਾ ਹੈ ਅਤੇ ਜੋ ਵਿਚਾਰ ਗੁਰੂ ਨਾਲੋਂ ਟੁੱਟ ਚੁੱਕੇ ਹੋਣ ਭਾਵ ਮਨਮਤਿ ਬਣ ਚੁੱਕੇ ਹੋਣ, ਉਨ੍ਹਾਂ ਮ੍ਰਿਤਕ ਵਿਚਾਰਾਂ ਨੂੰ ਕੱਢ ਕੇ ਬਾਹਰ ਸੁੱਟ ਦੇਣਾ ਹੈ। ਸਤਿਗੁਰੂ ਸਾਨੂੰ ਗੁਰਬਾਣੀ ਰਾਹੀਂ ਵੀ ਆਦੇਸ਼ ਦੇਂਦੇ ਹਨ:

"ਬੰਦੇ ਖੋਜੁ ਦਿਲ ਹਰ ਰੋਜ ਨਾ ਫਿਰੁ ਪਰੇਸਾਨੀ ਮਾਹਿ ॥" {ਤਿਲੰਗ ਬਾਣੀ ਭਗਤਾ ਕੀ ਕਬੀਰ ਜੀ, ਪੰਨਾ ੭੨੭}

ਹੇ ਭਾਈ ! (ਆਪਣੇ ਹੀ) ਦਿਲ ਨੂੰ ਹਰ ਰੋਜ਼ ਖੋਜ (ਆਪਣੇ ਕਰਮਾਂ ਦੀ ਪੜਤਾਲ ਕਰ) , ਫਿਰ ਤੂੰ ਪਰੇਸ਼ਾਨੀਆਂ ਵਿੱਚ ਨਹੀਂ ਘਿਰੇਗਾ।

ਆਪਣੀ ਸਵੈ ਪੜਚੋਲ ਕਰਨੀ ਹਰ ਮਨੁੱਖ ਵਾਸਤੇ ਬਹੁਤ ਜ਼ਰੂਰੀ ਹੈ, ਜੇ ਰੋਜ਼ ਨਾਲੋ ਨਾਲ ਨਾ ਕੀਤੀ ਜਾਵੇ ਤਾਂ ਪਤਾ ਹੀ ਨਹੀਂ ਲਗਦਾ, ਮਨ ਕਦੋਂ ਭਟਕ ਕੇ ਗਲਤ ਰਾਹ ਪੈ ਜਾਂਦਾ ਹੈ, ਜੀਵਨ ਗਲਤ ਰਾਹ ਪੈ ਗਿਆ ਤਾਂ ਪ੍ਰੇਸ਼ਾਨੀਆਂ ਸੁਭਾਵਕ ਹਨ। ਜਿਨਾਂ ਚਿਰ ਆਤਮ ਪੜਚੋਲ ਕਰਕੇ, ਮਨਮਤਿ ਦਾ ਤਿਆਗ ਨਾ ਕੀਤਾ ਜਾਵੇ, ਇਕ ਆਮ ਮਨੁੱਖ ਦਾ ਜੀਵਨ ਭਰਮ-ਜਾਲ ਵਿੱਚ ਹੀ ਭਟਕਦਾ ਰਹਿੰਦਾ ਹੈ। ਗੁਰਬਾਣੀ ਦਾ ਫੁਰਮਾਨ ਹੈ:

"ਜਨ ਨਾਨਕ ਬਿਨੁ ਆਪਾ ਚੀਨੈ ਮਿਟੈ ਨ ਭ੍ਰਮ ਕੀ ਕਾਈ ॥"

{ਧਨਾਸਰੀ ਮਹਲਾ ੯, ਪੰਨਾ ੬੮੪}

ਹੇ ਦਾਸ ਨਾਨਕ ! ਆਪਣਾ ਆਤਮਕ ਜੀਵਨ ਪਰਖਣ ਤੋਂ ਬਿਨਾ (ਮਨ ਉੱਤੋਂ)

ਭਟਕਣਾ ਦਾ ਜਾਲਾ ਦੂਰ ਨਹੀਂ ਹੋ ਸਕਦਾ।

ਜੇ ਇਹ ਗੁਰਮਤਿ ਅਤੇ ਮਨਮਤਿ ਦਾ ਨਿਖੇੜਾ ਨਾਲ ਨਾਲ ਨਾ ਕੀਤਾ ਜਾਵੇ, ਮਨਮਤਿ ਦੇ ਬੀਜ ਵੀ ਅੰਦਰ ਹੀ ਪ੍ਰਫੁਲਤ ਹੁੰਦੇ ਰਹਿਣ ਤਾਂ ਕੁਝ ਸਮੇਂ ਬਾਅਦ ਜੀਵਨ ਐਸੇ ਭਰਮਜਾਲ ਵਿੱਚ ਉਲਝ ਕੇ ਰਹਿ ਜਾਵੇਗਾ ਕਿ ਸੱਚ ਝੂਠ ਦੀ ਪਹਿਚਾਣ ਕਰਨੀ ਵੀ ਔਖੀ ਹੋ ਜਾਵੇਗੀ।

ਜੇ ਸਿੱਖ ਕੰਘੇ ਦੀ ਵਰਤੋਂ ਕੇਸਾਂ ਦੀ ਸੰਭਾਲ ਕਰਨ ਅਤੇ ਇਸ ਤੋਂ ਪ੍ਰੇਰਨਾ ਲੈਕੇ ਆਪਣੇ ਮਨ ਨੂੰ ਸਾਫ ਕਰਨ ਦਾ ਕੰਮ, ਨੇਮ ਨਾਲ ਕਰ ਰਿਹਾ ਹੈ ਤਾਂ ਉਸ ਨੇ ਕਕਾਰ ਧਾਰਨ ਕੀਤਾ ਹੈ, ਜੇ ਸਿਰਫ ਵਿਖਾਵੇ ਦੇ ਤੌਰ 'ਤੇ ਰਖਿਆ ਹੈ, ਤਾਂ ਜਨੇਊ ਪਾਇਆ ਹੈ।

ਕੜਾ

ਕੁਝ ਸਾਲ ਪਹਿਲੇ ਦੀ ਗੱਲ ਹੈ, ਮੈਂ ਅੰਮ੍ਰਿਤਸਰ ਗਿਆ, ਸ਼ਹਿਰ ਵਿੱਚ ਵੜਦਿਆਂ ਹੀ, ਕੰਧਾਂ ਤੇ ਕਿਸੇ ਕੜੇ ਬਨਾਉਣ ਵਾਲੀ ਕੰਪਨੀ ਦੇ ਵੱਡੇ ਵੱਡੇ ਪੋਸਟਰ ਦੀਵਾਰਾਂ ਤੇ ਲਿਖੇ ਮਿਲੇ, ਜਿਨ੍ਹਾਂ ਵਿੱਚ ਉਨ੍ਹਾਂ ਆਪਣੇ ਕੜੇ ਦੇ ਬਰੈਂਡ ਦਾ ਨਾਂ ਦੇ ਕੇ, ਲਿਖਿਆ ਸੀ ਕਿ ਇਹ ਕੜਾ ਡਰ ਨੂੰ ਦੂਰ ਭਜਾਉਂਦਾ ਹੈ। ਜਿਵੇਂ ਜਿਵੇਂ ਦਰਬਾਰ ਸਾਹਿਬ ਦੇ ਨੇੜੇ ਪੁੱਜਦੇ ਗਏ, ਇਨ੍ਹਾਂ ਪੋਸਟਰਾਂ ਦੀ ਗਿਣਤੀ ਵਿੱਚ ਕਾਫੀ ਵਾਧਾ ਹੁੰਦਾ ਗਿਆ। ਬੜੀ ਹੈਰਾਨਗੀ ਹੋਈ ਕਿ ਮਨਮਤਿ ਦਾ ਘੇਰਾ ਸਿੱਖੀ ਦੇ ਕੇਂਦਰ ਦੇ ਨੇੜੇ ਕਿਤਨਾ ਵੱਧ ਗਿਆ ਹੈ, ਪਰ ਕੋਈ ਪੁੱਛਣ ਵਾਲਾ ਨਹੀਂ। ਹਾਲਾਂਕਿ ਕੜਾ ਪਾਉਣ ਦੀ ਸ਼ੁਰੂਆਤ ਜਿਥੋਂ ਹੋਈ, ਜੇ ਉਸ ਦਾ ਪਤਾ ਹੋਵੇ ਤਾਂ ਇਸ ਉਪਰੋਕਤ ਵਹਿਮ ਸਮੇਤ ਹਰ ਤਰ੍ਹਾਂ ਦੇ ਵਹਿਮ ਭਰਮ ਦਾ ਨਾਸ ਹੋ ਜਾਣਾ ਚਾਹੀਦਾ ਹੈ।

ਗੁਰੂ ਗੋਬਿੰਦ ਸਿੰਘ ਸਾਹਿਬ, ਸਮੇਂ ਸਮੇਂ ਤੇ ਸਿੱਖਾਂ ਦੇ ਇਮਤਿਹਾਨ ਲੈਂਦੇ ਰਹਿੰਦੇ ਸਨ ਕਿ ਸਿੱਖ ਕੇਵਲ ਗੁਰਬਾਣੀ ਰਟਨ ਤੱਕ ਹੀ ਸੀਮਤ ਹਨ ਜਾਂ ਉਸ ਦੇ ਉਪਦੇਸ਼ਾਂ ਨੂੰ ਜੀਵਨ ਵਿੱਚ ਧਾਰਨ ਵੀ ਕਰਦੇ ਹਨ। ਇਹ ਇਮਤਿਹਾਨ ਲੈਣੇ ਬਹੁਤ ਜ਼ਰੂਰੀ ਵੀ ਸਨ, ਕਿਉਂਕਿ ਸਿੱਖ ਨੂੰ ਗੁਰਬਾਣੀ ਦੀ ਗੁੜ੍ਹਤੀ ਦੇਂਦਿਆਂ ਦੋ ਸੌ ਸਾਲ ਤੋਂ ਵਧੇਰੇ ਸਮਾਂ ਹੋ ਚੁਕਾ ਸੀ ਅਤੇ ਸਰੀਰ ਪ੍ਰਥਾ ਖਤਮ ਕਰਕੇ, ਸਿੱਖ ਨੂੰ ਸਿੱਧਾ ਸ਼ਬਦ ਗੁਰੂ ਦੀ ਤਾਬਿਆ ਕਰਨ ਦਾ ਸਮਾਂ ਆ ਚੁੱਕਾ ਸੀ।

ਸ਼ਨੀਵਾਰ ਦਾ ਦਿਨ ਸੀ, ਸਤਿਗੁਰੂ ਦਾ ਦਰਬਾਰ ਸਜਿਆ ਹੋਇਆ ਸੀ, ਉਥੇ ਇਕ ਬ੍ਰਾਹਮਣ ਆ ਗਿਆ ਅਤੇ ਸਤਿਗੁਰੂ ਨੂੰ ਸ਼ਨੀ ਦਾ ਦਾਨ ਦੇਣ ਵਾਸਤੇ ਕਹਿਣ ਲੱਗਾ। ਸਤਿਗੁਰੂ ਨੇ ਪੁੱਛਿਆ, ਪੰਡਿਤ ਜੀ ! ਇਸ ਦਾਨ ਦੇਣ ਨਾਲ ਕੀ ਹੋਵੇਗਾ? ਉਹ ਕਹਿਣ ਲੱਗਾ, ਕਿ ਸ਼ਨੀ ਦਾ ਗ੍ਰਹ ਟਲ ਜਾਵੇਗਾ। ਸਤਿਗੁਰੂ ਨੇ ਪੁਛਿਆ ਕਿ ਕੀ ਦਾਨ ਕਰੀ ਦਾ ਹੈ? ਉਹ ਕਹਿਣ ਲੱਗਾ, ਮਾਂਹ ਦੀ ਦਾਲ, ਸਰੋਂ ਦਾ ਤੇਲ ਅਤੇ ਲੋਹਾ। ਸਤਿਗੁਰੂ ਨੇ ਉਸੇ ਵੇਲੇ ਮੋਦੀ ਨੂੰ ਬੁਲਾਇਆ ਅਤੇ ਇਹ ਤਿੰਨੇ ਚੀਜ਼ਾਂ ਪੰਡਿਤ ਨੂੰ ਦੇਣ ਲਈ ਕਿਹਾ। ਸਿੱਖ ਹੈਰਾਨ ਰਹਿ ਗਏ, ਸਤਿਗੁਰੂ ਨੇ ਇਹ ਕੀ ਕੀਤਾ ਹੈ? ਸਾਨੂੰ ਤਾਂ ਸਿੱਖਿਆ ਦੇਂਦੇ ਹਨ, ਕਿਸੇ ਕਿਸਮ ਦਾ ਵਹਿਮ ਭਰਮ, ਕਰਮ ਕਾਂਡ ਨਹੀਂ ਕਰਨਾ ਅਤੇ ਆਪ ਸ਼ਨੀ ਦਾ ਦਾਨ ਕਰਾ ਰਹੇ ਹਨ। ਗੁਰਬਾਣੀ ਤਾਂ ਥਿਤਿ ਵਾਰ ਮਨਾਉਣ ਜਾਂ ਇਸ ਬਾਰੇ ਕੋਈ ਵੀ ਭਰਮ ਕਰਨ ਦੀ ਪੂਰਨ ਮਨਾਹੀ ਕਰਦੀ ਹੈ:

"ਸਤਿਗੁਰ ਬਾਝਹੁ ਅੰਧੁ ਗੁਬਾਰੁ ॥ ਥਿਤੀ ਵਾਰ ਸੇਵਹਿ ਮੁਗਧ ਗਵਾਰ ॥"

{ਬਿਲਾਵਲੁ ਮਹਲਾ ੩, ਪੰਨਾ ੮੪੩}

ਗੁਰੂ ਦੀ ਸਰਨ ਆਉਣ ਤੋਂ ਬਿਨਾ ਮਨੁੱਖ (ਆਤਮਕ ਜੀਵਨ ਵਲੋਂ) ਪੂਰੇ ਤੌਰ ਤੇ ਅੰਨ੍ਹਾ ਹੋਇਆ ਰਹਿੰਦਾ ਹੈ, (ਗੁਰੂ ਦਾ ਆਸਰਾ-ਪਰਨਾ ਛੱਡ ਕੇ) ਮੂਰਖ ਮਨੁੱਖ ਹੀ ਥਿੱਤਾਂ ਤੇ ਵਾਰ ਮਨਾਂਦੇ ਫਿਰਦੇ ਹਨ ।

ਸ਼ਨੀਵਾਰ ਬਾਰੇ ਵੀ ਇਕ ਵਿਸ਼ੇਸ਼ ਸ਼ਬਦ ਉਚਾਰਨ ਕਰਕੇ ਸਤਿਗੁਰੂ ਨੇ ਸਾਰਾ ਭਰਮ ਕਢਿਆ ਹੈ:

"ਛਨਿਛਰਵਾਰਿ ਸਉਣ ਸਾਸਤ ਬੀਚਾਰੁ ॥ ਹਉਮੈ ਮੇਰਾ ਭਰਮੈ ਸੰਸਾਰੁ ॥
ਮਨਮੁਖੁ ਅੰਧਾ ਦੂਜੈ ਭਾਇ ॥ ਜਮ ਦਰਿ ਬਾਧਾ ਚੋਟਾ ਖਾਇ ॥"

{ਬਿਲਾਵਲੁ ਮਹਲਾ ੩, ਪੰਨਾ ੮੪੧}

ਹੇ ਭਾਈ ! (ਪਰਮਾਤਮਾ ਦਾ ਸਿਮਰਨ ਛੱਡ ਕੇ) ਸ਼ੌਨਕ ਦਾ ਜੋਤਿਸ਼ ਸ਼ਾਸਤ੍ਰ (ਆਦਿਕ) ਵਿਚਾਰਦੇ ਰਹਿਣਾ—(ਇਸ ਦੇ ਕਾਰਣ) ਜਗਤ ਮਮਤਾ ਅਤੇ ਹਉਮੈ ਵਿਚ ਭਟਕਦਾ ਰਹਿੰਦਾ ਹੈ। ਆਤਮਕ ਜੀਵਨ ਵਲੋਂ ਅੰਨ੍ਹਾ, ਆਪਣੇ ਮਨ ਦੇ ਪਿੱਛੇ ਤੁਰਨ ਵਾਲਾ ਮਨੁੱਖ ਮਾਇਆ ਦੇ ਮੋਹ ਵਿਚ ਫਸਿਆ ਰਹਿੰਦਾ ਹੈ, (ਅਜਿਹਾ ਮਨੁੱਖ) ਜਮਰਾਜ ਦੇ ਦਰ ਤੇ ਬੱਝਾ ਹੋਇਆ (ਵਿਕਾਰਾਂ ਦੀਆਂ) ਸੱਟਾਂ ਖਾਂਦਾ ਰਹਿੰਦਾ ਹੈ ।

ਸਿੱਖਾਂ ਨੂੰ ਸਮਝਦੇ ਦੇਰ ਨਾ ਲੱਗੀ ਕਿ ਸਤਿਗੁਰੂ ਉਨ੍ਹਾਂ ਦਾ ਇਮਤਿਹਾਨ ਲੈ ਰਹੇ ਹਨ। ਸਿੱਖਾਂ ਦੇ ਮਨ ਵਿਚ ਵੀ ਇਕ ਵਿਉਂਤ ਆਈ, ਮਲਕੜੇ ਜਿਹੇ ਸੰਗਤ ਵਿੱਚੋਂ ਉਠੇ, ਥੋੜ੍ਹੀ ਦੂਰੀ 'ਤੇ ਹੀ ਬ੍ਰਾਹਮਣ ਨੂੰ ਜਾ ਘੇਰਿਆ ਤੇ ਕਹਿਣ ਲੱਗੇ, ਪੰਡਤਾ ਸਾਡਾ ਮਾਲ ਇਥੇ ਰੱਖ ਦੇ। ਪੰਡਿਤ ਕਹਿਣ ਲੱਗਾ ਕਿ ਇਹ ਹੁਣ ਪੂਜਾ ਦਾ ਧਾਨ ਬਣ ਗਿਆ ਹੈ, ਤੁਹਾਨੂੰ ਹਜ਼ਮ ਨਹੀਂ ਹੋਣਾ। ਸਿੱਖ ਕਹਿਣ ਲੱਗੇ, ਤੂੰ ਫਿਕਰ ਨਾ ਕਰ, ਸਤਿਗੁਰੂ ਨੇ ਸਾਡਾ ਹਾਜਮਾਂ ਬਹੁਤ ਮਜ਼ਬੂਤ ਕਰ ਦਿੱਤਾ ਹੈ। ਸਿੱਖਾਂ ਨੇ ਜਾਕੇ ਉਸ ਮਾਂਹ ਦੀ ਦਾਲ ਦੇ ਵੜੇ ਬਣਾ ਕੇ ਸਰੋਂ ਦੇ ਤੇਲ ਵਿੱਚ ਤਲੇ। ਸ਼ਾਮ ਦਾ ਦੀਵਾਨ ਲੱਗਾ ਤਾਂ ਭਰੇ ਦਰਬਾਰ ਵਿੱਚ ਸਤਿਗੁਰੂ ਦੇ ਜਾ ਪੇਸ਼ ਕੀਤੇ, ਸਤਿਗੁਰੂ ਵੜੇ ਛਕੋ। ਸਤਿਗੁਰੂ ਮੁਸਕਰਾ ਪਏ, ਆਖਿਆ, ਸਿੱਖੋ ! ਅੱਜ ਇਹ ਵੜੇ ਬਨਾਉਣ ਦਾ ਖਿਆਲ ਕਿਵੇਂ ਆ ਗਿਆ। ਸਿੱਖ ਕਹਿਣ ਲਗੇ, ਸਤਿਗੁਰੂ ਇਹ ਉਸੇ ਮਾਂਹ ਅਤੇ ਸਰੋਂ ਦੇ ਤੇਲ ਦੇ ਵੜੇ ਹਨ, ਜੋ ਤੁਸਾਂ ਸਵੇਰੇ ਸ਼ਨੀ ਦਾ ਦਾਨ ਕਰਾਇਆ ਸੀ। ਸਤਿਗੁਰੂ ਬਹੁਤ ਖੁਸ਼ ਹੋਏ ਅਤੇ ਕਹਿਣ ਲਗੇ, ਸਿੱਖੋ ! ਮੈਂ ਇਹੀ ਵੇਖਣਾ ਚਾਹੁੰਦਾ ਸੀ ਕਿ ਤੁਸੀਂ ਗੁਰਮਤਿ ਨੂੰ ਅਮਲੀ ਜੀਵਨ ਵਿੱਚ ਕਿਤਨਾ ਅਪਣਾਇਆ ਹੈ? ਜਿਹੜਾ ਲੋਹਾ ਸਿੱਖ ਵਾਪਸ ਲਿਆਏ ਸੀ, ਇਕ ਲੁਹਾਰ ਦੇ ਹਵਾਲੇ ਕਰਦੇ ਹੋਏ ਕਿਹਾ, ਇਸ ਦੇ ਕੜੇ ਬਣਾ ਕੇ ਲਿਆ ਅਤੇ ਸਾਰੇ ਸਿੱਖਾਂ ਨੂੰ ਪੁਆ। ਇਹ ਕੜਾ ਇਸ ਗੱਲ ਦਾ ਪ੍ਰਤੀਕ ਹੋਏਗਾ ਕਿ ਸਿੱਖ ਹਰ ਤਰ੍ਹਾਂ ਦੇ ਵਹਿਮ ਭਰਮ, ਕਰਮ ਕਾਂਡ ਤੋਂ ਮੁਕਤ ਹੋ ਚੁੱਕਾ ਹੈ।

ਸਤਿਗੁਰੂ ਨੇ ਜੋ ਕੜਾ ਸਾਨੂੰ ਵਹਿਮ ਭਰਮ ਤੋਂ ਮੁਕਤ ਹੋਣ ਦੇ ਪ੍ਰਤੀਕ ਵਜੋਂ ਪੁਆਇਆ, ਅੱਜ ਉਸੇ ਕੜੇ ਰਾਹੀਂ ਇਹ ਵਹਿਮ ਭਰਿਆ ਜਾ ਰਿਹਾ ਹੈ ਕਿ ਇਸ ਦੇ ਕੇਵਲ ਪਾਉਣ ਨਾਲ ਡਰ ਖਤਮ ਹੋ ਜਾਂਦਾ ਹੈ। ਅੱਜ ਸਿੱਖਾਂ ਦੇ ਹੱਥਾਂ ਵਿੱਚ ਕੜੇ ਵੀ ਪਾਏ ਹੋਏ ਹਨ ਅਤੇ ਨਾਲ ਹੀ ਜਾਦੂਈ ਨਗਾਂ ਵਾਲੀਆਂ ਅੰਗੂਠੀਆਂ ਨਾਲ, ਹੱਥਾਂ ਦੀਆਂ ਉਂਗਲਾਂ ਵੀ ਭਰੀਆਂ ਹੋਈਆਂ ਹਨ। ਉਹ ਕਿਹੜਾ ਬ੍ਰਾਹਮਣੀ ਵਹਿਮ ਭਰਮ ਹੈ, ਜੋ ਅੱਜ ਸਿੱਖ ਨਹੀਂ ਕਰ ਰਿਹਾ, ਹੋਰ ਤਾਂ ਹੋਰ ਸੜਕ ਤੋਂ ਬਿੱਲੀ ਰਾਹ ਕੱਟ ਜਾਵੇ ਤਾਂ ਵੱਡੇ ਵੱਡੇ ਸਰਦਾਰਾਂ ਦੀਆਂ ਵੱਡੀਆਂ ਵੱਡੀਆਂ

ਗੱਡੀਆਂ ਨੂੰ ਬਰੇਕਾਂ ਲੱਗ ਜਾਂਦੀਆਂ ਹਨ। ਸਿੱਖਾਂ ਦੇ ਟੇਵੇ ਬਣ ਰਹੇ ਹਨ, ਲਗਨ ਕੱਢੇ ਜਾ ਰਹੇ ਹਨ। ਜਿਸ ਬ੍ਰਾਹਮਣਵਾਦੀ ਨਿਜ਼ਾਮ ਤੋਂ ਸਤਿਗੁਰੂ ਨੇ ਮੁਕਤ ਕਰਾਇਆ ਸੀ, ਉਹ ਮੁੜ ਤੋਂ ਕਾਬਜ਼ ਹੋਈ ਜਾ ਰਿਹਾ ਹੈ। ਸ਼ੁਧ ਲੋਹੇ(ਸਰਬ ਲੋਹ) ਦੇ ਕੜੇ ਨੇ ਸਾਡੇ ਜੀਵਨ ਅੰਦਰ ਲੋਹੇ ਵਰਗੀ ਸਿਧਾਂਤਕ ਮਜ਼ਬੂਤੀ ਲਿਆਉਣੀ ਸੀ, ਇਸ ਨੇ ਸੰਕੇਤਕ ਬਨਣਾ ਸੀ, ਸਿੱਖ ਦੇ ਜੀਵਨ ਦੇ ਹਰ ਵਹਿਮ ਭਰਮ ਤੋਂ ਮੁਕਤ ਹੋਣ ਦਾ, ਪਰ ਇਹ ਸਗੋਂ ਇਕ ਵਹਿਮ ਦਾ ਪ੍ਰਤੀਕ ਕਰਮ ਕਾਂਡ ਬਣ ਗਿਆ।

ਇਸ ਤੋਂ ਇਲਾਵਾ ਕੜਾ ਜੰਗਾਂ ਜੁੱਧਾਂ ਵਿੱਚ ਵੀਣੀ ਵਾਸਤੇ ਇਕ ਢਾਲ ਦਾ ਕੰਮ ਵੀ ਕਰਦਾ ਸੀ। ਇਸ ਨਾਲ ਕ੍ਰਿਪਾਨ ਦਾ ਵਾਰ ਰੋਕਿਆ ਜਾ ਸਕਦਾ ਹੈ ਅਤੇ ਵੀਣੀ ਕੱਟੇ ਜਾਣ ਤੋਂ ਰੋਕਦਾ ਹੈ। ਦੋਹਾਂ ਹਾਲਾਤ ਵਿੱਚ, ਇਹ ਕਿਸੇ ਤਰ੍ਹਾਂ ਵੀ ਕਿਸੇ ਕਰਮਕਾਂਡ ਦਾ ਸੂਚਕ ਚਿਨ੍ਹ ਨਹੀਂ ਹੈ।

ਗੱਲ ਬੜੀ ਸਪੱਸ਼ਟ ਹੈ ਜੇ ਹਰ ਤਰ੍ਹਾਂ ਦੇ ਵਹਿਮ ਭਰਮ, ਕਰਮਕਾਂਡ ਤੋਂ ਮੁਕਤ ਹਾਂ ਤਾਂ ਸਚਮੁਚ ਕੜਾ ਕਕਾਰ ਪਾਇਆ ਹੋਇਆ ਹੈ, ਨਹੀਂ ਤਾਂ ਜਨੇਊ ਪਾਇਆ ਹੋਇਆ ਹੈ।

ਕਛਹਿਰਾ

ਭਾਰਤੀ ਸਮਾਜ ਵਿੱਚ ਗ੍ਰਿਹਸਤ ਤਿਆਗ ਕੇ ਬ੍ਰਹਮਚਾਰਿਆ ਧਾਰਨ ਕਰ ਲੈਣਾ, ਇਕ ਪਵਿੱਤਰ ਧਾਰਮਿਕ ਕਰਮ ਸਮਝਿਆ ਜਾਂਦਾ ਸੀ। ਇਸ ਨੂੰ ਜਤੀ ਰਹਿਣਾ ਜਾਂ ਜਤਿ ਧਾਰਨ ਕਰਨਾ ਕਿਹਾ ਜਾਂਦਾ ਸੀ। ਸਤਿਗੁਰੂ ਨੇ ਇਸ ਵਿਚਾਰਧਾਰਾ ਨੂੰ ਪੂਰਨਤਾ ਰੱਦ ਕਰਦਿਆਂ ਫੁਰਮਾਇਆ:

"ਜਤਨ ਕਰੈ ਬਿੰਦੁ ਕਿਵੈ ਨ ਰਹਾਈ ॥ ਮਨੂਆ ਡੋਲੈ ਨਰਕੇ ਪਾਈ ॥
ਜਮ ਪੁਰਿ ਬਾਧੋ ਲਹੈ ਸਜਾਈ ॥ ਬਿਨੁ ਨਾਵੈ ਜੀਉ ਜਲਿ ਬਲਿ ਜਾਈ ॥"

{ਰਾਮਕਲੀ ਮਹਲਾ ੧, ਪੰਨਾ ੯੦੬}

(ਬਨ-ਵਾਸ, ਡੂਗਰ-ਵਾਸ, ਹਠ, ਨਿਗ੍ਰਹ, ਤੀਰਥ-ਇਸ਼ਨਾਨ ਆਦਿਕ) ਜਤਨ ਮਨੁੱਖ ਕਰਦਾ ਹੈ, ਅਜੇਹੇ ਕਿਸੇ ਭੀ ਤਰੀਕੇ ਨਾਲ ਕਾਮ-ਵਾਸਨਾ ਰੋਕੀ ਨਹੀਂ ਜਾ ਸਕਦੀ, ਮਨ ਡੋਲਦਾ ਹੀ ਰਹਿੰਦਾ ਹੈ ਤੇ ਜੀਵ ਨਰਕ ਵਿਚ ਹੀ ਪਿਆ ਰਹਿੰਦਾ ਹੈ, ਕਾਮ-ਵਾਸ਼ਨਾ ਆਦਿਕ ਵਿਕਾਰਾਂ ਵਿਚ ਬੱਝਾ ਹੋਇਆ ਜਮਰਾਜ ਦੀ ਪੁਰੀ ਵਿਚ (ਆਤਮਕ ਕਲੇਸ਼ਾਂ ਦੀ) ਸਜ਼ਾ ਭੁਗਤਦਾ ਹੈ । ਪਰਮਾਤਮਾ ਦੇ ਨਾਮ ਤੋਂ ਬਿਨਾ ਜਿੰਦ ਵਿਕਾਰਾਂ ਵਿਚ ਸੜਦੀ ਭੁੱਜਦੀ ਰਹਿੰਦੀ ਹੈ ।5।

ਐਸੇ ਭਰਮ ਵਿੱਚ ਭੁੱਲੇ ਮਨੁੱਖ ਨੂੰ ਭਗਤ ਕਬੀਰ ਜੀ ਨੇ ਇਕ ਬੜਾ ਹੀ ਲਾਜੁਆਬ ਸੁਆਲ ਕੀਤਾ ਹੈ:

"ਬਿੰਦੁ ਰਾਖਿ ਜੌ ਤਰੀਐ ਭਾਈ ॥ ਖੁਸਰੈ ਕਿਉ ਨ ਪਰਮ ਗਤਿ ਪਾਈ ॥"

{ਗਉੜੀ ਕਬੀਰ ਜੀ, ਪੰਨਾ ੩੨੪}

ਹੇ ਭਾਈ ! ਜੇ ਬਾਲ-ਜਤੀ ਰਿਹਾਂ (ਸੰਸਾਰ-ਸਮੁੰਦਰ ਤੋਂ) ਤਰ ਸਕੀਦਾ ਹੈ ਤਾਂ ਖੁਸਰੇ ਨੂੰ ਕਿਉਂ ਮੁਕਤੀ ਨਹੀਂ ਮਿਲ ਜਾਂਦੀ ?

ਸਤਿਗੁਰੂ ਨੇ ਸਿੱਖ ਨੂੰ ਗ੍ਰਹਿਸਤ ਤਿਆਗਣਾ ਨਹੀਂ, ਗ੍ਰਿਹਸਤ ਧਰਮ ਦੀ ਪਾਲਣਾ ਕਰਦੇ ਹੋਏ ਹੀ ਜੀਵਨ ਨੂੰ ਸਕਾਰਥਾ ਕਰਨ ਦੀ ਜਾਚ ਦੱਸੀ ਹੈ। ਸਤਿਗੁਰੂ ਦਾ ਫੁਰਮਾਨ ਹੈ:

"ਸਤਿਗੁਰ ਕੀ ਐਸੀ ਵਡਿਆਈ ॥ ਪੁਤ੍ਰ ਕਲਤ੍ਰ ਵਿਚੇ ਗਤਿ ਪਾਈ ॥"

{ਧਨਾਸਰੀ ਮਹਲਾ ੧, ਪੰਨਾ ੬੬੧}

ਗੁਰੂ ਦੀ ਸਰਨ ਪੈਣ ਵਿਚ ਅਜੇਹੀ ਖ਼ੂਬੀ ਹੈ ਕਿ ਪੁਤ੍ਰ ਇਸਤ੍ਰੀ (ਆਦਿਕ ਪਰਵਾਰ) ਵਿਚ ਹੀ ਰਹਿੰਦਿਆਂ ਉੱਚੀ ਆਤਮਕ ਅਵਸਥਾ ਪ੍ਰਾਪਤ ਹੋ ਜਾਂਦੀ ਹੈ।

ਸਤਿਗੁਰੂ ਨੇ ਸਿੱਖ ਨੂੰ ਗ੍ਰਹਿਸਤ ਵਿੱਚ ਰਹਿੰਦਿਆ ਮਨ ਨੂੰ ਵਿਕਾਰਾਂ ਤੋਂ ਮੁਕਤ ਰਖਣ ਦਾ ਉਪਦੇਸ਼ ਦਿੱਤਾ ਹੈ। ਸਿੱਖ ਨੂੰ ਸਮਝਾਇਆ ਹੈ ਕਿ ਤੂੰ ਕੇਵਲ ਆਪਣੀ ਪਤਨੀ ਜਾਂ ਪਤੀ ਉਤੇ ਸੰਤੋਖ ਰਖਣਾ ਹੈ, ਪਰਾਈ ਇਸਤ੍ਰੀ ਜਾ ਪੁਰਸ਼ ਨਾਲ ਸਬੰਧ ਨਹੀਂ ਬਨਾਉਣਾ। ਗੁਰਬਾਣੀ ਦਾ ਉਪਦੇਸ਼ ਹੈ:

"ਪਰ ਧਨ ਪਰ ਦਾਰਾ ਪਰ ਨਿੰਦਾ ਇਨ ਸਿਉ ਪ੍ਰੀਤਿ ਨਿਵਾਰਿ ॥"

{ਆਸਾ ਮਹਲਾ ੫, ਪੰਨਾ ੩੭੯}

ਪਰਾਇਆ ਧਨ, ਪਰਾਈ ਇਸਤ੍ਰੀ, ਪਰਾਈ ਨਿੰਦਾ—ਇਹਨਾਂ ਵਿਕਾਰਾਂ ਨਾਲੋਂ ਪ੍ਰੀਤਿ ਦੂਰ ਕਰ।

"ਜੈਸਾ ਸੰਗੁ ਬਿਸੀਅਰ ਸਿਉ ਹੈ ਰੇ ਤੈਸੋ ਹੀ ਇਹੁ ਪਰ ਗ੍ਰਿਹੁ ॥"

{ਆਸਾ ਮਹਲਾ ੫, ਪੰਨਾ ੪੦੩}

ਹੇ ਅੰਨ੍ਹੇ ! ਪਰਾਈ ਇਸਤ੍ਰੀ ਜਾਂ ਮਰਦ ਦਾ ਸੰਗ ਇਉਂ ਹੀ ਹੈ ਜਿਵੇਂ ਸੱਪ ਨਾਲ ਸਾਥ ਹੈ।

ਭਾਈ ਗੁਰਦਾਸ ਜੀ ਨੇ ਆਪਣੀਆਂ ਵਾਰਾਂ ਵਿੱਚ ਇਸ ਦੀ ਵਿਆਖਿਆ ਇੰਝ ਕੀਤੀ ਹੈ:

'ਏਕਾ ਨਾਰੀ ਜਤੀ ਹੋਇ ਪਰ ਨਾਰੀ ਧੀ ਭੈਣ ਵਖਾਣੈ॥' (੬-੮-੩)

ਭਾਵ, ਅਸਲੀ ਜਤੀ ਉਹ ਹੈ ਜੋ ਕੇਵਲ ਆਪਣੀ ਇਕੋ ਇਸਤ੍ਰੀ ਉਤੇ ਸੰਤੋਖ ਰਖਦਾ ਹੈ ਅਤੇ ਪਰਾਈ ਔਰਤਾਂ ਨੂੰ ਧੀ ਭੈਣ ਵਾਂਗ ਸਮਝਦਾ ਹੈ। ਸਤਿਗੁਰੂ ਨੇ ਤਾਂ ਸਿੱਖ ਨੂੰ ਪਰਾਈ ਇਸਤਰੀ ਦੇ ਹੁਸਨ ਨੂੰ ਵੇਖਣ ਦੀ ਵੀ ਮਨਾਹੀ ਕੀਤੀ ਹੈ, ਕਿਉਂਕਿ ਮਨ ਵਿੱਚ ਵਿਕਾਰ ਆਉਣ ਦੀ ਸ਼ੁਰੂਆਤ ਇਸੇ ਵੇਖਣ ਤੋਂ ਹੀ ਸ਼ੁਰੂ ਹੁੰਦੀ ਹੈ। ਸਤਿਗੁਰੂ ਦੇ ਬਚਨ ਹਨ:

"ਪਰ ਤ੍ਰਿਅ ਰੂਪੁ ਨ ਪੇਖੈ ਨੇਤ੍ਰ ॥" {ਗਉੜੀ ਸੁਖਮਨੀ ਮਃ ੫, ਪੰਨਾ ੨੭੪}

ਪਰਾਈ ਇਸਤ੍ਰੀ ਦੇ ਹੁਸਨ ਨੂੰ ਆਪਣੀਆਂ ਵਿਕਾਰੀ ਅੱਖਾਂ ਨਾਲ ਨਹੀਂ ਤੱਕਣਾ।

ਇਹ ਨਹੀਂ ਕਿ ਕੇਵਲ ਮਰਦ ਨੂੰ ਹੀ ਇਨ੍ਹਾਂ ਵਿਕਾਰਾਂ ਵਿੱਚ ਗਲਤਾਨ ਹੋਣ ਤੋਂ ਮਨਾਹੀ

ਕੀਤੀ ਹੈ, ਗੁਰਬਾਣੀ ਔਰਤ ਨੂੰ ਵੀ ਸਮਝਾਉਂਦੀ ਹੈ:

"ਢੂਢੇਦੀਏ ਸੁਹਾਗ ਕੂ, ਤਉ ਤਨਿ ਕਾਈ ਕੋਰ ॥ ਜਿਨ੍ਾ ਨਾਉ ਸੁਹਾਗਣੀ, ਤਿਨ੍ਾ ਝਾਕ ਨ ਹੋਰ ॥" {ਸਲੋਕ ਸੇਖ ਫਰੀਦ ਕੇ, ਪੰਨਾ ੧੩੮੪}

ਸੁਹਾਗ ਨੂੰ ਭਾਲਣ ਵਾਲੀਏ ਤੇਰੇ ਆਪਣੇ ਅੰਦਰ ਹੀ ਕੋਈ ਕਸਰ ਹੈ । ਜਿਨ੍ਹਾਂ ਦਾ ਨਾਮ 'ਸੋਹਾਗਣਾਂ' ਹੈ ਉਹਨਾਂ ਦੇ ਅੰਦਰ ਕੋਈ ਹੋਰ ਟੇਕ ਨਹੀਂ ਹੁੰਦੀ ।

ਸਿੱਖ ਦੇ ਜੀਵਨ ਨੂੰ ਦੋ ਸੌ ਸਾਲ ਇਨ੍ਹਾਂ ਗੁਣਾਂ ਨਾਲ ਸ਼ਿੰਗਾਰ ਕੇ, ਵਿਕਾਰਾਂ ਤੋਂ ਮੁਕਤ ਕਰ, ਪਵਿੱਤਰ ਕਰਕੇ, ਸਿੱਖ ਦਾ ਉੱਚਾ ਸੁੱਚਾ ਜੀਵਨ ਆਚਰਣ ਬਣਾ ਕੇ, ਖਾਲਸਾ ਬਣਾ ਦਿੱਤਾ ਅਤੇ ਉਸ ਖਾਲਸੇ ਨੂੰ ਉੱਚੇ ਸੁੱਚੇ ਆਚਰਣ ਦਾ ਪ੍ਰਤੀਕ ਕਛਿਹਰਾ ਪਹਿਨਾ ਦਿੱਤਾ।

ਕਛਿਹਰੇ ਦੀ ਬਣਤਰ ਵੀ ਵਿਸ਼ੇਸ਼ ਕਿਸਮ ਦੀ ਬਣਾਈ ਗਈ, ਪਰਿਵਾਰ ਵਿੱਚ ਧੀਆਂ ਭੈਣਾਂ ਵਿੱਚ ਬੈਠਿਆਂ ਵੀ ਨੰਗੇਜ ਪ੍ਰਗਟ ਨਹੀਂ ਹੁੰਦਾ। ਇਸ ਬਣਤਰ ਬਾਰੇ, ਕੁਝ ਸਮਾਂ ਪਹਿਲੇ ਪੜ੍ਹੀ, ਇਕ ਖਾਸ ਖਬਰ ਧਿਆਨ ਵਿੱਚ ਆਈ ਹੈ। ਕਿਸੇ ਗੁਰਧਾਮ ਦੇ ਦਰਸ਼ਨਾਂ ਲਈ ਜਾ ਰਹੀ ਇਕ ਬੱਸ ਦੀ ਜ਼ਬਰਦਸਤ ਟੱਕਰ ਹੋ ਗਈ। ਉਸ ਵਿੱਚ ਸੁਆਰ ਯਾਤਰੂਆਂ ਵਿੱਚੋਂ ਕਈਆਂ ਦੀ ਮੌਤ ਹੋ ਗਈ, ਕਈ ਬੁਰੀ ਤਰ੍ਹਾਂ ਜ਼ਖਮੀ ਹੋ ਗਏ। ਕੁਝ ਦੇ ਕਪੜੇ ਬੁਰੀ ਤਰ੍ਹਾਂ ਫਟ ਗਏ ਅਤੇ ਕੁਝ ਦੇ ਖਿਲਰ ਗਏ। ਇਥੋਂ ਤੱਕ ਕੇ ਕਈਆਂ ਦਾ ਨੰਗੇਜ ਨਜ਼ਰ ਆਉਣ ਲੱਗ ਪਿਆ, ਵਿਸ਼ੇਸ਼ ਕਰ ਕੇ ਉਨ੍ਹਾਂ ਦਾ ਜਿਨ੍ਹਾਂ ਸਾੜੀਆਂ ਆਦਿ ਪਹਿਨੀਆਂ ਹੋਈਆਂ ਸਨ। ਉਥੇ ਜੋ ਪੁਲੀਸ ਪਾਰਟੀ ਪੁੱਜੀ, ਉਸ ਦਾ ਇੰਚਾਰਜ ਇਕ ਅਨਮਤੀਆ ਸੀ, ਉਸ ਵੇਖਿਆ, ਜਿਨ੍ਹਾਂ ਕਛਹਿਰੇ ਪਾਏ ਹੋਏ ਸਨ ਉਨ੍ਹਾਂ ਦਾ ਨੰਗੇਜ ਪ੍ਰਗਟ ਨਹੀਂ ਸੀ ਹੋਇਆ। ਉਹ ਇਕ ਦਮ ਬੋਲ ਉਠਿਆ, ਧੰਨ ਗੁਰੂ ਗੋਬਿੰਦ ਸਿੰਘ ਸਾਹਿਬ, ਜੋ ਜੀਵਦਿਆਂ ਦੇ ਵੀ ਪੜਦੇ ਕਜਦਾ ਹੈ ਅਤੇ ਜਿਸ ਮੋਇਆਂ ਦੇ ਵੀ ਪੜਦੇ ਕੱਜੇ।

ਸਿੱਖ ਦਾ ਕਛਹਿਰਾ ਸਿੱਖ ਦੇ ਉੱਚੇ ਸੁੱਚੇ ਆਚਰਣ ਦਾ ਪ੍ਰਤੀਕ ਹੈ, ਜੇ ਪਰਾਈ ਧੀ ਭੈਣ ਨੂੰ ਵੇਖ ਕੇ ਸਿੱਖ ਦੀ ਅੱਖ ਵਿੱਚ ਮੈਲ ਨਹੀਂ ਆਉਂਦੀ ਅਤੇ ਉਸ ਪ੍ਰਤੀ ਆਪਣੀ ਧੀ ਭੈਣ ਜਿਹਾ ਹੀ ਸਤਿਕਾਰ ਆਉਂਦਾ ਹੈ, ਤਾਂ ਕਛਹਿਰਾ ਕਕਾਰ ਪਾਇਆ ਹੈ ਅਤੇ ਜੇ ਸਿੱਖ ਕਿਸੇ ਤਰ੍ਹਾਂ ਵੀ ਆਚਰਣ-ਹੀਨ ਹੈ ਤਾਂ ਉਸ ਨੇ ਸਮਝੋ, ਗੁਰੂ ਨਾਨਕ ਸਾਹਿਬ ਵਲੋਂ ਨਕਾਰਿਆ ਹੋਇਆ, ਜਨੇਉ ਪਾਇਆ ਹੈ।

ਕ੍ਰਿਪਾਨ

ਇਸ ਸ਼ਸਤ੍ਰ ਨੂੰ ਭਾਰਤੀ ਵਿਵਸਥਾ ਵਿੱਚ ਤਲਵਾਰ ਕਿਹਾ ਜਾਂਦਾ ਸੀ। ਤਲਵਾਰ ਇਕ ਜ਼ੁਲਮ ਕਰਨ ਵਾਲਾ ਸ਼ਸਤ੍ਰ ਮੰਨਿਆ ਗਿਆ ਹੈ, ਇਸ ਨਾਂ ਦਾ ਜਨਮ ਹੀ ਜ਼ੁਲਮ ਦੀ ਪਰਿਭਾਸ਼ਾ ਵਿੱਚੋਂ ਹੋਇਆ ਹੈ, ਤਲੇ+ਵਾਰ, ਭਾਵ ਥੱਲੇ ਪਏ(ਕਮਜ਼ੋਰ) ਉਤੇ ਵਾਰ ਕਰਨ ਵਾਲਾ ਸ਼ਸਤ੍ਰ, ਜ਼ੁਲਮ ਕਰਨ ਵਾਲਾ ਹਥਿਆਰ। ਸਤਿਗੁਰੂ ਨੇ ਜਦੋਂ ਇਸ ਨੂੰ ਸਿੱਖ ਦੇ ਗੱਲ ਪੁਆਇਆ ਤਾਂ ਇਸ ਦਾ ਨਾਂ ਬਦਲ ਕੇ ਕ੍ਰਿਪਾਨ ਕਰ ਦਿੱਤਾ। ਕ੍ਰਿਪਾਨ ਸ਼ਬਦ ਵੀ ਦੋ ਸ਼ਬਦਾਂ ਦੇ ਸੁਮੇਲ ਤੋਂ ਬਣਿਆਂ ਹੈ। ਕ੍ਰਿਪਾ+ਆਨ। ਭਾਵ ਉਹ ਸ਼ਸਤ੍ਰ ਜਿਸ ਦੀ ਵਰਤੋਂ ਕਿਸੇ ਮਜ਼ਲੂਮ ਤੇ ਕਿਰਪਾ ਕਰਨ ਲਈ, ਭਾਵ ਉਸ ਦੀ ਰੱਖਿਆ ਕਰਨ ਲਈ ਜਾਂ ਆਪਣੀ ਆਨ ਦੀ ਰੱਖਿਆ ਵਾਸਤੇ ਕੀਤੀ ਜਾਵੇ। ਇਸ ਤਰ੍ਹਾਂ ਕ੍ਰਿਪਾਨ ਜਿਥੇ ਸਿੱਖ ਦੀ ਆਨ ਦੀ ਪ੍ਰਤੀਕ ਹੈ,

ਉਥੇ ਇਸ ਗੱਲ ਦੀ ਵਚਨਬੱਧਤਾ ਹੈ ਕਿ ਸਿੱਖ ਹਰ ਹਾਲਤ ਵਿੱਚ ਮਜ਼ਲੂਮ ਦੀ ਰੱਖਿਆ ਵਾਸਤੇ ਬਹੁੜੇਗਾ। ਆਨ ਨਾਲ ਜੀਣ ਦਾ ਅਧਿਕਾਰ ਕੇਵਲ ਅਜ਼ਾਦ ਲੋਕਾਂ ਨੂੰ ਹੋਇਆ ਕਰਦਾ ਹੈ, ਗੁਲਾਮ ਜਾਂ ਪ੍ਰਾਧੀਨ ਲੋਕ ਅਣਖ ਨਾਲ ਜੀਣ ਦੇ ਸੁਫਣੇ ਵੀ ਨਹੀਂ ਵੇਖ ਸਕਦੇ। ਹਾਂ ! ਕਈ ਵਾਰੀ ਜਦੋਂ ਸੋਚ ਗੁਲਾਮੀ ਨੂੰ ਪ੍ਰਵਾਣ ਕਰ ਚੁੱਕੀ ਹੋਵੇ, ਤਾਂ ਕੇਵਲ ਕੁਝ ਧਨ-ਦੌਲਤ ਆ ਜਾਣ ਨਾਲ, ਇਹ ਭਰਮ ਜ਼ਰੂਰ ਪਾਲ ਲਈ ਦਾ ਹੈ, ਕਿ ਅਸੀਂ ਆਨ ਨਾਲ ਜੀ ਰਹੇ ਹਾਂ। ਇਸ ਤਰ੍ਹਾਂ ਕ੍ਰਿਪਾਨ ਸਿੱਖ ਦੀ ਅਜ਼ਾਦ ਹਸਤੀ ਦੀ ਵੀ ਪ੍ਰਤੀਕ ਹੈ।

ਇਥੇ ਵਧੇਰੇ ਵਿਚਾਰਨ ਦੀ ਗੱਲ ਇਹ ਹੈ ਕਿ ਕੀ ਖਾਲਸੇ ਨੇ ਕ੍ਰਿਪਾਨ ਦੇ ਇਨ੍ਹਾਂ ਗੁਣਾਂ ਨੂੰ ਜੀਵਨ ਵਿੱਚ ਅਮਲੀ ਰੂਪ ਵਿੱਚ ਅਪਣਾਇਆ ਹੈ? ਕੀ ਮਜ਼ਲੂਮ ਤੇ ਜ਼ੁਲਮ ਹੁੰਦਾ ਵੇਖ, ਸਿੱਖ ਉਸ ਜ਼ੁਲਮ ਖਿਲਾਫ ਅਵਾਜ਼ ਬੁਲੰਦ ਕਰਦਾ ਹੈ? ਕੀ ਸਿੱਖ ਕਿਸੇ ਦੀ ਧੀ ਭੈਣ ਦੀ ਇਜ਼ਤ ਨੂੰ ਖਤਰੇ ਵਿੱਚ ਵੇਖ ਕੇ, ਉਸ ਦੀ ਇਜ਼ਤ ਦੀ ਰਾਖੀ ਵਾਸਤੇ ਬਹੁੜਦਾ ਹੈ? ਕੀ ਸਿੱਖ ਆਪਣੀ ਕੌਮ ਦੀ ਜਾਂ ਆਪਣੀ ਨਿਜੀ ਅਣਖ ਤੇ ਚੋਟ ਪੈਣ ‘ਤੇ, ਉਸ ਖਿਲਾਫ ਜੂਝਣ ਲਈ ਨਿਤਰਦਾ ਹੈ? ਕੀ ਸਿੱਖ ਦੀ ਸੋਚ ਅਜ਼ਾਦ ਹੈ, ਉਸ ਦੀ ਪ੍ਰਵਿਰਤੀ ਗੁਲਾਮ ਤਾਂ ਨਹੀਂ ਬਣ ਗਈ? ਜੇ ਇਨ੍ਹਾਂ ਸੁਆਲਾਂ ਦਾ ਜੁਆਬ ਹਾਂ ਹੈ, ਤਾਂ, ਸਿੱਖ ਨੇ ਕ੍ਰਿਪਾਨ ਕਕਾਰ ਪਹਿਨਿਆ ਹੈ, ਨਹੀਂ ਤਾਂ ਜਨੇਊ ਪਹਿਨਿਆ ਹੈ।

ਇਕ ਹੋਰ ਗੱਲ ਵੀ ਸਮਝਣ ਵਾਲੀ ਹੈ, ਅਕਸਰ ਇਹ ਕਹਿ ਦਿੱਤਾ ਜਾਂਦਾ ਹੈ, ਕਿ ਸਾਡੀ ਕ੍ਰਿਪਾਨ ਸ਼ਸਤਰ ਨਹੀਂ ਹੈ, ਇਹ ਤਾਂ ਧਾਰਮਿਕ ਚਿੰਨ੍ਹ ਹੈ। ਇਸ ਨਾਤੇ, ਇਹ ਬਹੁਤ ਪਵਿੱਤਰ ਹੈ। ਇਹ ਧਾਰਮਿਕ ਚਿਨ੍ਹ ਇਸ ਨਾਤੇ ਹੈ ਕਿ ਇਹ ਸਾਡੇ ਉਪਰੋਕਤ ਗੁਣਾਂ ਦੀ ਪ੍ਰਤੀਕ ਹੈ। ਇਸ ਦੀ ਪਵਿੱਤਰਤਾ ਇਸੇ ਵਿੱਚ ਹੈ ਕਿ ਸਿੱਖ ਉਪਰੋਕਤ ਗੁਣਾਂ ਦਾ ਧਾਰਨੀ ਹੋਵੇ, ਨਾਲ ਹੀ ਬੇਸ਼ਕ ਇਹ ਸ਼ਸਤਰ ਵੀ ਹੈ, ਅਤੇ ਲੋੜ ਪੈਣ ਤੇ ਇਸ ਦੀ ਵਰਤੋਂ ਜ਼ਰੂਰ ਕਰਨੀ ਚਾਹੀਦੀ ਹੈ। ਸਿੱਖ ਦੇ ਗਾਤਰੇ ਵਿੱਚ ਕ੍ਰਿਪਾਨ ਇਸ ਮਕਸਦ ਲਈ ਸਦਾ ਤਿਆਰ ਹੋਣੀ ਚਾਹੀਦੀ ਹੈ। ਇਥੇ ਇਹ ਵੀ ਧਿਆਨ ਰਖਣ ਯੋਗ ਹੈ ਕਿ ਅਣਖ ਦੇ ਨਾਂ ਤੇ ਕਿਤੇ ਅਸੀਂ ਆਪਣੀ ਹਊਮੈ ਨੂੰ ਤਾਂ ਪੱਠੇ ਨਹੀਂ ਪਾ ਰਹੇ ਅਤੇ ਕਿਸੇ ਮਜ਼ਲੂਮ ਦੀ ਮਦਦ ਕਰਨ ਦੇ ਨਾਂ ਤੇ ਆਪਣੀ ਕੋਈ ਨਿਜੀ ਕਿੜ ਤਾਂ ਨਹੀਂ ਕੱਢ ਰਹੇ? ਸਦਾ ਸੁਚੇਤ ਰਹਿਣ ਦੀ ਲੋੜ ਹੈ ਕਿ ਕਿਤੇ ਸਾਡੀ ਕ੍ਰਿਪਾਨ ਤਲਵਾਰ ਨਾ ਬਣ ਜਾਵੇ। **ਸਿੱਖ ਦੀ ਕ੍ਰਿਪਾਨ ਵੇਖ ਕੇ ਜ਼ਾਲਮ ਅੰਦਰ ਡਰ ਅਤੇ ਆਮ ਵਿਅਕਤੀ ਦੇ ਅੰਦਰ ਸੁਰੱਖਿਆਂ ਦੀ ਭਾਵਨਾ ਆਉਣੀ ਚਾਹੀਦੀ ਹੈ।**

ਵਿਦੇਸ਼ੀਂ ਵੱਸੇ ਇਕ ਮਿੱਤਰ ਨਾਲ ਵਾਪਰੀ, ਉਸ ਵਲੋਂ ਸੁਣਾਈ, ਇਕ ਬਹੁਤ ਵਧੀਆ ਗੱਲ ਧਿਆਨ ਵਿੱਚ ਆਈ ਹੈ। ਉਹ ਵਿਦੇਸ਼ ਵਿੱਚ ਕਿਸੇ ਰੇਲਵੇ ਸਟੇਸ਼ਨ ‘ਤੇ ਖੜ੍ਹਾ ਸੀ, ਉਸ ਦੀ ਪਾਈ ਹੋਈ ਕ੍ਰਿਪਾਨ ਨਜ਼ਰ ਆ ਰਹੀ ਸੀ। ਉਸ ਦੇਸ਼ ਦਾ ਮੂਲ ਨਿਵਾਸੀ, ਇਕ ਗੋਰਾ ਨਾਗਰਿਕ, ਉਸ ਕੋਲ ਆਇਆ ‘ਤੇ ਕਹਿਣ ਲੱਗਾ ਕਿ ਤੁਸੀਂ ਇਹ ਚਾਕੂ ਪਾਕੇ, ਲੋਕਾਂ ਨੂੰ ਡਰਾਉਂਦੇ ਕਿਉਂ ਹੋ? ਮੇਰੇ ਮਿੱਤਰ ਨੇ ਸਾਹਮਣੇ ਖੜ੍ਹੇ ਇਕ ਪੁਲੀਸ ਅਫਸਰ, ਜੋ ਇਕ ਅਧੁਨਿਕ ਬੰਦੂਕ ਲਈ ਖੜਾ ਸੀ, ਵਲ ਇਸ਼ਾਰਾ ਕਰਕੇ ਪੁਛਿਆ, ਕਿ ਕੀ ਤੁਹਾਨੂੰ ਇਸ ਪੁਲਿਸ ਵਾਲੇ ਨੂੰ ਵੇਖ ਕੇ ਡਰ ਲੱਗ ਰਿਹਾ ਹੈ? ਉਸ ਕਿਹਾ ਕਿ ਨਹੀਂ ! ਸਗੋਂ ਸੁਰੱਖਿਆ ਦੀ ਭਾਵਨਾ ਮਹਸੂਸ ਹੋ ਰਹੀ ਹੈ, ਕਿਉਂਕਿ ਮੈਨੂੰ ਪਤਾ ਹੈ ਕਿ ਇਹ ਮੇਰੀ ਸੁਰੱਖਿਆ ਵਾਸਤੇ ਹਥਿਆਰ ਲਈ ਖੜਾ ਹੈ। ਮੇਰੇ ਮਿੱਤਰ ਨੇ ਕਿਹਾ ਕਿ ਮੈਨੂੰ ਵੇਖ ਕੇ ਵੀ ਤੁਹਾਨੂੰ ਸੁਰੱਖਿਆ ਦੀ ਭਾਵਨਾ ਮਹਿਸੂਸ ਕਰਨੀ ਚਾਹੀਦੀ ਹੈ। **ਇਹ ਪੁਲੀਸ ਵਾਲਾ ਤਾਂ ਤਨਖਾਹ ਲੈਕੇ, ਆਪਣੀ ਨੌਕਰੀ ਦੇ ਤੌਰ ਤੇ, ਇਹ ਡਿਊਟੀ ਨਿਭਾ ਰਿਹਾ ਹੈ, ਜਦਕਿ ਮੈਂ ਆਪਣੇ ਗੁਰੂ**

ਦ ਆਦੇਸ਼ ਅਤੇ ਉਪਦੇਸ਼ ਅਨੁਸਾਰ, ਆਪਣਾ ਇਹ ਮਨੁੱਖੀ ਫਰਜ਼ ਨਿਭਾਉਣ ਲਈ ਤੱਤਪਰ ਹਾਂ। ਉਹ ਵਿਅਕਤੀ ਬਹੁਤ ਪ੍ਰਭਾਵਤ ਹੋਇਆ ਅਤੇ ਮੇਰੇ ਮਿੱਤਰ ਦਾ ਧੰਨਵਾਦ ਕਰਕੇ ਚਲਾ ਗਿਆ।

ਅਸੀਂ ਆਪਣੇ ਕੌਮੀ ਗੁਣ ਸੰਸਾਰ ਨੂੰ ਦੱਸ ਹੀ ਨਹੀਂ ਸਕੇ, ਸਗੋਂ ਕਈਆਂ ਨੇ ਤਾਂ ਸਿੱਖੀ ਸਰੂਪ ਵਿੱਚ ਆਪਣੀ ਕ੍ਰਿਪਾਨ ਨੂੰ ਤਲਵਾਰ ਦੇ ਤੌਰ 'ਤੇ ਵਰਤ ਕੇ, ਜਾਂ ਹੋਰ ਹਥਿਆਰਾਂ ਦੀ ਗੱਲਤ ਵਰਤੋਂ ਕਰਕੇ, ਕੌਮ ਨੂੰ ਇਤਨਾ ਬਦਨਾਮ ਕਰ ਦਿੱਤਾ ਹੈ ਕਿ ਅੱਜ ਸਿੱਖ ਨੂੰ ਕ੍ਰਿਪਾਨ ਪਾ ਕੇ ਵਿਚਰਨ ਵਿੱਚ, ਬਹੁਤੇ ਦੇਸ਼ਾਂ ਵਿੱਚ, ਭਾਰੀ ਔਕੜਾਂ ਆ ਰਹੀਆਂ ਹਨ। ਕ੍ਰਿਪਾਨ ਦੀ ਪਵਿੱਤਰਤਾ ਇਸ ਦੀ ਯੋਗ ਵਰਤੋਂ ਕਰਨ ਵਿੱਚ ਹੈ, ਜਦੋਂ ਇਹ ਤਲਵਾਰ ਬਣ ਜਾਵੇ, ਤਾਂ ਵੀ ਇਹ ਕਕਾਰ ਨਹੀਂ ਰਹਿੰਦਾ। ਕਿਉਂਕਿ ਇਹ ਸ਼ਸਤ੍ਰ ਧਾਰਨ ਕਰਨ ਦਾ ਅਧਿਕਾਰ ਕੇਵਲ ਸਿੱਖਾਂ ਨੂੰ ਹੈ, ਕੁਝ ਲੋਕ ਈਰਖਾ ਵਜੋਂ ਸਿੱਖਾਂ ਖਿਲਾਫ ਝੂਠਾ ਪ੍ਰਚਾਰ ਵੀ ਬਹੁਤ ਕਰਦੇ ਹਨ।

ਅਗਲੀ ਮੱਦ(ਹ) ਕੇਵਲ ਕਾਰਜ ਵਿਧੀ ਨਾਲ ਸਬੰਧਤ ਹੈ, ਕਿ ਜੇ ਕਿਸੇ ਨੇ ਕੁਰਹਿਤ ਕਰਨ ਕਰਕੇ ਮੁੜ ਅੰਮ੍ਰਿਤ ਛਕਣਾ ਹੋਵੇ ਤਾਂ ਉਸ ਨੂੰ ਅੱਡ ਕਰਕੇ ਸੰਗਤ ਵਿੱਚ ਪੰਜ ਪਿਆਰੇ ਤਨਖਾਹ ਲਾ ਲੈਣ।

ਸਿੱਖ ਧਰਮ ਦੇ ਅਸੂਲ

ਸਿੱਖ ਰਹਿਤ ਮਰਯਾਦਾ ਦੇ ਪੰਥਕ ਰਹਿਣੀ ਦੇ ਭਾਗ ਅੰਮ੍ਰਿਤ ਸੰਸਕਾਰ ਦੇ (ਕ) ਮਦ ਵਿੱਚ ਲਿਖਿਆ ਹੈ: ਅੰਮ੍ਰਿਤ ਛਕਾਉਣ ਵਾਲੇ ਪੰਜ ਪਿਆਰਿਆਂ 'ਚੋਂ ਕੋਈ ਸੱਜਣ ਅੰਮ੍ਰਿਤ ਛਕਣ ਦੇ ਅਭਿਲਾਖੀਆਂ ਨੂੰ ਸਿੱਖ ਧਰਮ ਦੇ ਅਸੂਲ ਸਮਝਾਵੇ-

ਸਿੱਖ ਧਰਮ ਵਿੱਚ ਕਿਰਤਮ ਦੀ ਪੂਜਾ ਤਿਆਗ ਕੇ ਇਕ ਕਰਤਾਰ ਦੀ ਪ੍ਰੇਮਾ-ਭਗਤੀ ਤੇ ਉਪਾਸਨਾ ਦੱਸੀ ਹੈ। ਇਸ ਦੀ ਪੂਰਨਤਾ ਲਈ ਗੁਰਬਾਣੀ ਦਾ ਅਭਿਆਸ, ਸਾਧ ਸੰਗਤ ਤੇ ਪੰਥ ਦੀ ਸੇਵਾ, ਉਪਕਾਰ, ਨਾਮ ਦਾ ਪ੍ਰੇਮ ਅਤੇ ਅੰਮ੍ਰਿਤ ਛੱਕ ਕੇ ਰਹਿਤ-ਬਹਿਤ ਰੱਖਣਾ ਮੁੱਖ ਸਾਧਨ ਹਨ, ਆਦਿ, ਕੀ ਤੁਸੀਂ ਇਸ ਧਰਮ ਨੂੰ ਖੁਸ਼ੀ ਨਾਲ ਕਬੂਲ ਕਰਦੇ ਹੋ?

ਹਾਲਾਂਕਿ ਇਸ ਵਿੱਚ ਬਹੁਤੀਆਂ ਗੱਲਾਂ ਸਪੱਸ਼ਟ ਹੀ ਹਨ, ਪਰ ਪਤਾ ਨਹੀਂ ਫਿਰ ਵੀ ਪਾਹੁਲ ਛੱਕ ਚੁੱਕੇ ਸਿੱਖ ਵੀ ਕਿਉਂ ਭਰਮਾਂ ਵਿੱਚ ਭਟਕਦੇ ਫਿਰਦੇ ਹਨ? ਜੇ ਐਸਾ ਨਾ ਹੋਵੇ ਤਾਂ ਗਾਤਰਿਆਂ ਵਾਲੇ ਸਿੱਖ ਦੇਹਧਾਰੀ ਬਾਬਿਆਂ ਅੱਗੇ ਮੱਥੇ ਟੇਕਦੇ ਕਿਉਂ ਨਜ਼ਰ ਆਉਣ? ਇਤਨਾ ਹੀ ਨਹੀਂ ਗਾਤਰਿਆਂ ਵਾਲੇ, ਅਨਮਤੀਆਂ ਦੇ ਪੂਜਾ ਸਥਾਨਾਂ, ਮੜੀਆਂ, ਮਸਾਣਾਂ 'ਤੇ ਵੀ ਮੱਥੇ ਟੇਕਦੇ ਵੇਖੇ ਜਾ ਸਕਦੇ ਹਨ। ਇਸ ਦੇ ਨਾਲ ਹੀ ਇਕ ਕਰਤਾਰ ਨਾਲ ਜੁੜਨ ਦਾ ਸਾਧਨ ਵੀ ਸਪੱਸ਼ਟ ਲਿਖਿਆ ਹੈ, ਗੁਰਬਾਣੀ ਦਾ ਅਭਿਆਸ। ਭਾਵ, ਗੁਰਬਾਣੀ ਵਿਚਾਰ ਕੇ ਪੜ੍ਹਨਾ, ਸਮਝਣਾ। ਜਿਵੇਂ ਜਿਵੇਂ ਗੁਰਬਾਣੀ ਵਿਚਾਰ ਕੇ, ਸਮਝ ਕੇ ਪੜ੍ਹਾਂਗੇ, ਇਕ ਕਰਤਾਰ ਦੀ ਹੋਂਦ ਅਤੇ ਸਮਰੱਥਾ 'ਤੇ ਵਿਸ਼ਵਾਸ ਆਉਂਦਾ ਜਾਵੇਗਾ। ਅਸਲ ਸਮੱਸਿਆ ਵੀ ਇਥੇ ਹੀ ਜਾਪਦੀ ਹੈ, ਕੌਮ ਵਿੱਚ ਐਸਾ ਮਹੌਲ ਬਣ ਗਿਆ ਹੈ ਕਿ ਗੁਰਬਾਣੀ ਅਭਿਆਸ ਦਾ ਭਾਵ ਸਮਝਿਆ ਜਾਂਦਾ ਹੈ, ਗੁਰਬਾਣੀ ਦਾ ਰਟਨ, ਬਿਲਕੁਲ ਉਝ, ਜਿਵੇਂ ਬ੍ਰਾਹਮਣੀ ਵਿਚਾਰਧਾਰਾ ਵਿੱਚ ਮੰਤਰਾਂ ਦਾ ਰਟਨ ਜਾਂ ਜਾਪ ਹੈ। ਜਦ ਕਿ ਸਤਿਗੁਰੂ ਆਪ ਬਖਸ਼ਿਸ਼ ਕਰਦੇ ਸਮਝਾਉਂਦੇ ਹਨ:

"ਪੜੀਐ ਨਾਹੀ ਭੇਦੁ ਬੁਝਿਐ ਪਾਵਣਾ ॥" {ਮਾਝ ਕੀ ਵਾਰ ਮਹਲਾ ੧, ਪੰਨਾ ੧੪੮}

ਕੇਵਲ ਪੜ੍ਹਨ ਨਾਲ ਭੇਤ ਨਹੀਂ ਪੈਂਦਾ । ਸਮਝ ਆਉਣ ਨਾਲ ਮਤਿ ਉਚੀ ਹੁੰਦੀ ਹੈ ।

ਜੋ ਲੋਕ ਬਗੈਰ ਸਮਝੇ, ਗੁਰਬਾਣੀ ਦੇ ਰੱਟੇ ਲਾ ਰਹੇ ਹਨ, ਉਨ੍ਹਾਂ ਨੂੰ ਸਤਿਗੁਰੂ ਨੇ ਭੇਖੀ ਅਤੇ ਭਰਮਾਂ ਵਿੱਚ ਭਟਕ ਰਹੇ ਆਖਿਆ ਹੈ। ਗੁਰਬਾਣੀ ਦਾ ਫੁਰਮਾਣ ਹੈ:

"ਪਾਠੁ ਪੜੈ ਨ ਬੂਝਈ, ਭੇਖੀ ਭਰਮਿ ਭੁਲਾਇ ॥" {ਸਿਰੀ ਰਾਗੁ ਮਹਲਾ ੩, ਪੰਨਾ ੬੬}

ਜੇਹੜਾ ਮਨੁੱਖ ਨਿਰਾ ਪਾਠ ਪੜ੍ਹਦਾ ਹੀ ਹੈ, ਇਸ ਦਾ ਭਾਵ ਨਹੀਂ ਸਮਝਦਾ, (ਨਿਰੇ) ਧਾਰਮਿਕ ਭੇਖਾਂ ਨਾਲ (ਸਗੋਂ) ਭਟਕਣਾ ਵਿਚ ਪੈ ਕੇ ਕੁਰਾਹੇ ਪੈ ਜਾਂਦਾ ਹੈ ।

ਸਤਿਗੁਰੂ ਨੇ ਤਾਂ ਇਹ ਵੀ ਨਿਰਣਾ ਕਰ ਦਿੱਤਾ ਹੈ ਕਿ ਗੱਲ ਕੇਵਲ ਸਮਝਣ ਤੱਕ ਸੀਮਿਤ ਨਹੀਂ, ਕਿਉਂਕਿ ਕਈ ਵਾਰੀ ਕੇਵਲ ਸਮਝਣ ਨਾਲ ਵਿਅਕਤੀ ਆਪਣੇ ਆਪ ਨੂੰ ਵਿਦਵਾਨ ਸਮਝਣ ਲੱਗ ਪੈਂਦਾ ਹੈ ਅਤੇ ਉਸ ਨੂੰ ਇਸੇ ਗੱਲ ਦਾ ਅਭਿਮਾਨ ਹੋ ਜਾਂਦਾ ਹੈ। ਸਤਿਗੁਰੂ ਸਮਝਾਉਂਦੇ ਹਨ ਕਿ ਜੀਵਨ ਤਾਂ ਉਦੋਂ ਸਫਲ ਹੋਣਾ ਹੈ ਜਦੋਂ ਪੜ੍ਹ, ਸਮਝ ਕੇ ਉਨ੍ਹਾਂ ਗੁਣਾਂ ਨੂੰ ਜੀਵਨ ਵਿੱਚ ਧਾਰਨ ਕਰ ਲੈਣਾ ਹੈ। ਪਾਵਨ ਗੁਰਵਾਕ ਹੈ:

"ਬੇਦ ਪਾਠ ਸੰਸਾਰ ਕੀ ਕਾਰ ॥ ਪੜ੍ਹਿ ਪੜ੍ਹਿ ਪੰਡਿਤ ਕਰਹਿ ਬੀਚਾਰ ॥ ਬਿਨੁ ਬੂਝੇ ਸਭ ਹੋਇ ਖੁਆਰ ॥ ਨਾਨਕ ਗੁਰਮੁਖਿ ਉਤਰਸਿ ਪਾਰਿ ॥੧॥" {ਸਲੋਕ ਮਃ ੧, ਪੰਨਾ ੭੯੧}

ਵੇਦ ਆਦਿਕ ਧਰਮ-ਪੁਸਤਕਾਂ ਦੇ (ਨਿਰੇ) ਪਾਠ ਤਾਂ ਦੁਨੀਆਵੀ ਵਿਹਾਰ (ਸਮਝੋ), ਵਿਦਵਾਨ ਲੋਕ ਇਹਨਾਂ ਨੂੰ ਪੜ੍ਹ ਪੜ੍ਹ ਕੇ ਇਹਨਾਂ ਦੇ ਸਿਰਫ਼ ਅਰਥ ਹੀ ਵਿਚਾਰਦੇ ਹਨ; ਜਦ ਤਕ ਮਤਿ ਨਹੀਂ ਬਦਲਦੀ (ਨਿਰੇ ਪਾਠ ਤੇ ਅਰਥ-ਵਿਚਾਰ ਨਾਲ ਤਾਂ) ਲੁਕਾਈ ਖ਼ੁਆਰ ਹੀ ਹੁੰਦੀ ਹੈ; ਹੇ ਨਾਨਕ ! ਉਹ ਮਨੁੱਖ ਹੀ (ਪਾਪਾਂ ਦੇ ਹਨੇਰੇ ਤੋਂ) ਪਾਰ ਲੰਘਦਾ ਹੈ ਜਿਸ ਨੇ ਗੁਰੂ ਦੀ ਮਤਿ ਧਾਰਨ ਕਰ ਲਈ ਹੈ ।1।

ਕਈ ਆਖਣਗੇ, ਇਹ ਤਾਂ ਹਿੰਦੂ ਧਰਮ ਗ੍ਰੰਥ, ਵੇਦ ਆਦਿ ਅਤੇ ਬ੍ਰਾਹਮਣਾਂ ਦੁਆਰਾ ਉਨ੍ਹਾਂ ਦੇ ਪੜ੍ਹਨ ਦੀ ਗੱਲ ਹੋ ਰਹੀ ਹੈ। ਸਤਿਗੁਰੂ ਦੇ ਸਮਝਾਉਣ ਅਨੁਸਾਰ, ਜੇ ਬ੍ਰਾਹਮਣ ਆਪਣੇ ਧਰਮ ਗ੍ਰੰਥ ਪੜ੍ਹ ਕੇ ਉਨ੍ਹਾਂ ਦੇ ਗੁਣ ਜੀਵਨ ਵਿੱਚ ਨਾ ਧਾਰੇ ਤਾਂ ਉਸ ਦਾ ਜੀਵਨ ਅਜਾਈਂ ਹੈ, ਤਾਂ ਕੀ ਇਹ ਸਿੱਖ ਉਤੇ ਲਾਗੂ ਨਹੀਂ ਹੁੰਦਾ। ਗੁਰਬਾਣੀ ਦੇ ਗੁਣ ਜੀਵਨ ਵਿੱਚ ਧਾਰਨ ਨਾਲ ਹੀ, ਸਾਧ ਸੰਗਤ ਤੇ ਪੰਥ ਦੀ ਸੇਵਾ ਅਤੇ ਉਪਕਾਰ, ਦੇ ਗੁਣ ਜੀਵਨ ਵਿੱਚ ਪਰਗਟ ਹੋਣੇ ਹਨ। ਗੁਰਬਾਣੀ ਰਾਹੀਂ ਅਕਾਲ-ਪੁਰਖ ਦੀ ਹੋਂਦ ਅਤੇ ਸਮਰੱਥਾ ਦਾ ਵਿਸ਼ਵਾਸ ਹੀ ਨਾਮ ਦਾ ਪ੍ਰੇਮ ਪੈਦਾ ਕਰਦਾ ਹੈ, ਇਸ ਦਾ ਹੋਰ ਕੋਈ ਦੂਸਰਾ ਸਾਧਨ ਨਹੀਂ। ਇਸ ਨੂੰ ਸਮਝੇ ਬਗੈਰ ਨਾਮ ਸਿਮਰਨ ਦੇ ਨਾਂ ਤੇ ਇਕੋ ਸ਼ਬਦ ਦੇ ਰੱਟੇ ਲਾਏ ਅਤੇ ਲੁਆਏ ਜਾ ਰਹੇ ਹਨ। ਉੱਚੀ ਉੱਚੀ ਕੂਕਾਂ ਮਾਰੀਆਂ ਜਾ ਰਹੀਆਂ ਹਨ, ਜੋ ਇਕ ਨਿਰੋਲ ਬ੍ਰਾਹਮਣੀ ਕਿਰਿਆ ਹੈ, ਇਸ ਦਾ ਗੁਰਮਤਿ ਨਾਲ ਨੇੜੇ-ਤੇੜੇ ਦਾ ਸਬੰਧ ਨਹੀਂ। (ਪੜ੍ਹੋ: ਇਸੇ ਕਲਮ ਤੋਂ ਗੁਰਮਤਿ ਨਾਮ ਸਿਮਰਨ)

ਅਸਲ ਵਿੱਚ ਤਾਂ ਜਿਹੜੇ ਪੰਜ ਪਿਆਰੇ ਪਾਹੁਲ ਛਕਾਉਣ ਦੀ ਸੇਵਾ ਕਰ ਰਹੇ ਹਨ, ਉਨ੍ਹਾਂ ਦਾ ਫਰਜ਼ ਬਣਦਾ ਹੈ, ਉਹ ਇਹ ਸਭ ਅੰਮ੍ਰਿਤ ਛਕਣ ਦੇ ਅਭਿਲਾਖੀਆਂ ਨੂੰ ਸਮਝਾਉਣ,

ਪਰ ਇਥੇ ਤਾਂ ਵੱਡੀ ਸਮੱਸਿਆ ਇਹ ਹੈ ਕਿ ਵਿਰਲਿਆਂ ਨੂੰ ਹੀ ਆਪ ਇਸ ਗੱਲ ਦੀ ਸੋਝੀ ਹੈ, ਕਿਉਂਕਿ ਇਥੇ ਵੀ ਬਹੁਤਾਤ ਬਾਬਿਆਂ ਦੇ ਡੇਰਿਆਂ ਤੋਂ ਪੜ੍ਹੇ ਆਉਂਦੇ ਹਨ, ਜਿਨ੍ਹਾਂ ਨੂੰ ਕੇਵਲ ਰੱਟੇ ਲਾਉਣ ਦੀ ਸਿੱਖਿਆ ਹੀ ਦਿੱਤੀ ਜਾਂਦੀ ਹੈ।

ਇਸ ਤੋਂ ਬਾਅਦ ਇਹ ਪੁਛਣਾ ਕਿ ਕੀ ਤੁਸੀਂ ਇਸ ਧਰਮ ਨੂੰ ਖੁਸ਼ੀ ਨਾਲ ਕਬੂਲ ਕਰਦੇ ਹੋ? ਇਹ ਭਾਵਨਾ ਦੇਂਦਾ ਹੈ, ਜਿਵੇਂ ਕਿ ਉਹ ਸਿੱਖੀ ਨੂੰ ਛੱਡ ਕੇ ਕਿਸੇ ਨਵੇਂ ਧਰਮ ਵਿੱਚ ਦਾਖਲਾ ਲੈ ਰਹੇ ਹੋਣ, ਜਦਕਿ ਅਸਲੀਅਤ ਤਾਂ ਇਹ ਉਸੇ ਦਾ ਅਗਲਾ ਪੜਾ ਹੈ। ਧਰਮ ਦੇ ਮਾਰਗ ਤੇ ਚਲਦੇ ਹੋਏ ਜੀਵਨ ਨੂੰ ਸੰਪੂਰਨਤਾ ਵੱਲ ਲੈਕੇ ਜਾਣਾ ਹੈ। ਪੁੱਛਿਆ ਤਾਂ ਇਹ ਜਾਣਾ ਚਾਹੀਦਾ ਹੈ ਕਿ, ਕੀ ਤੁਸੀਂ ਸਿੱਖੀ ਦੇ ਇਨ੍ਹਾਂ ਸਿਧਾਂਤਾਂ ਤੇ ਦ੍ਰਿੜਤਾ ਨਾਲ ਪਹਿਰਾ ਦੇਣ ਲਈ ਖੁਸ਼ੀ ਨਾਲ ਪ੍ਰਣ ਕਰਦੇ ਹੋ?

ਸਿੱਖ ਰਹਿਤ ਮਰਯਾਦਾ ਵਿੱਚ ਪੰਥਕ ਰਹਿਣੀ ਦੇ ਭਾਗ ਅੰਮ੍ਰਿਤ ਸੰਸਕਾਰ ਦੇ (ਖ) ਮਦ ਵਿੱਚ ਲਿਖਿਆ ਹੈ:

ਹਾਂ ਦਾ ਜੁਆਬ ਆਉਣ ਤੇ ਪਿਆਰਿਆਂ 'ਚੋਂ ਇਕ ਸੱਜਣ ਅੰਮ੍ਰਿਤ ਦੀ ਤਿਆਰੀ ਦਾ ਅਰਦਾਸਾ ਕਰਕੇ ਹੁਕਮ ਲਵੇ। ਪੰਜ ਪਿਆਰੇ ਅੰਮ੍ਰਿਤ ਤਿਆਰ ਕਰਨ ਲਈ ਬਾਟੇ ਪਾਸ ਆ ਬੈਠਣ।

ਸਿੱਖ ਹਰ ਕੰਮ ਅਕਾਲ-ਪੁਰਖ ਅਤੇ ਗੁਰੂ ਦਾ ਓਟ-ਆਸਰਾ ਲੈਕੇ ਕਰਦਾ ਹੈ ਅਤੇ ਇਹ ਓਟ-ਆਸਰਾ ਤੱਕਣ ਦਾ ਸਭ ਤੋਂ ਲਾਜੁਆਬ ਤਰੀਕਾ ਹੈ 'ਅਰਦਾਸ'। ਸਤਿਗੁਰੂ ਨੇ ਗੁਰਬਾਣੀ ਵਿੱਚ ਵੀ ਫੁਰਮਾਇਆ ਹੈ:

"ਸੁਖਦਾਤਾ ਭੈ ਭੰਜਨੋ ਤਿਸੁ ਆਗੈ ਕਰਿ ਅਰਦਾਸਿ ॥ ਮਿਹਰ ਕਰੇ ਜਿਸੁ ਮਿਹਰਵਾਨੁ, ਤਾਂ ਕਾਰਜੁ ਆਵੈ ਰਾਸਿ ॥੩॥" {ਸ੍ਰੀ ਰਾਗੁ ਮਹਲਾ ੫, ਪੰਨਾ ੪੪}

ਹੇ ਮਨ ! ਉਸ ਪਰਮਾਤਮਾ ਅੱਗੇ ਅਰਦਾਸ ਕਰਦਾ ਰਹੁ, ਜੋ ਸਾਰੇ ਸੁਖ ਦੇਣ ਵਾਲਾ ਹੈ ਤੇ ਸਾਰੇ ਡਰ-ਸਹਮ ਨਾਸ ਕਰਨ ਵਾਲਾ ਹੈ । ਮਿਹਰ ਕਰਨ ਵਾਲਾ ਪਰਮਾਤਮਾ ਜਿਸ ਮਨੁੱਖ ਉੱਤੇ ਜਦੋਂ ਮਿਹਰ (ਦੀ ਨਿਗਾਹ) ਕਰਦਾ ਹੈ, ਤਦੋਂ ਉਸ ਦਾ ਕਾਰਜ ਸਫਲਾ ਹੋ ਜਾਂਦਾ ਹੈ ।3।

"ਜੀਅ ਕੀ ਬਿਰਥਾ ਹੋਇ ਸੁ ਗੁਰ ਪਹਿ ਅਰਦਾਸਿ ਕਰਿ ॥ ਛੋਡਿ ਸਿਆਣਪ ਸਗਲ ਮਨੁ ਤਨੁ ਅਰਪਿ ਧਰਿ ॥" {ਰਾਗੁ ਗੂਜਰੀ ਵਾਰ ਮਹਲਾ ੫, ਪੰਨਾ ੫੧੯}

(ਹੇ ਭਾਈ !) ਦਿਲ ਦਾ ਜੋ ਦੁੱਖ ਹੋਵੇ ਉਹ ਆਪਣੇ ਸਤਿਗੁਰੂ ਅਗੇ ਬੇਨਤੀ ਕਰ, ਆਪਣੀ ਸਾਰੀ ਚਤੁਰਾਈ ਛੱਡ ਦੇਹ ਤੇ ਮਨ ਤਨ ਗੁਰੂ ਦੇ ਹਵਾਲੇ ਕਰ ਦੇਹ।

ਇਸੇ ਵਾਸਤੇ ਸਿੱਖ ਦਾ ਹਰ ਕੰਮ ਅਰਦਾਸ ਨਾਲ ਹੀ ਸ਼ੁਰੂ ਹੁੰਦਾ ਅਤੇ ਅਰਦਾਸ ਨਾਲ ਹੀ ਸਮਾਪਤ ਹੁੰਦਾ ਹੈ, ਫੇਰ ਜੇ ਅਰਦਾਸ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿੱਚ ਕੀਤੀ ਜਾਵੇ ਤਾਂ ਕੀਤੀ ਅਰਦਾਸ ਦੀ ਪ੍ਰਵਾਨਗੀ ਤਾਂ ਸਤਿਗੁਰੂ ਦਾ ਹੁਕਮ ਲੈਣ ਨਾਲ ਹੀ ਮਿਲਦੀ ਹੈ।

ਸਿੱਖ ਰਹਿਤ ਮਰਯਾਦਾ ਵਿੱਚ ਪੰਥਕ ਰਹਿਣੀ ਦੇ ਭਾਗ ਅੰਮ੍ਰਿਤ ਸੰਸਕਾਰ ਦੇ (ਗ) ਮਦ

ਵਿੱਚ ਲਿਖਿਆ ਹੈ:

'ਬਾਟਾ ਸਰਬ-ਲੋਹ ਦਾ ਹੋਵੇ ਤੇ ਚੌਂਕੀ, ਸੁਨਹਿਰੇ ਆਦਿ ਕਿਸੇ ਸਵੱਛ ਚੀਜ਼ ਪੁਰ ਰਖਿਆ ਹੋਵੇ।'

ਬਾਟਾ

ਪਾਹੁਲ ਤਿਆਰ ਕਰਨ ਲਈ ਇਕ ਖੁੱਲੇ ਮੂੰਹ ਵਾਲੇ ਬਾਟੇ ਦੀ ਵਰਤੋਂ ਕੀਤੀ ਜਾਂਦੀ ਹੈ। ਬਾਟੇ ਦਾ ਖੁੱਲਾ ਮੂੰਹ ਵਿਸ਼ਾਲਤਾ ਦਾ ਪ੍ਰਤੀਕ ਹੈ, ਉਹ ਵਿਸ਼ਾਲਤਾ ਜੋ ਗੁਰੂ ਗ੍ਰੰਥ ਸਾਹਿਬ ਪਾਤਿਸ਼ਾਹ ਦੇ ਇਲਾਹੀ ਗਿਆਨ ਨੂੰ ਧਾਰਨ ਕਰਨ ਨਾਲ ਸਿੱਖ ਦੇ ਹਿਰਦੇ ਵਿੱਚ ਪ੍ਰਗਟ ਹੋਈ ਹੈ। ਇਸ ਵਿਸ਼ਾਲਤਾ ਦੀ ਨੀਂਹ ਗੁਰੂ ਨਾਨਕ ਪਾਤਿਸ਼ਾਹ ਨੇ ਇਨ੍ਹਾਂ ਬਚਨਾਂ ਨਾਲ ਰੱਖੀ ਹੈ:

"ਘਾਲਿ ਖਾਇ ਕਿਛੁ ਹਥਹੁ ਦੇਇ ॥ ਨਾਨਕ ਰਾਹੁ ਪਛਾਣਹਿ ਸੇਇ ॥੧॥"

(ਸਲੋਕ ਮਃ ੧, ਪੰਨਾ ੧੨੪੫)

ਜੋ ਜੋ ਮਨੁੱਖ ਮਿਹਨਤ ਨਾਲ ਕਮਾ ਕੇ (ਆਪ) ਖਾਂਦਾ ਹੈ ਤੇ ਉਸ ਕਮਾਈ ਵਿਚੋਂ ਕੁਝ (ਹੋਰਨਾਂ ਨੂੰ ਭੀ) ਦੇਂਦਾ ਹੈ, ਹੇ ਨਾਨਕ ! ਅਜੇਹੇ ਬੰਦੇ ਹੀ ਜ਼ਿੰਦਗੀ ਦਾ ਸਹੀ ਰਸਤਾ ਪਛਾਣਦੇ ਹਨ ।1।

ਸਤਿਗੁਰੂ ਦੇ ਇਸ ਸਿਧਾਂਤ ਦੀ ਵਿਆਖਿਆ ਭਾਈ ਗੁਰਦਾਸ ਜੀ ਨੇ ਆਪਣੀਆਂ ਵਾਰਾਂ ਵਿੱਚ ਇੰਝ ਕੀਤੀ ਹੈ:

ਕਿਰਤ ਵਿਰਤ ਕਰ ਧਰਮ ਦੀ ਖੱਟ ਖਵਾਲਨ ਕਾਰ ਕਰੇਹੀ॥ (੧-੩-੪)

ਕਿਰਤ ਵਿਰਤ ਕਰ ਧਰਮ ਦੀ ਹਥਹੁੰ ਦੇਕੇ ਭਲਾ ਮਨਾਵੈ॥ (੬-੧੨-੫)

ਕਿਰਤ ਵਿਰਤ ਕਰਿ ਧਰਮੁ ਦੀ ਲੈ ਪਰਸਾਦ ਆਣਿ ਵਰਤੰਦਾ॥ (੪੦-੧੧-੫)

ਇਹੀ ਹੈ ਉਹ ਪਾਵਨ ਸਿਧਾਂਤ ਜਿਸ ਰਾਹੀਂ ਖਾਲਸਾ ਜੀ ਦੀ ਦੇਗ ਚਲਦੀ ਹੈ, ਜੋ ਦੁਨੀਆਂ ਦੇ ਹਰ ਕੋਨੇ ਵਿੱਚ ਗੁਰਦੁਆਰਿਆਂ ਵਿੱਚ ਵਰਤ ਰਹੇ ਲੰਗਰ ਰਾਹੀਂ ਪ੍ਰਗਟ ਹੁੰਦੀ ਹੈ, ਜਿਥੇ ਹਰ ਲੋੜਵੰਦ ਨੂੰ ਲੰਗਰ ਦੇ ਨਾਲ ਠਹਿਰਣ ਵਾਸਤੇ ਠਾਹਰ ਵੀ ਮਿਲਦੀ ਹੈ। ਇਹ ਸਾਰੇ ਕਾਰਜ ਕਿਰਤੀ ਸਿੱਖਾਂ ਵਲੋਂ ਭੇਟ ਕੀਤੇ ਦਸਵੰਧ ਨਾਲ ਚਲਦੇ ਹਨ ਅਤੇ ਕਿਰਤੀ ਸਿੱਖ ਹੀ ਪ੍ਰਬੰਧਕੀ ਰੂਪ ਵਿੱਚ ਇਸ ਕਾਰਜ ਨੂੰ ਚਲਾਉਂਦੇ ਹਨ। ਇਤਨਾ ਹੀ ਨਹੀਂ ਇਸੇ ਨਾਤੇ, ਹਰ ਸਿੱਖ ਦੇ ਘਰ ਦੀ ਰਸੋਈ ਗੁਰੂ ਕਾ ਲੰਗਰ ਹੈ। ਨਾ ਤਾਂ ਇਸ ਦੀ ਸੀਮਾਂ ਗੁਰਦੁਆਰਾ ਹੈ, ਨਾ ਲੰਗਰ, ਬਲਕਿ ਸਿੱਖ ਦਾ ਧਰਮ ਹਰ ਲੋੜਵੰਦ ਦੀ ਮਦਦ ਕਰਨਾ ਸਿਖਾਉਂਦਾ ਹੈ, ਪਰ ਇਹ ਸਾਰੇ ਕਾਰਜ ਸਿੱਖ ਆਪਣੀ ਕਿਰਤ ਵਿਰਤ ਭਾਵ ਮਿਹਨਤ ਨਾਲ ਕੀਤੀ ਹੱਕ ਹਲਾਲ ਦੀ ਕਮਾਈ ਵਿੱਚੋਂ ਕਰਦਾ ਹੈ, ਉਹ ਵੀ ਦਾਨ ਸਮਝ ਕੇ ਨਹੀਂ, ਆਪਣਾ ਫਰਜ਼ ਸਮਝ ਕੇ। ਇਹ ਉਸ ਦੇ ਜੀਵਨ ਦੇ ਸੱਚ ਵਿਓਹਾਰ ਦਾ ਇਕ ਕੁਦਰਤੀ ਵਰਤਾਰਾ ਹੈ।

ਹੈਰਾਨਗੀ ਦੀ ਗੱਲ ਹੈ ਕਿ ਕੁਝ ਵਿਹਲੜ, ਪਖੰਡੀ, ਮਹਾਂਠੱਗ ਲੋਕ, ਜੋ ਆਪ ਗੁਰੂ ਨਾਨਕ ਪਾਤਿਸ਼ਾਹ ਦੇ ਇਸ ਸਿਧਾਂਤ ਤੇ ਖਰੇ ਨਹੀਂ ਉਤਰਦੇ, ਅੱਜ ਸਿੱਖ ਕੌਮ ਵਿੱਚ ਅੰਮ੍ਰਿਤ ਸੰਚਾਰ ਕਰਾ ਰਹੇ ਹਨ ਅਤੇ ਵੱਡੇ ਵੱਡੇ ਲੰਗਰ ਚਲਾ ਰਹੇ ਹਨ। ਅਸਲ ਵਿੱਚ ਇਹ ਲੋਕ ਗੁਰੂ ਨਾਨਕ ਪਾਤਿਸ਼ਾਹ ਦੇ ਉਪਰੋਕਤ ਸ਼ਬਦ ਦੀਆਂ ਹੇਠ ਦਿੱਤੀਆਂ ਪੰਕਤੀਆਂ ਦੀ ਸ਼੍ਰੇਣੀ ਵਿੱਚ ਆਉਂਦੇ ਹਨ:

"ਗਿਆਨ ਵਿਹੂਣਾ ਗਾਵੈ ਗੀਤ ॥ ਭੁਖੇ ਮੁਲਾਂ ਘਰੇ ਮਸੀਤਿ ॥ ਮਖਟੂ ਹੋਇ ਕੈ ਕੰਨ ਪੜਾਏ ॥ ਫਕਰੁ ਕਰੇ ਹੋਰੁ ਜਾਤਿ ਗਵਾਏ ॥ ਗੁਰੁ ਪੀਰੁ ਸਦਾਏ ਮੰਗਣ ਜਾਇ ॥ ਤਾ ਕੈ ਮੂਲਿ ਨ ਲਗੀਐ ਪਾਇ ॥"

(ਪੰਡਿਤ ਦਾ ਇਹ ਹਾਲ ਹੈ ਕਿ) ਪਰਮਾਤਮਾ ਦੇ ਭਜਨ ਤਾਂ ਗਾਂਦਾ ਹੈ ਪਰ ਆਪ ਸਮਝ ਤੋਂ ਸੱਖਣਾ ਹੈ (ਭਾਵ, ਇਸ ਭਜਨ ਗਾਣ ਨੂੰ ਉਹ ਰੋਜ਼ੀ ਦਾ ਵਸੀਲਾ ਬਣਾਈ ਰੱਖਦਾ ਹੈ, ਸਮਝ ਉੱਚੀ ਨਹੀਂ ਹੋ ਸਕੀ)। ਭੁੱਖ ਦੇ ਮਾਰੇ ਹੋਏ ਮੁੱਲਾਂ ਦੀ ਮਸੀਤ ਭੀ ਰੋਜ਼ੀ ਦੀ ਖ਼ਾਤਰ ਹੀ ਹੈ (ਭਾਵ, ਮੁੱਲਾਂ ਨੇ ਭੀ ਬਾਂਗ ਨਮਾਜ਼ ਆਦਿਕ ਮਸੀਤ ਦੀ ਕ੍ਰਿਆ ਨੂੰ ਰੋਟੀ ਦਾ ਵਸੀਲਾ ਬਣਾਇਆ ਹੋਇਆ ਹੈ) (ਤੀਜਾ ਇਕ) ਹੋਰ ਹੈ ਜੋ ਹੱਡ-ਹਰਾਮ ਹੋਣ ਕਰਕੇ ਕੰਨ ਪੜਵਾ ਲੈਂਦਾ ਹੈ, ਫ਼ਕੀਰ ਬਣ ਜਾਂਦਾ ਹੈ, ਕੁਲ ਦੀ ਅਣਖ ਗਵਾ ਬੈਠਦਾ ਹੈ, (ਉਂਝ ਤਾਂ ਆਪਣੇ ਆਪ ਨੂੰ) ਗੁਰੂ ਪੀਰ ਅਖਵਾਂਦਾ ਹੈ (ਪਰ ਰੋਟੀ ਦਰ ਦਰ) ਮੰਗਦਾ ਫਿਰਦਾ ਹੈ; ਅਜੇਹੇ ਬੰਦੇ ਦੇ ਪੈਰੀਂ ਭੀ ਕਦੇ ਨਹੀਂ ਲੱਗਣਾ ਚਾਹੀਦਾ।

ਕੁਝ ਭੋਲੇ ਸਿੱਖ ਕਹਿਣਗੇ, ਸਾਡੇ ਮਹਾਂਪੁਰਖ(ਮਹਾਂਠੱਗ) ਮੰਗਣ ਥੋੜਾ ਹੀ ਜਾਂਦੇ ਹਨ, ਅਸੀਂ ਤਾਂ ਆਪ ਸ਼ਰਧਾ ਵੱਸ ਉਨ੍ਹਾਂ ਨੂੰ ਭੇਟਾ ਕਰਕੇ ਆਉਂਦੇ ਹਾਂ। ਜੋ ਵਿਹਲੜ ਆਪ ਕਿਰਤ ਨਹੀਂ ਕਰਦੇ ਅਤੇ ਦੂਸਰਿਆਂ ਦੇ ਦਿੱਤੇ ਉਤੇ ਪਲਦੇ ਹਨ, ਉਹ ਸਭ ਹਰਾਮ ਦਾ ਹੀ ਖਾ ਰਹੇ ਹਨ, ਕੇਵਲ ਸੰਗਤਾਂ ਕੋਲੋਂ ਠੱਗੇ ਪੈਸੇ ਨਾਲ ਉਨ੍ਹਾਂ ਵਲੋਂ ਲਾਏ ਲੰਗਰ ਵੀ ਕਿਸੇ ਲੇਖੇ ਨਹੀਂ। ਸਤਿਗੁਰੂ ਨੇ ਸਿੱਖ ਨੂੰ ਐਸੇ ਲੋਕਾਂ ਦੇ ਨੇੜੇ ਵੀ ਨਾ ਜਾਣ ਦੀ ਹਦਾਇਤ ਕੀਤੀ ਹੈ। ਇਕ ਪਾਸੇ ਇਹ ਠੱਗ ਲੋਕ ਹਨ, ਦੂਸਰੇ ਪਾਸੇ ਹਨ, ਕੁਝ ਭੋਲੇ ਸਿੱਖ। ਕੁਝ ਤਾਂ ਉਹ ਹਨ, ਸਭ ਕੁਝ ਹੁੰਦਿਆਂ ਵੀ ਜਿਨ੍ਹਾਂ ਦੀਆਂ ਆਪਣੀਆਂ ਲੋੜਾਂ ਹੀ ਕਦੇ ਨਹੀਂ ਮੁਕਦੀਆਂ, ਇਸ ਵਾਸਤੇ ਵੰਡ ਛੱਕਣ, ਭਾਵ ਲੋੜਵੰਦ ਦੀ ਮਦਦ ਤਾਂ ਕੀ ਕਰਨੀ ਹੈ, ਉਹ ਤਾਂ ਹਰ ਵੇਲੇ ਆਪ ਹੀ ਲੋੜਵੰਦ ਬਣੇ ਰਹਿੰਦੇ ਹਨ। ਦੂਸਰੇ ਉਹ ਹਨ ਜੋ ਅੰਧੀ ਭਾਵਨਾ ਅਧੀਨ, ਪਾਖੰਡੀਆਂ ਦੇ ਡੇਰਿਆਂ, ਗੁਰਦੁਆਰਿਆਂ ਦੇ ਸੰਗਮਰਮਰਾਂ, ਇਕ ਦਿਨ ਦੀਆਂ ਛਬੀਲਾਂ, ਸੋਨੇ ਦੇ ਕਲਸ਼ਾਂ ਅਤੇ ਪਾਲਕੀਆਂ ਆਦਿ ਤੇ ਲੁਟਾਕੇ ਆਪਣੇ ਧਰਮੀਂ ਹੋਣ ਦਾ ਭਰਮ ਪਾਲੀ ਜਾਂਦੇ ਹਨ। ਜਦਕਿ ਸਤਿਗੁਰੂ ਦੀ ਬਾਣੀ ਸਮਝਾਉਂਦੀ ਹੈ:

"ਅਕਲੀ ਪੜ੍ਹਿ ਕੈ ਬੁਝੀਐ ਅਕਲੀ ਕੀਚੈ ਦਾਨੁ ॥" (ਸਲੋਕ ਮ: ੧, ਪੰਨਾ ੧੨੪੫)

ਬਹੁਤੇ ਗੁਰੂ ਪਿਆਰਿਆਂ ਦੀ ਹਾਲਤ ਇਹ ਹੈ ਕਿ ਉਹ ਸਿਰਫ ਭਾਵੁਕ ਹੋ ਕੇ ਦੇਈ ਜਾਂਦੇ ਹਨ, ਇਹ ਵੇਖਣ, ਸੋਚਣ ਦੀ ਕਦੇ ਕੋਸ਼ਿਸ਼ ਹੀ ਨਹੀਂ ਕੀਤੀ ਕਿ ਉਸ ਦੀ ਵਰਤੋਂ ਕਿਵੇਂ ਹੋ ਰਹੀ ਹੈ। ਜਿਥੇ ਇਹ ਜ਼ਰੂਰੀ ਹੈ ਕਿ ਸਤਿਗੁਰੂ ਦੇ ਵੰਡ ਛਕਣ ਦੇ ਆਦੇਸ਼ ਅਨੁਸਾਰ ਨੇਮ ਨਾਲ ਦਸਵੰਧ ਕਢੀਏ, ਉਥੇ ਸਤਿਗੁਰੂ ਦੇ 'ਅਕਲੀ ਕੀਚੈ ਦਾਨ' ਦੇ ਆਦੇਸ਼ ਅਨੁਸਾਰ ਇਹ

ਵੀ ਯਕੀਨੀ ਬਣਾਈਏ ਕਿ ਕੀ ਉਸ ਦੀ ਵਰਤੋਂ ਯੋਗ ਤਰੀਕੇ ਨਾਲ ਹੋ ਰਹੀ ਹੈ? ਸਭ ਤੋਂ ਯੋਗ ਤਰੀਕਾ ਤਾਂ ਇਹ ਹੈ ਕਿ ਆਪ ਸਿੱਧੇ ਲੋੜਵੰਦ ਦੀ ਮਦਦ ਨੂੰ ਬਹੁੜੀਏ, ਮੇਰੀ ਸਮਝ ਅਨੁਸਾਰ, ਇਸ ਦੇ ਵਿੱਚ ਪਹਿਲ ਉਸ ਰੋਗੀ ਦੀ ਹੋਣੀ ਚਾਹੀਦੀ ਹੈ, ਜਿਸ ਕੋਲ ਇਲਾਜ ਵਾਸਤੇ ਸਮਰੱਥਾ ਨਹੀਂ, ਉਸ ਤੋਂ ਬਾਅਦ ਉਨ੍ਹਾਂ ਦੇ ਲੰਗਰ ਦੀ, ਜੋ ਕਿਸੇ ਜਾਇਜ਼ ਮਜਬੂਰੀ ਕਾਰਨ ਕਿਰਤ ਕਰਨ ਤੋਂ ਅਸਮਰਥ ਹਨ, ਤੀਸਰੇ ਸਥਾਨ ਤੇ ਆਰਥਕ ਪਖੋਂ ਕਮਜ਼ੋਰ ਬੱਚਿਆਂ ਦੀ ਪੜ੍ਹਾਈ, ਫੇਰ ਲੋੜਵੰਦ ਬੱਚੀਆਂ ਦੇ ਵਿਆਹ ਵਾਸਤੇ ਆਦਿ..। ਅਸਲ ਵਿੱਚ ਹਰ ਸਿੱਖ ਨੇ ਆਪਣੇ ਨੇੜੇ ਦੇ ਹਾਲਾਤ ਅਨੁਸਾਰ ਇਹ ਲੋੜਵੰਦਾਂ ਦੀ ਖੋਜ ਕਰਨੀ ਹੈ ਪਰ ਹਰ ਹਾਲਤ ਵਿੱਚ, ਗੁਰਬਾਣੀ ਤੋਂ ਅਗਵਾਈ ਲੈਕੇ, ਬਾਟੇ ਦੇ ਖੁੱਲੇ ਮੂੰਹ ਦੀ ਵਿਸ਼ਾਲਤਾ ਹਰ ਸਿੱਖ ਦੇ ਹਿਰਦੇ ਵਿੱਚ ਬਣੀ ਰਹਿਣੀ ਚਾਹੀਦੀ ਹੈ।

ਸਿੱਖ ਰਹਿਤ ਮਰਯਾਦਾ ਵਿੱਚ ਪੰਥਕ ਰਹਿਣੀ ਦੇ ਭਾਗ ਅੰਮ੍ਰਿਤ ਸੰਸਕਾਰ ਦੇ (ਘ) ਮਦ ਵਿੱਚ ਲਿਖਿਆ ਹੈ:

'ਬਾਟੇ ਵਿੱਚ ਸਵੱਛ ਜਲ ਤੇ ਪਤਾਸੇ ਪਾਏ ਜਾਣ ਤੇ ਪੰਜ ਪਿਆਰੇ ਬਾਟੇ ਦੇ ਇਰਦ ਗਿਰਦ ਬੀਰ ਆਸਨ ਹੋ ਕੇ ਬੈਠ ਜਾਣ।'

ਜਲ

ਪਾਹੁਲ ਤਿਆਰ ਕਰਨ ਲਈ ਬਾਟੇ ਵਿੱਚ ਜਲ ਪਾਇਆ ਜਾਂਦਾ ਹੈ। ਸਤਿਗੁਰੂ ਨਾਨਕ ਪਾਤਿਸ਼ਾਹ ਨੇ ਸ੍ਰਿਸ਼ਟੀ ਸਾਜਨਾ ਦਾ ਮੂਲ ਸਾਧਨ ਜਲ ਨੂੰ ਮੰਨਿਆਂ ਹੈ। ਪਾਵਨ ਗੁਰਵਾਕ ਹੈ:

"ਸਾਚੇ ਤੇ ਪਵਨਾ ਭਇਆ ਪਵਨੈ ਤੇ ਜਲੁ ਹੋਇ ॥ ਜਲ ਤੇ ਤ੍ਰਿਭਵਣੁ ਸਾਜਿਆ ਘਟਿ ਘਟਿ ਜੋਤਿ ਸਮੋਇ ॥" {ਸਿਰੀ ਰਾਗੁ ਮਹਲਾ ੧, ਪੰਨਾ ੧੯}

ਪਰਮਾਤਮਾ ਤੋਂ (ਸੂਖਮ ਤੱਤ) ਪਵਣ ਬਣਿਆ, ਪਵਣ ਤੋਂ ਜਲ ਹੋਂਦ ਵਿਚ ਆਇਆ, ਜਲ ਤੋਂ ਸਾਰਾ ਜਗਤ ਰਚਿਆ ਗਿਆ, (ਤੇ, ਇਸ ਰਚੇ ਸੰਸਾਰ ਦੇ) ਹਰੇਕ ਘਟ ਵਿਚ ਪਰਮਾਤਮਾ ਦੀ ਜੋਤਿ ਸਮਾਈ ਹੋਈ ਹੈ ।3।

ਇਸੇ ਗੱਲ ਦੀ ਪ੍ਰੋੜਤਾ ਸਤਿਗੁਰੂ ਨੇ ਆਪਣੇ ਤੀਸਰੇ ਜਾਮੇ ਵਿੱਚ ਵੀ ਕੀਤੀ ਹੈ:

"ਨਾਨਕ ਇਹੁ ਜਗਤੁ ਸਭੁ ਜਲੁ ਹੈ ਜਲ ਹੀ ਤੇ ਸਭ ਕੋਇ ॥" (ਮਃ ੩, ਪੰਨਾ ੧੨੮੩)

ਹੇ ਨਾਨਕ ! ਇਸ ਸਾਰੇ ਜਗਤ ਦਾ ਅਧਾਰ ਜਲ ਹੈ, ਹਰ ਸ਼ੈ ਜਲ ਤੋਂ ਹੀ ਪੈਦਾ ਹੁੰਦੀ ਹੈ।

"ਜਲ ਹੀ ਤੇ ਸਭ ਊਪਜੈ ਬਿਨੁ ਜਲ ਪਿਆਸ ਨ ਜਾਇ ॥ ਨਾਨਕ ਹਰਿ ਜਲੁ ਜਿਨਿ ਪੀਆ ਤਿਸੁ ਭੂਖ ਨ ਲਾਗੈ ਆਇ ॥੫੫॥" (ਸਲੋਕ ਮਹਲਾ ੩, ਪੰਨਾ ੧੪੧੯)

ਹੇ ਭਾਈ ! ਜਲ ਤੋਂ ਹੀ ਸਾਰੀ ਸ੍ਰਿਸ਼ਟੀ ਪੈਦਾ ਹੁੰਦੀ ਹੈ ਜਲ ਤੋਂ ਬਿਨਾ ਕਿਸੇ ਭੀ ਜੀਵ ਦੀ ਤ੍ਰਿਹ ਦੂਰ ਨਹੀਂ ਹੁੰਦੀ । ਹੇ ਨਾਨਕ ! ਜਿਸ (ਮਨੁੱਖ) ਨੇ ਹਰਿ-ਨਾਮ ਜਲ ਪੀ ਲਿਆ, ਉਸ ਨੂੰ (ਕਦੇ ਮਾਇਆ ਦੀ) ਭੁੱਖ ਨਹੀਂ ਵਿਆਪਦੀ ।55।

ਜਲ ਦੇ ਵਿੱਚ ਅਨਮੋਲ ਗੁਣ ਹਨ: ਨਿਰਮਲਤਾ, ਸੀਤਲਤਾ, ਨਿਮ੍ਰਤਾ, ਸ਼ੁਧਤਾ। ਭਾਈ

ਗੁਰਦਾਸ ਜੀ ਨੇ ਜਿਥੇ ਪਾਣੀ ਦੇ ਅਨਮੋਲ ਗੁਣਾਂ ਦੀ ਬੜੀ ਸੁੰਦਰ ਵਿਆਖਿਆ ਕੀਤੀ ਹੈ, ਉਥੇ ਗੁਰਸਿੱਖ ਦੇ ਜੀਵਨ ਦੀ ਤੁਲਣਾ ਵੀ ਪਾਣੀ ਨਾਲ ਕੀਤੀ ਹੈ:

ਧਰਤੀ ਪੈਰਾਂ ਹੇਠਿ ਹੈ ਧਰਤੀ ਹੇਠਿ ਵਸੰਦਾ ਪਾਣੀ॥ (੨੮-੧੩-੧)
ਪਾਣੀ ਚਲੈ ਨੀਵਾਣ ਨੋ ਨਿਰਮਲੁ ਸੀਤਲੁ ਸੁਧੁ ਪਰਾਣੀ॥ (੨੮-੧੩-੨)
ਬਹੁ ਰੰਗੀ ਇਕ ਰੰਗੁ ਹੈ ਸਭਨਾਂ ਅੰਦਰਿ ਇਕੋ ਜਾਣੀ॥ (੨੮-੧੩-੩)
ਤਤਾ ਹੋਵੈ ਧੁਪ ਵਿਚਿ ਛਾਵੈ ਠੰਢਾ ਵਿਰਤੀ ਹਾਣੀ॥ (੨੮-੧੩-੪)
ਤਪਦਾ ਪਰਉਪਕਾਰ ਨੋ ਠੰਢੇ ਪਰਉਪਕਾਰ ਵਿਹਾਣੀ॥ (੨੮-੧੩-੫)
ਅਗਨਿ ਬੁਝਾਏ ਤਪਤਿ ਵਿਚਿ ਠੰਢਾ ਹੋਵੈ ਬਿਲਮੁ ਨ ਆਣੀ॥ (੨੮-੧੩-੬)
ਗੁਰੁ ਸਿਖੀ ਦੀ ਏਹੁ ਨੀਸਾਣੀ ॥••॥ (੨੮-੧੩-੭)

ਭਾਈ ਗੁਰਦਾਸ ਜੀ ਲਿਖਦੇ ਹਨ, ਪਾਣੀ ਵਿੱਚ ਇਤਨੀ ਨਿਮ੍ਰਤਾ ਹੈ ਕਿ ਧਰਤੀ ਪੈਰਾਂ ਦੇ ਥੱਲੇ ਹੈ ਪਰ ਪਾਣੀ ਧਰਤੀ ਦੇ ਵੀ ਹੇਠਾਂ ਵਸਦਾ ਹੈ, ਪਾਣੀ ਦੇ ਇਸੇ ਨਿਮ੍ਰਤਾ ਦੇ ਗੁਣ ਕਾਰਨ ਪਾਣੀ ਹਮੇਸ਼ਾਂ ਨਿਵਾਣ ਵੱਲ ਵਗਦਾ ਹੈ। ਪਾਣੀ ਨਿਰਮਲੁ, ਸੀਤਲ, ਸ਼ੁਧ ਹੈ ਅਤੇ ਹਰ ਸ਼ੈ ਦੇ ਪ੍ਰਾਣਾਂ ਦਾ ਅਧਾਰ ਹੈ। ਪਾਣੀ ਨੂੰ ਜਿਸ ਰੰਗ ਵਿੱਚ ਮਿਲਾ ਦਿਓ, ਇਹ ਉਸੇ ਦੇ ਰੰਗ ਨੂੰ ਅਪਣਾ ਲੈਂਦਾ ਹੈ, ਇੰਝ ਇਹ ਸਭ ਨੂੰ ਬਰਾਬਰ ਸਨਮਾਨ ਦੇਂਦਾ ਹੈ। ਜੇ ਪਾਣੀ ਨੂੰ ਧੁੱਪ ਵਿੱਚ ਰੱਖ ਦਿਓ ਤਾਂ ਇਹ ਤੱਤਾ ਹੋਣ ਲਗ ਪੈਂਦਾ ਹੈ ਪਰ ਜਿਵੇਂ ਹੀ ਛਾਂ ਕਰ ਦਿਓ ਇਹ ਫੌਰਨ ਠੰਡਾ ਹੋਣਾ ਸ਼ੁਰੂ ਕਰ ਦੇਂਦਾ ਹੈ। ਜੇ ਕਿਤੇ ਪਾਣੀ ਥੱਲੇ ਅੱਗ ਬਾਲ ਦਿਓ ਜਾਂ ਇਸਨੂੰ ਵਧੇਰੇ ਤਪਸ਼ ਦਿਓ ਤਾਂ ਇਹ ਆਪਣਾ ਰੂਪ ਵੀ ਬਦਲ ਲੈਂਦਾ ਹੈ ਅਤੇ ਗੁਣ ਵੀ, ਭਾਵ ਇਹ ਭਾਫ ਦਾ ਰੂਪ ਧਾਰਨ ਕਰ ਲੈਂਦਾ ਹੈ ਅਤੇ ਨਿਵਾਣ ਦੀ ਬਜਾਏ ਉਪਰ ਨੂੰ ਜਾਣ ਲੱਗ ਪੈਂਦਾ ਹੈ। ਭਾਈ ਗੁਰਦਾਸ ਜੀ ਕਹਿੰਦੇ ਹਨ ਕਿ ਐਸੇ ਹਾਲਾਤ ਵਿੱਚ ਵੀ ਇਹ ਆਪਣਾ ਪਰਉਪਕਾਰ ਦਾ ਗੁਣ ਨਹੀਂ ਤਿਆਗਦਾ ਅਤੇ ਉਪਰ ਜਾ ਕੇ ਵੀ ਬੱਦਲਾਂ ਦਾ ਰੂਪ ਧਾਰਨ ਕਰਕੇ ਤਪਦੀ ਲੋਕਾਈ ਉਤੇ ਵਰਖਾ ਦੇ ਰੂਪ ਵਿੱਚ ਠੰਡ ਵਰਤਾਂਦਾ ਹੈ ਅਤੇ ਆਪ ਵੀ ਪੂਰੀ ਤਰ੍ਹਾਂ ਠੰਡਾ ਹੋਣ ਵਿੱਚ ਸਮਾਂ ਨਹੀਂ ਲਾਉਂਦਾ ਅਤੇ ਆਪਣੇ ਮੂਲ ਰੂਪ ਵਿੱਚ ਵਾਪਸ ਆ ਜਾਂਦਾ ਹੈ।

ਇਸ ਸਾਰੀ ਗੱਲ ਦਾ ਤੱਤਸਾਰ ਭਾਈ ਸਾਹਿਬ ਨੇ ਆਖਰੀ ਪੰਕਤੀ ਵਿੱਚ ਕੱਢਿਆ ਹੈ ਕਿ ਇਹ ਸਾਰੀਆਂ ਗੁਰਸਿੱਖ ਦੇ ਜੀਵਨ ਦੀਆਂ ਨਿਸ਼ਾਨੀਆਂ ਹਨ। ਗੁਰਬਾਣੀ ਰਾਹੀਂ ਸਿੱਖ ਨੇ ਜਲ ਦੇ ਇਨ੍ਹਾਂ ਅਨਮੋਲ ਗੁਣਾਂ ਦਾ ਆਪਣੇ ਜੀਵਨ ਵਿੱਚ ਸੰਚਾਰ ਕਰਨਾ ਹੈ ਅਤੇ ਖੰਡੇ ਬਾਟੇ ਦੀ ਪਾਹੁਲ ਛੱਕ ਕੇ ਇਨ੍ਹਾਂ ਉਤੇ ਪਹਿਰਾ ਦੇਣ ਦਾ ਪ੍ਰਣ ਕਰਨਾ ਹੈ।

ਪਤਾਸੇ

ਹਰ ਗੁਣ ਅਨਮੋਲ ਹੈ, ਪਰ ਦੋ ਗੁਣਾਂ ਨੂੰ ਸਤਿਗੁਰੂ ਨੇ ਵਿਸ਼ੇਸ਼ ਮਹਤੱਤਾ ਦਿੱਤੀ ਹੈ। ਇਤਨੀ ਮਹਤੱਤਾ ਕਿ ਇਨ੍ਹਾਂ ਨੂੰ ਸਾਰੇ ਗੁਣਾਂ ਦਾ ਤੱਤ ਦਸਿਆ ਹੈ। ਇਹ ਗੁਣ ਹਨ, ਮਿਠਤ ਅਤੇ ਨਿਮ੍ਰਤਾ। ਸਤਿਗੁਰੂ ਦੇ ਪਾਵਨ ਬਚਨ ਹਨ:

"ਮਿਠਤੁ ਨੀਵੀ ਨਾਨਕਾ ਗੁਣ ਚੰਗਿਆਈਆ ਤਤੁ ॥" {ਸਲੋਕੁ ਮਃ ੧, ਪੰਨਾ ੪੭੦}

ਹੇ ਨਾਨਕ ! ਮਿੱਠਾ ਬੋਲਣਾ ਅਤੇ ਨਿਮ੍ਰਤਾ ਵਿੱਚ ਰਹਿਣਾ ਸਾਰੇ ਗੁਣਾਂ ਦਾ ਸਾਰ ਹੈ, ਭਾਵ, ਸਭ ਤੋਂ ਚੰਗੇ ਗੁਣ ਹਨ ।

ਸਤਿਗੁਰੂ ਨੇ ਹੇਠਲੇ ਸ਼ਬਦ ਵਿੱਚ ਇਹ ਗੱਲ ਸਪੱਸ਼ਟ ਕਰ ਦਿੱਤੀ ਹੈ ਕਿ ਜੋ ਸਿੱਖ ਗੁਰੂ ਵੱਲ ਮੂੰਹ ਕਰ ਲੈਂਦੇ ਹਨ, ਭਾਵ ਆਪਣੇ ਜੀਵਨ ਵਿੱਚ ਗੁਰਮਤਿ ਧਾਰਨ ਕਰ ਲੈਂਦੇ ਹਨ, ਉਨ੍ਹਾਂ ਦਾ ਜੀਵਨ ਮਿੱਠਾ ਬੋਲਣ ਅਤੇ ਨਿਮ੍ਰਤਾ ਵਾਲੇ ਗੁਣਾਂ ਨਾਲ ਸ਼ਿੰਗਾਰਿਆ ਜਾਂਦਾ ਹੈ:

"ਗੁਰਮੁਖਿ ਸਦਾ ਸੋਹਾਗਣੀ ਪਿਰੁ ਰਾਖਿਆ ਉਰਧਾਰਿ ॥ ਮਿਠਾ ਬੋਲਹਿ ਨਿਵਿ ਚਲਹਿ ਸੇਜੈ ਰਵੈ ਭਤਾਰੁ ॥" {ਸਿਰੀ ਰਾਗੁ ਮਹਲਾ ੩, ਪੰਨਾ ੩੧}

ਸਦਾ ਗੁਰੂ ਦੇ ਸਨਮੁਖ ਰਹਿਣ ਵਾਲੇ ਮਨੁੱਖ ਸੁਹਾਗਣਾਂ (ਵਾਂਗ) ਹਨ, ਉਹ ਪ੍ਰਭੂ-ਪਤੀ ਨੂੰ ਆਪਣੇ ਹਿਰਦੇ ਵਿਚ ਵਸਾਈ ਰੱਖਦੇ ਹਨ, ਉਹ (ਸਭਨਾਂ ਨਾਲ) ਮਿੱਠੇ ਬੋਲ ਬੋਲਦੇ ਹਨ, ਨਿਊਂ ਕੇ ਤੁਰਦੇ ਹਨ (ਗਰੀਬੀ ਸੁਭਾਵ ਵਾਲੇ ਹੁੰਦੇ ਹਨ)।

ਪਾਹੁਲ ਤਿਆਰ ਕਰਨ ਵੇਲੇ ਜਲ ਵਿੱਚ ਪਾਏ ਪਤਾਸੇ ਕੁਝ ਪਲਾਂ ਵਿੱਚ ਹੀ ਆਪਣੀ ਹੋਂਦ ਮਿਟਾ ਕੇ, ਪਿੱਛੇ ਮਿਠਾਸ ਛੱਡ ਜਾਂਦੇ ਹਨ। ਇਹ ਸਿੱਖ ਦੇ ਜੀਵਨ ਵਿੱਚ ਮਿਠਾਸ ਅਤੇ ਨਿਮ੍ਰਤਾ ਦੇ ਗੁਣਾਂ ਦੇ ਪ੍ਰਤੀਕ ਹਨ।

ਪਰ ਜਿਵੇਂ ਉਪਰ ਬੇਨਤੀ ਕੀਤੀ ਸੀ, ਕਿ ਸਾਡੇ ਕੁਝ ਸਨਾਤਨੀ ਸੋਚ ਵਾਲੇ ਲੋਕਾਂ ਨੇ ਕੁਝ ਮੱਦਾਂ ਨੂੰ ਬ੍ਰਾਹਮਣੀ ਰੰਗਤ ਵਿੱਚ ਰੰਗ ਲਿਆ ਹੈ, ਇਸ ਤਰ੍ਹਾਂ ਹੀ ਪਤਾਸਿਆਂ ਬਾਰੇ ਵੀ ਕੁਝ ਸਮਾਂ ਪਹਿਲੇ ਇਕ ਪਖੰਡ ਕੀਤਾ ਗਿਆ। ਕੁਝ ਲੋਕਾਂ ਵਲੋਂ ਇਹ ਪ੍ਰਚਾਰਿਆ ਗਿਆ ਕਿ ਅੰਮ੍ਰਿਤ ਤਿਆਰ ਕਰਨ ਵਾਸਤੇ ਪਤਾਸਿਆਂ ਨੂੰ ਪਵਿੱਤਰ ਕਰਨ ਲਈ ਗੰਨੇ ਦੇ ਖੇਤਾਂ ਵਿੱਚ ਅਖੰਡ ਪਾਠ ਅਤੇ ਕੀਰਤਨ ਕਰਾਇਆ ਜਾਵੇਗਾ। ਅਤਿ ਦੁਖ ਅਤੇ ਹੈਰਾਨਗੀ ਦੀ ਗੱਲ ਹੈ ਕਿ ਇਸ ਪਖੰਡ ਨੂੰ ਕਰਨ ਵੇਲੇ, ਉਸ ਸਮੇਂ ਦੇ ਅਕਾਲ ਤਖਤ ਸਾਹਿਬ ਦੇ ਅਖੌਤੀ ਜਥੇਦਾਰ, ਜੋਗਿੰਦਰ ਸਿੰਘ ਵੇਦਾਂਤੀ ਵੀ ਇਸ ਵਿੱਚ ਸ਼ਾਮਲ ਸਨ। ਜਿਨ੍ਹਾਂ ਉਤੇ ਕੌਮ ਨੂੰ ਗੁੰਮਰਾਹ ਹੋਣ ਤੋਂ ਬਚਾਉਣ ਦੀ ਜ਼ਿਮੇਂਵਾਰੀ ਹੈ, ਉਹ ਆਪ ਭੋਲੇ ਭਾਲੇ ਸਿੱਖਾਂ ਨੂੰ ਗੁੰਮਰਾਹ ਕਰਨ ਦੇ ਪਾਪ-ਕਰਮ ਵਿੱਚ ਪਖੰਡੀਆਂ ਦਾ ਸਾਥ ਦੇ ਰਹੇ ਹਨ। ਸਤਿਗੁਰੂ ਤਾਂ ਸਮਝਾਉਂਦੇ ਹਨ:

"ਸੋ ਤਨੁ ਨਿਰਮਲੁ ਜਿਤੁ ਉਪਜੈ ਨ ਪਾਪੁ ॥ ਰਾਮ ਰੰਗਿ ਨਿਰਮਲ ਪਰਤਾਪੁ ॥"
{ਗਉੜੀ ਮਹਲਾ ੫, ਪੰਨਾ ੧੯੮}

(ਹੇ ਭਾਈ !) ਉਹ ਸਰੀਰ ਪਵਿਤ੍ਰ ਹੈ ਜਿਸ ਵਿਚ ਕੋਈ ਪਾਪ ਨਹੀਂ ਪੈਦਾ ਹੁੰਦਾ । ਪਰਮਾਤਮਾ ਦੇ ਪ੍ਰੇਮ-ਰੰਗ ਦੀ ਬਰਕਤਿ ਨਾਲ ਪਵਿਤ੍ਰ ਹੋਏ ਮਨੁੱਖ ਦਾ ਤੇਜ-ਪਰਤਾਪ (ਚਮਕਦਾ ਹੈ) ।2।

"ਸੋ ਕਿਛੁ ਕਰਿ ਜਿਤੁ ਮੈਲੁ ਨ ਲਾਗੈ ॥" {ਗਉੜੀ ਮਹਲਾ ੫, ਪੰਨਾ ੧੯੯}

(ਹੇ ਭਾਈ !) ਉਹ ਉੱਦਮ ਕਰ, ਜਿਸ ਦੇ ਕਰਨ ਨਾਲ ਤੇਰੇ ਮਨ ਨੂੰ ਵਿਕਾਰਾਂ ਦੀ ਮੈਲ ਨ ਲੱਗੇ।

ਉਮਰ ਭਰ ਗੁਰਬਾਣੀ ਸੁਣਨ ਨਾਲ ਵੀ ਜਿਨ੍ਹਾਂ ਵਿਅਕਤੀਆਂ ਦੇ ਹਿਰਦੇ ਨਿਰਮਲ ਨਹੀਂ

ਹੋ ਸਕੇ, ਅੱਜ ਵੀ ਪਾਪ ਨਾਲ ਭਰੇ ਹੋਏ ਹਨ, ਕਿਉਂਕਿ ਸਤਿਗੁਰੂ ਦਾ ਉਪਦੇਸ਼ ਕਮਾਏ ਬਗੈਰ ਹਿਰਦਾ ਪਵਿੱਤ੍ਰ ਨਹੀਂ ਹੋ ਸਕਦਾ, ਉਹ ਗੰਨਿਆਂ ਨੂੰ ਗੁਰਬਾਣੀ ਸੁਣਾ ਕੇ ਪਵਿੱਤਰ ਕਰ ਰਹੇ ਹਨ। ਸੂਝਵਾਨ ਸੰਗਤ ਆਪ ਹੀ ਵਿਚਾਰ ਲਵੇ ਕਿ ਕੀ ਗੰਨਿਆਂ ਨੂੰ ਗੁਰਬਾਣੀ ਸੁਨਾਉਣ ਨਾਲ ਉਹ ਜੜ੍ਹ ਪਵਿੱਤਰ ਹੋ ਜਾਣਗੇ? ਉਸ ਤੋਂ ਵੀ ਵਧੇਰੇ ਵਿਚਾਰਨ ਵਾਲੀ ਗੱਲ ਇਹ ਹੈ ਕਿ ਉਹ ਗੰਨੇ ਅਪਿਵੱਤਰ ਹੀ ਕਦੋਂ ਹੋਏ ਸਨ? ਉਨ੍ਹਾਂ ਕਿਹੜੇ ਪਾਪ ਕਰਮ ਕੀਤੇ ਹਨ, ਜਿਸ ਕਰਕੇ ਉਹ ਅਪਵਿੱਤਰ ਹੋ ਗਏ ਹਨ ਕਿ ਉਨ੍ਹਾਂ ਨੂੰ ਪਵਿੱਤਰ ਕੀਤਾ ਜਾਵੇ? ਸਤਿਗੁਰੂ ਦਾ ਪਾਵਨ ਫੁਰਮਾਨ ਹੈ:

"ਖਾਣਾ ਪੀਣਾ ਪਵਿਤ੍ਰੁ ਹੈ ਦਿਤੋਨੁ ਰਿਜਕੁ ਸੰਬਾਹਿ ॥" {ਮਃ ੧, ਪੰਨਾ ੪੭੨}

(ਪਦਾਰਥਾਂ ਦਾ) ਖਾਣਾ ਪੀਣਾ ਭੀ ਪਵਿੱਤਰ ਹੈ, ਪ੍ਰਭੂ ਨੇ ਆਪ ਇਕੱਠਾ ਕਰ ਕੇ ਰਿਜ਼ਕ ਜੀਵਾਂ ਨੂੰ ਦਿੱਤਾ ਹੈ ।

ਪਾਹੁਲ ਛਕਣ ਵਾਲੇ ਪ੍ਰਾਣੀ ਨੇ ਇਨ੍ਹਾਂ ਵਹਿਮਾਂ ਭਰਮਾਂ ਨੂੰ ਤਿਆਗ ਕੇ ਜਲ ਅਤੇ ਪਤਾਸਿਆਂ ਦੇ ਨਿਰਮਲ ਗੁਣ ਜੀਵਨ ਵਿੱਚ ਧਾਰਨ ਕਰਨੇ ਹਨ।

(ਬੀਰ ਆਸਨ ਦੀ ਵਿਚਾਰ ਹੇਠਾਂ (ਝ) ਮੱਦ ਦੀ ਵਿਚਾਰ ਦੇ ਨਾਲ ਕੀਤੀ ਜਾਵੇਗੀ)

ਸਿੱਖ ਰਹਿਤ ਮਰਯਾਦਾ ਵਿੱਚ ਪੰਥਕ ਰਹਿਣੀ ਦੇ ਭਾਗ ਅੰਮ੍ਰਿਤ ਸੰਸਕਾਰ ਦੇ (ਙ) ਮਦ ਵਿੱਚ ਲਿਖਿਆ ਹੈ:

'ਤੇ ਇਨ੍ਹਾਂ ਬਾਣੀਆਂ ਦਾ ਪਾਠ ਕਰਨ:- ਜਪੁ, ਜਾਪੁ, 10 ਸਵੱਯੇ(ਸ੍ਰਾਵਗ ਸੁਧ ਵਾਲੇ), ਬੇਨਤੀ ਚੌਪਈ(ਹਮਰੀ ਕਰੋ ਹਾਥ ਦੈ ਰੱਛਾ ਤੋਂ ਲੈ ਕੇ ਦੁਸ਼ਟ ਦੋਖ ਤੇ ਲੇਹੁ ਬਚਾਈ ਤਕ), ਅਨੰਦ ਸਾਹਿਬ।

ਪਾਹੁਲ ਤਿਆਰ ਕਰਨ ਸਮੇਂ ਪੜ੍ਹੀਆਂ ਜਾਣ ਵਾਲੀਆਂ ਬਾਣੀਆਂ?

ਇਥੇ ਹੁਣ ਇਸ ਗੱਲ ਨੂੰ ਵਿਚਾਰ ਲੈਣਾ ਵੀ ਜ਼ਰੂਰੀ ਹੈ ਕਿ ਉਸ ਵੇਲੇ ਸਤਿਗੁਰੂ ਨੇ ਕਿਹੜੀਆਂ ਬਾਣੀਆਂ ਪੜ੍ਹੀਆਂ ਸਨ। ਇਸ ਦੇ ਵਾਸਤੇ ਸਾਨੂੰ ਪੁਰਾਤਨ ਲਿਖਤੀ ਸੋਮਿਆਂ ਨੂੰ ਹੀ ਘੋਖਣਾ ਪਵੇਗਾ। ਸਾਡੇ ਕੋਲ ਦੋ ਪ੍ਰਮੁਖ ਸੋਮੇਂ ਹਨ, ਰਹਿਤ ਨਾਮੇ ਅਤੇ ਇਤਹਾਸਕ ਪੁਸਤਕਾਂ। ਰਹਿਤਨਾਮਾ ਭਾਈ ਦਇਆ ਸਿੰਘ ਵਿੱਚ ਲਿਖਿਆ ਹੈ:

1. ਉੱਤਮ ਲੋਹ ਪਾਤ ਮੇਂ ਸ਼੍ਰੀ ਅੰਮ੍ਰਿਤਸਰ ਦਾ ਅੰਮ੍ਰਿਤ ਪਾਵੇ, ਪ੍ਰਥਮ ਸੰਪੂਰਨ ਜਪੁਜੀ ਆਦਿ ਅੰਤ ਕਾ ਪਾਠ ਕਰੇ, ਚੌਪਈ(ਕਿਹੜੀ? ਕੋਈ ਸੰਕੇਤ ਨਹੀਂ), ਪੰਜ ਪੰਜ ਸਵੈਯੇ ਭਿੰਨ ਭਿੰਨ ਸ੍ਰਾਵਗ 2 ਦੀਨਨ ਕੀ 3 ਪਾਪ ਸਮੂਹ ਬਿਨਾਸਨ 4 ਸਤਿ ਸਦੇਵ ਸਦਾ ਬ੍ਰਤ, ਪੰਜ ਪਉੜੀਆਂ ਅਨੰਦ ਕੀ, ਕਰਦ ਅੰਮ੍ਰਿਤ ਬੀਚ ਫੇਰੇ, ਅਪਨੀ ਓਰ ਕੋ ! ਪੁਨਹ ਏਕ ਸਿੰਘ ਕਰਦ ਉਸ ਕੀ ਪਾਸ ਮੇਂ ਧਰ ਦੇ....।

(ਨੋਟ- ਏਥੇ ਅਨੰਦ ਸਾਹਿਬ ਦੀਆਂ ਪੰਜ ਪਉੜੀਆਂ ਪੜ੍ਹਨ ਲਈ ਕਿਹਾ ਹੈ ਅਤੇ ਜਾਪੁ ਦਾ ਕੋਈ ਜ਼ਿਕਰ ਨਹੀਂ। ਅੰਮ੍ਰਿਤ ਕਰਦ ਨਾਲ ਤਿਆਰ ਕੀਤੇ ਜਾਣ ਦਾ ਜ਼ਿਕਰ ਹੈ।)

2. ਭਾਈ ਚੌਪਾ ਸਿੰਘ(ਗੁਰੂ ਗੋਬਿੰਦ ਸਿੰਘ ਪਾਤਿਸ਼ਾਹ ਦਾ ਹਜ਼ੂਰੀ ਸਿੱਖ)- ਏਕ ਸਾਹਿਬ ਪੂਰਨ ਪੁਰਖ ਜੀ ਪੰਥ ਲੱਗੇ ਨਿਖੇੜਨ, ਸੰਮਤ 1756 ਸਾਵਨ ਦਿਨ ਸੱਤਵੇਂ ਕੇਸਾ ਦੀ ਪਾਹੁਲ ਦਾ ਉਦਮ ਕੀਤਾ ਬਚਨ ਹੋਇਆ ਕਟੋਰੇ ਵਿਚ ਜਲ ਲੈ ਆਉ, ਸੋ ਲਾਇਆ ਤਾਂ ਹੁਕਮ ਹੋਇਆ, ਹਥਿ ਖੰਡਾ ਪਕੜ ਕੇ ਵਿੱਚ ਫੇਰਉ ਅਤੇ ਪੰਜ ਪੰਜ ਸਵੱਯੇ ਪੜ੍ਹਨ ਲੱਗੇ(ਕਿਹੜੇ? ਕੋਈ ਜ਼ਿਕਰ ਨਹੀਂ) ਦਇਆ ਸਿੰਘ, ਸਾਹਿਬ ਸਿੰਘ, ਹਿੰਮਤ ਸਿੰਘ, ਧਰਮ ਸਿੰਘ, ਮੁਹਕਮ ਸਿੰਘ, ਇਹ ਪੰਜ ਸਿੰਘ ਲੱਗੇ ਪੜ੍ਹਨ ਤਾਂ ਸਾਹਿਬ ਚੰਦ ਦਿਵਾਨ ਬੇਨਤੀ ਕੀਤੀ ਜੀ ਸੱਚੇਪਾਤਸ਼ਾਹ ਜੇ ਵਿੱਚ ਪਤਾਸ਼ੇ ਪਾਉਣ ਤਾਂ ਅੱਛਾ ਹੋਵੇ, ਤਾਂ ਪਤਾਸ਼ੇ ਪਾਏ ਗਏ। ਤਾਂ ਸਾਹਿਬ ਪੂਰਨ ਪੁਰਸ਼ ਜੀ ਵਿਚਹੁ ਪੰਜ ਚੂਲੈ ਲੈ ਅੰਮ੍ਰਿਤ ਪੰਜ ਨੇਤਰੀ, ਫਿਰ ਪੰਜ ਚੂਲੈ ਸੀਸ ਪਾਏ, ਰਸਨਾ ਚੰਡੀ ਚਰਿਤ੍ਰ ਦਾ ਸਵਯਾ ਪੜ੍ਹਿਆ ! ਦੇਹ ਸ਼ਿਵਾ ਬਰ ਮੁਹਿ ਇਹੈ ਸ਼ੁਭ ਕਰਮਨ ਤੇ ਕਬਹੂੰ ਨ ਟਰੋ।....

ਫਿਰ ਸਾਹਿਬ ਨੇ ਆਪਣੇ ਹੱਥੀਂ ਪੰਜਾਂ ਨੂੰ ਅੰਮ੍ਰਿਤ ਛਕਾਇਆ। ਦੂਜੇ ਦਿਨ ਹੋਰ ਸਿੱਖ ਹੱਥ ਜੋੜ ਖੜੇ ਹੋਏ। ਬਚਨ ਹੋਇਆ ਜੋ ਕੜਾਹ ਪ੍ਰਸ਼ਾਦਿ ਕਰਕੇ, ਪੰਜਾਂ ਸਿੰਘਾਂ ਪਾਸੋਂ ਸਵੈਯੇ ਪੜ੍ਹ ਕਰ ਛਕ ਲੈਣਾ।

(ਇਸ ਦੇ ਵਿੱਚ ਗੁਰੂ ਗ੍ਰੰਥ ਸਾਹਿਬ ਵਿੱਚੋਂ ਕੋਈ ਵੀ ਬਾਣੀ ਪੜੇ ਜਾਣ ਦਾ ਕੋਈ ਜ਼ਿਕਰ ਨਹੀਂ।)

3. ਭਾਈ ਕੇਸਰ ਸਿੰਘ ਛਿਬਰ, ਬੰਸਾਵਲੀ ਨਾਮਾ ਪਾਤਸ਼ਾਹੀਆਂ ਦਸਾਂ ਕਾ(ਸੰਮਤ 1826) ਵਿੱਚ ਲਿਖਦੇ ਹਨ:

ਬਚਨ ਹੋਇਆ- ਕਟੋਰਾ ਜਲ ਕਾ ਸੁਚੇਤ ਲੈ ਆਉ। ਲੈ ਆਇਆ, ਦਿੱਤੀ ਕਰਦ, ਕਹਿਆ ਹਿਲਾਉ।

ਜਪੁ ਅਤੇ ਅਨੰਦੇ ਰਸਨੀ ਕਰਿ ਉਚਾਰੁ।ਤਾਂ ਦਿਵਾਨ ਸਾਹਬ ਚੰਦ ਹਥ ਜੋੜਿ ਖਲੋਤਾ ਵਿਚ ਦਰਬਾਰ।317। ਕਹਿਆ, ਗਰੀਬਨਿਵਾਜ਼ ! ਵਿਚ ਮਿਠਾ ਪਵੇ ਤਾਂ ਬਣੇ ਸੁਆਦ।... (ਦਸਵਾਂ ਚਰਨ)

(ਇਥੇ ਛਿੱਬਰ ਨੇ ਜਿਥੇ ਕੇਵਲ ਜਪੁ ਅਤੇ ਅਨੰਦੁ ਕੇਵਲ ਦੋ ਬਾਣੀਆਂ ਪੜ੍ਹਨ ਦੀ ਗੱਲ ਕੀਤੀ ਹੈ, ਨਾਲ ਖੰਡੇ ਦੀ ਜਗਹ ਕਰਦ ਦੀ ਵਰਤੋਂ ਕੀਤੀ ਦਸੀ ਹੈ।)

(ਸਿੱਖ ਸੰਸਕਾਰ ਅਤੇ ਮਰਯਾਦਾ, ਚੀਫ ਖਾਲਸਾ ਦੀਵਾਨ ਪੰਨਾ 63)

4. ਗੁਰਬਿਲਾਸ ਪਾਤਸ਼ਾਹੀ ਦਸਵੀਂ(ਕ੍ਰਿਤ ਭਾਈ ਕੁਇਰ ਸਿੰਘ, ਪੰਨਾ 128):

ਸਰਿਤਾ ਜਲ ਲੀਨ ਅਛੂਤ ਮੰਗਾਇ ਕੈ,
ਪਾਤ੍ਰ ਲੋਹ ਮੈਂ ਤਾਂ ਪ੍ਰਭ ਬੇਰੇ॥
ਪੜ੍ਹਤੇ ਸੁ ਉਦਾਸ ਹੈ ਮੰਤ੍ਰਨ ਕੋ,
ਪ੍ਰਭ ਠਾਡੇ ਹੈ ਆਪ ਭਏ ਸੋ ਸਵੇਰੇ।

(ਇਸ ਰਚਨਾ ਦਾ ਸਮਾਂ ਸੰਮਤ 1808 ਮੁਤਾਬਿਕ 1751 ਈਸਵੀ ਮੰਨਿਆਂ ਜਾਂਦਾ ਹੈ ਜੋ ਗੁਰੂ ਗੋਬਿੰਦ ਸਿੰਘ ਪਾਤਿਸ਼ਾਹ ਦੇ ਅਕਾਲ ਪਾਇਆਣੇ ਤੋਂ 43 ਸਾਲ ਬਾਅਦ ਦਾ ਬਣਦਾ ਹੈ। ਇਸ ਅਨੁਸਾਰ ਕੇਵਲ ਮੂਲ ਮੰਤ੍ਰ ਪੜ੍ਹਿਆ ਗਿਆ।)

5. ਭਾਈ ਰਤਨ ਸਿੰਘ ਭੰਗੂ ਦੇ ਪ੍ਰਾਚੀਨ ਪੰਥ ਪ੍ਰਕਾਸ਼(ਸੰਪਾਦਕ ਡਾ. ਜੀਤ ਸਿੰਘ ਸੀਤਲ, ਪ੍ਰਕਾਸ਼ਕ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ) ਦੇ ਪੰਨਾ 75 ਤੇ, ਪ੍ਰਸੰਗ- 'ਕੇਸਗੜ੍ਹ ਸ੍ਰੀ ਖਾਲਸੇ ਕੋ ਪੰਥ ਕੀ ਉਤਪਤੀ ਕੀ ਸਾਖੀ' ਦੇ ਸਤਵੇਂ ਬੰਦ ਵਿੱਚ ਇੰਝ ਲਿਖਿਆ ਹੈ:

ਦੋਹਰਾ- ਸ੍ਰੀ ਸਤਿਗੁਰ ਸਤਿਨਾਮ ਰਹਿਓ ਕਰਤਾ ਪੁਰਖ ਉਚਾਰ।
ਅਕਾਲ ਅਕਾਲਹ ਜਾਪ ਕਰ ਤੋਰੀ ਕ੍ਰਿਪਤ ਨਿਜ ਧਾਰ॥7॥
ਚੌਪਈ-ਪ੍ਰਿਥਮ ਭਗੌਤੀ ਵਾਰ ਜੁ ਪੌੜੀ, ਪੜ੍ਹ ਪ੍ਰਿਥਮੈ ਆਪ ਸਤਿਗੁਰ ਜੋੜੀ।
ਨੌਂ ਪਤਸ਼ਾਹੀਅਨ ਲਯੋ ਧਿਆਇ, ਅਬ ਦਸਮਨ ਪਰ ਹੋਈਂ ਸਹਾਇ ॥8॥
ਬਹੁੜ ਸਵੱਯੇ ਬੱਤੀ ਉਚਾਰੇ, ਸ੍ਰੀ ਸਤਿਗੁਰ ਸ੍ਰੀ ਮੁਖੋਂ ਸਵਾਰੇ।
ਤੇਜ ਤੇਜ ਜੋ ਚੰਡੀ ਬਾਣੀ, ਸੋਊ ਪਾਹੁਲ ਏ ਮੱਧ ਠਾਣੀ॥9॥
ਤ੍ਰਿਭੰਗੀ ਛੰਦ-
ਖਗ ਖੰਡ ਬਿਹੰਡੰ ਖਲ ਦਲ ਖੰਡੰ.......।

(ਇਸ ਮੁਤਾਬਕ, ਭਗਉਤੀ ਕੀ ਵਾਰ, ਪਹਿਲੀ ਪਉੜੀ, 33 ਸਵੈਯੇ, ਤ੍ਰਿਭੰਗੀ ਛੰਦ ਖਗ ਖੰਡ ਪੜ੍ਹੇ ਗਏ,ਇਥੇ ਜੋ ਬਾਣੀਆਂ ਪੜ੍ਹੀਆਂ ਦਸੀਆਂ ਗਈਆਂ ਹਨ ਉਨ੍ਹਾਂ ਦਾ ਅੱਜ ਪੜ੍ਹੀਆਂ ਜਾਂਦੀਆਂ ਬਾਣੀਆਂ ਨਾਲ ਕੋਈ ਮੇਲ ਨਹੀਂ ਨਾਲੇ ਗਿਣਤੀ ਵਿੱਚ ਤਿੰਨ ਹਨ।)

6. ਖੁਸ਼ਵੰਤ ਰਾਏ ਦੀ ਰਚਨਾ 'ਤਾਰੀਖ ਸਿੱਖਾਂ' ਜੋ ਸੰਨ 1754 (ਸੰਮਤ 1811) ਦੀ ਮੰਨੀ ਜਾਂਦੀ ਹੈ ਅਨੁਸਾਰ ਅੰਮ੍ਰਿਤ ਦੀ ਤਿਆਰੀ ਵੇਲੇ ਕੇਵਲ ਪੰਜ ਸਵੈਯੇ ਪੜ੍ਹੇ ਜਾਣ ਦਾ ਜ਼ਿਕਰ ਹੈ।

7. ਤਵਾਰੀਖ ਗੁਰੂ ਖਾਲਸਾ ਕ੍ਰਿਤ ਗਿਆਨੀ ਗਿਆਨ ਸਿੰਘ ਦੇ ਦਸਵੇਂ ਭਾਗ ਦੇ ਪੰਨਾ 133 ਤੇ ਲਿਖਿਆ ਹੈ:

ਗੁਰੂ ਜੀ ਨੇ ਸਰਬਲੋਹ ਦੇ ਬਾਟੇ ਵਿੱਚ ਸਤਲੁਜ ਦਾ ਜਲ ਪਾ ਕੇ ਉਨ੍ਹਾਂ ਪੰਜਾਂ ਪਿਆਰਿਆਂ ਨੂੰ ਕੱਛ, ਕ੍ਰਿਪਾਨਾਦਿਕ ਤੇ ਸੁਫੈਦ ਪੁਸ਼ਾਕੇ ਧਾਰਨ ਕਰਾ, ਆਪਣੇ ਸਨਮੁਖ ਖੜੇ ਕਰ, ਹੁਕਮ ਦਿੱਤਾ ਕਿ ਸ੍ਰੀ ਵਾਹਿਗੁਰੂ ਦਾ ਜਾਪ ਤੇ ਅਕਾਲ ਪੁਰਖ ਦਾ ਧਿਆਨ ਕਰਦੇ ਰਹੋ ਤੇ ਆਪ ਓਸ ਬਾਟੇ ਵਿੱਚ ਸਿੱਧੀ ਧਾਰ ਖੰਡਾ ਫੇਰਦੇ ਅੰਮ੍ਰਿਤ ਤਿਆਰ ਕਰਨ ਲੱਗੇ। ਜਪੁਜੀ ਸਾਹਿਬ ਦਾ ਪਾਠ ਅਜੇ ਸਮਾਪਤ ਨਹੀਂ ਹੋਇਆ ਸੀ ਜੋ ਮਾਤਾ ਜੀਤੋ ਜੀ ਗੁਰੂ ਦੀ ਜੇਸ਼ਟਾ ਪਤਨੀ(ਮਾਈ ਰਾਮ ਕੌਰ ਜੀ ਦੀ ਪ੍ਰੇਰੀ ਹੋਈ) ਪਤਾਸੇ ਲੈਕੇ ਆ ਪਹੁੰਚੀ ਤੇ ਓਸੇ ਬਾਟੇ ਵਿੱਚ ਪਤਾਸੇ ਪਾਕੇ ਗੁਰੂ ਜੀ ਦੇ ਖੱਬੇ ਪਾਸੇ ਬੈਠ ਗਈ। ਗੁਰੂ ਜੀ ਨੇ ਅਨੰਦ ਸਾਹਿਬ ਦਾ ਪਾਠ ਤੇ ਅਰਦਾਸ ਕਰ ਕੇ......।

(ਇਸ ਅਨੁਸਾਰ ਕੇਵਲ ਜਪੁ ਅਤੇ ਅਨੰਦੁ ਬਾਣੀਆਂ ਦਾ ਪਾਠ ਕੀਤਾ ਅਤੇ ਪਤਾਸੇ ਮਾਤਾ ਜੀਤੋ ਜੀ ਨੇ ਪਾਏ।)

8. ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ(ਸੂਰਜ ਪ੍ਰਕਾਸ਼)ਦੀ ਰੁਤਿ ਤੀਸਰੀ ਵਿੱਚ ਭਾਈ ਸੰਤੋਖ ਸਿੰਘ ਜੀ ਇੰਝ ਲਿਖਦੇ ਹਨ:

ਬਸਤ੍ਰ ਨਵੀਨ ਸ਼ਸਤ੍ਰ ਪਹਿਰਾਏ। ਜਟਤਿ ਜਵਾਹਰ ਜਿਨ ਸਮੁਦਾਏ।
ਰੁਚਿਰ ਬਿਭੂਖਨ ਅੰਗ ਸਜਾਏ। ਆਪਨੇ ਰੂਪ ਸਮਾਨ ਬਨਾਏ॥੧੪॥
'ਕਹਹੁ ਵਹਿਗੁਰੂ' ਦੀਯ ਉਪਦੇਸ਼ਾ। ਹਾਥ ਜੋਰਿ ਥਿਰ ਸਿੱਖ ਵਿਸ਼ੇਸ਼ਾ।
ਜਪੁਜੀ ਪਾਠ ਪ੍ਰਥਮ ਕਰਿ ਲੀਨਾ। ਬਹੁਰ ਸਵੈਯੇ ਪਢਿਬੋ ਕੀਨਾ॥੧੫॥
ਪੌੜੀ ਪੰਚ ਅਨੰਦ ਪਢਯੋ ਹੈ। ਅੰਮ੍ਰਿਤ ਮੈਂ ਬਹੁ ਤੇਜ ਬਢਯੋ ਹੈ।
ਤਿਸ ਛਿਨ ਚਟਕ ਆਇਗੇ ਦੋਊ। ਸ਼੍ਰੀ ਗੁਰ ਦ੍ਰਿਸ਼ਟਿ ਪਰਿਤ ਭੇ ਸੋਊ॥੧੬॥

(ਇਸ ਅਨੁਸਾਰ, ਜਪੁਜੀ, ਸਵੈਯੇ, ਅਨੰਦ ਸਹਿਬ ਦੀਆਂ ਪੰਜ ਪਉੜੀਆਂ ਪੜ੍ਹੀਆਂ। ਇਥੇ ਅਨੰਦ ਸਹਿਬ ਦੀਆਂ ਪੰਜ ਪਉੜੀਆਂ ਦਾ ਜ਼ਿਕਰ ਹੈ ਅਤੇ ਜਾਪੁ, ਚੌਪਈ ਦਾ ਨਾਂ ਤੱਕ ਨਹੀਂ।)

9. ਸਾਬਕਾ ਜਥੇਦਾਰ ਗਿਆਨੀ ਕ੍ਰਿਪਾਲ ਸਿੰਘ ਨੇ ਗਿਆਨੀ ਗਿਆਨ ਸਿੰਘ ਕ੍ਰਿਤ ਪੰਥਪ੍ਰਕਾਸ਼ ਦੀ ਸੰਪਾਦਨਾ ਕਰਦਿਆਂ ਇਸ ਦੇ ਪੰਨਾ 1573 ਤੇ ਜਪੁਜੀ ਪੰਜ ਪਉੜੀਆਂ, ਜਾਪ ਦੀ ਪੰਜ ਪਉੜੀਆਂ, ਦਸ ਸੁਧ, ਅਨੰਦ ਸਾਹਿਬ, ਚੌਪਈ ਪੜ੍ਹੇ ਜਾਣ ਦਾ ਜ਼ਿਕਰ ਕੀਤਾ ਹੈ।

10. ਭਾਈ ਵੀਰ ਸਿੰਘ, ਸ੍ਰੀ ਕਲਗੀਧਰ ਚਮਤਕਾਰ ਦੇ ਪੰਨਾ 227-28 ਤੇ ਲਿਖਦੇ ਹਨ: 1100 ਦਾ ਕੜਾਹ ਪ੍ਰਸ਼ਾਦਿ ਸੱਜ ਰਿਹਾ ਹੈ ਲੱਠੇ ਦੀਆਂ ਚਾਦਰਾਂ ਉੱਤੇ ਸਿੰਘਾਸਨ ਤੇ ਬਿਰਾਜ ਰਹੇ ਹਨ ਗੁਰੂ ਗੋਬਿੰਦ ਸਿੰਘ ਜੀ, ਚਿੱਟੇ ਬਸਤਰਾਂ ਵਿਚ ਅੱਗੇ ਪਿਆ ਹੈ ਲੋਹੇ ਦਾ ਬਾਟਾ, ਵਿਚ ਪਿਆ ਹੈ ਜਲ, ਜਿਸ ਵਿੱਚ ਰਖਿਆ ਹੈ ਦੋ ਧਾਰਾ ਖੰਡਾ। ਸਾਹਮਣੇ ਖੜ੍ਹੇ ਹਨ ਕੱਲ ਵਾਲੇ ਸੀਸ ਭੇਟ ਕਰਨ ਵਾਲੇ ਜੀਵਨ ਮੁਕਤ, ਸਫੈਦ ਬਸਤ੍ਰ ਧਾਰੇ ਹੋਏ, ਤੇੜ ਕਛਿਹਰਾ, ਗਲ ਅੰਗਾ, ਸੀਸ ਸਿਧੀ ਚਿੱਟੀ ਦਸਤਾਰ ਕਮਰਕਸਾ ਸਜਿਆ, ਗਾਤ੍ਰੇ ਲਗੀ ਹੈ ਸ੍ਰੀ ਸਾਹਿਬ ਤੇ ਹੱਥ ਜੋੜੇ ਖੜੇ ਹਨ। .... ਇੰਨੇ ਨੂੰ ਸਾਹਿਬਾਂ ਨੇ ਅਵਾਜ਼ ਦਿੱਤੀ ਨਿੱਤਰ ਹੋਏ ਅਤੇ ਤਲਵਾਰ ਨਾਲ ਨਿਤਾਰੇ ਹੋਏ ਪੰਜਾਂ ਨੂੰ ਕਿ ਭਾਈ ਵਾਹਿਗੁਰੂ ਗੁਰ ਮੰਤਰ ਹੈ ਗੁਰੂ ਬਾਬੇ ਦਾ, ਇੱਕ ਚਿਤ ਹੋ ਕੇ ਜਪੋ "ਵਾਹਿਗੁਰੂ"। ਪੰਜੇ ਤਾਂ ਇਹ ਕਾਰੇ ਲੱਗ ਪਏ ਆਪ ਸਾਹਿਬਾਂ ਦਾ ਬਲੀ ਤੇ ਦਾਤਾ ਹੱਥ ਗਿਆ ਖੰਡੇ ਉਤੇ ਜੋ ਫਿਰਨ ਲੱਗ ਪਿਆ ਜਲ ਵਿੱਚ ਤੇ ਆਪ ਕਰਨ ਲੱਗ ਪਏ ਪਾਠ ਬਾਣੀਆਂ ਦਾ,..... ਆ ਗਏ ਸ੍ਰੀ ਪਰਮ ਪਵਿਤ੍ਰ ਯੋਗੀ ਰਾਜ ਮਾਤਾ ਜੀਤੋ ਜੀ .... ਦੇਵੀ ਐਨ ਸਿੰਘਾਸਨ ਦੇ ਪਾਸ ਆਈ, ਹਸਮੁਖ ਚਿਹਰੇ ਤੇ ਖੜੇ ਮੱਥੇ ਨੇ ਮੁਸਕੁਰਾਂਦੇ ਬੁਲ੍ਹ ਖੋਹਲੇ ਤੇ ਕਿਹਾ: 'ਮੇਰਾ ਹਿੱਸਾ ਬੀ'........

ਬਾਣੀਆਂ ਪੜ੍ਹ ਕੇ ਆਪ ਖੜੇ ਹੋ ਗਏ। ਕੱਲ ਦੇ ਤਲਵਾਰ ਦੀ ਧਾਰ ਅੱਗੇ ਮਾਰਨ ਲਈ ਨਿਵੇਂ ਆਪਾ ਵਾਰੂਆਂ ਦੇ ਸਨਮੁੱਖ ਖੜੋਕੇ ਇਕ ਤੋਂ ਮੂਲ ਮੰਤਰ ਦਾ ਪਾਠ ਕਰਾਇਆ ਪੰਜ ਵੇਰ। ਤੇ ਫੇਰ ਪੰਜ ਚੂਲੇ ਛਕਾਏ. ਨੈਣੀ ਛੱਟੇ ਮਾਰੇ ਪੰਜ ਹੀ ਚੂਲੇ ਕੇਸਾਂ ਵਿੱਚ ਪਾਏ। ਐਉਂ ਪੰਜਾਂ ਨੂੰ ਅੰਮ੍ਰਿਤ ਛਕਾਇਆ।

(ਭਾਈ ਵੀਰ ਸਿੰਘ ਜੀ ਦੀ ਇਹ ਲਿਖਤ ਭਾਵੇਂ ਭਾਵਨਾ ਭਰਪੂਰ ਤਾਂ ਬਹੁਤ ਹੈ, ਪਰ ਇਤਿਹਾਸਕ ਪੱਖੋਂ ਬਹੁਤ ਕਮਜ਼ੋਰ ਜਾਪਦੀ ਹੈ। ਭਲਾ ਕੋਈ ਪੁੱਛੇ, ਸਤਿਗੁਰੂ ਨੇ ਜੋ ਦੇਗ ਤਿਆਰ ਕਰਾਈ, ਉਹ ਪੈਸਿਆਂ(1100 ਰੁਪਏ) ਦੇ ਹਿਸਾਬ ਨਾਲ ਤਿਆਰ ਕਰਾਈ ਹੋਵੇਗੀ, ਫਿਰ ਮਾਤਾ ਜੀ ਨੂੰ ਦੇਵੀ ਨਾਲ ਤੁਲਨਾ ਦੇਣੀ, ਭਾਵੁਕ ਤੌਰ ਤੇ ਬੜੀ ਚੰਗੀ ਲਗਦੀ

ਹੈ, ਪਰ ਸਿੱਖ ਸਿਧਾਂਤਾਂ ਅਨੁਸਾਰ ਨਹੀਂ ਸੋਭਦੀ।) ਇਥੇ ਭਾਈ ਵੀਰ ਸਿੰਘ ਨੇ ਪਾਹੁਲ ਛਕਾਉਣ ਦਾ ਸੰਸਕਾਰ, ਪੰਜਾਂ ਪਿਆਰਿਆਂ ਦੇ ਸੀਸ ਭੇਟ ਕਰਨ ਤੋਂ ਅਗਲੇ ਦਿਨ ਦਾ ਦਸਿਆ ਹੈ। ਇਹ ਤਾਂ ਭਾਵੇਂ ਕਹਿ ਦਿੱਤਾ ਹੈ, 'ਆਪ ਕਰਨ ਲਗ ਪਏ ਪਾਠ ਬਾਣੀਆਂ ਦਾ' ਪਰ ਕਿਹੜੀਆਂ ਬਾਣੀਆਂ, ਇਸ ਦਾ ਕੋਈ ਜ਼ਿਕਰ ਨਹੀਂ ਕੀਤਾ।)

11. ਕਵੀ ਸੈਨਾਪਤਿ, ਜੋ ਗੁਰੂ ਗੋਬਿੰਦ ਸਿੰਘ ਸਾਹਿਬ ਦੇ ਹਜ਼ੂਰੀ ਕਵੀ ਸਮਝੇ ਜਾਂਦੇ ਹਨ, ਨੇ ਆਪਣੀ ਪੁਸਤਕ 'ਗੁਰ ਸੋਭਾ' ਵਿੱਚ ਸਤਿਗੁਰੂ ਵਲੋਂ ਭੱਦਣ ਕਰਨ, ਹੁੱਕਾ ਪੀਣ ਅਤੇ ਮੀਣਿਆਂ ਮਸੰਦਾਂ ਆਦਿ ਨਾਲ ਵਰਤਣ ਦੀ ਮਨਾਹੀ ਦਾ ਜ਼ਿਕਰ ਕੀਤਾ ਹੈ ਪਰ ਖੰਡੇ ਬਾਟੇ ਦੀ ਪਾਹੁਲ ਛਕਾਉਣ ਦਾ ਕੋਈ ਜ਼ਿਕਰ ਨਹੀਂ ਕੀਤਾ।

ਇਨ੍ਹਾਂ ਦੇ ਨਾਲ ਇਕ ਤੀਜਾ ਇਤਿਹਾਸਕ ਸੋਮਾ ਭੱਟ ਵਹੀਆਂ ਭੀ ਹਨ। ਪਾਹੁਲ ਛਕਾਉਣ ਸਬੰਧੀ ਭੱਟ ਵਹੀ ਭਾਦਸੋਂ ਪਰਗਨਾ ਥਾਨੇਸਰ ਵਿੱਚ ਇਕ ਇੰਦਰਾਜ ਮਿਲਦਾ ਹੈ, ਜੋ ਇੰਝ ਹੈ:

ਗੁਰੂ ਗੋਬਿੰਦ ਸਿੰਘ ਮਹਲ ਦਸਮਾਂ ਬੇਟਾ ਗੁਰੂ ਤੇਗ ਬਹਾਦਰ ਜੀ ਕਾ ਸਾਲ ਸਤਰਾਂ ਸੈ ਪਚਾਵਨ ਮੰਗਲਵਾਰ ਵੈਸਾਖੀ ਕੇ ਦਿੰਹੁੰ ਪਾਂਚ ਸਿਖੋਂ ਕੋ ਕਾਂਡੇ ਕੀ ਪਾਹੁਲ ਦੀ ਸਿੰਘ ਨਾਮ ਰਾਖਾ। ਪ੍ਰਿਥਮੈ ਦੈਆ ਰਾਮ ਸੋਪਤੀ ਖਤਰੀ ਬਾਸੀ ਲਾਹੌਰ ਆ ਖਲਾ ਹੁਆ।ਪਾਛੈ ਮੋਹਕਮ ਚੰਦ ਛੀਪਾ ਬਾਸੀ ਦਵਾਰਕਾ, ਸਾਹਿਬ ਚੰਦ ਨਾਈ ਬਾਸੀ ਬਿਦਰ ਜ਼ਫਰਾਬਾਦ, ਧਰਮ ਚੰਦ ਜਾਵੰਦਾ ਜਾਟ ਬਾਸੀ ਹਸਤਨਾਪੁਰ, ਹਿੰਮਤ ਚੰਦ ਝੀਵਰ ਬਾਸੀ ਜਗਨਨਾਥ ਬਾਰੋ ਬਾਰੀ ਖਲੇ ਹੂਏ। ਸਬ ਕੋ ਨੀਲ ਅੰਬਰ ਪਹਿਨਾਇਆ। ਵਹੀ ਬੇਸ ਆਪਨਾ ਕੀਆ। ਹੁੱਕਾ, ਹਲਾਲ, ਹਜਾਮਤ ਹਰਾਮ, ਟਿੱਕਾ ਜੰਞੂ ਧੋਤੀ ਕਾ ਤਿਆਗ ਕਰਾਇਆ। ਮੀਣੇ ਧੀਰਮਲੀਏ ਰਾਮ ਰਾਈਏ ਸਿਰਗੁੰਮ ਮਸੰਦਾਂ ਕੀ ਵਰਤਨ ਬੰਦ ਕੀ। ਕੰਘਾ, ਕਰਦ, ਕੇਸਗੀ, ਕੜਾ ਕਛਹਿਰਾ ਸਭ ਕੋ ਦੀਆ। ਸਭ ਕੇਸਧਾਰੀ ਕੀਏ।

(ਇਸ ਵਿੱਚ ਵੀ ਪਾਹੁਲ ਛਕਾਉਣ ਦੀ ਕਿਰਿਆ ਅਤੇ ਪੜ੍ਹੀਆਂ ਗਈਆਂ ਬਾਣੀਆਂ ਦਾ ਕੋਈ ਜ਼ਿਕਰ ਨਹੀਂ।)

ਉਪਰਲੀਆਂ ਸਾਰੀਆਂ ਲਿਖਤਾਂ ਤੋਂ ਖੰਡੇ-ਬਾਟੇ ਦੀ ਪਾਹੁਲ ਛਕਾਉਣ ਦੇ ਸੰਸਕਾਰ ਦੀ ਪ੍ਰੋੜਤਾ ਤਾਂ ਹੁੰਦੀ ਹੈ ਪਰ ਜਿਥੋਂ ਤੱਕ ਇਸ ਗੱਲ ਦਾ ਸਬੰਧ ਹੈ ਕਿ ਉਸ ਸਮੇਂ ਕਿਹੜੀਆਂ ਬਾਣੀਆਂ ਪੜ੍ਹੀਆਂ ਗਈਆਂ ਬਾਰੇ ਦੁਬਿਧਾ ਹੀ ਮਿਲਦੀ ਹੈ। ਇਹ ਗੱਲ ਸਪੱਸ਼ਟ ਹੈ ਕਿ ਸਾਡੇ ਕੋਲ ਕੋਈ ਵੀ ਐਸਾ ਪ੍ਰਮਾਣਿਕ ਸ੍ਰੋਤ ਨਹੀਂ ਜਿਸ 'ਤੇ ਪੂਰਨ ਭਰੋਸਾ ਕੀਤਾ ਜਾ ਸਕੇ। ਉਪਰਲੇ ਸਾਰੇ ਸ੍ਰੋਤਾਂ ਵਿੱਚ ਹੀ ਮੱਤ-ਭੇਦ ਹੋਣ ਤੋਂ ਇਕ ਗੱਲ ਹੋਰ ਜਾਪਦੀ ਹੈ ਕਿ ਜੇ ਇਨ੍ਹਾਂ ਦੇ ਹੋਂਦ ਵਿੱਚ ਆਉਣ ਦੇ ਸਮੇਂ ਨੂੰ ਪ੍ਰਮਾਣਿਕ ਮੰਨ ਲਿਆ ਜਾਵੇ ਤਾਂ ਇਹ ਮੰਨਣਾ ਪਵੇਗਾ ਕਿ ਸਮੇਂ ਸਮੇਂ ਤੇ ਇਨ੍ਹਾਂ ਵਿੱਚ ਤਬਦੀਲੀਆਂ ਅਤੇ ਮਿਲਾਵਟਾਂ ਕੀਤੀਆਂ ਗਈਆਂ ਹਨ, ਨਹੀਂ ਤਾਂ ਕੁਝ ਪੁਰਾਤਨ ਸ੍ਰੋਤਾਂ ਵਿੱਚ ਤਾਂ ਕੁਝ ਇਕ-ਸਾਰਤਾ ਹੁੰਦੀ। ਇਸ ਨਾਲ, ਉਨ੍ਹਾਂ ਲੋਕਾਂ ਦੀ ਅਗਿਆਨਤਾ ਕਹੀਏ ਜਾਂ ਕੋਰਾ ਝੂਠ, ਵੀ ਉਭਰ ਕੇ ਸਾਹਮਣੇ ਆਉਂਦਾ ਹੈ, ਜੋ ਇਹ ਕਹਿੰਦੇ ਹਨ ਕਿ ਮੌਜੂਦਾ ਮਰਿਯਾਦਾ ਗੁਰੂ ਸਾਹਿਬ ਤੋਂ ਸੀਨਾ ਬਸੀਨਾ ਚਲੀ ਆਉਂਦੀ ਹੈ। ਪੁਰਾਤਨ ਕਹੇ ਜਾਂਦੇ ਰਹਿਤਨਾਮਿਆਂ ਅਤੇ ਇਤਿਹਾਸਕ ਪੁਸਤਕਾਂ ਵਿੱਚ ਗੁਰਮਤਿ-ਵਿਰੋਧੀ, ਗੈਰ-ਸਿਧਾਂਤਕ ਗੱਲਾਂ ਦੀ ਭਰਮਾਰ ਤੋਂ ਵੀ ਇਹ ਸਿੱਧ ਹੁੰਦਾ ਹੈ ਕਿ ਜਾਂ ਤਾਂ ਇਹ ਪੁਰਾਤਨ ਸਿੰਘਾਂ

ਦਾ ਨਾਂ ਵਰਤ ਕੇ ਬਾਅਦ ਵਿੱਚ ਤਿਆਰ ਕੀਤੇ ਗਏ ਹਨ ਜਾਂ ਇਨ੍ਹਾਂ ਵਿੱਚ ਭਰਪੂਰ ਮਿਲਾਵਟ ਕੀਤੀ ਗਈ ਹੈ। ਜਿਵੇਂ ਪ੍ਰਮਾਣ ਦੇ ਤੌਰ ਤੇ ਜੋ ਰਹਿਤਨਾਮਾ ਭਾਈ ਦਯਾ ਸਿੰਘ ਜੀ ਦੇ ਨਾਂ 'ਤੇ ਪ੍ਰਚਲਤ ਕੀਤਾ ਗਿਆ ਹੈ, ਉਸ ਦਾ ਝੂਠ ਤਾਂ ਉਸ ਦੇ ਪਹਿਲੇ ਪੰਨੇ ਤੋਂ ਹੀ ਸਪੱਸ਼ਟ ਹੋ ਜਾਂਦਾ ਹੈ, ਜੋ ਇਸ ਤਰ੍ਹਾਂ ਹੈ:

"ਸ੍ਰੀ ਦਸਵੀਂ ਪਾਤਿਸ਼ਾਹੀ ਅਨੰਦਪੁਰ ਮੈਂ ਬੈਠੇ ਥੇ, ਦਯਾ ਸਿੰਘ ਜੀ ਪ੍ਰਸ਼ਨ ਕੀਆ, 'ਜੁ ਮਹਾਰਾਜ ਜੀ ! ਰਹਿਤਨਾਮਾ ਕਹੀਏ ਜਿਸ ਕੇ ਸੁਨਨੇ ਸੇ ਮੁਕਤ ਹੋਇ।'

ਉਤਰ- ਜਬ ਦੇਵੀ ਪ੍ਰਗਟ ਭਈ ਔਰ ਪਾਂਚ ਪਯਾਰੇ ਸਾਵਧਾਨ ਹੂਏ, ਤਬ ਸਬ ਦੇਵਤਾ ਆਏ। 'ੴ ਸਤਿਨਾਮ' ਉਪਦੇਸ਼ ਮੰਤ੍ਰ ਸ੍ਰੀ ਗੁਰੂ ਨਾਨਕ ਜੀ ਕੀ ਸ਼ਕਤਿ ਨੇ ਦੀਆ, ਔਰ ਜੰਤ੍ਰ ਵਾਹਿਗੁਰੂ ਮੋਹਨ ਬਸੀਕਰਨ ਨੇ ਦੀਆ, ਤੰਤ੍ਰ ਜਲ ਅਮਹ ਬਰਣ ਵਾਸਤੇ ਚਿਤ ਦ੍ਰਿੜਤਾ ਦੇ ਦੀਆ, ਮਿਸਟਾਨ ਇੰਦ੍ਰ ਨੇ ਦੀਆ, ਬੁਧੀ ਮੀਠੀ ਰਹਨ ਨਮਿਤ ਅਰ ਲੋਹ ਪਾਤਰ ਯਮਰਾਜ ਅੰਮ੍ਰਿਤ ਪਾਵਣੇ ਨਿਮਿਤ ਦੀਆ, ਸਰਬ ਲੋਹ ਕੀ ਕਰਦ ਕਾਲ ਜੀ ਦਈ, ਯੁਧ ਕੇ ਵਾਸਤੇ, ਕੇਸ ਚੰਡੀ ਜੀ ਦਏ, ਬਾਹਨੀ ਕੱਛ ਹਨੂ ਜੀ ਦਈ, ਜਪੁਜੀ ਮੁਕਤ ਕੋ ਪਾਠ ਦੀਆ, ਅਨੰਦ ਚਿਤ ਸਾਂਤ ਲੀਏ ਗੁਰੂ ਅਮਰ ਜੀ ਦੀਨਾ, ਚੌਪਈ, ਸਵੈਯੇ ਸ੍ਰੀ ਮੁਖ ਦ੍ਰਿੜ ਚਿਤ ਤੇ ਜੁੱਧ ਨਿਮਿਤ। ਚਾਰ ਪਦਾਰਥ ਖੰਡੇ ਕੀ ਪਾਹੁਲ ਤੇ ਦੀਏ ਸਿਖੋਂ ਕੋ ਸਰਕਰ ਬਿਸ਼ਨੂ ਜੀ ਦੀਨੀ, ਮੈਦਾ ਮਹਾਦੇਵ ਜੀ ਦੀਨਾ, ਘੀਵ ਬ੍ਰਹਮੇਂ ਨੇ ਦੀਆ ਤ੍ਰਿਭਾਵ ਕਾ ਕੜਾਹ ਪ੍ਰਸਾਦ ਕੀਆ......। ਇਸ ਬਿਧਿ ਸੋਂ ਸਬ ਦੇਵਤਾ ਅੰਸ ਦੇਤ ਭਏ.....।"

ਪਹਿਲਾਂ ਤਾਂ ਇਹ ਲਿਖਣਾ ਕਿ, 'ਦਯਾ ਸਿੰਘ ਜੀ ਪ੍ਰਸ਼ਨ ਕੀਆ', ਆਪਣੇ ਆਪ ਸਪੱਸ਼ਟ ਕਰਦਾ ਹੈ ਕਿ ਲਿਖਣ ਵਾਲੇ ਭਾਈ ਦਯਾ ਸਿੰਘ ਜੀ ਆਪ ਨਹੀਂ ਹਨ, ਫੇਰ ਲਿਖਾਰੀ ਨੇ ਬੜੀ ਚਤੁਰਾਈ ਨਾਲ, ਜਿਥੇ ਗੁਰੂ ਸਾਹਿਬਾਨ ਨੂੰ ਦੇਵੀ ਦੇਵਤਿਆਂ ਦੀ ਕਤਾਰ ਵਿੱਚ ਲਿਆ ਖੜ੍ਹਾ ਕੀਤਾ ਹੈ, ਉਥੇ ਆਪਣੇ ਦੇਵੀ ਦੇਵਤਿਆਂ ਨੂੰ ਸਿੱਖ ਕੌਮ ਵਿੱਚ ਇਤਨਾ ਮਹੱਤਵਪੂਰਨ ਬਣਾ ਦਿੱਤਾ ਹੈ ਕਿ ਪਾਹੁਲ ਅਤੇ ਦੇਗ ਦੀ ਪ੍ਰਮੁੱਖ ਸਮੱਗਰੀ ਤਾਂ ਸਾਰੀ ਇਨ੍ਹਾਂ ਦੇ ਦੇਵੀ ਦੇਵਤਿਆਂ ਦੀ ਹੀ ਦੇਣ ਹੈ ਔਰ ਇਹ ਸਾਰਾ ਕੁਫ਼ਰ ਭਾਈ ਦਇਆ ਸਿੰਘ ਔਰ ਗੁਰੂ ਗੋਬਿੰਦ ਸਿੰਘ ਪਾਤਿਸ਼ਾਹ ਦਾ ਨਾਂ ਵਰਤ ਕੇ ਤੋਲਿਆ ਹੈ। ਹੁਣ ਐਸਾ ਲਿਖਾਰੀ ਪਾਹੁਲ ਛਕਾਉਣ ਵੇਲੇ ਕਿਹੜੀਆਂ ਬਾਣੀਆਂ ਦੇ ਪੜ੍ਹੇ ਜਾਣ ਦੀ ਗੱਲ ਕਰਦਾ ਹੈ ਇਸ ਦੀ ਕੀ ਮਹੱਤਤਾ ਰਹਿ ਜਾਂਦੀ ਹੈ?

'ਰਹਿਤਨਾਮੇ'(1974) ਕਿਤਾਬ, ਦਾ ਲਿਖਾਰੀ ਪਿਆਰਾ ਸਿੰਘ ਪਦਮ, ਜਿਸ ਨੇ ਸਾਰੇ ਰਹਿਤਨਾਮੇ ਇਕਠੇ ਕਰ ਕੇ ਛਾਪਣ ਦੇ ਇਕ ਚੰਗੇ ਉਦਮ ਦੇ ਨਾਲ, ਇਨ੍ਹਾਂ ਦੀ ਪੜਚੋਲ ਦਾ ਉਪਰਾਲਾ ਵੀ ਕੀਤਾ ਹੈ, ਇਸ ਕਿਤਾਬ ਦੇ ਪੰਨਾ 43 ਤੇ ਲਿਖਦੇ ਹਨ:

"ਇਹ ਰਹਿਤ ਨਾਮੇ ਕਦੋਂ ਲਿਖੇ ਗਏ, ਕਿਸ ਨੇ ਲਿਖੇ, ਇਸ ਦਾ ਉਤਰ ਡੂੰਘੀ ਖੋਜ ਵਿਚਾਰ ਦਾ ਮੁਥਾਜ ਹੈ। ਇਕ ਗਲ ਸਾਫ ਹੈ ਕਿ ਕੋਈ ਰਹਿਤਨਾਮਾ ਸ੍ਰੀ ਮੁਖਵਾਕ ਜਾਂ ਗੁਰੂ ਗੋਬਿੰਦ ਸਿੰਘ ਰਚਿਤ ਨਹੀਂ............। ਮਾਲੂਮ ਹੁੰਦਾ ਹੈ ਕਿ ਅਠਾਰ੍ਹਵੀਂ ਸਦੀ ਵਿਚ ਇਨ੍ਹਾਂ ਦੀ ਰਚਨਾ ਹੋਈ ਅਤੇ ਲਿਖਣ ਵਾਲੇ ਹੋਰ ਬੁਧੀਮਾਨ ਸਿਖ ਹਨ ਪਰੰਤੂ ਇਨ੍ਹਾਂ ਨੂੰ ਪ੍ਰਮਾਣੀਕ ਬਨਾਉਣ ਲਈ ਗੁਰੂ ਦਸ਼ਮੇਸ਼ ਦੇ ਨਿਕਟਵਰਤੀ ਬਜ਼ੁਰਗ ਸਿਖਾਂ ਨਾਲ ਸਬੰਧਤ ਕੀਤਾ ਗਿਆ ਜਿਵੇਂ ਕਿ ਭਾਈ ਨੰਦ ਲਾਲ ਸਿੰਘ ਭਾਈ ਦਯਾ ਸਿੰਘ ਭਾਈ ਚੌਪਾ ਸਿੰਘ ਭਾਈ ਪ੍ਰਹਿਲਾਦ ਸਿੰਘ ਨਾਲ। ਹੋ ਸਕਦਾ ਹੈ ਕਿਸੇ ਰਹਿਤਨਾਮੇ ਦਾ ਕੁਝ ਹਿਸਾ ਸ਼ਾਇਦ ਇਨ੍ਹਾਂ ਦਾ ਵੀ ਲਿਖਿਆ ਹੋਵੇ ਪ੍ਰੰਤੂ ਜੋ ਵੇਰਵਾ ਵਿਸਤਾਰ ਹਵਾਲੇ ਤੇ ਸ਼ੈਲੀ ਹੁਣ ਮਿਲਦੀ ਹੈ, ਉਸ ਤੋਂ

ਇਉਂ ਪ੍ਰਤੀਤ ਹੁੰਦਾ ਹੈ ਕਿ ਇਨ੍ਹਾਂ ਦਾ ਹੁਣ ਵਾਲਾ ਰੂਪ 1720 ਈ. ਤੋਂ ਬਾਅਦ ਤਿਆਰ ਹੋਇਆ। ਭਾਈ ਦੇਸਾ ਸਿੰਘ ਦਾ ਰਹਿਤਨਾਮਾ ਜ਼ਰੂਰ ਆਪਣਾ ਹੈ ਬਾਕੀਆਂ ਬਾਰੇ ਨਿਸਚੇ ਨਾਲ ਕੁਝ ਵੀ ਕਹਿਣਾ ਔਖਾ ਹੈ।"

ਹੁਣ ਜਿਸ ਭਾਈ ਦੇਸਾ ਸਿੰਘ ਦੇ ਰਹਿਤਨਾਮੇ ਨੂੰ ਸ੍ਰ. ਪਿਆਰਾ ਸਿੰਘ ਪਦਮ ਪ੍ਰਮਾਣਿਕ ਮੰਨਦੇ ਹਨ, ਉਸ ਦੇ ਅੰਦਰ ਝਾਤੀ ਮਾਰੀਏ। ਇਸ ਦੇ 30ਵੇਂ ਬੰਦ ਵਿੱਚ ਤਾਂ ਦੇਸਾ ਸਿੰਘ ਕਈ ਨਸ਼ਿਆਂ ਦਾ ਖੰਡਨ ਕਰਦਾ ਹੈ:

'ਕੁੱਠਾ, ਹੁੱਕਾ, ਚਰਸ, ਤਮਾਕੂ। ਗਾਂਜਾ, ਟੋਪੀ, ਤਾੜੀ, ਖਾਕੂ।੩੦।
ਇਨ ਕੀ ਓਰ ਨ ਕਬਹੂ ਦੇਖੈ। ਰਹਤਵੰਤ ਸੋ ਸਿੰਘ ਬਿਸੇਖੈ।'

ਇਸ ਦੇ ਅਗਲੇ 31ਵੇਂ ਬੰਦ ਵਿੱਚ ਅਫੀਮ ਅਤੇ ਭੰਗ ਦੀ ਵਰਤੋਂ ਦੀ ਵਕਾਲਤ ਕਰ ਦਿੱਤੀ:

'ਰਤੀ ਅਫੀਮ ਸੁ ਮਾਸਾ ਭੰਗ। ਇਨ ਕੋ ਖਾਵਹਿ ਕਦੀ ਨਿਸੰਘ।੩੧।

ਇਸੇ ਦੇ 45ਵੇਂ ਬੰਦ ਵਿੱਚ ਇਹ ਸ਼ਰਾਬ ਪੀਣ ਦੀ ਸਿਖਿਆ ਦੇਂਦਾ ਹੈ:

'ਰਣ ਮੋ ਚਲੇ ਤੇ ਮਦਰਾ ਸੇਵੈ। ਅਵਰ ਦਿਵਸ ਕਹੂੰ ਨਾਮ ਨ ਲੇਵੈ'।

ਭਾਵੇਂ ਭਾਈ ਦੇਸਾ ਸਿੰਘ ਨੇ ਬਹੁਤ ਚੰਗੀਆਂ ਗੱਲਾਂ ਵੀ ਲਿਖੀਆਂ ਹਨ ਪਰ ਕਿਸੇ ਕੌਮ ਵਿੱਚ ਭੁਲੇਖਾ ਤਾਂ ਤਦ ਹੀ ਖੜਾ ਕੀਤਾ ਜਾ ਸਕਦਾ ਹੈ, ਜੇ ਬਹੁਤ ਸਾਰੀਆਂ ਵਧੀਆ ਅਤੇ ਸਿਧਾਂਤਕ ਗੱਲਾਂ ਕਰਕੇ ਕੁਝ ਆਪਣੇ ਮਤਲਬ ਦੀਆਂ ਪ੍ਰਵਾਣ ਕਰਾ ਲਈਆਂ ਜਾਣ, ਜਾਂ ਇਸ ਵਿੱਚ ਬਾਅਦ ਵਿੱਚ ਮਿਲਾਵਟ ਕੀਤੀ ਗਈ ਹੈ। ਇਹ ਭਾਈ ਦੇਸਾ ਸਿੰਘ ਗਊ ਅਤੇ ਬ੍ਰਾਹਮਣ ਦਾ ਵੀ ਕਾਫੀ ਸ਼ਰਧਾਲੂ ਜਾਪਦਾ ਹੈ। ਆਪਣੀ ਲਿਖਤ ਦੇ 16ਵੇਂ ਬੰਦ ਵਿੱਚ ਲਿਖਦਾ ਹੈ:

'ਗੋ ਬ੍ਰਾਹਮਣ ਕੀ ਰੱਖਿਆ ਕਰ। ਤੁਰਕਨ ਸੋਂ ਅਤਿ ਹਠ ਕਰ ਮਰੈ।'

ਐਸੇ ਗੁਰਮਤਿ ਵਿਰੋਧੀ ਗੱਲਾਂ ਲਿਖਣ ਵਾਲੇ ਦੀ ਕਿਸ ਗੱਲ ਤੇ ਭਰੋਸਾ ਕੀਤਾ ਜਾ ਸਕਦਾ ਹੈ? ਕੁਝ ਕਿਤਾਬਾਂ ਬਾਰੇ ਤਾਂ ਸਪੱਸ਼ਟ ਹੀ ਹੈ ਕਿ ਉਹ ਲਿਖੀਆਂ ਹੀ ਸ਼ਰਾਰਤ ਦੇ ਤੌਰ 'ਤੇ ਗਈਆਂ ਹਨ, ਜਿਵੇਂ ਕਿ ਗੁਰਬਿਲਾਸ ਪਾਤਿਸ਼ਾਹੀ ਛੇਵੀਂ ਅਤੇ ਬਚਿੱਤ੍ਰ ਨਾਟਕ ਆਦਿ..। ਪਿਛਲੇ ਸਮੇਂ ਵਿੱਚ ਪੰਥ ਦੋਖੀ ਲੋਕਾਂ ਵਲੋਂ ਕੀਤੀ ਇਹ ਸ਼ਰਾਰਤ ਤਾਂ ਇਕ ਪਾਸੇ, ਮੌਜੂਦਾ ਸਮੇਂ ਵਿੱਚ ਸ਼੍ਰੋਮਣੀ ਕਮੇਟੀ ਵਲੋਂ ਹਿੰਦੀ ਵਿੱਚ ਇਕ ਸਿੱਖ ਇਤਿਹਾਸ ਛਪਾਇਆ ਗਿਆ ਹੈ, ਜੋ ਅਤਿ ਸ਼ਰਾਰਤ ਭਰਪੂਰ ਹੈ। ਬਹੁਤ ਸਾਰੀਆਂ ਸਿੱਖ ਇਤਹਾਸ ਦੀਆਂ ਕਿਤਾਬਾਂ ਨਿਰਮਲਿਆਂ ਵਲੋਂ ਲਿਖੀਆਂ ਗਈਆਂ ਹਨ, ਜੋ ਸਨ ਤਾਂ ਚੰਗੇ ਵਿਦਵਾਨ ਪਰ ਉਨ੍ਹਾਂ ਨੂੰ ਪੰਥ ਵਿੱਚ ਸਿੱਖ ਸਿਧਾਂਤਾਂ ਦਾ ਬ੍ਰਾਹਮਣੀਕਰਣ ਕਰਨ ਲਈ ਘੁਸੇੜਿਆ ਗਿਆ ਸੀ, ਜੋ ਉਨ੍ਹਾਂ ਕਾਫੀ ਕਾਮਯਾਬੀ ਨਾਲ ਕੀਤਾ ਹੈ। ਇਸ ਸਭ ਦੇ ਕਰਨ ਦੇ ਮੂਲ ਕਾਰਨ ਇਹ ਨਜ਼ਰ ਆਉਂਦੇ ਹਨ ਕਿ ਖਾਲਸੇ ਦਾ ਉਭਰ ਰਿਹਾ

ਲਾਸਾਨੀ ਕਿਰਦਾਰ, ਘਟੀਆ ਕਿਸਮ ਦੇ ਨਸ਼ਿਆਂ ਆਦਿ ਦਾ ਆਦੀ ਬਣਾ ਕੇ ਖਰਾਬ ਕੀਤਾ ਜਾਵੇ, ਗੁਰਬਾਣੀ ਦੀ ਸਨਾਤਨੀ ਵਿਆਖਿਆ ਕਰਕੇ, ਗੁਰਬਾਣੀ ਦੇ ਇਨਕਲਾਬੀ ਪ੍ਰਭਾਵ ਨੂੰ ਘੱਟ ਕੀਤਾ ਜਾਵੇ ਅਤੇ ਗੁਰੂ ਗ੍ਰੰਥ ਸਾਹਿਬ ਦੇ ਬਰਾਬਰ ਬਚਿਤ੍ਰ ਨਾਟਕ ਨਾਮੀਂ ਘਟੀਆ, ਗੁਰਮਤਿ ਵਿਰੋਧੀ, ਸਾਕਤੀ ਪੁਸਤਕ ਨੂੰ ਪੰਥ ਵਿੱਚ ਸਥਾਪਤ ਕਰ ਕੇ ਸਿਧਾਂਤਕ ਦੁਬਿਧਾ ਖੜ੍ਹੀ ਕੀਤੀ ਜਾਵੇ। ਤਰੀਕਾ ਵਾਕਿਆ ਹੀ ਬਹੁਤ ਵਧੀਆ ਹੈ ਕਿ ਜੇ ਇਸ ਪੁਸਤਕ ਵਿੱਚੋਂ ਕੁਝ ਬਾਣੀਆਂ ਪਾਹੁਲ ਤਿਆਰ ਕਰਨ ਵੇਲੇ ਪੜ੍ਹੀਆਂ ਜਾਣ ਵਾਲੀਆਂ ਬਾਣੀਆਂ ਅਤੇ ਨਿਤਨੇਮ ਦੀਆਂ ਬਾਣੀਆਂ ਵਿੱਚ ਸ਼ਾਮਲ ਹੋ ਗਈਆਂ ਤਾਂ ਪੁਸਤਕ ਤਾਂ ਆਪੇ ਪਰਵਾਨ ਹੋ ਗਈ। ਇਸੇ ਨੀਤੀ ਅਧੀਨ ਇਨ੍ਹਾਂ ਵਲੋਂ, ਰਹਿਤਨਾਮਿਆਂ ਰਾਹੀਂ ਬਚਿੱਤ੍ਰ ਨਾਟਕ ਦੀਆਂ, ਇਹ ਰਚਨਾਵਾਂ ਪਾਹੁਲ ਤਿਆਰ ਕਰਨ ਵੇਲੇ ਪੜ੍ਹੀਆਂ ਜਾਣ ਵਾਲੀਆਂ ਬਾਣੀਆਂ ਵਿੱਚ ਘੁਸੇੜ ਦਿੱਤੀਆਂ ਗਈਆਂ, ਪਰ ਹਰ ਰਹਿਤਨਾਮੇ ਦੀ ਅਲੱਗ-ਅਲੱਗ ਬੋਲੀ ਹੋਣ ਕਾਰਨ ਅਲੱਗ-ਅਲੱਗ ਡੇਰਿਆਂ ਦੀਆਂ ਅਲੱਗ-ਅਲੱਗ ਮਰਿਯਾਦਾ ਚੱਲ ਪਈਆਂ। ਮੇਰਾ ਇਹ ਲਿਖਣ ਤੋਂ, ਇਹ ਭਾਵ ਬਿਲਕੁਲ ਨਹੀਂ ਕਿ ਇਨ੍ਹਾਂ ਰਹਿਤਨਾਮਿਆਂ ਨਾਲ ਜੁੜੀਆਂ ਸ਼ਕਸੀਅਤਾਂ ਦਾ ਕਿਰਦਾਰ ਕਿਸੇ ਤਰ੍ਹਾਂ ਸ਼ਕੀ ਸੀ, ਇਹ ਤਾਂ ਸਾਰੀਆਂ ਮਹਾਨ ਸ਼ਕਸੀਅਤਾਂ ਸਨ, ਹਾਂ ! ਇਨ੍ਹਾਂ ਦਾ ਨਾਂ ਵਰਤ ਕੇ ਇਹ ਗੁਰਮਤਿ-ਵਿਰੋਧੀ ਲਿਖਤਾਂ ਲਿਖਣ ਵਾਲੇ ਸ਼ਰਾਰਤੀ ਹੋ ਸਕਦੇ ਹਨ। ਉਂਝ ਵੀ ਸ਼ਰਾਰਤੀ ਅਤੇ ਸਾਜਸ਼ੀ ਤਾਂ ਕੋਈ ਵਿਰਲੇ ਹੁੰਦੇ ਹਨ, ਬਾਕੀ ਭੋਲੇ-ਭਾਲੇ ਸਿੱਖ ਤਾਂ ਭਾਵੁਕ ਹੋ ਕੇ ਮਗਰ ਲੱਗ ਜਾਂਦੇ ਹਨ, ਉਹ ਵੀ ਜਦੋਂ ਗੁਰੂ ਸਾਹਿਬ ਦਾ ਨਾਂ ਵਰਤ ਲਿਆ ਹੋਵੇ ਤਾਂ ਸਾਡੀ ਸੋਚ ਇਕ ਦਮ ਅੰਧੀ ਸ਼ਰਧਾ ਵਿੱਚ ਬਦਲ ਜਾਂਦੀ ਹੈ, ਜੋ ਕਿ ਬਹੁਤ ਮਾਰੂ ਰੁਝਾਨ ਹੈ। ਇਨ੍ਹਾਂ ਲਿਖਤਾਂ ਨੂੰ ਕਿਸੇ ਨਿਰਣੇ ਦਾ ਅਧਾਰ ਨਹੀਂ ਬਣਾਇਆ ਜਾ ਸਕਦਾ। ਇਨ੍ਹਾਂ ਪ੍ਰਤੀ ਤਾਂ ਕੇਵਲ ਇਹੀ ਪਹੁੰਚ ਅਪਣਾਈ ਜਾ ਸਕਦੀ ਹੈ, ਕਿ ਇਨ੍ਹਾਂ ਦੀਆਂ ਲਿਖਤਾਂ ਨੂੰ ਗੁਰਬਾਣੀ ਦੀ ਕਸਵੱਟੀ ਤੇ ਪਰਖ ਕੇ, ਜੋ ਗੁਰਮਤਿ ਅਨੁਸਾਰ ਲਗਦਾ ਹੈ, ਉਹ ਲੈ ਲਿਆ ਜਾਵੇ, ਬਾਕੀ ਕੂੜ-ਕਬਾੜ ਨੂੰ ਨਕਾਰ ਦਿੱਤਾ ਜਾਵੇ।

ਮੈਨੂੰ ਤਾਂ ਇਨ੍ਹਾਂ ਸਾਰਿਆਂ ਚੋਂ, ਭਾਈ ਕੁਇਰ ਸਿੰਘ ਕ੍ਰਿਤ ਗੁਰਬਿਲਾਸ ਪਾਤਸ਼ਾਹੀ ਦਸਵੀਂ ਦੇ ਪੰਨਾ 128 ਦੀ ਇਹ ਗੱਲ ਸਭ ਤੋਂ ਠੀਕ ਜਾਪਦੀ ਹੈ:

'ਸਰਿਤਾ ਜਲ ਲੀਨ ਅਛੂਤ ਮੰਗਾਇ ਕੈ,
ਪਾਤ੍ਰ ਲੋਹ ਮੈਂ ਤਾਂ ਪ੍ਰਭ ਬੇਰੇ॥
ਪੜ੍ਹਤੇ ਸੁ ਉਦਾਸ ਹੈ ਮੰਤ੍ਰਨ ਕੋ,
ਪ੍ਰਭ ਠਾਡੇ ਹੈ ਆਪ ਭਏ ਸੋ ਸਵੇਰੇ।'

ਭਾਈ ਕੁਇਰ ਸਿੰਘ ਦਾ ਇਹ ਲਿਖਣਾ ਕਿ ਮੂਲ ਮੰਤ੍ਰ ਦਾ ਪਾਠ ਕੀਤਾ ਗਿਆ, ਸਿਧਾਂਤਕ ਪੱਖੋਂ ਵਧੇਰੇ ਠੀਕ ਜਾਪਦਾ ਹੈ। ਇਸ ਗੱਲ ਨੂੰ ਸਮਝਣ ਲਈ, ਸਾਨੂੰ ਭਾਈ ਗੁਰਦਾਸ ਜੀ ਦੀ ਇਕ ਪਉੜੀ ਨੂੰ ਧਿਆਨ ਨਾਲ ਸਮਝਣਾ ਪਵੇਗਾ:

'ਸੁਣੀ ਪੁਕਾਰ ਦਾਤਾਰ ਪ੍ਰਭ ਗੁਰ ਨਾਨਕ ਜਗ ਮਾਹਿ ਪਠਾਯਾ॥
ਚਰਨ ਧੋਇ ਰਹਿਰਾਸ ਕਰ ਚਰਨਾਮ੍ਰਿਤ ਸਿੱਖਾਂ ਪੀਲਾਯਾ॥

ਪਾਰਬ੍ਰਹਮ ਪੂਰਨ ਬ੍ਰਹਮ ਕਲਿਜੁਗ ਅੰਦਰ ਇਕ ਦਿਖਾਯਾ॥
ਚਾਰੈ ਪੈਰ ਧਰੰਮ ਦੇ ਚਾਰ ਵਰਨ ਇਕ ਵਰਨ ਕਰਾਯਾ॥'
ਰਾਣਾ ਰੰਕ ਬਰਾਬਰੀ ਪੈਰੀਂ ਪਵਣਾ ਜਗ ਵਰਤਾਯਾ॥
ਉਲਟਾ ਖੇਲ ਪਿਰੰਮ ਦਾ ਪੈਰਾਂ ਉਪਰ ਸੀਸ ਨਿਵਾਯਾ॥
ਕਲਿਜੁਗ ਬਾਬੇ ਤਾਰਿਆ ਸੱਤਨਾਮ ਪੜ੍ਹ ਮੰਤ੍ਰ ਸੁਣਾਯਾ॥
ਕਲਿ ਤਾਰਣ ਗੁਰ ਨਾਨਕ ਆਯਾ ॥••॥ (ਵਾਰ ੧, ਪਉੜੀ-੨੩)

ਗੱਲ ਨੂੰ ਪੂਰੀ ਤਰ੍ਹਾਂ ਸਮਝੇ, ਵਿਚਾਰੇ ਬਿਨਾਂ ਹੀ ਅਸੀਂ ਅਕਸਰ ਇਸ ਤੋਂ ਇਹ ਭਾਵ ਲੈਂਦੇ ਰਹੇ ਹਾਂ ਕਿ ਗੁਰੂ ਨਾਨਕ ਪਾਤਿਸ਼ਾਹ ਆਪਣੇ ਪੈਰਾਂ ਨਾਲ ਛੂਹਾ ਕੇ ਕੋਈ ਅੰਮ੍ਰਿਤ ਪਿਲਾਇਆ ਕਰਦੇ ਸਨ, ਜਿਸ ਨੂੰ ਭਾਈ ਸਾਹਿਬ ਨੇ ਇਥੇ ਚਰਨਾਮ੍ਰਿਤ ਦਾ ਨਾਂ ਦਿੱਤਾ ਹੈ, ਅਤੇ ਅਸੀਂ ਅਕਸਰ ਚਰਨ ਪਾਹੁਲ ਕਹਿ ਦੇਂਦੇ ਹਾਂ। ਜੇ ਗੁਰੂ ਨਾਨਕ ਪਾਤਿਸ਼ਾਹ ਦੀ ਇਨਕਲਾਬੀ ਵਿਚਾਰਧਾਰਾ ਵੱਲ ਵੇਖੀਏ ਤਾਂ ਇਹ ਗੱਲ ਬਿਲਕੁਲ ਨਹੀਂ ਜਚਦੀ। ਜਿਸ ਗੁਰੂ ਨਾਨਕ ਸਾਹਿਬ ਨੇ ਨੌਂ ਸਾਲ ਦੀ ਉਮਰ ਵਿੱਚ ਕਰਮਕਾਂਡੀ ਜਨੇਊ ਨੂੰ ਰੱਦ ਕਰ ਦਿੱਤਾ, ਉਹ ਆਪ ਐਸਾ ਕਰਮਕਾਂਡੀ ਚਰਨਾਮ੍ਰਿਤ ਪਿਲਾਉਣ, ਇਹ ਕਿਵੇਂ ਹੋ ਸਕਦਾ ਹੈ?

ਜਿਹੜਾ ਚਰਨਾਮ੍ਰਿਤ ਗੁਰੂ ਨਾਨਕ ਸਾਹਿਬ ਨੇ ਸਿੱਖਾਂ ਨੂੰ ਪਿਲਾਇਆ, ਉਹ ਭਾਈ ਸਾਹਿਬ ਨੇ ਅਗਲੀਆਂ ਪੰਕਤੀਆਂ ਵਿੱਚ ਦੱਸਿਆ ਹੈ। ਜਿਹੜਾ ਮਨੁੱਖੀ ਸਮਾਜ ਕਈ ਦੇਵੀ, ਦੇਵਤਿਆਂ, ਅਵਤਾਰਾਂ ਨੂੰ ਪ੍ਰਮਾਤਮਾ ਸਮਝ ਕੇ ਪੂਜ ਰਿਹਾ ਸੀ, ਉਸਨੂੰ ਸਮਝਾ ਦਿੱਤਾ ਕਿ ਪ੍ਰਮਾਤਮਾ ਇਕ ਹੈ। ਇਹ ਭਰਮ ਕੱਢ ਦਿੱਤਾ ਕਿ ਧਰਮ, ਜੁਗਾਂ ਦੇ ਨਾਲ ਵੱਧਦਾ ਘੱਟਦਾ ਜਾਂ ਬਦਲਦਾ ਰਹਿੰਦਾ ਹੈ। ਮਨੁੱਖੀ ਭਾਈਚਾਰੇ ਵਿੱਚੋਂ ਜਾਤ-ਪਾਤ, ਊਚ-ਨੀਚ, ਅਮੀਰ-ਗ਼ਰੀਬ ਦੀਆਂ ਦੀਵਾਰਾਂ ਢਾਹ ਦਿੱਤੀਆਂ। ਗੁਰੂ ਗੋਬਿੰਦ ਸਿੰਘ ਪਾਤਿਸ਼ਾਹ ਨੇ ਵੀ ਖੰਡੇ ਦੀ ਪਾਹੁਲ ਬਖਸ਼ ਕੇ ਉਹੀ ਗੁਰੂ ਨਾਨਕ ਪਾਤਿਸ਼ਾਹ ਦੇ ਪਾਵਨ ਸਿਧਾਂਤਾਂ ਤੇ ਪਹਿਰਾ ਦੇਣ ਦਾ ਪ੍ਰਣ ਕਰਾਇਆ ਹੈ, ਇਸ ਵਾਸਤੇ ਮੂਲ ਮੰਤ੍ਰ ਦਾ ਪਾਠ ਕਰਣਾ ਅਤੇ ਉਸੇ ਸਿਧਾਂਤ ਨੂੰ ਦ੍ਰਿੜ ਕਰਾਉਣਾਂ ਵਧੇਰੇ ਯੋਗ ਜਾਪਦਾ ਹੈ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਹੋਂਦ ਵਿੱਚ ਆਉਣ ਤੋਂ ਬਾਅਦ ਇਕ ਰਹੁ ਰੀਤ ਕਮੇਟੀ ਬਣਾਕੇ ਸਾਰੇ ਪੰਥ ਲਈ ਇਕ ਮਰਿਯਾਦਾ ਬਨਾਉਣ ਦੀ ਕੋਸ਼ਿਸ਼ ਕਰਨਾ ਇਕ ਚੰਗਾ ਉਪਰਾਲਾ ਸੀ, ਪਰ ਇਸ ਕਮੇਟੀ ਦੇ ਵਿਦਵਾਨ ਵੀ ਇਸ ਬਚਿੱਤ੍ਰ ਨਾਟਕ ਅਤੇ ਪੁਰਾਣੇ ਰਹਿਤਨਾਮਿਆਂ ਦੇ ਪ੍ਰਭਾਵ ਤੋਂ ਬੱਚ ਨਾ ਸਕੇ ਅਤੇ ਭੁੱਲ ਇਥੋਂ ਤੱਕ ਹੋਈ ਕਿ ਨਵੀਂ ਮਰਯਾਦਾ ਵਿੱਚ ਪਾਹੁਲ ਤਿਆਰ ਕਰਨ ਵੇਲੇ ਪੜ੍ਹੀਆਂ ਜਾਣ ਵਾਲੀਆਂ ਬਾਣੀਆਂ ਵਿੱਚ ਗੁਰੂ ਗ੍ਰੰਥ ਸਾਹਿਬ ਵਿੱਚੋਂ ਤਾਂ ਦੋ ਬਾਣੀਆਂ ਲਈਆਂ ਪਰ ਬਚਿੱਤ੍ਰ ਨਾਟਕ ਵਿੱਚੋਂ ਤਿੰਨ। ਬਹੁਤ ਸਾਰੇ ਫੈਸਲੇ ਤਾਂ ਗੁਰੂ ਗ੍ਰੰਥ ਸਾਹਿਬ ਦੇ ਇਲਾਹੀ ਗਿਆਨ ਨੂੰ ਅਧਾਰ ਬਨਾਉਣ ਦੀ ਬਜਾਏ, ਇਸ ਸੋਚ ਨਾਲ ਕੀਤੇ ਗਏ ਕਿ ਸਭ ਨੂੰ ਖੁਸ਼ ਰਖਣਾ ਹੈ ਅਤੇ ਸਭ ਨੂੰ ਇਕੱਠਾ ਕਰਨਾ ਹੈ। ਐਸੇ ਗੈਰ ਸਿਧਾਂਤਕ ਫੈਸਲੇ ਏਕਤਾ ਨਹੀਂ ਲਿਆ ਸਕਦੇ ਅਤੇ ਨਾ ਹੀ ਸਾਰਿਆਂ ਨੇ ਇਸ ਰਹਿਤ ਮਰਯਾਦਾ ਨੂੰ ਮਾਨਤਾ ਦਿੱਤੀ। ਅੱਜ ਬਚਿਤ੍ਰ ਨਾਟਕ ਦੇ ਹਮਾਇਤੀ ਇਸ ਸਿੱਖ ਰਹਿਤ ਮਰਯਾਦਾ ਨੂੰ ਇਕ ਵੱਡੇ ਹਥਿਆਰ ਦੇ ਤੌਰ ਤੇ ਵਰਤਣ ਦੀ ਕੋਸ਼ਿਸ਼ ਕਰਦੇ ਹਨ। ਜਦੋਂ ਕੋਈ ਇਨ੍ਹਾਂ ਲਿਖਤਾਂ ਬਾਰੇ ਗੱਲ ਕਰੇ ਇਹ ਰੌਲਾ ਪਾਉਣਾ ਸ਼ੁਰੂ ਕਰ ਦੇਂਦੇ ਹਨ, ਦੇਖੋ ਜੀ ! ਸਿੱਖ ਰਹਿਤ ਮਰਯਾਦਾ ਖਿਲਾਫ ਬੋਲਦੇ ਹਨ। ਹਾਲਾਂਕਿ ਗੱਲ ਬਿਲਕੁਲ ਉਲਟ ਹੈ। ਇਹ ਜਿਤਨੇ

ਡੇਰੇ ਹਨ, ਸਭ ਦੀਆਂ ਆਪਣੀਆਂ ਅਲੱਗ ਅਲੱਗ ਮਰਯਾਦਾ ਹਨ ਅਤੇ ਇਹ ਸਿੱਖ ਰਹਿਤ ਮਰਿਯਾਦਾ ਨੂੰ ਬਿਲਕੁਲ ਨਹੀਂ ਮੰਨਦੇ। ਕੁਝ ਗੱਲਤੀ ਸੁਚੇਤ ਸਿੱਖਾਂ ਕੋਲੋਂ ਵੀ ਹੋਈ ਹੈ, ਇਨ੍ਹਾਂ ਸਿੱਖ ਰਹਿਤ ਮਰਯਾਦਾ ਨੂੰ ਗੁਰੂ ਗ੍ਰੰਥ ਸਾਹਿਬ ਦੇ ਬਰਾਬਰ ਮਹੱਤਤਾ ਦੇਣੀ ਸ਼ੁਰੂ ਕਰ ਦਿੱਤੀ। ਪਿਛਲੇ ਦਿਨੀਂ ਦਿੱਲੀ ਵਿੱਚ, ਇਕ ਮਹਤੱਵਪੂਰਨ ਸਿੱਖ ਸ਼ਕਸੀਅਤ ਨੂੰ ਸਟੇਜ ਤੋਂ ਇਹ ਕਹਿੰਦੇ ਸੁਣਿਆ ਕਿ ਸਾਨੂੰ ਗੁਰੂ ਗ੍ਰੰਥ ਸਾਹਿਬ ਅਤੇ ਸਿੱਖ ਰਹਿਤ ਮਰਯਾਦਾ ਖਿਲਾਫ ਕੁਝ ਨਹੀਂ ਬੋਲਣਾ ਚਾਹੀਦਾ। ਜਦ ਸਮਾਗਮ ਖਤਮ ਹੋਣ ਤੋਂ ਬਾਅਦ, ਮੈਂ ਉਨ੍ਹਾਂ ਨੂੰ ਮਿਲ ਕੇ ਪੁਛਿਆ ਕਿ ਕੀ ਸਾਡੀ ਬਣਾਈ ਹੋਈ ਸਿੱਖ ਰਹਿਤ ਮਰਯਾਦਾ ਗੁਰੂ ਗ੍ਰੰਥ ਸਾਹਿਬ ਦੇ ਬਰਾਬਰ ਹੋ ਗਈ? ਜਿਸ ਬਚਿੱਤ੍ਰ ਨਾਟਕ ਕਿਤਾਬ ਨੂੰ ਦਸਮ ਗ੍ਰੰਥ ਦਾ ਨਾਂ ਦੇਕੇ ਗੁਰੂ ਗ੍ਰੰਥ ਸਾਹਿਬ ਦੇ ਬਰਾਬਰ ਮੰਜੀ ਵਿੱਛਾ ਦਿੱਤੀ ਗਈ ਹੈ, ਕੌਮ ਨੂੰ ਉਸ ਤੋਂ ਖਹਿੜਾ ਛੁਡਾਉਣਾ ਤਾਂ ਔਖਾ ਹੋ ਰਿਹਾ ਹੈ, ਹੁਣ ਤੁਸੀਂ ਰਹਿਤ ਮਰਯਾਦਾ ਨੂੰ ਬਰਾਬਰੀ ਦੇ ਰਹੇ ਹੋ, ਤਾਂ ਉਹ ਬਹਾਨੇ ਬਨਾਉਣ ਲਗ ਪਏ, ਕਹਿਣ ਲੱਗੇ, ਨਹੀਂ ! ਸਾਨੂੰ ਮਰਯਾਦਾ ਦੇ ਖਿਲਾਫ ਨਹੀਂ ਬੋਲਣਾ ਚਾਹੀਦਾ ਜੇ ਕੁਝ ਗ਼ਲਤ ਹੈ ਤਾਂ ਉਹ ਸਮੇਂ ਨਾਲ ਆਪੇ ਠੀਕ ਹੋ ਜਾਵੇਗਾ । ਮੈਂ ਪੁੱਛਿਆ ਕਿ ਜੇ ਇਸ ਵਿੱਚਲੀਆਂ ਗ਼ਲਤੀਆਂ ਦੀ ਗੱਲ ਨਹੀਂ ਕਰਾਂਗੇ ਤਾਂ ਉਨ੍ਹਾਂ ਵਿੱਚ ਸੋਧ ਦੀ ਗੱਲ ਹੀ ਕਿਵੇਂ ਚਲੇਗੀ? ਤਾਂ ਉਨ੍ਹਾਂ ਕੋਲ ਕੋਈ ਜੁਆਬ ਨਹੀਂ ਸੀ।

ਲੇਖਕ ਸਿੱਖ ਰਹਿਤ ਮਰਯਾਦਾ ਦੀ ਮਹੱਤਤਾ ਤੋਂ ਮੁਨਕਰ ਨਹੀਂ ਹੈ, ਬਲਕਿ ਇਹ ਸਮਝਦਾ ਹੈ ਕਿ ਇਸ ਦਾ ਸਥਾਨ ਕੌਮ ਵਿੱਚ ਕਿਸੇ ਦੇਸ਼ ਦੇ ਵਿਧਾਨ ਵਰਗਾ ਹੈ, ਪਰ ਦੁਨੀਆਂ ਦਾ ਕਿਹੜਾ ਵਿਧਾਨ ਹੈ, ਜਿਸ ਵਿੱਚ ਕਦੇ ਸੋਧ ਨਹੀਂ ਹੋਈ? ਅਜ਼ਾਦ ਭਾਰਤ ਦਾ ਨਵਾਂ ਵਿਧਾਨ ਬਣਿਆਂ ਕੇਵਲ 61 ਵਰ੍ਹੇ ਹੋਏ ਹਨ ਅਤੇ ਹੁਣ ਤੱਕ ਇਸ ਵਿੱਚ ਸੈਂਕੜੇ ਸੋਧਾਂ ਹੋ ਚੁੱਕੀਆਂ ਹਨ। ਸੋਧਾਂ ਹੁੰਦੀਆਂ ਵੀ ਤਾਂ ਹੀ ਹਨ ਜਦੋਂ ਉਸ ਵਿਚਲੀਆਂ ਕਮੀਆਂ ਨੂੰ ਉਜਾਗਰ ਕੀਤਾ ਜਾਂਦਾ ਹੈ। ਜਿਸ ਬਾਰੇ ਗੱਲ ਹੀ ਨਾ ਕੀਤੀ ਜਾਵੇ, ਉਹ ਤਾਂ ਪ੍ਰਵਾਨਤ ਹੁੰਦਾ ਹੈ, ਫਿਰ ਉਸ ਦੀ ਸੋਧ ਦਾ ਸੁਆਲ ਕਿਥੋਂ ਆਇਆ? ਇਸ ਰਹਿਤ ਮਰਯਾਦਾ ਦੀ ਦੁਰਵਰਤੋਂ ਦੁਆਰਾ ਹੀ, ਨਿਤਨੇਮ ਦੀਆਂ ਬਾਣੀਆਂ ਦੀ ਗੱਲ ਕਰਕੇ ਜਾਂ ਅੰਮ੍ਰਿਤ(ਪਾਹੁਲ) ਦਾ ਰੌਲਾ ਪਾਕੇ ਭੋਲੇ ਭਾਲੇ ਸਿੱਖਾਂ ਦਾ ਮਾਨਸਿਕ ਸ਼ੋਸ਼ਣ ਕੀਤਾ ਜਾ ਰਿਹਾ ਹੈ ਅਤੇ ਇਸ ਬਹਾਨੇ ਬਚਿੱਤ੍ਰ ਨਾਟਕ ਨੂੰ ਪਰਵਾਣ ਕਰਾਉਣ ਦੀ ਖੇਡ ਚੱਲ ਰਹੀ ਹੈ। ਜਦੋਂ ਇਸ ਬਚਿੱਤ੍ਰ ਨਾਟਕ ਪੁਸਤਕ ਦੀ ਸਚਾਈ ਸੰਗਤਾਂ ਦੇ ਸਾਹਮਣੇ ਲਿਆਂਦੀ ਜਾਂਦੀ ਹੈ ਤਾਂ ਇਸ ਦੇ ਹਮਾਇਤੀ ਇਹ ਸ਼ੋਰ ਪਾਉਂਦੇ ਹਨ ਕਿ ਗੁਰੂ ਗੋਬਿੰਦ ਸਿੰਘ ਪਾਤਿਸ਼ਾਹ ਦੁਆਰਾ ਸਥਾਪਤ ਅੰਮ੍ਰਿਤ ਦੀ ਮਰਯਾਦਾ ਤੇ ਹਮਲਾ ਕਰ ਰਹੇ ਹਨ, ਇਹ ਖੰਡੇ-ਬਾਟੇ ਦੀ ਪਾਹੁਲ ਦੀ ਸੰਸਥਾ ਖਤਮ ਕਰਨਾ ਚਾਹੁੰਦੇ ਹਨ, ਹਾਲਾਂਕਿ ਸਚਾਈ ਇਹ ਹੈ ਕਿ ਇਸ ਕਿਤਾਬ ਅੰਦਰ ਖੰਡੇ-ਬਾਟੇ ਦੀ ਪਾਹੁਲ ਦੇ ਸੰਸਕਾਰ ਦਾ ਕੋਈ ਜ਼ਿਕਰ ਤੱਕ ਨਹੀਂ। ਇਹ ਕਿਵੇਂ ਹੋ ਸਕਦਾ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਆਪਣੇ ਹੱਥ ਨਾਲ ਆਪਣੀ ਸਵੈ-ਜੀਵਨੀ ਲਿਖਣ ਪਰ ਉਸ ਵਿੱਚ ਆਪਣੇ ਜੀਵਨ ਦੀ ਸਭ ਤੋਂ ਮਹੱਤਵਪੂਰਨ ਘਟਨਾ, ਜੋ ਮਨੁੱਖੀ ਇਤਿਹਾਸ ਵਿੱਚ ਇਕ ਵੱਡੇ ਇਨਕਲਾਬ ਦਾ ਕਾਰਨ ਬਣੀ, ਦਾ ਜ਼ਿਕਰ ਤੱਕ ਨਾ ਕਰਨ?

ਕਈ ਨਾਸਮਝ ਲੋਕ ਇਹ ਵੀ ਕਹਿ ਦੇਂਦੇ ਹਨ ਕਿ ਪਾਹੁਲ ਦਾ ਜ਼ਿਕਰ ਤਾਂ ਗੁਰੂ ਗ੍ਰੰਥ ਸਾਹਿਬ ਵਿੱਚ ਵੀ ਨਹੀਂ। ਐਸੇ ਲੋਕਾਂ ਦੀ ਅਕਲ ਤੇ ਤਾਂ ਤਰਸ ਹੀ ਖਾਧਾ ਜਾ ਸਕਦਾ ਹੈ, ਜਿਨ੍ਹਾਂ ਨੂੰ ਇਤਨਾ ਵੀ ਨਹੀਂ ਪਤਾ ਕਿ ਗੁਰੂ ਗ੍ਰੰਥ ਸਾਹਿਬ ਵਿੱਚ ਕੋਈ ਵੀ ਲਿਖਤ ਇਤਿਹਾਸ ਰੂਪ ਵਿੱਚ ਨਹੀਂ ਹੈ, ਕੇਵਲ ਅਕਾਲ-ਪੁਰਖ ਦੀ ਸਿਫਤਿ ਸਲਾਹ ਗਾਉਂਦੀ ਅਤੇ ਅਲੌਕਿਕ ਜੀਵਨ-ਜੁਗਤ ਦ੍ਰਿੜ ਕਰਾਉਂਦੀ ਇਲਾਹੀ ਅੰਮ੍ਰਿਤ ਬਾਣੀ ਹੈ। ਹਾਂ ਗੁਰਬਾਣੀ ਰਾਹੀਂ ਕਈ

ਇਤਿਹਾਸਿਕ ਘਟਨਾਵਾਂ ਦੇ ਕੁਝ ਸੰਕੇਤ ਮਿਲ ਜਾਂਦੇ ਹਨ, ਜਿਵੇਂ 'ਪਾਪ ਕੀ ਜੰਵ ਲੈ ਕਾਬਲਹੁ ਧਾਇਆ ਜੋਰੀ ਮੰਗੈ ਦਾਨੁ ਵੇ ਲਾਲੋ ॥' ਵਾਲੇ ਸ਼ਬਦ ਤੋਂ ਬਾਬਰ ਦੇ ਹਮਲੇ ਦਾ ਅਤੇ 'ਦਇਆ ਕਪਾਹ ਸੰਤੋਖੁ ਸੂਤੁ ਜਤੁ ਗੰਢੀ ਸਤੁ ਵਟੁ ॥' ਵਾਲੇ ਸ਼ਬਦ ਤੋਂ ਜਨੇਊ ਦੇ ਕਰਮਕਾਂਡ ਵਾਲੀ ਘਟਨਾ ਦੇ ਸੰਕੇਤ ਮਿਲਦੇ ਹਨ, ਆਦਿ..। ਜੇ ਗੁਰੂ ਗ੍ਰੰਥ ਸਾਹਿਬ ਵਿੱਚ ਵੀ ਇਤਿਹਾਸਿਕ ਪ੍ਰਸੰਗ ਜਾਂ ਕਹਾਣੀਆਂ ਹੁੰਦੀਆਂ ਤਾਂ ਇਹ ਕਿਵੇਂ ਹੋ ਸਕਦਾ ਸੀ ਕਿ ਗੁਰੂ ਨਾਨਕ ਪਾਤਿਸ਼ਾਹ ਆਪਣੇ ਜੀਵਨ ਦੀ ਪਹਿਲੀ ਅਤਿ ਮਹੱਤਵਪੂਰਨ ਇਸ ਇਤਿਹਾਸਿਕ ਘਟਨਾ ਨੂੰ ਵੇਰਵੇ ਸਹਿਤ ਦਰਜ ਨਾ ਕਰਦੇ। ਦੂਸਰੇ ਪਾਸੇ ਬਚਿੱਤ੍ਰ ਨਾਟਕ ਪੁਸਤਕ ਤਾਂ ਕੇਵਲ ਪਹਿਲੇ 38 ਪੰਨੇ ਛੱਡ ਕੇ, ਸੱਚੇ-ਝੂਠੇ ਇਤਿਹਾਸ ਅਤੇ ਅਸ਼ਲੀਲ ਕਹਾਣੀਆਂ ਨਾਲ ਭਰੀ ਪਈ ਹੈ। ਇਸ ਵਿੱਚੋਂ ਵੀ ਛੋਟਾ ਜਿਹਾ ਭਾਗ ਹੈ(ਜੇ ਵੱਧ ਤੋਂ ਵੱਧ ਕਹਿ ਲਈਏ ਤਾਂ 35 ਪੰਨੇ) ਜਿਸਨੂੰ ਗੁਰੂ ਗੋਬਿੰਦ ਸਿੰਘ ਜੀ ਦੀ ਸਵੈ-ਜੀਵਨੀ ਆਖਿਆ ਜਾਂਦਾ ਹੈ, ਬਾਕੀ ਸਾਰਾ ਅਨਮਤੀਆਂ ਨਾਲ ਸਬੰਧਤ ਮਿਥਿਹਾਸ ਹੈ, ਜਿਸ ਨਾਲ ਸਿੱਖ ਕੌਮ ਦਾ ਕੋਈ ਨੇੜੇ-ਤੇੜੇ ਦਾ ਸਬੰਧ ਨਹੀਂ।

ਇਕ ਹੋਰ ਭੁਲੇਖਾ ਪਾਉਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ ਕਿ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਤਾਂ ਸ਼ਾਂਤ-ਰਸ ਦੀ ਹੈ ਅਤੇ ਬਚਿੱਤ੍ਰ ਨਾਟਕ ਵਿੱਚ ਬੀਰ-ਰਸ। ਜੇ ਬਚਿੱਤ੍ਰ ਨਾਟਕ ਦੀਆਂ ਰਚਨਾਵਾਂ ਪਾਹੁਲ ਤਿਆਰ ਕਰਨ ਵੇਲੇ ਪੜ੍ਹੀਆਂ ਜਾਂਦੀਆਂ ਹਨ ਤਾਂ ਉਸ ਨਾਲ ਸਿੱਖ ਦੇ ਜੀਵਨ ਵਿੱਚ ਬੀਰ-ਰਸ ਆਉਂਦਾ ਹੈ, ਨਹੀਂ ਤਾਂ ਸਿੱਖ ਦਾ ਜੀਵਨ ਬੀਰ-ਰਸ ਤੋਂ ਸਖਣਾ ਰਹਿ ਜਾਵੇਗਾ। ਇਸ ਦਾ ਮਤਲਬ ਤਾਂ ਇਹ ਹੋਇਆ ਕਿ ਗੁਰੂ ਗ੍ਰੰਥ ਸਾਹਿਬ ਅਧੂਰੇ ਗੁਰੂ ਹਨ, ਐਸੇ ਲੋਕਾਂ ਨੂੰ ਇਹ ਕਹਿੰਦਿਆਂ ਸ਼ਰਮ ਵੀ ਨਹੀਂ ਆਉਂਦੀ। ਪਰ ਜਿਨ੍ਹਾਂ ਦੀ ਵਫਾਦਾਰੀ ਹੀ ਵਿਖਾਵੇ ਦੀ ਹੋਵੇ, ਉਨ੍ਹਾਂ ਨੂੰ ਕਾਹਦੀ ਸ਼ਰਮ? ਜੇ ਬਚਿੱਤ੍ਰ ਨਾਟਕ ਤੋਂ ਬਿਨਾਂ ਬੀਰ-ਰਸ ਨਹੀਂ ਆਉਂਦਾ, ਤਾਂ ਗੁਰੂ ਨਾਨਕ ਪਾਤਿਸ਼ਾਹ ਵਿੱਚ ਬੀਰ-ਰਸ ਕਿਥੋਂ ਆ ਗਿਆ? ਜਿਨ੍ਹਾਂ ਬਾਬਰ ਦੇ ਜ਼ੁਲਮ ਖਿਲਾਫ ਅਵਾਜ਼ ਬੁਲੰਦ ਕੀਤੀ:

"ਪਾਪ ਕੀ ਜੰਵ ਲੈ ਕਾਬਲਹੁ ਧਾਇਆ ਜੋਰੀ ਮੰਗੈ ਦਾਨੁ ਵੇ ਲਾਲੋ ॥"(ਪੰਨਾ ੭੨੨)

ਫਿਰ ਗੁਰੂ ਅਰਜਨ ਸਾਹਿਬ ਤੱਤੀ ਤਵੀ ਤੇ ਕਿਵੇਂ ਬੈਠ ਗਏ, ਸਰੀਰ ਦੇਗ ਵਿੱਚ ਉਬਲਵਾ ਲਿਆ? ਫਿਰ ਗੁਰੂ ਹਰਗੋਬਿੰਦ ਪਾਤਿਸ਼ਾਹ ਨੇ ਚਾਰ ਜੰਗਾਂ ਕਿਵੇਂ ਲੱੜ ਲਈਆਂ? ਸਤਿਗੁਰੂ ਦੇ ਨਾਲ ਜੰਗਾਂ ਵਿੱਚ ਸੈਂਕੜੈ ਸਿੱਖ ਸ਼ਾਮਲ ਹੋਏ, ਉਨ੍ਹਾਂ ਵਿੱਚੋਂ ਕਈਆਂ ਸ਼ਹੀਦੀਆਂ ਵੀ ਪ੍ਰਾਪਤ ਕੀਤੀਆਂ। ਸਤਿਗੁਰੂ ਨੇ ਚਾਰੇ ਹੀ ਜੰਗਾਂ ਵਿੱਚ ਫਤਹਿ ਪ੍ਰਾਪਤ ਕੀਤੀ। ਸਭ ਬੀਰ-ਰਸ ਤੋਂ ਬਿਨਾਂ ਹੀ? ਗੁਰੂ ਤੇਗ ਬਹਾਦਰ ਸਾਹਿਬ ਨੇ ਬਿਨਾਂ ਬੀਰ-ਰਸ ਹੀ ਚਾਂਦਨੀ ਚੌਂਕ ਵਿੱਚ ਸੀਸ ਕਟਾ ਲਿਆ, ਭਾਈ ਮਤੀ ਦਾਸ, ਭਾਈ ਸਤੀ ਦਾਸ, ਅਤੇ ਭਾਈ ਦਿਆਲਾ ਜੀ ਬੀਰ-ਰਸ ਤੋਂ ਬਿਨਾਂ ਹੀ ਗੁਰੂ ਤੇਗ ਬਹਾਦਰ ਸਾਹਿਬ ਦੇ ਸਨਮੁੱਖ ਰਹਿਕੇ ਸਤਿਗੁਰੂ ਤੋਂ ਪਹਿਲਾਂ ਸ਼ਹੀਦੀ ਪਾ ਗਏ?

ਸਿੱਖੀ ਵਿੱਚ ਬੀਰ-ਰਸ ਦੀ ਸ਼ੁਰੂਆਤ ਤਾਂ ਗੁਰੂ ਨਾਨਕ ਪਾਤਿਸ਼ਾਹ ਨੇ ਆਪ ਹੀ ਇਨ੍ਹਾਂ ਬਚਨਾਂ ਨਾਲ ਸ਼ੁਰੂ ਕਰ ਦਿੱਤੀ ਸੀ:

"ਜਉ ਤਉ ਪ੍ਰੇਮ ਖੇਲਣ ਕਾ ਚਾਉ ॥ ਸਿਰੁ ਧਰਿ ਤਲੀ ਗਲੀ ਮੇਰੀ ਆਉ ॥ ਇਤੁ ਮਾਰਗਿ ਪੈਰੁ ਧਰੀਜੈ ॥ ਸਿਰੁ ਦੀਜੈ ਕਾਣਿ ਨ ਕੀਜੈ ॥੨੦॥"(ਪੰਨਾ ੧੪੧੨)

ਗੁਰੂ ਅਰਜਨ ਪਾਤਿਸ਼ਾਹ ਦੇ ਪਾਵਨ ਬਚਨ ਹਨ:

"ਪਹਿਲਾ ਮਰਣੁ ਕਬੂਲਿ ਜੀਵਣ ਕੀ ਛਡਿ ਆਸ ॥ ਹੋਹੁ ਸਭਨਾ ਕੀ ਰੇਣੁਕਾ ਤਉ ਆਉ ਹਮਾਰੈ ਪਾਸਿ ॥"(ਪੰਨਾ ੧੧੦੨)

ਗੁਰੂ ਗ੍ਰੰਥ ਸਾਹਿਬ ਪਾਤਿਸ਼ਾਹ ਦੀ ਬਾਣੀ ਸਿੱਖ ਨੂੰ ਬੀਰ ਰਸੀ ਜ਼ਾਲਮ ਨਹੀਂ, ਸੰਤ ਸਿਪਾਹੀ ਬਣਾਉਂਦੀ ਹੈ:

"ਗਗਨ ਦਮਾਮਾ ਬਾਜਿਓ ਪਰਿਓ ਨੀਸਾਨੈ ਘਾਉ ॥ ਖੇਤੁ ਜੁ ਮਾਂਡਿਓ ਸੂਰਮਾ ਅਬ ਜੂਝਨ ਕੋ ਦਾਉ ॥੧॥ ਸੂਰਾ ਸੋ ਪਹਿਚਾਨੀਐ ਜੁ ਲਰੈ ਦੀਨ ਕੇ ਹੇਤ ॥ ਪੁਰਜਾ ਪੁਰਜਾ ਕਟਿ ਮਰੈ ਕਬਹੂ ਨ ਛਾਡੈ ਖੇਤੁ ॥੨॥੨॥"(ਸਲੋਕ ਕਬੀਰ, ਪੰਨਾ ੧੧੦੫)

"ਮਰਣੁ ਮੁਣਸਾ ਸੂਰਿਆ ਹਕੁ ਹੈ ਜੋ ਹੋਇ ਮਰਨਿ ਪਰਵਾਣੋ ॥ ਸੂਰੇ ਸੇਈ ਆਗੈ ਆਖੀਅਹਿ ਦਰਗਹ ਪਾਵਹਿ ਸਾਚੀ ਮਾਣੋ ॥" (ਵਡਹੰਸੁ ਮਹਲਾ ੧, ਪੰਨਾ ੫੭੯)

"ਕਬੀਰ ਮੁਹਿ ਮਰਨੇ ਕਾ ਚਾਉ ਹੈ ਮਰਉ ਤ ਹਰਿ ਕੈ ਦੁਆਰ ॥ ਮਤ ਹਰਿ ਪੂਛੈ ਕਉਨੁ ਹੈ ਪਰਾ ਹਮਾਰੈ ਬਾਰ ॥੬੧॥"(ਪੰਨਾ ੧੩੬੭)

ਗੁਰੂ ਗ੍ਰੰਥ ਸਾਹਿਬ ਦੀ ਬਾਣੀ ਸਿੱਖ ਨੂੰ ਨਿਰਭਉ, ਨਿਰਵੈਰ ਬਣਾਉਂਦੀ ਹੈ, ਜੋ ਸੰਤ ਸਿਪਾਹੀ ਦੇ ਮੂਲ ਗੁਣ ਹਨ। ਇਸ ਵਿੱਚ ਕੋਈ ਸ਼ੱਕ ਹੀ ਨਹੀਂ ਕਿ ਗੁਰੂ ਗ੍ਰੰਥ ਸਾਹਿਬ ਜੀ ਪੂਰਨ ਗੁਰੂ ਹਨ। ਇਸ ਗੱਲ ਦੀ ਪ੍ਰੋੜਤਾ ਦੇ ਬੇਅੰਤ ਪ੍ਰਮਾਣ ਸਾਨੂੰ ਗੁਰਬਾਣੀ ਦੇ ਅੰਦਰੋਂ ਹੀ ਮਿਲਦੇ ਹਨ:

"ਗੁਰੁ ਪੂਰਾ ਪਾਯਉ ਬਡ ਭਾਗੀ ਲਿਵ ਲਾਗੀ ਮੇਦਨਿ ਭਰੁ ਸਹਤਾ ॥"
(ਸਵਈਏ ਮਹਲੇ ਪੰਜਵੇ ਕੇ, ਪੰਨਾ ੧੪੦੬)

"ਕਰਿ ਕਿਰਪਾ ਹਰਿ ਮੇਲਿਆ ਮੇਰਾ ਸਤਿਗੁਰੁ ਪੂਰਾ ॥ ਇਛ ਪੁੰਨੀ ਜਨ ਕੇਰੀਆ ਲੇ ਸਤਿਗੁਰ ਧੂਰਾ ॥" (ਗਉੜੀ ਬੈਰਾਗਣਿ ਮਹਲਾ ੪, ਪੰਨਾ ੧੬੮)

"ਪੂਰਾ ਸਤਿਗੁਰੁ ਭੇਟਿਆ ਬਿਨਸਿਆ ਸਭੁ ਜੰਜਾਲੁ ॥"
(ਸਿਰੀਰਾਗੁ ਮਹਲਾ ੫, ਪੰਨਾ ੫੨)

ਇਕ ਭੁਲੇਖਾ ਹੋਰ ਪਾਇਆ ਜਾਂਦਾ ਹੈ ਕਿ ਇਹ ਮਰਯਾਦਾ ਪੰਥ ਨੇ ਬਣਾਈ ਹੈ ਅਤੇ ਪੰਥ ਨੂੰ ਅਧਿਕਾਰ ਹੈ, ਫੈਸਲੇ ਲੈਣ ਦਾ। ਇਸ ਵਿੱਚ ਕੋਈ ਸ਼ੱਕ ਨਹੀਂ ਕਿ ਪੰਥ ਨੂੰ ਫੈਸਲਾ ਲੈਣ ਦਾ ਅਧਿਕਾਰ ਹੈ ਪਰ ਹਰ ਅਧਿਕਾਰ ਦੀਆਂ ਕੁਝ ਸੀਮਾਵਾਂ ਹੁੰਦੀਆਂ ਹਨ। ਅਦਾਲਤਾਂ ਵਿੱਚ ਬੈਠੇ ਜੱਜਾਂ ਨੂੰ ਬਹੁਤ ਅਧਿਕਾਰ ਹਨ, ਇਥੋਂ ਤੱਕ ਕੇ ਉਹ ਕਿਸੇ ਨੂੰ ਮੌਤ ਦੀ ਸਜ਼ਾ ਦੇ ਸਕਦੇ ਹਨ, ਪਰ ਉਸ ਜੱਜ ਦੇ ਨਿਆਂ ਕਰਨ ਵਾਸਤੇ ਕੁਝ ਨੇਮ ਬਣਾਏ ਗਏ

ਹਨ, ਇਕ ਨਿਸ਼ਚਿਤ ਵਿਧੀ ਵਿਧਾਨ ਹੈ। ਉਹ ਕੇਵਲ ਉਸ ਵਿਧੀ ਵਿਧਾਨ ਅਨੁਸਾਰ ਹੀ ਫੈਸਲਾ ਲੈ ਸਕਦੇ ਹਨ, ਆਪਣੀ ਮਰਜ਼ੀ ਅਨੁਸਾਰ ਬਿਲਕੁਲ ਨਹੀਂ। ਜੇ ਕੋਈ ਜੱਜ ਆਖੇ ਮੈਨੂੰ ਕਿਸੇ ਨੂੰ ਫਾਹੇ ਲਾਉਣ ਦਾ ਅਧਿਕਾਰ ਹੈ, ਮੈਂ ਜਿਸਨੂੰ ਮਰਜ਼ੀ ਫਾਹੇ ਲਾ ਦਿਆਂ, ਐਸਾ ਬਿਲਕੁਲ ਸੰਭਵ ਨਹੀਂ। ਸਤਿਗੁਰੂ ਨੇ ਤਾਂ ਸਿੱਖ ਨੂੰ ਆਪਣੇ ਬਰਾਬਰ ਸਤਿਕਾਰ ਦਿੱਤਾ ਹੈ। ਗੁਰਬਾਣੀ ਦਾ ਫੁਰਮਾਨ ਹੈ:

"ਗੁਰੂ ਸਿਖੁ ਸਿਖੁ ਗੁਰੂ ਹੈ ਏਕੋ ਗੁਰ ਉਪਦੇਸੁ ਚਲਾਏ ॥"

{ਆਸਾ ਮਹਲਾ ੪, ਪੰਨਾ ੪੪੪}

ਜਿਥੇ ਸਤਿਗੁਰੂ ਨੇ 'ਗੁਰੂ ਸਿਖੁ ਸਿਖੁ ਗੁਰੂ ਹੈ' ਕਹਿ ਕੇ ਬਹੁਤ ਵੱਡਾ ਮਾਣ ਦਿੱਤਾ ਹੈ, ਉਥੇ ਨਾਲ ਹੀ ਇਕ ਵਿਧੀ ਵਿਧਾਨ ਵਿੱਚ ਬੰਨ ਦਿੱਤਾ ਹੈ ਕਿ 'ਏਕੋ ਗੁਰ ਉਪਦੇਸੁ ਚਲਾਏ' ਭਾਵ ਸਿੱਖ ਉਪਦੇਸ਼ ਕੇਵਲ ਗੁਰੂ ਦਾ ਹੀ ਚਲਾ ਸਕਦਾ ਹੈ, ਉਸ ਤੋਂ ਬਾਹਰ ਜਾਕੇ ਨਾ ਕੋਈ ਪ੍ਰਚਾਰ ਕਰ ਸਕਦਾ ਹੈ ਨਾ ਫੈਸਲੇ ਲੈ ਸਕਦਾ ਹੈ। ਗੁਰੂ ਹੈ, ਗੁਰੂ ਗ੍ਰੰਥ ਸਾਹਿਬ ਜੀ ਅਤੇ ਉਪਦੇਸ਼ ਹੈ, ਗੁਰੂ ਗ੍ਰੰਥ ਸਾਹਿਬ ਦੀ ਬਾਣੀ। ਇਸ ਤੋਂ ਬਾਹਰ ਜਾਣ ਦਾ ਕਿਸੇ ਵਿਅਕਤੀ ਕੋਲ, ਵਿਅਕਤੀ ਸਮੂਹ ਕੋਲ ਜਾਂ ਪੰਥ ਕੋਲ ਕੋਈ ਅਧਿਕਾਰ ਨਹੀਂ। ਜੇ ਅਸੀਂ ਐਸੀ ਭੁੱਲ ਪਹਿਲਾਂ ਕਰ ਬੈਠੇ ਹਾਂ ਤਾਂ ਇਸ ਨੂੰ ਫੌਰੀ ਸੁਧਾਰ ਲੈਣ ਵਿੱਚ ਹੀ ਭਲਾ ਹੈ।

ਅੱਜ ਇਸ ਗੱਲ ਦੀ ਲੋੜ ਹੈ ਕਿ ਅਸੀਂ ਆਪਣੀ ਭੁੱਲ ਫੌਰੀ ਸੁਧਾਰੀਏ, ਸਾਡੇ ਸਤਿਗੁਰੂ ਕੇਵਲ ਗੁਰੂ ਗ੍ਰੰਥ ਸਾਹਿਬ ਜੀ ਹਨ, ਅਸੀਂ ਪਾਹੁਲ ਛਕਦੇ, ਸੀਸ ਭੇਟ ਕਰ ਕੇ ਇਹ ਪ੍ਰਣ ਕਰਦੇ ਹਾਂ ਕਿ ਸਤਿਗੁਰੂ ਅੱਜ ਤੋਂ ਜੀਵਨ ਆਪ ਦੇ ਲੇਖੇ ਹੈ, ਬਾਕੀ ਦੀ ਸਾਰੀ ਜ਼ਿੰਦਗੀ ਆਪ ਜੀ ਦੇ ਪਾਵਨ ਸਿਧਾਂਤਾਂ ਦੀ ਪਹਿਰੇਦਾਰੀ ਕਰਾਂਗੇ। ਇਸ ਲਈ ਪਾਹੁਲ ਤਿਆਰ ਕਰਨ ਸਮੇਂ ਬਾਣੀ ਵੀ ਕੇਵਲ ਗੁਰੂ ਗ੍ਰੰਥ ਸਾਹਿਬ ਵਿੱਚੋਂ ਹੀ ਪੜ੍ਹੀ ਜਾਣੀ ਚਾਹੀਦੀ ਹੈ। ਪਾਹੁਲ ਦਾ ਭਾਵ ਹੈ ਪਾਹੁ ਚੜ੍ਹਾਉਣਾ, ਜਦ ਪਾਹੁ ਗੁਰਬਾਣੀ ਦੀ ਚੜ੍ਹਾਉਣੀ ਹੈ, ਜੀਵਨ ਨੂੰ ਗੁਰਬਾਣੀ ਦੇ ਰੰਗ ਵਿੱਚ ਰੰਗਣਾ ਹੈ ਤਾਂ ਪਾਹੁਲ ਤਿਆਰ ਕਰਦਿਆਂ ਗੁਰੂ ਗ੍ਰੰਥ ਸਾਹਿਬ ਤੋਂ ਬਾਹਰੋਂ ਕੋਈ ਰਚਨਾ ਪੜ੍ਹਨ ਦਾ ਸੁਆਲ ਹੀ ਪੈਦਾ ਨਹੀਂ ਹੁੰਦਾ।

ਸਮੇਂ ਦੀ ਲੋੜ ਹੈ ਕਿ ਸੁਚੇਤ ਸਿੱਖ ਜਥੇਬੰਦੀਆਂ, ਰੱਲ ਕੇ, ਗੁਰੂ ਗ੍ਰੰਥ ਸਾਹਿਬ ਵਿੱਚੋਂ ਬਾਣੀਆਂ ਦੀ ਚੋਣ ਕਰਕੇ ਇਕ ਸਾਂਝਾ ਫੈਸਲਾ ਕਰਕੇ, ਇਹ ਪਾਵਨ ਕਾਰਜ ਫੌਰੀ ਸ਼ੁਰੂ ਕਰ ਦੇਣ, ਕਿਉਂਕਿ ਜੋ ਲੋਕ ਅੱਜ ਪ੍ਰਮੁੱਖ ਸਿੱਖ ਸੰਸਥਾਵਾਂ ਤੇ ਕਾਬਜ਼ ਹਨ, ਉਨ੍ਹਾਂ ਦੀਆਂ ਤੜਾਂਵਾਂ ਤਾਂ ਪੰਥ-ਵਿਰੋਧੀ ਸ਼ਕਤੀਆਂ ਦੇ ਹੱਥਾਂ ਵਿਚ ਹਨ, ਉਨ੍ਹਾਂ ਕੋਲੋਂ ਆਸ ਰਖਣੀ ਕਿ ਉਹ ਕੋਈ ਠੀਕ ਸੋਧ ਕਰਨਗੇ, ਸਮਾਂ ਬਰਬਾਦ ਕਰਨਾ ਅਤੇ ਆਪਣੇ ਆਪ ਨੂੰ ਧੋਖਾ ਦੇਣਾ ਹੈ। ਹਾਂ ! ਉਹ ਹੋਰ ਬਰਬਾਦੀ ਤਾਂ ਕਰ ਸਕਦੇ ਹਨ ਅਤੇ ਇਸ ਦੀ ਤਿਆਰੀ ਵੀ ਕਰ ਰਹੇ ਹਨ।

ਅੱਜ ਖੰਡੇ-ਬਾਟੇ ਦੀ ਪਾਹੁਲ ਛੱਕ ਚੁਕੇ ਜਾਂ ਛਕਣ ਵਾਲੇ ਹਰ ਗੁਰਸਿੱਖ ਨੂੰ ਵੀ ਇਹ ਸਮਝ ਲੈਣਾ ਚਾਹੀਦਾ ਹੈ ਕਿ ਗੁਰਬਾਣੀ ਪੜ੍ਹ ਕੇ, ਸਾਨੂੰ ਕੋਈ ਮੰਤ੍ਰ ਪਾਣੀ ਵਿੱਚ ਘੋਲ ਕੇ ਨਹੀਂ ਪਿਆਇਆ ਗਿਆ, ਬਲਕਿ ਇਹ ਪ੍ਰਣ ਕਰਾਇਆ ਗਿਆ ਹੈ ਕਿ ਸਾਰਾ ਜੀਵਨ ਗੁਰਬਾਣੀ ਦੀ ਅਗਵਾਈ ਵਿੱਚ ਬਤੀਤ ਕਰਾਂਗੇ, ਗੁਰੂ ਗ੍ਰੰਥ ਸਾਹਿਬ ਦੀ ਓਟ ਛੱਡ ਕੇ ਹੋਰ ਕਿਧਰੇ ਨਹੀਂ ਭਟਕਾਂਗੇ।

ਅੰਮ੍ਰਿਤ ਸੰਸਕਾਰ ਦੀ ਮਦ (ਚ) ਵਿੱਚ ਲਿਖਿਆ ਹੈ: 'ਹਰ ਇਕ ਬਾਣੀ ਪੜ੍ਹਨ ਵਾਲਾ ਖੱਬਾ ਹੱਥ ਬਾਟੇ ਦੇ ਕੰਢੇ ਤੇ ਧਰੇ ਤੇ ਸੱਜੇ ਹਥ ਨਾਲ ਖੰਡਾ ਜਲ ਵਿੱਚ ਫੇਰੀ ਜਾਵੇ। ਸੁਰਤ ਇਕਾਗਰ ਹੋਵੇ। ਬਾਕੀ ਦਿਆਂ ਦੇ ਦੋਵੇਂ ਹੱਥ ਬਾਟੇ ਦੇ ਕੰਢੇ 'ਤੇ ਅਤੇ ਧਿਆਨ ਅੰਮ੍ਰਿਤ ਵਲ ਟਿਕੇ।'

ਖੰਡਾ

ਪਾਹੁਲ ਤਿਆਰ ਕਰਦਿਆਂ ਬਾਟੇ ਵਿੱਚ ਜਲ ਅਤੇ ਪਤਾਸੇ ਪਾ ਕੇ ਵਿੱਚ ਖੰਡਾ ਫੇਰਿਆ ਜਾਂਦਾ ਹੈ। ਇਸੇ ਵਾਸਤੇ ਇਸ ਨੂੰ ਖੰਡੇ-ਬਾਟੇ ਦੀ ਪਾਹੁਲ ਕਿਹਾ ਜਾਂਦਾ ਹੈ। ਭਾਈ ਕਾਹਨ ਸਿੰਘ ਜੀ ਨਾਭਾ ਮਹਾਨ ਕੋਸ਼ ਦੇ ਪੰਨਾ 387 ਤੇ ਖੰਡਾ ਦੇ ਅਰਥ ਇੰਝ ਕਰਦੇ ਹਨ:

ਖੰਡਾ: ਦੋਧਾਰਾ ਖੜਗ. ਦੋਹਾਂ ਪਾਸਿਆਂ ਤੋਂ ਖੰਡਨ ਕਰਨ ਵਾਲਾ ਸ਼ਸਤ੍ਰ।

ਇਹ ਸ਼ਸਤ੍ਰ ਬਹੁਤੇ ਤੌਰ ਤੇ ਖਾਲਸਾਈ ਪ੍ਰੰਪਰਾ ਵਿੱਚ ਪ੍ਰਚੱਲਤ ਰਿਹਾ ਹੈ ਅਤੇ ਜਾਪਦਾ ਹੈ ਕਿ ਸਿੱਖ ਕੌਮ ਵਿੱਚ ਮੀਰੀ ਪੀਰੀ ਦੇ ਸਾਂਝੇ ਪ੍ਰਗਟਾਵੇ ਤੋਂ ਬਾਅਦ, ਇਸ ਨੂੰ ਦੋਹਾਂ ਸੰਕਲਪਾਂ ਦੇ ਸਾਂਝੇ ਪ੍ਰਗਟਾਵੇ ਦੇ ਤੌਰ ਤੇ ਅਪਣਾਇਆ ਗਿਆ ਹੈ ਕਿਉਂਕਿ ਇਸ ਦਾ ਸਰੂਪ ਮੂਲ ਰੂਪ ਵਿੱਚ ਦੋ ਖੜਗਾਂ ਦਾ ਸੁਮੇਲ ਹੀ ਨਜ਼ਰ ਆਉਂਦਾ ਹੈ। ਤਲਵਾਰ ਨੂੰ ਹੀ ਖੜਗ ਵੀ ਕਿਹਾ ਜਾਂਦਾ ਹੈ। ਇਸ ਬਾਰੇ ਕੁਝ ਵਿਚਾਰ ਤਾਂ, ਕਕਾਰਾਂ ਦੀ ਵਿਚਾਰ ਵਿੱਚ ਵੀ ਕੀਤੀ ਜਾ ਚੁੱਕੀ ਹੈ, ਪਰ ਇਥੇ ਵੀ ਗੱਲ ਨੂੰ ਸਪੱਸ਼ਟ ਕਰਨਾ ਬਹੁਤ ਜ਼ਰੂਰੀ ਹੈ, ਇਸ ਲਈ ਇਹ ਸਮਝ ਲੈਣਾ ਬਹੁਤ ਮਹੱਤਵਪੂਰਨ ਹੋਏਗਾ ਕਿ ਇਸ ਖੜਗ ਨੂੰ ਭਾਰਤੀ ਵਿਵਸਥਾ ਵਿੱਚ ਤਲਵਾਰ ਕਿਹਾ ਜਾਂਦਾ ਸੀ। ਜਿਵੇਂ ਕਕਾਰਾਂ ਵਿੱਚ ਕ੍ਰਿਪਾਨ ਦੀ ਵਿਚਾਰ ਵਿੱਚ ਦੱਸਿਆ ਗਿਆ ਹੈ, ਤਲਵਾਰ ਇਕ ਜ਼ੁਲਮ ਕਰਨ ਵਾਲਾ ਸ਼ਸਤ੍ਰ ਮੰਨਿਆ ਗਿਆ ਹੈ, ਇਸ ਨਾਂ ਦਾ ਜਨਮ ਹੀ ਜ਼ੁਲਮ ਦੀ ਪਰਿਭਾਸ਼ਾ ਵਿੱਚੋਂ ਹੋਇਆ ਹੈ, ਤਲੇ+ਵਾਰ, ਭਾਵ ਥੱਲੇ ਪਏ ਉਤੇ ਵਾਰ ਕਰਨ ਵਾਲਾ ਸ਼ਸਤ੍ਰ, ਜ਼ੁਲਮ ਕਰਨ ਵਾਲਾ ਹਥਿਆਰ। ਸਤਿਗੁਰੂ ਨੇ ਜਦੋਂ ਇਸ ਨੂੰ ਸਿੱਖ ਦੇ ਗੱਲ ਪੁਆਇਆ ਤਾਂ ਇਸ ਦਾ ਨਾਂ ਬਦਲ ਕੇ ਕ੍ਰਿਪਾਨ ਕਰ ਦਿੱਤਾ। ਕ੍ਰਿਪਾਨ ਸ਼ਬਦ ਵੀ ਦੋ ਸ਼ਬਦਾਂ ਦੇ ਸੁਮੇਲ ਤੋਂ ਬਣਿਆਂ ਹੈ। ਕ੍ਰਿਪਾ+ਆਨ। ਭਾਵ ਉਹ ਸ਼ਸਤ੍ਰ ਜਿਸ ਦੀ ਵਰਤੋਂ ਕਿਸੇ ਮਜ਼ਲੂਮ ਤੇ ਕਿਰਪਾ ਕਰਨ ਲਈ ਜਾਂ ਆਪਣੀ ਆਨ ਦੀ ਰੱਖਿਆ ਵਾਸਤੇ ਕੀਤੀ ਜਾਵੇ। ਇਸ ਵਾਸਤੇ ਇਕ ਹੋਰ ਅਤਿ ਮਹੱਤਵਪੂਰਨ ਗੱਲ ਸਮਝਣ ਵਾਲੀ ਹੈ ਕਿ ਸਤਿਗੁਰੂ ਨੇ ਸਰੀਰਕ ਤੌਰ 'ਤੇ ਮੀਰੀ ਦੀ ਕ੍ਰਿਪਾਨ ਧਾਰਨ ਕਰਾਉਣ ਤੋਂ ਪਹਿਲਾਂ ਸਿੱਖ ਦੇ ਜੀਵਨ ਨੂੰ ਪੀਰੀ ਦੀ ਖੜਗ ਨਾਲ ਸ਼ਿੰਗਾਰਿਆ ਹੈ। ਇਹ ਖੜਗ ਹੈ ਗਿਆਨ ਖੜਗ। ਜਿਸ ਇਨਸਾਨ ਕੋਲ ਇਹ ਗਿਆਨ ਖੜਗ ਨਹੀਂ, ਉਹ ਭਾਵੇਂ ਸਿੱਖੀ ਸਰੂਪ ਵਿੱਚ ਹੀ ਹੋਵੇ, ਉਸ ਦੀ ਖੜਗ ਕਦੇ ਵੀ ਤਲਵਾਰ ਬਣ ਸਕਦੀ ਹੈ। ਇਸੇ ਲਈ ਸਤਿਗੁਰੂ ਨੇ ਸਿੱਖ ਨੂੰ ਪਹਿਲੇ ਪੰਜ ਜਾਮਿਆਂ ਵਿੱਚ ਗਿਆਨ ਖੜਗ ਦਾ ਧਾਰਨੀ ਬਣਾਕੇ, ਫਿਰ ਛੇਵੇਂ ਜਾਮੇ ਵਿੱਚ ਪੀਰੀ ਦੇ ਨਾਲ ਮੀਰੀ ਦੀ ਕ੍ਰਿਪਾਨ ਪਹਿਨੀ ਅਤੇ ਸਿੱਖਾਂ ਨੂੰ ਵੀ ਸ਼ਸਤਰਧਾਰੀ ਹੋਣ ਦਾ ਹੁਕਮ ਕੀਤਾ।

ਗੁਰਬਾਣੀ ਦਾ ਫੁਰਮਾਨ ਹੈ:

"ਹਰਿ ਕਾ ਨਾਮੁ ਕੋਟਿ ਲਖ ਬਾਹਾ ॥ ਹਰਿ ਜਸੁ ਕੀਰਤਨੁ ਸੰਗਿ ਧਨੁ ਤਾਹਾ ॥ ਗਿਆਨ ਖੜਗੁ ਕਰਿ ਕਿਰਪਾ ਦੀਨਾ ਦੂਤ ਮਾਰੇ ਕਰਿ ਧਾਈ ਹੇ ॥੯॥"

{ਮਾਰੂ ਸੋਲਹੇ ਮਹਲਾ ੫, ਪੰਨਾ ੧੦੭੨}

ਹੇ ਭਾਈ ! (ਜਿਵੇਂ ਵੈਰੀਆਂ ਦਾ ਟਾਕਰਾ ਕਰਨ ਲਈ ਬਹੁਤੀਆਂ ਬਾਹਾਂ ਬਹੁਤੇ ਭਰਾ ਤੇ ਸਾਥੀ ਮਨੁੱਖ ਵਾਸਤੇ ਸਹਾਰਾ ਹੁੰਦੇ ਹਨ, ਤਿਵੇਂ ਕਾਮਾਦਿਕ ਵੈਰੀਆਂ ਦੇ ਟਾਕਰੇ ਤੇ ਮਨੁੱਖ ਵਾਸਤੇ) ਪਰਮਾਤਮਾ ਦਾ ਨਾਮ (ਮਾਨੋ) ਲੱਖਾਂ ਕ੍ਰੋੜਾਂ ਬਾਹਾਂ ਹੈ, ਪਰਮਾਤਮਾ ਦਾ ਜਸ-ਕੀਰਤਨ ਉਸ ਦੇ ਪਾਸ ਧਨ ਹੈ । ਜਿਸ ਮਨੁੱਖ ਨੂੰ ਪਰਮਾਤਮਾ ਆਤਮਕ ਜੀਵਨ ਦੀ ਸੂਝ ਦੀ ਤਲਵਾਰ ਕਿਰਪਾ ਕਰ ਕੇ ਦੇਂਦਾ ਹੈ, ਉਹ ਮਨੁੱਖ ਹੱਲਾ ਕਰ ਕੇ ਕਾਮਾਦਿਕ ਵੈਰੀਆਂ ਨੂੰ ਮਾਰ ਲੈਂਦਾ ਹੈ ।੯।

ਆਪਣੇ ਜੀਵਨ ਨੂੰ ਸਾਧਣ ਲਈ ਗਿਆਨ ਖੜਗ ਦਾ ਹੋਣਾ ਜ਼ਰੂਰੀ ਹੈ, ਇਸ ਦੇ ਬਿਨਾਂ ਮਨ ਕਦੇ ਕਾਬੂ ਵਿੱਚ ਨਹੀਂ ਆ ਸਕਦਾ, ਇਸੇ ਲਈ ਪਹਿਲਾਂ ਗਿਆਨ ਖੜਗ ਧਾਰਨ ਕਰਨ ਦਾ ਹੁਕਮ ਕੀਤਾ ਹੈ। ਸਤਿਗੁਰੂ ਦਾ ਪਾਵਨ ਉਪਦੇਸ਼ ਹੈ:

"ਮਨ ਕਰਹਲਾ ਵਡਭਾਗੀਆ ਤੂੰ ਗਿਆਨੁ ਰਤਨੁ ਸਮਾਲਿ ॥ ਗੁਰ ਗਿਆਨੁ ਖੜਗੁ ਹਥਿ ਧਾਰਿਆ ਜਮੁ ਮਾਰਿਅੜਾ ਜਮਕਾਲਿ ॥੭॥" {ਗਉੜੀ ਮਹਲਾ ੪, ਪੰਨਾ ੨੩੫}

ਹੇ ਬੇ-ਮੁਹਾਰ ਮਨ ! ਪਰਮਾਤਮਾ ਨਾਲ ਡੂੰਘੀ ਸਾਂਝ (ਇਕ) ਰਤਨ (ਹੈ ਇਸਨੂੰ) ਤੂੰ ਸਾਂਭ ਕੇ ਰੱਖ, ਤੇ ਵੱਡੇ ਭਾਗਾਂ ਵਾਲਾ ਬਣ । ਗੁਰੂ ਦਾ ਦਿੱਤਾ ਹੋਇਆ ਗਿਆਨ (ਗੁਰੂ ਦੀ ਰਾਹੀਂ ਪਰਮਾਤਮਾ ਨਾਲ ਪਈ ਹੋਈ ਡੂੰਘੀ ਸਾਂਝ, ਇਕ) ਖੰਡਾ ਹੈ, (ਜਿਸ ਮਨੁੱਖ ਨੇ ਇਹ ਖੰਡਾ ਆਪਣੇ) ਹੱਥ ਵਿਚ ਫੜ ਲਿਆ, ਉਸ ਨੇ (ਆਤਮਕ) ਮੌਤ ਨੂੰ ਮਾਰਨ ਵਾਲੇ (ਇਸ ਗਿਆਨ-ਖੰਡੇ) ਦੀ ਰਾਹੀਂ ਜਮ ਨੂੰ (ਮੌਤ ਦੇ ਸਹਮ ਨੂੰ, ਆਤਮਕ ਮੌਤ ਨੂੰ) ਮਾਰ ਮੁਕਾਇਆ ।੭।

ਜੇ ਸਾਡੇ ਜੀਵਨ ਵਿੱਚ ਵਿਕਾਰਾਂ ਦੇ ਰੂਪ ਵੱਡੇ ਦੁਸ਼ਮਣ ਪਹਿਲਾਂ ਹੀ ਬੈਠੇ , ਸਾਡੇ ਅਧਿਆਤਮਕ ਜੀਵਨ ਦਾ ਨਾਸ ਕਰ ਰਹੇ ਹਨ ਤਾਂ ਅਸੀਂ ਬਾਹਰਲੇ ਦੁਸ਼ਮਣਾਂ ਦਾ ਟਾਕਰਾ ਕਰਨ ਦੇ ਸਮਰੱਥ ਕਿਵੇਂ ਹੋਵਾਂਗੇ? ਸਤਿਗੁਰੂ ਨੇ ਗਿਆਨ ਖੜਗ ਨਾਲ, ਪਹਿਲਾਂ ਆਪਣੇ ਅੰਦਰ ਬੈਠੇ ਦੂਤਾਂ ਦਾ ਨਾਸ ਕਰਨ ਦਾ ਆਦੇਸ਼ ਦਿੱਤਾ ਹੈ। ਗੁਰਬਾਣੀ ਦਾ ਫੁਰਮਾਨ ਹੈ:

"ਕਾਮੁ ਕ੍ਰੋਧੁ ਅਹੰਕਾਰੁ ਨਿਵਾਰੇ ॥ ਤਸਕਰ ਪੰਚ ਸਬਦਿ ਸੰਘਾਰੇ ॥ ਗਿਆਨ ਖੜਗੁ ਲੈ ਮਨ ਸਿਉ ਲੂਝੈ ਮਨਸਾ ਮਨਹਿ ਸਮਾਈ ਹੇ ॥੩॥" {ਮਾਰੂ ਮਹਲਾ ੧, ਪੰਨਾ ੧੦੨੨}

(ਗੁਰੂ ਦੀ ਸਰਨ ਪੈ ਕੇ ਜੇਹੜਾ ਮਨੁੱਖ ਆਪਣੇ ਅੰਦਰੋਂ) ਕਾਮ ਕ੍ਰੋਧ ਅਹੰਕਾਰ ਨੂੰ ਦੂਰ ਕਰਦਾ ਹੈ, ਗੁਰੂ ਦੇ ਸ਼ਬਦ ਵਿਚ ਜੁੜ ਕੇ ਕਾਮਾਦਿਕ ਪੰਜ ਚੋਰਾਂ ਨੂੰ ਮਾਰਦਾ ਹੈ, ਗੁਰੂ ਤੋਂ ਮਿਲੇ ਗਿਆਨ ਦੀ ਤਲਵਾਰ ਲੈ ਕੇ ਆਪਣੇ ਮਨ ਨਾਲ ਲੜਾਈ ਕਰਦਾ ਹੈ, ਉਸ ਦੇ ਮਨ ਦਾ ਮਾਇਕ ਫੁਰਨਾ ਮਨ ਦੇ ਵਿਚ ਹੀ ਮੁੱਕ ਜਾਂਦਾ ਹੈ (ਭਾਵ, ਮਨ ਵਿਚ ਮਾਇਕ ਫੁਰਨੇ ਉੱਠਦੇ ਹੀ ਨਹੀਂ) ।੩।

ਰਾਮਕਲੀ ਰਾਗ ਵਿੱਚ ਸਤਾ ਜੀ ਅਤੇ ਬਲਵੰਡ ਜੀ ਦੀ ਵਾਰ, ਇਸ ਗੱਲ ਦੀ ਗਵਾਹੀ

ਭਰਦੀ ਹੈ ਕਿ ਗੁਰੂ ਨਾਨਕ ਪਾਤਿਸ਼ਾਹ ਨੇ ਭਾਈ ਲਹਿਣਾ ਜੀ ਨੂੰ ਗੁਰਗੱਦੀ ਬਖਸ਼ ਕੇ, ਧੰਨ ਧੰਨ ਗੁਰੂ ਅੰਗਦ ਪਾਤਿਸ਼ਾਹ ਬਨਾਉਣ ਤੋਂ ਪਹਿਲਾਂ ਉਨ੍ਹਾਂ ਦੇ ਜੀਵਨ ਨੂੰ ਗਿਆਨ ਖੜਗ ਨਾਲ ਆਪਣੇ ਜਿਹਾ ਸ਼ਕਤੀਸ਼ਾਲੀ ਬਣਾ ਦਿੱਤਾ ਸੀ:

"ਲਹਣੇ ਧਰਿਓਨੁ ਛਤੁ ਸਿਰਿ ਕਰਿ ਸਿਫਤੀ ਅੰਮ੍ਰਿਤੁ ਪੀਵਦੈ ॥
ਮਤਿ ਗੁਰ ਆਤਮ ਦੇਵ ਦੀ ਖੜਗਿ ਜੋਰਿ ਪਰਾਕੁਇ ਜੀਅ ਦੈ ॥
{ਰਾਮਕਲੀ ਕੀ ਵਾਰ ਰਾਇ ਬਲਵੰਡ ਤਥਾ ਸਤੈ ਡੂਮਿ ਆਖੀ, ਪੰਨਾ ੯੬੬}

ਗੁਰੂ ਅਕਾਲ ਪੁਰਖ ਦੀ (ਬਖ਼ਸ਼ੀ ਹੋਈ) ਮਤਿ-ਰੂਪ ਤਲਵਾਰ ਨਾਲ, ਜ਼ੋਰ ਨਾਲ ਅਤੇ ਬਲ ਨਾਲ (ਅੰਦਰੋਂ ਪਹਿਲਾ ਜੀਵਨ ਕੱਢ ਕੇ) ਆਤਮਕ ਜ਼ਿੰਦਗੀ ਬਖ਼ਸ਼ ਕੇ, (ਬਾਬਾ) ਲਹਿਣਾ ਜੀ ਦੇ ਸਿਰ ਉਤੇ, ਜੋ ਸਿਫ਼ਤਿ-ਸਾਲਾਹ ਕਰ ਕੇ ਆਤਮਕ ਜੀਵਨ ਦੇਣ ਵਾਲਾ ਨਾਮ-ਜਲ ਪੀ ਰਹੇ ਸਨ, ਗੁਰੂ ਨਾਨਕ ਦੇਵ ਜੀ ਨੇ (ਗੁਰਿਆਈ ਦਾ) ਛਤਰ ਧਰਿਆ।

ਜਿਸ ਵੇਲੇ ਸਤਿਗੁਰੂ ਨੇ ਪਾਹੁਲ ਦੀ ਬਖਸ਼ਿਸ਼ ਕੀਤੀ, ਉਦੋਂ ਤੱਕ ਸਿੱਖ ਦਾ ਜੀਵਨ ਮੀਰੀ ਪੀਰੀ ਦੇ ਸਾਂਝੇ ਗੁਣਾਂ ਨਾਲ ਸਰੋਸ਼ਾਰ ਹੋ ਚੁੱਕਾ ਸੀ, ਇਸੇ ਲਈ ਸੰਕੇਤਕ ਖੰਡਾ ਵਰਤਿਆ ਹੈ ਕਿ ਸਿੱਖ ਨੇ ਜੀਵਨ ਵਿੱਚ ਇਸ ਸਾਂਝੇ ਸੰਕਲਪ ਤੇ ਪਹਿਰਾ ਦੇਣਾ ਹੈ। ਇਹ ਗੁਰਬਾਣੀ ਦੀਆਂ ਇਨ੍ਹਾਂ ਪੰਕਤੀਆਂ ਦਾ ਲਖਾਇਕ ਹੈ:

"ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ ॥ ਕਹੁ ਨਾਨਕ ਸੁਨਿ ਰੇ ਮਨਾ ਗਿਆਨੀ ਤਾਹਿ ਬਖਾਨਿ ॥੧੬॥" (ਸਲੋਕ ਮਹਲਾ ੯, ਪੰਨਾ ੧੪੨੭)

ਹੇ ਨਾਨਕ ! ਆਖ—ਹੇ ਮਨ ! ਸੁਣ, ਜਿਹੜਾ ਮਨੁੱਖ ਕਿਸੇ ਨੂੰ (ਕੋਈ) ਡਰਾਵੇ ਨਹੀਂ ਦੇਂਦਾ, ਅਤੇ ਕਿਸੇ ਦੇ ਡਰਾਵੇ ਨਹੀਂ ਮੰਨਦਾ (ਡਰਾਵਿਆਂ ਤੋਂ ਘਬਰਾਂਦਾ ਨਹੀਂ) ਉਸ ਨੂੰ ਆਤਮਕ ਜੀਵਨ ਦੀ ਸੂਝ ਵਾਲਾ ਸਮਝ ।16।

ਸਤਿਗੁਰੂ ਨੇ ਸਿੱਖ ਨੂੰ ਸੰਤ-ਸਿਪਾਹੀ ਦੇ ਰੂਪ ਵਿੱਚ ਪ੍ਰਗਟ ਕੀਤਾ ਹੈ। ਪਾਹੁਲ ਤਿਆਰ ਕਰਨ ਲੱਗਿਆਂ ਖੰਡੇ ਦੀ ਵਰਤੋਂ ਕਰਕੇ, ਸਿੱਖ ਨੂੰ ਇਹ ਸੰਕਲਪ ਦ੍ਰਿੜ ਕਰਾਇਆ ਜਾਂਦਾ ਹੈ।

ਗੱਲ ਭਾਵੇਂ ਥੋੜ੍ਹੀ ਵਿਸ਼ੇ ਤੋਂ ਬਾਹਰ ਜਾਵੇਗੀ, ਪਰ ਇਥੇ ਗੱਲ ਸੰਕੇਤਕ ਕਰਨੀ ਜ਼ਰੂਰੀ ਹੈ। ਮੀਰੀ ਪੀਰੀ ਦੇ ਸਾਂਝੇ ਸੰਕਲਪ ਦਾ ਭਾਵ ਹੈ, ਧਰਮ ਦੀ ਰੱਖਿਆ ਵਾਸਤੇ, ਧਰਮ ਦੀ ਚੜ੍ਹਦੀ ਕਲਾ ਵਾਸਤੇ, ਸ਼ਕਤੀ ਜਾਂ ਸਿਆਸਤ ਦੀ ਵਰਤੋਂ। ਅੱਜ ਜਿਵੇਂ ਅਨਮੋਲ ਗੁਰਮਤਿ ਸਿਧਾਂਤਾਂ ਦੇ ਉਲਟ ਕਰਮ ਕਰ ਕੇ, ਕੌਮ ਦੇ ਹਿਤਾਂ ਨੂੰ ਵੇਚ ਕੇ, ਧਰਮ ਨੂੰ ਮਜ਼ਾਕ ਬਣਾ ਕੇ, ਨਿਜੀ ਸਿਆਸੀ ਸੁਆਰਥਾਂ ਵਾਸਤੇ, ਮੀਰੀ ਪੀਰੀ ਦੇ ਸਾਂਝੇ ਸੰਕਲਪ ਦੀ ਦੁਰਵਰਤੋਂ ਕੀਤੀ ਜਾ ਰਹੀ ਹੈ, ਉਸ ਤੋਂ ਸਿੱਖ ਕੌਮ ਨੂੰ ਸੁਚੇਤ ਹੋਣ ਦੀ ਲੋੜ ਹੈ। ਇਸ ਸੰਕਲਪ ਦਾ ਇਹ ਭਾਵ ਬਿਲਕੁਲ ਨਹੀਂ ਕਿ ਕੁਝ ਸਿੱਖ ਦਿਖਣ ਵਾਲੇ ਲੋਕ, ਕੇਵਲ ਰਾਜ ਸਤਾ 'ਤੇ ਕਾਬਜ਼ ਹੋ ਜਾਣ। ਜਿਸ ਧਰਮ ਨੂੰ ਪ੍ਰਫੁਲਤ ਕਰਨ ਲਈ ਇਹ ਰਾਜ ਭਾਗ ਚਾਹੀਦਾ ਹੈ, ਜੇ ਉਹ ਪੈਰਾਂ ਵਿੱਚ ਰੁਲ ਰਿਹਾ ਹੈ ਤਾਂ ਐਸੇ ਰਾਜ ਭਾਗ ਨੂੰ ਫੂਕਣਾ ਹੈ? ਕਹਾਵਤ ਵੀ ਹੈ, 'ਭੱਠ ਪਿਆ ਸੋਨਾ ਜਿਹੜਾ ਕੰਨਾਂ ਨੂੰ ਖਾਵੇ'। ਇਹ ਨਿਰੋਲ ਸਿਆਸੀ ਲੋਕ, ਧਰਮ ਜਿਨ੍ਹਾਂ ਦੇ ਨੇੜਿਓ ਵੀ ਨਹੀਂ ਲੰਘਿਆ, ਕੇਵਲ ਰਾਜ ਸਤਾ ਦੀ

ਭੁੱਖ ਵਾਸਤੇ ਰੌਲਾ ਪਾਉਂਦੇ ਹਨ ਕਿ ਜੀ ਸਿੱਖ ਕੌਮ ਵਿੱਚ ਧਰਮ ਤੇ ਸਿਆਸਤ ਨਾਲ-ਨਾਲ ਚਲਦੇ ਹਨ। ਇਨ੍ਹਾਂ ਦਾ ਸਾਰਾ ਰੌਲਾ ਭੋਲੇ ਭਾਲੇ ਸਿੱਖਾਂ ਨੂੰ ਮੂਰਖ ਬਨਾਉਣ ਵਾਸਤੇ ਹੈ। ਅੱਜ ਕੌਮ ਨੂੰ ਸੁਚੇਤ ਹੋਕੇ ਸੱਚ ਪਛਾਣਨ ਅਤੇ ਮੌਲਿਕ ਸੰਕਲਪ 'ਤੇ ਪਹਿਰਾ ਦੇਣ ਦੀ ਵੱਡੀ ਲੋੜ ਹੈ।

ਬਾਕੀ, ਕਿਉਂਕਿ ਬਾਟੇ ਦਾ ਤਲਾ ਗੋਲ ਹੁੰਦਾ ਹੈ, ਉਸ ਦੇ ਕਿਸੇ ਪਾਸੇ ਵੀ ਲੁੜਕਣ ਦੇ ਅਸਾਰ ਵਧੇਰੇ ਹੁੰਦੇ ਹਨ, ਇਸੇ ਵਾਸਤੇ ਸਾਰਿਆਂ ਨੂੰ ਹੱਥ ਬਾਟੇ ਉਤੇ ਰੱਖਣ ਵਾਸਤੇ ਕਿਹਾ ਗਿਆ ਹੈ ਤਾਕਿ ਖੰਡਾ ਫੇਰਦਿਆਂ ਬਾਟੇ ਨੂੰ ਕਾਬੂ ਵਿੱਚ ਰੱਖਿਆ ਜਾਵੇ।

ਪਾਹੁਲ ਤਿਆਰ ਕਰਨ ਲੱਗਿਆਂ, ਪਾਹੁਲ ਤਿਆਰ ਕਰਨ ਵਾਲੇ ਗੁਰਸਿੱਖ, ਜਲ ਵਿੱਚ ਖੰਡਾ ਫੇਰਦੇ ਹੋਏ, ਗੁਰਬਾਣੀ ਪੜ੍ਹਦੇ ਹਨ। ਅਕਸਰ ਇਹ ਆਖਿਆ ਜਾਂਦਾ ਹੈ ਕਿ ਬਾਣੀ ਨੂੰ ਪਾਣੀ ਵਿੱਚ ਘੋਲ ਕੇ ਪਿਆਇਆ ਜਾਂਦਾ ਹੈ। ਐਸੀ ਗੈਰ-ਸਿਧਾਂਤਕ ਅਤੇ ਗੈਰ-ਵਿਗਿਆਨਕ ਗੱਲ ਦਾ, ਸਾਹਿਬੇ ਗਿਆਨ(ਗੁਰੂ ਗ੍ਰੰਥ ਸਾਹਿਬ ਦੇ ਇਲਾਹੀ ਗਿਆਨ 'ਤੇ ਅਧਾਰਤ) ਕੌਮ ਵਿੱਚ ਪ੍ਰਚਲਤ ਹੋਣਾ ਅਤਿ ਮੰਦਭਾਗਾ ਅਤੇ ਦੁਖਦਾਈ ਹੀ ਕਿਹਾ ਜਾ ਸਕਦਾ ਹੈ। ਗੁਰਬਾਣੀ ਤਾਂ ਪੜ੍ਹ ਕੇ ਜਾਂ ਸੁਣ ਕੇ, ਵਿਚਾਰ ਕੇ, ਜੀਵਨ ਵਿੱਚ ਅਪਣਾਈ ਜਾ ਸਕਦੀ ਹੈ, ਸਤਿਗੁਰੂ ਦੇ ਪਾਵਨ ਬਚਨ ਵੀ ਹਨ:

"ਸੁਣਿਆ ਮੰਨਿਆ ਮਨਿ ਕੀਤਾ ਭਾਉ ॥ ਅੰਤਰਗਤਿ ਤੀਰਥਿ ਮਲਿ ਨਾਉ" ॥(ਜਪੁ)

ਜੇ ਕੋਈ ਐਸਾ ਘੋਲ ਕੇ ਪੀਣ ਵਾਲਾ ਤਰੀਕਾ ਵੀ ਹੁੰਦਾ, ਤਾਂ ਸਤਿਗੁਰੂ ਬਾਣੀ ਵਿੱਚ ਜ਼ਰੂਰ ਦਰਜ ਕਰ ਦੇਂਦੇ। ਜੇ ਇਸ ਨੂੰ ਠੀਕ ਮੰਨ ਲਿਆ ਜਾਵੇ ਤਾਂ ਇਹ ਤਾਂ ਉਹੀ ਬ੍ਰਾਹਮਣ ਦੇ ਮੰਤਰ ਵਾਲੀ ਗੱਲ ਹੋ ਗਈ, ਜਿਸ ਨੂੰ ਗੁਰਬਾਣੀ ਬਾਰ-ਬਾਰ ਰੱਦ ਕਰਦੀ ਹੈ। ਇਸ ਸੋਚ ਨੇ ਸਿੱਖ ਕੌਮ ਵਿੱਚ ਕਈ ਬੁਰਾਈਆਂ ਅਤੇ ਕਰਮਕਾਂਡਾਂ ਨੂੰ ਜਨਮ ਦਿੱਤਾ ਹੈ। ਅਖੰਡਪਾਠ ਦੇ ਨਾਲ ਕੁੰਭ ਦੇ ਨਾਂ 'ਤੇ ਘੜੇ ਵਿੱਚ ਪਾਣੀ ਰਖਣਾ ਇਸੇ ਦਾ ਨਤੀਜਾ ਹੈ। ਗੱਲ ਵੀ ਠੀਕ ਹੈ ਜੇ ਕੁਝ ਬਾਣੀਆਂ ਪੜ੍ਹਨ ਨਾਲ ਪਾਣੀ ਅੰਮ੍ਰਿਤ ਬਣ ਗਿਆ, ਤਾਂ ਗੁਰੂ ਗ੍ਰੰਥ ਸਾਹਿਬ ਦੇ ਸਾਰੇ ਪਾਠ ਨਾਲ ਤਾਂ ਮਹਾਂ ਅੰਮ੍ਰਿਤ ਬਣ ਜਾਣਾ ਚਾਹੀਦਾ ਹੈ। ਇਸੇ ਵਿਚਾਰਧਾਰਾ ਅਧੀਨ ਕਈ ਪਖੰਡੀ ਬਾਬੇ ਗਿਲਾਸ ਵਿੱਚ ਪਾਣੀ ਪਾਕੇ, ਉਪਰ ਸ਼ਬਦ ਪੜ੍ਹਕੇ(ਮੰਤਰਿਆ ਹੋਇਆ ਜਲ) ਅੰਮ੍ਰਿਤ ਬਣਾਕੇ ਦੇਂਦੇ ਹਨ। ਕਈ ਸ਼ਬਦ ਲਿਖ ਕੇ ਪੁੜੀ ਬਣਾਕੇ ਦੇਂਦੇ ਹਨ ਕਿ ਘਰ ਜਾਕੇ ਪਾਣੀ ਵਿੱਚ ਘੋਲ ਕੇ ਪੀ ਲੈਣਾ, ਜਦਕਿ ਗੁਰਬਾਣੀ ਦਾ ਫੁਰਮਾਨ ਹੈ:

"ਤੰਤੁ ਮੰਤੁ ਪਾਖੰਡੁ ਨ ਜਾਣਾ ਰਾਮੁ ਰਿਦੈ ਮਨੁ ਮਾਨਿਆ ॥
ਅੰਜਨੁ ਨਾਮੁ ਤਿਸੈ ਤੇ ਸੂਝੈ ਗੁਰਸਬਦੀ ਸਚੁ ਜਾਨਿਆ ॥"

{ਸੂਹੀ ਮਹਲਾ ੧, ਪੰਨਾ ੭੬੬-੭੬੭}

(ਪਰਮਾਤਮਾ ਦਾ ਪਿਆਰ ਪ੍ਰਾਪਤ ਕਰਨ ਲਈ) ਮੈਂ ਕੋਈ ਜਾਦੂ-ਟੂਣਾ ਕੋਈ ਮੰਤ੍ਰ ਆਦਿਕ ਪਖੰਡ ਕਰਨਾ ਨਹੀਂ ਜਾਣਦੀ । ਮੈਂ ਤਾਂ ਕੇਵਲ ਉਸ ਪ੍ਰਭੂ ਨੂੰ ਆਪਣੇ ਹਿਰਦੇ ਵਿਚ ਵਸਾਇਆ ਹੈ, ਮੇਰਾ ਮਨ ਉਸ ਦੀ ਯਾਦ ਵਿਚ ਗਿੱਝ ਗਿਆ ਹੈ । ਪ੍ਰਭੂ-ਪਤੀ ਨੂੰ ਪ੍ਰਸੰਨ ਕਰਨ ਵਾਸਤੇ ਉਸ ਦਾ ਨਾਮ ਹੀ ਸੁਰਮਾ ਹੈ, ਇਸ ਸੁਰਮੇ ਦੀ ਸੂਝ ਭੀ ਉਸੇ ਪਾਸੋਂ ਮਿਲਦੀ ਹੈ । (ਜਿਸ ਜੀਵ ਨੂੰ ਇਹ ਸੂਝ ਪੈ ਜਾਂਦੀ ਹੈ ਉਹ) ਗੁਰੂ ਦੇ ਸ਼ਬਦ ਵਿਚ ਜੁੜ ਕੇ ਉਸ ਸਦਾ-ਥਿਰ ਪ੍ਰਭੂ ਨਾਲ ਡੂੰਘੀ ਸਾਂਝ ਪਾ ਲੈਂਦੀ ਹੈ ।4।

ਇਕ ਗੱਲ ਸੱਚ ਹੈ ਕਿ ਸਭੇ ਪੁਰਾਤਨ ਰਹਿਤ ਨਾਮੇ ਅਤੇ ਪੁਰਾਤਨ ਇਤਿਹਾਸਕਾਰ ਇਸ ਗੱਲ ਤੇ ਇਕਮੱਤ ਹਨ ਕਿ ਗੁਰੂ ਗੋਬਿੰਦ ਸਿੰਘ ਪਾਤਿਸ਼ਾਹ ਨੇ ਵੀ ਪਾਹੁਲ ਤਿਆਰ ਕਰਦਿਆਂ ਗੁਰਬਾਣੀ ਪੜ੍ਹੀ ਸੀ, ਹਾਲਾਂਕਿ, ਜਿਵੇਂ ਉਪਰ ਵਿਚਾਰ ਚੁੱਕੇ ਹਾਂ, ਇਸ ਗੱਲ ਬਾਰੇ ਵੱਡੇ ਮਤਭੇਦ ਹਨ ਕਿ ਕਿਹੜੀਆਂ ਬਾਣੀਆਂ ਪੜ੍ਹੀਆਂ ਸਨ। **ਜੇ ਇਹ ਪਾਣੀ ਵਿੱਚ ਘੋਲਿਆ ਗਿਆ ਮੰਤ੍ਰ ਨਹੀਂ ਤਾਂ ਫਿਰ ਬਾਣੀ ਕਿਉਂ ਪੜ੍ਹੀ ਗਈ? ਮੈਂ ਸਮਝਦਾ ਹਾਂ ਕਿ ਬਾਣੀ ਪੜ੍ਹਨ ਦਾ ਭਾਵ, ਇਹ ਪ੍ਰਣ ਕਰਾਉਣਾ ਹੈ ਕਿ ਖਾਲਸਾ ਬਣ ਕੇ ਸਾਰੀ ਜ਼ਿੰਦਗੀ ਕੇਵਲ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦੇ ਓਟ ਆਸਰੇ ਹੀ ਰਹਿਣਾ ਹੈ, ਕੋਈ ਹੋਰ ਓਟ ਨਹੀਂ ਤੱਕਣੀ, ਯਾਨੀ ਕਿ ਇਹ ਵੀ, ਗੁਰਮਤਿ ਅਨੁਸਾਰ ਜੀਵਨ ਬਤੀਤ ਕਰਨ ਵਾਸਤੇ ਪ੍ਰਣ ਕਰਾਉਣਾ ਹੈ। ਕਈ ਲੋਕ ਇਸੇ ਗੱਲ ਨੂੰ ਨਾ ਸਮਝਦੇ ਹੋਏ ਕਈ ਭਰਮਾਂ ਵਿੱਚ ਪੈ ਜਾਂਦੇ ਹਨ, ਜਿਵੇਂ ਕਿ ਪਿਛਲੇ ਦਿਨੀਂ ਇਹ ਵਿਵਾਦ ਭੱਖਿਆ ਕਿ ਉਸ ਵੇਲੇ ਸਤਿਗੁਰੂ ਨੇ ਕਿਹੜੀਆਂ ਬਾਣੀਆਂ ਪੜ੍ਹੀਆਂ ਸਨ, ਤਾਂ ਕਈ ਵੀਰਾਂ ਨੂੰ ਇਹ ਕਹਿੰਦੇ ਸੁਣਿਆ ਗਿਆ ਕਿ ਜੇ ਇਹੀ ਪੰਜ ਬਾਣੀਆਂ ਨਹੀਂ ਸਨ ਤਾਂ ਸਾਡਾ ਅੰਮ੍ਰਿਤ ਛਕਣਾ ਤਾਂ ਬੇਕਾਰ ਚਲਾ ਗਿਆ। ਜੇ ਉਹ ਇਹ ਸਮਝ ਲੈਣ ਕਿ ਪੜ੍ਹੀਆਂ ਗਈਆਂ ਬਾਣੀਆਂ ਤਾਂ ਸੰਕੇਤਕ ਹਨ, ਅਸਲ ਵਿੱਚ ਤਾਂ ਗੁਰੂ ਗ੍ਰੰਥ ਸਾਹਿਬ ਦੀ ਸਾਰੀ ਬਾਣੀ ਨੂੰ ਜੀਵਨ ਦਾ ਅਧਾਰ ਬਨਾਉਣ ਦਾ ਪ੍ਰਣ ਕੀਤਾ ਹੈ, ਤਾਂ ਐਸੀ ਗੁਰਮਤਿ- ਵਿਰੋਧੀ ਸੋਚ ਕਦੇ ਨਾ ਆਵੇ।**

ਅੰਮ੍ਰਿਤ ਸੰਸਕਾਰ ਦੀ ਮੱਦ (ਛ) ਅਤੇ (ਜ) ਕੇਵਲ ਕਾਰਜ ਵਿਧੀ ਨਾਲ ਸਬੰਧਤ ਹਨ:
(ਛ) ਪਾਠ ਹੋਣ ਮਗਰੋਂ ਪਿਆਰਿਆਂ ਵਿੱਚੋਂ ਕੋਈ ਇਕ ਅਰਦਾਸ ਕਰੇ।
(ਜ) ਜਿਸ ਅਭਿਲਾਖੀ ਨੇ ਅੰਮ੍ਰਿਤ ਦੀ ਤਿਆਰੀ ਵੇਲੇ ਸਾਰੇ ਸੰਸਕਾਰ 'ਚ ਹਿੱਸਾ ਲਿਆ ਹੈ, ਉਹੀ, ਅੰਮ੍ਰਿਤ ਛਕਣ ਵਿੱਚ ਸ਼ਾਮਲ ਹੋ ਸਕਦਾ ਹੈ। ਅਧਵਾਟੇ ਆਉਣ ਵਾਲਾ ਨਹੀਂ ਹੋ ਸਕਦਾ।

ਬੀਰ-ਆਸਨ

ਅੰਮ੍ਰਿਤ ਸੰਸਕਾਰ ਦੀ ਮੱਦ (ਝ) ਵਿੱਚ ਲਿਖਿਆ ਹੈ: 'ਹੁਣ ਕਲਗੀਧਰ ਦਸ਼ਮੇਸ਼ ਪਿਤਾ ਦਾ ਧਿਆਨ ਧਰ ਕੇ ਹਰ ਇਕ ਅੰਮ੍ਰਿਤ ਛਕਣ ਵਾਲੇ ਨੂੰ ਬੀਰ-ਆਸਨ ਕਰਾ ਕੇ ਉਸ ਦੇ ਖੱਬੇ ਹੱਥ ਉਪਰ ਸੱਜਾ ਹੱਥ ਰਖਾ ਕੇ ਪੰਜ ਚੁੱਲੇ ਅੰਮ੍ਰਿਤ ਦੇ ਛਕਾਏ ਜਾਣ ਅਤੇ ਹਰ ਚੁੱਲੇ ਨਾਲ ਇਹ ਕਿਹਾ ਜਾਵੇ:-

ਬੋਲ 'ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਹਿ। ਛਕਣ ਵਾਲਾ ਛਕ ਕੇ ਕਹੇ: ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਹਿ। ਫੇਰ ਪੰਜ ਛੱਟੇ ਅੰਮ੍ਰਿਤ ਦੇ ਨੇਤਰਾਂ ਪਰ ਲਾਏ ਜਾਣ। ਫੇਰ ਪੰਜ ਛੱਟੇ ਕੇਸਾਂ ਵਿੱਚ ਪਾਏ ਜਾਣ। ਹਰ ਇਕ ਛੱਟੇ ਨਾਲ ਛਕਣ ਵਾਲਾ ਛਕਾਉਣ ਵਾਲੇ ਦੇ ਪਿਛੇ ਪਿਛੇ ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਹਿ ਗਜਾਈ ਜਾਵੇ। ਜੋ ਅੰਮ੍ਰਿਤ ਬਾਕੀ ਰਹੇ, ਉਸ ਨੂੰ ਸਾਰੇ ਅੰਮ੍ਰਿਤ ਛਕਣ ਵਾਲੇ(ਸਿੱਖ ਤੇ ਸਿੱਖਣੀਆਂ) ਰਲ ਕੇ ਛਕਣ।

ਇਹ ਪਾਹੁਲ ਸੰਸਕਾਰ ਦੀ ਸਭ ਤੋਂ ਮਹੱਤਵਪੂਰਨ ਮੱਦ ਹੈ, ਇਸ ਲਈ, ਇਸ ਨੂੰ ਵਧੇਰੇ ਗੰਭੀਰਤਾ ਨਾਲ ਵਿਚਾਰਨ ਅਤੇ ਸਮਝਣ ਦੀ ਲੋੜ ਹੈ।

ਪਾਹੁਲ ਤਿਆਰ ਕਰਦਿਆਂ, ਪਾਹੁਲ ਤਿਆਰ ਕਰਨ ਵਾਲੇ ਪੰਜ ਸਿੰਘ ਆਪ ਵੀ ਬੀਰ ਆਸਣ ਵਿੱਚ ਬੈਠਦੇ ਹਨ ਅਤੇ ਪਾਹੁਲ ਛਕਣ ਵਾਲੇ ਅਭਿਲਾਖੀ ਨੂੰ ਵੀ ਬੀਰ ਆਸਣ ਵਿੱਚ ਬਿਠਾਇਆ ਜਾਂਦਾ ਹੈ। ਬੀਰ ਆਸਣ ਸਦ-ਸੁਚੇਤ(Ever alert) ਅਵਸਥਾ ਦਾ ਲਖਾਇਕ ਹੈ, ਜਿਸ ਦਾ ਭਾਵ ਹੈ ਖਾਲਸੇ ਨੇ ਕਦੇ ਅਵੇਸਲਾ ਨਹੀਂ ਹੋਣਾ, ਨਾ ਗੁਰਮਤਿ ਸਿਧਾਂਤਾਂ ਪ੍ਰਤੀ ਅਤੇ ਨਾ ਦੁਸ਼ਮਣਾਂ ਪ੍ਰਤੀ। ਜਿਵੇਂ ਹੀ ਗੁਰਮਤਿ ਸਿਧਾਂਤਾਂ ਪ੍ਰਤੀ ਅਵੇਸਲੇ ਹੋ ਗਏ, ਮਨਮਤਿ ਸਾਡੇ ਜੀਵਨ 'ਤੇ ਭਾਰੂ ਹੋ ਜਾਵੇਗੀ। ਸਾਡੇ ਅਧਿਆਤਮਕ ਜੀਵਨ ਦੇ ਸਭ ਤੋਂ ਵੱਡੇ ਵੈਰੀ, ਵਿਕਾਰ(ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਆਦਿ) ਜੀਵਨ 'ਤੇ ਭਾਰੂ ਹੋ ਜਾਣਗੇ ਅਤੇ ਪਾਹੁਲ ਛਕਣ ਦਾ ਮਨੋਰਥ ਹੀ ਖ਼ਤਮ ਹੋ ਜਾਵੇਗਾ। ਦੂਸਰੇ, ਵਿਅਕਤੀ ਰੂਪ ਵਿੱਚ ਦੋ ਤਰ੍ਹਾਂ ਦੇ ਦੁਸ਼ਮਣ ਹਨ, ਇਕ ਕੌਮ ਦੇ ਅੰਦਰ ਅਤੇ ਦੂਸਰਾ ਕੁਝ ਬਾਹਰੀ ਸ਼ਕਤੀਆਂ, ਜਿਨ੍ਹਾਂ ਨੂੰ ਸਿੱਖ ਸਿਧਾਂਤ ਅਤੇ ਸਿੱਖ ਸਰੂਪ ਬਿਲਕੁਲ ਨਹੀਂ ਭਾਉਂਦਾ। ਉਹ ਇਸ ਨੂੰ ਹਮੇਸ਼ਾਂ ਆਪਣੀ ਕੌਮ ਵਾਸਤੇ ਚੁਨੌਤੀ ਸਮਝਦੇ ਆਏ ਹਨ, ਅਤੇ ਇਸ ਨੂੰ ਖ਼ਤਮ ਕਰਨ ਦੇ ਮਨਸੂਬੇ ਘੜਦੇ ਰਹਿੰਦੇ ਹਨ। ਦੁਸ਼ਮਨ ਤਾਂ ਦੁਸ਼ਮਨ ਹੀ ਹੁੰਦਾ ਹੈ, ਪਰ ਬਾਹਰਲੇ ਅਕਸਰ ਜ਼ਾਹਿਰਾ ਹੁੰਦੇ ਹਨ, ਇਸ ਲਈ ਉਨ੍ਹਾਂ ਪ੍ਰਤੀ ਤਾਂ ਅਕਸਰ ਕੁਝ ਚੇਤੰਨਤਾ ਰਹਿੰਦੀ ਹੈ ਪਰ ਅੰਦਰਲੇ ਦੁਸ਼ਮਨ ਆਪਣਿਆਂ ਦੇ ਰੂਪ ਵਿੱਚ ਅੰਦਰ ਹੀ ਲੁਕੇ ਹੁੰਦੇ ਹਨ, ਇਸ ਲਈ ਕਈ ਵਾਰੀ ਉਨ੍ਹਾਂ ਦੀ ਪਛਾਣ ਕਰਨ ਵਿੱਚ ਵੀ ਸਮਾਂ ਲੱਗ ਜਾਂਦਾ ਹੈ ਅਤੇ ਇਹ ਕਿਤੇ ਵਧੇਰੇ ਮਾਰੂ ਸਾਬਤ ਹੁੰਦੇ ਹਨ। ਇਕ ਕਹਾਵਤ ਵੀ ਹੈ, 'ਕਿ ਬੁੱਕਲ ਦਾ ਸੱਪ ਬਹੁਤ ਖਤਰਨਾਕ ਹੁੰਦਾ ਹੈ'। ਵੈਸੇ ਤਾਂ ਇਹ ਲੋਕ ਵੀ ਆਪਣੇ ਨਿਜੀ ਲੋਭਾਂ ਅਤੇ ਸੁਆਰਥਾਂ ਕਾਰਨ ਕੰਮ ਉਹੀ ਕਰਦੇ ਹਨ, ਜੋ ਜ਼ਾਹਿਰਾ ਦੁਸ਼ਮਨ ਚਾਹੁੰਦਾ ਹੈ। ਅਕਸਰ ਸਿੱਖ ਕੌਮ ਦਾ ਵਧੇਰੇ ਨੁਕਸਾਨ ਬੁਕਲ ਦੇ ਸੱਪਾਂ ਨੇ ਹੀ ਕੀਤਾ ਹੈ, ਗੱਲ ਭਾਵੇਂ ਖਾਲਸਾ ਰਾਜ ਦੇ ਸਮੇਂ ਦੀ ਕਰ ਲਈਏ ਤੇ ਭਾਵੇਂ ਪਿਛਲੇ ਚਾਰ ਪੰਜ ਦਹਾਕਿਆਂ ਦੀ। ਇਹ ਇਸ ਗੱਲ ਦਾ ਸਪੱਸ਼ਟ ਪ੍ਰਮਾਣ ਹੈ ਕਿ ਖਾਲਸੇ ਦੀ ਸਦ-ਚੇਤੰਨਤਾ ਵਿੱਚ ਵੱਡਾ ਨਿਘਾਰ ਆਇਆ ਹੈ। ਕਾਰਨ ਇਹੀ ਹੈ ਕਿ ਅਸੀਂ ਬੀਰ ਆਸਣ ਵਿੱਚ ਬੈਠਣ ਨੂੰ ਉਸ ਸਮੇਂ ਦਾ ਇਕ ਕਰਮਕਾਂਡ ਹੀ ਸਮਝਿਆ ਹੈ, ਜੀਵਨ ਵਿੱਚ ਅਪਣਾਇਆ ਨਹੀਂ।

ਬੋਲ-ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥

ਪਾਹੁਲ ਛਕਾਉਣ ਵੇਲੇ ਹਰ ਚੁਲਾ ਦੇਕੇ ਕਿਹਾ ਜਾਂਦਾ ਹੈ, ਬੋਲ, 'ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਹਿ'। ਇਹ ਇਕ ਸੰਕਲਪ ਹੈ ਕਿ ਪਾਹੁਲ ਛੱਕ ਕੇ ਅਸੀਂ ਗੁਰੂ ਦੀ ਬਖਸ਼ਿਸ਼ ਦੁਆਰਾ ਕੇਵਲ ਅਕਾਲ-ਪੁਰਖ ਦਾ ਖਾਲਸਾ ਬਣ ਗਏ ਹਾਂ ਅਤੇ ਕੇਵਲ ਅਕਾਲ ਪੁਰਖ ਦੀ ਹੋਂਦ ਅਤੇ ਸਮਰੱਥਾ ਉਤੇ ਪੂਰਨ ਵਿਸ਼ਵਾਸ ਰਖਾਂਗੇ। ਉਸ ਨੂੰ ਛੱਡ ਕਿਸੇ ਹੋਰ ਦਰ ਮੰਗਣ ਨਹੀਂ ਜਾਵਾਂਗੇ, ਕਿਸੇ ਹੋਰ 'ਤੇ ਓਟ ਆਸਰਾ ਨਹੀਂ ਤਕਾਂਗੇ। ਜੀਵਨ ਦੀ ਕਿਸੇ ਪ੍ਰਾਪਤੀ 'ਤੇ ਹਉਮੈਂ ਨਹੀਂ ਕਰਾਂਗੇ, ਹਰ ਕਾਮਯਾਬੀ ਨੂੰ ਅਕਾਲ ਪੁਰਖ ਦੀ ਬਖਸ਼ਿਸ਼ ਹੀ ਸਮਝਾਂਗੇ। ਜੇ ਖੰਡੇ ਬਾਟੇ ਦੀ ਪਾਹੁਲ ਛੱਕ ਕੇ, ਇਹ ਸੰਕਲਪ ਦ੍ਰਿੜ ਕਰਕੇ ਵੀ ਕੁਝ ਵੀਰ ਭੈਣਾਂ, ਮੜੀ-ਮਸਾਣਾਂ, ਪੀਰਾਂ, ਦੇਵੀ ਦੇਵਤਿਆਂ, ਪਖੰਡੀ ਸਾਧਾਂ ਕੋਲ ਭਟਕਦੇ ਫਿਰਦੇ ਹਨ ਤਾਂ ਕੀ ਆਖਾਂਗੇ, ਉਨ੍ਹਾਂ ਵਾਕਿਆ ਹੀ ਪਾਹੁਲ ਛਕੀ ਹੈ ਕਿ ਕੇਵਲ ਇਕ ਕਰਮਕਾਂਡ ਕੀਤਾ ਹੈ? ਹਉਮੈਂ ਤੋਂ ਛੁਟਕਾਰਾ ਤਾਂ ਸ਼ਾਇਦ ਹੀ ਕਿਸੇ ਵਿਰਲੇ ਦਾ ਹੀ ਹੋਇਆ ਹੈ। ਸਚਾਈ ਇਹ ਹੈ ਕਿ ਸਾਡਾ ਜੀਵਨ ਤਾਂ 'ਮੈਂ' ਨਾਲ ਸ਼ੁਰੂ ਕਰਕੇ 'ਮੈਂ ਮੈਂ' ਕਰਦਿਆਂ ਹੀ ਮੁੱਕ ਜਾਂਦਾ ਹੈ,

ਬਲਕਿ ਕਈ ਵਾਰੀ ਤਾਂ ਇਹ ਹਉਮੈ ਹੋਰ ਵੱਧ ਜਾਂਦੀ ਹੈ ਕਿ ਮੈਂ ਅੰਮ੍ਰਿਤਧਾਰੀ ਹਾਂ। ਹਾਲਾਂਕਿ ਬਾਰ ਬਾਰ ਦ੍ਰਿੜ ਕਰਾਇਆ ਜਾਂਦਾ ਹੈ ਬੋਲ, 'ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਹਿ' ਪਰ ਅਸੀਂ ਸ਼ਾਇਦ ਇਸ ਦਾ ਭਾਵ ਸਮਝੇ ਬਗੈਰ ਇਹ ਵੀ ਇਕ ਕਰਮਕਾਂਡ ਦੇ ਤੌਰ ਤੇ ਬੋਲੀ ਜਾਂਦੇ ਹਾਂ, ਇਸੇ ਕਰਕੇ ਇਹ ਸੰਕਲਪ ਸਾਡੇ ਜੀਵਨ ਵਿੱਚੋਂ ਨਜ਼ਰ ਨਹੀਂ ਆਉਂਦਾ।

ਨੇਤ੍ਰਾਂ ਵਿੱਚ ਪਾਹੁਲ ਦੇ ਛੱਟੇ

ਇਸ ਭਾਗ(ਝ) ਵਿੱਚ ਅੱਗੇ ਇਹ ਪੰਕਤੀਆਂ ਅੰਕਤ ਹਨ,......। 'ਫਿਰ ਪੰਜ ਛੱਟੇ ਅੰਮ੍ਰਿਤ ਦੇ ਨੇਤ੍ਰਾਂ ਪਰ ਲਾਏ ਜਾਣ। ਫੇਰ ਪੰਜ ਛੱਟੇ ਕੇਸਾਂ ਵਿੱਚ ਪਾਏ ਜਾਣ'।.........।

ਇਹ ਆਖਿਆ ਜਾਂਦਾ ਹੈ ਕਿ ਅੱਖਾਂ ਵਿੱਚ ਛੱਟੇ ਇਸ ਵਾਸਤੇ ਮਾਰੇ ਜਾਂਦੇ ਹਨ ਕਿ ਪਹਿਲਾਂ ਮੰਦਾ ਚੰਗਾ ਵੇਖਿਆ ਸਭ ਸਾਫ ਹੋ ਜਾਵੇ ਅਤੇ ਨੇਤ੍ਰ ਪਵਿੱਤਰ ਕਰ ਦਿੱਤੇ ਜਾਣ। ਇਸ ਗੱਲ ਨੂੰ ਗੁਰਬਾਣੀ ਦੀ ਕਸਵੱਟੀ 'ਤੇ ਪਰਖਣ ਦੀ ਲੋੜ ਹੈ। ਇਹ ਸਮਝਣ ਵਾਸਤੇ ਕਿ ਨੇਤ੍ਰ ਪਵਿਤ੍ਰ ਕਿਵੇਂ ਹੁੰਦੇ ਹਨ, ਪਹਿਲਾਂ ਇਹ ਵੇਖਣਾ ਪਵੇਗਾ ਕਿ ਨੇਤ੍ਰਾਂ ਨੂੰ ਮੈਲ ਕਿਸ ਚੀਜ਼ ਦੀ ਲੱਗੀ ਹੈ। ਸਤਿਗੁਰੂ ਬਖਸ਼ਿਸ਼ ਕਰਦੇ ਸਮਝਾਉਂਦੇ ਹਨ:

"ਅਖੀ ਸੂਤਕੁ ਵੇਖਣਾ ਪਰ ਤ੍ਰਿਅ ਪਰ ਧਨ ਰੂਪੁ ॥" {ਮਃ ੧, ਪੰਨਾ ੪੭੨}
ਅੱਖਾਂ ਨੂੰ ਪਰਾਇਆ ਧਨ ਅਤੇ ਪਰਾਈਆਂ ਇਸਤਰੀਆਂ ਦਾ ਰੂਪ ਤੱਕਣ ਦਾ ਸੂਤਕ (ਅਪਵਿਤ੍ਰਤਾ) ਚੰਬੜਿਆ ਹੋਇਆ ਹੈ।

ਉਪਰੋਕਤ ਪ੍ਰਮਾਣ ਵਿੱਚ ਸਤਿਗੁਰੂ ਨੇ ਸਾਨੂੰ ਇਹ ਸਮਝਾਇਆ ਹੈ ਕਿ ਅਖਾਂ ਪਰਾਇਆ ਧਨ, ਪਰਾਈਆਂ ਇਸਤ੍ਰੀਆਂ ਅਤੇ ਉਨ੍ਹਾਂ ਦਾ ਰੂਪ ਦੇਖ ਕੇ ਅਪਵਿੱਤਰ ਹੋਈਆਂ ਪਈਆਂ ਹਨ। ਜਿਨ੍ਹਾਂ ਅੱਖਾਂ ਨੇ ਸਤਿਸੰਗੀਆਂ ਦੇ ਦਰਸ਼ਨ ਕਰਨੇ ਬੰਦ ਕਰ ਦਿੱਤੇ, ਉਨ੍ਹਾਂ ਦਾ ਭਟਕ ਜਾਣਾ ਅਤੇ ਵਿਕਾਰੀ ਹੋ ਜਾਣਾ ਸੁਭਾਵਕ ਹੈ। ਸਤਿਗੁਰੂ ਫੁਰਮਾਂਉਂਦੇ ਹਨ:

"ਨੈਣ ਨ ਦੇਖਹਿ ਸਾਧ ਸਿ ਨੈਣ ਬਿਹਾਲਿਆ ॥" (ਫੁਨਹੇ ਮਹਲਾ ੫, ਪੰਨਾ ੧੩੬੨)
ਹੇ ਸਹੇਲੀਏ ! ਜਿਹੜੀਆਂ ਅੱਖਾਂ ਸਤ-ਸੰਗੀਆਂ ਦੇ ਦਰਸਨ ਨਹੀਂ ਕਰਦੀਆਂ, ਉਹ ਅੱਖਾਂ (ਦੁਨੀਆ ਦੇ ਪਦਾਰਥਾਂ ਅਤੇ ਰੂਪ ਨੂੰ ਤੱਕ ਤੱਕ ਕੇ) ਬੇ-ਹਾਲ ਹੋਈਆਂ ਰਹਿੰਦੀਆਂ ਹਨ ।

ਸਮਝਣ ਵਾਲੀ ਗੱਲ ਇਹ ਹੈ ਕਿ ਇਲਾਜ ਤਾਂ ਰੋਗ ਦਾ ਹੋਣਾ ਚਾਹੀਦਾ ਹੈ । ਜੋ ਅੱਖਾਂ ਸਤਿਸੰਗਤ ਤੋਂ ਟੁੱਟਣ ਕਾਰਨ ਵਿਕਾਰੀ ਹੋ ਗਈਆਂ ਹਨ, ਉਨ੍ਹਾਂ ਨੂੰ ਵਿਕਾਰ ਰਹਿਤ ਕਰਨ ਦਾ ਤਰੀਕਾ ਸਤਿਗੁਰੂ ਬਾਣੀ ਵਿੱਚ ਇਹ ਦਸ ਰਹੇ ਹਨ:

"ਤੇ ਨੇਤ੍ਰ ਭਲੇ ਪਰਵਾਣੁ ਹਹਿ ਮੇਰੀ ਜਿੰਦੁੜੀਏ ਜੋ ਸਾਧੂ ਸਤਿਗੁਰੁ ਦੇਖਹਿ ਰਾਮ ॥"
{ਬਿਹਾਗੜਾ ਮਹਲਾ ੪, ਪੰਨਾ ੫੪੦}
ਹੇ ਮੇਰੀ ਸੋਹਣੀ ਜਿੰਦੇ ! ਉਹ ਅੱਖਾਂ ਭਲੀਆਂ ਹਨ ਸਫਲ ਹਨ ਜੋ ਗੁਰੂ ਦਾ ਦਰਸਨ

ਕਰਦੀਆਂ ਰਹਿੰਦੀਆਂ ਹਨ।

ਗੁਰਬਾਣੀ ਗੁਰੂ ਦੇ ਦਰਸ਼ਨ ਕੀਤਿਆਂ, ਭਾਵ ਬਾਣੀ ਦਾ ਉਪਦੇਸ਼ ਹਿਰਦੇ ਵਿੱਚ ਧਾਰਨ ਕਰਨ ਨਾਲ ਹੀ ਨੇਤ੍ਰ ਵਿਕਾਰਾਂ ਤੋਂ ਮੁਕਤ ਹੋ ਕੇ, ਪਵਿਤ੍ਰ ਹੋ ਜਾਣਗੇ। ਗੁਰੂ ਗ੍ਰੰਥ ਸਾਹਿਬ ਪਾਤਿਸ਼ਾਹ ਅੰਦਰ ਹੋਰ ਵੀ ਐਸੇ ਬਹੁਤ ਪ੍ਰਮਾਣ ਹਨ, ਜੋ ਸਾਨੂੰ ਸਮਝਾਉਂਦੇ ਹਨ ਕਿ ਨੇਤ੍ਰ ਕਿਵੇਂ ਪਵਿੱਤਰ ਹੁੰਦੇ ਹਨ:

"ਨਾਨਕ ਸੂਤਕੁ ਏਵ ਨ ਉਤਰੈ ਗਿਆਨੁ ਉਤਾਰੇ ਧੋਇ ॥੧॥"

{ਸਲੋਕੁ ਮਃ ੧, ਪੰਨਾ ੪੭੨}

ਹੇ ਨਾਨਕ ! ਇਸ ਤਰ੍ਹਾਂ (ਭਾਵ, ਭਰਮਾਂ ਵਿਚ ਪਿਆਂ) ਸੂਤਕ (ਅਪਵਿਤ੍ਰਤਾ)ਮਨ ਤੋਂ ਨਹੀਂ ਉਤਰਦੀ, ਇਸ ਨੂੰ (ਪ੍ਰਭੂ ਦਾ) ਗਿਆਨ ਹੀ ਧੋ ਕੇ ਲਾਹ ਸਕਦਾ ਹੈ

"ਨੇਤ੍ਰ ਪੁਨੀਤ ਪੇਖਤ ਹੀ ਦਰਸ ॥" {ਗਉੜੀ ਮਹਲਾ ੫, ਪੰਨਾ ੨੦੧}

(ਹੇ ਭਾਈ !) ਗੋਬਿੰਦ ਦਾ ਦਰਸਨ ਕਰਦਿਆਂ ਹੀ ਅੱਖਾਂ ਪਵਿਤ੍ਰ ਹੋ ਜਾਂਦੀਆਂ ਹਨ (ਵਿਕਾਰ-ਵਾਸਨਾ ਤੋਂ ਰਹਿਤ ਹੋ ਜਾਂਦੀਆਂ ਹਨ) ।

"ਨੇਤ੍ਰ ਪੁਨੀਤ ਭਏ ਦਰਸ ਪੇਖੇ ਮਾਥੈ ਪਰਉ ਰਵਾਲ ॥ ਰਸਿ ਰਸਿ ਗੁਣ ਗਾਵਉ ਠਾਕੁਰ ਕੇ ਮੋਰੈ ਹਿਰਦੈ ਬਸਹੁ ਗੋਪਾਲ ॥" {ਧਨਾਸਰੀ ਮਹਲਾ ੫, ਪੰਨਾ ੬੮੦}

ਹੇ ਸ੍ਰਿਸ਼ਟੀ ਦੇ ਪਾਲਣਹਾਰ ! ਮੇਰੇ ਹਿਰਦੇ ਵਿਚ ਆ ਵੱਸ । ਮੈਂ ਬੜੇ ਸੁਆਦ ਨਾਲ ਤੇਰੇ ਗੁਣ ਗਾਂਦਾ ਰਹਾਂ, ਮੇਰੇ ਮੱਥੇ ਉੱਤੇ ਤੇਰੀ ਚਰਨ-ਧੂੜ ਟਿਕੀ ਰਹੇ । ਤੇਰਾ ਦਰਸਨ ਕਰ ਕੇ ਅੱਖਾਂ ਪਵਿੱਤ੍ਰ ਹੋ ਜਾਂਦੀਆਂ ਹਨ (ਵਿਕਾਰਾਂ ਵੱਲੋਂ ਹਟ ਜਾਂਦੀਆਂ ਹਨ) ।1।

ਇਸ ਗੱਲ ਨਾਲੋਂ ਵੀ ਮਹੱਤਵ ਪੂਰਨ ਗੱਲ ਇਹ ਹੈ ਕਿ ਕਦੇ ਨੇਤ੍ਰ ਵਿਕਾਰੀ ਨਹੀਂ ਹੁੰਦੇ, ਵਿਕਾਰੀ ਦ੍ਰਿਸ਼ਟੀ ਹੁੰਦੀ ਹੈ। ਸਤਿਗੁਰੂ ਦਾ ਫੁਰਮਾਨ ਹੈ:

"ਨੈਨਹੁ ਨੀਦ ਪਰ ਦ੍ਰਿਸਟਿ ਵਿਕਾਰ ॥" {ਗਉੜੀ ਗੁਆਰੇਰੀ ਮਹਲਾ ੫, ਪੰਨਾ ੧੮੨}

ਪਰਾਏ ਰੂਪ ਨੂੰ ਵਿਕਾਰ ਦੀ ਨਿਗਾਹ ਨਾਲ ਵੇਖਣਾ—ਇਹ ਅੱਖਾਂ ਵਿਚ ਨੀਂਦ ਆ ਰਹੀ ਹੈ ।

"ਦਿਸਟਿ ਬਿਕਾਰੀ ਬੰਧਨਿ ਬਾਂਧੈ ਹਉ ਤਿਸ ਕੈ ਬਲਿ ਜਾਈ ॥ ਪਾਪ ਪੁੰਨ ਕੀ ਸਾਰ ਨ ਜਾਣੈ ਭੂਲਾ ਫਿਰੈ ਅਜਾਈ ॥" (ਪ੍ਰਭਾਤੀ ਮਹਲਾ ੧, ਪੰਨਾ ੧੩੨੯)

ਮੈਂ ਉਸ ਬੰਦੇ ਤੋਂ ਕੁਰਬਾਨ ਜਾਂਦਾ ਹਾਂ ਜੇਹੜਾ (ਆਪਣੀ) ਵਿਕਾਰਾਂ ਵਲ ਜਾਂਦੀ ਸੁਰਤਿ ਨੂੰ (ਹਰਿ-ਨਾਮ ਸਿਮਰਨ ਦੀ) ਡੋਰੀ ਲਾਲ ਬੰਨ੍ਹ ਰੱਖਦਾ ਹੈ । (ਪਰ ਜੇਹੜਾ ਮਨੁੱਖ ਸਿਮਰਨ ਤੋਂ ਖੁੰਝ ਕੇ) ਭਲੇ ਬੁਰੇ ਕੰਮ ਦੇ ਭੇਤ ਨੂੰ ਨਹੀਂ ਸਮਝਦਾ, ਉਹ (ਜੀਵਨ ਦੇ ਸਹੀ ਰਸਤੇ ਤੋਂ) ਖੁੰਝਿਆ ਫਿਰਦਾ ਹੈ ਤੇ (ਜੀਵਨ) ਵਿਅਰਥ ਗਵਾਂਦਾ ਹੈ ।

ਗੁਰਬਾਣੀ ਦੇ ਇਤਨੇ ਸਪੱਸ਼ਟ ਪ੍ਰਮਾਣਾਂ ਤੋਂ ਬਾਅਦ, ਇਸ ਗੱਲ ਵਿੱਚ ਕੋਈ ਸ਼ੱਕ ਹੀ ਨਹੀਂ ਬਚਦਾ, ਕਿ ਇਹ ਨੇਤ੍ਰਾਂ ਵਿੱਚ ਪਾਹੁਲ ਦੇ ਛੱਟੇ ਮਾਰਨ ਵਾਲਾ ਕੰਮ ਗੁਰਮਤਿ ਅਨੁਸਾਰ

ਨਹੀਂ। ਆਓ ਜ਼ਰਾ ਕੇਸਾਂ ਵਿੱਚ ਪਾਹੁਲ ਦੇ ਚੁੱਲੇ ਪਾਉਣ ਵਾਲੀ ਗੱਲ ਨੂੰ ਵੀ ਗੁਰਮਤਿ ਦੀ ਕਸਵੱਟੀ ਤੇ ਪਰਖ ਲਈਏ।

ਕੇਸਾਂ ਵਿੱਚ ਪਾਹੁਲ ਦੇ ਚੁੱਲੇ

ਇਸ ਬਾਰੇ ਵੀ ਅਕਸਰ ਇਹੀ ਆਖਿਆ ਜਾਂਦਾ ਹੈ ਕਿ ਕਿਉਂਕਿ ਮਤਿ ਸਿਰ ਵਿੱਚ ਹੁੰਦੀ ਹੈ, ਇਸ ਲਈ ਕੇਸਾਂ ਵਿੱਚ ਚੁੱਲੇ ਮਤਿ ਨੂੰ ਪਵਿੱਤਰ ਕਰਨ ਲਈ ਪਾਏ ਜਾਂਦੇ ਹਨ। ਜੇ ਗੁਰੂ ਗ੍ਰੰਥ ਸਾਹਿਬ ਨੂੰ ਪੁੱਛੀਏ ਕਿ ਮਤਿ ਕਿਵੇਂ ਪਵਿੱਤਰ ਹੁੰਦੀ ਹੈ ਤਾਂ ਸਤਿਗੁਰੂ ਜਪੁ ਬਾਣੀ ਦੀ ਵੀਹਵੀਂ ਪਉੜੀ ਵਿੱਚ ਸਮਝਾਉਂਦੇ ਹਨ:

"ਭਰੀਐ ਮਤਿ ਪਾਪਾ ਕੈ ਸੰਗਿ ॥ ਓਹੁ ਧੋਪੈ ਨਾਵੈ ਕੈ ਰੰਗਿ ॥"(ਪੰਨਾ ੪)
ਜੇ (ਮਨੁੱਖ ਦੀ) ਬੁੱਧੀ ਪਾਪਾਂ ਨਾਲ ਮਲੀਨ ਹੋ ਜਾਏ, ਤਾਂ ਉਹ ਪਾਪ ਅਕਾਲ ਪੁਰਖ ਦੇ ਨਾਮ ਵਿਚ ਪਿਆਰ ਕਰਨ ਨਾਲ ਹੀ ਧੋਇਆ ਜਾ ਸਕਦਾ ਹੈ।

ਅਸਲ ਵਿੱਚ ਮਤਿ ਮਲੀਨ ਉਦੋਂ ਹੁੰਦੀ ਹੈ, ਜਦੋਂ ਗੁਰੂ ਨੂੰ ਛੱਡ ਕੇ ਮਨ ਦੇ ਮਗਰ ਲੱਗ ਜਾਵੇ, ਇਸੇ ਵਾਸਤੇ ਗੁਰਬਾਣੀ ਵਿੱਚ ਇਸ ਨੂੰ ਮਨਮਤਿ ਆਖਿਆ ਗਿਆ ਹੈ। ਸਤਿਗੁਰੂ ਸਾਨੂੰ ਬਾਰਬਾਰ ਇਸ ਮਨ ਦੀ ਮਤਿ ਨੂੰ ਤਿਆਗਣ ਦਾ ਉਪਦੇਸ਼ ਕਰਦੇ ਹਨ। ਗੁਰਬਾਣੀ ਜਿਥੇ ਮਨਮਤਿ ਨੂੰ ਤਿਆਗਣ ਦੀ ਗੱਲ ਕਰਦੀ ਹੈ, ਇਸ ਨੂੰ ਤਿਆਗਣ ਦੀ ਜਾਚ ਵੀ ਸਿਖਾਉਂਦੀ ਹੈ:

"ਗੁਰੁ ਪੂਰਾ ਜਿਸੁ ਭੇਟਿਆ ਤਾ ਕੈ ਸੁਖਿ ਪਰਵੇਸੁ ॥ ਮਨ ਕੀ ਮਤਿ ਤਿਆਗੀਐ ਸੁਣੀਐ ਉਪਦੇਸੁ ॥" {ਬਿਲਾਵਲੁ ਮਹਲਾ ੫, ਪੰਨਾ ੮੧੪}
ਹੇ ਭਾਈ ! ਆਪਣੇ ਮਨ ਦੀ ਮਤਿ ਛੱਡ ਦੇਣੀ ਚਾਹੀਦੀ ਹੈ, (ਗੁਰੂ ਦਾ) ਉਪਦੇਸ਼ ਸੁਣਨਾ ਚਾਹੀਦਾ ਹੈ । ਜਿਸ ਮਨੁੱਖ ਨੂੰ ਪੂਰਾ ਗੁਰੂ ਮਿਲ ਪੈਂਦਾ ਹੈ, (ਯਕੀਨ ਜਾਣੋ ਕਿ) ਉਸ (ਮਨੁੱਖ) ਦੇ ਹਿਰਦੇ ਵਿਚ ਸੁਖ ਨੇ ਪਰਵੇਸ਼ ਕਰ ਲਿਆ ।

"ਮਨ ਕੀ ਮਤਿ ਤਿਆਗਹੁ ਹਰਿ ਜਨ ਏਹਾ ਬਾਤ ਕਠੈਨੀ ॥ ਅਨਦਿਨੁ ਹਰਿ ਹਰਿ ਨਾਮੁ ਧਿਆਵਹੁ ਗੁਰ ਸਤਿਗੁਰ ਕੀ ਮਤਿ ਲੈਨੀ ॥" {ਬਿਲਾਵਲੁ ਮਹਲਾ ੪, ਪੰਨਾ ੮੦੦}
ਹੇ ਸੰਤ ਜਨੋ ! ਆਪਣੇ ਮਨ ਦੀ ਮਰਜ਼ੀ (ਉਤੇ ਤੁਰਨਾ) ਛੱਡ ਦਿਉ (ਗੁਰੂ ਦੇ ਹੁਕਮ ਵਿਚ ਤੁਰੋ), ਪਰ ਇਹ ਗੱਲ ਹੈ ਬੜੀ ਹੀ ਔਖੀ । ਇਸ ਵਾਸਤੇ ਹਰ ਵੇਲੇ ਪਰਮਾਤਮਾ ਨੂੰ ਯਾਦ ਰਖੋ ਅਤੇ ਗੁਰੂ ਪਾਤਿਸ਼ਾਹ ਦੀ ਮਤਿ ਗ੍ਰਹਿਣ ਕਰੋ ।

ਉਪਰੋਕਤ ਪ੍ਰਮਾਣਾਂ ਵਿੱਚ ਸਤਿਗੁਰੂ ਨੇ ਨਿਰਣਾ ਦਿੱਤਾ ਹੈ ਕਿ ਮਲੀਨ ਮਤਿ ਨੂੰ ਪਵਿਤਰ ਕਰਨ ਦਾ ਤਰੀਕਾ ਇਹ ਹੈ ਕਿ ਗੁਰੂ ਦੀ ਮਤਿ ਲੈ ਕੇ ਉਸ ਅਨੁਸਾਰ ਚਲਿਆ ਜਾਵੇ।

ਕੁਝ ਇਹ ਕਹਿੰਦੇ ਹਨ ਕਿ ਸਿਰ ਵਿੱਚ ਚੁੱਲੇ, ਪਾਹੁਲ ਨੂੰ ਦਸਮ ਦੁਆਰ ਤੱਕ ਪਹੁੰਚਾਉਣ ਲਈ ਪਾਏ ਜਾਂਦੇ ਹਨ, ਤਾਂਕਿ ਇਸ ਨਾਲ ਦਸਮ ਦੁਆਰ ਖੁੱਲ੍ਹ ਜਾਵੇ। ਸਾਡੇ ਕੋਲ ਹਰ ਗੱਲ ਦਾ ਨਿਖੇੜਾ ਕਰਨ ਲਈ ਗੁਰਬਾਣੀ ਦੀ ਹੀ ਕਸਵੱਟੀ ਹੈ। ਆਓ ਇਹ ਅਗਵਾਈ ਵੀ

ਗੁਰਬਾਣੀ ਤੋਂ ਹੀ ਲੈਂਦੇ ਹਾਂ ਕਿ ਕੀ ਇੰਝ ਸਿਰ ਵਿੱਚ ਪਾਏ ਚੁੱਲੇ ਦਸਮ ਦੁਆਰ ਤੱਕ ਪਹੁੰਚ ਜਾਣਗੇ। ਗੁਰੂ ਅਮਰ ਦਾਸ ਪਾਤਿਸ਼ਾਹ ਨੇ ਸਰੀਰ ਦੀ ਰਚਨਾ ਬਾਰੇ ਅਨੰਦੁ ਬਾਣੀ ਵਿੱਚ ਲਿਖਿਆ ਹੈ:

"ਹਰਿ ਜੀਉ ਗੁਫਾ ਅੰਦਰਿ ਰਖਿ ਕੈ ਵਾਜਾ ਪਵਣੁ ਵਜਾਇਆ ॥
ਵਜਾਇਆ ਵਾਜਾ ਪਉਣ ਨਉ ਦੁਆਰੇ ਪਰਗਟੁ ਕੀਏ ਦਸਵਾ ਗੁਪਤੁ ਰਖਾਇਆ ॥"
{ਰਾਮਕਲੀ ਮਹਲਾ ੩, ਪੰਨਾ ੯੨੨}

ਪਰਮਾਤਮਾ ਨੇ ਜਿੰਦ ਨੂੰ ਸਰੀਰ-ਗੁਫ਼ਾ ਵਿਚ ਟਿਕਾ ਕੇ ਜੀਵ ਨੂੰ ਬੋਲਣ ਦੀ ਸ਼ਕਤੀ ਦਿੱਤੀ । ਸਰੀਰ ਨੂੰ ਬੋਲਣ ਦੀ ਸ਼ਕਤੀ ਦਿੱਤੀ, ਨੱਕ ਕੰਨ ਆਦਿਕ ਨੌ ਕਰਮ-ਇੰਦ੍ਰੀਆਂ ਪਰਤੱਖ ਤੌਰ ਤੇ ਬਣਾਈਆਂ, ਦਸਵੇਂ ਦਰ (ਦਿਮਾਗ਼) ਨੂੰ ਲੁਕਵਾਂ ਰੱਖਿਆ ।

ਹੁਣ ਆਪ ਹੀ ਸੋਚ ਲਈਏ ਕਿ ਜਿਸ ਦਸਮ ਦੁਆਰ ਨੂੰ ਸਤਿਗੁਰੂ ਨੇ ਗੁਪਤ ਰਖਿਆ ਹੈ, ਜਿਸ ਦਾ ਰਾਹ ਹੀ ਪ੍ਰਗਟ ਨਹੀਂ, ਕੀ ਕੇਸਾਂ ਵਿੱਚ ਪਾਏ ਪਾਹੁਲ ਦੇ ਚੁਲੇ ਉਸ ਵਿੱਚ ਪਹੁੰਚ ਜਾਣਗੇ? ਸਤਿਗੁਰੂ ਨੇ ਨਾਲ ਹੀ ਅਗਲੀ ਪੰਕਤੀ ਵਿੱਚ, ਇਸ ਦਸਮ ਦੁਆਰ ਤੱਕ ਪਹੁੰਚਣ ਦਾ ਰਾਹ ਵੀ ਦਸ ਦਿੱਤਾ ਹੈ:

"ਗੁਰਦੁਆਰੈ ਲਾਇ ਭਾਵਨੀ ਇਕਨਾ ਦਸਵਾ ਦੁਆਰੁ ਦਿਖਾਇਆ ॥"

ਪ੍ਰਭੂ ਨੇ ਜਿਨ੍ਹਾਂ ਨੂੰ ਗੁਰੂ ਦੇ ਦਰ ਤੇ ਅਪੜਾ ਕੇ ਆਪਣੇ ਨਾਮ ਦੀ ਸਰਧਾ ਬਖ਼ਸ਼ੀ, ਉਹਨਾਂ ਨੂੰ ਦਸਵਾਂ ਦਰ ਭੀ ਵਿਖਾ ਦਿੱਤਾ।

ਭਾਵ ਜੋ ਸਤਿਗੁਰੂ ਦੇ ਲੜ ਲੱਗ ਗਏ, ਸਤਿਗੁਰੂ ਦਾ ਗਿਆਨ ਪ੍ਰਾਪਤ ਕਰ ਕੇ ਉਨ੍ਹਾਂ ਦਾ ਦਸਵਾਂ ਦੁਆਰ ਪ੍ਰਗਟ ਹੋ ਗਿਆ। ਬ੍ਰਾਹਮਣੀ ਪ੍ਰਭਾਵ ਅਧੀਨ, ਦਸਮ ਦੁਆਰ ਬਾਰੇ ਸਿੱਖ ਕੌਮ ਵਿੱਚ ਬਹੁਤ ਭੁਲੇਖੇ ਪਾਏ ਜਾਂਦੇ ਹਨ ਪਰ ਜੇ ਅਸੀਂ ਨਿਰੋਲ ਗੁਰਬਾਣੀ ਤੋਂ ਅਗਵਾਈ ਲੈਣ ਦੀ ਕੋਸ਼ਿਸ਼ ਕਰੀਏ ਤਾਂ ਕਿਸੇ ਕਿਸਮ ਦਾ ਕੋਈ ਭੁਲੇਖਾ ਨਹੀਂ ਰਹਿ ਜਾਂਦਾ। ਹੇਠਲੇ ਸ਼ਬਦਾਂ ਵਿੱਚ ਵੀ ਸਤਿਗੁਰੂ ਬਖਸ਼ਿਸ਼ ਕਰਦੇ ਸਮਝਾਉਂਦੇ ਹਨ:

"ਪਉਣੈ ਪਾਣੀ ਅਗਨੀ ਕਾ ਮੇਲੁ ॥ ਚੰਚਲ ਚਪਲ ਬੁਧਿ ਕਾ ਖੇਲੁ ॥ ਨਉ ਦਰਵਾਜੇ ਦਸਵਾ ਦੁਆਰੁ ॥ ਬੁਝੁ ਰੇ ਗਿਆਨੀ ਏਹੁ ਬੀਚਾਰੁ ॥" {ਗਉੜੀ ਮਹਲਾ ੧, ਪੰਨਾ ੧੫੨}

ਹੇ ਆਤਮਕ ਜੀਵਨ ਦੀ ਸੂਝ ਵਾਲੇ ਮਨੁੱਖ ! (ਗੁਰੂ ਦੀ ਸਰਨ ਪੈ ਕੇ) ਇਹ ਗੱਲ ਸਮਝ ਲੈ (ਕਿ ਜਦੋਂ) ਹਵਾ ਪਾਣੀ ਅੱਗ (ਆਦਿਕ ਤੱਤਾਂ ਦਾ) ਮਿਲਾਪ ਹੁੰਦਾ ਹੈ (ਤਦੋਂ ਇਹ ਸਰੀਰ ਬਣਦਾ ਹੈ, ਤੇ ਇਸ ਵਿਚ) ਚੰਚਲ ਅਤੇ ਕਿਤੇ ਇੱਕ ਥਾਂ ਨਾਹ ਟਿਕਣ ਵਾਲੀ ਬੁੱਧੀ ਦੀ ਦੌੜ-ਭੱਜ (ਸ਼ੁਰੂ ਹੋ ਜਾਂਦੀ ਹੈ) । (ਸਰੀਰ ਦੀਆਂ) ਨੌ ਹੀ ਗੋਲਕਾਂ (ਇਸ ਦੌੜ-ਭੱਜ ਵਿਚ ਸ਼ਾਮਿਲ ਰਹਿੰਦੀਆਂ ਹਨ, ਸਿਰਫ਼) ਦਿਮਾਗ਼ (ਹੀ ਹੈ ਜਿਸ ਰਾਹੀਂ ਆਤਮਕ ਜੀਵਨ ਦੀ ਸੂਝ ਪੈ ਸਕਦੀ ਹੈ) ।

"ਚੰਦਨੁ ਚੀਤਿ ਵਸਾਇਆ ਮੰਦਰੁ ਦਸਵਾ ਦੁਆਰੁ ॥ ਦੀਪਕੁ ਸਬਦਿ ਵਿਗਾਸਿਆ ਰਾਮ ਨਾਮੁ ਉਰ ਹਾਰੁ ॥" {ਮਹਲਾ ੧, ਪੰਨਾ ੫੪}

ਜਿਸ ਨੇ ਆਪਣੇ ਦਸਵੇਂ ਦੁਆਰ (ਦਿਮਾਗ਼, ਚਿੱਤ-ਆਕਾਸ਼) ਨੂੰ (ਪਤੀ-ਪ੍ਰਭੂ ਦੇ ਰਹਿਣ ਲਈ) ਸੋਹਣਾ ਘਰ ਬਣਾਇਆ ਹੈ, ਜਿਸ ਨੇ ਗੁਰੂ ਦੇ ਸ਼ਬਦ ਦੀ ਰਾਹੀਂ (ਆਪਣੇ ਹਿਰਦੇ ਨੂੰ) ਹੁਲਾਰੇ ਵਿਚ ਲਿਆਂਦਾ ਹੈ (ਤੇ, ਇਹ, ਮਾਨੋ, ਉਸ ਨੇ ਹਿਰਦੇ ਵਿਚ) ਦੀਵਾ (ਜਗਾਇਆ ਹੈ), ਜਿਸ ਨੇ ਪਰਮਾਤਮਾ ਦੇ ਨਾਮ ਨੂੰ ਆਪਣੇ ਗਲ ਦਾ ਹਾਰ ਬਣਾ ਲਿਆ ਹੈ ।

"ਇਸੁ ਕਾਇਆ ਅੰਦਰਿ ਵਸਤੁ ਅਸੰਖਾ ॥ ਗੁਰਮੁਖਿ ਸਾਚੁ ਮਿਲੈ ਤਾ ਵੇਖਾ ॥ ਨਉ ਦਰਵਾਜੇ ਦਸਵੈ ਮੁਕਤਾ ਅਨਹਦ ਸਬਦੁ ਵਜਾਵਣਿਆ ॥" {ਮਾਝ ਮਹਲਾ ੩, ਪੰਨਾ ੧੧੦}

ਬੇਅੰਤ ਗੁਣਾਂ ਦਾ ਮਾਲਕ ਪ੍ਰਭੂ ਮਨੁੱਖ ਦੇ ਇਸ ਸਰੀਰ ਦੇ ਅੰਦਰ ਹੀ ਵੱਸਦਾ ਹੈ । ਗੁਰੂ ਦੇ ਸਨਮੁਖ ਰਹਿ ਕੇ ਜਦੋਂ ਮਨੁੱਖ ਨੂੰ ਸਦਾ-ਥਿਰ ਪ੍ਰਭੂ ਦਾ ਨਾਮ ਪ੍ਰਾਪਤ ਹੁੰਦਾ ਹੈ, ਤਾਂ (ਆਪਣੇ ਅੰਦਰ ਵੱਸਦੇ ਪ੍ਰਭੂ ਦਾ) ਦਰਸਨ ਕਰਦਾ ਹੈ, ਤਦੋਂ ਮਨੁੱਖ ਨੌਂ ਗੋਲਕਾਂ ਦੀਆਂ ਵਾਸਨਾਂ ਤੋਂ ਉੱਚਾ ਹੋ ਕੇ ਦਸਵੇਂ ਦੁਆਰ ਵਿਚ (ਭਾਵ, ਵਿਚਾਰ ਮੰਡਲ ਵਿਚ) ਪਹੁੰਚ ਕੇ (ਵਿਕਾਰਾਂ ਵਲੋਂ) ਆਜ਼ਾਦ ਹੋ ਜਾਂਦਾ ਹੈ ਤੇ (ਆਪਣੇ ਅੰਦਰ) ਇਕ-ਰਸ ਸਿਫ਼ਤਿ-ਸਾਲਾਹ ਦੀ ਬਾਣੀ ਦਾ ਅਭਿਆਸ ਕਰਦਾ ਹੈ ।

"ਸਤਿਗੁਰ ਮਿਲਿਐ ਧਾਵਤੁ ਥੰਮ੍ਹਿਆ ਨਿਜ ਘਰਿ ਵਸਿਆ ਆਏ ॥ ਨਾਮੁ ਵਿਹਾਝੇ ਨਾਮੁ ਲਏ ਨਾਮਿ ਰਹੇ ਸਮਾਏ ॥ ਧਾਵਤੁ ਥੰਮ੍ਹਿਆ ਸਤਿਗੁਰਿ ਮਿਲਿਐ ਦਸਵਾ ਦੁਆਰੁ ਪਾਇਆ ॥" {ਆਸਾ ਮਹਲਾ ੩, ਪੰਨਾ ੪੪੧}

(ਹੇ ਭਾਈ !) ਜੇ ਗੁਰੂ ਮਿਲ ਪਏ ਤਾਂ ਇਹ ਭਟਕਦਾ ਮਨ (ਭਟਕਣਾ ਵਲੋਂ) ਰੁਕ ਜਾਂਦਾ ਹੈ, ਇਹ ਪ੍ਰਭੂ-ਚਰਨਾਂ ਵਿਚ ਆ ਟਿਕਦਾ ਹੈ । (ਫਿਰ ਇਹ) ਪਰਮਾਤਮਾ ਦੇ ਨਾਮ ਦਾ ਸੌਦਾ ਕਰਦਾ ਹੈ (ਭਾਵ,) ਪਰਮਾਤਮਾ ਦਾ ਨਾਮ ਜਪਦਾ ਰਹਿੰਦਾ ਹੈ, ਨਾਮ ਵਿਚ ਲੀਨ ਰਹਿੰਦਾ ਹੈ । (ਹੇ ਭਾਈ ! ਜੇ ਗੁਰੂ ਮਿਲ ਪਏ ਤਾਂ ਭਟਕਦਾ ਮਨ (ਭਟਕਣ ਵਲੋਂ) ਰੁਕ ਜਾਂਦਾ ਹੈ (ਇਹੀ ਆਤਮਕ ਅਵਸਥਾ ਹੈ ਉਹ) ਦਸਵਾਂ ਦਰਵਾਜ਼ਾ ਜੋ ਇਸ ਨੂੰ ਲੱਭ ਪੈਂਦਾ ਹੈ (ਜੋ ਗਿਆਨ-ਇੰਦ੍ਰਿਆਂ ਤੇ ਕਰਮ-ਇੰਦ੍ਰਿਆਂ ਤੋਂ ਉੱਚਾ ਰਹਿੰਦਾ ਹੈ) ।

"ਪੂਜਾ ਪ੍ਰੇਮ ਮਾਇਆ ਪਰਜਾਲਿ ॥ ਏਕੋ ਵੇਖਹੁ ਅਵਰੁ ਨ ਭਾਲਿ ॥ ਚੀਨੈ ਤਤੁ ਗਗਨ ਦਸਦੁਆਰ ॥ ਹਰਿ ਮੁਖਿ ਪਾਠ ਪੜੈ ਬੀਚਾਰ ॥" {ਆਸਾ ਮਹਲਾ ੧, ਪੰਨਾ ੩੫੫}

(ਨਾਮ ਵਿਚ ਜੁੜ ਕੇ) ਮਾਇਆ ਦਾ ਮੋਹ (ਆਪਣੇ ਅੰਦਰੋਂ) ਚੰਗੀ ਤਰ੍ਹਾਂ ਸਾੜ ਦੇ— ਇਹੀ ਹੈ ਦੇਵ-ਪੂਜਾ । ਹਰ ਥਾਂ ਇਕ ਪਰਮਾਤਮਾ ਨੂੰ ਵੇਖ, (ਹੇ ਪਾਂਡੇ !) ਉਸ ਤੋਂ ਬਿਨਾ ਕਿਸੇ ਹੋਰ ਦੇਵਤੇ ਨੂੰ ਨਾਹ ਲੱਭਦਾ ਰਹੁ । ਜੇਹੜਾ ਮਨੁੱਖ ਹਰ ਥਾਂ ਵਿਆਪਕ ਪਰਮਾਤਮਾ ਨੂੰ ਪਛਾਣ ਲੈਂਦਾ ਹੈ, ਉਸ ਨੇ ਮਾਨੋ ਦਸਵੇਂ ਦੁਆਰ ਵਿਚ ਸਮਾਧੀ ਲਾਈ ਹੋਈ ਹੈ । ਜੋ ਮਨੁੱਖ ਪ੍ਰਭੂ ਦੇ ਨਾਮ ਨੂੰ ਸਦਾ ਆਪਣੇ ਮੂੰਹ ਵਿਚ ਰੱਖਦਾ ਹੈ (ਉਚਾਰਦਾ), ਉਹ (ਧਾਰਮਿਕ ਪੁਸਤਕਾਂ ਦੇ) ਵਿਚਾਰ ਪੜ੍ਹ ਰਿਹਾ ਹੈ ।

"ਦਦਾ ਦੇਖਿ ਜੁ ਬਿਨਸਨਹਾਰਾ ॥ ਜਸ ਅਦੇਖਿ ਤਸ ਰਾਖਿ ਬਿਚਾਰਾ ॥ ਦਸਵੈ ਦੁਆਰਿ ਕੁੰਚੀ ਜਬ ਦੀਜੈ ॥ ਤਉ ਦਇਆਲ ਕੋ ਦਰਸਨੁ ਕੀਜੈ ॥" { ਰਾਗੁ ਗਉੜੀ ਪੂਰਬੀ, ਬਾਵਨ ਅਖਰੀ ਕਬੀਰ ਜੀਉ ਕੀ, ਪੰਨਾ ੩੪੧}

ਜੋ ਇਹ ਸੰਸਾਰ (ਇਹਨਾਂ ਅੱਖਾਂ ਨਾਲ) ਦਿੱਸ ਰਿਹਾ ਹੈ, ਇਹ ਸਾਰਾ ਨਾਸਵੰਤ ਹੈ, (ਹੇ ਭਾਈ !) ਤੂੰ ਸਦਾ ਪ੍ਰਭੂ ਵਿਚ ਸੁਰਤ ਜੋੜ, ਜੋ (ਇਹਨਾਂ ਅੱਖਾਂ ਨਾਲ) ਦਿੱਸਦਾ ਨਹੀਂ ਹੈ

(ਭਾਵ, ਜੋ ਦਿੱਸਦੇ ਤ੍ਰਿਗੁਣੀ ਸੰਸਾਰ ਨਾਲੋਂ ਵੱਖਰਾ ਭੀ ਹੈ) । ਪਰ, ਉਸ ਦਿਆਲ ਪ੍ਰਭੂ ਦਾ ਦੀਦਾਰ ਤਦੋਂ ਹੀ ਕੀਤਾ ਜਾ ਸਕਦਾ ਹੈ, ਜਦੋਂ (ਗੁਰਬਾਣੀ-ਰੂਪ) ਕੁੰਜੀ ਦਸਵੇਂ ਦੁਆਰ ਵਿਚ ਲਾਈਏ, (ਭਾਵ, ਜਦੋਂ ਮਨ ਨੂੰ ਸਤਿਗੁਰੂ ਦੀ ਬਾਣੀ ਨਾਲ ਜੋੜੀਏ) ।

ਇਥੇ ਇਤਨੇ ਪ੍ਰਮਾਣ ਦੇਣ ਦੀ ਲੋੜ ਇਸ ਵਾਸਤੇ ਪਈ ਹੈ, ਕਿਉਂਕਿ ਗੁਰਬਾਣੀ ਨੂੰ ਧਿਆਨ ਨਾਲ ਵਿਚਾਰੇ ਬਗੈਰ ਦਸਮ ਦੁਆਰ ਬਾਰੇ ਸਮਝ ਨਹੀਂ ਆ ਸਕਦੀ। ਇਨ੍ਹਾਂ ਪ੍ਰਮਾਣਾਂ ਤੋਂ ਬਿਲਕੁਲ ਸਪੱਸ਼ਟ ਹੈ ਕਿ **ਦਸਵਾਂ ਦੁਆਰ ਆਤਮਕ ਜੀਵਨ ਦੀ ਸੂਝ ਦਾ ਦੁਆਰ ਹੈ ਅਤੇ ਕੇਵਲ ਸਤਿਗੁਰੂ ਦੇ ਇਲਾਹੀ ਗਿਆਨ ਨੂੰ ਜੀਵਨ ਵਿੱਚ ਧਾਰਨ ਕਰਨ ਨਾਲ ਹੀ ਪ੍ਰਗਟ ਹੁੰਦਾ ਹੈ। ਇਹ ਸੋਚਣਾ ਕਿ ਕੇਸਾਂ ਵਿੱਚ ਪਾਹੁਲ ਦੇ ਚੂਲੇ ਪਾਉਣ ਨਾਲ ਇਹ ਦਸਮ ਦੁਆਰ ਤੱਕ ਪਹੁੰਚ ਜਾਣਗੇ ਜਾਂ ਇਸ ਨਾਲ ਦਸਮ ਦੁਆਰ ਖੁੱਲ ਜਾਵੇਗਾ, ਇਕ ਅੰਧੀ ਭਾਵਨਾ ਹੀ ਹੋ ਸਕਦੀ ਹੈ।**

ਸੋ ਇਹ ਨੇਤ੍ਰਾਂ ਵਿੱਚ ਛਟੇ ਮਾਰਨ ਅਤੇ ਕੇਸਾਂ ਵਿੱਚ ਚੂਲੇ ਪਾਉਣ ਦੀ ਕਿਰਿਆ ਗੁਰਮਤਿ ਅਨੁਸਾਰ ਨਹੀਂ ਹੈ ਅਤੇ ਲੋੜ ਹੈ ਕਿ ਇਸ ਮਰਯਾਦਾ ਵਿੱਚ ਵੀ ਸੋਧ ਕਰ ਲਈ ਜਾਵੇ। ਇਕ ਵਿਸ਼ੇਸ਼ ਗੱਲ ਇਹ ਸਮਝਣ ਵਾਲੀ ਹੈ ਕਿ ਇਹ ਪਾਹੁਲ ਛਕਣ ਦਾ ਸੰਸਕਾਰ ਹੈ ਨਾਕਿ ਪਾਹੁਲ ਦੇ ਛੱਟੇ ਮਾਰਨ ਦਾ। ਕਈ ਲੋਕ ਆਖਣਗੇ, ਇਹ ਸ਼ਰਧਾ ਅਤੇ ਵਿਸ਼ਵਾਸ ਦੀ ਗੱਲ ਹੈ, ਇਸ ਉਤੇ ਕਿੰਤੂ ਨਹੀਂ ਕਰਨਾ ਚਾਹੀਦਾ। ਮੈਂ ਸਨਿਮਰ ਬੇਨਤੀ ਕਰਨੀ ਚਾਹੁੰਦਾ ਹਾਂ ਕਿ **ਸਿੱਖ ਧਰਮ ਗਿਆਨ ਅਧਾਰਤ ਧਰਮ ਹੈ, ਇਥੇ ਗਿਆਨ ਅਧਾਰਤ ਸ਼ਰਧਾ ਹੀ ਪ੍ਰਵਾਨ ਹੈ, ਅੰਧੀ ਸ਼ਰਧਾ ਵਾਸਤੇ ਸਿੱਖੀ ਵਿੱਚ ਕੋਈ ਸਥਾਨ ਨਹੀਂ। ਸਿੱਖ ਕੌਮ ਦਾ ਹਰ ਸੰਸਕਾਰ ਗੁਰਮਤਿ ਅਨੁਸਾਰ ਹੀ ਹੋਣਾ ਚਾਹੀਦਾ ਹੈ। ਸੋ ਗੱਲ ਭਾਵੇਂ ਅਖਾਂ ਦੀ ਹੋਵੇ ਜਾਂ ਕੇਸਾਂ ਦੀ, ਇਲਾਹੀ ਗੁਰਬਾਣੀ ਦੇ ਅਲੌਕਿਕ ਗਿਆਨ ਦੇ ਛੱਟੇ ਹੀ ਮਾਰਨ ਦੀ ਲੋੜ ਹੈ।**

ਸਾਂਝਾ ਬਾਟਾ।

ਪਾਹੁਲ ਅਭਿਲਾਖੀ ਇਕ ਇਕ ਸਿੰਘ ਨੂੰ ਪਾਹੁਲ ਛਕਾ ਕੇ, ਫਿਰ ਸਾਰਿਆਂ ਨੂੰ ਇਕ ਕਤਾਰ ਵਿੱਚ ਖੜਾ ਕਰਕੇ, ਪਾਹੁਲ ਵਾਲਾ ਬਾਟਾ ਵਾਰੋ ਵਾਰੀ ਸਭ ਦੇ ਮੂੰਹ ਨੂੰ ਲਾਕੇ, ਬਚਿਆ ਪਾਹੁਲ ਦਾ ਜਲ ਪਿਆਇਆ ਜਾਂਦਾ ਹੈ। ਇਸ ਪਿਛੇ ਭਾਵਨਾ ਇਹ ਹੈ ਕਿ ਸਾਡੇ ਅੰਦਰ ਅਗਰ, ਅਜੇ ਵੀ ਕੋਈ ਊਚ-ਨੀਚ ਦਾ ਜਾਤ ਅਭਿਮਾਨ ਬਚਿਆ ਹੈ ਤਾਂ ਉਸ ਦਾ ਪੂਰੀ ਤਰ੍ਹਾਂ ਨਾਸ ਹੋ ਜਾਵੇ। ਅਸੀਂ ਇਕੋ ਲੜੀ ਵਿੱਚ ਪਰੋਏ ਜਾਈਏ। ਹਰ ਜਾਤ-ਪਾਤ, ਊਚ-ਨੀਚ ਦੇ ਭੇਦ ਭਾਵ ਨੂੰ ਤਿਆਗ ਕੇ ਭਰਾ-ਭਰਾ ਬਣ ਕੇ ਇਕ ਕੌਮੀ ਸ਼ਕਤੀ ਬਣ ਸਕੀਏ। ਇਸੇ ਤਰ੍ਹਾਂ ਪੰਜਾਂ ਪਿਆਰਿਆਂ ਦੀ ਦੇਗ ਵਰਤਾਉਣ ਤੋਂ ਬਾਅਦ ਬਾਕੀ ਬਚੀ ਦੇਗ ਸਾਰੇ ਨਵੇਂ ਸਜੇ ਖਾਲਸੇ, ਉਸ ਇਕੋ ਭਾਂਡੇ ਚੋਂ ਰੱਲ ਕੇ ਛਕਦੇ ਹਨ, ਉਸ ਦਾ ਮਕਸਦ ਵੀ ਇਹੋ ਹੈ ਕਿ ਆਪਣੇ ਸਾਰੇ ਮਤ ਭੇਦ ਖਤਮ ਕਰ ਕੇ ਇਕ ਸਾਂਝੇ ਪਰਵਾਰ ਦੇ ਮੈਂਬਰ ਬਣ ਜਾਇਆ ਜਾਵੇ।

ਜਿਵੇਂ ਉਪਰ ਬੇਨਤੀ ਕੀਤੀ ਜਾ ਚੁੱਕੀ ਹੈ, ਵੈਸੇ ਤਾਂ ਕੌਮ ਨੂੰ ਇਨ੍ਹਾਂ ਅਮੋਲਕ ਗੁਣਾਂ ਦਾ ਸੰਚਾਰ ਕਰਦਿਆਂ ਸਾਢੇ ਪੰਜ ਸੌ ਸਾਲ ਦੇ ਕਰੀਬ ਸਮਾਂ ਹੋ ਚਲਿਆ ਹੈ, ਚਲੋ ਜੇ ਖੰਡੇ-ਬਾਟੇ ਦੀ ਪਾਹੁਲ ਛਕਣ ਦੀ ਗੱਲ ਕਰੀਏ ਤਾਂ ਉਸ ਨੂੰ ਵੀ ਤਿੰਨ ਸੌ ਬਾਰ੍ਹਾਂ ਸਾਲ ਹੋ ਗਏ ਹਨ, ਕੀ ਅਸੀਂ ਪੂਰੀ ਤਰ੍ਹਾਂ ਇਕ ਮਾਤਾ ਪਿਤਾ ਦੀ ਸੰਤਾਨ, ਇਕ ਪਰਿਵਾਰ ਬਣ ਸਕੇ ਹਾਂ? ਇਸ ਵਿੱਚ ਕੋਈ ਸ਼ੱਕ ਨਹੀਂ ਕਿ ਸਾਡੇ ਵੱਡੇ ਵਡੇਰਿਆਂ ਨੇ ਇਨ੍ਹਾਂ ਅਮੋਲਕ ਗੁਣਾਂ ਨੂੰ ਆਪਣੇ ਜੀਵਨ

ਵਿੱਚ ਪੂਰੀ ਤਰ੍ਹਾਂ ਸੰਜੋ ਲਿਆ ਸੀ, ਤਾਂ ਹੀ, ਥੋੜ੍ਹੀ ਜਿਹੀ ਗਿਣਤੀ ਹੁੰਦੇ ਹੋਏ ਵੀ, ਸੰਸਾਰ ਉਤੇ ਇਕ ਵੱਡੀ ਤਾਕਤ ਬਣ ਕੇ ਉਭਰੇ ਸਾਂ, ਦੂਜੀਆਂ ਕੌਮਾਂ ਦੇ ਬਰਾਬਰ 'ਖਾਲਸਾ ਜੀ ਕੇ ਨਿਸ਼ਾਨ' ਵੀ ਝੂਲਦੇ ਸਨ। ਅੱਜ ਸਾਨੂੰ ਆਪਣੇ ਅੰਦਰ ਝਾਤੀ ਮਾਰਨ ਦੀ ਲੋੜ ਹੈ ਕਿ ਇਹ ਸਭ ਕੁਝ ਕਿਥੇ ਅਤੇ ਕਿਉਂ ਗੁਆਚ ਗਿਆ? ਇਕ ਸਾਂਝੇ ਪਰਿਵਾਰ ਤੋਂ ਟੁੱਟ ਕੇ ਬ੍ਰਾਹਮਣ ਦੇ ਚਾਰ ਵਰਣਾਂ ਤੋਂ ਵੀ ਅੱਗੇ ਵਧ ਕੇ, ਕਿਤਨੀਆਂ ਜਾਤਾਂ ਵਿੱਚ ਵੰਡੇ ਗਏ ਹਾਂ, ਇਸ ਦੀ ਗਿਣਤੀ ਕਰਨੀ ਵੀ ਔਖੀ ਹੈ। ਅੱਜ ਜੱਟ, ਭਾਪੇ ਅਤੇ ਮਜ਼ਬੀ ਵਿੱਚ ਜਿਤਨਾ ਪਾੜਾ ਵਧ ਰਿਹਾ ਹੈ, ਉਤਨਾ ਸ਼ਾਇਦ ਬ੍ਰਾਹਮਣ ਦੇ ਵਰਣਾਂ ਵਿੱਚ ਨਹੀਂ ਹੈ। ਇਕ ਵੰਡ ਹੋਰ ਹੋ ਗਈ ਹੈ, ਸਿਆਸੀ ਵੰਡ। ਕੋਈ ਅਕਾਲੀ, ਕੋਈ ਕਾਂਗਰਸੀ, ਕੋਈ ਕਮਿਉਨਿਸਟ, ਕੋਈ ਭਾਜਪਾਈ ਆਦਿ..। ਇਹ ਸਿਆਸੀ ਵੰਡਾਂ ਵੀ ਇਤਨੀਆਂ ਮਹੱਤਵਪੂਰਨ ਹੋਈ ਜਾ ਰਹੀਆਂ ਹਨ ਕਿ ਆਪਣੇ ਸਿਆਸੀ ਧੜੇ ਵਾਸਤੇ, ਬਲਕਿ ਆਪਣੇ ਆਪ ਨੂੰ ਉਸ ਜਥੇਬੰਦੀ ਦਾ ਵਧੇਰੇ ਵਫ਼ਾਦਾਰ ਸਾਬਤ ਕਰਨ ਲਈ, ਸਿੱਖ ਸਿਧਾਂਤਾਂ ਨੂੰ ਤਿਆਗਣ ਲਈ ਹਰ ਪੱਲ ਤਿਆਰ ਰਹਿੰਦੇ ਹਾਂ, ਚਾਹੀਦਾ ਤਾਂ ਇਹ ਹੈ ਕਿ ਹਰ ਸਿੱਖ ਪਹਿਲਾਂ ਗੁਰੂ ਗ੍ਰੰਥ ਸਾਹਿਬ ਦਾ ਵਫ਼ਾਦਾਰ ਹੋਵੇ, ਬਾਅਦ ਵਿੱਚ ਸਿਆਸੀ ਧੜੇ ਦਾ। ਸਾਡੇ ਮੌਜੂਦਾ ਸਿਆਸੀ ਆਗੂ, ਜਿਨ੍ਹਾਂ ਨੂੰ ਇਹ ਭੇਦਭਾਵ ਮਿਟਾ ਕੇ ਕੌਮ ਨੂੰ ਇਕ ਲੜੀ ਵਿੱਚ ਪਰੋਣ ਦਾ ਉਪਰਾਲਾ ਕਰਨਾ ਚਾਹੀਦਾ ਹੈ, ਆਪਣੇ ਵੋਟਾਂ ਦੇ ਸੁਆਰਥ ਵਾਸਤੇ ਸਗੋਂ ਇਹ ਵੰਡੀਆਂ ਵਧਾ ਰਹੇ ਹਨ।

ਗੁਰਬਾਣੀ ਦੇ ਜਿਸ ਨਾਮ ਅੰਮ੍ਰਿਤ ਨਾਲ ਜੀਵਨ ਨੂੰ ਸਰੋਸ਼ਾਰ ਕਰਨਾ ਸੀ, ਉਹ ਤਾਂ ਰੁਮਾਲਿਆਂ ਦੇ ਥੱਲੇ ਹੀ ਦਬਿਆ ਰਹਿ ਗਿਆ, ਕਿਸੇ ਅਖੰਡ ਪਾਠ ਨੇੜੇ ਰੱਖੇ ਕੁੰਭ ਦਾ ਪਾਣੀ 'ਅੰਮ੍ਰਿਤ', ਕਿਸੇ ਪਖੰਡੀ ਸਾਧ ਦਾ ਮੰਤ੍ਰਿਆ ਹੋਇਆ ਜਲ 'ਅੰਮ੍ਰਿਤ', ਕਿਸੇ ਤਲਾ (ਜਾਂ ਵੱਧ ਤੋਂ ਵੱਧ ਸਰੋਵਰ ਕਹਿ ਲਓ) ਦਾ ਪਾਣੀ 'ਅੰਮ੍ਰਿਤ', ਹੋਰ ਤਾਂ ਹੋਰ ਗੁਰਦੁਆਰੇ ਦੇ ਦਰਵਾਜ਼ੇ ਅੱਗੇ ਪੈਰ ਧੋਣ ਲਈ ਬਣੇ ਚੁਬੱਚੇ ਦਾ ਪਾਣੀ 'ਅੰਮ੍ਰਿਤ' ਬਣ ਗਿਆ ਹੈ। ਜਿਸ ਪਾਹੁਲ ਨੇ ਸਾਨੂੰ ਇਕ ਕਰਨਾ ਸੀ, ਅਸੀਂ ਉਸ ਨੂੰ ਹੀ ਵੰਡ ਦਿੱਤਾ ਹੈ, ਕੋਈ ਕਿਸੇ ਡੇਰੇ ਦੀ ਪਾਹੁਲ, ਕੋਈ ਕਿਸੇ ਟਕਸਾਲ ਦੀ ਪਾਹੁਲ, ਕੋਈ ਕਿਸੇ ਜੱਥੇ ਦੀ ਪਾਹੁਲ, ਕੋਈ ਕਿਸੇ ਕਮੇਟੀ ਦੀ ਪਾਹੁਲ। ਫੇਰ ਇਹ ਭਰਮ ਕਿ ਸਾਡੀ ਪਾਹੁਲ(ਅੰਮ੍ਰਿਤ) ਬਾਕੀ ਸਭ ਨਾਲੋਂ ਉਚੀ-ਸੁੱਚੀ ਅਤੇ ਪਵਿੱਤਰ ਹੈ। ਇਤਨੀਆਂ ਪਾਹੁਲਾਂ ਦੇ ਰੌਲੇ ਵਿੱਚ ਗੁਰੂ ਗੋਬਿੰਦ ਸਿੰਘ ਪਾਤਸ਼ਾਹ ਦੁਆਰਾ ਬਖਸ਼ਿਸ਼ ਕੀਤੀ, ਖੰਡੇ-ਬਾਟੇ ਦੀ ਪਾਹੁਲ ਤਾਂ ਜਿਵੇਂ ਕਿਧਰੇ ਗੁਆਚ ਗਈ ਹੈ। ਸ਼ਾਇਦ ਇਸੇ ਕਰਕੇ ਅੱਜ ਬਹੁਤੀ ਕੌਮ ਇਸ ਨੂੰ ਛਕਣ ਤੋਂ ਮੁਨਕਰ ਹੈ ਅਤੇ ਜਿਹੜੇ ਛਕ ਵੀ ਰਹੇ ਹਨ, ਉਨ੍ਹਾਂ ਵਿੱਚੋਂ ਬਹੁਤੇ ਇਕ ਕਰਮਕਾਂਡ ਦੇ ਤੌਰ 'ਤੇ।

ਅੰਮ੍ਰਿਤ ਸੰਸਕਾਰ ਵਿੱਚ ਜਿਤਨੀ ਮਹੱਤਵਪੂਰਨ (ਝ) ਮਦ ਹੈ, ਉਤਨੀ ਹੀ ਮਹੱਤਵਪੂਰਨ (ਢ) ਮਦ ਹੈ, ਜਿਸ ਵਿੱਚ ਲਿਖਿਆ ਹੈ: 'ਉਪ੍ਰੰਤ ਪੰਜ ਪਿਆਰੇ ਰਲ ਕੇ ਇਕੋ ਅਵਾਜ਼ ਨਾਲ ਅੰਮ੍ਰਿਤ ਛਕਣ ਵਾਲਿਆਂ ਨੂੰ ਵਾਹਿਗੁਰੂ ਦਾ ਨਾਮ ਦਸ ਕੇ ਮੂਲ ਮੰਤ੍ਰ ਸੁਨਾਣ ਤੇ ਉਹਨਾਂ ਪਾਸੋਂ ਇਸ ਦਾ ਰਟਨ ਕਰਾਉਣ-

'ੴ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ ॥'

ਮੂਲ-ਮੰਤ੍ਰ

ਪਾਹੁਲ ਛਕਣ ਦਾ ਅਸਲੀ ਮਕਸਦ ਹੈ, ਜਿਸ ਵਾਹਿਗੁਰੂ ਨਾਲ ਜੋੜਨ ਦਾ ਪ੍ਰਣ ਕਰਾਇਆ ਹੈ, ਉਸ ਅਕਾਲ-ਪੁਰਖ ਦੇ ਸਰੂਪ ਦਾ ਬੋਧ, ਹਿਰਦੇ ਵਿਚ ਦ੍ਰਿੜ ਕਰਾ ਦੇਣਾ। ਜਿਤਨੀ ਦੇਰ ਪਾਵਨ ਸਰੂਪ ਨੂੰ ਪੂਰੀ ਤਰ੍ਹਾਂ ਸਮਝ ਅਤੇ ਦ੍ਰਿੜ ਨਾ ਕਰ ਲਿਆ ਜਾਵੇ, ਭਰਮ-ਭੁਲੇਖੇ ਦੂਰ ਨਹੀਂ ਹੁੰਦੇ। ਇਸੇ ਕਾਰਨ ਅੱਜ ਕਈ ਸਿੱਖੀ ਸਰੂਪ ਵਾਲੇ, ਇਥੋਂ ਤੱਕ ਕੇ ਕੁਝ ਗਾਤਰਿਆਂ ਵਾਲੇ ਵੀ, ਅਨਮਤੀਆਂ ਦੇ ਸਥਾਨਾਂ 'ਤੇ ਮੱਥੇ ਰਗੜਦੇ ਨਜ਼ਰ ਆ ਜਾਂਦੇ ਹਨ, ਉਨ੍ਹਾਂ ਨਾਲ ਗੱਲ ਕਰੋ ਤਾਂ ਕਹਿੰਦੇ ਹਨ ਕਿ ਗੁਰਬਾਣੀ ਵੀ ਤਾਂ ਕਹਿੰਦੀ ਹੈ ਕਿ ਪ੍ਰਮਾਤਮਾਂ ਇਕੋ ਹੈ, ਸੋ ਸਭ ਇਕੋ ਹੀ ਹੈ, ਕੀ ਫਰਕ ਪੈਂਦਾ ਹੈ, ਸਾਰਿਆਂ ਦਾ ਸਤਿਕਾਰ ਕਰਨਾ ਚਾਹੀਦਾ ਹੈ। ਐਸੇ ਭੋਲਿਆਂ ਨੂੰ ਕੋਈ ਪੁੱਛੇ ਕਿ ਗੁਰਬਾਣੀ ਇਹ ਵੀ ਤਾਂ ਸਮਝਾਉਂਦੀ ਹੈ:

"ਰੂਪੁ ਨ ਰੇਖ ਨ ਰੰਗੁ ਕਿਛੁ ਤ੍ਰਿਹੁ ਗੁਣ ਤੇ ਪ੍ਰਭ ਭਿੰਨ ॥ ਤਿਸਹਿ ਬੁਝਾਏ ਨਾਨਕਾ ਜਿਸੁ ਹੋਵੈ ਸੁਪ੍ਰਸੰਨ ॥੧॥" { ਗਉੜੀ ਸੁਖਮਨੀ ਮਃ ਪਪੰਨਾ ੨੮੩}

ਪ੍ਰਭੂ ਦਾ ਨ ਕੋਈ ਰੂਪ ਹੈ, ਨ ਚਿਹਨ-ਚੱਕ੍ਰ ਅਤੇ ਨ ਕੋਈ ਰੰਗ । ਪ੍ਰਭੂ ਮਾਇਆ ਦੇ ਤਿੰਨ ਗੁਣਾਂ ਤੋਂ ਬੇ-ਦਾਗ਼ ਹੈ । ਹੇ ਨਾਨਕ ! ਪ੍ਰਭੂ ਆਪਣਾ ਆਪ ਉਸ ਮਨੁੱਖ ਨੂੰ ਸਮਝਾਉਂਦਾ ਹੈ ਜਿਸ ਉਤੇ ਆਪ ਤ੍ਰੁੱਠਦਾ ਹੈ ।1।

ਫਿਰ ਤੁਸੀਂ ਪੱਥਰਾਂ ਦੀਆਂ ਮੂਰਤੀਆਂ ਅਤੇ ਮੜੀਆਂ-ਮਸਾਣਾਂ ਅੱਗੇ ਕਿਉਂ ਨੱਕ ਰਗੜ ਰਹੇ ਹੋ? ਇਸ ਦੀ ਸਮਝ ਤਾਂ ਹੀ ਆਵੇਗੀ, ਜੇ ਮੂਲ ਮੰਤ੍ਰ ਦੀ ਚੰਗੀ ਤਰ੍ਹਾਂ ਸਮਝ ਆ ਜਾਵੇਗੀ।

ਇਥੇ ਇਕ ਹੋਰ ਅਤਿ ਮਹੱਤਵਪੂਰਨ ਗੱਲ ਸਮਝਣ ਵਾਲੀ ਹੈ ਕਿ ਮੂਲ ਮੰਤ੍ਰ ਦਾ ਭਾਵ ਕੋਈ ਜਪਣ ਵਾਲਾ, ਰਟਨ ਵਾਲਾ ਮੰਤ੍ਰ ਨਹੀਂ। ਇਹ ਵੀ ਇਕ ਅਲੱਗ ਵੱਡਾ ਵਿਸ਼ਾ ਹੈ, ਜਿਸਨੂੰ ਇਥੇ ਬਹੁਤੇ ਵਿਸਥਾਰ ਨਾਲ ਤਾਂ ਨਹੀਂ ਵਿਚਾਰਿਆ ਜਾ ਸਕਦਾ ਪਰ ਕੁਝ ਸੰਕੇਤਕ ਗੱਲਾਂ ਕਰਨੀਆਂ ਜ਼ਰੂਰੀ ਹਨ। ਗੁਰੂ ਗ੍ਰੰਥ ਸਾਹਿਬ ਵਿੱਚ ਬਹੁਤ ਸਾਰੇ ਐਸੇ ਸ਼ਬਦ ਆਉਂਦੇ ਹਨ, ਜੋ ਪੁਰਾਤਨ ਬ੍ਰਾਹਮਣੀ ਗ੍ਰੰਥਾਂ ਵਿੱਚੋਂ ਹਨ, ਪਰ ਜਦੋਂ ਉਨ੍ਹਾਂ ਨੂੰ ਗੁਰਬਾਣੀ ਵਿੱਚ ਵਰਤਿਆ ਗਿਆ ਹੈ, ਤਾਂ ਉਨ੍ਹਾਂ ਦੇ ਭਾਵ ਅਰਥ ਜਾਂ ਸੰਕਲਪ ਬਿਲਕੁਲ ਅਲੱਗ ਹੈ। ਜਿਵੇਂ ਬ੍ਰਾਹਮਣੀ ਵਿਚਾਧਾਰਾ ਵਿੱਚ 'ਮੁਕਤੀ' ਮਰਨ ਤੋਂ ਬਾਅਦ ਦੀ ਕਿਰਿਆ ਹੈ, ਜਦਕਿ ਗੁਰਮਤਿ, 'ਜੀਵਨ ਮੁਕਤਿ' ਦਾ ਸਿਧਾਂਤ ਮੰਨਦੀ ਹੈ:

"ਆਪੁ ਪਛਾਣੈ ਮਨੁ ਨਿਰਮਲੁ ਹੋਇ ॥ ਜੀਵਨ ਮੁਕਤਿ ਹਰਿ ਪਾਵੈ ਸੋਇ ॥"

{ਗਉੜੀ ਮਹਲਾ ੩ ਗੁਆਰੇਰੀ,ਪੰਨਾ ੧੬੧}

"ਪ੍ਰਭ ਕੀ ਆਗਿਆ ਆਤਮ ਹਿਤਾਵੈ ॥ ਜੀਵਨ ਮੁਕਤਿ ਸੋਊ ਕਹਾਵੈ ॥ ਤੈਸਾ ਹਰਖੁ ਤੈਸਾ ਉਸੁ ਸੋਗੁ ॥ ਸਦਾ ਅਨੰਦੁ ਤਹ ਨਹੀ ਬਿਓਗੁ ॥ ਤੈਸਾ ਸੁਵਰਨੁ ਤੈਸੀ ਉਸੁ ਮਾਟੀ ॥ ਤੈਸਾ ਅੰਮ੍ਰਿਤੁ ਤੈਸੀ ਬਿਖੁ ਖਾਟੀ ॥ ਤੈਸਾ ਮਾਨੁ ਤੈਸਾ ਅਭਿਮਾਨੁ ॥ ਤੈਸਾ ਰੰਕੁ ਤੈਸਾ ਰਾਜਾਨੁ ॥ ਜੋ ਵਰਤਾਏ ਸਾਈ ਜੁਗਤਿ ॥ ਨਾਨਕ ਓਹੁ ਪੁਰਖੁ ਕਹੀਐ ਜੀਵਨ ਮੁਕਤਿ ॥੭॥"

{ਗਉੜੀ ਸੁਖਮਨੀ ਮਃ ੫, ਪੰਨਾ ੨੭੫}

ਇਸੇ ਤਰ੍ਹਾਂ ਬ੍ਰਾਹਮਣੀ ਵਿਚਾਰਧਾਰਾ ਵਿੱਚ 'ਮੰਤ੍ਰ' ਦਾ ਸੰਕਲਪ ਕਰਾਮਾਤ ਤੇ ਜਾਦੂ ਵਾਲਾ ਸਿਧਾਂਤ ਹੈ, ਜਿਸ ਅਨੁਸਾਰ ਕੁਝ ਸ਼ਬਦ, ਪੰਕਤੀਆਂ ਜਾਂ ਬੰਦ, ਅਲੱਗ-ਅਲੱਗ ਫਲ ਪ੍ਰਾਪਤ ਕਰਨ ਲਈ ਮਿੱਥੇ ਹੋਏ ਹਨ। ਸਮਝਿਆ ਜਾਂਦਾ ਹੈ ਕਿ ਇਨ੍ਹਾਂ ਸ਼ਬਦਾਂ ਜਾਂ ਪੰਕਤੀਆਂ ਦਾ

ਗਿਣਤੀਆਂ-ਮਿਣਤੀਆਂ ਅਨੁਸਾਰ ਬਾਰ-ਬਾਰ ਰਟਨ ਕਰਨ ਨਾਲ ਸੰਬੰਧਤ ਫਲ ਦੀ ਪ੍ਰਾਪਤੀ ਹੋਵੇਗੀ। ਗੁਰਬਾਣੀ ਇਸ ਤਰ੍ਹਾਂ ਦੇ ਕਿਸੇ 'ਮੰਤ੍ਰ ਜਾਪ' ਦਾ ਪੂਰਨ ਰੂਪ ਵਿੱਚ ਖੰਡਨ ਕਰਦੀ ਹੈ:

"ਤੰਤੁ ਮੰਤੁ ਪਾਖੰਡੁ ਨ ਜਾਣਾ ਰਾਮੁ ਰਿਦੈ ਮਨੁ ਮਾਨਿਆ ॥ ਅੰਜਨੁ ਨਾਮੁ ਤਿਸੈ ਤੇ ਸੂਝੈ ਗੁਰਸਬਦੀ ਸਚੁ ਜਾਨਿਆ ॥੪॥" **{ਸੂਹੀ ਮਹਲਾ ੧, ਪੰਨਾ ੭੬੬}**

(ਪਰਮਾਤਮਾ ਦਾ ਪਿਆਰ ਪ੍ਰਾਪਤ ਕਰਨ ਲਈ) ਮੈਂ ਕੋਈ ਜਾਦੂ-ਟੂਣਾ ਕੋਈ ਮੰਤ੍ਰ ਆਦਿਕ ਪਖੰਡ ਕਰਨਾ ਨਹੀਂ ਜਾਣਦੀ । ਮੈਂ ਤਾਂ ਕੇਵਲ ਉਸ ਪ੍ਰਭੂ ਨੂੰ ਆਪਣੇ ਹਿਰਦੇ ਵਿਚ ਵਸਾਇਆ ਹੈ, ਮੇਰਾ ਮਨ ਉਸ ਦੀ ਯਾਦ ਵਿਚ ਗਿੱਝ ਗਿਆ ਹੈ । ਪ੍ਰਭੂ-ਪਤੀ ਨੂੰ ਪ੍ਰਸੰਨ ਕਰਨ ਵਾਸਤੇ ਉਸ ਦਾ ਨਾਮ ਹੀ ਸੁਰਮਾ ਹੈ, ਇਸ ਸੁਰਮੇ ਦੀ ਸੂਝ ਭੀ ਉਸੇ ਪਾਸੋਂ ਮਿਲਦੀ ਹੈ । (ਜਿਸ ਜੀਵ ਨੂੰ ਇਹ ਸੂਝ ਪੈ ਜਾਂਦੀ ਹੈ ਉਹ) ਗੁਰੂ ਦੇ ਸ਼ਬਦ ਵਿਚ ਜੁੜ ਕੇ ਉਸ ਸਦਾ-ਥਿਰ ਪ੍ਰਭੂ ਨਾਲ ਡੂੰਘੀ ਸਾਂਝ ਪਾ ਲੈਂਦੀ ਹੈ ।4।

"ਜਿਨੀ ਨਾਮੁ ਵਿਸਾਰਿਆ, ਕਿਆ ਜਪੁ ਜਾਪਹਿ ਹੋਰਿ ॥ ਬਿਸਟਾ ਅੰਦਰਿ ਕੀਟ ਸੇ, ਮੁਠੇ ਧੰਧੈ ਚੋਰਿ ॥ ਨਾਨਕ ਨਾਮੁ ਨ ਵੀਸਰੈ ਝੂਠੇ ਲਾਲਚ ਹੋਰਿ ॥" **(ਮਃ ੩, ਪੰਨਾ ੧੨੪੭)**

ਜਿਨ੍ਹਾਂ ਮਨੁੱਖਾਂ ਨੇ ਪ੍ਰਭੂ ਦਾ ਨਾਮ ਵਿਸਾਰਿਆ ਹੈ, ਕਿਸੇ ਹੋਰ ਰਸ ਵਿਚ ਪੈ ਕੇ ਜਪ, ਜਪਣ ਦਾ, ਉਹਨਾਂ ਨੂੰ ਕੋਈ ਲਾਭ ਨਹੀਂ ਹੋ ਸਕਦਾ, ਕਿਉਂਕਿ ਜਿਨ੍ਹਾਂ ਨੂੰ ਦੁਨੀਆ ਦੇ ਜੰਜਾਲ-ਰੂਪ ਚੋਰ ਨੇ ਠੱਗਿਆ ਹੋਇਆ ਹੈ ਉਹ (ਇਉਂ ਵਿਲੂੰ ਵਿਲੂੰ ਕਰਦੇ) ਹਨ ਜਿਵੇਂ ਵਿਸ਼ਟੇ ਵਿਚ ਕੀੜੇ । ਹੇ ਨਾਨਕ ! (ਇਹੀ ਅਰਦਾਸ ਕਰ ਕਿ) ਪ੍ਰਭੂ ਦਾ ਨਾਮ ਨਾਹ ਭੁੱਲੇ, ਹੋਰ ਸਾਰੇ ਲਾਲਚ ਵਿਅਰਥ ਹਨ।

ਇਤਨੇ ਸਪਸ਼ਟ ਪ੍ਰਮਾਣਾਂ ਦੇ ਬਾਵਜੂਦ ਅੱਜ ਵੀ ਬਹੁਤਾ ਸਿੱਖ ਜਗਤ ਗੁਰਬਾਣੀ ਨੂੰ ਵੀ ਮੰਤ੍ਰਾਂ ਵਾਂਗ ਰਟਨ ਤੇ ਲੱਗਾ ਹੋਇਆ ਹੈ। ਦੂਸਰੇ ਪਾਸੇ ਜਿਨ੍ਹਾਂ ਨੂੰ ਇਸ ਗਲ ਦੀ ਕੁੱਝ ਸੋਝੀ ਆ ਗਈ, ਉਹ ਅਕਸਰ ਹਰ ਉਹ ਸ਼ਬਦ ਜਿਥੇ ਵੀ ਮੰਤੁ ਜਾਂ ਮੰਤ੍ਰ ਸ਼ਬਦ ਆਉਂਦਾ ਹੈ, ਉਸ ਨੂੰ ਰੱਦ ਕਰ ਦੇਂਦੇ ਹਨ। ਜਿਵੇਂ ਕਿ ਅੱਜ ਕਲ ਗੁਰਮੰਤ੍ਰ ਜਾਂ ਮੂਲਮੰਤ੍ਰ ਬਾਰੇ ਅਕਸਰ ਹੋ ਰਿਹਾ ਹੈ। ਗੁਰਬਾਣੀ ਵਿੱਚ ਜਦੋਂ ਮੰਤ੍ਰ ਸ਼ਬਦ ਵਰਤਿਆ ਜਾਂਦਾ ਹੈ ਤਾਂ ਇਸ ਦਾ ਭਾਵ ਹੈ ਗੁਰੂ ਦਾ ਉਪਦੇਸ਼:

"ਬਾਣੀ ਮੰਤ੍ਰੁ ਮਹਾ ਪੁਰਖਨ ਕੀ ਮਨਹਿ ਉਤਾਰਨ ਮਾਂਨ ਕਉ ॥ ਖੋਜਿ ਲਹਿਓ ਨਾਨਕ ਸੁਖ ਥਾਨਾਂ ਹਰਿ ਨਾਮਾ ਬਿਸ੍ਰਾਮ ਕਉ ॥੨॥" **{ਸਾਰਗ ਮਹਲਾ ੫, ਪੰਨਾ ੧੨੦੮}**

ਹੇ ਭਾਈ ! ਮਹਾਂ ਪੁਰਖਾਂ ਦੀ ਬਾਣੀ, ਮਹਾਂ ਪੁਰਖਾਂ ਦਾ ਉਪਦੇਸ਼ ਹੀ ਮਨ ਦਾ ਮਾਣ ਦੂਰ ਕਰਨ ਲਈ ਸਮਰਥ ਹੈ । ਹੇ ਨਾਨਕ ! (ਆਖ—ਹੇ ਭਾਈ !) ਆਤਮਕ ਸ਼ਾਂਤੀ ਵਾਸਤੇ ਪਰਮਾਤਮਾ ਦਾ ਨਾਮ ਹੀ ਸੁਖਾਂ ਦਾ ਥਾਂ ਹੈ (ਇਹ ਥਾਂ ਸਾਧ ਸੰਗਤਿ ਵਿਚ) ਖੋਜ ਕੀਤਿਆਂ ਲੱਭਦੀ ਹੈ ।2।1।20।

"ਮੈ ਅਉਖਧੁ ਮੰਤ੍ਰੁ ਦੀਜੈ ਗੁਰ ਪੂਰੇ ਮੈ ਹਰਿ ਹਰਿਨਾਮਿ ਉਧਰੀਐ ਜੀਉ ॥੩॥"
{ ਮਾਝ ਮਹਲਾ ੪, ਪੰਨਾ ੯੫}

ਹੇ ਪੂਰੇ ਸਤਿਗੁਰੂ ! ਮੈਨੂੰ (ਆਪਣਾ) ਉਪਦੇਸ਼ ਦੇਹ (ਇਹੀ) ਦਵਾਈ (ਹੈ ਜੋ ਮੇਰੀ ਬੇਦਨ

ਦੂਰ ਕਰ ਸਕਦਾ ਹੈ) । ਹੇ ਪੂਰੇ ਸਤਿਗੁਰੂ ! ਮੈਨੂੰ ਪਰਮਾਤਮਾ ਦੇ ਨਾਮ ਵਿਚ (ਜੋੜ ਕੇ ਸੰਸਾਰ-ਸਮੁੰਦਰ ਤੋਂ) ਪਾਰ ਲੰਘਾ ।3।

"ਘਰਿ ਸੁਖਿ ਵਸਿਆ ਬਾਹਰਿ ਸੁਖੁ ਪਾਇਆ ॥ ਕਹੁ ਨਾਨਕ ਗੁਰਿ ਮੰਤ੍ਰੁ ਦ੍ਰਿੜਾਇਆ ॥੩॥੨॥"{ਭੈਰਉ ਮਹਲਾ ੫, ਪੰਨਾ ੧੧੩੬}

ਹੇ ਨਾਨਕ ! ਆਖ—ਗੁਰੂ ਨੇ ਜਿਸ ਮਨੁੱਖ ਦੇ ਹਿਰਦੇ ਵਿਚ (ਇਹ) ਉਪਦੇਸ਼ ਪੱਕਾ ਕਰ ਦਿੱਤਾ (ਕਿ ਪਰਮਾਤਮਾ ਹੀ ਅਸਾਂ ਸਭ ਜੀਵਾਂ ਦਾ ਰਾਖਾ ਹੈ,) ਉਹ ਮਨੁੱਖ ਆਪਣੇ ਘਰ ਵਿਚ (ਭੀ) ਸੁਖੀ ਵੱਸਦਾ ਹੈ, ਉਹ ਘਰੋਂ ਬਾਹਰ (ਜਾ ਕੇ) ਭੀ ਆਨੰਦ ਮਾਣਦਾ ਹੈ ।3।2।

ਇਸ ਤਰ੍ਹਾਂ ਮੂਲ ਮੰਤ੍ਰ ਦਾ ਭਾਵ ਹੈ, ਮੁੱਢਲਾ ਉਪਦੇਸ਼ ਜਾਂ ਮੁੱਢਲਾ ਸਿਧਾਂਤ, ਬਾਰ-ਬਾਰ ਰਟਨ ਕਰਾਉਣ ਦਾ ਭਾਵ ਕੋਈ ਮੰਤ੍ਰ ਦਾ ਬ੍ਰਾਹਮਣੀ ਰਟਨ ਕਰਾਉਣਾ ਨਹੀਂ, ਬਲਕਿ ਅਕਾਲ-ਪੁਰਖ ਦਾ ਸਰੂਪ ਪੱਕੀ ਤਰ੍ਹਾਂ ਹਿਰਦੇ ਵਿੱਚ ਦ੍ਰਿੜ ਕਰਾ ਦੇਣਾ ਹੈ। ਇਸ ਲਈ ਜ਼ਰੂਰੀ ਇਹ ਹੈ ਕਿ ਮੂਲ ਮੰਤ੍ਰ ਦਾ ਸਿਰਫ ਰਟਨ ਹੀ ਨਹੀਂ ਕਰਾਇਆ ਜਾਵੇ, ਬਲਕਿ ਮੂਲ ਮੰਤ੍ਰ ਦਾ ਭਾਵ ਵੀ ਚੰਗੀ ਤਰ੍ਹਾਂ ਸਮਝਾ ਦਿੱਤਾ ਜਾਵੇ।

ਰਹਿਤ

ਖੰਡੇ ਬਾਟੇ ਦੀ ਪਾਹੁਲ ਛਕਾ ਕੇ ਸਿੱਖ ਨੂੰ ਕੀਤੀ ਗਈ ਦੂਸਰੀ ਬਖਸ਼ਿਸ਼, ਉਹ ਰਹਿਤ ਹੈ, ਜੋ ਉਸ ਸਮੇਂ ਦ੍ਰਿੜ ਕਰਾਈ ਜਾਂਦੀ ਹੈ। ਰਹਿਤ ਦਾ ਭਾਵ ਹੈ, ਕਰਨਯੋਗ ਕਰਮ ਭਾਵ ਉਹ ਕਰਮ ਜੋ ਪਾਹੁਲ ਛਕਣ ਤੋਂ ਬਾਅਦ ਸਿੱਖ ਨੇ ਜ਼ਰੂਰ ਕਰਨੇ ਹਨ। ਜੇ ਇਸ ਰਹਿਤ ਨੂੰ ਧਿਆਨ ਨਾਲ ਵਾਚਿਆ ਜਾਵੇ ਤਾਂ ਗੱਲ ਸਪੱਸ਼ਟ ਹੁੰਦੀ ਹੈ ਕਿ ਇਥੇ ਵੀ ਮੁੱਖ ਮਕਸਦ, ਸਿੱਖ ਦੇ ਜੀਵਨ ਦੀਆਂ ਸਭ ਕਮੀਆਂ ਦੂਰ ਕਰਕੇ, ਉਸ ਦੇ ਜੀਵਨ ਨੂੰ ਅਲੌਕਿਕ ਗੁਣਾਂ ਨਾਲ ਸ਼ਿੰਗਾਰ ਕੇ, ਉਸ ਨੂੰ ਮਨੁੱਖਤਾ ਅਤੇ ਕੌਮ ਦੇ ਭਲੇ ਲਈ ਇਕ ਆਦਰਸ਼ ਮਨੁੱਖ ਬਨਾਉਣਾ ਹੈ। ਇਸ ਰਹਿਤ ਨੂੰ ਲੜੀ ਵਾਰ ਵਿਚਾਰਣ ਤੋਂ ਪਹਿਲਾਂ ਮੈਂ ਇਕ ਗੱਲ ਸਪੱਸ਼ਟ ਕਰ ਦੇਣਾ ਚਾਹੁੰਦਾ ਹਾਂ, ਕਿ ਇਹ ਰਹਿਤ, ਸਿੱਖ ਰਹਿਤ ਮਰਯਾਦਾ ਦਾ ਹਿੱਸਾ ਹੈ ਅਤੇ ਸਿੱਖ ਰਹਿਤ ਮਰਯਾਦਾ ਬਨਾਉਣ ਵਾਲੀ ਰਹੁ ਰੀਤ ਕਮੇਟੀ ਦੁਆਰਾ ਹੀ ਤਿਆਰ ਕੀਤੀ ਗਈ ਹੈ। ਇਹ ਕਹਿਣਾ ਕਿ ਇਹ ਮਰਯਾਦਾ ਇੰਨ ਬਿੰਨ ਉਹੀ ਹੈ, ਜੋ ਪਾਹੁਲ ਦੀ ਬਖਸ਼ਿਸ਼ ਕਰਨ ਸਮੇਂ ਗੁਰੂ ਗੋਬਿੰਦ ਸਿੰਘ ਸਹਿਬ ਨੇ ਦ੍ਰਿੜ ਕਰਾਈ ਸੀ ਅਤੇ ਸੀਨਾ ਬਸੀਨਾ ਚਲੀ ਆਉਂਦੀ ਹੈ, ਉਤਨਾ ਹੀ ਗ਼ਲਤ ਹੈ, ਜਿਤਨਾ ਪਾਹੁਲ ਤਿਆਰ ਕਰਨ ਸਮੇਂ ਪੜ੍ਹੀਆਂ ਜਾਣ ਵਾਲੀਆਂ ਬਾਣੀਆਂ ਬਾਰੇ ਕੀਤੇ ਜਾਂਦੇ ਦਾਹਵੇ, ਜਿਨ੍ਹਾਂ ਬਾਰੇ ਅਸੀਂ ਉਪਰ ਵਿਸਥਾਰ ਨਾਲ ਵਿਚਾਰ ਕਰ ਚੁੱਕੇ ਹਾਂ।

ਸਤਿਗੁਰੂ ਗੁਰਬਾਣੀ ਵਿੱਚ ਰਹਿਤ ਦੀ ਮਹੱਤਤਾ ਇੰਝ ਦਸਦੇ ਹਨ:

"ਰਹਤ ਰਹਤ ਰਹਿ ਜਾਹਿ ਬਿਕਾਰਾ ॥ ਗੁਰ ਪੂਰੇ ਕੈ ਸਬਦਿ ਅਪਾਰਾ ॥"

{ਗਉੜੀ ਬਾਵਨ ਅਖਰੀ ਮਹਲਾ ੫, ਪੰਨਾ ੨੫੯}

ਪੂਰੇ ਗੁਰੂ ਦੇ ਇਲਾਹੀ ਸ਼ਬਦ ਅਨੁਸਾਰ ਜੀਵਨ ਬਤੀਤ ਕੀਤਿਆਂ, ਬੇਅੰਤ ਵਿਕਾਰ ਸਹਜੇ ਸਹਜੇ ਦੂਰ ਹੋ ਜਾਂਦੇ ਹਨ ।

ਰਹਿਤ ਦੀ ਮਹੱਤਤਾ ਮਨੁੱਖੀ ਜੀਵਨ ਵਿੱਚ ਉਤਨੀ ਹੀ ਹੈ, ਜਿਤਨੀ ਇਕ ਰੋਗੀ ਦੇ ਵਾਸਤੇ ਦਵਾਈ ਅਤੇ ਪ੍ਰਹੇਜ਼ ਦੋਵੇਂ ਜ਼ਰੂਰੀ ਹਨ। ਇਸ ਬਾਰੇ ਭਾਈ ਗੁਰਦਾਸ ਜੀ ਨੇ ਵੀ ਆਪਣੀ ਇਕ ਵਾਰ ਵਿੱਚ ਲਿਖਿਆ ਹੈ:

'ਪੂਛਤ ਹੈ ਬੈਦ ਖਾਤ ਅਉਖਦ ਨ ਸੰਜਮ ਸੈ ਕੈਸੇ ਮਿਟੈ ਰੋਗ ਸੁਖ ਸਹਜ ਸਮਾਈਐ ।' (੪੩੯, ੩-੪)

ਜਿਵੇਂ ਡਾਕਟਰ ਦੁਆਰਾ ਦੱਸੀ ਦੁਆਈ ਅਤੇ ਪਰਹੇਜ਼ ਦੋਹਾਂ ਦੀ ਸਹੀ ਵਰਤੋਂ ਨਾ ਕੀਤੀ ਜਾਵੇ ਤਾਂ ਰੋਗ ਦੇ ਸਮੇਂ ਨਾਲ ਠੀਕ ਹੋਣ ਦੇ ਅਸਾਰ ਘੱਟ ਹੁੰਦੇ ਹਨ, ਤਿਵੇਂ ਹੀ ਜੇ ਖੰਡੇ ਬਾਟੇ ਦੀ ਪਾਹੁਲ ਛੱਕ ਕੇ ਗੁਰਬਾਣੀ ਦਾ ਅਭਿਆਸ ਅਤੇ ਰਹਿਤ ਦੋਹਾਂ 'ਤੇ ਪਹਿਰਾ ਨਾ ਦਿੱਤਾ ਜਾਵੇ ਤਾਂ ਪਾਹੁਲ ਛਕਣ ਦਾ ਮਕਸਦ ਪੂਰਾ ਨਹੀਂ ਹੁੰਦਾ। ਆਓ ਹੁਣ ਰਹਿਤ ਦੀ ਵਿਚਾਰ ਕਰੀਏ:

ਸਿੱਖ ਰਹਿਤ ਮਰਯਾਦਾ ਵਿੱਚ ਪੰਥਕ ਰਹਿਣੀ ਦੇ ਭਾਗ ਅੰਮ੍ਰਿਤ ਸੰਸਕਾਰ ਦੇ (ਟ) ਮੱਦ

ਵਿੱਚ ਲਿਖਿਆ ਹੈ:

ਫਿਰ ਪੰਜਾਂ ਪਿਆਰਿਆਂ 'ਚੋਂ ਕੋਈ ਸੱਜਣ ਰਹਿਤ ਦੱਸੇ- ਅੱਜ ਤੋਂ ਤੁਸੀਂ 'ਸਤਿਗੁਰ ਕੈ ਜਨਮੇ ਗਵਨ ਮਿਟਾਇਆ' ਹੈ ਅਤੇ ਖਾਲਸਾ ਪੰਥ ਵਿੱਚ ਸ਼ਾਮਲ ਹੋਏ ਹੋ। ਤੁਹਾਡਾ ਧਾਰਮਿਕ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤੇ ਧਾਰਮਿਕ ਮਾਤਾ ਸਾਹਿਬ ਕੌਰ ਜੀ ਹਨ। ਜਨਮ ਆਪ ਦਾ ਕੇਸਗੜ੍ਹ ਸਾਹਿਬ ਤੇ ਵਾਸੀ ਅਨੰਦਪੁਰ ਸਾਹਿਬ ਦੀ ਹੈ। ਤੁਸੀਂ ਇਕ ਪਿਤਾ ਦੇ ਪੁੱਤਰ ਹੋਣ ਕਰਕੇ ਆਪਸ ਵਿੱਚ ਤੇ ਹੋਰ ਸਾਰੇ ਅੰਮ੍ਰਿਤ-ਧਾਰੀਆਂ ਦੇ ਧਾਰਮਿਕ ਭਰਾਤਾ ਹੋ। ਤੁਸੀਂ ਪਿੱਛਲੀ ਕੁਲ, ਕਿਰਤ, ਕਰਮ ਧਰਮ ਦਾ ਤਿਆਗ ਕਰਕੇ, ਅਰਥਾਤ ਪਿਛਲੀ ਜ਼ਾਤ-ਪਾਤ, ਜਨਮ, ਦੇਸ਼, ਮਜ਼੍ਹਬ ਦਾ ਖਿਆਲ ਤਕ ਛੱਡ ਕੇ ਨਿਰੋਲ ਖਾਲਸਾ ਬਣ ਗਏ ਹੋ। ਇਕ ਅਕਾਲ-ਪੁਰਖ ਤੋਂ ਛੁਟ ਕਿਸੇ ਦੇਵੀ, ਦੇਵਤੇ, ਅਵਤਾਰ, ਪੈਗੰਬਰ ਦੀ ਉਪਾਸਨਾ ਨਹੀਂ ਕਰਨੀ। ਦਸੋ ਗੁਰੂ ਸਾਹਿਬਾਨ ਨੂੰ ਤੇ ਉਨ੍ਹਾਂ ਦੀ ਬਾਣੀ ਤੋਂ ਬਿਨਾਂ ਕਿਸੇ ਹੋਰ ਨੂੰ ਆਪਣਾ ਮੁਕਤੀ ਦਾਤਾ ਨਹੀਂ ਮੰਨਣਾ। ਤੁਸੀਂ ਗੁਰਮੁਖੀ ਜਾਣਦੇ ਹੋ(ਜੇ ਨਹੀਂ ਜਾਣਦੇਤਾਂ ਸਿੱਖ ਲਓ ਅਤੇ ਹਰ ਰੋਜ਼ ਘੱਟ ਤੋਂ ਘੱਟ ਇਹਨਾਂ ਨਿੱਤਨੇਮ ਦੀਆਂ ਬਾਣੀਆਂ ਦਾ ਪਾਠ ਕਰਨਾ, ਜਾਂ ਸੁਣਨਾ: ਜਪੁ, ਜਾਪੁ, 10 ਸਵੱਯੇ(ਸ੍ਰਾਵਗ ਸੁਧ ਵਾਲੇ) ਸੋ ਦਰੁ ਰਹਰਾਸਿ ਤੇ ਸੋਹਿਲਾ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਠ ਕਰਨਾ ਜਾਂ ਸੁਣਨਾ, ਪੰਜ ਕੱਕਿਆਂ ਕੇਸ, ਕ੍ਰਿਪਾਨ, ਕਛਹਿਰਾ, ਕੰਘਾ, ਕੜਾ ਨੂੰ ਹਰ ਵੇਲੇ ਅੰਗ-ਸੰਗ ਰੱਖਣਾ।

ਸਭ ਤੋਂ ਪਹਿਲਾਂ ਤਾਂ ਇਹ ਗੱਲ ਦ੍ਰਿੜ ਕਰਾਈ ਜਾਂਦੀ ਹੈ ਕਿ, "ਤੁਹਾਡੇ ਧਾਰਮਿਕ ਪਿਤਾ ਗੁਰੂ ਗੋਬਿੰਦ ਸਿੰਘ ਜੀ ਤੇ ਧਾਰਮਿਕ ਮਾਤਾ ਸਾਹਿਬ ਕੌਰ ਜੀ ਹਨ, ਜਨਮ ਆਪ ਦਾ ਕੇਸ ਗੜ੍ਹ ਸਾਹਿਬ ਦਾ ਅਤੇ ਵਾਸੀ ਤੁਸੀਂ ਅਨੰਦਪੁਰ ਦੇ ਹੋ। ਤੁਸੀਂ ਇਕ ਮਾਤਾ ਪਿਤਾ ਦੀ ਸੰਤਾਨ ਹੋਣ ਕਰਕੇ ਆਪਸ ਵਿੱਚ ਤੇ ਹੋਰ ਸਾਰੇ ਅੰਮ੍ਰਿਤ-ਧਾਰੀਆਂ ਦੇ ਧਾਰਮਿਕ ਭਰਾਤਾ ਹੋ।" ਗੱਲ ਆਪਣੇ ਆਪ ਵਿੱਚ ਇਤਨੀ ਸਪਸ਼ਟ ਹੈ ਕਿ ਕਿਸੇ ਵਿਆਖਿਆ ਦੀ ਮੁਹਤਾਜ ਨਹੀਂ। ਇਸ ਪਿੱਛੇ ਭਾਵਨਾ ਵੀ ਬੜੀ ਸਪੱਸ਼ਟ ਹੈ ਕਿ ਖਾਲਸੇ ਵਿੱਚ ਕੋਈ, ਆਪਸੀ ਵਖਰੇਵੇਂ ਜਾਂ ਮਤਭੇਦ ਨਾ ਹੋਣ, ਅਸੀਂ ਇਕ ਪਰਿਵਾਰ ਬਣਕੇ ਵਿਚਰ ਸਕੀਏ। ਜੇ ਕਿਤੇ ਕੋਈ ਮਤਭੇਦ ਉਭਰ ਵੀ ਆਉਣ ਤਾਂ ਇਕ ਪਰਿਵਾਰ ਵਾਂਗੂ ਇਕੱਠੇ ਬੈਠ ਕੇ ਗੁਰਮਤਿ ਦੇ ਚਾਨਣ ਵਿੱਚ ਉਨ੍ਹਾਂ ਨੂੰ ਨਿਬੇੜ ਸਕੀਏ। ਇਹ ਨਿਬੇੜਨ ਵਾਲਾ ਤਰੀਕਾ ਤਾਂ ਸਤਿਗੁਰੁ ਨੇ ਗੁਰਬਾਣੀ ਰਾਹੀਂ ਪਹਿਲਾਂ ਹੀ ਸਮਝਾ ਦਿੱਤਾ ਹੈ:

"ਹੋਇ ਇਕਤ੍ਰ ਮਿਲਹੁ ਮੇਰੇ ਭਾਈ ਦੁਬਿਧਾ ਦੂਰਿ ਕਰਹੁ ਲਿਵ ਲਾਇ ॥ ਹਰਿ ਨਾਮੈ ਕੇ ਹੋਵਹੁ ਜੋੜੀ ਗੁਰਮੁਖਿ ਬੈਸਹੁ ਸਫਾ ਵਿਛਾਇ ॥" {ਬਸੰਤੁ ਮਹਲਾ ੫, ਪੰਨਾ ੧੧੮੫}

ਵੇਖਣ ਵਾਲੀ ਗੱਲ ਤਾਂ ਇਹ ਹੈ ਕਿ ਅਸੀਂ ਇਸ ਭਾਵਨਾ ਤੇ ਕਿਤਨੇ ਖਰੇ ਉਤਰੇ ਹਾਂ। **ਅੱਜ ਹਰ ਦਿਨ ਸਾਡੇ ਵਿੱਚ ਦੂਰੀਆਂ ਵਧ ਰਹੀਆਂ ਹਨ। ਆਪਸ ਵਿੱਚ ਕਈ ਧੜੇ ਬਣ ਗਏ ਹਨ, ਰਾਜਨੀਤਕ ਤਾਂ ਹੋਏ ਹੀ, ਧਾਰਮਿਕ ਤੌਰ ਤੇ ਪਤਾ ਨਹੀਂ ਕਿਤਨੀਆਂ ਵੰਡੀਆਂ ਪੈ ਗਈਆਂ ਹਨ। ਇਕੱਠੇ ਬੈਠ ਕੇ ਵਿਚਾਰਣ ਵਾਲੀ ਗੱਲ ਤਾਂ ਬਿਲਕੁਲ ਗੁਆਚ ਹੀ ਗਈ ਹੈ, ਉਸ ਦੀ ਜਗ੍ਹਾ ਡਾਂਗ-ਸੋਟਾ ਭਾਰੀ ਹੋਈ ਜਾਂਦਾ ਹੈ। ਗੁਰਮਤਿ ਦੀਆਂ ਕਸਵਟੀਆਂ ਵੀ ਅਲੱਗ-ਅਲੱਗ ਬਣ ਗਈਆਂ ਹਨ। ਹਰ ਸਿੱਖ ਆਪਣੀ ਸੋਚ ਨੂੰ ਜ਼ਬਰਦਸਤੀ ਦੂਸਰੇ ਤੇ ਲਦਣਾਂ ਚਾਹੁੰਦਾ ਹੈ ਤੇ ਜੇ ਸਿੱਧਾ ਨਾ ਮੰਨੇ ਤਾਂ ਡਾਂਗਾਂ ਵਰਤਣ**

ਵਿੱਚ ਵੀ ਕੋਈ ਗੁਰੇਜ਼ ਨਹੀਂ। ਭਾਵੇਂ ਇਹ ਗੱਲ ਪਹਿਲਾਂ ਉਪਰ ਵੀ ਆ ਚੁੱਕੀ ਹੈ ਪਰ ਇਥੇ ਸੰਧਰਭ ਵਿੱਚ ਕਰਨੀ ਵੀ ਜ਼ਰੂਰੀ ਹੈ ਕਿ ਅਸੀਂ ਐਸੇ ਮਹਾਨ ਅੰਮ੍ਰਿਤਧਾਰੀ ਹਾਂ ਕਿ ਜਿਸ ਪਾਹੁਲ ਨੇ ਸਾਨੂੰ ਇਕ ਕਰਨਾ ਸੀ ਅਸੀਂ ਉਸ ਪਾਹੁਲ ਨੂੰ ਹੀ ਵੰਡ ਦਿੱਤਾ ਹੈ ਕੋਈ ਕਿਸੇ ਡੇਰੇ ਦੀ ਪਾਹੁਲ, ਕੋਈ ਕਿਸੇ ਟਕਸਾਲ ਦੀ ਪਾਹੁਲ, ਕੋਈ ਕਿਸੇ ਜੱਥੇ ਦੀ ਪਾਹੁਲ, ਕੋਈ ਕਿਸੇ ਕਮੇਟੀ ਦੀ ਪਾਹੁਲ, ਕੋਈ ਮਿਸ਼ਨਰੀਆਂ ਦੀ ਪਾਹੁਲ। ਫੇਰ ਇਹ ਭਰਮ ਕਿ ਸਾਡੀ ਪਾਹੁਲ(ਅੰਮ੍ਰਿਤ) ਬਾਕੀ ਸਭ ਨਾਲੋਂ ਉਚੀ-ਸੁਚੀ ਅਤੇ ਪਵਿੱਤਰ ਹੈ। ਇਤਨੀਆਂ ਪਾਹੁਲਾਂ ਦੇ ਰੌਲੇ ਵਿੱਚ ਗੁਰੂ ਗੋਬਿੰਦ ਸਿੰਘ ਪਾਤਸ਼ਾਹ ਦੁਆਰਾ ਬਖਸ਼ਿਸ਼ ਕੀਤੀ, ਖੰਡੇ ਬਾਟੇ ਦੀ ਪਾਹੁਲ ਤਾਂ ਜਿਵੇਂ ਕਿਧਰੇ ਗੁਆਚ ਗਈ ਹੈ, ਬਾਕੀ ਕੁਝ ਬਚਿਆ ਹੈ ਤਾਂ ਇਤਨੀਆਂ ਪਾਹੁਲਾਂ ਦੇ ਵਖਰੇਵੇਂ ਅਤੇ ਉਸੇ ਅਨੁਸਾਰ ਪੰਥਕ ਧੜੇ। ਅਸੀਂ ਇਤਨੇ ਸੱਚੇ- ਸੁੱਚੇ ਅੰਮ੍ਰਿਤਧਾਰੀ ਹਾਂ ਕਿ ਆਪਣੇ ਸਤਿਗੁਰੂ, ਗੁਰੂ ਗ੍ਰੰਥ ਸਾਹਿਬ ਦੇ ਬਰਾਬਰ ਹੋਰ ਗੁਰੂ ਵੀ ਲੱਭ ਲਿਆ ਹੈ।

ਰਹਿਤ ਵਿੱਚ ਅਗੋਂ ਇਹ ਦ੍ਰਿੜ ਕਰਾਇਆ ਜਾਂਦਾ ਹੈ ਕਿ, ਅੱਜ ਤੋਂ ਤੁਹਾਡੀ ਪਿੱਛਲੀ ਕੁਲ, ਕਿਰਤ, ਕਰਮ ਧਰਮ ਦਾ ਤਿਆਗ ਹੋ ਗਿਆ

ਕੁੱਲ ਤਿਆਗ:

ਭਾਵ ਜੇ ਪਹਿਲਾਂ ਤੁਸੀਂ ਕਿਸੇ ਜਾਤ ਪਾਤ ਵਿੱਚ ਵਿਸ਼ਵਾਸ ਰਖਦੇ ਸੀ ਤਾਂ ਉਹ ਸਭ ਖਤਮ ਹੋ ਗਏ ਅਤੇ ਹੁਣ ਤੁਸੀਂ ਸਾਂਝੇ ਖਾਲਸਾ ਧਰਮ ਵਿੱਚ ਪ੍ਰਵੇਸ਼ ਕਰ ਗਏ ਹੋ, ਹੁਣ ਤੁਸੀਂ ਪਿਛਲੀ ਕਿਸੇ ਜਾਤ-ਪਾਤ ਵਿੱਚ ਵਿਸ਼ਵਾਸ ਨਹੀਂ ਰਖਣਾ। ਸਾਡੀ ਹਾਲਤ ਇਹ ਹੈ ਕਿ ਅਸੀਂ ਪਾਹੁਲ ਛੱਕ ਕੇ ਵੀ ਆਪਣੀ ਜਾਤ-ਪਾਤ ਨਹੀਂ ਤਿਆਗਦੇ। ਬ੍ਰਾਹਮਣ ਨੇ ਤਾਂ ਚਾਰ ਵਰਣ ਬਣਾਏ ਸੀ, ਅਸੀਂ ਤਾਂ ਗਿਣਤੀ ਹੀ ਕੋਈ ਨਹੀਂ, ਕਿਤਨੀਆਂ ਵੰਡੀਆਂ ਪਾ ਲਈਆਂ। ਅਸੀਂ ਕੋਈ ਕੋਹਲੀ ਹਾਂ, ਕੋਈ ਬੇਦੀ, ਕੋਈ ਗਰੇਵਾਲ ਤੇ ਕੋਈ ਸਿੱਧੂ, ਇਥੇ ਗਿਣਤੀਆਂ ਲਿਖਣੀਆਂ ਸੰਭਵ ਹੀ ਨਹੀਂ। ਅਸੀਂ ਹੋਰ ਤਾਂ ਬਹੁਤ ਕੁਝ ਬਣ ਗਏ ਹਾਂ, ਜੇ ਨਹੀਂ ਬਣ ਸਕੇ ਤਾਂ ਪਾਹੁਲ ਛੱਕ ਕੇ ਵੀ ਖਾਲਸੇ ਨਹੀਂ ਬਣ ਸਕੇ। ਇਸ ਜਾਤ-ਪਾਤ ਦੇ ਭਰਮ ਜਾਲ ਚੋਂ ਮੁਕਤ ਹੋਣ ਦਾ ਸੰਦੇਸ਼ ਸਾਨੂੰ ਗੁਰਬਾਣੀ ਬਾਰ-ਬਾਰ ਦੇਂਦੀ ਹੈ:

"ਜਾਣਹੁ ਜੋਤਿ ਨ ਪੂਛਹੁ ਜਾਤੀ ਆਗੈ ਜਾਤਿ ਨ ਹੇ ॥" {ਆਸਾ ਮਹਲਾ ੧, ਪੰਨਾ ੩੪੯}

ਹੇ ਭਾਈ ! ਕਿਸੇ ਨੂੰ ਉਸ ਦੀ ਜਾਤ ਨਾ ਪੁਛੋ, ਸਭ ਦੇ ਅੰਦਰ ਪ੍ਰਕਾਸ਼ਮਾਨ ਇਕੋ ਅਕਾਲ ਪੁਰਖ ਦੀ ਜੋਤ ਨੂੰ ਪਛਾਣੋ, ਕਿਉਂਕਿ ਉਸ ਅਕਾਲ ਪੁਰਖ ਦੇ ਹਜ਼ੂਰ ਵਿੱਚ ਜਾਤ ਦੀ ਨਹੀਂ, ਕੀਤੇ ਕਰਮਾਂ ਦੀ ਪੁਛ ਹੋਵੇਗੀ

"ਜਾਤਿ ਕਾ ਗਰਬੁ ਨ ਕਰਿ ਮੂਰਖ ਗਵਾਰਾ ॥ ਇਸੁ ਗਰਬ ਤੇ ਚਲਹਿ ਬਹੁਤੁ ਵਿਕਾਰਾ ॥"
{ਰਾਗੁ ਭੈਰਉ ਮਹਲਾ ੩, ਪੰਨਾ ੧੧੨੮}

ਹੇ ਮੂਰਖ ! ਹੇ ਗੰਵਾਰ ! (ਉੱਚੀ) ਜਾਤਿ ਦਾ ਮਾਣ ਨਾਹ ਕਰ । ਇਸ ਮਾਣ-ਅਹੰਕਾਰ ਤੋਂ (ਭਾਈਚਾਰਕ ਜੀਵਨ ਵਿਚ) ਕਈ ਵਿਗਾੜ ਚੱਲ ਪੈਂਦੇ ਹਨ ।

"ਜਾਤਿ ਬਰਨ ਕੁਲ ਸਹਸਾ ਚੂਕਾ ਗੁਰਮਤਿ ਸਬਦਿ ਬੀਚਾਰੀ ॥"

{ਸਾਰਗ ਮਹਲਾ ੧, ਪੰਨਾ ੧੧੯੮}

ਗੁਰੂ ਦੀ ਮਤਿ ਲੈ ਕੇ ਗੁਰੂ ਦੇ ਸ਼ਬਦ ਦੀ ਰਾਹੀਂ, ਜਾਤਿ ਵਰਨ ਕੁਲ (ਆਦਿਕ) ਬਾਰੇ ਭਰਮ ਦੂਰ ਹੋ ਜਾਂਦਾ ਹੈ ।

ਗੁਰਬਾਣੀ ਦਾ ਇਹ ਗੁਣ ਤਾਂ ਸਿੱਖ ਦੇ ਜੀਵਨ ਅੰਦਰ ਸੁਭਾਵਕ ਹੋਣਾ ਚਾਹੀਦਾ ਹੈ, ਪਾਹੁਲ ਛਕ ਕੇ ਤਾਂ ਇਸ 'ਤੇ ਸਦਾ ਦ੍ਰਿੜ ਰਹਿਣ ਦਾ ਪ੍ਰਣ ਹੀ ਕਰਨਾ ਹੁੰਦਾ ਹੈ, ਪਰ ਬਹੁਤੇ ਸਿੱਖਾਂ ਵਿੱਚ ਇਹ ਗੁਣ, ਨਾ ਤਾਂ ਪਾਹੁਲ ਛਕਣ ਤੋਂ ਪਹਿਲਾਂ, ਗੁਰਬਾਣੀ ਰਾਹੀਂ ਆ ਸਕਿਆ ਅਤੇ ਨਾ ਹੀ ਪਾਹੁਲ ਛਕਣ ਤੋਂ ਬਾਅਦ ਪ੍ਰਣ ਕਰਕੇ ਨਿਭਾਇਆ। ਆਪਣੇ ਨਾਂ ਲਿਖੇ ਜਾ ਰਹੇ ਹਨ: ਹਰਦੇਵ ਐਸ. ਗਰੇਵਾਲ ਆਦਿ..। ਜਿਸ ਸਿੰਘ ਹੋਣ ਤੇ ਮਾਣ ਕਰਨਾ ਸੀ, ਉਹ ਤਾਂ ਐਸ ਰਹਿ ਗਿਆ ਹੈ, ਜਿਸ ਜਾਤ ਤੋਂ ਖਹਿੜਾ ਛੁੜਾਉਣਾ ਸੀ ਉਹ ਮਹੱਤਵਪੂਰਨ ਹੋ ਗਈ ਹੈ।

ਕਿਰਤ ਤਿਆਗ:

ਕਿਰਤ ਤਿਆਗ ਦਾ ਇਹ ਭਾਵ ਬਿਲਕੁਲ ਨਹੀਂ ਕਿ ਪਾਹੁਲ ਛਕ ਕੇ ਸਿੱਖ ਨੇ ਕਿਰਤ ਤਿਆਗ ਦੇਣੀ ਹੈ, ਬਲਕਿ ਜੇ ਪਹਿਲਾਂ ਕੋਈ ਗੁਰਮਤਿ-ਵਿਰੋਧੀ ਕਿਰਤ ਕਰਦੇ ਸਾਂ ਜਾਂ ਆਪਣੀ ਕਿਰਤ ਵਿੱਚ ਕੋਈ ਗੈਰ ਇਖਲਾਕੀ, ਗੁਰਮਤਿ ਵਿਰੋਧੀ ਕਰਮ ਕਰਦੇ ਸਾਂ ਤਾਂ ਉਹ ਤਿਆਗ ਦਿੱਤਾ, ਅਗੋਂ ਕੋਈ ਗੁਰਮਤਿ-ਵਿਰੋਧੀ ਕਿਰਤ ਜਾਂ ਕਰਮ ਨਹੀਂ ਕਰਨਾ। ਅੱਜ ਸਾਡੀ ਹਾਲਤ ਇਹ ਹੈ ਕਿ ਅੰਮ੍ਰਿਤਧਾਰੀ ਸਿੱਖਾਂ ਨੇ ਸ਼ਰਾਬ ਦੇ ਠੇਕੇ ਅਤੇ ਹੋਟਲਾਂ ਦੇ ਨਾਂ ਤੇ ਬਾਰਾਂ ਖੋਲ੍ਹ ਰੱਖੀਆਂ ਹਨ। ਜਿਨ੍ਹਾਂ ਦੀ ਪੂਰੀ ਤਰ੍ਹਾਂ ਧਰਮ ਦੀ ਕਿਰਤ ਹੋਵੇ, ਉਹ ਤਾਂ ਕੋਈ ਵਿਰਲੇ ਹੀ ਬਚੇ ਹਨ।

ਕਰਮ ਤਿਆਗ:

ਇਸ ਦਾ ਭਾਵ ਵੀ ਬਿਲਕੁਲ ਇਹੀ ਹੈ ਕਿ ਜੇ ਪਹਿਲਾਂ ਜੀਵਨ ਵਿੱਚ ਚਾਹੇ, ਅਣਚਾਹੇ, ਕੋਈ ਗੁਰਮਤਿ-ਵਿਰੋਧੀ ਕਰਮ ਹੋ ਗਏ ਹਨ ਤਾਂ, ਪਿਛਲੇ ਉਨ੍ਹਾਂ ਕਰਮਾਂ ਦਾ, ਨਾਸ ਹੋ ਗਿਆ, ਭਾਵ ਉਨ੍ਹਾਂ ਨੂੰ ਤਿਆਗ ਦਿੱਤਾ ਅਤੇ ਅਗੋਂ ਕੋਈ ਵੀ ਗੁਰਮਤਿ-ਵਿਰੋਧੀ ਕਰਮ ਨਾ ਕਰਨ ਦਾ ਪ੍ਰਣ ਕਰ ਲਿਆ। ਪਰ ਸਚਾਈ ਇਹ ਹੈ ਕਿ ਬਹੁਤਾਤ ਇਕ ਕਰਮਕਾਂਡ ਦੇ ਤੌਰ 'ਤੇ ਪਾਹੁਲ ਛੱਕ ਲੈਂਦੇ ਹਨ ਪਰ ਜੀਵਨ ਦੇ ਮੰਦ ਕਰਮ ਵੀ ਉਂਝ ਦੇ ਉਂਝ ਹੀ ਬਣੇ ਰਹਿੰਦੇ ਹਨ।

ਭਰਮ ਤਿਆਗ:

ਭਾਰਤੀ ਸਮਾਜ ਬ੍ਰਾਹਮਣੀ ਪ੍ਰਭਾਵ ਕਾਰਨ ਸਭ ਤੋਂ ਜ਼ਿਆਦਾ ਵਹਿਮਾਂ-ਭਰਮਾਂ ਵਿੱਚ ਉਲਝਿਆ ਹੋਇਆ ਸੀ। ਇਸ ਭਰਮਜਾਲ ਵਿੱਚ ਉਲਝੇ ਸਮਾਜ ਅੰਦਰ, ਗੁਰਬਾਣੀ ਇਕ ਇਨਕਲਾਬ ਬਣ ਕੇ ਗੂੰਜੀ:

"ਸਿਮ੍ਰਿਤਿ ਸਾਸਤ ਬੇਦ ਵਖਾਣੈ ॥ ਭਰਮੇ ਭੂਲਾ ਤਤੁ ਨ ਜਾਣੈ ॥"

{ਮਾਝ ਮਹਲਾ ੩, ਪੰਨਾ ੧੧੪}

(ਪੰਡਿਤ) ਵੇਦ ਸ਼ਾਸਤ੍ਰ ਸਿਮ੍ਰਿਤੀਆਂ (ਆਦਿਕ ਧਰਮ-ਪੁਸਤਕ) ਹੋਰਨਾਂ ਨੂੰ ਪੜ੍ਹ ਪੜ੍ਹ ਕੇ ਸੁਣਾਂਦਾ ਰਹਿੰਦਾ ਹੈ, ਪਰ ਆਪ ਮਾਇਆ ਦੀ ਭਟਕਣਾ ਵਿਚ ਪੈ ਕੇ ਭਰਮਾਂ ਵਿੱਚ ਪਿਆ ਰਹਿੰਦਾ ਹੈ ।

"ਭਰਮਿ ਭੁਲਾਣਾ ਅੰਧੁਲਾ ਫਿਰਿ ਫਿਰਿ ਆਵੈ ਜਾਇ ॥"

{ਸਿਰੀ ਰਾਗੁ ਮਹਲਾ ੩, ਪੰਨਾ ੩੫}

ਮਾਇਆ ਦੇ ਮੋਹ ਵਿਚ ਅੰਨ੍ਹਾ ਹੋਇਆ ਜੀਵ ਭਰਮਾਂ ਵਿਚ ਪੈ ਕੇ ਜੀਵਨ-ਰਾਹ ਤੋਂ ਖੁੰਝ ਜਾਂਦਾ ਹੈ, ਤੇ ਮੁੜ ਮੁੜ ਜੰਮਦਾ ਰਹਿੰਦਾ ਹੈ।

ਇਹ ਸਤਿਗੁਰੂ ਦੀ ਬਖਸ਼ਿਸ਼ ਹੀ ਹੈ ਕਿ ਗੁਰਬਾਣੀ ਦੇ ਇਲਾਹੀ ਗਿਆਨ ਰਾਹੀਂ ਸਿੱਖ ਇਨ੍ਹਾਂ ਭਰਮਾਂ ਤੋਂ ਮੁਕਤ ਹੋ ਗਿਆ। ਸਤਿਗੁਰੂ ਦੇ ਪਾਵਨ ਬਚਨ ਹਨ:

"ਭਨਤਿ ਨਾਨਕ ਭਰਮ ਪਟ ਖੂਲ੍ਹੇ ਗੁਰ ਪਰਸਾਦੀ ਜਾਨਿਆ ॥ ਸਾਚੀ ਲਿਵ ਲਾਗੀ ਹੈ ਭੀਤਰਿ ਸਤਿਗੁਰ ਸਿਉ ਮਨੁ ਮਾਨਿਆ ॥" {ਰਾਗੁ ਧਨਾਸਿਰੀ ਮਹਲਾ ੩, ਪੰਨਾ ੬੬੬}

ਹੇ ਭਾਈ ! ਨਾਨਕ ਆਖਦਾ ਹੈ—ਗੁਰੂ ਦੀ ਕਿਰਪਾ ਨਾਲ ਜਿਸ ਮਨੁੱਖ ਦੇ ਭਰਮ ਦੇ ਪਰਦੇ ਖੁਲ੍ਹ ਜਾਂਦੇ ਹਨ, ਉਸ ਦੀ (ਪਰਮਾਤਮਾ ਨਾਲ) ਡੂੰਘੀ ਸਾਂਝ ਬਣ ਜਾਂਦੀ ਹੈ । ਉਸ ਦੇ ਹਿਰਦੇ ਵਿਚ (ਪਰਮਾਤਮਾ ਨਾਲ) ਸਦਾ ਕਾਇਮ ਰਹਿਣ ਵਾਲੀ ਲਗਨ ਲੱਗ ਜਾਂਦੀ ਹੈ, ਗੁਰੂ ਨਾਲ ਉਸ ਦਾ ਮਨ ਪਤੀਜ ਜਾਂਦਾ ਹੈ ।

"ਫੂਟੋ ਆਂਡਾ ਭਰਮ ਕਾ ਮਨਹਿ ਭਇਓ ਪਰਗਾਸੁ ॥ ਕਾਟੀ ਬੇਰੀ ਪਗਹ ਤੇ ਗੁਰਿ ਕੀਨੀ ਬੰਦਿ ਖਲਾਸੁ ॥" {ਮਾਰੂ ਮਹਲਾ ੫, ਪੰਨਾ ੧੦੦੨}

ਹੇ ਭਾਈ ! ਗੁਰੂ ਨੇ ਜਿਸ ਮਨੁੱਖ ਦੇ ਪੈਰਾਂ ਤੋਂ (ਮੋਹ ਦੀਆਂ) ਬੇੜੀਆਂ ਕੱਟ ਦਿੱਤੀਆਂ, ਜਿਸ ਨੂੰ ਮੋਹ ਦੀ ਕੈਦ ਤੋਂ ਛੁਟਕਾਰਾ ਦੇ ਦਿੱਤਾ, ਉਸ ਦੇ ਮਨ ਵਿਚ ਆਤਮਕ ਜੀਵਨ ਦੀ ਸੂਝ ਪੈਦਾ ਹੋ ਗਈ, ਉਸ ਦਾ ਭਰਮ (ਭਟਕਣ) ਦਾ ਆਂਡਾ ਫੁੱਟ ਗਿਆ (ਉਸ ਦਾ ਮਨ ਆਤਮਕ ਉਡਾਰੀ ਲਾਣ-ਜੋਗਾ ਹੋ ਗਿਆ, ਜਿਵੇਂ ਆਂਡੇ ਦੇ ਖ਼ੋਲ ਦੇ ਫੁੱਟ ਜਾਣ ਪਿੱਛੋਂ ਉਸ ਦੇ ਅੰਦਰ ਦਾ ਪੰਛੀ ਉਡਾਰੀਆਂ ਲਾਣ ਜੋਗਾ ਹੋ ਜਾਂਦਾ ਹੈ) ।

ਐਸੇ ਹੀ ਭਰਮਾਂ ਤੋਂ ਮੁਕਤ ਵਿਅਕਤੀ ਨੂੰ ਸਤਿਗੁਰੂ ਨੇ ਸੰਕੇਤਕ ਕੜਾ ਪਹਿਨਾਇਆ ਸੀ, ਸਤਿਗੁਰੂ ਨੇ ਇਸੇ ਕੜੇ ਨੂੰ ਪੰਜ ਕਕਾਰੀ ਵਰਦੀ ਦਾ ਇਕ ਅੰਗ ਬਣਾ ਦਿੱਤਾ, ਅਤੇ ਹਰ ਭਰਮ ਤੋਂ ਮੁਕਤ ਹੋਣ ਦਾ ਪ੍ਰਣ ਵੀ ਮਰਯਾਦਾ ਦਾ ਹਿੱਸਾ ਬਣ ਗਿਆ। ਅੱਜ ਬਹੁਤੇ ਸਿੱਖ ਗੁਰਬਾਣੀ ਪੜ੍ਹਨਾ ਅਤੇ ਵਿਸ਼ੇਸ਼ ਕਰਕੇ ਵਿਚਾਰਨਾ ਬੰਦ ਕਰ ਗਏ ਹਨ, ਇਹ ਭਰਮਜਾਲ ਫਿਰ ਗੱਲ ਪੈਂਦੇ ਜਾ ਰਹੇ ਹਨ। ਇਹ ਆਪ ਹੀ ਆਪਣੇ ਅੰਦਰ ਝਾਤੀ ਮਾਰ ਲਈਏ ਕਿ ਜੋ ਭਰਮ-ਨਾਸ ਦਾ ਪ੍ਰਣ ਕਰ ਰਹੇ ਹਾਂ, ਕੀ ਸੱਚ ਮੁੱਚ ਹੀ ਸਾਡੇ ਭਰਮਾਂ ਦਾ ਨਾਸ ਹੋ ਗਿਆ ਹੈ?

ਪੰਜਾਬੀ ਪੜ੍ਹਨੀ:

ਇਥੇ ਇਕ ਹੋਰ ਬੜੀ ਅਨਮੋਲ ਗੱਲ ਦ੍ਰਿੜ ਕਰਾਈ ਜਾਂਦੀ ਹੈ, 'ਤੁਸੀਂ ਗੁਰਮੁਖੀ ਜਾਣਦੇ ਹੋ(ਜੇ ਨਹੀਂ ਜਾਣਦੇ ਤਾਂ ਸਿੱਖ ਲਓ)...'

ਅੱਜ ਇਸ ਗੱਲ ਨੂੰ ਬਹੁਤ ਅਹਿਮੀਅਤ ਨਹੀਂ ਦਿੱਤੀ ਜਾਂਦੀ ਪਰ ਮੈਂ ਸਮਝਦਾ ਹਾਂ ਇਹ ਸਿੱਖੀ ਦੀ 'ਜੀਵਨ ਰੇਖਾ'(Life Line) ਹੈ। ਸਾਰੀ ਗੁਰਬਾਣੀ ਪੰਜਾਬੀ ਭਾਸ਼ਾ ਅਤੇ ਗੁਰਮੁਖੀ ਲਿੱਪੀ ਵਿੱਚ ਹੈ। ਬਹੁਤਾ ਸਿੱਖ ਇਤਿਹਾਸ ਅਤੇ ਸਿੱਖ ਸਾਹਿਤ ਵੀ ਪੰਜਾਬੀ ਵਿੱਚ ਹੈ। ਸਭ ਤੋਂ ਮਹੱਤਵ ਪੂਰਨ ਗੱਲ ਤਾਂ ਇਹ ਹੈ ਕਿ ਜੇ ਪੰਜਾਬੀ ਨਹੀਂ ਪੜ੍ਹੇ, ਤਾਂ ਗੁਰੂ ਨਾਲ ਸਾਂਝ ਹੀ ਨਹੀਂ ਪੈ ਸਕਦੀ। ਇਹ ਠੀਕ ਹੈ ਕਿ ਸਾਨੂੰ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਅਤੇ ਸਾਹਿਤ ਦੇ ਤਰਜਮੇਂ ਦੂਸਰੀਆਂ ਭਾਸ਼ਾਵਾਂ ਵਿੱਚ ਵੀ ਕਰਾਉਣੇ ਚਾਹੀਦੇ ਹਨ, ਤਾਂ ਕਿ ਸੰਸਾਰ ਦੇ ਦੂਜੀਆਂ ਕੌਮਾਂ ਅਤੇ ਦੇਸ਼ਾਂ ਦੇ ਲੋਕ ਵੀ ਉਨ੍ਹਾਂ ਨੂੰ ਪੜ੍ਹ ਕੇ ਸਿੱਖ ਸਿਧਾਂਤਾਂ ਅਤੇ ਸਿੱਖ ਕੌਮ ਬਾਰੇ ਜਾਣਕਾਰੀ ਹਾਸਲ ਕਰ ਸਕਣ, ਪਰ ਦੂਜਿਆਂ ਸੂਬਿਆਂ ਜਾਂ ਦੇਸ਼ਾਂ ਵਿੱਚ ਬੈਠੇ ਸਿੱਖਾਂ ਨੂੰ ਆਪਣੇ ਆਪ ਨੂੰ ਉਸ ਗਿਣਤੀ ਵਿੱਚ ਨਹੀਂ ਗਿਨਣਾ ਚਾਹੀਦਾ। ਹਰ ਸਿੱਖ ਨੂੰ ਪੰਜਾਬੀ ਭਾਸ਼ਾ ਜ਼ਰੂਰ ਸਿੱਖਣੀ ਚਾਹੀਦੀ ਹੈ ਤਾਂ ਹੀ ਆਪਣੇ ਵਿਰਸੇ ਨਾਲ ਜੁੜਿਆ ਰਹਿ ਸਕੀਦਾ ਹੈ। ਇਥੇ ਵਿਸ਼ੇਸ਼ ਤੌਰ 'ਤੇ ਸ਼ਬਦ ਗੁਰਮੁਖੀ ਵਰਤਿਆ ਗਿਆ ਹੈ, ਕਿਉਂਕਿ ਪੰਜਾਬੀ ਭਾਸ਼ਾ ਵੀ ਬੋਲਣੀ ਜਾਣਦੇ ਹੋਈਏ, ਸਮਝ ਵੀ ਸਕਦੇ ਹੋਈਏ, ਜੇ ਗੁਰਮੁਖੀ ਲਿੱਪੀ ਨਹੀਂ ਜਾਣਦੇ ਤਾਂ ਗੁਰਬਾਣੀ ਨਹੀਂ ਪੜ੍ਹ ਸਕਦੇ। ਉਂਝ ਵੀ ਭਾਵੇਂ ਜਿਤਨਾ ਮਰਜ਼ੀ ਵਧੀਆ ਤਰਜਮਾ ਕਰਾਇਆ ਹੋਵੇ, ਜੋ ਭਾਵ ਆਪਣੀ ਮਾਂ ਬੋਲੀ ਤੋਂ ਪ੍ਰਾਪਤ ਹੁੰਦਾ ਹੈ, ਉਹ ਕਦੀਂ ਪ੍ਰਾਪਤ ਨਹੀਂ ਹੋ ਸਕਦਾ।

ਇਸ ਪੱਖੋਂ ਸਿੱਖ ਕੌਮ ਵਿੱਚ ਬਹੁਤ ਨਿਘਾਰ ਆਇਆ ਹੈ। ਚੰਗੇ ਚੰਗੇ ਸਿੱਖ ਪਰਿਵਾਰਾਂ ਦੇ ਬੱਚੇ ਪੰਜਾਬੀ ਨਹੀਂ ਪੜ੍ਹਦੇ। ਘਰਾਂ ਵਿੱਚ ਮਾਤਾ ਪਿਤਾ ਬੱਚਿਆਂ ਨਾਲ ਆਪਣੀ ਮਾਂ ਬੋਲੀ ਛੱਡਕੇ ਹਿੰਦੀ ਜਾਂ ਅੰਗਰੇਜ਼ੀ ਵਿੱਚ ਗੱਲਾਂ ਕਰਦੇ ਹਨ। ਮੈਂ ਇਸ ਦਾ ਕਾਰਨ ਸਿਰਫ ਅਵੇਸਲਾਪਨ ਨਹੀਂ ਸਮਝਦਾ, ਮੈਨੂੰ ਤਾਂ ਜਾਪਦਾ ਹੈ ਸਿੱਖ ਜਿਵੇਂ ਗੁਲਾਮਾਂ ਵਾਲੀ ਜ਼ਿੰਦਗੀ ਜੀ ਰਹੇ ਹਨ, ਇਹ ਉਨ੍ਹਾਂ ਦੀ ਮਾਨਸਿਕਤਾ ਵਿੱਚ ਆਈ ਹੀਨ-ਭਾਵਨਾ ਕਾਰਣ ਹੈ। ਭਾਰਤ ਵਿੱਚ ਮੁਸਲਮਾਨਾਂ ਦੀ ਮਾਨਸਿਕ ਗੁਲਾਮੀ ਕਬੂਲ ਕਰ ਚੁੱਕੀ ਹਿੰਦੂ ਕੌਮ ਨੂੰ, ਉਨ੍ਹਾਂ ਦੀ ਮਰ ਚੁੱਕੀ ਜ਼ਮੀਰ ਨੂੰ ਜਗਾਉਣ ਲਈ, ਗੁਰੂ ਨਾਨਕ ਪਾਤਿਸ਼ਾਹ ਨੇ ਕਦੇ ਇਕ ਮਿਹਣਾ ਮਾਰਿਆ ਸੀ:

"ਕੂਜਾ ਬਾਂਗ ਨਿਵਾਜ ਮੁਸਲਾ ਨੀਲ ਰੂਪ ਬਨਵਾਰੀ ॥ ਘਰਿ ਘਰਿ ਮੀਆ ਸਭਨਾਂ ਜੀਆਂ ਬੋਲੀ ਅਵਰ ਤੁਮਾਰੀ ॥" {ਬਸੰਤੁ ਹਿੰਡੋਲੁ ਮਹਲਾ ੧, ਪੰਨਾ ੧੧੯੦}

ਹੁਣ ਲੋਟਾ, ਬਾਂਗ, ਨਿਮਾਜ਼, ਮੁਸੱਲਾ (ਪ੍ਰਧਾਨ ਹਨ), ਪਰਮਾਤਮਾ ਦੀ ਬੰਦਗੀ ਕਰਨ ਵਾਲਿਆਂ ਨੇ ਨੀਲਾ ਬਾਣਾ ਪਹਿਨਿਆ ਹੋਇਆ ਹੈ । ਹੁਣ ਤੇਰੀ (ਭਾਵ, ਤੇਰੇ ਬੰਦਿਆਂ ਦੀ) ਬੋਲੀ ਹੀ ਹੋਰ ਹੋ ਗਈ ਹੈ, ਹਰੇਕ ਘਰ ਵਿਚ ਸਭ ਜੀਵਾਂ ਦੇ ਮੂੰਹ ਵਿਚ (ਲਫ਼ਜ਼ 'ਪਿਤਾ' ਦੇ ਥਾਂ) ਲਫ਼ਜ਼ 'ਮੀਆਂ' ਪ੍ਰਧਾਨ ਹੈ ।

ਅੱਜ ਇਹ ਮਿਹਣਾ ਸਿੱਖ ਕੌਮ ਉਤੇ ਵਧੇਰੇ ਢੁਕਦਾ ਹੈ। ਪ੍ਰੇਰਨਾ ਲੈਣ ਵਾਸਤੇ ਸਾਡੇ ਕੋਲ ਇਕ ਬੜਾ ਵਧੀਆ ਪ੍ਰਮਾਣ ਹੈ। ਇਕ ਵੀਰ ਦਰਸ਼ਨ ਸਿੰਘ, ਜੋ ਫਰਾਂਸੀਸੀ ਤੋਂ ਸਿੱਖ ਬਣੇ ਹਨ, ਜਿਨ੍ਹਾਂ ਬਾਰੇ ਕੁਝ ਵਿਚਾਰ ਉਪਰ ਵੀ ਆ ਚੁੱਕੀ ਹੈ, ਜਦੋਂ ਮੈਂ ਉਨ੍ਹਾਂ ਨੂੰ ਪਹਿਲੀ ਵਾਰੀ

ਮਿਲਿਆ ਤਾਂ ਬੜੀ ਹੈਰਾਨਗੀ ਹੋਈ, ਜਦੋਂ ਉਨ੍ਹਾਂ ਪੰਜਾਬੀ ਵਿੱਚ ਗੱਲ ਕਰਨੀ ਸ਼ੁਰੂ ਕਰ ਦਿੱਤੀ। ਮੈਂ ਪੁਛਿਆ, "ਤੁਸੀਂ ਪੰਜਾਬੀ ਕਦੋਂ ਪੜ੍ਹੀ ਹੈ?" ਉਨ੍ਹਾਂ ਕਿਹਾ ਮੈਂ ਜਦੋਂ ਸਿੱਖ ਬਣਨ ਦਾ ਫੈਸਲਾ ਕੀਤਾ, ਮੈਂ ਪਹਿਲਾ ਕੰਮ ਇਹ ਕੀਤਾ ਕਿ ਮੈਂ ਪੰਜਾਬੀ ਪੜ੍ਹੀ। ਕਿਉਂਕਿ ਮੈਂ ਸੋਚਿਆ, ਜੇ ਮੇਰੀ ਅਤੇ ਮੇਰੇ ਗੁਰੂ ਦੀ ਬੋਲੀ ਹੀ ਅਲੱਗ-ਅਲੱਗ ਹੈ ਤਾਂ ਮੈਂ ਆਪਣੇ ਗੁਰੂ ਨਾਲ ਗੱਲਾਂ ਕਿਵੇਂ ਕਰਾਂਗਾ? ਜੇ ਮੈਂ ਗੁਰਬਾਣੀ ਹੀ ਨਹੀਂ ਪੜ੍ਹ ਸਕਾਂਗਾ ਤਾਂ ਮੈਂ ਸਿੱਖ ਕਾਹਦਾ ਬਨਣਾ ਹੈ?"

ਸ਼ਾਇਦ ਅੱਜ ਸਿੱਖ ਕੌਮ ਨੂੰ ਇਸ ਇਸਾਈ ਤੋਂ ਸਿੱਖ ਬਣੇ, ਵੀਰ ਦਰਸ਼ਨ ਸਿੰਘ ਤੋਂ ਬਹੁਤ ਕੁਝ ਸਿੱਖਣ ਦੀ ਲੋੜ ਹੈ। ਕੀ ਸਾਨੂੰ ਸਿੱਖ ਪਰਿਵਾਰਾਂ ਵਿੱਚ ਜੰਮਿਆਂ ਨੂੰ ਵੀ ਕਦੇ ਖਿਆਲ ਆਇਆ ਹੈ ਕਿ ਅਸੀਂ ਵੀ ਗੁਰੂ ਨਾਲ ਗੱਲਾਂ ਕਰਨੀਆਂ ਹਨ? ਜਿਨ੍ਹਾਂ ਨੂੰ ਪੰਜਾਬੀ ਨਹੀਂ ਆਉਂਦੀ, ਉਨ੍ਹਾਂ ਦੀ ਗੱਲ ਛੱਡ ਵੀ ਦੇਈਏ, ਤਾਂ ਪੰਜਾਬੀ ਪੜ੍ਹੇ ਵੀ ਵਿਰਲੇ ਹੀ ਹਨ, ਜਿਹੜੇ ਸੱਚਮੁੱਚ ਗੁਰੂ ਨਾਲ ਗੱਲਾਂ ਕਰਦੇ ਹੋਣ। ਇਕ ਗੱਲ ਬਹੁਤ ਮਹੱਤਵਪੂਰਨ ਹੈ ਕਿ ਪੰਜਾਬੀ ਬੋਲੀ ਦੇ ਨਾਲ ਨਾਲ ਗੁਰਮੁਖੀ ਲਿੱਪੀ ਦਾ ਜਾਨਣਾ ਵੀ ਅਤਿ ਜ਼ਰੂਰੀ ਹੈ, ਨਹੀਂ ਤਾਂ ਜੇ ਗੁਰਮੁਖੀ ਲਿੱਪੀ ਨਹੀਂ ਜਾਣਦੇ ਤਾਂ ਗੁਰਬਾਣੀ ਜਾਂ ਸਿੱਖ ਇਤਿਹਾਸ ਅਤੇ ਸਾਹਿਤ ਨਹੀਂ ਪੜ੍ਹ ਸਕਾਂਗੇ।

ਇਸ ਤੋਂ ਅੱਗੇ ਲਿਖਿਆ ਹੈ ਕਿ ਇਕ ਅਕਾਲ-ਪੁਰਖ ਤੋਂ ਛੁਟ ਕਿਸੇ ਦੇਵੀ, ਦੇਵਤੇ, ਅਵਤਾਰ, ਪੈਗੰਬਰ ਦੀ ਉਪਾਸਨਾ ਨਹੀਂ ਕਰਨੀ। ਦਸੋ ਗੁਰੂ ਸਾਹਿਬਾਨ ਨੂੰ ਤੇ ਉਨ੍ਹਾਂ ਦੀ ਬਾਣੀ ਤੋਂ ਬਿਨਾਂ ਕਿਸੇ ਹੋਰ ਨੂੰ ਆਪਣਾ ਮੁਕਤੀ ਦਾਤਾ ਨਹੀਂ ਮੰਨਣਾ।

ਇਥੇ ਗੱਲ ਕੁਝ ਭੁਲੇਖਾ-ਪਾਊ ਨਜ਼ਰ ਆਉਂਦੀ ਹੈ, ਇਸ ਲਈ ਕੁਝ ਵਿਚਾਰ ਦੀ ਲੋੜ ਹੈ। ਇਹ ਗੱਲ ਤਾਂ ਬਿਲਕੁਲ ਠੀਕ ਹੈ ਕਿ ਕਿਸੇ ਦੇਵੀ, ਦੇਵਤੇ, ਅਵਤਾਰ, ਪੈਗੰਬਰ ਦੀ ਉਪਾਸਨਾ ਨਹੀਂ ਕਰਨੀ, ਪਰ ਜੋ ਅਗਲੀ ਪੰਕਤੀ ਵਿੱਚ ਲਿਖਿਆ ਹੈ ਕਿ ਦਸੋ ਗੁਰੂ ਸਾਹਿਬਾਨ ਨੂੰ ਤੇ ਉਨ੍ਹਾਂ ਦੀ ਬਾਣੀ ਤੋਂ ਬਿਨਾਂ ਕਿਸੇ ਹੋਰ ਨੂੰ ਆਪਣਾ ਮੁਕਤੀ-ਦਾਤਾ ਨਹੀਂ ਮੰਨਣਾ। ਦਸ ਗੁਰੂ ਸਾਹਿਬਾਨ ਦੀ ਗੱਲ ਵੀ ਬਿਲਕੁਲ ਠੀਕ ਹੈ ਪਰ ਗੁਰਬਾਣੀ ਤਾਂ ਉਹ ਹੈ ਜੋ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਹੈ ਅਤੇ ਇਸ ਅਨੁਸਾਰ ਕੇਵਲ ਛੇ ਗੁਰੂ ਸਾਹਿਬਾਨ ਨੇ ਬਾਣੀ ਉਚਾਰੀ ਹੈ, ਪਹਿਲੀਆਂ ਪੰਜ ਪਾਤਿਸ਼ਾਹੀਆਂ ਅਤੇ ਨੌਵੀਂ ਪਾਤਿਸ਼ਾਹੀ ਨੇ, ਫਿਰ 'ਦਸੋ ਗੁਰੂ ਸਾਹਿਬਾਨ ਤੇ ਉਨ੍ਹਾਂ ਦੀ ਬਾਣੀ' ਲਿਖਣਾ ਵੱਡਾ ਭਰਮ ਖੜਾ ਕਰਦਾ ਹੈ। ਇਸ ਨਾਲ ਤਾਂ 15 ਇਲਾਹੀ ਭਗਤ ਸਾਹਿਬਾਨ, ਜਿਨ੍ਹਾਂ ਨੂੰ ਸਤਿਗੁਰੂ ਨੇ ਬਰਾਬਰ ਦਾ ਮਾਣ ਦਿੱਤਾ, ਗੁਰੂ ਮਹਿਮਾਂ ਦਾ ਮੁਜੱਸਮਾ 11 ਭੱਟ ਸਾਹਿਬਾਨ ਅਤੇ ਗੁਰੂ ਦਰ ਤੇ ਪ੍ਰਵਾਣ ਹੋਏ, ਤਿੰਨ ਮਹਾਨ ਗੁਰਸਿੱਖਾਂ ਦਾ ਵੀ ਅਪਮਾਨ ਕਰ ਦਿੱਤਾ। ਇਸ ਲਈ ਲਿਖਣਾ ਤਾਂ ਇਹ ਬਣਦਾ ਹੈ ਕਿ ਗੁਰੂ ਗ੍ਰੰਥ ਸਾਹਿਬ ਦੀ ਬਾਣੀ 'ਤੇ ਪੂਰਨ ਭਰੋਸਾ ਰੱਖਣਾ ਹੈ। ਸ਼ਾਇਦ ਅੱਗੇ ਜੋ ਨਿਤਨੇਮ ਦੀਆਂ ਬਾਣੀਆਂ ਵਿੱਚ ਮਿਲਾਵਟ ਕੀਤੀ ਗਈ ਹੈ, ਇਥੇ ਉਸ ਦੀ ਤਿਆਰੀ ਕੀਤੀ ਗਈ ਹੈ।

ਨਿਤਨੇਮ ਦੀਆਂ ਬਾਣੀਆਂ:

ਸਿੱਖ ਰਹਿਤ ਮਰਯਾਦਾ ਵਿੱਚ ਨਿਤਨੇਮ ਦੀਆਂ ਬਾਣੀਆਂ ਇਹ ਦਸੀਆਂ ਹਨ: 'ਜਪੁ, ਜਾਪੁ, 10 ਸਵੱਯੇ(ਸ੍ਰਾਵਗ ਸੁਧ ਵਾਲੇ), ਸੋ ਦਰੁ ਰਹਰਾਸਿ ਤੇ ਸੋਹਿਲਾ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਠ ਕਰਨਾ ਜਾਂ ਸੁਣਨਾ,....।' ਇਨ੍ਹਾਂ ਵਿੱਚੋਂ ਪਹਿਲੀਆਂ ਤਿੰਨ ਅੰਮ੍ਰਿਤ

ਵੇਲੇ, ਸੋ ਦਰੁ ਰਹਰਾਸਿ ਸ਼ਾਮ ਵੇਲੇ ਅਤੇ ਸੋਹਿਲਾ ਰਾਤ ਸੌਣ ਵੇਲੇ ਪੜ੍ਹਨ ਦਾ ਵਿਧਾਨ ਬਣਾਇਆ ਗਿਆ ਹੈ। ਪਾਹੁਲ ਤਿਆਰ ਕਰਨ ਸਮੇਂ ਪੜ੍ਹੀਆਂ ਜਾਣ ਵਾਲੀਆਂ ਬਾਣੀਆਂ ਦੀ ਤਰ੍ਹਾਂ, ਇਥੇ ਵੀ ਸਪੱਸ਼ਟ ਜਾਪਦਾ ਹੈ ਕਿ ਇਹ ਬਾਣੀਆਂ ਸਾਰਿਆਂ ਨੂੰ ਖੁਸ਼ ਕਰਕੇ, ਕੌਮ ਨੂੰ ਇਕ ਮਰਯਾਦਾ ਵਿੱਚ ਬੰਨ੍ਹਣ ਦੇ ਇਰਾਦੇ ਨਾਲ, ਇਕ ਸਮਝੌਤਾ-ਵਾਦੀ ਨੀਤੀ ਅਧੀਨ ਨੀਯਤ ਕੀਤੀਆਂ ਗਈਆਂ ਹਨ। ਇਕ ਗੱਲ ਸਾਫ ਵੇਖਣ ਵਿੱਚ ਆਉਂਦੀ ਹੈ, ਕਿ ਜਿਥੇ ਵੀ ਗੁਰਮਤਿ ਨੂੰ ਪਾਸੇ ਰੱਖ ਕੇ ਸਮਝੌਤਾ-ਵਾਦੀ ਨੀਤੀ ਅਪਨਾਈ ਗਈ ਹੈ, ਉਸਨੇ ਏਕਤਾ ਤਾਂ ਕੀ ਲਿਆਉਣੀ ਸੀ? ਸਗੋਂ ਵਖਰੇਵੇਂ ਵਧਾਏ ਹਨ ਅਤੇ ਕੌਮ ਦਾ ਵਧੇਰੇ ਨੁਕਸਾਨ ਕੀਤਾ ਹੈ, ਕਿਉਂਕਿ ਉਹ ਲੋਕ(ਡੇਰੇ ਆਦਿ) ਜਿਨ੍ਹਾਂ ਦਾ ਕੰਮ ਹੀ ਕੌਮ ਵਿੱਚ ਵਖਰੇਵੇਂ ਪਾਉਣਾ ਹੈ, ਇਸ ਨਾਲ ਉਨ੍ਹਾਂ ਨੂੰ ਕੌਮ ਵਿੱਚ ਮਾਨਤਾ ਵੀ ਮਿਲੀ ਹੈ ਅਤੇ ਉਨ੍ਹਾਂ ਦੇ ਹੌਸਲੇ ਵੀ ਵਧਦੇ ਹਨ। ਅੱਜ ਇਕ ਵੀ ਡੇਰਾ ਇਸ ਰਹਿਤ ਮਰਯਾਦਾ ਨੂੰ ਜਾਂ ਇਸ ਵਿਚਲੀਆਂ ਨਿਤਨੇਮ ਦੀਆਂ ਬਾਣੀਆਂ ਨੂੰ ਮਾਨਤਾ ਨਹੀਂ ਦੇਂਦਾ। ਹਰ ਇਕ ਦੀ ਆਪਣੇ ਅਖੌਤੀ ਮਹਾਂਪੁਰਖਾਂ ਤੋਂ ਚਲੀ ਆਉਂਦੀ ਮਰਯਾਦਾ ਹੈ, ਜਿਵੇਂ, ਟਕਸਾਲ ਵਾਲੇ ਇਹ ਕਹਿੰਦੇ ਹਨ ਕਿ ਅੰਮ੍ਰਿਤ ਵੇਲੇ ਪੜ੍ਹੀਆਂ ਜਾਣ ਵਾਲੀਆਂ ਬਾਣੀਆਂ ਪੰਜ ਹਨ ਅਤੇ ਉਹ ਪਾਹੁਲ ਤਿਆਰ ਕਰਨ ਸਮੇਂ ਪੜ੍ਹੀਆਂ ਜਾਣ ਵਾਲੀਆਂ ਬਾਣੀਆਂ ਨੂੰ ਅੰਮ੍ਰਿਤ ਵੇਲੇ ਦੇ ਨਿਤਨੇਮ ਦੀਆਂ ਬਾਣੀਆਂ ਦਸਦੇ ਹਨ, ਭਾਵ, ਜਪੁ, ਜਾਪੁ 10 ਸਵੱਯੇ(ਸ੍ਰਾਵਗ ਸੁਧ ਵਾਲੇ), ਕਬਯੋ ਬਾਚ ਬੇਨਤੀ ਚੌਪਈ ਅਤੇ ਅਨੰਦ। ਇਸ ਤੋਂ ਇਲਾਵਾ ਇਨ੍ਹਾਂ ਰਹਿਰਾਸ ਦੇ ਸ਼ੁਰੂ ਅਤੇ ਅੰਤ ਵਿੱਚ ਕੁਝ ਸ਼ਬਦ ਆਪਣੇ ਤੌਰ 'ਤੇ ਜੋੜੇ ਹੋਏ ਹਨ ਅਤੇ ਪੰਥ-ਪ੍ਰਵਾਨਤ ਕਹੀ ਜਾਣ ਵਾਲੀ ਚੌਪਈ ਵਿੱਚ ਵੀ ਇਨ੍ਹਾਂ ਬਹੁਤ ਵਾਧਾ ਕੀਤਾ ਹੋਇਆ ਹੈ, ਬਿਲਕੁਲ ਇਸੇ ਤਰ੍ਹਾਂ ਸੋਹਿਲਾ ਬਾਣੀ ਤੋਂ ਪਹਿਲਾਂ ਵੀ ਕਈ ਸ਼ਬਦ ਹੋਰ ਆਪਣੇ ਕੋਲੋਂ ਜੋੜੇ ਹੋਏ ਹਨ। ਕਈ ਹੋਰ ਡੇਰੇ ਇਨ੍ਹਾਂ ਬਾਣੀਆਂ ਦੇ ਨਾਲ ਸੁਖਮਨੀ ਬਾਣੀ ਵੀ ਜੋੜ ਦੇਂਦੇ ਹਨ, ਕਈ ਇਕਲੀ ਸੁਖਮਨੀ ਬਾਣੀ ਅਤੇ ਕਈ ਸੁਖਮਨੀ ਬਾਣੀ ਦੇ ਕਈ ਪਾਠ ਰੋਜ਼ ਕਰਨਾ ਆਪਣੀ ਮਰਯਾਦਾ ਦਸਦੇ ਹਨ। ਕਈ ਜਪੁ, ਜਾਪੁ ਦੇ ਨਾਲ ਸ਼ਬਦ ਹਜ਼ਾਰੇ ਅਤੇ ਬਾਰ੍ਹਾਂਮਾਹ ਨੂੰ ਨਿਤਨੇਮ ਦਸਦੇ ਹਨ ਅਤੇ ਕਈਆਂ ਨੇ ਆਪਣੇ ਸਾਰਿਆਂ ਨਾਲੋਂ ਨਿਰਾਲੇ ਨਿਤਨੇਮ ਬਣਾਏ ਹੋਏ ਹਨ। ਮੁਕਦੀ ਗੱਲ, ਜਿਤਨੇ ਡੇਰੇ ਉਤਨੀਆਂ ਮਰਯਾਦਾ, ਉਤਨੇ ਨਿਤਨੇਮ। ਇਕ ਗੱਲ ਸਾਂਝੀ ਹੈ ਕਿ ਇਨ੍ਹਾਂ ਸਾਰਿਆਂ ਨੇ ਇਕ ਤਹੱਈਆ ਕੀਤਾ ਹੋਇਆ ਹੈ ਕਿ ਕਿਸੇ ਸੂਰਤ ਵੀ ਪੰਥ ਵਿੱਚ ਇਕ ਸਾਰਤਾ ਨਹੀਂ ਆਉਣ ਦੇਣੀ।

ਜਿਵੇਂ ਅੱਜ ਕੌਮ ਵਿੱਚ ਪਾਹੁਲ ਤਿਆਰ ਕਰਨ ਸਮੇਂ ਪੜ੍ਹੀਆਂ ਜਾਣ ਵਾਲੀਆਂ ਬਾਣੀਆਂ ਬਾਰੇ ਜਗਿਆਸਾ ਹੈ, ਤਿਵੇਂ ਹੀ ਨਿਤਨੇਮ ਦੀਆਂ ਬਾਣੀਆਂ ਬਾਰੇ ਵੀ ਭਰਪੂਰ ਚੇਤਨਤਾ ਆਈ ਹੈ। ਹਰ ਸੁਚੇਤ ਸਿੱਖ ਸੱਚ ਜਾਨਣਾ ਚਾਹੁੰਦਾ ਹੈ। ਜਿਵੇਂ ਅਸੀਂ ਉਪਰ ਪਾਹੁਲ ਤਿਆਰ ਕਰਨ ਸਮੇਂ ਪੜ੍ਹੀਆਂ ਜਾਣ ਵਾਲੀਆਂ ਬਾਣੀਆਂ ਬਾਰੇ ਸੱਚ ਜਾਨਣ ਲਈ ਕੁਝ ਪੁਰਾਤਨ ਇਤਿਹਾਸਕ ਕਿਤਾਬਾਂ ਅਤੇ ਰਹਿਤਨਾਮਿਆਂ ਦੀ ਪੜਚੋਲ ਕੀਤੀ ਸੀ, ਆਓ ! ਉਹੀ ਉਪਰਾਲਾ ਇਥੇ ਵੀ ਕਰਦੇ ਹਾਂ।

1. ਤਵਾਰੀਖ ਗੁਰੂ ਖਾਲਸਾ ਕਿਤਾਬ ਦੇ ਦਸਵੇਂ ਭਾਗ ਵਿੱਚ ਗਿਆਨੀ ਗਿਆਨ ਸਿੰਘ ਨੇ ਖੰਡੇ ਬਾਟੇ ਦੀ ਪਾਹੁਲ ਛਕਾਉਣ ਵੇਲੇ ਜਪੁ ਅਤੇ ਅਨੰਦ ਬਾਣੀਆਂ ਦਾ ਪੜ੍ਹਿਆ ਜਾਣਾ ਲਿਖਿਆ ਹੈ('ਪਾਹੁਲ ਤਿਆਰ ਕਰਨ ਸਮੇਂ ਪੜ੍ਹੀਆਂ ਜਾਣ ਵਾਲੀਆਂ ਬਾਣੀਆਂ' ਦੇ ਸਿਰਲੇਖ ਥਲੇ(7) ਲਫਜ਼- ਬ-ਲਫਜ਼ ਪੂਰਾ ਵੇਰਵਾ ਦਿੱਤਾ ਜਾ ਚੁਕਾ ਹੈ)। ਇਸੇ ਪੰਨਾ 133 ਦੇ ਅੰਤਲੇ ਪੈਰੇ ਵਿੱਚ ਲਿਖਿਆ ਹੈ:

'......ਫੇਰ ਕੜਾਹ ਪ੍ਰਸ਼ਾਦ ਸਭਨਾਂ ਨੂੰ ਇੱਕੋ ਬਾਟੇ ਵਿੱਚ ਛਕਾ ਕੇ ਇਹ ਰਹਿਤ ਦੱਸੀ: ਕੱਛ, ਕ੍ਰਿਪਾਨ, ਕੇਸ, ਕੰਘਾ, ਕੜਾ ਹਮੇਸ਼ਾਂ ਰਖਣੇ,............ਗੁਰਬਾਣੀ ਦਾ ਉਚਾਰਨ ਸਦਾ ਹੀ ਕਰਦੇ ਰਹੋ। ਬਿਨਾਂ ਅਕਾਲ ਪੁਰਖ ਤੇ...............।'

ਇਸ ਰਹਿਤ ਵਿੱਚ ਗਿਆਨੀ ਗਿਆਨ ਸਿੰਘ ਨੇ ਨਿਤਨੇਮ ਦੀਆਂ ਵਿਸ਼ੇਸ਼ ਬਾਣੀਆਂ ਦਾ ਕੋਈ ਜ਼ਿਕਰ ਨਹੀਂ ਕੀਤਾ, 'ਗੁਰਬਾਣੀ ਦਾ ਉਚਾਰਨ ਸਦਾ ਹੀ ਕਰਦੇ ਰਹੋ' ਲਿਖਿਆ ਹੈ। ਪਰ ਇਸੇ ਦੇ ਪੰਨਾ 42 ਤੇ 'ਗੁਰੂ ਜੀ ਦੀ ਨਿੱਤ ਕ੍ਰਿਆ' ਪ੍ਰਸੰਗ ਵਿੱਚ ਲਿਖਦੇ ਹਨ:

'ਏਹ ਗੁਰੂ ਸਾਹਿਬ ਜੀ ਭੀ ਆਪਣੇ ਵੱਡੇ ਗੁਰੂਆਂ ਦੀ ਮਰਯਾਦਾ ਅਨੁਸਾਰ..........। ਫੇਰ ਪਹੁ ਫੁਟੀ ਤੋਂ ਬਸਤ੍ਰ, ਭੂਖਣ ਸਜਾਉਂਦੇ ਹੋਏ ਜਪੁਜੀ ਸਾਹਿਬ ਦਾ ਪਾਠ ਕਰ, ਦੀਵਾਨ ਵਿੱਚ ਆ ਆਸਾ ਦੀ ਵਾਰ ਸੁਣਦੇ। ......।'

ਇਹ ਫੈਸਲਾ ਹੁਣ ਪੰਥ ਨੇ ਕਰਨਾ ਹੈ ਕਿ, ਕੀ ਸਾਡਾ ਨਿਤਨੇਮ ਸਾਡੇ ਸਤਿਗੁਰੂ ਤੋਂ ਅਲੱਗ ਹੋ ਸਕਦਾ ਹੈ?

2. ਭਾਈ ਸੰਤੋਖ ਸਿੰਘ ਜੀ, ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ(ਸੂਰਜ ਪ੍ਰਕਾਸ਼)ਦੀ ਰੁਤਿ ਤੀਸਰੀ ਵਿੱਚ ਇੰਝ ਲਿਖਦੇ ਹਨ:

ਸ਼੍ਰੀ ਗੁਰ ਪੁਨ ਸਭਿ ਰਹਿਤ ਬਤਾਈ।
ਜਿਸ ਤੇ ਸਦਾ ਅਨੰਦ ਕੋ ਪਾਈ॥34॥
ਮੀਣੇ ਅਰੁ ਮਸੰਦ ਧਿਰਮਲੀਏ।
ਕੁੜੀ ਮਾਰਿ ਰਮਰਈ ਨ ਮਿਲੀਏ।
ਸਵਾ ਰਜਤਪਣ ਅੰਮ੍ਰਿਤਸਰ ਜੀ।
ਤਿਮ ਦੇ ਪਾਹੁਲ ਦਾ ਜੋ ਗੁਰ ਜੀ॥35॥
ਪਠਹੁ ਪ੍ਰੇਮ ਕਰ ਨਿਤ ਗੁਰਬਾਨੀ।
ਸਿੰਘਨਿ ਸੇਵਾ ਕਰਹੁ ਮਹਾਨੀ।
ਆਪਸ ਬਿਖੈ ਪ੍ਰੇਮ ਕੋ ਧਰਨਾ।
ਗੁਰ ਨਿੰਦਕ ਸ਼ੱਤ੍ਰਨਿ ਹਤਿ ਕਰਨਾ॥36॥

ਇਥੇ ਕਵੀ ਸੰਤੋਖ ਸਿੰਘ ਜੀ ਨੇ ਵੀ ਨਿਤ ਗੁਰਬਾਣੀ ਪੜ੍ਹਨ ਦੀ ਗੱਲ ਕੀਤੀ ਹੈ ਪਰ ਨਿਤਨੇਮ ਦੇ ਤੌਰ ਤੇ ਕਿਸੇ ਵਿਸ਼ੇਸ਼ ਬਾਣੀਆਂ ਦਾ ਵਰਨਣ ਨਹੀਂ ਕੀਤਾ।

3. ਭਾਈ ਕੁਇਰ ਸਿੰਘ, ਗੁਰਬਿਲਾਸ ਵਿੱਚ ਲਿਖਦੇ ਹਨ:

ਝੂਠੇ ਸਰਬ ਉਪਾਵ ਤਿਆਗੋ। ਸ੍ਰੀ ਅਸਿਧੁਜ ਕੀ ਚਰਨੀ ਲਾਗੋ।
ਪੋਥੀ ਗ੍ਰੰਥ ਪੜ੍ਹਹੁ ਸਦ ਨੀਤਾ। ਜਪੁ, ਰਹਿਰਾਸ, ਕੀਰਤਨ ਨੀਤਾ।68।

ਭਾਈ ਕੁਇਰ ਸਿੰਘ ਅਨੁਸਾਰ ਜਪੁ, ਰਹਿਰਾਸ, ਸੋਹਿਲਾ ਬਾਣੀਆਂ ਦੇ ਨਾਲ ਗੁਰੂ ਗ੍ਰੰਥ ਸਾਹਿਬ ਵਿੱਚੋਂ ਰੋਜ਼ ਬਾਣੀ ਪੜ੍ਹਨ ਦਾ ਹੁਕਮ ਹੈ।

4. ਗੁਰ ਪੰਥ ਪ੍ਰਕਾਸ਼ (ਡਾ. ਜੀਤ ਸਿੰਘ ਸੀਤਲ, ਸੰਪਾਦਿਤ, ਛਾਪਕ: ਸਿੱਖ ਇਤਿਹਾਸ ਰੀਸਰਚ ਬੋਰਡ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸਤੰਬਰ 1984) ਦੇ ਪੰਨਾ 77-78 ਤੇ ਕੇਸਗੜ੍ਹ ਸ੍ਰੀ ਖਾਲਸੇ ਕੋ ਪੰਥ ਕੀ ਉਤਪਤੀ ਕੀ ਸਾਖੀ, ਵਿੱਚ ਰਤਨ ਸਿੰਘ ਭੰਗੂ ਨਿਤਨੇਮ ਦੀਆਂ ਬਾਣੀਆਂ ਬਾਰੇ ਇੰਝ ਲਿਖਦੇ ਹਨ:

ਦੋਹਰਾ-ਯੋਂ ਕਹ ਕੇ ਸ੍ਰੀ ਸਤਿਗੁਰੂ, ਗਲ ਤੇਗੋ ਦੀਨੋ ਪਾਇ
ਕਰਦ ਚਕ੍ਰ ਸਿਰ ਪਰ ਧਰੈਂ, ਮੁਖਹੁੰ ਅਕਾਲ ਜਪਾਏ।15
ਔਰ ਕਹੀ-ਗੁਰਬਾਣੀ ਪੜ੍ਹੈਯੋ। ਜਪੁ ਜਾਪੁ ਦੁਇ ਵੇਲੇ ਜਪੈਯੋ
ਔਰ ਅਨੰਦ ਰਹਿਰਾਸ ਜਪਯੋ, ਚੰਡੀ ਬਾਣੀ ਖੜੇ ਪੜ੍ਹੈਯੋ।16

ਇਸ ਮੁਤਾਬਕ ਜਪੁ ਤੇ ਜਾਪੁ ਦੋਵੇਂ ਵੇਲੇ, ਅਨੰਦ ਅਤੇ ਰਹਿਰਾਸ ਪੜ੍ਹਨ ਦਾ ਆਦੇਸ਼ ਹੈ ਅਤੇ ਨਾਲ ਚੰਡੀ ਦੀ ਵਾਰ ਖਲੋ ਕੇ ਪੜ੍ਹਨ ਲਈ ਕਿਹਾ ਹੈ।

5. ਰਹਿਤਨਾਮਾ ਭਾਈ ਨੰਦ ਲਾਲ ਦੇ ਪਹਿਲੇ ਬੰਦ ਵਿੱਚ ਇੰਝ ਲਿਖਿਆ ਹੈ:

ਗੁਰਸਿਖ ਰਹਿਤ ਸੁਨਹੁ ਮੇਰੇ ਮੀਤ। ਉਠਿ ਪ੍ਰਭਾਤ ਕਰੇ ਹਿਤ ਚੀਤ।
ਵਾਹਿਗੁਰੂ ਪੁਨ ਮੰਤ੍ਰ ਸੁ ਜਾਪ। ਕਰ ਇਸ਼ਨਾਨ ਪੜ੍ਹੇ ਜਪੁ ਜਾਪੁ।1।
ਦਰਸ਼ਨ ਕਰੇ ਮੇਰਾ ਪੁਨ ਆਇ। ਅਦਬ ਸਿਉਂ ਬੈਠ ਰਹਹਿ ਚਿਤ ਲਾਇ।
ਤੀਨ ਪਹਿਰ ਜਬ ਬੀਤੇ ਜਾਨ। ਕਥਾ ਸੁਨੈ ਗੁਰ ਹਿਤ ਚਿਤ ਠਾਨ।2।
ਸੰਧਿਆ ਸਮੇਂ ਸੁਨੇ ਰਹਿਰਾਸ। ਕੀਰਤਨ ਕਥਾ ਸੁਨੈ ਹਰਿ ਜਾਸ।
ਇਨ ਮੈ ਨੇਮ ਜੁ ਏਕ ਕਰਾਇ। ਸੋ ਸਿਖ ਅਮਰਪੁਰੀ ਮਹਿ ਜਾਇ।3।

ਇਸ ਅਨੁਸਾਰ ਪ੍ਰਭਾਤ ਵੇਲੇ ਜਪੁ ਤੇ ਜਾਪੁ ਪੜ੍ਹਨੀਆਂ ਅਤੇ ਸੰਧਿਆ ਸਮੇਂ ਰਹਿਰਾਸ ਸੁਨਣੀ ਚਾਹੀਦੀ ਹੈ।

6. ਤਨਖਾਹਨਾਮਾ ਭਾਈ ਨੰਦ ਲਾਲ ਵਿੱਚ ਇੰਝ ਲਿਖਿਆ ਹੈ:

ਚੌਪਈ
ਠੰਢੇ ਪਾਣੀ ਜੋ ਨਹੀਂ ਨ੍ਹਾਵੈ। ਬਿਨ ਜਪੁ ਪੜ੍ਹੇ ਪ੍ਰਸ਼ਾਦ ਜੁ ਖਾਵੈ।
ਬਿਨ ਰਹਿਰਾਸ ਸੰਧਿਆਂ ਜੋ ਖੋਵਹਿ। ਕੀਰਤਨ ਪੜ੍ਹੇ ਬਿਨ ਰੈਣ ਜੁ ਸੋਵਹਿ।15
ਚੁਗਲੀ ਕਰਿ ਜੋ ਕਾਜ ਬਿਗਾਰਹਿ। ਧ੍ਰਿਗ ਤਿਸ ਜਨਮ ਸੁ ਧਰਮ ਬਿਸਾਰਹਿ
ਕਰੈ ਬਚਨ ਜੋ ਪਾਲਹਿ ਨਾਹੀ। ਗੋਬਿੰਦ ਸਿੰਘ ਤਿਸ ਠਉਰ ਕਤ ਨਾਹੀ।16।

ਇਸ ਅਨੁਸਾਰ ਸੁਵੇਰੇ 'ਜਪੁ', ਸੰਧਿਆ ਵੇਲੇ ਰਹਿਰਾਸ ਅਤੇ ਸੌਣ ਵਲੇ ਸੋਹਿਲਾ(ਕੀਰਤਨ-ਕੀਰਤਨ ਸੋਹਿਲਾ ਤੋਂ, ਸੋਹਿਲਾ ਬਾਣੀ ਬਾਰੇ ਪ੍ਰਚਲਤ ਨਾਂ ਹੈ) ਬਾਣੀ ਪੜ੍ਹਨ ਦਾ ਆਦੇਸ਼ ਹੈ।

ਕੀ ਇਹ ਸੰਭਵ ਹੈ ਕਿ ਭਾਈ ਨੰਦ ਲਾਲ ਜੀ ਦੇ ਆਪਣੇ ਵਿਚਾਰਾਂ ਵਿੱਚ ਹੀ ਮਤਭੇਦ ਹੋਵੇ ਕਿ ਉਹ ਤਨਖਾਹਨਾਮਾਂ ਵਿੱਚ ਕੇਵਲ ਜਪੁ ਅਤੇ ਰਹਿਤਨਾਮਾ ਵਿੱਚ ਜਪੁ ਅਤੇ ਜਾਪੁ ਪੜ੍ਹਨ ਲਈ ਕਹਿ ਰਹੇ ਹਨ?

7. ਰਹਿਤਨਾਮਾ ਭਾਈ ਪ੍ਰਹਿਲਾਦ ਸਿੰਘ ਵਿੱਚ ਇਹ ਅੰਕਤ ਹੈ:

ਬਿਨਾ ਜਪੁ ਜਾਪੁ ਜਪੈ, ਜੋ ਜੇਵਹਿ ਪ੍ਰਸਾਦਿ,
ਸੋ ਬਿਸਟਾ ਕਾ ਕਿਰਮ ਹੁਇ, ਜਨਮ ਗਵਾਵੈ ਬਾਦ।13।
ਚੌਪਈ
ਪ੍ਰਾਤਾ ਕਾਲ ਗੁਰ ਗੀਤ ਨ ਗਾਵੈ। ਰਹਿਰਾਸ ਬਿਨਾ ਪ੍ਰਸਾਦਿ ਜੋ ਖਾਵੈ
ਬਾਹਰਮੁਖੀ ਸਿਖ ਤਿਸ ਜਾਨੋ। ਸਭ ਬਰਤਨ ਮਿਥਿਆ ਤਿਸ ਮਾਨੋ।14।

ਭਾਈ ਪ੍ਰਹਿਲਾਦ ਸਿੰਘ ਜਪੁ, ਜਾਪੁ ਅਤੇ ਰਹਿਰਾਸ ਬਾਣੀਆਂ ਨੂੰ ਨਿਤਨੇਮ ਦਸਦੇ ਹਨ।

8. ਭਾਈ ਦਯਾ ਸਿੰਘ ਜੀ ਦੇ ਨਾਂ ਤੇ ਬਣਾਏ ਗਏ, ਰਹਿਤਨਾਮਾ ਭਾਈ ਦਯਾ ਸਿੰਘ, ਜੋ ਕਬਿਤ ਅਤੇ ਵਾਰਤਕ ਦੋਨਾਂ ਵਿੱਚ ਹੈ, ਦੇ ਕਬਿਤ ਵਿੱਚ ਇਹ ਪੰਕਤੀਆਂ ਅੰਕਤ ਹਨ:

ਕੱਛ ਸ੍ਵੈਤ ਔ ਨੀਲ ਪਟ, ਜਪੁ ਅਰੁ ਜਾਪੁ ਉਚਾਰ
ਸ੍ਰੀ ਅਕਾਲ ਉਸਤਤਿ ਕਰੇ, ਚੰਡੀ ਕੰਠ ਸੁਧਾਰ।

ਇਸ ਦੇ ਲਿਖਾਰੀ ਨੇ ਆਪਣੀ ਸਭ ਨਾਲੋਂ ਹੀ ਅਲੱਗ ਮਰਯਾਦਾ ਬਣਾਈ ਹੈ। ਜਪੁ, ਜਾਪੁ, ਅਕਾਲ ਉਸਤਤਿ ਅਤੇ ਚੰਡੀ ਦੀ ਵਾਰ ਨੂੰ ਨਿਤਨੇਮ ਦਸਦਾ ਹੈ, ਬਲਕਿ ਚੰਡੀ ਦੀ ਵਾਰ ਨੂੰ ਜ਼ੁਬਾਨੀ ਯਾਦ ਰਕਨ ਦੀ ਸਿਫਾਰਸ਼ ਕਰਦਾ ਹੈ।

9. ਰਹਿਤਨਾਮਾ ਹਜ਼ੂਰੀ, ਭਾਈ ਚਉਪਾ ਸਿੰਘ ਛਿੱਬਰ ਵਿੱਚ ਲਿਖਿਆ ਹੈ:
ਜੋ ਗੁਰੂ ਕਾ ਸਿੱਖ ਹੋਇ ਕੇਸਾਧਾਰੀ ਅਥਵਾ ਸਹਿਜਧਾਰੀ ਸੋ ਪ੍ਰਾਤਾ ਸਮੇਂ ਇਸ਼ਨਾਨ ਅਥਵਾ ਪੰਜ ਇਸ਼ਨਾਨ ਕਰੇ। ਪੰਜ ਵੇਰੀ ਜਪੁਜੀ ਪੜ੍ਹੇ। ਗੁਰੂ ਰਾਮਦਾਸ ਸਾਹਿਬ ਜੀ ਕਾ ਬਚਨੁ ਹੈ। ਪੰਜ ਵਾਰੀ ਜਪੁਜੀ ਕੇ ਪੜ੍ਹਨੇ ਕਰਿ ਬੁੱਧਿ ਉਜਲ ਹੋਂਦੀ ਹੈ। ਉਪਰੰਤ ਹੋਰ ਬਾਣੀ ਕੰਠ ਹੋਇ, ਸੋ ਪੜ੍ਹੇ। ਪਾਠ ਕਰਕੇ ਹਥ ਜੋੜ ਕਰਿ ਅਰਦਾਸਿ ਕਰੈ।

....

....

ਜੋ ਗੁਰਾਂ ਕਾ ਸਿਖ ਹੋਇ, ਫੇਰ ਰਹਿਰਾਸ ਸਮੇ 'ਸੋ ਦਰੁ' ਪੜ੍ਹੈ, ਧਰਮਸਾਲ ਵਿਖੇ ਜਾ ਕਰਿ ! ਅਰੁ ਜੇ ਕਰ ਧਰਮਸਾਲ ਪਹੁੰਚ ਨਾ ਹੋਇ ਤਾਂ ਆਪਣੇ ਘਰਿ ਬੈਠਉ ਵਿਚਾਰ ਕਰੈ।

....

....

....

ਗੁਰੂ ਕਾ ਸਿਖ, ਕੀਰਤਨ ਸ਼ਬਦ ਸੋਹਿਲਾ ਪੜ੍ਹ ਕੇ ਸਵੈਂ।

ਇਸ ਨੇ ਨਿਤਨੇਮ ਤਾਂ ਭਾਵੇਂ ਜਪੁ, ਸੋ ਦਰੁ ਅਤੇ ਸੋਹਿਲਾ ਬਾਣੀ ਹੀ ਦੱਸਿਆ ਹੈ, ਪਰ ਜਪੁ ਬਾਣੀ ਸਵੇਰੇ ਪੰਜ ਵਾਰੀ ਪੜ੍ਹਨ ਦੀ ਹਦਾਇਤ ਕੀਤੀ ਹੈ।

10. ਇਕ ਹੋਰ 'ਪਰਮ ਸੁਮਾਰਗ' ਨਾਮ ਦਾ ਰਹਿਤਨਾਮਾ ਵੀ ਮਿਲਦਾ ਹੈ, ਇਸ ਦੇ ਲਿਖਾਰੀ ਦਾ ਕੋਈ ਪਤਾ ਨਹੀਂ। ਇਸ ਵਿੱਚ ਨਿਤਨੇਮ ਬਾਰੇ ਇੰਝ ਲਿਖਿਆ ਹੈ:

ਅੰਮ੍ਰਿਤ ਵੇਲੇ ਰਾਤਿ ਰਹਿੰਦੀ ਇਹਿ ਕਿਰਤਿ ਦੇਹੀ ਦੀ ਕਰੇ।
ਪੰਜ ਵੇਰੀ ਜਪੁ ਤੇ ਜਾਪੁ ਪੜ੍ਹੈ। ਨਾਲੇ ਅਨੰਦ ਪੰਜ ਵੇਰੀ ਪੜ੍ਹੈ।

....

ਦੁਤੀਆ ਬਚਨ ਰਹਿਤ ਕਾ-ਹੁਕਮ ਹੈ-ਜਾਨੈ ਜੋ ਦੋ ਪਹਿਰ ਦਿਨੁ ਆਇਆ ਹੈ ਤਾਂ ਫੇਰਿ ਹੱਥ ਪੈਰ ਗੋਡਿਆਂ ਤਕ ਧੋਇ ਕਰਿ ਇਕ ਵੇਰੀ ਜਪੁ, ਜਾਪੁ ਦੋਵੈਂ ਪੜ੍ਹੈ ਫੇਰ ਕਿਰਤ ਕਰੈ।............... ।

ਤ੍ਰਿਤਿਆ ਬਚਨ ਰਹਿਤ ਕਾ:- ਜਬ ਜਾਨੈ ਦੁਇ ਘੜੀਆਂ ਦਿਨ ਰਹਿਆ ਹੈ ਤਾਂ ਸੋਦਰ ਰਹਿਰਾਸਿ ਨਾਲ ਪੜ੍ਹੈ। ਜਾਂ ਭੋਗ ਪਾਵੈ ਤਾਂ ਦੋਂਦੇ, ਜਪੁ ਤੇ ਜਾਪੁ ਪੜ ਕੈ ਮਥਾ ਟੇਕੈ........

ਚਉਥਾ ਬਚਨ ਰਹਿਤ ਦਾ ਇਹੁ ਹੈ:- ਜਬ ਜਾਨੈ ਰਾਤਿ ਹੋਈ ਹੈ ਸਭਨਾਂ ਕੰਮਾ ਦੁਨੀਆਂ ਸਿਉਂ ਫਾਰਕੁ ਹੋਇ ਰਹਿਆ ਹਾਂ ! ਤਾਂ ਬਾਣੀ ਪਾਤਿਸ਼ਾਹੀ ਪਹਿਲਿ ਤੋਂ ਲੈਕਰਿ ਦਸਵੀਂ ਦੀ-ਬਚਿਤ੍ਰ ਨਾਟਕ, ਹੋਰ ਬਾਣੀ ਗ੍ਰੰਥ ਕੀ, ਹੋਰਨਾ ਪਾਤਿਸ਼ਾਹੀਆਂ ਦੀ ਹੋਵੇ ਸੁ ਪੜ੍ਹੈ। ਕੀਰਤਨ ਕਰੇ। ਜੋ ਜਾਨੈ ਜੁ ਨਿੰਦ੍ਰਾ ਬਹੁਤ ਆਈ ਹੈ ਤਾਂ ਕੀਰਤਨ ਸੋਹਿਲਾ ਪੜ੍ਹ ਕੈ ਸੋਇ ਰਹੈ,.......।

ਸਭ ਤੋਂ ਵੱਧ ਭੁਲੇਖੇ ਇਸ ਅਗਿਆਤ ਲਿਖਾਰੀ ਨੇ ਪਾਉਣ ਦੀ ਕੋਸ਼ਿਸ਼ ਕੀਤੀ ਹੈ। ਪਹਿਲਾਂ ਤਾਂ ਇਸ ਨੇ ਨਿਤਨੇਮ ਦੇ ਵੇਲੇ ਵੀ ਤਿੰਨ ਦੀ ਬਜਾਏ ਚਾਰ ਕਰ ਦਿੱਤੇ ਹਨ, ਫੇਰ ਜਿਥੇ ਅੰਮ੍ਰਿਤ ਵੇਲੇ ਜਪੁ, ਜਾਪੁ ਤੇ ਅਨੰਦ ਪੰਜ ਪੰਜ ਵਾਰੀ ਪੜ੍ਹਨਾ ਦੱਸਿਆ ਹੈ ਉਥੇ ਦੂਜੇ ਤੇ ਤੀਜੇ ਨਿਤਨੇਮ ਵਿੱਚ ਵੀ ਰਹਿਰਾਸ ਦੇ ਨਾਲ, ਜਪੁ ਤੇ ਜਾਪੁ ਬਾਣੀਆਂ ਪੜ੍ਹਨ ਦੀ ਵਕਾਲਤ ਕੀਤੀ ਹੈ ਅਤੇ ਸੌਣ ਤੋਂ ਪਹਿਲਾਂ ਸੋਹਿਲਾ ਬਾਣੀ ਪੜ੍ਹਨ ਲਈ ਵੀ ਲਿਖਿਆ ਹੈ। ਇਸ ਦੀ ਲਿਖਤ ਵਿੱਚੋਂ ਸਾਫ ਪਤਾ ਲਗਦਾ ਹੈ ਕਿ ਇਹ ਨਿਤਨੇਮ ਰਾਹੀਂ ਬਚਿੱਤ੍ਰ ਨਾਟਕ ਨੂੰ ਪੰਥ ਵਿੱਚ ਪ੍ਰਵਾਨ ਕਰਾਉਣ ਦੀ ਕੋਸ਼ਿਸ਼ ਕਰ ਰਿਹਾ ਹੈ, ਉਥੇ ਇਹ ਗੱਲ ਵੀ ਸਪੱਸ਼ਟ ਹੁੰਦੀ ਹੈ, ਕਿ ਇਸ ਪੋਥੇ ਦਾ ਨਾਂ ਪਹਿਲਾਂ ਬਚਿੱਤ੍ਰ ਨਾਟਕ ਹੀ ਸੀ।

11. ਰਹਿਤਨਾਮਾ ਭਾਈ ਦੇਸਾ ਸਿੰਘ ਵਿੱਚ ਨਿਤਨੇਮ ਦੀਆਂ ਬਾਣੀਆਂ ਬਾਰੇ ਇੰਝ ਵਰਨਣ ਹੈ:

ਦੋਹਰਾ

ਪ੍ਰਾਤਹ ਉਠ ਇਸ਼ਨਾਨ ਕਰਿ, ਪੜ੍ਹਹਿ ਜਾਪੁ ਜਪੁ ਦੋਇ
ਸੋਦਰ ਕੀ ਚੌਕੀ ਕਰੇ, ਆਲਸ ਕਰੈ ਨ ਕੋਇ।37।

ਪਹਰਿ ਰਾਤ ਬੀਤ ਹੈ ਜਬਹੀ। 'ਸੋਹਿਲਾ' ਪਾਠ ਕਰੈ ਸੋ ਤਬਹੀ
ਦੁਹੂੰ ਗ੍ਰੰਥ ਮੈਂ ਬਾਨੀ ਜੋਈ ! ਚੁਨ ਚੁਨ ਕੰਠ ਕਰੇ ਨਿਤ ਸਾਈ।38।

ਭਾਈ ਦੇਸਾ ਸਿੰਘ ਦੇ ਇਸ ਰਹਿਤਨਾਮੇ ਵਿੱਚ ਵੀ ਜਪੁ, ਜਾਪੁ, ਸੋ ਦਰੁ ਅਤੇ ਸੋਹਿਲਾ ਬਾਣੀਆਂ ਦਾ ਨਿਤਨੇਮ ਦਸਿਆ ਹੈ, ਆਖਰੀ ਪੰਕਤੀ ਵਿੱਚ 'ਦੁਹੂੰ ਗ੍ਰੰਥ' ਸ਼ਬਦ ਵਰਤ ਕੇ ਬਚਿੱਤ੍ਰ ਨਾਟਕ ਨੂੰ ਗੁਰੂ ਗ੍ਰੰਥ ਸਾਹਿਬ ਦੇ ਬਰਾਬਰ ਮਾਨਤਾ ਦੇਣ ਅਤੇ ਕੌਮ ਵਿੱਚ ਭੁਲੇਖੇ ਖੜ੍ਹੇ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ।

12. ਰਹਿਤਨਾਮਾ ਭਾਈ ਸਾਹਿਬ ਸਿੰਘ ਵਿੱਚ ਨਿਤਨੇਮ ਦੀਆਂ ਬਾਣੀਆਂ ਇਹ ਦੱਸੀਆਂ ਹਨ:-

ਆਨੰਦ ਜਪੁ ਨਿਤ ਹੀ ਪੜ੍ਹੈ ਥੋੜਾ ਸਾਰ ਸਿਖ
ਰਹਿਰਾਸ ਆਰਤੀ ਸ਼ਬਦ ਪੁਨ ਕੀਰਤਨ ਸੁਨਹਿ ਸੁ ਭਿਖ ।27

ਇਸ ਮੁਤਾਬਕ ਸਵੇਰੇ ਜਪੁ 'ਤੇ ਅਨੰਦੁ ਬਾਣੀ ਅਤੇ ਸ਼ਾਮ ਨੂੰ ਰਹਿਰਾਸ ਤੇ ਆਰਤੀ ਦਾ ਸ਼ਬਦ ਪੜ੍ਹਨਾ ਚਾਹੀਦਾ ਹੈ। ਹੋ ਸਕਦਾ ਹੈ ਦਰਬਾਰ ਸਾਹਿਬ ਅਤੇ ਹੋਰ ਕਈ ਗੁਰਦੁਆਰਿਆਂ ਵਿੱਚ ਆਰਤੀ ਦੇ ਸ਼ਬਦ ਪੜ੍ਹਨ ਦਾ ਰਿਵਾਜ਼ ਇਸੇ ਤੋਂ ਪਿਆ ਹੋਵੇ ਪਰ ਜਿਵੇਂ ਆਰਤੀ ਦੇ ਸ਼ਬਦਾਂ ਵਿੱਚ ਬਗੈਰ ਗੁਰਮਤਿ ਨੂੰ ਵਿਚਾਰੇ ਭਾਰੀ ਮਿਲਾਵਟ ਕੀਤੀ ਗਈ ਹੈ, ਉਹ ਹੋਰ ਵੀ ਦੁਖਦਾਈ ਹੈ। ਕਿਉਂਕਿ ਗੁਰੂ ਨਾਨਕ ਪਾਤਿਸ਼ਾਹ ਦਾ ਉਚਾਰਣ ਕੀਤਾ ਆਰਤੀ ਦਾ ਸ਼ਬਦ ਸੋਹਿਲਾ ਬਾਣੀ ਵਿੱਚ ਵੀ ਆਉਂਦਾ ਹੈ, ਇਹ 'ਆਰਤੀ ਸ਼ਬਦ' ਸੋਹਿਲਾ ਬਾਣੀ ਪੜ੍ਹਨ ਦਾ ਸੰਕੇਤ ਵੀ ਹੋ ਸਕਦਾ ਹੈ।

13. ਇਨ੍ਹਾਂ ਤੋਂ ਇਲਾਵਾ ਸੌ ਸਾਖੀਆਂ ਵਿਚੋਂ ਅੱਠਵੀਂ ਸਾਖੀ, ਭਾਈ ਸਾਹਿਬ ਸਿੰਘ ਦੇ ਨਾਂ ਤੇ 'ਮੁਕਤਿਨਾਮਾ' ਮਿਲਦਾ ਹੈ, ਜਿਸ ਵਿੱਚ ਇੰਝ ਲਿਖਿਆ ਹੈ:

ਖਾਵਹਿ ਗੁਰ ਕਾ ਨਾਮ ਜਪਿ ਜਪੁ ਪੜ੍ਹਿ ਲੇ ਪ੍ਰਸਾਦ
ਨਗਨ ਨ ਦੇਖਹਿ ਨਾਇਕਾ, ਨਾਰ ਰੂਪ ਨਹਿ ਯਾਦ।6

ਇਸ ਅਨੁਸਾਰ ਅੰਮ੍ਰਿਤ ਵੇਲੇ 'ਜਪੁ' ਬਾਣੀ ਪੜ੍ਹਨ ਦਾ ਵਿਧਾਨ ਹੈ। ਇਸ ਵਿੱਚ ਵੀ ਸੰਧਿਆ ਜਾਂ ਰਾਤ ਸੌਣ ਵੇਲੇ ਦੇ ਨਿਤਨੇਮ ਦਾ ਜ਼ਿਕਰ ਨਹੀਂ ਆਇਆ।

(ਉਪਰੋਕਤ ਰਹਿਤਨਾਮਿਆਂ ਦੇ ਪ੍ਰਮਾਣ, ਪਿਆਰਾ ਸਿੰਘ ਪਦਮ, ਸੰਪਾਦਿਤ, 'ਰਹਿਤਨਾਮੇ'(1984) ਪੁਸਤਕ ਵਿਚੋਂ ਇੰਨ ਬਿੰਨ ਉਤਾਰੇ ਹਨ)

ਨਿਚੋੜ:

ਉਪਰੋਕਤ ਸਾਰੇ ਪ੍ਰਮਾਣਾਂ ਵਿੱਚ ਆਪਸੀ ਇਕਸਾਰਤਾ ਨਾ ਹੋਣ ਕਾਰਨ, ਕਿਸੇ ਨਿਰਣੇ

ਤੇ ਪਹੁੰਚਣ ਲਈ, ਇਨ੍ਹਾਂ ਦਾ ਨਿਚੋੜ ਕਢਣ ਦੀ ਕੋਸ਼ਿਸ਼ ਕਰਦੇ ਹਾਂ:

1) ਉਪਰੋਕਤ 13 ਪ੍ਰਮਾਣਾ ਵਿੱਚੋਂ ਇਕ ਗੱਲ ਸਾਫ ਉਭਰ ਕੇ ਆਈ ਹੈ ਕਿ ਜਪੁ ਬਾਣੀ ਪੜ੍ਹਨ ਦਾ ਆਦੇਸ਼ ਤਕਰੀਬਨ ਸਾਰਿਆਂ ਵਿੱਚ ਹੀ ਹੈ , ਸਿਵਾਏ ਪਹਿਲੇ ਦੋ ਦੇ, ਜਿਨ੍ਹਾਂ ਵਿੱਚ ਨਿਤ ਗੁਰਬਾਣੀ ਪੜ੍ਹਨ ਦੀ ਹਦਾਇਤ ਕੀਤੀ ਗਈ ਹੈ। ਇਨ੍ਹਾਂ ਵਿੱਚੋਂ ਵੀ ਗਿਆਨੀ ਗਿਆਨ ਸਿੰਘ ਨੇ ਗੁਰੂ ਗੋਬਿੰਦ ਸਿੰਘ ਪਾਤਿਸ਼ਾਹ ਦੀ ਨਿਤ ਕਿਰਿਆ ਬਿਆਨ ਕਰਦੇ ਹੋਏ, ਉਨ੍ਹਾਂ ਵਲੋਂ ਵੀ ਰੋਜ਼ ਅੰਮ੍ਰਿਤ ਵੇਲੇ ਜਪੁ ਬਾਣੀ ਪੜ੍ਹਨ ਦਾ ਜ਼ਿਕਰ ਕੀਤਾ ਹੈ।

2) ਇਸੇ ਤਰ੍ਹਾਂ ਪਹਿਲੇ ਦੋ ਛੱਡ ਕੇ ਬਾਕੀ ਗਿਆਰਾਂ ਵਿੱਚੋਂ ਨੌਂ ਵਿੱਚ ਰਹਿਰਾਸ ਬਾਣੀ ਨੂੰ ਵੀ ਸ਼ਾਮ ਦੇ ਨਿਤਨੇਮ ਦੇ ਰੂਪ ਵਿੱਚ ਪ੍ਰਵਾਣ ਕੀਤਾ ਗਿਆ ਹੈ। ਭਾਈ ਦਯਾ ਸਿੰਘ ਦੇ ਨਾਂ 'ਤੇ ਬਣਾਏ ਗਏ ਰਹਿਤਨਾਮੇ ਅਤੇ ਭਾਈ ਸਾਹਿਬ ਸਿੰਘ ਦੇ ਨਾਂ 'ਤੇ 'ਮੁਕਤਿਨਾਮਾ' ਵਿੱਚ ਕੇਵਲ ਅੰਮ੍ਰਿਤ ਵੇਲੇ ਦੇ ਨਿਤਨੇਮ ਦਾ ਹੀ ਜ਼ਿਕਰ ਹੈ।

3) ਰਾਤ ਸੌਣ ਤੋਂ ਪਹਿਲਾਂ, ਸੋਹਿਲਾ ਬਾਣੀ ਪੜ੍ਹਨ ਦਾ ਜ਼ਿਕਰ ਬਾਕੀ ਗਿਆਰ੍ਹਾਂ ਵਿੱਚੋਂ ਛੇ ਵਿੱਚ ਆਉਂਦਾ ਹੈ। ਬਾਕੀਆਂ ਨੇ ਇਸ ਰਾਤ ਦੇ ਨਿਤਨੇਮ ਦਾ ਜ਼ਿਕਰ ਹੀ ਨਹੀਂ ਕੀਤਾ।

4) ਤਿੰਨ ਰਹਿਤਨਾਮਿਆਂ ਵਿੱਚ 'ਅਨੰਦ' ਬਾਣੀ ਵੀ ਪੜ੍ਹਨ ਲਈ ਕਿਹਾ ਗਿਆ ਹੈ।

5) ਛੇ ਰਹਿਤਨਾਮਿਆਂ ਵਿੱਚ ਜਾਪੁ ਪੜ੍ਹਨ ਵਾਸਤੇ ਵੀ ਆਖਿਆ ਗਿਆ ਹੈ

6) ਦੋ ਵਾਰੀ 'ਚੰਡੀ ਦੀ ਵਾਰ' ਅਤੇ ਇਕ ਵਾਰੀ 'ਅਕਾਲ ਉਸਤਤਿ' ਦਾ ਜ਼ਿਕਰ ਵੀ ਆਉਂਦਾ ਹੈ।

7) ਇਸ ਵਿੱਚ ਪੰਥ-ਪ੍ਰਵਾਨਤ ਕਹੀਆਂ ਜਾਣ ਵਾਲੀਆਂ ਨਿਤਨੇਮ ਦੀਆਂ ਬਾਣੀਆਂ ਵਿੱਚੋਂ, 'ਦਸ ਸਵੈਯੇ' ਦਾ ਜ਼ਿਕਰ ਤੱਕ ਨਹੀਂ ਹੈ।

8) ਹਰ ਡੇਰੇ ਅਤੇ ਸੰਸਥਾਂ ਵਲੋਂ ਪ੍ਰਚਾਰੇ ਜਾਂਦੇ 'ਕਬਿਯੋ ਬਾਚ ਬੇਨਤੀ ਚੌਪਈ' ਦਾ ਵੀ ਇਕ ਵਾਰੀ ਵੀ ਜ਼ਿਕਰ ਨਹੀਂ।

9) ਸੁਖਮਨੀ, ਸ਼ਬਦ ਹਜ਼ਾਰੇ, ਬਾਰ੍ਹਾਂਮਾਹ ਆਦਿ ਬਾਣੀਆਂ ਦਾ ਵੀ ਕਿਤੇ ਕੋਈ ਜ਼ਿਕਰ ਨਹੀਂ।

ਜਾਪਦਾ ਹੈ ਕਿ ਸਾਡੇ ਮੌਜੂਦਾ ਸਿੱਖ ਰਹਿਤ ਮਰਯਾਦਾ ਬਨਾਉਣ ਵਾਲੇ ਵਿਦਵਾਨਾਂ ਨੇ ਵੀ ਇਨ੍ਹਾਂ ਜਾਂ ਇਸ ਤੋਂ ਇਲਾਵਾ ਕੁਝ ਹੋਰ ਲਿਖਤਾਂ ਨੂੰ ਅਧਾਰ ਬਣਾਇਆ ਹੋਵੇਗਾ। ਇਨ੍ਹਾਂ ਵਿੱਚ ਇਕਸਾਰਤਾ ਨਾ ਹੋਣ ਕਾਰਨ, ਇਨ੍ਹਾਂ ਦੇ ਅਧਾਰ 'ਤੇ ਕਿਸੇ ਨਿਰਣੇ 'ਤੇ ਪਹੁੰਚਣਾ ਸੌਖਾ ਨਹੀਂ। ਸ਼ਾਇਦ ਇਸੇ ਕਰਕੇ ਸਾਡੇ ਮੌਜੂਦਾ ਸਿੱਖ ਰਹਿਤ ਮਰਯਾਦਾ ਬਨਾਉਣ ਵਾਲੇ ਵਿਦਵਾਨ ਵੀ ਕੁਝ ਵੱਡੀਆਂ ਭੁੱਲਾਂ ਕਰ ਗਏ। ਇਹ ਸਾਰੇ ਪ੍ਰਮਾਣ ਗੁਰਸਿੱਖਾਂ ਦੁਆਰਾ ਲਿਖੇ

ਗਏ ਇਤਿਹਾਸ ਜਾਂ ਰਹਿਤਨਾਮਿਆ ਦੇ ਪ੍ਰਮਾਣ ਕਹੇ ਜਾਂ ਸਕਦੇ ਹਨ। ਇਨ੍ਹਾਂ ਰਹਿਤਨਾਮਿਆਂ ਦੇ ਉਸ ਲਿਖਾਰੀ, ਜਿਸ ਦਾ ਉਪਰ ਨਾਂ ਲਿਖਿਆ ਗਿਆ ਹੈ, ਦੀ ਅਸਲ ਲਿਖਤ ਹੋਣ ਅਤੇ ਲਿਖਣ ਵਾਲੇ ਲਿਖਾਰੀਆਂ ਦੀ ਇਮਾਨਦਾਰੀ ਬਾਰੇ ਕਈ ਸ਼ੰਕੇ ਹਨ। ਗੱਲ ਬੜੀ ਸਪੱਸ਼ਟ ਹੈ ਕਿ ਜੋ ਕਿਸੇ ਪੁਰਾਤਨ ਗੁਰਸਿੱਖ ਜਾਂ ਸਤਿਗੁਰੂ ਦਾ ਨਾਂ ਵਰਤ ਕੇ ਆਪਣੇ ਵਿਚਾਰ ਕੌਮ 'ਤੇ ਲੱਦਣ ਦੀ ਕੋਸ਼ਿਸ਼ ਕਰ ਰਿਹਾ ਹੈ, ਉਹ ਕੋਈ ਸੁਹਿਰਦ ਸਿੱਖ ਨਹੀਂ ਹੋ ਸਕਦਾ। ਸਮੇਂ ਸਮੇਂ 'ਤੇ ਇਨ੍ਹਾਂ ਵਿੱਚ ਮਿਲਾਵਟਾਂ ਹੋਣ ਤੋਂ ਵੀ ਇਨਕਾਰ ਨਹੀਂ ਕੀਤਾ ਜਾ ਸਕਦਾ। ਇਨ੍ਹਾਂ ਵਿੱਚ ਆਈਆਂ ਅਨਗਿਣਤ ਗੁਰਮਤਿ ਵਿਰੋਧੀ ਗੱਲਾਂ ਇਸ ਗੱਲ ਦਾ ਸਪੱਸ਼ਟ ਪ੍ਰਮਾਣ ਹਨ।

ਉਪਰ ਜੋ ਭਾਈ ਸਾਹਿਬ ਸਿੰਘ ਦੇ ਨਾਂ 'ਤੇ 'ਮੁਕਤਿਨਾਮਾ' ਦਾ ਜ਼ਿਕਰ ਹੈ, ਇਸ ਵਿੱਚ ਇਕ ਬੜੇ ਹੀ ਕਮਾਲ ਦੀ ਗੱਲ ਲਿਖੀ ਹੈ:

'ਗੁਰ ਕੀ ਪਾਹੁਲ ਸਿਖ ਲੇਇ, ਰਹਤ ਕਮਾਵਹਿ ਗ੍ਰੰਥ
ਜੋ ਬੇੜਾ ਸੋ ਸੇਵਿਆ, ਔਰ ਨਾ ਭਰਮਹਿ ਪੰਥ।12'

ਭਾਵ ਸਿੱਖ ਗੁਰੂ ਦੀ ਪਾਹੁਲ ਲਵੇ, ਅਤੇ ਉਹ ਰਹਿਤ ਕਮਾਵਹਿ ਜੋ ਗੁਰੂ ਗ੍ਰੰਥ ਸਾਹਿਬ ਤੋਂ ਮਿਲਦੀ ਹੈ, ਇਸ ਤੋਂ ਸਿਵਾ ਸਿੱਖ ਹੋਰ ਕਿਧਰੇ ਨਾ ਭਟਕੇ। ਮੈਂ ਸਮਝਦਾ ਹਾਂ, ਅੱਜ ਸਾਡੀਆਂ ਸਭ ਦੁਬਿਧਾਵਾਂ, ਸਮੱਸਿਆਵਾਂ ਅਤੇ ਭਟਕਣਾਂ ਦਾ ਮੂਲ ਕਾਰਨ ਹੀ ਇਹ ਹੈ ਕਿ ਅਸੀਂ ਆਪਣੀ ਦੁਬਿਧਾ ਦੂਰ ਕਰਨ ਲਈ ਗੁਰੂ ਗ੍ਰੰਥ ਸਾਹਿਬ ਤੋਂ ਬਾਹਰ ਭਾਲ ਕਰ ਰਹੇ ਹਾਂ।

ਅਸਲ ਵਿੱਚ ਤਾਂ, ਇਨ੍ਹਾਂ ਸਾਰਿਆਂ ਤੋਂ ਉਪਰ ਉਹ ਪ੍ਰਮਾਣ ਹੈ ਜੋ ਸਤਿਗੁਰੂ ਨੇ ਆਪ ਲਿਖਿਆ ਹੈ। ਜੋ ਸਾਡੇ ਜ਼ਾਹਿਰਾ ਜ਼ਹੂਰ, ਹਾਜ਼ਿਰਾ ਹਜ਼ੂਰ ਸਤਿਗੁਰੂ, ਗੁਰੂ ਗ੍ਰੰਥ ਸਾਹਿਬ ਜੀ ਦਾ ਮੁੱਖਵਾਕ ਹੈ, 'ਗੁਰੂ ਗ੍ਰੰਥ ਸਾਹਿਬ ਜੀ ਦੇ ਪਹਿਲੇ 13 ਪੰਨੇ'। 'ਜਪੁ' ਬਾਣੀ ਤੋਂ ਬਾਅਦ, ਇਸ ਦੇ ਵਿੱਚ 'ਸੋਦਰੁ' ਬਾਣੀ ਦੇ ਪੰਜ ਸ਼ਬਦ, 'ਸੋ ਪੁਰਖੁ' ਦੇ ਚਾਰ ਸ਼ਬਦ ਅਤੇ ਸੋਹਿਲਾ ਬਾਣੀ ਦੇ ਪੰਜ ਸ਼ਬਦ ਨਿਰਧਾਰਤ ਰਾਗਾਂ ਵਿੱਚ ਮੁੜ੍ਹ ਤੋਂ ਆਉਂਦੇ ਹਨ, ਇਨ੍ਹਾਂ ਨੂੰ ਪਹਿਲਾਂ ਅਲੱਗ ਇਕੱਠੇ ਕਰਕੇ ਦਰਜ ਕਰਨ ਦਾ ਕਾਰਣ ਕੇਵਲ ਇਹੀ ਹੈ ਕਿ ਸਤਿਗੁਰੂ ਨੇ ਆਪ ਸਾਨੂੰ ਨਿਤਨੇਮ ਬਣਾ ਕੇ ਦਿੱਤਾ ਹੈ। ਹੁਣ ਕਈ ਵੀਰ ਇਹ ਆਖਣਗੇ, ਜੀ ! ਗੁਰੂ ਗ੍ਰੰਥ ਸਾਹਿਬ ਦਾ ਸਰੂਪ ਤਾਂ ਗੁਰੂ ਅਰਜਨ ਪਾਤਿਸ਼ਾਹ ਦਾ ਤਿਆਰ ਕਰਾਇਆ ਹੋਇਆ ਹੈ, ਇਸ ਲਈ ਇਹ ਉਹ ਨਿਤਨੇਮ ਹੈ, ਜੋ ਉਸ ਸਮੇਂ ਤੱਕ ਪ੍ਰਚੱਲਤ ਸੀ। ਉਹ ਪਤਾ ਨਹੀਂ ਇਹ ਕਿਉਂ ਭੁਲ ਜਾਂਦੇ ਹਨ ਕਿ ਗੁਰੂ ਗ੍ਰੰਥ ਸਾਹਿਬ ਦਾ ਮੌਜੂਦਾ ਸਰੂਪ, ਗੁਰੂ ਗੋਬਿੰਦ ਸਿੰਘ ਪਾਤਿਸ਼ਾਹ ਨੇ ਆਪ ਤਿਆਰ ਕਰਾਇਆ ਹੈ। ਪਹਿਲੇ ਮੂਲ ਸਰੂਪ ਵਿੱਚ ਨੌਵੇਂ ਨਾਨਕ, ਗੁਰੂ ਤੇਗ ਬਹਾਦਰ ਪਾਤਿਸ਼ਾਹ ਦੇ 115 ਸ਼ਬਦ ਨਿਰਧਾਰਤ ਰਾਗਾਂ ਵਿੱਚ ਦਰਜ ਕਰਾਏ ਹਨ। ਜੇ ਸਤਿਗੁਰੂ ਨਿਤਨੇਮ ਦੇ ਵਿੱਚ ਵੀ ਕੋਈ ਵਾਧ-ਘਾਟ ਕਰਨਾ ਚਾਹੁੰਦੇ ਤਾਂ ਉਹ ਸਮਰੱਥ ਸਨ, ਜਿਵੇਂ ਚਾਹੁੰਦੇ ਕਰ ਸਕਦੇ ਸਨ। ਜੇ ਉਨ੍ਹਾਂ ਇਸ ਵਿੱਚ ਕੋਈ ਤਬਦੀਲੀ ਨਹੀਂ ਕੀਤੀ ਤਾਂ ਸਪੱਸ਼ਟ ਹੈ, ਗੁਰੂ ਗੋਬਿੰਦ ਸਿੰਘ ਪਾਤਿਸ਼ਾਹ ਨੇ ਇਸ ਨਿਤਨੇਮ ਨੂੰ ਪ੍ਰਵਾਨਗੀ ਦਿੱਤੀ ਹੈ। ਸਤਿਗੁਰੂ, ਗੁਰੂ ਗੋਬਿੰਦ ਸਿੰਘ ਪਾਤਿਸ਼ਾਹ ਵਲੋਂ ਗੁਰੂ ਗ੍ਰੰਥ ਸਾਹਿਬ ਨੂੰ ਗੁਰਗੱਦੀ ਦੇਣ ਤੋਂ ਬਾਅਦ ਇਸ ਨਿਤਨੇਮ 'ਤੇ ਦਸਮ ਪਾਤਿਸ਼ਾਹ ਦੀ ਆਪਣੀ ਮੋਹਰ ਲੱਗ ਗਈ ਹੈ।

ਜਿਸ ਨਿਤਨੇਮ ਨੂੰ ਸਤਿਗੁਰੂ ਨੇ ਆਪ ਪ੍ਰਵਾਨਗੀ ਦਿੱਤੀ ਹੈ, ਕੀ ਉਸ ਨੂੰ ਬਦਲਣ ਦਾ ਅਧਿਕਾਰ ਕਿਸੇ ਨੂੰ ਹੋ ਸਕਦਾ ਹੈ? ਪੰਥ-ਪ੍ਰਵਾਨਗੀ ਦੇ ਨਾਂ 'ਤੇ ਐਸੀਆਂ ਆਪਹੁਦਰੀਆਂ

ਕਰਨਾ, ਆਪਣੇ ਆਪ ਨੂੰ ਸਤਿਗੁਰੂ ਨਾਲੋਂ ਵੱਡਾ ਅਤੇ ਸਿਆਣਾ ਸਮਝਣਾ ਹੈ।

ਮੈਂ ਉਪਰ ਪਾਹੁਲ ਤਿਆਰ ਕਰਨ ਸਮੇਂ ਪੜ੍ਹੀਆਂ ਜਾਣ ਵਾਲੀਆਂ ਬਾਣੀਆਂ? ਸਿਰਲੇਖ ਹੇਠ ਆਈ ਗੱਲ ਨੂੰ ਦੁਬਾਰਾ ਦੁਹਰਾਣਾ ਚਾਹਾਂਗਾ। ਜੇ ਸਤਿਗੁਰੂ ਨੇ ਸਿੱਖ ਨੂੰ ਗੁਰੂ ਹੋਣ ਦਾ ਮਾਣ ਦਿੱਤਾ ਹੈ ਤਾਂ ਇਸ ਨਾਤੇ ਪੰਥ(ਨਿਰੋਲ ਗੁਰਮਤਿ ਦੇ ਧਾਰਨੀ ਗੁਰਸਿੱਖਾਂ ਦਾ ਸਮੂਹ) 'ਪੰਥ-ਗੁਰੂ' ਹੋ ਸਕਦਾ ਹੈ, ਪਰ ਸਤਿਗੁਰੂ ਦੁਆਰਾ ਆਪ ਲਗਾਈ ਪਾਬੰਦੀ ਨਹੀਂ ਤੋੜ ਸਕਦਾ:

"ਗੁਰੂ ਸਿਖੁ ਸਿਖੁ ਗੁਰੂ ਹੈ ਏਕੋ ਗੁਰ ਉਪਦੇਸੁ ਚਲਾਏ ॥"

{ਆਸਾ ਮਹਲਾ ੪, ਪੰਨਾ ੪੪੪}

ਭਾਵ ਸਿੱਖ ਉਪਦੇਸ਼ ਕੇਵਲ ਗੁਰੂ ਦਾ ਹੀ ਚਲਾ ਸਕਦਾ ਹੈ, ਉਸ ਤੋਂ ਬਾਹਰ ਜਾਕੇ ਨਾ ਕੋਈ ਪ੍ਰਚਾਰ ਕਰ ਸਕਦਾ ਹੈ ਨਾ ਫੈਸਲੇ ਲੈ ਸਕਦਾ ਹੈ। ਗੁਰੂ ਹੈ, ਗੁਰੂ ਗ੍ਰੰਥ ਸਾਹਿਬ ਜੀ ਅਤੇ ਉਪਦੇਸ਼ ਹੈ, ਗੁਰੂ ਗ੍ਰੰਥ ਸਾਹਿਬ ਦੀ ਬਾਣੀ। ਇਸ ਤੋਂ ਬਾਹਰ ਜਾਣ ਦਾ ਕਿਸੇ ਵਿਅਕਤੀ ਕੋਲ, ਵਿਅਕਤੀ ਸਮੂਹ ਕੋਲ ਜਾਂ ਪੰਥ ਕੋਲ ਕੋਈ ਅਧਿਕਾਰ ਨਹੀਂ।

ਬਿਨਾਂ ਸ਼ੱਕ ਸਾਡੇ ਕੋਲੋਂ ਰਹਿਤ ਮਰਯਾਦਾ ਅਤੇ ਪੰਥ ਪ੍ਰਵਾਨਕਤਾ ਦੇ ਨਾਂ 'ਤੇ ਵੱਡੀ ਭੁੱਲ ਹੋਈ ਹੈ। ਭੁੱਲ ਦੀ ਸੋਝੀ ਹੋ ਜਾਵੇ ਤਾਂ ਉਸਨੂੰ ਫੌਰੀ ਸੁਧਾਰ ਲੈਣ ਵਿੱਚ ਹੀ ਭਲਾ ਹੈ, ਨਹੀਂ ਤਾਂ ਉਹ ਭੁੱਲ ਤੋਂ ਵੱਧ ਕੇ ਗੁਨਾਹ ਬਣ ਜਾਂਦੀ ਹੈ।

ਇਥੇ ਥੋੜ੍ਹੀ ਜਿਹੀ ਵਿਚਾਰ 'ਰਹਿਰਾਸ' ਅਤੇ 'ਸੋਹਿਲਾ' ਬਾਣੀਆਂ ਬਾਰੇ ਵੀ ਕਰ ਲੈਣੀ ਚੰਗੀ ਹੋਵੇਗੀ। ਸਿੱਖ ਰਹਿਤ ਮਰਯਾਦਾ ਮੁਤਾਬਕ ਰਹਿਰਾਸ ਦਾ ਸਰੂਪ ਇਹ ਹੈ: ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਵਿੱਚ ਲਿਖੇ ਹੋਏ ਨੌਂ ਸਬਦ ('ਸੋ ਦਰੁ' ਤੋਂ ਲੈ ਕੇ 'ਸਰਣਿ ਪਰੇ ਕੀ ਰਾਖਹੁ ਸਰਮਾ' ਤੱਕ) ਬੇਨਤੀ ਚੌਪਈ('ਹਮਰੀ ਕਰੋ ਹਾਥ ਦੈ ਰੱਛਾ' ਤੋਂ ਲੈਕੇ 'ਦੁਸ਼ਟ ਦੋਖ ਤੇ ਤੇ ਲੇਹੁ ਬਚਾਈ' ਤੱਕ, ਸਵੈਯਾ 'ਪਾਇ ਗਹੇ ਜਬ ਤੇ ਤੁਮਰੇ' ਅਤੇ ਦੋਹਰਾ 'ਸਗਲ ਦੁਆਰ ਕਉ ਛਾਡਿ ਕੈ') ਅਨੰਦ ਦੀਆਂ ਪਹਿਲੀਆਂ ਪੰਜ ਪਉੜੀਆਂ ਤੇ ਅੰਤਲੀ ਇਕ ਪਉੜੀ, ਮੁੰਦਾਵਣੀ ਤੇ ਸਲੋਕ ਮਹਲਾ 5 'ਤੇਰਾ ਕੀਤਾ ਜਾਤੋ ਨਾਹੀ')।

ਇਹ ਪੰਥ ਦੀ ਬਣਾਈ ਹੋਈ ਰਹਿਰਾਸ ਹੈ, ਪਰ ਸਿੱਖ ਕੌਮ ਵਿੱਚ ਤਾਂ ਹੋਰ ਕਈ ਰਹਿਰਾਸਾਂ ਪ੍ਰਚਲਤ ਹੋ ਗਈਆਂ ਹਨ। ਜਿਸ ਡੇਰੇ ਦਾ ਜੀ ਕੀਤਾ, ਆਪਣੇ ਡੇਰੇ ਦੀ ਮਰਯਾਦਾ ਜਾਂ ਆਪਣੇ ਵੱਡੇ ਮਹਾਂਪੁਰਖਾਂ ਦਾ ਨਾਂ ਲੈਕੇ, ਕੁਝ ਬਾਣੀਆਂ ਅੱਗੇ ਜੋੜ ਲਈਆਂ, ਕੁਝ ਪਿੱਛੇ ਜੋੜ ਲਈਆਂ। ਕਈਆਂ ਨੇ ਬੇਨਤੀ ਚੌਪਈ ਦੇ ਵਿੱਚ ਕਈ ਹੋਰ ਬੰਦ ਜੋੜ ਲਏ। ਪੰਥ ਵਿੱਚ ਇਕਸਾਰਤਾ ਲਿਆਉਣ ਦੇ ਨਾਂ 'ਤੇ ਜੋ ਰਹਿਰਾਸ ਤਿਆਰ ਕੀਤੀ ਗਈ, ਉਹ ਤਾਂ ਵਿਰਲਿਆਂ ਤੱਕ ਹੀ ਸੀਮਤ ਰਹਿ ਗਈ ਹੈ।

ਗੁਰੂ ਗ੍ਰੰਥ ਸਾਹਿਬ ਵਿੱਚ ਪਹਿਲੇ 13 ਪੰਨਿਆ 'ਤੇ ਜੋ ਨਿਤਨੇਮ ਦਰਜ ਹੈ, ਉਸ ਵਿੱਚ ਪਹਿਲੇ ਤੋਂ ਅਠਵੇਂ ਪੰਨੇ ਤੱਕ 'ਜਪੁ' ਬਾਣੀ, ਅੱਠਵੇਂ ਤੋਂ 10ਵੇਂ ਪੰਨੇ ਤੱਕ 'ਸੋ ਦਰੁ' ਦੇ ਪੰਜ ਸ਼ਬਦ, 10ਵੇਂ ਤੋਂ 12ਵੇਂ ਪੰਨੇ ਤੱਕ 'ਸੋ ਪੁਰਖੁ' ਦੇ ਚਾਰ ਸ਼ਬਦ ਅਤੇ 12ਵੇਂ 'ਤੇ 13ਵੇਂ ਪੰਨੇ ਤੇ 'ਸੋਹਿਲਾ' ਬਾਣੀ ਦੇ ਪੰਜ ਸ਼ਬਦ ਦਰਜ ਹਨ।

ਗੁਰੂ ਗ੍ਰੰਥ ਸਾਹਿਬ ਵਿੱਚ 'ਰਹਿਰਾਸ' ਨਾਂ ਜਾਂ ਸਿਰਲੇਖ ਹੇਠ ਕੋਈ ਬਾਣੀ ਦਰਜ ਨਹੀਂ

ਹੈ, ਲੇਕਿਨ ਸਾਰਿਆਂ ਰਹਿਤਨਾਮਿਆਂ ਵਿੱਚ ਅਤੇ ਕੁਝ ਇਤਿਹਾਸਕ ਕਿਤਾਬਾਂ ਵਿੱਚ ਇਹ ਸਿਰਲੇਖ ਲਿਖਿਆ ਮਿਲਦਾ ਹੈ। ਇਹ ਕਦੋਂ ਅਤੇ ਕਿਵੇਂ ਪ੍ਰਚਲਤ ਹੋਇਆ, ਇਹ ਤਾਂ ਨਹੀਂ ਕਿਹਾ ਜਾ ਸਕਦਾ ਪਰ ਜਾਪਦਾ ਹੈ ਕਿ 'ਸੋ ਦਰੁ' ਬਾਣੀ ਦੇ ਚੌਥੇ ਸ਼ਬਦ ਵਿੱਚ ਆਈਆਂ 'ਰਹਾਉ' ਦੀਆਂ ਪੰਕਤੀਆਂ, 'ਮੇਰੇ ਮੀਤ ਗੁਰਦੇਵ ਮੋ ਕਉ ਰਾਮ ਨਾਮੁ ਪਰਗਾਸਿ ॥ ਗੁਰਮਤਿ ਨਾਮੁ ਮੇਰਾ ਪ੍ਰਾਨ ਸਖਾਈ ਹਰਿ ਕੀਰਤਿ ਹਮਰੀ ਰਹਰਾਸਿ ॥ ' ਤੋਂ ਬਾਣੀ ਦਾ ਨਾਂ ਰਹਿਰਾਸ ਰਖ ਲਿਆ ਗਿਆ ਹੋਵੇਗਾ। ਕੁਝ ਵੀ ਹੋਵੇ, ਸਿੱਖ ਸੰਧਰਭ ਵਿੱਚ ਰਹਿਰਾਸ ਦਾ ਭਾਵ ਹੈ, ਸ਼ਾਮ ਨੂੰ ਕਰਨ ਵਾਲਾ ਨਿਤਨੇਮ। ਸਿੱਖ ਰਹਿਤ ਮਰਯਾਦਾ ਵਿੱਚ ਰਹਿਰਾਸ ਨੂੰ ਪੂਰਨਤਾ ਦੇਣ ਦੇ ਨਾਂ 'ਤੇ, ਗੁਰੂ ਗ੍ਰੰਥ ਸਾਹਿਬ ਦੇ 8 ਤੋਂ 12 ਪੰਨਿਆਂ ਤੱਕ 'ਸੋ ਦਰੁ', 'ਸੋ ਪੁਰਖੁ' ਬਾਣੀਆਂ ਦੇ ਸਿਰਲੇਖ ਹੇਠ ਦਰਜ ਨੌਂ ਸ਼ਬਦ, ਪਹਿਲੇ ਲੈਕੇ, ਪਿਛੇ ਬਾਕੀ ਸ਼ਬਦ ਆਪ ਜੋੜ ਲਏ ਗਏ ਹਨ। ਰਹੁਰੀਤ ਕਮੇਟੀ ਨੇ ਇਨ੍ਹਾਂ ਨੌਂ ਸ਼ਬਦਾਂ ਤੋਂ ਬਾਅਦ ਵਿੱਚ ਕੁਝ ਸ਼ਬਦ ਆਪਣੇ ਕੋਲੋਂ ਜੋੜੇ, ਕੁਝ ਡੇਰਿਆਂ ਨੇ, ਇਨ੍ਹਾਂ ਤੋਂ ਪਹਿਲੇ ਵੀ ਜੋੜ ਲਏ। ਇਸ ਪੰਥ ਪ੍ਰਵਾਨਤ ਰਹਿਰਾਸ ਦੇ 'ਬੇਨਤੀ ਚੌਪਈ' ਭਾਗ ਵਿੱਚ ਵੀ ਛੋਟੀ-ਵੱਡੀ ਚੌਪਈ ਦੇ ਨਾਂ ਤੇ ਕੁਝ ਬੰਦ ਆਪੇ ਜੋੜ ਲਏ। ਉਹ ਕੋਈ ਪੰਥ ਨਾਲੋਂ ਛੋਟੇ ਥੋੜਾ ਹੀ ਹਨ। **ਇਥੇ ਇਕ ਬਹੁਤ ਵੱਡਾ ਅਤੇ ਗੰਭੀਰ ਸੁਆਲ ਸਾਹਮਣੇ ਆਉਂਦਾ ਹੈ ਕਿ ਕੀ ਗੁਰੂ ਗ੍ਰੰਥ ਸਾਹਿਬ ਜੀ ਅਧੂਰੇ ਹਨ? ਕੀ ਗੁਰੂ ਗੋਬਿੰਦ ਸਿੰਘ ਸਾਹਿਬ ਨੇ ਅਧੂਰੀ ਬਾਣੀ ਨੂੰ ਗੁਰੂ ਰੂਪ ਵਿੱਚ ਮਾਨਤਾ ਦਿੱਤੀ ਹੈ? ਐਸਾ ਸੋਚਣਾ ਵੀ, ਭਾਰੀ ਭੁੱਲ ਹੀ ਨਹੀਂ, ਬਲਕਿ ਭਾਰੀ ਮੂਰਖਤਾ ਕਹੀ ਜਾ ਸਕਦੀ ਹੈ। ਗੁਰੂ ਪੂਰਨ ਅਤੇ ਸਮਰੱਥ ਹੈ। ਗੁਰੂ ਦੇ ਕੀਤੇ ਨੂੰ, ਕਿਸੇ ਤਰ੍ਹਾਂ ਵੀ ਬਦਲਣਾ ਜਾਂ ਵਾਧ-ਘਾਟ ਕਰਨੀ, ਕਿਸੇ ਵਿਅਕਤੀ, ਵਿਅਕਤੀ-ਸਮੂਹ ਜਾਂ ਪੰਥ ਦੇ ਅਧਿਕਾਰ ਖੇਤਰ ਵਿੱਚ ਨਹੀਂ ਆਉਂਦਾ। ਅਸੀਂ ਤਾਂ ਪੰਥ ਪ੍ਰਵਾਨਕਤਾ ਦੇ ਨਾਂ ਤੇ ਗੁਰੂ ਗ੍ਰੰਥ ਸਾਹਿਬ ਤੋਂ ਵੀ ਬਾਹਰ ਚਲੇ ਗਏ ਹਾਂ,** ਇਸ ਵਿੱਚ ਕਬਿਯੋ ਬਾਚ 'ਬੇਨਤੀ ਚੌਪਈ' ਨਾਮਕ ਰਚਨਾ, ਬਚਿਤ੍ਰ ਨਾਟਕ ਪੋਥੇ ਵਿੱਚੋਂ ਜੋੜ ਲਈ।

ਇਹ ਕਬਿਯੋ ਬਾਚ 'ਬੇਨਤੀ ਚੌਪਈ' ਰਚਨਾ, ਇਸ ਬਚਿਤ੍ਰ ਨਾਟਕ ਪੋਥੇ ਦੇ ਪਖਯਾਨ ਚਰਿਤ੍ਰ(ਪ੍ਰਚਲਤ ਨਾਂ: ਤ੍ਰਿਆ ਚਰਿਤ੍ਰ) ਦਾ ਹਿੱਸਾ ਹੈ। "ਪਖਯਾਨ ਚਰਿਤ੍ਰ" ਇੱਕ ਬਹੁਤ ਲੰਬੀ ਕਾਵ-ਰਚਨਾ ਹੈ। ਇਹ ਇਸ ਪੋਥੇ ਦੇ ਪੰਨਾ 809 ਤੋਂ ਸ਼ੁਰੂ ਹੋ ਕੇ ਪੰਨਾ 1388 ਤੱਕ ਚਲਦੀ ਹੈ, ਜਿਸ ਵਿੱਚ ਕਈ ਪ੍ਰਕਾਰ ਦੀਆਂ ਚੌਪਈਆਂ, ਦੋਹਰੇ, ਸੋਰਠਾ, ਅੜਿਲ, ਆਦਿਕ ਕੁਲ ਮਿਲਾ ਕੇ 7539 ਬੰਦ ਹਨ (ਹਾਲਾਂਕਿ ਪਖਯਾਨ ਚਰਿਤ੍ਰ ਦੇ ਅੰਤ ਤੇ ਇਹ ਗਿਣਤੀ 7555 ਦਿੱਤੀ ਗਈ ਹੈ) ਅਤੇ ਇਨ੍ਹਾਂ ਨੂੰ 404 ਚਰਿਤ੍ਰਾਂ ਵਿੱਚ ਅੰਕਤਿ ਕੀਤਾ ਹੋਇਆ ਹੈ (ਚਰਿਤ੍ਰ ਨੰਬਰ 1 ਤੋਂ ਲੈ ਕੇ 404 ਤੱਕ)। ਇਹ ਚਰਿਤ੍ਰ ਕੁਝ ਜਾਇਜ਼-ਨਾਜਾਇਜ਼ ਸਬੰਧਾਂ ਦੀਆਂ ਪ੍ਰੇਮ ਕਹਾਣੀਆਂ ਹਨ, ਜਿਨ੍ਹਾਂ ਵਿੱਚ ਅਤਿ ਨੰਗੇਜ਼ ਭਰਪੂਰ, ਕਾਮ-ਉਕਸਾਊ, ਅਸ਼ਲੀਲ ਭਾਸ਼ਾ ਵਰਤੀ ਗਈ ਹੈ। ਇਸ ਰਚਨਾ ਦਾ ਪਹਿਲਾ ਛੰਦ ਹੈ:

ਤੁਹੀ ਖੜਗਧਾਰਾ ਤੁਹੀ ਬਾਢਵਾਰੀ॥ ਤੁਹੀ ਤੀਰ ਤਰਵਾਰ ਕਾਤੀ ਕਟਾਰੀ।
ਹਲਬੀ ਜੁਨਬੀ ਮਗਰਬੀ ਤੁਹੀ ਹੈ। ਨਿਹਾਰੋ ਜਹਾ ਆਪੁ ਠਾਢੀ ਵਹੀ ਹੈ। 1।

ਅਰਥ: ਸ੍ਰੀ ਭਗੌਤੀ ਨੂੰ ਨਮਸਕਾਰ ਕਰਕੇ, ਪਾਖਿਆਨ ਦਾ ਪਹਿਲਾ ਚਰਿਤ੍ਰ ਸ਼ੁਰੂ ਹੁੰਦਾ ਹੈ। ਤੂੰ ਹੀ ਖੜਗ ਦੀ ਧਾਰ ਅਤੇ ਤੂੰ ਹੀ ਵਢਣ ਵਾਲੀ ਤਲਵਾਰ ਹੈ। ਤੂੰ ਹੀ ਤੀਰ, ਤਲਵਾਰ, ਕਾਤੀ, ਕਟਾਰੀ, ਹਲਬੀ, ਜੁਨਬੀ, ਮਗਰਬੀ (ਆਦਿ ਇਲਾਕਿਆਂ ਦੇ ਸ਼ਸਤ੍ਰ ਅਸਤ੍ਰ) ਹੈਂ। ਜਿਥੇ ਵੀ ਵੇਖਦਾ ਹਾਂ, ਉਥੇ ਹੀ (ਤੂੰ) ਆਪ ਖੜੋਤੀ ਹੈ। 1।

ਇਸ ਤਰ੍ਹਾਂ ਬਾਕੀ ਪੁਸਤਕ ਦੀ ਵਾਂਗ ਇਸ ਭਾਗ ਦੀ ਸ਼ੁਰੂਆਤ ਵੀ ਹਿੰਦੂ ਦੇਵੀ, 'ਭਗੌਤੀ' ਦੀ ਅਰਾਧਨਾ ਕਰਕੇ ਸ਼ੁਰੂ ਹੁੰਦੀ ਹੈ। ਇਸ ਦਾ ਆਖੀਰਲਾ ਚਰਿਤ੍ਰ ਨੰਬਰ 404 (ਬੰਦ 1 ਤੋ 405 ਤੱਕ) 1359 ਪੰਨੇ ਤੋਂ ਸ਼ੁਰੂ ਹੋ ਕੇ 1388 ਪੰਨੇ ਤੱਕ(ਪ੍ਰਕਾਸ਼ਕ ਭਾ. ਚਤਰ ਸਿੰਘ ਜੀਵਨ ਸਿੰਘ) ਚਲਦਾ ਹੈ। ਇਸ 404ਵੇਂ ਚਰਿਤ੍ਰ ਦਾ ਪਹਿਲਾ ਬੰਦ ਹੈ:

ਸਬੁਧਿ ਬਾਚ ਚੌਪਈ
ਸਤਿ ਸੰਧਿ ਇੱਕ ਭੂਪ ਭਨਿਜੈ। ਪ੍ਰਥਮੇ ਸਤਿਜੁਗ ਬੀਚ ਕਹਿਜੈ।
ਜਿਹ ਜਸ ਪੁਰੀ ਚੌਦੰਹੂ ਛਾਯੋ। ਨਾਰਦ ਰਿਖਿ ਤਬ ਰਾਇ ਮੰਗਾਯੋ। 1।

ਅਰਥ: ਸਬੁਧਿ ਨੇ ਕਿਹਾ – ਚੌਪਈ। ਸਤਿ ਸੰਧਿ ਨਾ ਦਾ ਇੱਕ ਰਾਜਾ ਦਸਿਆ ਜਾਂਦਾ ਸੀ। (ਉਹ) ਪਹਿਲੇ (ਯੁਗ, ਅਰਥਾਤ) ਸਤਿਯੁਗ ਵਿੱਚ ਹੋਇਆ ਕਿਹਾ ਜਾਂਦਾ ਸੀ। ਉਸ ਦਾ ਯਸ਼ ਚੌਦਾਂ ਲੋਕਾਂ ਵਿੱਚ ਪਸਰਿਆ ਹੋਇਆ ਸੀ। ਤਦ ਰਾਜੇ ਨੇ ਨਾਰਦ ਰਿਸ਼ੀ ਨੂੰ ਆਪਣੇ ਕੋਲ ਬੁਲਾਇਆ। 1।

ਇਸ ਤੋਂ ਸਪੱਸ਼ਟ ਹੈ ਕਿ ਇਹ ਚਰਿਤ੍ਰ ਕਿਸੇ ਸਤਿ ਸੰਧਿ ਰਾਜੇ ਦੀ ਕਹਾਣੀ ਹੈ। ਇਹ ਪ੍ਰਸੰਗ ਚਲਦਾ ਲੜੀ ਨੰਬਰ 15 ਤੇ ਆ ਜਾਂਦਾ ਹੈ, ਜਿਸ ਵਿੱਚ ਲਿਖਿਆ ਹੈ:

ਸਤਿ ਸੰਧਿ ਦੇਵਿਸ ਇਤ ਧਾਯੋ। ਦੀਰਘ ਦਾੜ ਉਹ ਓਰ ਰਿਸਾਯੋ।
ਬਜ੍ਰ ਬਾਣ ਬਿਛੂਆ ਕੈ ਕੈ ਬ੍ਰਣ। ਜੂਝਿ ਜੂਝਿ ਭਟ ਗਿਰਤ ਭਏ ਰਣ। 15।

ਅਰਥ: ਇਕ ਪਾਸੇ ਤੋਂ ਦੇਵਤਿਆਂ ਦਾ ਸੁਆਮੀ ਸੰਤ ਸੰਧਿ ਚੜ੍ਹ ਪਿਆ ਅਤੇ ਉਸ ਪਾਸੇ ਤੋਂ ਦੀਰਘ ਦਾੜ੍ਹ ਰੋਹ ਵਿੱਚ ਆ ਗਿਆ। ਬਜ੍ਰ ਬਾਣਾਂ ਅਤੇ ਬਿਛੂਆਂ ਨਾਲ ਘਾਇਲ ਸੂਰਵੀਰ ਜੂਝ ਜੂਝ ਕੇ ਰਣ-ਭੂਮੀ ਵਿਚ ਡਿਗ ਰਹੇ ਸਨ।15।

ਇਸ ਤੋਂ ਪਤਾ ਚਲਦਾ ਹੈ ਕਿ ਦੇਵਤਿਆ ਦੇ ਰਾਜੇ ਸਤਿ ਸੰਧਿ ਦਾ ਦੀਰਘ ਦਾੜ੍ਹ ਨਾਂ ਦੇ ਰਾਖਸ਼ ਨਾਲ ਜੰਗ ਹੋ ਰਿਹਾ ਹੈ। ਇਹ ਪ੍ਰਸੰਗ ਚਲਦਾ ਚਲਦਾ 375 ਬੰਦ ਤੇ ਪਹੁੰਚਦਾ ਹੈ, ਜਿਥੇ ਉਸ ਰਾਖਸ਼ ਦਾ ਸੀਸ ਕਟਿਆ ਜਾਂਦਾ ਹੈ ਅਤੇ ਉਹ ਮਾਰਿਆ ਜਾਂਦਾ ਹੈ:

ਪੁਨਿ ਰਾਛਸ ਕਾ ਕਾਟਾ ਸੀਸਾ। ਸ੍ਰੀ ਅਸਿਕੇਤੁ ਜਗਤ ਕੇ ਈਸਾ।
ਪੁਹਪਨ ਬ੍ਰਿਸਟਿ ਗਗਨ ਤੇ ਭਈ।ਸਭਹਿਨ ਆਨਿ ਬਧਾਈ ਦਈ। 375।

ਅਰਥ: ਫਿਰ ਜਗਤ ਦੇ ਸੁਆਮੀ ਅਸਿਕੇਤੁ ਨੇ ਰਾਖਸ਼ ਦਾ ਸੀਸ ਕਟ ਦਿੱਤਾ। ਆਕਾਸ਼ ਤੋ ਫੁਲਾਂ ਦੀ ਬਰਖਾ ਹੋਈ। ਸਾਰਿਆਂ ਨੇ ਆ ਕੇ ਵਧਾਈ ਦਿੱਤੀ। 375।

ਧੰਨ੍ਯ ਧੰਨ੍ਯ ਲੋਗਨ ਕੇ ਰਾਜਾ। ਦੁਸਟਨ ਦਾਹ ਗਰੀਬ ਨਿਵਾਜਾ।
ਅਖਲ ਭਵਨ ਕੇ ਸਿਰਜਨਹਾਰੇ। ਦਾਸ ਜਾਨਿ ਮੁਹਿ ਲੇਹੁ ਉਬਾਰੇ। 376।

ਅਰਥ: (ਅਤੇ ਕਿਹਾ) ਹੇ ਲੋਕਾਂ ਦੇ ਰਾਜੇ! ਤੁਸੀਂ ਧੰਨ ਹੋ, (ਤੁਸੀਂ) ਦੁਸ਼ਟਾਂ ਨੂੰ ਮਾਰ ਕੇ ਗ਼ਰੀਬ੍ਰਾਂ ਦੀ ਰਖਿਆ ਕੀਤੀ ਹੈ। ਹੇ ਸਾਰੇ ਸੰਸਾਰ ਦੀ ਸਿਰਜਨਾ ਕਰਨ ਵਾਲੇ! ਦਾਸ ਜਾਣ ਕੇ ਮੇਰੀ ਰਖਿਆ ਕਰੋ। 376।

ਡਾ. ਰਤਨ ਸਿੰਘ ਜੱਗੀ ਨੇ ਸ੍ਰੀ ਅਸਿਕੇਤ ਦੇ ਅਰਥ ਮਹਾਂਕਾਲ ਕੀਤੇ ਹਨ। ਇਹ ਹਿੰਦੂ ਦੇਵਤਾ ਹੈ ਅਤੇ ਇਸ ਬਚਿਤ੍ਰ ਨਾਟਕ ਪੋਥੇ ਵਿੱਚ, ਇਸ ਦਾ ਵਰਨਣ ਬਾਰ ਬਾਰ ਆਉਂਦਾ ਹੈ। ਇਸ ਤੋਂ ਬਾਅਦ, ਸਿੱਖ ਰਹਿਤ ਮਰਯਾਦਾ ਵਾਲੀ "ਕਬ੍ਯੋ ਬਾਚ ਬੇਨਤੀ ਚੌਪਈ" ਆਰੰਭ ਹੁੰਦੀ ਹੈ, ਜਿਸ ਵਿੱਚ ਇਸ ਜਿਤ ਵਾਸਤੇ ਮਹਾਂਕਾਲ ਦੇਵਤੇ ਦਾ ਸ਼ੁਕਰਾਨਾ ਅਤੇ ਵਡਿਆਈ ਕੀਤੀ ਗਈ ਹੈ। ਇਸ ਵਿੱਚ ਸ਼ਬਦ ਅਸਿਧੁਜ ਵਰਤਿਆ ਗਿਆ ਹੈ, ਇਹ ਵੀ ਮਹਾਂਕਾਲ ਦੇਵਤੇ ਵਾਸਤੇ ਹੀ ਵਰਤਿਆ ਜਾਂਦਾ ਹੈ:

ਹਮਰੀ ਕਰੋ ਹਾਥ ਦੈ ਰਛਾ। ਪੂਰਨ ਹੋਇ ਚਿਤ ਕੀ ਇਛਾ।
ਤਵ ਚਰਨਨ ਮਨ ਰਹੈ ਹਮਾਰਾ। ਅਪਨਾ ਜਾਨ ਕਰੋ ਪ੍ਰਤਿਪਾਰਾ। 377।

ਅਰਥ: ਕਵੀ ਨੇ ਬੇਨਤੀ ਕੀਤੀ, ਚੌਪਈ: (ਹੇ ਪਰਮ ਸੱਤਾ!) ਆਪਣਾ ਹੱਥ ਦੇ ਕੇ ਮੇਰੀ ਰਖਿਆ ਕਰੋ। (ਤਾਂ ਜੋ) ਮੇਰੇ ਚਿਤ ਦੀ ਇੱਛਾ ਪੂਰੀ ਹੋ ਜਾਏ। ਮੇਰਾ ਮਨ (ਸਦਾ) ਤੁਹਾਡੇ ਚਰਨਾਂ ਨਾਲ ਜੁੜਿਆ ਰਹੇ। ਆਪਣਾ ਜਾਣ ਕੇ ਮੇਰੀ ਪ੍ਰਤਿਪਾਲਨਾ ਕਰੋ। 377।

ਜੇ ਅਸਿਧੁਜ ਤਵ ਸਰਨੀ ਪਰੇ। ਤਿਨ ਕੇ ਕਾਲ ਦੁਸਟ ਦੁਖਿਤ ਹੈਵ ਮਰੇ।
ਪੁਰਖ ਜਵਨ ਪਗੁ ਪਰੇ ਤਿਹਾਰੇ। ਤਿਨ ਕੇ ਤੁਮ ਸੰਕਟ ਸਭ ਟਾਰੇ। 397।

ਅਰਥ: ਹੇ ਅਸਿਧੁਜ! ਜੋ ਤੁਹਾਡੀ ਸ਼ਰਨ ਵਿੱਚ ਪੈਂਦੇ ਹਨ, ਉਨ੍ਹਾਂ ਦੇ ਦੁਸ਼ਟ (ਦੁਸ਼ਮਨ) ਦੁਖੀ ਹੋ ਕੇ ਮਰਦੇ ਹਨ। (ਜੋ) ਪੁਰਸ਼ ਤੁਹਾਡੀ ਸ਼ਰਨ ਵਿੱਚ ਪੈਂਦੇ ਹਨ, ਉਨ੍ਹਾਂ ਦੇ ਸਾਰੇ ਸੰਕਟ ਤੁਸੀਂ ਦੂਰ ਕਰ ਦਿੰਦੇ ਹੋ। 397।

ਖੜਗਕੇਤੁ ਮੈ ਸਰਨਿ ਤਿਹਾਰੀ। ਆਪੁ ਹਾਥ ਦੈ ਲੇਹੁ ਉਬਾਰੀ।
ਸਰਬ ਠੌਰ ਮੋ ਹੋਹੁ ਸਹਾਈ। ਦੁਸਟ ਦੋਖ ਤੇ ਲੇਹੁ ਬਚਾਈ। 401।

ਅਰਥ: ਹੇ ਖੜਗਕੇਤ! ਮੈਂ ਤੁਹਾਡੀ ਸ਼ਰਨ ਵਿੱਚ ਹਾਂ। ਆਪਣਾ ਹੱਥ ਦੇ ਕੇ (ਮੈਨੂੰ) ਬਚਾ ਲਵੋ। ਸਭ ਥਾਂਵਾਂ ਤੇ ਮੇਰੇ ਸਹਾਇਕ ਹੋ ਜਾਓ। ਦੁਸ਼ਟ (ਦੁਸ਼ਮਨ) ਅਤੇ ਦੁਖ ਤੋਂ ਬਚਾ ਲਵੋ। 401।

ਕ੍ਰਿਪਾ ਕਰੀ ਹਮ ਪਰ ਜਗਮਾਤਾ। ਗ੍ਰੰਥ ਕਰਾ ਪੂਰਨ ਸੁਭਰਾਤਾ।
ਕਿਲਬਿਖ ਸਕਲ ਦੇਖ ਕੋ ਹਰਤਾ। ਦੁਸਟ ਦੋਖਿਯਨ ਕੋ ਛੈ ਕਰਤਾ। 402।

ਅਰਥ: ਮੇਰੇ ਉਤੇ ਜਗਮਾਤਾ ਨੇ ਕ੍ਰਿਪਾ ਕੀਤੀ ਹੈ (ਅਤੇ ਮੈਂ) ਸ਼ੁਭ ਗੁਣਾਂ ਨਾਲ ਭਰਪੂਰ ('ਸਭਰਾਤਾ') ਗ੍ਰੰਥ ਪੂਰਾ ਕੀਤਾ ਹੈ। (ਉਹੀ) ਮੇਰੇ ਸ਼ਰੀਰ ਦੇ ਸਾਰੇ ਪਾਪਾਂ ਨੂੰ ਨਸ਼ਟ ਕਰਨ ਵਾਲੀ ਅਤੇ ਦੁਸ਼ਟਾਂ (ਵੈਰੀਆਂ) ਅਤੇ ਦੋਖੀਆਂ ਨੂੰ ਨਸ਼ਟ ਕਰਨ ਵਾਲੀ ਹੈ। 402।
(ਇਹ ਦੇਵੀ, ਅਕਾਲ ਪੁਰਖ ਤਾਂ ਨਹੀਂ ਹੋ ਸਕਦੀ)

ਸ੍ਰੀ ਅਸਿਧੁਜ ਜਬ ਭਏ ਦਯਾਲਾ। ਪੂਰਨ ਕਰਾ ਗ੍ਰੰਥ ਤਤਕਾਲਾ।
ਮਨ ਬਾਛਤ ਫਲ ਪਾਵੈਂ ਸੋਈ। ਦੂਖ ਨ ਤਿਸੈ ਬਿਆਪਤ ਕੋਈ। 403।

ਅਰਥ: ਜਦ ਸ੍ਰੀ ਅਸਿਧੁਜ (ਮਹਾਂਕਾਲ) ਦਿਆਲ ਹੋਏ, ਤਾਂ ਉਸੇ ਵੇਲੇ (ਮੈਂ ਇਹ) ਗ੍ਰੰਥ ਮੁਕੰਮਲ ਕਰ ਲਿਆ। (ਜੋ ਇਸ ਦਾ ਪਠਨ ਪਾਠਨ ਕਰੇਗਾ) ਉਹ ਮਨ-ਇੱਛਤ ਫਲ ਪ੍ਰਾਪਤ ਕਰੇਗਾ। ਉਸ ਨੂੰ ਕੋਈ ਵੀ ਦੁਖ ਵਿਆਪਤ ਨਹੀਂ ਹੋਵੇਗਾ। 403।

ਅੜਿਲ

ਸੁਨੈ ਗੁੰਗ ਜੋ ਯਾਹਿ ਸੁ ਰਸਨਾ ਪਾਵਈ। ਸੁਨੈ ਮੂੜ ਚਿਤ ਲਾਇ ਚਤੁਰਤਾ ਆਵਈ। ਦੂਖ ਦਰਦ ਭੌ ਨਿਕਟ ਨ ਤਿਨ ਨਰ ਕੋ ਰਹੈ। ਹੋ ਜੋ ਯਾ ਕੀ ਏਕ ਬਾਰ ਚੌਪਈ ਕੋ ਕਹੈ। 404।

ਅਰਥ: ਇਸ ਗ੍ਰੰਥ ਨੂੰ ਜੇ ਗੁੰਗਾ ਸੁਣੇਗਾ, (ਤਾਂ) ਉਹ ਜੀਭ ਪ੍ਰਾਪਤ ਕਰ ਲਵੇਗਾ। ਜੇ ਮੂਰਖ ਚਿਤ ਲਗਾ ਕੇ ਸੁਣੇਗਾ, (ਤਾਂ ਉਸ ਦੇ ਅੰਦਰ) ਸਿਆਣਪ ਆ ਜਾਏਗੀ। ਉਸ ਵਿਅਕਤੀ ਦੇ ਨੇੜੇ ਦੁਖ, ਦਰਦ ਅਤੇ ਭੈ ਨਹੀਂ ਰਹੇਗਾ, ਜੋ ਇੱਕ ਵਾਰ ਇਸ ਚੌਪਈ ਦਾ ਪਾਠ ਕਰੇਗਾ। 404।

(ਹੁਣ ਤੱਕ ਤਾਂ ਇਸ ਦੇ ਹਜ਼ਾਰਾਂ ਵਾਰ ਪਾਠ ਹੋ ਚੁੱਕੇ ਹਨ, ਪਰ ਅੱਜ ਤੱਕ ਤਾਂ ਕੋਈ ਗੁੰਗਾ ਜੁਬਾਨ ਪ੍ਰਾਪਤ ਨਹੀਂ ਕਰ ਸਕਿਆ ਅਤੇ ਨਾਂ ਹੀ ਕੋਈ ਮੂਰਖ ਸਿਆਣਾ ਹੋ ਰਿਹਾ ਹੈ, ਸਗੋਂ ਮੂਰੱਖਤਾ ਇਸ ਕਦਰ ਵਧ ਗਈ ਹੈ ਕਿ ਆਪਣੇ ਸਤਿਗੁਰੂ, ਗੁਰੂ ਗ੍ਰੰਥ ਸਾਹਿਬ ਤੋਂ ਹੀ ਦੂਰ ਹੋਈ ਜਾ ਰਹੇ ਹਨ।)

ਚੌਪਈ

ਸੰਬਤ ਸੱਤ੍ਰਹ ਸਹਸ ਭਣਿੱਜੈ। ਅਰਧ ਸਹਸ ਫੁਨਿ ਤੀਨਿ ਕਹਿੱਜੈ।
ਭਾਦ੍ਰਵ ਸੁਦੀ ਅਸ਼ਟਮੀ ਰਵਿ ਵਾਰਾ। ਤੀਰ ਸਤੁੱਦ੍ਰਵ ਗ੍ਰੰਥ ਸੁਧਾਰਾ। 405।

ਇਤਿ ਸ੍ਰੀ ਚਰਿਤ੍ਰ ਪਖ੍ਯਾਨੇ ਤ੍ਰਿਯਾ ਚਰਿਤ੍ਰੇ ਮੰਤ੍ਰੀ ਭੂਪ ਸੰਬਾਦੇ ਚਾਰ ਸੌ ਚਾਰ ਚਰਿਤ੍ਰ ਸਮਾਪਤਮ

ਸਤੁ ਸੁਭਮ ਸਤੁ। 404। 7555। ਅਫਜੂੰ।

ਸਾਡੀ ਪੰਥ-ਪ੍ਰਵਾਨਤ ਰਹਿਰਾਸ ਵਿੱਚ, ਇਸ ਦੇ 377ਵੇਂ ਬੰਦ ਤੋਂ 401ਵੇਂ ਬੰਦ ਤੱਕ(25 ਬੰਦ) ਲੈਕੇ ਇਸ ਦੀ ਗਿਣਤੀ ਆਪੇ ਤਬਦੀਲ ਕਰਕੇ 1 ਤੋਂ 25 ਕਰ ਦਿੱਤੀ ਗਈ ਹੈ। ਪਹਿਲਾਂ ਤਾਂ, ਇਸ ਪੋਥੇ ਦੇ ਕੁਝ ਭਾਗ ਬਾਰੇ ਤਾਂ ਸ਼ਾਇਦ ਕੌਮ ਵਿੱਚ ਕੁਝ ਦੁਬਿਧਾ ਹੋਵੇ, ਪਰ ਕੁਝ ਚੋਣਵੇਂ ਸੁਆਰਥੀ ਜਾਂ ਮੂਰਖ ਲੋਕਾਂ ਨੂੰ ਛੱਡ ਕੇ, ਇਸ ਤ੍ਰਿਆ ਚਰਿਤ੍ਰ ਬਾਰੇ ਤਾਂ ਕੌਮ ਦੀ ਬਹੁਗਿਣਤੀ ਇਸ ਗੱਲ ਨਾਲ ਸਹਿਮਤ ਹੈ ਕਿ ਇਹ ਅਸ਼ਲੀਲ ਭਾਗ ਕਿਸੇ ਤਰ੍ਹਾਂ ਵੀ ਗੁਰੂ ਕ੍ਰਿਤ ਨਹੀਂ ਹੋ ਸਕਦਾ। ਚੰਡੀਗੜ੍ਹ ਦੇ ਇਕ ਜਗਿਆਸੂ ਵਿਦਵਾਨ ਸ੍ਰ. ਸੰਤੋਖ ਸਿੰਘ ਵਲੋਂ ਇਸ ਸੰਧਰਭ ਵਿੱਚ, ਅਕਾਲ ਤਖਤ ਸਾਹਿਬ ਨੂੰ ਲਿਖੀ ਚਿੱਠੀ ਦੇ ਜੁਆਬ ਵਿੱਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪੱਤਰ ਨੰ: 36672 ਮਿਤੀ 03-8-1973 ਵਿੱਚ ਵੀ ਇਹ ਪ੍ਰੋੜਤਾ ਕੀਤੀ ਗਈ ਸੀ ਕਿ 'ਪਖਯਾਨ ਚਰਿਤ੍ਰ', ਗੁਰੂ ਕ੍ਰਿਤ ਨਹੀਂ ਹੈ। ਇਸ ਚਿੱਠੀ ਦੀ ਸ਼ਬਦਾਵਲੀ ਇਸ ਤਰ੍ਹਾਂ ਹੈ:

"ਆਪ ਜੀ ਦੀ ਪਤ੍ਰਿਕਾ ਮਿਤੀ 6-7-73 ਦੇ ਸਬੰਧ ਵਿੱਚ ਸਿੰਘ ਸਾਹਿਬਾਨ ਸ੍ਰੀ ਦਰਬਾਰ ਸਾਹਿਬ ਅਤੇ ਜਥੇਦਾਰ ਸਾਹਿਬ ਸ੍ਰੀ ਅਕਾਲ ਤਖ਼ਤ, ਸ੍ਰੀ ਅੰਮ੍ਰਿਤਸਰ ਜੀ ਦੀ ਰਾਏ ਹੇਠ ਲਿਖੇ ਅਨੁਸਾਰ ਆਪ ਜੀ ਨੂੰ ਭੇਜੀ ਜਾਂਦੀ ਹੈ।

"ਚਰਿਤ੍ਰੋ ਪਖਯਾਨ ਜੋ ਦਸਮ ਗ੍ਰੰਥ ਵਿਚ ਅੰਕਿਤ ਹਨ, ਇਹ ਦਸਮੇਸ਼ ਬਾਣੀ ਨਹੀਂ, ਇਹ ਪੁਰਾਤਨ ਹਿੰਦੂ ਮਿਥਿਹਾਸਕ ਸਾਖੀਆਂ ਦਾ ਉਤਾਰਾ ਹੈ।"

ਦਸਤਖਤ, ਮੀਤ ਸਕੱਤਰ, ਧਰਮ ਪ੍ਰਚਾਰ ਕਮੇਟੀ,
ਸ਼੍ਰੋ.ਗੁ.ਪ੍ਰ.ਕਮੇਟੀ ਲਈ

ਪਹਿਲਾਂ ਤਾਂ 405 ਬੰਦਾਂ ਦੀ ਰਚਨਾ ਵਿੱਚੋਂ ਆਪਣੀ ਮਰਜ਼ੀ ਦੇ 25 ਬੰਦ ਛਾਂਟ ਲਏ, ਫੇਰ ਇਸ ਦੇ ਗਿਣਤੀ ਦੇ ਨੰਬਰ ਆਪੇ ਬਦਲ ਲਏ ਗਏ, ਜਿਵੇਂ ਇਹ 25 ਬੰਦਾਂ ਦੀ ਰਚਨਾ ਹੀ ਹੋਵੇ, ਨਾਲ ਸਿਰਲੇਖ ਵਿੱਚ ਪਾਤਿਸ਼ਾਹੀ 10 ਆਪਣੇ ਕੋਲੋਂ ਜੋੜ ਦਿੱਤਾ, ਹਾਲਾਂਕਿ ਇਹ ਉਥੇ ਦਰਜ ਨਹੀਂ ਹੈ। ਕੌਮ ਦਾ ਇਕ ਵੱਡਾ ਹਿੱਸਾ ਇਸ 'ਕਬਿਯੋ ਬਾਚ ਬੇਨਤੀ ਚੌਪਈ' ਰਚਨਾ ਬਾਰੇ ਕਾਫੀ ਭਾਵੁਕ ਹੈ, ਇਸ ਦਾ ਮੂਲ ਕਾਰਨ ਮੈਂ ਇਸ ਵਿਚਲੀਆਂ ਕੁਝ ਪੰਕਤੀਆਂ ਸਮਝਦਾ ਹਾਂ:

"ਹਮਰੀ ਕਰੋ ਹਾਥ ਦੈ ਰੱਛਾ ॥ ਪੂਰਨ ਹੋਇ ਚਿਤ ਕੀ ਇੱਛਾ ॥
ਤਵ ਚਰਨਨ ਮਨ ਰਹੈ ਹਮਾਰਾ ॥ ਅਪਨਾ ਜਾਨ ਕਰੋ ਪ੍ਰਤਿਪਾਰਾ ॥1॥
ਹਮਰੇ ਦੁਸਟ ਸਭੈ ਤੁਮ ਘਾਵਹੁ ॥ ਆਪੁ ਹਾਥ ਦੈ ਮੋਹਿ ਬਚਾਵਹੁ ॥
ਸੁਖੀ ਬਸੈ ਮੋਰੋ ਪਰਿਵਾਰਾ ॥ ਸੇਵਕ ਸਿੱਖ ਸਭੈ ਕਰਤਾਰਾ ॥2॥
ਮੋ ਰੱਛਾ ਨਿਜ ਕਰ ਦੈ ਕਰਿਯੈ ॥ ਸਭ ਬੈਰਨ ਕੋ ਆਜ ਸੰਘਰਿਯੈ ॥
ਪੂਰਨ ਹੋਇ ਹਮਾਰੀ ਆਸਾ ॥ ਤੋਰ ਭਜਨ ਕੀ ਰਹੈ ਪਿਆਸਾ ॥3॥"

ਇਸ ਵਿੱਚ ਕੋਈ ਸ਼ੱਕ ਨਹੀਂ ਕਿ ਸਾਡੇ ਕਰਮ ਜੋ ਮਰਜ਼ੀ ਹੋਣ, ਅਸੀਂ ਸਾਰੇ ਹੀ ਚਾਹੁੰਦੇ ਹਾਂ ਕਿ ਇਕ ਕਵਿਤਾ ਗਾਉਣ ਨਾਲ ਹੀ ਵਾਹਿਗੁਰੂ ਸਾਡੇ ਅਤੇ ਸਾਡੇ ਪਰਿਵਾਰ ਦੀ ਰਖਿਆ ਵਾਸਤੇ ਬਹੁੜ ਆਵੇ, ਸਾਡਾ ਪਰਿਵਾਰ ਸੁਖੀ ਵੱਸੇ ਅਤੇ ਸਾਡੀਆਂ ਸਾਰੀਆਂ ਇਛਾਵਾਂ ਪੂਰੀਆਂ ਹੋ ਜਾਣ। ਜੇ ਇਹ ਸਚਮੁਚ ਹੋ ਸਕਦਾ ਹੋਵੇ ਤਾਂ ਇਸ ਤੋਂ ਸਸਤਾ ਸੌਦਾ ਤਾਂ ਹੋਰ ਹੋ ਹੀ ਨਹੀਂ ਸਕਦਾ। ਜਿਥੇ ਸਾਡਾ ਸੁਆਰਥ ਆ ਜਾਵੇ, ਉਥੇ ਅਸੀਂ ਸਿਧਾਂਤਕ ਪੱਖ ਸੋਚਣ ਦੀ ਤਾਂ ਕਦੀ ਖੇਚਲ ਹੀ ਨਹੀਂ ਕਰਦੇ, ਕਿ ਜਿਹੜੇ ਸਤਿਗੁਰੂ ਫੁਰਮਾਉਂਦੇ ਹਨ:

"ਨਾ ਕੋ ਮੇਰਾ ਦੁਸਮਨੁ ਰਹਿਆ ਨਾ ਹਮ ਕਿਸ ਕੇ ਬੈਰਾਈ ॥ ਬ੍ਰਹਮੁ ਪਸਾਰੁ ਪਸਾਰਿਓ ਭੀਤਰਿ ਸਤਿਗੁਰ ਤੇ ਸੋਝੀ ਪਾਈ ॥੨॥ ਸਭੁ ਕੋ ਮੀਤੁ ਹਮ ਆਪਨ ਕੀਨਾ ਹਮ ਸਭਨਾ ਕੇ ਸਾਜਨ ॥ ਦੂਰਿ ਪਰਾਇਓ ਮਨ ਕਾ ਬਿਰਹਾ ਤਾ ਮੇਲੁ ਕੀਓ ਮੇਰੈ ਰਾਜਨ ॥੩॥"

{ਧਨਾਸਰੀ ਮਃ ੫, ਪੰਨਾ ੬੭੧}

(ਹੇ ਭਾਈ ! ਸਾਧ ਸੰਗਤਿ ਦੀ ਬਰਕਤਿ ਨਾਲ) ਮੇਰਾ ਕੋਈ ਦੁਸ਼ਮਨ ਨਹੀਂ ਰਹਿ ਗਿਆ (ਮੈਨੂੰ ਕੋਈ ਵੈਰੀ ਨਹੀਂ ਦਿੱਸਦਾ), ਮੈਂ ਭੀ ਕਿਸੇ ਦਾ ਵੈਰੀ ਨਹੀਂ ਬਣਦਾ । ਮੈਨੂੰ ਗੁਰੂ ਪਾਸੋਂ ਇਹ ਸਮਝ ਪ੍ਰਾਪਤ ਹੋ ਗਈ ਹੈ ਕਿ ਇਹ ਸਾਰਾ ਜਗਤ-ਖਿਲਾਰਾ ਪਰਮਾਤਮਾ ਆਪ ਹੀ ਹੈ, (ਸਭਨਾਂ ਦੇ) ਅੰਦਰ (ਪਰਮਾਤਮਾ ਨੇ ਆਪ ਹੀ ਆਪਣੇ ਆਪ ਨੂੰ) ਖਿਲਾਰਿਆ ਹੋਇਆ ਹੈ ।2।

(ਹੇ ਭਾਈ ! ਸਾਧ ਸੰਗਤਿ ਦੀ ਬਰਕਤਿ ਨਾਲ) ਹਰੇਕ ਪ੍ਰਾਣੀ ਨੂੰ ਮੈਂ ਆਪਣਾ ਮਿੱਤਰ ਕਰ ਕੇ ਸਮਝਦਾ ਹਾਂ, ਮੈਂ ਭੀ ਸਭਨਾਂ ਦਾ ਮਿੱਤਰ-ਸੱਜਣ ਹੀ ਬਣਿਆ ਰਹਿੰਦਾ ਹਾਂ । ਮੇਰੇ

ਮਨ ਦਾ (ਪਰਮਾਤਮਾ ਨਾਲੋਂ ਬਣਿਆ ਹੋਇਆ) ਵਿਛੋੜਾ (ਸਾਧ ਸੰਗਤਿ ਦੀ ਕਿਰਪਾ ਨਾਲ) ਕਿਤੇ ਦੂਰ ਚਲਾ ਗਿਆ ਹੈ, ਜਦੋਂ ਮੈਂ ਸਾਧ ਸੰਗਤਿ ਦੀ ਸਰਨ ਲਈ, ਤਦੋਂ ਮੇਰੇ ਪ੍ਰਭੂ-ਪਾਤਿਸ਼ਾਹ ਨੇ ਮੈਨੂੰ (ਆਪਣੇ ਚਰਨਾਂ ਦਾ) ਮਿਲਾਪ ਦੇ ਦਿੱਤਾ ਹੈ ।3।

ਕਿ ਉਹੀ ਨਾਨਕ ਜੋਤਿ ਸਤਿਗੁਰੂ ਇਹ ਲਿੱਖ ਸਕਦੇ ਹਨ:
'ਸੇਵਕ ਸਿੱਖ ਹਮਾਰੇ ਤਾਰੀਅਹਿ ॥ ਚੁਨਿ ਚੁਨਿ ਸਤ੍ਰ ਹਮਾਰੇ ਮਾਰੀਅਹਿ ॥੪॥'

ਸਤਿਗੁਰੂ ਦਾ ਦੁਸ਼ਮਨ ਕੌਣ ਹੈ, ਜਿਸਦੇ ਵਾਸਤੇ ਉਹ ਇਹ ਲਿਖਣਗੇ? ਨਾਲੇ ਕੀ ਉਹ ਕਿਸੇ ਸ੍ਰੀ ਅਸਿਕੇਤ ਜਾਂ ਸ੍ਰੀ ਅਸਿਧੁਜ(ਮਹਾਂਕਾਲ) ਦੇਵਤੇ ਦੇ ਪੂਜਕ ਸਨ, ਜਿਸ ਅੱਗੇ ਉਹ ਬੇਨਤੀ ਕਰਨਗੇ?

"ਬੇਨਤੀ ਚੌਪਈ" ਪੜ੍ਹਨ ਤੋ ਬਾਅਦ ਜਿਹੜਾ "ਸਵੈਯਾ ਤੇ ਦੋਹਰਾ" ਪੜ੍ਹੇ ਜਾਂਦੇ ਹਨ, ਉਹ ਬਚਿਤ੍ਰ ਨਾਟਕ ਪੋਥੇ ਦੇ 254 ਅੰਕ ਤੇ "ਚੌਬੀਸ ਅਵਤਾਰ" ਭਾਗ ਦੇ ਅਖੀਰਲੇ ਬੰਦਾਂ ਲੜੀ ਨੰਬਰ 863 ਅਤੇ 864 ਵਿੱਚ ਅੰਕਿਤ ਹਨ, ਜਿਸ ਵਿੱਚ ਸਭ ਤੋਂ ਪਹਿਲਾਂ ਇਸ ਦੇ ਲੇਖਕ ਨੇ ਆਪਣੀ ਇਸ਼ਟ 'ਭਗਉਤੀ ਦੇਵੀ' ਦੀ ਉਸਤਤ ਕਰਦੇ ਸ਼ੁਰੂਆਤ ਇੰਝ ਕੀਤੀ ਹੈ:

'ਸ੍ਰੀ ਭਗਉਤੀ ਜੀ ਸਹਾਇ'

ਇਸ ਤੋਂ ਬਾਅਦ, ਪਹਿਲੀ ਚੌਪਈ ਇੰਝ ਆਰੰਭ ਹੁੰਦੀ ਹੈ:
ਅਬ ਚਉਬੀਸ ਉਚਰੌ ਅਵਤਾਰਾ। ਜਿਹ ਬਿਧਿ ਤਿਨ ਕਾ ਲਖਾ ਅਖਾਰਾ।
ਸੁਨੀਅਹੁ ਸੰਤ ਸਬੈ ਚਿਤ ਲਾਈ। ਬਰਨਤ ਸ੍ਯਾਮ ਜਥਾ ਮਤਿ ਭਾਈ। 1।

ਡਾਕਟਰ ਰਤਨ ਸਿੰਘ ਜੱਗੀ ਅਤੇ ਡਾਕਟਰ ਗੁਰਸ਼ਰਨ ਕੌਰ ਜੱਗੀ, ਇਸ ਦੇ ਅਰਥ ਕਰਦੇ ਹਨ: ਹੁਣ (ਮੈਂ) ਚੌਵੀ ਅਵਾਤਾਰਾ (ਦੀ ਕਥਾ) ਕਹਿੰਦਾ ਹਾਂ ਜਿਸ ਤਰ੍ਹਾਂ ਦੀ ਉਨ੍ਹਾਂ ਦੀ ਲੀਲਾ ('ਅਖਾਰਾ') ਵੇਖੀ ਹੈ। ਹੇ ਸੰਤੋ! ਸਾਰੇ ਚਿੱਤ ਲਗਾ ਕੇ ਸੁਣੋ, ਸਿਆਮ (ਕਵੀ) ਨੂੰ (ਜਿਹੋ ਜਿਹਾ) ਚੰਗਾ ਲਗਾ ਹੈ ਉਸ ਦਾ ਆਪਣੀ ਬੁੱਧੀ ਅਨੁਸਾਰ ਵਰਣਨ ਕੀਤਾ ਹੈ। 1।

ਇਹ ਪੜ੍ਹਨ ਤੋ ਸਾਫ ਪਤਾ ਲਗਦਾ ਹੈ ਕਿ ਇਹ ਰਚਨਾ ਕਿਸੇ "ਸਿਆਮ ਕਵੀ" ਦੀ ਲਿਖੀ ਹੋਈ ਹੈ ਅਤੇ ਇਸ ਵਿੱਚ ਹਿੰਦੂ ਦੇਵੀ-ਦੇਵਤਿਆਂ, ਪੁਰਾਤਨ ਅਵਤਾਰਾਂ ਤੇ ਰਾਜੇ-ਰਾਣੀਆਂ ਦੀਆਂ ਮਿਥਿਹਾਸਕ ਕਹਾਣੀਆਂ ਦਾ ਹੀ ਵਰਣਨ ਕੀਤਾ ਹੋਇਆ ਹੈ। ਇਸ ਦੇ ਰਾਮ-ਅਵਤਾਰ ਭਾਗ ਵਿੱਚੋਂ ਜੋ ਬੰਦ ਰਹਿਰਾਸ ਬਾਣੀ ਵਿੱਚ ਸ਼ਾਮਲ ਕੀਤਾ ਗਿਆ ਹੈ, ਉਹ ਇਸ ਤਰ੍ਹਾਂ ਹੈ:

ਪਾਂਇ ਗਹੇ ਜਬ ਤੇ ਤੁਮਰੇ। ਤਬ ਤੇ ਕੋਊ ਆਂਖ ਤਰੇ ਨਹੀਂ ਅਨਯੋ।
ਰਾਮ ਰਹੀਮ ਪੁਰਾਨ ਕੁਰਾਨ ਅਨੇਕ ਕਹੈਂ ਮਤਿ ਏਕ ਨਾ ਮਾਨਯੋ।
ਸਿੰਮ੍ਰਿਤ ਸਾਸਤ੍ਰ ਬੇਦ ਸਬੈ ਬਹੁ ਭੇਦ ਕਹੈਂ ਹਮ ਏਕ ਨ ਜਾਨਯੋ।
ਸ੍ਰੀ ਅਸਿਪਾਨਿ ਕ੍ਰਿਪਾ ਤੁਮਰੀ ਕਰਿ ਮੈਂ ਨ ਕਹਯੋ ਸਬ ਤੋਹਿ ਬਖਾਨਯੋ॥੮੬੩॥'

ਦੋਹਰਾ ।

ਸਗਲ ਦੁਆਰ ਕੋ ਛਾਡਿ ਕੈ ਗਹਿਓ ਤੁਹਾਰੋ ਦੁਆਰ।
ਬਾਂਹ ਗਹੇ ਕੀ ਲਾਜ ਅਸ ਗੋਬਿੰਦ ਦਾਸ ਤੁਹਾਰ॥੮੬੪॥

ਜੇ ਐਸਾ ਸਾਕਤ ਲਿਖਾਰੀ ਰਾਮ, ਰਹੀਮ, ਪੁਰਾਨ, ਕੁਰਾਨ ਨੂੰ ਨਹੀਂ ਮੰਨਦਾ, ਤਾਂ ਇਹ ਸਾਰਾ ਪ੍ਰਸੰਗ ਲਿਖਣ ਦਾ ਇਹ ਭਾਵ ਨਹੀਂ ਕਿ ਉਹ ਇੱਕ ਅਕਾਲ ਪੁਰਖ ਨੂੰ ਮੰਨਣ ਵਾਲਾ ਹੈ। ਉਸ ਨੇ ਆਪ ਹੀ 863ਵੇਂ ਬੰਦ ਦੀ ਤੀਸਰੀ ਪੰਕਤੀ ਵਿੱਚ ਸਾਫ਼ ਕਰ ਦਿੱਤਾ ਹੈ ਕਿ ਉਹ 'ਅਸਿਪਾਨ' ਦਾ ਪੁਜਾਰੀ ਹੈ। ਅਸਿਪਾਨਿ, ਅਸਿਧੁਜ, ਅਸਿਕੇਤ ਸ਼ਬਦ ਇਸ ਪੋਥੇ ਵਿੱਚ ਮਹਾਂਕਾਲ ਵਾਸਤੇ ਹੀ ਵਰਤੇ ਗਏ ਹਨ। ਦੋਹਰਾ 864 ਤੋਂ ਬਾਅਦ, ਇਹ ਬਿਆਨ ਕੀਤਾ ਹੋਇਆ ਹੈ ਕਿ "ਇਥੇ ਸ੍ਰੀ ਬਚਿਤ੍ਰ ਨਾਟਕ ਗ੍ਰੰਥ ਦੇ ਰਾਮਾਇਣ ਦੀ ਸਮਾਪਤੀ"।

ਜਿਵੇਂ ਅਸੀਂ ਸੋ ਦਰੁ, ਸੋ ਪੁਰਖੁ ਬਾਣੀਆਂ ਦੇ ਅੱਗੇ ਪਿੱਛੇ ਆਪਣੀ ਮਰਜ਼ੀ ਨਾਲ ਕੁਝ ਸ਼ਬਦ ਜੋੜ ਲਏ, ਉਸੇ ਤਰ੍ਹਾਂ ਕੁਝ ਡੇਰਿਆ ਵਲੋਂ ਰੱਖਿਆ ਦੇ ਸ਼ਬਦਾਂ ਦੇ ਨਾਂ ਤੇ ਸੋਹਿਲਾ ਬਾਣੀ ਦੇ ਪਹਿਲਾਂ ਵੀ ਕੁਝ ਸ਼ਬਦ ਜੋੜ ਲਏ ਗਏ ਹਨ। ਪਹਿਲਾਂ ਤਾਂ ਇਹ ਸੋਚਣਾ ਕਿ ਕਿਸੇ ਸ਼ਬਦ ਨੂੰ ਮੰਤ੍ਰ ਵਾਂਗੂ ਪੜ੍ਹ ਕੇ ਸੌਣ ਨਾਲ, ਵਾਹਿਗੁਰੂ ਸਾਰੀ ਰਾਤ ਸਾਡੀ ਰੱਖਿਆ ਕਰੇਗਾ, ਇਕ ਨਿਰੋਲ ਗੁਰਮਤਿ ਵਿਰੋਧੀ, ਬ੍ਰਾਹਮਣੀ ਸੋਚ ਹੈ। ਸਿੱਖ ਦੇ ਅੰਦਰ ਤਾਂ ਗੁਰਬਾਣੀ ਦੇ ਇਲਾਹੀ ਗਿਆਨ ਤੋਂ ਪ੍ਰਾਪਤ ਹੋਈ, ਉਹ ਆਤਮਕ ਸ਼ਕਤੀ ਹੈ, ਜਿਸ ਕਾਰਨ ਉਹ ਕਿਸੇ ਦੁਸ਼ਮਣ ਜਾਂ ਮੌਤ ਤੋਂ ਕਦੇ ਡਰ ਨਹੀਂ ਖਾਂਦਾ।

ਕੁਝ ਵੀਰ ਆਖਣਗੇ ਕਿ, ਜੀ ! ਹਰਜ਼ ਕੀ ਹੈ, ਗੁਰਬਾਣੀ ਹੀ ਤਾਂ ਪੜ੍ਹ ਰਹੇ ਹਾਂ? ਹਰਜ਼ ਬਹੁਤ ਵੱਡਾ ਹੈ, ਉਹ ਇਹ ਕਿ ਸਤਿਗੁਰੂ ਦੀ ਆਪਣੀ ਬਣਾਈ ਮਰਯਾਦਾ ਤੋੜ ਕੇ, ਆਪਣੀ ਵਡੇਰੀ ਸਿਆਣਪ ਹੋਣ ਦਾ ਭਰਮ ਪਾਲ ਰਹੇ ਹਾਂ।

ਇਕ ਹੋਰ ਇਲਜ਼ਾਮ ਅਕਸਰ ਲਾਇਆ ਜਾਂਦਾ ਹੈ ਕਿ ਇਹ ਨਿਤਨੇਮ ਨੂੰ ਛੋਟਾ ਕਰਨਾ ਚਾਹੁੰਦੇ ਹਨ। ਅਸੀਂ ਆਪ ਵਿਚਾਰੀਏ ਕਿ ਸਿੱਖ ਦਾ ਨਿਤਨੇਮ ਕੀ ਹੋ ਸਕਦਾ ਹੈ? ਸਿੱਖ ਦਾ ਨਿਤਨੇਮ ਹੈ, ਰੋਜ਼ ਗੁਰਬਾਣੀ ਪੜ੍ਹਨਾ। ਇਹ ਗੱਲ ਸਿੱਖ ਰਹਿਤ ਮਰਯਾਦਾ ਵਿਚ ਵੀ ਨਿਤਨੇਮ ਨਾਲ ਦਰਜ ਹੈ(ਉਪਰ ਲਿਖੀ ਵੀ ਜਾ ਚੁਕੀ ਹੈ) ਕਿ ਸਿੱਖ ਰੋਜ਼ ਗੁਰੂ ਗ੍ਰੰਥ ਸਾਹਿਬ ਵਿੱਚੋਂ ਗੁਰਬਾਣੀ ਪੜ੍ਹੇ, ਅੰਮ੍ਰਿਤ ਸੰਸਕਾਰ ਦੀ ਇਸ (ਟ) ਮੱਦ ਵਿੱਚ ਵੀ ਅਗੋਂ ਲਿਖਿਆ ਹੈ: 'ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਠ ਕਰਨਾ ਜਾਂ ਸੁਨਣਾ'। ਹਰ ਸਿੱਖ ਨੂੰ ਇਸ ਉਤੇ ਅਮਲ ਕਰਨਾ ਚਾਹੀਦਾ ਹੈ, ਨੇਮ ਨਾਲ ਜਿਤਨਾ ਵੱਧ ਤੋਂ ਵੱਧ ਸਮਾਂ ਕੱਢ ਸਕੇ, ਗੁਰਬਾਣੀ ਪੜ੍ਹਨੀ ਅਤੇ ਵਿਚਾਰਨੀ ਚਾਹੀਦੀ ਹੈ।

ਵਿਸ਼ੇ ਦਾ ਨਿਚੋੜ ਇਹ ਹੈ ਕਿ ਸਤਿਗੁਰੂ ਨੇ ਆਪ, ਗੁਰੂ ਗ੍ਰੰਥ ਸਾਹਿਬ ਦੇ ਪਹਿਲੇ 13 ਪੰਨੇ, ਸਿੱਖ ਦਾ ਨਿਤਨੇਮ ਬਣਾਕੇ ਦਿੱਤਾ ਹੈ, ਉਸ ਵਿੱਚ ਤਬਦੀਲੀ ਕਰਨ ਦਾ ਕਿਸੇ ਨੂੰ ਕੋਈ ਹੱਕ ਨਹੀਂ। ਪਹਿਲਾਂ ਹੋਈ ਭੁਲ ਨੂੰ ਫੌਰਨ ਸੁਧਾਰ ਕੇ ਆਪਣੀ ਸਿੱਖ ਰਹਿਤ ਮਰਯਾਦਾ ਵਿੱਚ ਲੋੜੀਂਦੀ ਤਬਦੀਲੀ ਕਰ ਲੈਣੀ ਚਾਹੀਦੀ ਹੈ। ਹਰ ਸਿੱਖ ਨੂੰ ਇਸੇ ਸਤਿਗੁਰੂ ਦੀ ਬਣਾਈ ਮਰਯਾਦਾ 'ਤੇ ਪਹਿਰਾ ਦੇਣਾ ਚਾਹੀਦਾ ਹੈ ਅਤੇ ਇਸ ਦੇ ਨਾਲ ਵੱਧ ਤੋਂ ਵੱਧ ਜਿਨਾਂ ਸਮਾਂ ਹੋ ਸਕੇ ਗੁਰੂ ਗ੍ਰੰਥ ਸਾਹਿਬ ਵਿੱਚੋਂ ਗੁਰਬਾਣੀ ਦਾ ਪਾਠ ਵਿਚਾਰ ਕੇ ਕਰਨਾ ਅਤੇ ਉਸ ਅਨੁਸਾਰ ਅਮਲੀ ਜੀਵਨ ਬਤੀਤ ਕਰਨਾ ਚਾਹੀਦਾ ਹੈ।

ਕਕਾਰਾਂ ਦੀ ਸੰਭਾਲ

ਅੰਮ੍ਰਿਤ ਸੰਸਕਾਰ ਦੇ (ਟ) ਮੱਦ ਵਿੱਚ ਅੱਗੋਂ ਲਿਖਿਆ ਹੈ: ਪੰਜ ਕੱਕਿਆਂ ਕੇਸ, ਕ੍ਰਿਪਾਨ, ਕਛਹਿਰਾ, ਕੰਘਾ, ਕੜਾ ਨੂੰ ਹਰ ਵੇਲੇ ਅੰਗ-ਸੰਗ ਰੱਖਣਾ।

ਕਕਾਰ ਧਾਰਨ ਕਰਨ ਦਾ ਮਤਲਬ ਹੀ ਇਹ ਹੈ ਕਿ ਇਨ੍ਹਾਂ ਨੂੰ ਸਦਾ ਅੰਗ ਸੰਗ ਰਖਣਾ ਹੈ ਪਰ ਇਸ ਤੋਂ ਇਹ ਭਰਮ ਵੀ ਨਹੀਂ ਪਾਲ ਲੈਣਾ ਚਾਹੀਦਾ ਹੈ ਕਿ ਜੇ ਕਿਸੇ ਮਜਬੂਰੀ ਦੀ ਹਾਲਤ ਵਿੱਚ ਇਨ੍ਹਾਂ ਵਿਚੋਂ ਕਿਸੇ ਨੂੰ ਕੁਝ ਪਲ ਲਈ ਅਲਗ ਕਰਨਾ ਪੈ ਗਿਆ ਤਾਂ ਅੰਮ੍ਰਿਤ ਖੰਡਤ ਹੋ ਗਿਆ ਹੈ। ਜਿਵੇਂ ਕਿ, ਅੱਜ ਦੇ ਬਦਲੇ ਹਾਲਾਤ ਵਿਚ, ਅੰਤਰਦੇਸ਼ੀ ਹਵਾਈ ਉਡਾਣਾਂ ਵਿੱਚ ਸਫਰ ਕਰਨ ਸਮੇਂ ਅਕਸਰ ਕ੍ਰਿਪਾਨ ਉਤਾਰਨੀ ਪੈਂਦੀ ਹੈ, ਕਿਸੇ ਅਪਰੇਸ਼ਨ ਆਦਿ ਦੇ ਸਮੇਂ, ਜਿਥੇ ਕ੍ਰਿਪਾਨ ਉਤਾਰਨੀ ਪੈਂਦੀ ਹੈ, ਉਥੇ ਕੇਸ ਕੱਟਣ ਦੀ ਨੌਬਤ ਵੀ ਆ ਸਕਦੀ ਹੈ। ਇਥੇ ਇਸ ਗੱਲ ਨੂੰ ਸਪਸ਼ਟ ਕਰਨ ਲਈ ਆਪਣੇ ਜੀਵਨ ਵਿੱਚ ਹੋਈਆਂ ਦੋ ਵਾਰਤਾਂ ਨੂੰ ਦਸਣਾ ਚਾਹਾਂਗਾ। ਪਹਿਲਾ ਇਕ ਸਿੱਖ ਰਾਜਸੀ ਆਗੂ ਨੇ ਇਹ ਸੁਆਲ ਪੁੱਛਿਆ ਸੀ ਕਿ ਕੀ ਜੇ ਨਹਾਉਣ ਲੱਗਿਆਂ ਕ੍ਰਿਪਾਨ ਕਿੱਲੀ ਤੇ ਟੰਗ ਲਈ ਜਾਵੇ ਤਾਂ ਕੀ ਅੰਮ੍ਰਿਤ ਖੰਡਤ ਹੋ ਜਾਂਦਾ ਹੈ? ਦਾਸ ਨੇ ਉਸ ਨੂੰ ਵੀ ਇਹੀ ਬੇਨਤੀ ਕੀਤੀ ਸੀ ਕਿ ਇਹ ਕੋਈ ਐਸਾ ਕੱਚਾ ਧਾਗਾ ਨਹੀਂ ਜੋ ਇੰਝ ਇਕ ਪਲ ਵਿੱਚ ਟੁੱਟ ਜਾਂਦਾ ਹੈ ਪਰ ਉਸ ਵਿੱਚ ਖਤਰਾ ਇਹ ਰਹਿ ਜਾਂਦਾ ਹੈ ਕਿ ਕਈ ਵਾਰੀ ਇਤਨੇ ਅਵੇਸਲੇ ਹੋ ਜਾਈਦਾ ਹੈ ਕਿ ਕ੍ਰਿਪਾਨ ਕਿੱਲੀ ਤੇ ਹੀ ਟੰਗੀ ਰਹਿ ਜਾਂਦੀ ਹੈ। ਸਿੱਖ ਨੇ ਇਸ ਅਵੇਸਲੇ-ਪਨ ਤੋਂ ਬਚਣਾ ਹੈ। ਇਕ ਦੂਸਰੀ ਘਟਨਾ, ਇਕ ਗੁਰਦੁਆਰਾ ਸਾਹਿਬ ਦੇ ਬੜੇ ਸੁਲਝੇ ਹੋਏ ਪ੍ਰਚਾਰਕ ਨੂੰ ਆਪਣੇ ਵਖਿਆਨ ਵਿੱਚ ਇਹ ਕਹਿੰਦੇ ਸੁਣਿਆ, ਕਿ ਜੇ ਸਿੱਖ ਦੇ ਕਕਾਰ ਉਸ ਦੇ ਸਰੀਰ ਤੋਂ ਅਲੱਗ ਹੋ ਜਾਣ ਤਾਂ ਉਸ ਦਾ ਅੰਮ੍ਰਿਤ ਛਕਿਆ ਖੰਡਤ ਹੋ ਜਾਂਦਾ ਹੈ, ਜੇ ਕੰਘਾ ਵਾਹੁੰਦਿਆਂ, ਕੰਘਾ ਹੱਥੋਂ ਡਿੱਗ ਪਵੇ ਜਾਂ ਕਈ ਵਾਰ ਕ੍ਰਿਪਾਨ ਗਾਤਰੇ ਚੋਂ ਢਹਿ ਪੈਂਦੀ ਹੈ ਤਾਂ ਅੰਮ੍ਰਿਤ ਖੰਡਤ ਹੋ ਜਾਂਦਾ ਹੈ। ਦਾਸ ਨੂੰ ਬੜੀ ਹੈਰਾਨਗੀ ਹੋਈ ਅਤੇ ਪ੍ਰਚਾਰਕ ਸਾਹਿਬ ਨੂੰ ਅਲੱਗ ਮਿਲ ਕੇ ਪੁਛਿਆ, ਕਿ ਭਾਈ ਸਾਹਿਬ ਫਿਰ ਤਾਂ ਸਿੱਖ ਦਾ ਅੰਮ੍ਰਿਤ ਬ੍ਰਾਹਮਣ ਦੇ ਜਨੇਊ ਨਾਲੋਂ ਵੀ ਕੱਚਾ ਹੋਇਆ, ਜਿਹੜਾ ਪੱਲ ਭਰ ਕਕਾਰਾਂ ਦੇ ਜਿਸਮ ਨਾਲੋਂ ਅਲੱਗ ਹੋਣ ਨਾਲ ਹੀ ਖੰਡਤ ਹੋ ਜਾਂਦਾ ਹੈ ਤਾਂ ਉਹ ਪੁੱਛਣ ਲੱਗਾ ਫਿਰ ਕਿਵੇਂ ਖੰਡਤ ਹੁੰਦਾ ਹੈ? ਉਸ ਨੂੰ ਦਿੱਤੇ ਜੁਆਬ ਨੂੰ ਹੀ ਮੈਂ ਸੰਗਤਾਂ ਨਾਲ ਸਾਂਝਾ ਕਰਨਾ ਚਾਹੁੰਦਾ ਹਾਂ। ਭਾਵੇ ਕਕਾਰਾਂ ਨੂੰ ਇਕ ਪੱਲ ਵੀ ਸਰੀਰ ਨਾਲੋਂ ਜੁਦਾ ਨਾ ਕੀਤਾ ਹੋਵੇ ਪਰ ਜਦੋਂ ਸਿੱਖ ਪਾਹੁਲ ਛਕਣ ਦੇ ਰੂਪ ਵਿੱਚ ਕੀਤਾ ਪ੍ਰਣ ਭੁਲ ਜਾਂਦਾ ਹੈ ਤਾਂ ਸਭ ਕੁਝ ਖੰਡਤ ਹੋ ਜਾਂਦਾ ਹੈ। ਪਾਹੁਲ ਦਾ ਪ੍ਰਣ ਖੰਡਤ ਹੁੰਦਾ ਹੈ ਜਦੋਂ ਸਿੱਖ ਕਛਹਿਰਾ ਪਾਕੇ, ਕਿਸੇ ਪਰਾਈ ਇਸਤ੍ਰੀ ਵੱਲ ਭੈੜੀ ਨਜ਼ਰ ਨਾਲ ਵੇਖਦਾ ਹੈ, ਜਦੋਂ ਕੜਾ ਪਾਕੇ, ਵਹਿਮ ਭਰਮ ਕਰਦਾ ਹੈ, ਜਦੋਂ ਕੇਸ ਰੱਖ ਕੇ ਵੀ ਅਕਾਲ-ਪੁਰਖ ਦੀ ਹੋਂਦ ਸਮਰੱਥਾ ਅਤੇ ਅਟੱਲ ਨਿਆਂ ਤੇ ਸ਼ੱਕ ਕਰਨਾ ਸ਼ੁਰੂ ਕਰ ਦੇਂਦਾ ਹੈ, ਜਦੋਂ ਕੇਸਾਂ ਵਿੱਚ ਕੰਘਾ ਰੱਖ ਕੇ, ਆਪਣੀ ਸਵੈ ਪੜਚੋਲ ਕਰਨੀ ਬੰਦ ਕਰ ਦੇਂਦਾ ਹੈ ਅਤੇ ਜੀਵਨ ਹਰ ਦਿਨ ਵਿਕਾਰਾਂ ਵਿੱਚ ਗਲਤਾਨ ਹੋਈ ਜਾਂਦਾ ਹੈ, ਜਦੋਂ ਕ੍ਰਿਪਾਨ ਪਾਕੇ ਕਿਸੇ ਮਜ਼ਲੂਮ ਤੇ ਹੋ ਰਹੇ ਜ਼ੁਲਮ ਨੂੰ ਵੇਖ ਕੇ ਅੱਖ ਬਚਾ ਕੇ ਲੰਘ ਜਾਂਦਾ ਹੈ, ਅਪਣੇ ਜਾਂ ਕੌਮ ਦੀ ਅਣੱਖ ਤੇ ਹੋਏ ਹਮਲੇ ਨੂੰ ਕਿਸੇ ਡਰ ਜਾਂ ਕਮਜ਼ੋਰੀ ਭਾਵਨਾ ਅਧੀਨ ਅੱਖੋਂ ਪਰੋਖੇ ਕਰ ਦੇਂਦਾ ਹੈ। ਇਸ ਦਾ ਭਾਵ ਇਹ ਬਿਲਕੁਲ ਨਹੀਂ ਕਿ ਅਸੀਂ ਕਕਾਰਾਂ ਦੀ ਸੰਭਾਲ ਪ੍ਰਤੀ ਅਵੇਸਲੇ ਹੋਣਾ ਹੈ। ਲੇਕਿਨ ਜਿਤਨਾ ਕਕਾਰਾਂ ਦੀ ਸੰਭਾਲ ਪ੍ਰਤੀ ਸੁਚੇਤ ਹੋਣਾ ਹੈ, ਉਤਨੀ ਦ੍ਰਿੜਤਾ ਨਾਲ ਹੀ ਇਨ੍ਹਾਂ ਦੇ ਸਿਧਾਂਤਾਂ ਪ੍ਰਤੀ ਵੀ ਸੁਚੇਤ ਰਹਿਣਾ ਹੈ, ਜਦਕਿ ਅੱਜ ਹੋ ਇਸਦੇ ਬਿਲਕੁਲ ਉਲਟ ਰਿਹਾ ਹੈ। **ਖਾਲਸੇ ਦਾ ਪਾਹੁਲ ਦਾ ਪ੍ਰਣ ਖੰਡਤ ਹੁੰਦਾ ਹੈ ਜਦੋਂ ਉਸ ਦਾ**

ਗੁਰਮਤਿ ਦੇ ਇਲਾਹੀ ਅਸੂਲਾਂ ਤੋਂ ਵਿਸ਼ਵਾਸ ਉਠ ਜਾਂਦਾ ਹੈ।

ਇਥੇ ਇਹ ਗੱਲ ਵੀ ਸਪੱਸ਼ਟ ਕਰਨੀ ਜ਼ਰੂਰੀ ਹੈ ਕਿ ਇਹ ਪੰਜ ਕਕਾਰ ਹੀ ਸਿੱਖ ਪਹਿਰਾਵੇ ਦਾ ਅਨਿਖੜਵਾਂ ਅੰਗ ਹਨ, ਬਾਕੀ ਪਹਿਰਾਵੇ ਦੀ ਕੋਈ ਪਾਬੰਦੀ ਨਹੀਂ, ਕੋਈ ਵੀ ਹੋ ਸਕਦਾ ਹੈ। ਇਥੇ ਵੀ ਇਕ ਨਿਜੀ ਜੀਵਨ ਦੀ ਘਟਨਾ ਸਾਂਝੀ ਕਰਨੀ ਚਾਹਾਂਗਾ। ਇਕ ਗੁਰਦੁਆਰੇ ਵਿੱਚੋਂ ਗੁਰਮਤਿ ਵਿਚਾਰਾਂ ਕਰ ਕੇ ਬਾਹਰ ਆਇਆ ਤਾਂ ਇਕ ਗੁਰਸਿੱਖ ਨੇ ਰੋਕ ਕੇ ਕਿਹਾ ਕਿ ਭਾਈ ਸਾਹਿਬ, ਤੁਸੀਂ ਬਹੁਤ ਵਿਸ਼ਿਆਂ ਤੇ ਸਿਧਾਂਤਕ ਗੱਲਾਂ ਸਪੱਸ਼ਟ ਕਰ ਦਿੱਤੀਆਂ ਹਨ, ਪਰ ਇਕ ਹੋਰ ਜ਼ਰੂਰੀ ਗੱਲ ਕਰਨੀ ਰਹਿ ਗਈ ਹੈ। ਮੈਂ ਪੁੱਛਿਆ, ਕਿਹੜੀ, ਤਾਂ ਕਹਿਣ ਲੱਗੇ, ਕਿ ਸਿੱਖ ਪਹਿਰਾਵੇ ਬਾਰੇ ਵੀ ਜਾਗਰੂਕ ਕਰਿਆ ਕਰੋ। ਮੈਂ ਬੇਨਤੀ ਕੀਤੀ ਕਿ ਮੈਂ ਤਾਂ ਕਕਾਰਾਂ ਬਾਰੇ ਗੱਲ ਕੀਤੀ ਹੈ, ਤਾਂ ਕਹਿਣ ਲੱਗੇ ਨਹੀਂ ਆਮ ਸਿੱਖ ਪਹਿਰਾਵੇ ਬਾਰੇ। ਮੈਂ ਪੁੱਛਿਆ ਤੁਹਾਡੇ ਖਿਆਲ ਵਿੱਚ ਇਹ ਸਿੱਖ ਪਹਿਰਾਵਾ ਕਿਹੜਾ ਹੈ ਤਾਂ ਕਹਿਣ ਲੱਗੇ, ਇਹ ਜੋ ਤੁਸੀਂ ਪਹਿਨਿਆਂ ਹੋਇਆ ਹੈ, ਕੁੜਤਾ ਪਜਾਮਾ। ਜੋ ਉਨ੍ਹਾਂ ਨੂੰ ਬੇਨਤੀ ਕੀਤੀ, ਉਹ ਪਾਠਕਾਂ ਨਾਲ ਵੀ ਸਾਂਝੀ ਕਰਨੀ ਚਾਹੁੰਦਾ ਹਾਂ। ਕੁੜਤਾ ਪਜਾਮਾ, ਸਾਡਾ ਪੰਜਾਬੀ ਸਭਿਆਚਾਰਕ ਪਹਿਰਾਵਾ ਤਾਂ ਹੋ ਸਕਦਾ ਹੈ, ਇਹ ਸਿੱਖ ਦਾ ਕੌਮੀ ਪਹਿਰਾਵਾ ਨਹੀਂ। ਸਾਡੇ ਕੌਮੀ ਪਹਿਰਾਵੇ ਵਿੱਚ ਤਾਂ ਲਾਜ਼ਮੀਂ ਕੇਵਲ ਕਕਾਰ ਹਨ। ਕੋਈ ਯੂਰਪ ਵਿੱਚ ਰਹਿਣ ਵਾਲਾ ਕੋਟ-ਪੈਂਟ ਪਾਕੇ ਅਤੇ ਕਿਸੇ ਅਰਬ ਦੇਸ਼ ਵਿੱਚ ਰਹਿਣ ਵਾਲਾ ਅਰਬੀ-ਲਬਾਦਾ ਪਾ ਕੇ ਵੀ ਸਿੱਖ ਹੋ ਸਕਦਾ ਹੈ, ਜੇ ਉਸ ਨੇ ਕਕਾਰ ਧਾਰਨ ਕੀਤੇ ਹੋਏ ਹਨ। ਹਾਂ ਇਸ ਦੇ ਨਾਲ ਪੱਗ ਵੀ ਜ਼ਰੂਰੀ ਹੈ। ਇਹੀ ਨੇਮ ਬੀਬੀਆਂ ਤੇ ਵੀ ਲਾਗੂ ਹੁੰਦਾ ਹੈ। ਦੋਹਾਂ ਵਾਸਤੇ ਇਕ ਗੱਲ ਜ਼ਰੂਰੀ ਹੈ ਕਿ ਪਹਿਰਾਵਾ ਨੰਗੇਜ਼ ਵਾਲਾ ਅਤੇ ਭੜਕਾਊ ਨਾ ਹੋਵੇ। ਐਸੇ ਕਾਮ-ਉਕਸਾਊ ਪਹਿਰਾਵੇ ਦੀ ਮਨਾਹੀ ਗੁਰਬਾਣੀ ਵੀ ਕਰਦੀ ਹੈ:

"ਰਤਾ ਪੈਨਣੁ ਮਨੁ ਰਤਾ ਸੁਪੇਦੀ ਸਤੁ ਦਾਨੁ ॥ ਨੀਲੀ ਸਿਆਹੀ ਕਦਾ ਕਰਣੀ ਪਹਿਰਣੁ ਪੈਰ ਧਿਆਨੁ ॥ ਕਮਰਬੰਦੁ ਸੰਤੋਖ ਕਾ ਧਨੁ ਜੋਬਨੁ ਤੇਰਾ ਨਾਮੁ ॥੨॥ ਬਾਬਾ, ਹੋਰੁ ਪੈਨਣੁ ਖੁਸੀ ਖੁਆਰੁ ॥ ਜਿਤੁ ਪੈਧੈ ਤਨੁ ਪੀੜੀਐ ਮਨ ਮਹਿ ਚਲਹਿ ਵਿਕਾਰ ॥੧॥ਰਹਾਉ॥"

{ਸਿਰੀ ਰਾਗੁ ਮਹਲਾ ੧, ਪੰਨਾ ੧੬}

ਪ੍ਰਭੂ-ਪ੍ਰੀਤ ਵਿਚ ਮਨ ਰੰਗਿਆ ਜਾਏ, ਇਹ ਲਾਲ ਪੁਸ਼ਾਕ (ਸਮਾਨ) ਹੈ, ਦਾਨ ਪੁੰਨ ਕਰਨਾ (ਲੋੜਵੰਦਿਆਂ ਦੀ ਸੇਵਾ ਕਰਨੀ) ਇਹ ਚਿੱਟੀ ਪੁਸ਼ਾਕ ਸਮਝੋ । ਆਪਣੇ ਮਨ ਵਿਚੋਂ ਕਾਲਖ਼ ਕੱਟ ਦੇਣੀ ਨੀਲੇ ਰੰਗ ਦੀ ਪੁਸ਼ਾਕ ਜਾਣੋ । ਪ੍ਰਭੂ-ਚਰਨਾਂ ਦਾ ਧਿਆਨ ਚੋਗਾ ਹੈ । ਹੇ ਪ੍ਰਭੂ ! ਸੰਤੋਖ ਨੂੰ ਮੈਂ ਆਪਣੇ ਲੱਕ ਦਾ ਪਟਕਾ ਬਣਾਇਆ ਹੈ, ਤੇਰਾ ਨਾਮ ਹੀ ਮੇਰਾ ਧਨ ਹੈ ਮੇਰੀ ਜੁਆਨੀ ਹੈ ।2।

ਹੇ ਭਾਈ ! ਜਿਸ ਪਹਿਨਣ ਨਾਲ ਸਰੀਰ ਦੁਖੀ ਹੋਵੇ, ਤੇ ਮਨ ਵਿਚ ਭੀ ਭੈੜੇ ਖ਼ਿਆਲ ਤੁਰ ਪੈਣ, ਇਹੋ ਜਿਹਾ ਪਹਿਨਣ ਦਾ ਸ਼ੌਕ ਤੇ ਚਾਉ ਖ਼ੁਆਰ ਕਰਦਾ ਹੈ ।1। ਰਹਾਉ।

ਕੁਰਹਿਤਾਂ:

ਇਸ ਤੋਂ ਬਾਅਦ ਕੁਰਹਿਤਾਂ ਦੱਸੀਆਂ ਜਾਂਦੀਆਂ ਹਨ। ਜਿਵੇਂ ਰਹਿਤ ਤੋਂ ਭਾਵ ਹੈ, ਕਰਨ ਯੋਗ ਕਰਮ, ਕੁਰਹਿਤ ਤੋਂ ਭਾਵ ਹੈ, ਰਹਿਤ ਤੋਂ ਉਲਟੇ ਕਰਮ, ਨਾ ਕਰਨ-ਯੋਗ ਕਰਮ, ਕੁਕਰਮ ਜਾਂ ਵਿਵਰਜਿਤ ਕਰਮ ਭਾਵ ਉਹ ਕਰਮ ਜੋ ਸਿੱਖ ਨੇ ਬਿਲਕੁਲ ਨਹੀਂ ਕਰਨੇ। ਹਾਲਾਂਕਿ ਕੁਕਰਮ ਤਾਂ ਕੁਕਰਮ ਹੀ ਹੁੰਦਾ ਹੈ ਅਤੇ ਹਰ ਪਾਪ-ਕਰਮ ਸਜ਼ਾ ਦਾ ਭਾਗੀ ਹੁੰਦਾ ਹੈ। ਇਸੇ ਅਨੁਸਾਰ ਪਾਹੁਲ ਛਕਾ ਕੇ, ਜੋ ਰਹਿਤ ਦ੍ਰਿੜ ਕਰਾਈ ਜਾਂਦੀ ਹੈ, ਉਸ ਰਹਿਤ ਵਿੱਚ ਜਿਥੇ ਰਹਿਤ ਤੋਂ ਉਲਟ ਕਰਮ ਭਾਵ ਕੁਰਹਿਤਾਂ ਦਾ ਉਲੇਖ ਕੀਤਾ ਗਿਆ ਹੈ, ਉਥੇ ਕੁਰਹਿਤ ਕਰਨ ਵਾਲੇ ਵਿਅਕਤੀ ਵਾਸਤੇ ਸਜ਼ਾ ਦਾ ਵਿਧਾਨ ਵੀ ਬਣਾਇਆ ਗਿਆ ਹੈ। ਇਕ ਗੱਲ ਸਮਝਣ ਵਾਲੀ ਹੈ ਕਿ ਧਰਮ ਸਵੈ-ਇੱਛਾ ਅਤੇ ਭਾਵਨਾ 'ਤੇ ਅਧਾਰਤ ਹੁੰਦਾ ਹੈ, ਕਦੇ ਠੋਸਿਆ ਨਹੀਂ ਜਾ ਸਕਦਾ। ਇਹ ਠੀਕ ਹੈ, ਕਿ ਕੌਮ ਨੂੰ ਇਕ ਨੇਮ(Discipline) ਵਿੱਚ ਬੰਨ ਕੇ ਰਖਣ ਲਈ ਕੁਰਹਿਤਾਂ ਅਤੇ ਉਨ੍ਹਾਂ ਦੀ ਸਜ਼ਾ ਦਾ ਨੀਯਤ ਹੋਣਾ ਜ਼ਰੂਰੀ ਹੈ ਪਰ ਇਹ ਵੀ ਸਮਝ ਲੈਣਾ ਜ਼ਰੂਰੀ ਹੈ ਕਿ ਧਰਮ ਦਾ ਅਸਲੀ ਮਕਸਦ ਭਟਕੇ ਹੋਏ ਵਿਅਕਤੀ ਨੂੰ ਉਸ ਦੀ ਗਲਤੀ ਮਹਿਸੂਸ ਕਰਾ ਕੇ, ਉਸ ਨੂੰ ਵਾਪਸ ਧਰਮ ਦੇ ਮਾਰਗ ਦਾ ਪਾਂਧੀ ਬਨਾਉਣਾ ਹੈ, ਇਸ ਲਈ ਧਰਮ ਦੀ ਦੁਨੀਆਂ ਵਿੱਚ ਨਾਦਰਸ਼ਾਹੀ, ਕਰੜੀਆਂ ਸਜ਼ਾਵਾਂ ਨਹੀਂ ਚਲਦੀਆਂ ਅਤੇ ਨਾ ਹੀ ਸਜ਼ਾ ਦੇਣ ਵਾਲਿਆਂ ਦਾ ਨਾਦਰਸ਼ਾਹੀ ਰਵੱਈਆ ਹੀ ਪ੍ਰਵਾਨ ਹੁੰਦਾ ਹੈ, ਫਿਰ ਸਿੱਖ ਧਰਮ ਤਾਂ ਗਿਆਨ ਅਤੇ ਦਲੀਲ(Logic) 'ਤੇ ਅਧਾਰਤ ਧਰਮ ਹੈ। ਸਮਾਜਿਕ ਜੀਵਨ ਵਿੱਚ ਵੀ ਅਸੀਂ ਵੇਖਦੇ ਹਾਂ ਕਿ ਕੁਝ ਗੁਨਾਹ ਇਤਨੇ ਗੰਭੀਰ ਹੁੰਦੇ ਹਨ ਕਿ ਉਨ੍ਹਾਂ ਵਾਸਤੇ ਮੌਤ ਦੀ ਸਜ਼ਾ ਜਾਂ ਉਮਰ ਕੈਦ ਹੁੰਦੀ ਹੈ, ਬਾਕੀ ਗੁਨਾਹਾਂ ਦੀ ਸਜ਼ਾ, ਉਨ੍ਹਾਂ ਦੀ ਗੰਭੀਰਤਾ ਅਨੁਸਾਰ ਘੱਟ ਵੱਧ ਹੁੰਦੀ ਹੈ, ਬਿਲਕੁਲ ਇਸੇ ਤਰ੍ਹਾਂ ਸਾਡੀਆਂ ਕੁਰਹਿਤਾਂ ਨੂੰ ਵੀ ਦੋ ਹਿੱਸਿਆਂ ਵਿੱਚ ਵੰਡ ਦਿੱਤਾ ਗਿਆ ਹੈ ਅਤੇ ਸੁਭਾਵਕ ਹੀ ਉਨ੍ਹਾਂ ਦੀਆਂ ਸਜ਼ਾਵਾਂ ਜਿਸ ਨੂੰ ਸਿੱਖ ਭਾਸ਼ਾ ਵਿੱਚ ਤਨਖਾਹ ਭੁਗਤਣਾ ਕਿਹਾ ਜਾਂਦਾ ਹੈ, ਇਸੇ ਅਨੁਸਾਰ ਨੀਯਤ ਕੀਤੀਆਂ ਜਾਂਦੀਆਂ ਹਨ। ਇਹ ਦੋ ਕਿਸਮਾਂ ਹਨ, ਕੁਰਹਿਤ ਜਿਸ ਨੂੰ ਆਮ ਤੌਰ 'ਤੇ ਬਜਰ(ਭਾਵ, ਅਤਿ ਗੰਭੀਰ) ਕੁਰਹਿਤ ਕਿਹਾ ਜਾਂਦਾ ਹੈ ਅਤੇ ਇਨ੍ਹਾਂ ਨੂੰ ਕਰਨ ਵਾਲਾ ਸਿੱਖ ਨਹੀਂ ਰਹਿੰਦਾ ਭਾਵ ਸਿੱਖੀ ਤੋਂ ਖਾਰਜ ਹੋ ਜਾਂਦਾ ਹੈ ਅਤੇ ਉਸ ਨੂੰ ਸਿੱਖੀ ਵਿੱਚ ਮੁੜ ਸ਼ਾਮਲ ਹੋਣ ਲਈ ਤਨਖਾਹ ਲੁਆ ਕੇ ਦੁਬਾਰਾ ਖੰਡੇ ਬਾਟੇ ਦੀ ਪਾਹੁਲ ਛਕਣੀ ਪੈਂਦੀ ਹੈ। ਦੂਸਰੀ ਆਮ ਕੁਰਹਿਤ, ਜਿਸ ਨੂੰ ਕਰਨ ਵਾਲੇ ਨੂੰ ਤਨਖਾਹੀਆ ਕਿਹਾ ਜਾਂਦਾ ਹੈ ਅਤੇ ਉਸ ਨੂੰ ਤਨਖਾਹ ਲੁਆਉਣੀ ਅਤੇ ਭੁਗਤਣੀ ਪੈਂਦੀ ਹੈ। ਪਹਿਲਾਂ ਚਾਰ ਬਜਰ ਕੁਰਹਿਤਾਂ ਨੂੰ ਲੜੀ ਵਾਰ ਵਿਚਾਰਦੇ ਹਾਂ:

1. ਕੇਸਾਂ ਦੀ ਬੇਅਦਬੀ

ਸਿੱਖ ਕੌਮ ਵਿੱਚ ਕੇਸਾਂ ਦੀ ਮਹੱਤਤਾ ਦਾ ਅੰਦਾਜ਼ਾ ਅਸੀਂ ਇਸੇ ਗੱਲ ਤੋਂ ਲਗਾ ਸਕਦੇ ਹਾਂ ਕਿ ਇਸ ਨੂੰ ਪੰਜ ਕਕਾਰਾਂ ਵਿੱਚ ਵੀ ਪਹਿਲੇ ਨੰਬਰ 'ਤੇ ਰੱਖਿਆ ਗਿਆ ਹੈ ਅਤੇ ਬਜਰ ਕੁਰਹਿਤਾਂ ਵਿੱਚ ਵੀ ਕੇਸਾਂ ਦੀ ਬੇਅਦਬੀ ਪਹਿਲੀ ਬਜਰ ਕੁਰਹਿਤ ਮਿੱਥੀ ਗਈ ਹੈ। ਕੇਸਾਂ ਬਾਰੇ ਅਸੀਂ ਉਪਰ ਪੰਜ ਕਕਾਰਾਂ ਵਿੱਚ ਕਾਫੀ ਵਿਸਥਾਰ ਨਾਲ ਵਿਚਾਰ ਚੁੱਕੇ ਹਾਂ, ਇਸ ਲਈ ਉਨ੍ਹਾਂ ਗੱਲਾਂ ਨੂੰ ਦੁਹਰਾਉਣਾ ਤਾਂ ਯੋਗ ਨਹੀਂ ਹੋਵੇਗਾ, ਪਰ ਇਤਨੀ ਗੱਲ ਫਿਰ ਕਹਿਣਾ

ਚਾਹਾਂਗਾ ਕਿ ਕੇਸ ਕੇਵਲ ਪਾਹੁਲ ਛਕੇ ਹੋਏ ਸਿੱਖ ਦੀ ਹੀ ਨਹੀਂ, ਹਰ ਸਿੱਖ ਦੀ ਪਹਿਚਾਣ ਹਨ। ਚਾਹੀਦਾ ਤਾਂ ਇਹ ਹੈ ਕਿ ਹਰ ਸਿੱਖ ਯੋਗ ਉਮਰ 'ਤੇ ਪਾਹੁਲ ਛੱਕ ਲਵੇ, ਪਰ ਇਹ ਕੌਮ ਵਿੱਚ ਆਏ ਨਿਘਾਰ ਦਾ ਹੀ ਪ੍ਰਮਾਣ ਹੈ ਕਿ ਅੱਜ ਪੰਜ ਪ੍ਰਤੀਸ਼ਤ ਸਿੱਖ ਵੀ ਪਾਹੁਲ ਨਹੀਂ ਛੱਕ ਰਹੇ। ਨਿਘਾਰ ਇਸ ਹੱਦ ਤੱਕ ਵਧ ਗਿਆ ਹੈ ਕਿ ਵੱਡੀ ਗਿਣਤੀ ਵਿੱਚ ਸਿੱਖ ਕੇਸਾਂ ਦੀ ਬੇਅਦਬੀ ਕਰਾ ਰਹੇ ਹਨ, ਉਸ ਤੋਂ ਵੀ ਵੱਡੀ ਦੁਖਦਾਈ ਗੱਲ ਇਹ ਹੈ ਕਿ ਉਹ ਐਸੀ ਬਜਰ ਕੁਰਹਿਤ ਕਰਕੇ ਵੀ ਆਪਣੇ ਆਪ ਨੂੰ ਸਿੱਖ ਸਮਝਦੇ ਹਨ। ਅਖਬਾਰਾਂ ਵਿੱਚ ਇਸ਼ਤਿਹਾਰ ਦਿੱਤੇ ਜਾ ਰਹੇ ਹਨ, 'ਕੇਸਾਂ ਬਗੈਰ ਸਿੱਖ ਲੜਕੇ' ਵਾਸਤੇ ਰਿਸ਼ਤੇ ਦੀ ਲੋੜ' ਆਦਿ..। ਗੁਰੂ ਨੂੰ ਬੇਦਾਵਾ ਦੇ ਕੇ ਵੀ ਆਪਣੇ ਸਿੱਖ ਹੋਣ ਦਾ ਭਰਮ ਪਾਲਿਆ ਜਾ ਰਿਹਾ ਹੈ। ਸਿੱਖੀ ਦੇ ਕੇਂਦਰ, ਦਰਬਾਰ ਸਾਹਿਬ ਵਿੱਚ ਰੋਜ਼ ਮੱਥਾ ਟੇਕਣ ਆਉਣ ਵਾਲਿਆਂ ਵਲ ਵੇਖ ਕੇ ਤਾਂ ਇੰਞ ਜਾਪਦਾ ਹੈ, ਜਿਵੇਂ ਸਿੱਖੀ ਦਾ ਹੜ੍ਹ ਆ ਗਿਆ ਹੋਵੇ ਪਰ ਉਨ੍ਹਾਂ ਦੀਆਂ ਸੂਰਤਾਂ ਵੇਖੋ ਤਾਂ ਅਸਲੀਅਤ ਸਾਹਮਣੇ ਆਉਂਦੀ ਹੈ। ਕੁੱਲ ਮੱਥਾ ਟੇਕਣ ਵਾਲਿਆਂ ਵਿੱਚੋਂ ਸ਼ਾਇਦ 10 ਤੋਂ 15 ਪ੍ਰਤੀਸ਼ਤ ਕੇਸਾਧਾਰੀ ਹੋਣਗੇ। ਬੇਸ਼ਕ ਬਹੁਤ ਸਾਰੇ ਦੂਸਰੀਆਂ ਕੌਮਾਂ ਦੇ ਯਾਤਰੂ ਵੀ ਉਥੇ ਦਰਸ਼ਨ ਕਰਨ ਆਉਂਦੇ ਹਨ, ਪਰ ਉਨ੍ਹਾਂ ਦੀ ਗਿਣਤੀ ਕਿਸੇ ਤਰ੍ਹਾਂ ਵੀ 25 ਪ੍ਰਤੀਸ਼ਤ ਤੋਂ ਵੱਧ ਨਹੀਂ ਹੁੰਦੀ, ਬਾਕੀ ਦਾ ਹੀ ਅੰਦਾਜ਼ਾ ਲਾ ਲਈਏ ਕਿ ਕਿਤਨਾ ਹਿੱਸਾ ਕੇਸਾਧਾਰੀ ਸਿੱਖ ਹੁੰਦੇ ਹਨ। ਇਹ ਲੋਕ ਉਥੇ ਦੇਗ ਕਰਾ ਕੇ ਜਾਂ ਪੈਸਿਆਂ ਨਾਲ ਸਰੋਪਾ ਖਰੀਦ ਕੇ ਹੀ ਆਪਣੇ ਚੰਗੇ ਸਿੱਖ ਹੋਣ ਦਾ ਭਰਮ ਪਾਲ ਰਹੇ ਹਨ। ਜਦਕਿ 'ਗੁਰਬਿਲਾਸ ਪਾਤਸ਼ਾਹੀ 10' ਦੇ 11ਵੇਂ ਅਧਿਆਏ ਵਿੱਚ, ਇਸ ਦੇ ਲੇਖਕ ਸੁੱਖਾ ਸਿੰਘ ਨੇ ਲਿਖਿਆ ਹੈ ਕਿ ਗੁਰੂ ਗੋਬਿੰਦ ਸਿੰਘ ਪਾਤਿਸ਼ਾਹ ਨੇ ਇਹ ਆਦੇਸ਼ ਦਿੱਤਾ ਸੀ ਕਿ ਕੋਈ ਵੀ ਸਿੱਖ ਕੇਸਾਂ ਅਤੇ ਸ਼ਸਤਰ ਤੋਂ ਬਿਨਾਂ ਮੇਰੇ ਸਾਹਮਣੇ ਨਾ ਆਵੇ। ਪੰਕਤੀਆਂ ਇਸ ਤਰ੍ਹਾਂ ਹਨ:

ਪੁਨੰ ਸੰਗ ਸਾਰੇ ਪ੍ਰਭੂ ਜੀ ਸੁਨਾਈ। ਬਿਨਾ ਤੇਗ ਤੀਰੰ ਰਹੋ ਨਾਂਹ ਭਾਈ।
ਬਿਨਾ ਸ਼ਸਤ੍ਰ ਕੇਸ ਨਰੰ ਭੇਡ ਜਾਨੋ। ਗਹੇ ਕਾਨ ਤਾਂ ਕੋ ਕਿਤੈ ਲੈ ਸਿਧਾਨੋ।
ਇਹੈ ਮੋਰ ਆਗਜਾ ਸੁਨੋ ਲੈ ਪਿਆਰੇ। ਬਿਨਾ ਤੇਗ ਕੇਸੰ ਦਿਵੋ ਨਾ ਦਿਦਾਰੇ।
ਇਹੈ ਮੋਰ ਬੈਨਾ ਮੰਨੇਗਾ ਜੁ ਜੋਈ। ਤਿਸੈ ਇਛ ਪੂਰੰ ਸਭੈ ਜਾਨ ਸੋਈ।(ਪਿਆਰਾ ਸਿੰਘ ਪਦਮ ਲਿਖਤ ਰਹਿਤਨਾਮੇ, ਪੰਨਾ 41)

ਇਸੇ ਪਾਵਨ ਗੁਰਗੱਦੀ ਤੇ ਅੱਜ ਗੁਰੂ ਗ੍ਰੰਥ ਸਾਹਿਬ ਜੀ ਸੁਸ਼ੋਭਿਤ ਹਨ, ਜੋ ਆਦੇਸ਼ ਗੁਰੂ ਗੋਬਿੰਦ ਸਿੰਘ ਪਾਤਿਸ਼ਾਹ ਦਾ ਸੀ, ਉਹੀ ਅੱਜ ਗੁਰੂ ਗ੍ਰੰਥ ਸਾਹਿਬ ਲਈ ਲਾਗੂ ਹੈ। ਪਤਾ ਨਹੀਂ ! ਇਹ ਲੋਕ ਕਿਵੇਂ ਬੇਸ਼ਰਮ ਹੋ ਕੇ, ਕਿਸ ਮੂੰਹ ਨਾਲ, ਗੁਰੂ ਗ੍ਰੰਥ ਸਾਹਿਬ ਜੀ ਅੱਗੇ ਜਾ ਖਲੋਂਦੇ ਹਨ। ਕੇਸ ਸਿੱਖ ਦੇ ਦੂਜੀਆਂ ਕੌਮਾਂ ਤੋਂ ਵਿਲੱਖਣਤਾ ਦੇ ਪਹਿਲੇ ਪ੍ਰਤੀਕ ਹਨ। ਕੇਸ ਬਜਰ ਕੁਰਹਿਤ ਵਿੱਚ ਆਉਂਦੇ ਹਨ, ਇਸ ਲਈ ਕੇਸਾਂ ਬਗੈਰ ਸਿੱਖ ਹੋ ਹੀ ਨਹੀਂ ਸਕਦਾ। ਇਸ ਰੋਗ ਦੇ ਵਧਣ ਦਾ ਕਾਰਨ ਸਮਾਜ ਵਿੱਚ ਇਕ ਗੰਦਾ ਮਾਹੌਲ ਤਾਂ ਹੈ ਹੀ, ਇਸ ਦੇ ਨਾਲ ਇਹ ਵੀ ਬਹੁਤ ਵੱਡਾ ਕਾਰਨ ਹੈ ਕਿ ਐਸੀ ਬਜਰ ਕੁਰਹਿਤ ਕਰਨ ਵਾਲਿਆਂ ਨੂੰ ਪਰਿਵਾਰਾਂ ਅਤੇ ਸਮਾਜ ਨੇ ਪ੍ਰਵਾਨ ਕਰ ਲਿਆ, ਜੇ ਇਸ ਪ੍ਰਤੀ ਪਹਿਲੇ ਦਿਨ ਤੋਂ ਕਰੜਾਈ ਵਰਤੀ ਜਾਂਦੀ ਤਾਂ ਸ਼ਾਇਦ ਰੋਗ ਉਸ ਤਰ੍ਹਾਂ ਨਾ ਫੈਲਦਾ, ਜਿਵੇਂ ਅੱਜ ਇਸ ਨੇ ਕੌਮ ਨੂੰ ਗ੍ਰਸ ਲਿਆ ਹੈ।

ਕੇਸ ਸਿੱਖ ਦੇ ਅਕਾਲ ਪੁਰਖ ਦੀ ਹੋਂਦ, ਸਮਰੱਥਾ ਅਤੇ ਪੂਰਨ ਸਿਆਣਪ ਵਿੱਚ ਪੂਰਨ ਵਿਸ਼ਵਾਸ ਅਤੇ ਗੁਰੂ ਦੇ ਆਦੇਸ਼ ਦੀ ਦ੍ਰਿੜਤਾ ਨਾਲ ਪਾਲਣਾ ਕਰਨ ਦੇ ਪ੍ਰਣ ਦਾ

ਪ੍ਰਤੀਕ ਹਨ ਅਤੇ ਸਿੱਖ ਪਰਿਵਾਰ ਵਿੱਚ ਜਨਮ ਲੈਕੇ, ਕੇਸਾਂ ਦੀ ਬੇਅਦਬੀ ਕਰਨ ਵਾਲਾ ਸਿੱਖ ਨਹੀਂ ਪਤਿਤ ਹੈ। ਭਾਈ ਕਾਨ੍ਹ ਸਿੰਘ ਨਾਭਾ ਜੀ ਮਹਾਨਕੋਸ਼ ਵਿੱਚ ਪਤਿਤ ਦੇ ਅਰਥ ਇਹ ਲਿਖਦੇ ਹਨ: ਡਿੱਗਿਆ ਹੋਇਆ। 2.ਧਰਮ ਕਰਮ ਤੋਂ ਡਿੱਗਿਆ. ਪਾਪੀ। 3.ਜਾਤਿ ਤੋਂ ਡਿੱਗਿਆ. ਸਮਾਜੋਂ ਖਾਰਿਜ(ਕੱਢਿਆ) । ਇਸ ਤਰ੍ਹਾਂ ਕੇਸਾਂ ਦੀ ਬੇਅਦਬੀ ਕਰਨ ਵਾਲਾ ਗੁਰੂ ਤੋਂ ਬੇਮੁੱਖ ਹੋਇਆ, ਕਿਰਦਾਰ ਤੋਂ ਗਿਰਿਆ ਇਨਸਾਨ ਹੈ, ਉਹ ਕਿਸੇ ਤਰ੍ਹਾਂ ਵੀ ਸਿੱਖ ਅਖਵਾਉਣ ਦਾ ਹੱਕਦਾਰ ਨਹੀਂ।

ਕੁੱਠਾ ਖਾਣਾ

ਕੁੱਠਾ ਖਾਣਾ ਦੂਸਰੀ ਬਜਰ ਕੁਰਹਿਤ ਹੈ, ਸਿੱਖ ਰਹਿਤ ਮਰਯਾਦਾ ਵਿੱਚ ਪੰਨਾ 26 'ਤੇ, ਹੇਠਾਂ ਕੁੱਠਾ ਦੀ ਵਿਆਖਿਆ ਵਿੱਚ ਇਹ ਲਿਖਿਆ ਹੈ, 'ਕੁੱਠਾ ਤੋਂ ਭਾਵ ਉਹ ਮਾਸ ਹੈ, ਜੋ ਮੁਸਲਮਾਨੀ ਤਰੀਕੇ ਨਾਲ ਤਿਆਰ ਕੀਤਾ ਹੋਵੇ'। ਗੱਲ ਵਿੱਚ ਨਾ ਕੋਈ ਗੁੰਝਲ ਹੈ, ਨਾ ਕੋਈ ਭੁਲੇਖੇ ਦੀ ਗੁੰਜਾਇਸ਼, ਕੁੱਠਾ ਖਾਣ ਨੂੰ ਦੂਜੀ ਬਜਰ ਕੁਰਹਿਤ ਦਰਜ ਕਰਕੇ, ਸਪੱਸ਼ਟ ਨਿਰਣਾ ਦੇ ਦਿੱਤਾ ਗਿਆ ਹੈ ਕਿ ਸਿੱਖ ਕੌਮ ਵਿੱਚ ਮਾਸ ਖਾਣ ਦੀ ਮਨਾਹੀ ਨਹੀਂ, ਕੇਵਲ ਮੁਸਲਮਾਨੀ ਤਰੀਕੇ ਨਾਲ ਤਿਆਰ ਕੀਤੇ ਮਾਸ, ਜਿਸ ਨੂੰ ਉਨ੍ਹਾਂ ਦੀ ਭਾਸ਼ਾ ਵਿੱਚ ਹਲਾਲ ਆਖਿਆ ਜਾਂਦਾ ਹੈ, ਦੇ ਖਾਣ ਦੀ ਮਨਾਹੀ ਹੈ। ਇਹ ਅਤਿ ਦੁਖਦਾਈ ਗੱਲ ਹੈ ਕਿ ਕੁਝ ਸਪੱਸ਼ਟ ਕੌਮੀ ਨਿਰਣੇ ਹੋਣ ਦੇ ਬਾਵਜੂਦ, ਅੱਜ ਸਿੱਖ ਕੌਮ ਵਿੱਚ ਕੁਝ ਨਵੇਂ ਵਿਵਾਦ ਉਭਾਰੇ ਜਾ ਰਹੇ ਹਨ। ਇਨ੍ਹਾਂ ਮੁੱਦਿਆਂ ਵਿੱਚੋਂ ਹੀ, ਇਕ ਇਹ ਮਾਸ ਖਾਣ ਜਾਂ ਨਾ ਖਾਣ ਦਾ ਮੁੱਦਾ ਹੈ। ਹੈਰਾਨਗੀ ਦੀ ਗੱਲ ਤਾਂ ਇਹ ਹੈ ਕਿ 40-50 ਸਾਲ ਪਹਿਲਾਂ ਤੱਕ, ਜੋ ਸਿੱਖ ਕੌਮ ਦਾ ਕੋਈ ਮੁੱਦਾ ਹੀ ਨਹੀਂ ਸੀ, ਅੱਜ ਇਕ ਪ੍ਰਮੁਖ ਮੁੱਦਾ ਬਣ ਗਿਆ ਹੈ। ਇਹ ਵਿਸ਼ਾ ਇਤਨਾ ਮਹੱਤਵਪੂਰਨ ਬਣ ਗਿਆ ਹੈ ਕਿ ਇਸ ਵਿਸ਼ੇ ਦੇ ਹੱਕ ਅਤੇ ਵਿਰੋਧ ਵਿੱਚ ਕਈ ਕਿਤਾਬਾਂ ਲਿਖੀਆਂ ਗਈਆਂ ਹਨ। ਇਥੇ ਉਤਨੇ ਵਿਸਥਾਰ ਵਿੱਚ ਜਾਣਾ ਤਾਂ ਸੰਭਵ ਨਹੀਂ ਪਰ ਸੰਖੇਪ ਵਿੱਚ ਕੁਝ ਗੱਲਾਂ ਸਪੱਸ਼ਟ ਕਰਨ ਦੀ ਕੋਸ਼ਿਸ਼ ਕਰਾਂਗਾ।

ਪਹਿਲਾਂ ਤਾਂ ਇਹ ਦਲੀਲ ਦਿੱਤੀ ਜਾਂਦੀ ਹੈ ਕਿ ਜੇ ਮਾਸ ਖਾ ਹੀ ਲਿਆ ਤਾਂ ਝਟਕੇ ਜਾਂ ਹਲਾਲ(ਕੁੱਠੇ) ਵਿੱਚ ਕੀ ਫਰਕ ਪੈਂਦਾ ਹੈ? ਕੁਝ ਪਾਬੰਦੀਆਂ ਦੇ ਕਾਰਨ ਸਿਧਾਂਤਕ ਹੁੰਦੇ ਹਨ, ਕੁਝ ਦੇ ਇਤਿਹਾਸਕ। ਇਸ ਪਾਬੰਦੀ ਦੇ ਲਗਾਉਣ ਦੇ ਕਾਰਨ ਦੋਵੇਂ ਹਨ। ਆਓ ਪਹਿਲਾਂ ਇਤਿਹਾਸਕ ਕਾਰਨ ਸਮਝਦੇ ਹਾਂ।

ਸਮੇਂ ਦੇ ਮੁਗਲ ਸ਼ਾਸਕ ਹਿੰਦੂ ਕੌਮ ਨੂੰ ਜ਼ਲੀਲ ਕਰਨ ਲਈ ਕੁਝ ਐਸੇ ਅਨੈਤਿਕ ਕਾਨੂੰਨ ਬਣਾਉਂਦੇ ਰਹਿੰਦੇ ਸਨ, ਜਿਸ ਨਾਲ ਇਕ ਤਾਂ ਹਿੰਦੂ ਕੌਮ ਅੰਦਰ ਹੀਣ ਭਾਵਨਾ ਵਿਕਸਤ ਹੋਵੇ ਅਤੇ ਦੂਸਰਾ ਉਨ੍ਹਾਂ ਉਤੇ ਆਪਣੇ ਧਾਰਮਿਕ ਰੀਤੀ ਰਿਵਾਜ(culture) ਲੱਦੇ ਜਾ ਸਕਣ। ਇਸ ਮਕਸਦ ਲਈ ਔਰੰਗਜ਼ੇਬ ਦੇ ਰਾਜ ਸਮੇਂ ਬਣਾਏ ਗਏ ਕੁਝ ਕਾਨੂੰਨ ਇਸ ਤਰ੍ਹਾਂ ਸਨ:

- ਹਿੰਦੂ ਸਿਰ 'ਤੇ ਪੱਗ ਨਹੀਂ ਬੰਨ੍ਹ ਸਕਦਾ, ਉਹ ਟੋਪੀ ਪਾਕੇ ਰੱਖੇ ਤਾਂਕਿ ਉਸ ਦੀ ਗੁਲਾਮ ਵਜੋਂ ਪਹਿਚਾਣ ਹੋ ਜਾਵੇ।
- ਹਿੰਦੂ ਘੋੜੇ ਜਾਂ ਘੋੜੀ ਦੀ ਸੁਆਰੀ ਨਹੀਂ ਕਰ ਸਕਦਾ, ਜੇ ਉਸ ਨੇ ਸੁਆਰੀ ਕਰਨੀ ਹੋਵੇ ਤਾਂ ਗਧੇ ਦੀ ਸੁਆਰੀ ਕਰੇ।

- ਹਿੰਦੂ ਕੰਨਾਂ ਆਦਿ ਵਿੱਚ ਲੋਹੇ ਦੀਆਂ ਛੇਦਕ ਮੁਰਕੀਆਂ ਆਦਿ ਪਾਕੇ ਰੱਖੇ।
- ਜਦੋਂ ਕਿਸੇ ਹਿੰਦੂ ਲੜਕੀ ਦੀ ਸ਼ਾਦੀ ਹੋਵੇ ਤਾਂ ਉਸ ਦਾ ਡੋਲਾ ਪਹਿਲੀ ਰਾਤ ਇਲਾਕੇ ਦੇ ਮੁਗਲ ਹਾਕਮ ਦੇ ਘਰ ਜਾਵੇ, ਪਹਿਲੀ ਰਾਤ ਉਹ ਉਸ ਨੂੰ ਭੋਗੇਗਾ, ਅਗਲੇ ਦਿਨ ਤੋਂ ਉਹ ਆਪਣੇ ਪਤੀ ਕੋਲ ਜਾਵੇਗੀ। ਇਸ ਨੂੰ ਨੱਥ ਉਤਰਵਾਈ ਦੀ ਰਸਮ ਦਾ ਨਾਂ ਦਿੱਤਾ ਗਿਆ। ਕੀਤਾ ਇਸ ਤਰ੍ਹਾਂ ਜਾਂਦਾ ਸੀ ਕਿ ਜਿਸ ਲੜਕੀ ਦਾ ਵਿਆਹ ਹੁੰਦਾ, ਇਲਾਕੇ ਦੇ ਮੁਗਲ ਹਾਕਮ ਵੱਲੋਂ ਉਸ ਦੇ ਘਰ ਇਕ ਨੱਥ ਭੇਜੀ ਜਾਂਦੀ, ਜਿਸ ਨਾਲ ਉਸ ਲੜਕੀ ਨੂੰ ਸ਼ਿੰਗਾਰਿਆ ਜਾਂਦਾ। ਜਦੋਂ ਉਹ ਹਾਕਮ ਉਸ ਦੀ ਇਜ਼ਤ ਲੁਟਦਾ, ਤਾਂ ਉਹ ਨੱਥ ਉਤਾਰ ਕੇ ਉਸ ਨੂੰ ਇਕ ਕੋਕਾ ਪੁਆ ਦੇਂਦਾ, ਜੋ ਉਸ ਦੇ ਹਾਕਮ ਹਥੋਂ ਬੇਪੱਤ ਹੋਣ ਦਾ ਪ੍ਰਮਾਣ ਹੁੰਦਾ। ਇਸੇ ਕਰਕੇ ਇਸ ਨੂੰ ਨੱਥ ਉਤਰਵਾਈ ਦੀ ਰਸਮ ਕਿਹਾ ਜਾਂਦਾ ਸੀ। ਭਾਵੇਂ ਗੱਲ ਇਸ ਵਿੱਸ਼ੇ ਨਾਲ ਸਬੰਧਤ ਤਾਂ ਨਹੀਂ, ਪਰ ਅਤਿ ਸ਼ਰਮ ਦੀ ਗੱਲ ਹੈ ਅਤੇ ਅਜ਼ਾਦ ਭਾਰਤ ਦੇ ਨਾਂ ਤੇ ਇਹ ਇਕ ਵੱਡਾ ਕਲੰਕ ਹੈ ਕਿ ਅਜ਼ਾਦੀ ਦੇ 64 ਸਾਲ ਬਾਅਦ ਵੀ, ਅੱਜ ਵੀ ਕਈ ਲੜਕੀਆਂ ਨੂੰ ਜਿਸਮ ਵੇਚਣ ਦੇ ਧੰਦੇ ਵਿੱਚ ਲਾਇਆ ਜਾਂਦਾ ਹੈ। ਉਨ੍ਹਾਂ ਦੇ ਪਹਿਲੀ ਵਾਰੀ ਆਪਣੀ ਇਜ਼ਤ ਵੇਚਣ ਨੂੰ, ਅੱਜ ਵੀ ਨੱਥ ਉਤਰਵਾਈ ਕਿਹਾ ਜਾਂਦਾ ਹੈ। ਇਹ ਨੱਥ ਉਤਰਵਾਈ ਦਾ ਸ਼ਬਦ ਉਸੇ ਤੋਂ ਪ੍ਰਚੱਲਤ ਹੋਇਆ ਹੈ। ਹਿੰਦੂ ਕੌਮ ਵਿੱਚ ਰਾਤ ਨੂੰ ਵਿਆਹ ਕਰਨ ਦਾ ਰਿਵਾਜ਼ ਉਦੋਂ ਤੋਂ ਹੀ ਪਿਆ ਕਿ ਰਾਤੋ-ਰਾਤ ਵਿਆਹ ਕੇ ਕੁੜੀ ਤੋਰ ਦਿੱਤੀ ਜਾਵੇ, ਕਿਸੇ ਨੂੰ ਪਤਾ ਨਾ ਲੱਗੇ ਅਤੇ ਉਸ ਨੂੰ ਆਪਣੀ ਪੱਤ ਨਾ ਗੁਆਉਣੀ ਪਵੇ। ਅੱਜ ਇਸ ਨੂੰ ਇਕ ਪਵਿੱਤਰ ਕਰਮ ਕਿਹਾ ਜਾਂਦਾ ਹੈ ਕਿ ਤਾਰਿਆਂ ਦੀ ਛਾਵੇਂ ਬਰਾਤ ਆਵੇ ਅਤੇ ਤਾਰਿਆਂ ਦੀ ਛਾਵੇਂ ਹੀ ਡੋਲੀ ਜਾਵੇ, ਹੋਰ ਤਾਂ ਹੋਰ ਪੰਡਤ ਦਾ ਮਹੂਰਤ ਵੀ ਰਾਤ ਦਾ ਹੀ ਨਿਕਲਦਾ ਹੈ।
- ਹਿੰਦੂ ਝਟਕਾ ਨਹੀਂ ਕਰ ਸਕਦਾ, ਜੇ ਉਸ ਨੇ ਮਾਸ ਖਾਣਾ ਹੈ ਤਾਂ ਉਹ ਕੁੱਠਾ (ਹਲਾਲ) ਮਾਸ ਖਾਵੇ।

ਗੁਰੂ ਗੋਬਿੰਦ ਸਿੰਘ ਪਾਤਿਸ਼ਾਹ ਨੇ ਇਨ੍ਹਾਂ ਸਾਰੇ ਅਨੈਤਿਕ ਅਤੇ ਦੂਸਰੀਆਂ ਕੌਮਾਂ ਦੇ ਸਵੈਮਾਨ ਨੂੰ ਚੋਟ ਪਹੁੰਚਾਉਣ ਵਾਲੇ ਕਾਨੂੰਨਾਂ ਦਾ ਡੱਟ ਕੇ ਵਿਰੋਧ ਕੀਤਾ। ਸਤਿਗੁਰੂ ਨੇ ਆਪਣੇ ਸਿੱਖਾਂ ਨੂੰ ਆਦੇਸ਼ ਦਿੱਤਾ ਕਿ ਹਰ ਸਿੱਖ ਦਸਤਾਰ ਸਜਾਏਗਾ ਅਤੇ ਕੋਈ ਸਿੱਖ ਟੋਪੀ ਨਹੀਂ ਪਾਵੇਗਾ। ਰਹਿਤਨਾਮਾ ਭਾਈ ਪ੍ਰਹਲਾਦ ਸਿੰਘ ਵਿੱਚ ਵੀ ਇਸ ਪਰਥਾਏ ਇਕ ਪੰਕਤੀ ਆਉਂਦੀ ਹੈ:

'ਹੋਇ ਸਿਖ ਸਿਰ ਟੋਪੀ ਧਰੈ। ਸਾਤ ਜਨਮ ਕੁਸ਼ਟੀ ਹੁਇ ਮਰੈ।'(ਚੌਥੇ ਬੰਦ ਦੀ ਪਹਿਲੀ ਪੰਕਤੀ)

ਆਪਣੇ ਸਤਿਗੁਰੂ ਦੇ ਆਦੇਸ਼ਾਂ 'ਤੇ ਪਹਿਰਾ ਦੇਂਦੇ ਹੋਏ ਸਿੱਖ ਕੌਮ ਨੇ ਭਾਰਤ ਦੇ ਅੰਦਰ ਵੀ ਅਤੇ ਹੋਰ ਕਈ ਦੇਸ਼ਾਂ ਵਿੱਚ ਵੀ ਆਪਣੀ ਪੱਗ ਦੀ ਸ਼ਾਨ ਨੂੰ ਬਰਕਰਾਰ ਰੱਖਣ ਲਈ ਸੰਘਰਸ਼ ਕੀਤੇ ਹਨ ਅਤੇ ਲੋੜ ਪੈਣ 'ਤੇ ਅੱਜ ਵੀ ਕਰਦੀ ਹੈ।

ਇਸੇ ਤਰ੍ਹਾਂ ਸਤਿਗੁਰੂ ਨੇ ਆਦੇਸ਼ ਕੀਤਾ ਕਿ ਸਿੱਖ ਘੋੜੇ, ਘੋੜੀ ਦੀ ਸੁਆਰੀ ਕਰੇਗਾ, ਗਧੇ ਦੀ ਸੁਆਰੀ ਨਹੀਂ ਕਰੇਗਾ। ਤਨਖਾਹਨਾਮਾ ਭਾਈ ਨੰਦ ਲਾਲ ਵਿੱਚ ਇਸ ਪ੍ਰਥਾਏ ਇਹ ਪੰਕਤੀਆਂ ਅੰਕਤ ਹਨ:

ਖਾਲਸਾ ਸੋਇ ਜੋ ਚੜ੍ਹਹਿ ਤੁਰੰਗ। ਖਾਲਸਾ ਸੋ ਜੋ ਕਰੈ ਨਿਤ ਜੰਗ।
ਖਾਲਸਾ ਸੋਇ ਸ਼ਸਤ੍ਰ ਕਉ ਧਾਰੈ। ਖਾਲਸਾ ਸੋਇ ਦੁਸ਼ਟ ਕਉ ਮਾਰੈ।੩੧।

ਸਤਿਗੁਰੂ ਨੇ ਫੁਰਮਾਇਆ ਕਿ ਸਿੱਖ ਬੱਚੀਆਂ ਨੱਥ ਨਹੀਂ ਪਹਿਨਣਗੀਆਂ। ਭਾਵ ਸਿੱਖ ਬੱਚੀਆਂ ਦਾ ਡੋਲਾ ਕਿਸੇ ਨਵਾਬ ਦੇ ਘਰ ਨੱਥ ਉਤਰਵਾਈ ਦੀ ਰਸਮ ਕਰਾਉਣ ਅਤੇ ਆਪਣੀ ਪੱਤ ਲੁੱਟਵਾਉਣ ਲਈ ਨਹੀਂ ਜਾਵੇਗਾ। ਸਿੱਖ ਰਹਿਤ ਮਰਯਾਦਾ ਦੇ ਗੁਰਮਤਿ ਦੀ ਰਹਿਣੀ ਭਾਗ ਦੀ (ਚ) ਮੱਦ ਵਿੱਚ ਲਿਖਿਆ ਹੈ: 'ਸਿੱਖ ਮਰਦ ਅਥਵਾ ਇਸਤ੍ਰੀ ਨੂੰ ਨੱਕ ਕੰਨ ਛੇਦਣਾ ਮਨ੍ਹਾ ਹੈ।' ਇਹ ਇਸੇ ਕਰਕੇ ਮਨ੍ਹਾ ਕੀਤਾ ਗਿਆ ਕਿ ਮਰਦ, ਔਰਤਾਂ ਗੁਲਾਮੀ ਦੀ ਨਿਸ਼ਾਨੀ ਮੁਰਕੀਆਂ ਆਦਿ ਕੰਨਾਂ ਵਿੱਚ ਨਾ ਪਾਉਣ ਅਤੇ ਔਰਤ ਆਪਣੀ ਪਤ ਗੁਆਉਣ ਦੀ ਸੰਕੇਤਕ, ਨੱਕ ਵਿੱਚ ਨੱਥ, ਕੋਕਾ ਆਦਿ ਨਾ ਪਾਵੇ। ਰਹਿਤਨਾਮਾ ਭਾਈ ਪ੍ਰਹਲਾਦ ਸਿੰਘ ਵਿੱਚ ਇੰਝ ਲਿਖਿਆ ਹੈ:

ਕਾਨ ਕਟੇ ਅਰ ਤੁਰਕ ਕਾ, ਕਰੈ ਨ ਮੂਲ ਵਿਸਾਹੁ
ਜੋ ਸਿਖ ਸੋਂ ਹਿਤ ਨ ਕਰਹਿ, ਸੋ ਨਰਕਿ ਪਰਿ ਜਾਹੁ।੨੫।

ਕਾਨ ਕਟੇ ਦਾ ਭਾਵ ਹੈ ਜਿਸ ਨੇ ਕਨ ਛੇਦੇ ਹੋਣ। ਸਿੱਖ ਨੂੰ ਤਾਂ ਐਸੇ ਗੁਲਾਮ ਪ੍ਰਵਿਰਤੀ ਵਾਲੇ ਵਿਅਕਤੀ ਦਾ ਵਿਸਾਹ ਕਰਨ ਦੀ ਮਨਾਹੀ ਕਰ ਦਿੱਤੀ ਗਈ। ਇਸੇ ਇਤਿਹਾਸਕ ਕਾਰਨ ਕਰਕੇ ਹੀ ਸਿੱਖ ਕੌਮ ਅੰਦਰ ਨੱਥ ਅਤੇ ਕੋਕਾ ਆਦਿ ਪਾਉਣ ਦੀ ਮਨਾਹੀ ਕਰ ਦਿੱਤੀ ਗਈ।

ਇਸੇ ਇਤਿਹਾਸਕ ਸੰਧਰਭ ਵਿੱਚ ਹੀ ਕੁੱਠਾ ਮਾਸ ਖਾਣਾ ਮਨ੍ਹਾਂ ਕੀਤਾ ਗਿਆ ਹੈ। ਇਸ ਪਰਥਾਇ ਰਹਿਤਨਾਮਿਆਂ ਵਿੱਚ ਵੀ ਬਹੁਤ ਪ੍ਰਮਾਣ ਮਿਲਦੇ ਹਨ:

ਰਹਿਤਨਾਮਾ ਭਾਈ ਦਯਾ ਸਿੰਘ:
ਜੋ ਤੁਰਕ ਸੇ ਮਾਸ ਲੈਇਕੇ ਖਾਵੇ ਸੋ ਬੜਾ ਤਨਖਾਹੀਆ।

ਰਹਿਤਨਾਮਾ ਹਜ਼ੂਰੀ, ਭਾਈ ਚਉਪਾ ਸਿੰਘ ਛਿੱਬਰ:
ਜੋ ਕੁੱਠਾ ਖਾਏ, ਸੋ ਨੀਚ ਤਨਖਾਹੀਆ।

ਕੁਝ ਲੋਕ ਕਹਿਣਗੇ ਇਹ ਤਾਂ ਉਸ ਸਮੇਂ ਦੀ ਲੋੜ ਸੀ, ਅੱਜ ਇਸ ਦੀ ਕੋਈ ਮਹੱਤਤਾ ਨਹੀਂ ਰਹਿ ਗਈ, ਇਸ ਲਈ ਹੁਣ ਸਾਨੂੰ ਇਸ ਪ੍ਰਤੀ ਇਤਨੀ ਦ੍ਰਿੜਤਾ ਛੱਡ ਦੇਣੀ ਚਾਹੀਦੀ ਹੈ। ਇਹ ਸੰਘਰਸ਼ਾਂ ਦੀਆਂ ਯਾਦਾਂ ਹੁੰਦੀਆਂ ਹਨ ਜੋ ਕੌਮਾਂ ਦਾ ਕਲਚਰ ਬਣ ਜਾਂਦੀਆਂ ਹਨ। ਕਲਚਰ ਕੌਮਾਂ ਦੀ ਪਹਿਚਾਣ ਅਤੇ ਇਤਿਹਾਸ ਦੇ ਪ੍ਰਤੀਕ ਹੁੰਦੇ ਹਨ, ਕੌਮ ਦੀ ਵਿਲੱਖਣਤਾ ਬਣਾ ਕੇ ਰਖਣ ਲਈ ਇਨ੍ਹਾਂ ਦੀ ਸੰਭਾਲ ਕਰਨੀ ਜ਼ਰੂਰੀ ਹੁੰਦੀ ਹੈ। ਉਂਜ ਤਾਂ ਬਹੁਤੇ ਦੇਸ਼ਾਂ ਵਿੱਚ ਇਹ ਸਮੱਸਿਆ ਹੁਣ ਖਤਮ ਹੀ ਹੋ ਗਈ ਹੈ, ਕਿਉਂਕਿ ਉਥੇ ਮਸ਼ੀਨੀ ਝਟਕਾਘਰ(Slaughter House) ਖੁਲ੍ਹ ਗਏ ਹਨ, ਜਿਥੇ ਇਕੋ ਤਿੱਖੇ ਮਸ਼ੀਨੀਵਾਰ ਨਾਲ ਹੀ ਕੰਮ ਮੁੱਕ ਜਾਂਦਾ ਹੈ, ਹਾਲਾਂਕਿ ਮੁਸਲਮਾਨ ਵੀਰ ਆਪਣੀ ਤਸੱਲੀ ਲਈ ਕੋਲ ਬੈਠੇ ਕਲਮਾ

ਪੜ੍ਹੀ ਜਾਂਦੇ ਹਨ ਜਾਂ ਕੋਲ ਰਿਕਾਰਡ ਲਗਾ ਦੇਂਦੇ ਹਨ, ਉਨ੍ਹਾਂ ਦੇ ਇਨ੍ਹਾਂ ਮੰਤਰਾਂ ਦਾ, ਸਿੱਖ ਨੂੰ ਕੋਈ ਫਰਕ ਨਹੀਂ ਪੈਂਦਾ, ਕਿਉਂਕਿ ਅਸਲ ਵਿੱਚ ਤਾਂ ਇਹ ਝਟਕਾ ਹੀ ਹੁੰਦਾ ਹੈ। ਪਿਛਲੇ ਦਿਨੀਂ ਹੀ ਹਾਲੈਂਡ ਦੇਸ਼ ਨੇ ਤਾਂ ਇਹ ਕਨੂੰਨ ਬਣਾ ਦਿੱਤਾ ਹੈ ਕਿ ਉਥੇ ਕੋਈ ਹਲਾਲ ਕਰਨ ਦੇ ਨਾਂ 'ਤੇ, ਜੀਵ ਨੂੰ ਤੜਫਾ ਤੜਫਾ ਕੇ ਨਹੀਂ ਮਾਰ ਸਕਦਾ, ਕੇਵਲ ਮਸ਼ੀਨੀ ਝਟਕਾ ਹੀ ਹੋਵੇਗਾ।

ਦੂਸਰਾ ਸਿਧਾਂਤਕ ਪੱਖ ਹੈ। ਮੁਸਲਮਾਨ ਲੋਕਾਂ ਨੇ ਖਾਣ ਵਾਸਤੇ ਮਾਸ ਤਿਆਰ ਕਰਨ ਦੀ ਕ੍ਰਿਆ ਨੂੰ ਵੀ ਧਾਰਮਿਕ ਰੰਗਤ ਦਿੱਤੀ ਹੋਈ ਹੈ। ਉਹ ਜੀਵ ਨੂੰ ਹੌਲੀ-ਹੌਲੀ ਕੁਹ ਕੇ ਮਾਰਦੇ ਹਨ, ਜੀਵ ਤੜਫ-ਤੜਫ ਕੇ ਮਰਦਾ ਹੈ ਅਤੇ ਉਹ ਆਪਣੇ ਧਾਰਮਿਕ ਕਲਮੇ ਪੜ੍ਹਦੇ ਰਹਿੰਦੇ ਹਨ। ਇਸ ਕਰਕੇ ਸਿੱਖ ਕੌਮ ਵਿੱਚ ਇਸ ਦਾ ਨਾਮ ਕੁੱਠਾ(ਭਾਵ ਕੁਹਿ ਕੇ ਮਾਰਿਆ) ਰੱਖਿਆ ਗਿਆ ਹੈ, ਜਦਕਿ ਉਹ ਇਸ ਨੂੰ ਹਲਾਲ ਆਖਦੇ ਹਨ। ਗੁਰਬਾਣੀ ਸਾਰੀ ਮਨੁੱਖਤਾ ਦੀ ਤਰ੍ਹਾਂ, ਮੁਸਲਮਾਨ ਵੀਰਾਂ ਨੂੰ ਵੀ ਸਮਝਾਉਂਦੀ ਹੈ ਕਿ ਧਰਮਿਕ ਵਿਖਾਵੇ ਛੱਡਕੇ, ਧਰਮ ਦੇ ਸ਼ੁੱਭ ਗੁਣਾਂ ਨੂੰ ਜੀਵਨ ਵਿੱਚ ਅਪਨਾਓ। ਗੁਰੂ ਗ੍ਰੰਥ ਸਾਹਿਬ ਦੀ ਬਾਣੀ ਸਮਝਾਉਂਦੀ ਹੈ ਕਿ ਹਲਾਲ ਦਾ ਭਾਵ ਤਾਂ, ਆਪਣੀ ਮਿਹਨਤ ਦੀ ਜਾਇਜ਼ ਕਮਾਈ ਹੈ:

"ਹਕੁ ਹਲਾਲੁ ਬਖੋਰਹੁ ਖਾਣਾ ॥ ਦਿਲ ਦਰੀਆਉ ਧੋਵਹੁ ਮੈਲਾਣਾ ॥ ਪੀਰੁ ਪਛਾਣੈ ਭਿਸਤੀ ਸੋਈ ਅਜਰਾਈਲੁ ਨ ਦੋਜ ਠਰਾ ॥੧੧॥" {ਮਾਰੂ ਮਹਲਾ ੫, ਪੰਨਾ ੧੦੮੪}

ਹੇ ਖ਼ੁਦਾ ਦੇ ਬੰਦੇ ! ਹੱਕ ਦੀ ਕਮਾਈ ਕਰਿਆ ਕਰ—ਇਹ ਹੈ 'ਹਲਾਲ', ਇਹ, ਖਾਣਾ ਖਾਇਆ ਕਰ । (ਦਿਲ ਵਿਚੋਂ ਵਿਤਕਰੇ ਕੱਢ ਕੇ) ਦਿਲ ਨੂੰ ਦਰੀਆ ਬਣਾਣ ਦਾ ਜਤਨ ਕਰ, (ਇਸ ਤਰ੍ਹਾਂ) ਦਿਲ ਦੀ (ਵਿਕਾਰਾਂ ਦੀ) ਮੈਲ ਧੋਇਆ ਕਰ । ਹੇ ਅੱਲਾ ਦੇ ਬੰਦੇ ! ਜਿਹੜਾ ਮਨੁੱਖ ਆਪਣੇ ਗੁਰੂ-ਪੀਰ (ਦੇ ਹੁਕਮ) ਨੂੰ ਪਛਾਣਦਾ ਹੈ, ਉਹ ਬਹਿਸ਼ਤ ਦਾ ਹੱਕਦਾਰ ਬਣ ਜਾਂਦਾ ਹੈ, ਅਜ਼ਰਾਈਲ ਉਸ ਨੂੰ ਦੋਜ਼ਕ ਵਿਚ ਨਹੀਂ ਸੁੱਟਦਾ ।11।

ਇਸੇ ਤਰ੍ਹਾਂ ਗੁਰਬਾਣੀ ਵਿੱਚ, ਅਮਲੀ ਜੀਵਨ ਦੇ ਸ਼ੁਭ ਗੁਣਾਂ ਵਿੱਚੋਂ, ਹੱਕ ਦੀ ਕਮਾਈ ਵਾਸਤੇ ਹਲਾਲ ਸ਼ਬਦ ਬਾਰਬਾਰ ਆਇਆ ਹੈ:

"ਮਿਹਰ ਮਸੀਤਿ, ਸਿਦਕੁ ਮੁਸਲਾ, ਹਕ ਹਲਾਲੁ ਕੁਰਾਣੁ ॥ ਸਰਮ ਸੁੰਨਤਿ, ਸੀਲੁ ਰੋਜਾ, ਹੋਹੁ ਮੁਸਲਮਾਣੁ ॥ ਕਰਣੀ ਕਾਬਾ, ਸਚੁ ਪੀਰੁ, ਕਲਮਾ ਕਰਮ ਨਿਵਾਜ ॥ ਤਸਬੀ ਸਾ ਤਿਸੁ ਭਾਵਸੀ ਨਾਨਕ ਰਖੈ ਲਾਜ ॥੧॥" {ਸਲੋਕੁ ਮ: ੧, ਪੰਨਾ ੧੪੦}

(ਲੋਕਾਂ ਉੱਤੇ) ਤਰਸ ਦੀ ਮਸੀਤ (ਬਣਾਓ), ਸਰਧਾ ਨੂੰ ਮੁਸੱਲਾ ਤੇ ਹੱਕ ਦੀ ਕਮਾਈ ਨੂੰ ਕੁਰਾਨ (ਬਣਾਓ) । ਵਿਕਾਰ ਕਰਨ ਵਲੋਂ ਝਕਣਾ—ਇਹ ਸੁੰਨਤ ਹੋਵੇ, ਚੰਗਾ ਸੁਭਾਉ ਰੋਜ਼ਾ ਬਣੇ । ਇਸ ਤਰ੍ਹਾਂ (ਹੇ ਭਾਈ !) ਮੁਸਲਮਾਨ ਬਣ । ਉੱਚਾ ਆਚਰਣ ਕਾਬਾ ਹੋਵੇ, ਅੰਦਰੋਂ ਬਾਹਰੋਂ ਇਕੋ ਜਿਹੇ ਰਹਿਣਾ—ਪੀਰ ਹੋਵੇ, ਨੇਕ ਅਮਲਾਂ ਦੀ ਨਿਮਾਜ਼ ਤੇ ਕਲਮਾ ਬਣੇ । ਜੋ ਗੱਲ ਉਸ ਰੱਬ ਨੂੰ ਭਾਵੇ ਉਹੀ (ਸਿਰ ਮੱਥੇ ਤੇ ਮੰਨਣੀ, ਇਹ) ਤਸਬੀ ਹੋਵੇ । ਹੇ ਨਾਨਕ ! (ਅਜਿਹੇ ਮੁਸਲਮਾਨ ਦੀ ਰੱਬ) ਲਾਜ ਰੱਖਦਾ ਹੈ ।1।

"ਪੰਜਿ ਨਿਵਾਜਾ, ਵਖਤ ਪੰਜਿ, ਪੰਜਾ ਪੰਜੇ ਨਾਉ ॥ ਪਹਿਲਾ ਸਚੁ ਹਲਾਲੁ ਦੁਇ, ਤੀਜਾ ਖੈਰ ਖੁਦਾਇ ॥ ਚਉਥੀ ਨੀਅਤਿ ਰਾਸਿ ਮਨੁ, ਪੰਜਵੀ ਸਿਫਤਿ ਸਨਾਇ ॥ ਕਰਣੀ ਕਲਮਾ

ਆਖਿ ਕੈ, ਤਾ ਮੁਸਲਮਾਣੁ ਸਦਾਇ ॥ ਨਾਨਕ ਜੇਤੇ ਕੂੜਿਆਰ, ਕੂੜੈ ਕੂੜੀ ਪਾਇ ॥੩॥"
{ਮ: ੧, ਪੰਨਾ ੧੪੧}

(ਮੁਸਲਮਾਨਾਂ ਦੀਆਂ ਪੰਜ ਨਿਮਾਜ਼ਾਂ ਹਨ, (ਉਹਨਾਂ ਦੇ) ਪੰਜ ਵਕਤ ਹਨ ਤੇ ਪੰਜਾਂ ਹੀ ਨਿਮਾਜ਼ਾਂ ਦੇ (ਵਖੋ ਵਖਰੇ) ਪੰਜ ਨਾਮ । (ਪਰ ਅਸਾਡੇ ਮਤ ਵਿਚ ਅਸਲ ਨਿਮਾਜ਼ਾਂ ਇਉਂ ਹਨ—) ਸੱਚ ਬੋਲਣਾ ਨਮਾਜ਼ ਦਾ ਪਹਿਲਾ ਨਾਮ ਹੈ (ਭਾਵ, ਸਵੇਰ ਦੀ ਪਹਿਲੀ ਨਿਮਾਜ਼ ਹੈ), ਹੱਕ ਦੀ ਕਮਾਈ ਦੂਜੀ ਨਮਾਜ਼ ਹੈ, ਰੱਬ ਤੋਂ ਸਭ ਦਾ ਭਲਾ ਮੰਗਣਾ ਨਿਮਾਜ਼ ਦਾ ਤੀਜਾ ਨਾਮ ਹੈ । ਨੀਅਤਿ ਨੂੰ ਸਾਫ਼ ਕਰਨਾ ਮਨ ਨੂੰ ਸਾਫ਼ ਰੱਖਣਾ ਇਹ ਚਉਥੀ ਨਿਮਾਜ਼ ਹੈ ਤੇ ਪਰਮਾਤਮਾ ਦੀ ਸਿਫ਼ਤਿ-ਸਾਲਾਹ ਤੇ ਵਡਿਆਈ ਕਰਨੀ ਇਹ ਪੰਜਵੀਂ ਨਮਾਜ਼ ਹੈ । (ਇਹਨਾਂ ਪੰਜਾਂ ਨਮਾਜ਼ਾਂ ਦੇ ਨਾਲ ਨਾਲ) ਉੱਚਾ ਆਚਰਣ ਬਨਾਣ-ਰੂਪ ਕਲਮਾ ਪੜ੍ਹੇ ਤਾਂ (ਆਪਣੇ ਆਪ ਨੂੰ) ਮੁਸਲਮਾਨ ਅਖਵਾਏ (ਭਾਵ, ਤਾਂ ਹੀ ਸੱਚਾ ਮੁਸਲਮਾਨ ਅਖਵਾ ਸਕਦਾ ਹੈ) ।

ਹੇ ਨਾਨਕ ! (ਇਹਨਾਂ ਨਮਾਜ਼ਾਂ ਤੇ ਕਲਮੇ ਤੋਂ ਖੁੰਝੇ ਹੋਏ) ਜਿਤਨੇ ਭੀ ਹਨ ਉਹ ਕੂੜ ਦੇ ਵਪਾਰੀ ਹਨ ਤੇ ਕੂੜੇ ਦੀ ਇੱਜ਼ਤ ਭੀ ਕੂੜੀ ਹੀ ਹੁੰਦੀ ਹੈ ।3।

ਗੁਰਬਾਣੀ ਵਿੱਚ ਵੀ ਧਰਮ ਦੇ ਨਾਂ 'ਤੇ ਜੀਵ ਨੂੰ ਤੜਫਾ-ਤੜਫਾ ਕੇ ਮਾਰਨ ਦੀ ਨਿੰਦਾ ਕੀਤੀ ਗਈ ਹੈ। ਗੁਰਬਾਣੀ ਦਾ ਫੁਰਮਾਨ ਹੈ ਕਿ ਤੂੰ ਬਿਸਮਿਲਾਹ(ਭਾਵ:ਖੁਦਾ ਦੇ ਨਾਮ ਤੇ, ਅਲਾਹ ਦੇ ਵਾਸਤੇ) ਕਹਿ ਕੇ, ਧਰਮ ਦੇ ਨਾਂ ਤੇ ਕੁਰਬਾਨੀ ਦੇਣ ਦਾ ਪਖੰਡ ਕਰ ਕੇ ਜੀਵ 'ਤੇ ਜ਼ੁਲਮ ਕਰਕੇ ਮਾਰਦਾ ਹੈਂ ਅਤੇ ਇਸ ਨੂੰ ਹਲਾਲ ਆਖ ਦੇਂਦਾ ਹੈ, ਤੈਨੂੰ ਆਪਣੇ ਇਨ੍ਹਾਂ ਕਰਮਾਂ ਦਾ ਲੇਖਾ ਦੇਣਾ ਪਵੇਗਾ:

"ਕਬੀਰ ਜੋਰੀ ਕੀਏ ਜੁਲਮੁ ਹੈ, ਕਹਤਾ ਨਾਉ ਹਲਾਲੁ ॥ ਦਫਤਰਿ ਲੇਖਾ ਮਾਂਗੀਐ, ਤਬ ਹੋਇਗੋ ਕਉਨੁ ਹਵਾਲੁ ॥" {ਸਲੋਕ ਭਗਤ ਕਬੀਰ ਜੀਉ ਕੇ, ਪੰਨਾ ੧੩੭੪}

ਹੇ ਕਬੀਰ ! (ਮੁੱਲਾਂ ਨੂੰ ਦੱਸ ਕਿ) ਕਿਸੇ ਉਤੇ ਧੱਕਾ ਕਰਨਾ ਜ਼ੁਲਮ ਹੈ, (ਤੂੰ ਜਾਨਵਰ ਨੂੰ ਫੜ ਕੇ ਬਿਸਮਿੱਲਾ ਆਖ ਕੇ ਜ਼ਬਹ ਕਰਦਾ ਹੈਂ ਅਤੇ) ਤੂੰ ਆਖਦਾ ਹੈਂ ਕਿ ਇਹ (ਜ਼ਬਹ ਕੀਤਾ ਜਾਨਵਰ) ਰੱਬ ਦੇ ਨਾਮ ਤੇ ਕੁਰਬਾਨੀ ਦੇਣ ਦੇ ਲਾਇਕ ਹੋ ਗਿਆ ਹੈ (ਅਤੇ ਇਸ ਕੁਰਬਾਨੀ ਨਾਲ ਖ਼ੁਦਾ ਤੇਰੇ ਉਤੇ ਖ਼ੁਸ਼ ਹੋ ਗਿਆ ਹੈ); (ਪਰ ਇਹ ਮਾਸ ਤੂੰ ਆਪ ਹੀ ਖਾ ਲੈਂਦਾ ਹੈਂ । ਇਸ ਤਰ੍ਹਾਂ ਪਾਪ ਨਹੀਂ ਬਖ਼ਸ਼ੀਂਦੇ, ਕਦੇ ਸੋਚ ਕਿ) ਜਦੋਂ ਰੱਬ ਦੀ ਦਰਗਾਹ ਵਿਚ ਤੇਰੇ ਅਮਲਾਂ ਦਾ ਹਿਸਾਬ ਹੋਵੇਗਾ ਤਾਂ ਤੇਰਾ ਕੀਹ ਹਾਲ ਹੋਵੇਗਾ ।187।

ਇਸੇ ਤਰ੍ਹਾਂ ਗੁਰਬਾਣੀ ਵਿੱਚ ਕਈ ਪ੍ਰਮਾਣ ਹਨ, ਜਿਥੇ ਸਤਿਗੁਰੂ ਨੇ ਧਰਮ ਦੇ ਨਾਂ 'ਤੇ ਬਲੀਆਂ ਆਦਿ ਦੇਣ ਵਾਸਤੇ ਕੀਤੇ ਜਾ ਰਹੇ ਕਰਮਾਂ ਨੂੰ, ਭਾਵੇਂ ਉਹ ਕਿਸੇ ਕੌਮ ਵਲੋਂ ਵੀ ਕੀਤੇ ਜਾ ਰਹੇ ਹੋਣ, ਕਰੜਾਈ ਨਾਲ ਰੱਦ ਕੀਤਾ ਹੈ। ਜਿਵੇਂ:

"ਜੀਅ ਬਧਹੁ ਸੁ ਧਰਮੁ ਕਰਿ ਥਾਪਹੁ, ਅਧਰਮੁ ਕਹਹੁ ਕਤ ਭਾਈ ॥ ਆਪਸ ਕਉ ਮੁਨਿਵਰ ਕਰਿ ਥਾਪਹੁ, ਕਾ ਕਉ ਕਹਹੁ ਕਸਾਈ ॥੨॥"
{ਰਾਗ ਮਾਰੂ ਬਾਣੀ ਕਬੀਰ ਜੀਉ ਕੀ, ਪੰਨਾ ੧੧੦੩}

(ਹੇ ਪਾਂਡੇ ! ਇਕ ਪਾਸੇ ਤੁਸੀ ਮਾਸ ਖਾਣ ਨੂੰ ਨਿੰਦਦੇ ਹੋ; ਪਰ ਜੱਗ ਕਰਨ ਵੇਲੇ ਤੁਸੀ

ਭੀ) ਜੀਵ ਮਾਰਦੇ ਹੋ (ਕੁਰਬਾਨੀ ਦੇਣ ਲਈ, ਤੇ) ਇਸ ਨੂੰ ਧਰਮ ਦਾ ਕੰਮ ਸਮਝਦੇ ਹੋ। ਫਿਰ, ਹੇ ਭਾਈ! ਦੱਸੋ, ਪਾਪ ਕਿਹੜਾ ਹੈ? (ਜੱਗ ਕਰਨ ਵੇਲੇ ਤੁਸੀ ਆਪ ਭੀ ਜੀਵ-ਹਿੰਸਾ ਕਰਦੇ ਹੋ, ਪਰ) ਆਪਣੇ ਆਪ ਨੂੰ ਤੁਸੀ ਸ੍ਰੇਸ਼ਟ ਰਿਸ਼ੀ ਮਿਥਦੇ ਹੋ। (ਜੇ ਜੀਵ ਮਾਰਨ ਵਾਲੇ ਲੋਕ ਰਿਸ਼ੀ ਹੋ ਸਕਦੇ ਹਨ,) ਤਾਂ ਤੁਸੀ ਕਸਾਈ ਕਿਸ ਨੂੰ ਆਖਦੇ ਹੋ? (ਤੁਸੀ ਉਹਨਾਂ ਲੋਕਾਂ ਨੂੰ ਕਸਾਈ ਕਿਉਂ ਆਖਦੇ ਹੋ ਜੋ ਮਾਸ ਵੇਚਦੇ ਹਨ?) ।2।

"ਕੁਹਿ ਬਕਰਾ ਰਿੰਨਿ ਖਾਇਆ ਸਭੁ ਕੋ ਆਖੈ ਪਾਇ ॥" {ਮਃ ੧, ਪੰਨਾ ੪੭੧}

(ਘਰ ਆਏ ਹੋਏ ਸਾਰੇ ਅੰਗ-ਸਾਕਾਂ ਨੂੰ) ਬੱਕਰਾ ਮਾਰ ਕੇ ਤੇ ਰਿੰਨ੍ਹ ਕੇ ਖੁਆਇਆ ਜਾਂਦਾ ਹੈ; (ਘਰ ਦਾ) ਹਰੇਕ ਪ੍ਰਾਣੀ ਆਖਦਾ ਹੈ 'ਜਨੇਊ ਪਾਇਆ ਗਿਆ ਹੈ; ਜਨੇਊ ਪਾਇਆ ਗਿਆ ਹੈ'।

ਭਗਤ ਕਬੀਰ ਜੀ ਦਾ ਇਕ ਹੋਰ ਪ੍ਰਮਾਣ ਹੈ, ਜੋ ਇਹੀ ਧਰਮ ਦੇ ਨਾਂ 'ਤੇ ਬਲੀਆਂ ਦੇਣ ਨਾਲ ਸਬੰਧਤ ਹੈ ਪਰ ਇਸ ਨੂੰ ਵੀ ਠੀਕ ਤਰ੍ਹਾਂ ਸਮਝੇ ਬਗੈਰ, ਇਸ ਨੂੰ ਮਾਸ ਖਾਣ ਦੇ ਵਿਰੋਧ ਵਿੱਚ ਵਰਤ ਲਿਆ ਜਾਂਦਾ ਹੈ। ਹੇਠਾਂ ਇਸ ਸ਼ਬਦ ਦੀ ਰਹਾਉ ਦੀ ਪੰਕਤੀ ਸਮੇਤ ਦੋ ਬੰਦ(ਪਦੇ), ਪ੍ਰੋ. ਸਾਹਿਬ ਸਿੰਘ ਜੀ ਵਲੋਂ ਕੀਤੇ ਅਰਥਾਂ ਸਮੇਤ ਦਿੱਤੇ ਜਾ ਰਹੇ ਹਨ, ਜੋ ਆਪਣੇ ਆਪ ਵਿੱਚ ਬਿਲਕੁਲ ਸਪੱਸ਼ਟ ਹਨ:

"ਬੇਦ ਕਤੇਬ ਕਹਹੁ ਮਤ ਝੂਠੇ, ਝੂਠਾ ਜੋ ਨ ਬਿਚਾਰੈ ॥ ਜਉ ਸਭ ਮਹਿ ਏਕੁ ਖੁਦਾਇ ਕਹਤ ਹਉ, ਤਉ ਕਿਉ ਮੁਰਗੀ ਮਾਰੈ ॥੧॥ ਮੁਲਾਂ, ਕਹਹੁ ਨਿਆਉ ਖੁਦਾਈ ॥ ਤੇਰੇ ਮਨ ਕਾ ਭਰਮੁ ਨ ਜਾਈ ॥੧॥ ਰਹਾਉ ॥ ਪਕਰਿ ਜੀਉ ਆਨਿਆ, ਦੇਹ ਬਿਨਾਸੀ, ਮਾਟੀ ਕਉ ਬਿਸਮਿਲਿ ਕੀਆ ॥ ਜੋਤਿ ਸਰੂਪ ਅਨਾਹਤ ਲਾਗੀ, ਕਹੁ ਹਲਾਲੁ ਕਿਆ ਕੀਆ ॥"

(ਬਿਭਾਸ ਪ੍ਰਭਾਤੀ ਬਾਣੀ ਭਗਤ ਕਬੀਰ ਜੀ ਕੀ, ਪੰਨਾ ੧੩੫੦)

(ਹੇ ਹਿੰਦੂ ਤੇ ਮੁਸਲਮਾਨ ਵੀਰੋ!) ਵੇਦਾਂ ਜਾਂ ਕੁਰਾਨ ਆਦਿਕ (ਇਕ ਦੂਜੇ ਦੀਆਂ) ਧਰਮ-ਪੁਸਤਕਾਂ ਨੂੰ ਝੂਠੀਆਂ ਨਾਹ ਆਖੋ। ਝੂਠਾ ਤਾਂ ਉਹ ਬੰਦਾ ਹੈ ਜੋ ਇਹਨਾਂ ਧਰਮ-ਪੁਸਤਕਾਂ ਦੀ ਵਿਚਾਰ ਨਹੀਂ ਕਰਦਾ। (ਭਲਾ, ਹੇ ਮੁੱਲਾਂ!) ਜੇ ਤੂੰ ਇਹ ਆਖਦਾ ਹੈਂ ਕਿ ਖ਼ੁਦਾ ਸਭ ਜੀਵਾਂ ਵਿਚ ਮੌਜੂਦ ਹੈ ਤਾਂ (ਉਸ ਖ਼ੁਦਾ ਅੱਗੇ ਕੁਰਬਾਨੀ ਦੇਣ ਲਈ) ਮੁਰਗ਼ੀ ਕਿਉਂ ਮਾਰਦਾ ਹੈਂ? (ਕੀ ਉਸ ਮੁਰਗ਼ੀ ਵਿਚ ਉਹ ਆਪ ਨਹੀਂ ਹੈ? ਮੁਰਗ਼ੀ ਵਿਚ ਬੈਠੇ ਖ਼ੁਦਾ ਦੀ ਅੰਸ਼ ਨੂੰ ਮਾਰ ਕੇ ਖ਼ੁਦਾ ਦੇ ਅੱਗੇ ਹੀ ਭੇਟਾ ਕਰਨ ਦਾ ਕੀਹ ਭਾਵ ਹੈ? ।1।

ਹੇ ਮੁੱਲਾਂ! ਤੂੰ (ਹੋਰ ਲੋਕਾਂ ਨੂੰ ਤਾਂ) ਖ਼ੁਦਾ ਦਾ ਨਿਆਂ ਸੁਣਾਉਂਦਾ ਹੈਂ; ਪਰ ਤੇਰੇ ਆਪਣੇ ਮਨ ਦਾ ਭੁਲੇਖਾ ਅਜੇ ਦੂਰ ਹੀ ਨਹੀਂ ਹੋਇਆ ।1। ਰਹਾਉ।

ਹੇ ਮੁੱਲਾਂ! (ਮੁਰਗ਼ੀ ਆਦਿਕ) ਜੀਵ ਨੂੰ ਫੜ ਕੇ ਤੂੰ ਲੈ ਆਂਦਾ, ਉਸ ਦਾ ਸਰੀਰ ਤੂੰ ਨਾਸ ਕੀਤਾ, ਉਸ (ਦੇ ਜਿਸਮ) ਦੀ ਮਿੱਟੀ ਨੂੰ ਤੂੰ ਖ਼ੁਦਾ ਦੇ ਨਾਮ ਤੇ ਕੁਰਬਾਨ ਕੀਤਾ (ਭਾਵ, ਖ਼ੁਦਾ ਦੀ ਨਜ਼ਰ-ਭੇਟ ਕੀਤਾ)। ਪਰ ਹੇ ਮੁੱਲਾਂ! ਜੋ ਖ਼ੁਦਾ ਨਿਰਾ ਨੂਰ ਹੀ ਨੂਰ ਹੈ, ਤੇ ਜੋ ਅਵਿਨਾਸ਼ੀ ਹੈ ਉਸ ਦੀ ਜੋਤ ਤਾਂ ਹਰ ਥਾਂ ਮੌਜੂਦ ਹੈ, (ਉਸ ਮੁਰਗ਼ੀ ਵਿਚ ਭੀ ਹੈ ਜੋ ਤੂੰ ਖ਼ੁਦਾ ਦੇ ਨਾਮ ਤੇ ਕੁਰਬਾਨ ਕਰਦਾ ਹੈਂ) ਤਾਂ ਫਿਰ, ਦੱਸ, ਤੂੰ ਰੱਬ ਦੇ ਨਾਮ ਤੇ ਕੁਰਬਾਨੀ ਦੇਣ ਦੇ ਲਾਇਕ ਕਿਹੜੀ ਚੀਜ਼ ਬਣਾਈ? ।2।

ਗੁਰਬਾਣੀ ਨੂੰ ਸਮੂਹਕ ਰੂਪ ਵਿੱਚ ਸਮਝੇ ਬਗੈਰ, ਐਸੇ ਕੁਝ ਪ੍ਰਮਾਣਾ ਤੋਂ, ਕਈ ਲੋਕ ਆਪੇ ਇਹ ਭਾਵ ਕੱਢ ਲੈਂਦੇ ਹਨ ਕਿ ਸਿੱਖ ਕੌਮ ਵਿੱਚ ਮਾਸ ਖਾਣ ਦੀ ਮਨਾਹੀ ਹੈ। ਗੱਲ ਬਿਲਕੁਲ, 'ਨੀਮ ਹਕੀਮ ਖਤਰਾਏ ਜਾਨ' ਵਾਲੀ ਹੈ। ਨਤੀਜਾ ਇਹ ਹੈ ਕਿ ਅੱਜ ਸਿੱਖ ਕੌਮ ਵਿੱਚ ਮਾਸ ਖਾਣ ਜਾਂ ਨਾ ਖਾਣ ਦਾ ਵਾਧੂ ਵਿਵਾਦ ਖੜਾ ਕਰ ਦਿੱਤਾ ਗਿਆ ਹੈ। ਜੇ ਸੱਚ ਮੁੱਚ ਗੁਰਮਤਿ ਸਿਧਾਂਤ ਨੂੰ ਸਮਝਣਾ ਹੋਵੇ ਤਾਂ ਇਸ ਬਾਰੇ ਗੁਰੂ ਗ੍ਰੰਥ ਸਾਹਿਬ ਦੇ ਪੰਨਾ 1289-90 'ਤੇ ਗੁਰੂ ਨਾਨਕ ਸਾਹਿਬ ਦੀ ਉਚਾਰਨ ਕੀਤੀ ਮਲਾਰ ਦੀ ਵਾਰ ਦੀ ਪੰਜੀਵੀਂ ਪਉੜੀ ਨਾਲ ਅੰਕਤ ਦੋ ਸਲੋਕ ਹੀ ਇਤਨੇ ਸਪੱਸ਼ਟ ਹਨ, ਕਿ ਜੇ ਕੋਈ ਇਨ੍ਹਾਂ ਨੂੰ ਵਿਚਾਰ ਕੇ ਸਮਝ ਲਵੇ, ਤਾਂ ਕੋਈ ਦੁਬਿਧਾ ਨਹੀਂ ਰਹਿੰਦੀ। ਇਸ ਵਿੱਚੋਂ ਕੁਝ ਪੰਕਤੀਆਂ ਹੇਠਾਂ ਸੰਕੇਤਕ ਦਿੱਤੀਆਂ ਜਾ ਰਹੀਆਂ ਹਨ:

"ਪਹਿਲਾਂ ਮਾਸਹੁ ਨਿੰਮਿਆ ਮਾਸੈ ਅੰਦਰਿ ਵਾਸੁ ॥ ਜੀਉ ਪਾਇ ਮਾਸੁ ਮੁਹਿ ਮਿਲਿਆ ਹਡੁ ਚੰਮੁ ਤਨੁ ਮਾਸੁ ॥ ਮਾਸਹੁ ਬਾਹਰਿ ਕਢਿਆ ਮੰਮਾ ਮਾਸੁ ਗਿਰਾਸੁ ॥ ਮੁਹੁ ਮਾਸੈ ਕਾ ਜੀਭ ਮਾਸੈ ਕੀ ਮਾਸੈ ਅੰਦਰਿ ਸਾਸੁ ॥" (ਸਲੋਕ ਮਃ ੧, ਪੰਨਾ ੧੨੮੯)

ਸਭ ਤੋਂ ਪਹਿਲਾਂ ਮਾਸ (ਭਾਵ, ਪਿਤਾ ਦੇ ਵੀਰਜ) ਤੋਂ ਹੀ (ਜੀਵ ਦੀ ਹਸਤੀ ਦਾ) ਮੁੱਢ ਬੱਝਦਾ ਹੈ, (ਫਿਰ) ਮਾਸ (ਭਾਵ, ਮਾਂ ਦੇ ਪੇਟ) ਵਿਚ ਹੀ ਇਸ ਦਾ ਵਸੇਬਾ ਹੁੰਦਾ ਹੈ; ਜਦੋਂ (ਪੁਤਲੇ ਵਿਚ) ਜਾਨ ਪੈਂਦੀ ਹੈ ਤਾਂ ਵੀ (ਜੀਭ-ਰੂਪ) ਮਾਸ ਮੂੰਹ ਵਿਚ ਮਿਲਦਾ ਹੈ (ਇਸ ਦੇ ਸਰੀਰ ਦੀ ਸਾਰੀ ਹੀ ਘਾੜਤ) ਹੱਡ ਚੰਮ ਸਰੀਰ ਸਭ ਕੁਝ ਮਾਸ (ਹੀ ਬਣਦਾ ਹੈ) । ਜਦੋਂ (ਮਾਂ ਦੇ ਪੇਟ-ਰੂਪ) ਮਾਸ ਵਿਚੋਂ ਬਾਹਰ ਭੇਜਿਆ ਜਾਂਦਾ ਹੈ ਤਾਂ ਭੀ ਮੰਮਾ (-ਰੂਪ) ਮਾਸ ਖ਼ੁਰਾਕ ਮਿਲਦੀ ਹੈ; ਇਸ ਦਾ ਮੂੰਹ ਭੀ ਮਾਸ ਦਾ ਹੈ ਜੀਭ ਭੀ ਮਾਸ ਦੀ ਹੈ, ਮਾਸ ਵਿਚ ਸਾਹ ਲੈਂਦਾ ਹੈ।

"ਮਾਸੁ ਮਾਸੁ ਕਰਿ ਮੂਰਖੁ ਝਗੜੇ ਗਿਆਨੁ ਧਿਆਨੁ ਨਹੀ ਜਾਣੈ ॥ ਕਉਣੁ ਮਾਸੁ ਕਉਣੁ ਸਾਗੁ ਕਹਾਵੈ ਕਿਸੁ ਮਹਿ ਪਾਪ ਸਮਾਣੇ ॥" (ਮਃ ੧, ਪੰਨਾ ੧੨੮੯)

(ਆਪਣੇ ਵਲੋਂ ਮਾਸ ਦਾ ਤਿਆਗੀ) ਮੂਰਖ (ਪੰਡਿਤ) ਮਾਸ ਮਾਸ ਆਖ ਕੇ ਚਰਚਾ ਕਰਦਾ ਹੈ, ਪਰ ਨਾਹ ਇਸ ਨੂੰ ਆਤਮਕ ਜੀਵਨ ਦੀ ਸਮਝ ਨਾਹ ਇਸ ਨੂੰ ਸੁਰਤਿ ਹੈ (ਨਹੀਂ ਤਾਂ ਇਹ ਗਹੁ ਨਾਲ ਵਿਚਾਰੇ ਕਿ) ਮਾਸ ਤੇ ਸਾਗ ਵਿਚ ਕੀਹ ਫ਼ਰਕ ਹੈ, ਤੇ ਕਿਸ (ਦੇ ਖਾਣ) ਵਿਚ ਪਾਪ ਹੈ ।(ਕਿਉਂ ਕਿ ਦੋਵੇਂ ਹੀ ਜੀਵ ਹਨ, ਦੋਵਾਂ ਵਿੱਚ ਹੀ ਜਾਨ ਹੈ)

"ਅੰਧਾ ਸੋਇ ਜਿ ਅੰਧੁ ਕਮਾਵੈ ਤਿਸੁ ਰਿਦੈ ਸਿ ਲੋਚਨ ਨਾਹੀ ॥ ਮਾਤ ਪਿਤਾ ਕੀ ਰਕਤੁ ਨਿਪੰਨੇ ਮਛੀ ਮਾਸੁ ਨ ਖਾਂਹੀ ॥" (ਮਃ ੧, ਪੰਨਾ ੧੨੯੦)

(ਜੇ ਕਹੋ ਅੰਨ੍ਹਾ ਕੌਣ ਹੈ ਤਾਂ) ਅੰਨ੍ਹਾ ਉਹ ਹੈ ਜੋ ਅੰਨ੍ਹਿਆਂ ਵਾਲਾ ਕੰਮ ਕਰਦਾ ਹੈ, ਜਿਸ ਦੇ ਦਿਲ ਵਿਚ ਉਹ ਅੱਖਾਂ ਨਹੀਂ ਹਨ (ਭਾਵ, ਜੋ ਸਮਝ ਤੋਂ ਸੱਖਣਾ ਹੈ), (ਨਹੀਂ ਤਾਂ ਸੋਚਣ ਵਾਲੀ ਗੱਲ ਹੈ ਕਿ ਆਪ ਭੀ ਤਾਂ) ਮਾਂ ਤੇ ਪਿਉ ਦੀ ਰੱਤ ਤੋਂ ਹੀ ਹੋਏ ਹਨ ਤੇ ਮੱਛੀ (ਆਦਿਕ) ਦੇ ਮਾਸ ਤੋਂ ਪਰਹੇਜ਼ ਕਰਦੇ ਹਨ।

ਕਈ ਲੋਕ ਆਖਦੇ ਹਨ ਕਿ ਇਹ ਪੰਕਤੀਆਂ ਤਾਂ ਸਤਿਗੁਰੂ ਨੇ ਉਨ੍ਹਾਂ ਪੰਡਿਤਾਂ ਪ੍ਰਤੀ ਉਚਾਰਣ ਕੀਤੀਆਂ ਹਨ, ਜੋ ਮਾਸ ਦੇ ਨਾਂ ਤੋਂ ਹੀ ਨੱਕ ਮੂੰਹ ਵਟੱਣ ਲੱਗ ਪੈਂਦੇ ਸਨ, ਹਾਲਾਂਕਿ

ਜੇ ਉਨ੍ਹਾਂ ਲੋਕਾਂ ਨੂੰ ਵੇਖੋ ਤਾਂ ਸ਼ਾਇਦ, ਕਿਸੇ ਪੰਡਿਤ ਨੇ ਵੀ ਕਦੇ ਇਤਨੀ ਨਫਰਤ ਨਾ ਕੀਤੀ ਹੋਵੇ, ਜਿਤਨੀ ਉਹ ਕਰਦੇ ਹਨ। ਕੋਈ ਇਨ੍ਹਾਂ ਨੂੰ ਪੁੱਛੇ ਕਿ ਕੀ ਸਤਿਗੁਰੂ ਨੇ ਇਹ ਚਾਹਿਆ ਸੀ ਕਿ ਉਹ ਪੰਡਿਤ ਸਤਿਗੁਰੂ ਦਾ ਇਲਾਹੀ ਗਿਆਨ ਲੈਕੇ, ਇਹ ਭਰਮ ਔਰ ਨਫਰਤ ਤਿਆਗ ਦੇਣ, ਤੇ ਗੁਰੂ ਦੇ ਸਿੱਖ ਕਹਾਉਣ ਵਾਲੇ ਸ਼ੁਰੂ ਕਰ ਦੇਣ? ਅਸਲ ਵਿੱਚ ਇਨ੍ਹਾਂ ਨੂੰ ਆਪਣੇ ਡੇਰਿਆਂ, ਜੱਥਿਆਂ ਅਤੇ ਟਕਸਾਲਾਂ ਦੇ ਅਖੌਤੀ ਮਹਾਂਪੁਰਖਾਂ 'ਤੇ ਵਧੇਰੇ ਵਿਸ਼ਵਾਸ ਹੈ ਅਤੇ ਗੁਰੂ ਗ੍ਰੰਥ ਸਾਹਿਬ ਦੇ ਬਚਨਾਂ 'ਤੇ ਘੱਟ। ਇਸ ਲਈ ਇਹ ਆਪਣੇ ਅਖੌਤੀ ਮਹਾਂਪੁਰਖਾਂ ਦੀ ਗੱਲ ਨੂੰ ਠੀਕ ਸਾਬਤ ਕਰਨ ਲਈ ਗੁਰਬਾਣੀ ਦੀਆਂ ਪੰਕਤੀਆਂ ਦੀ ਗਲਤ ਵਿਆਖਿਆ ਅਤੇ ਅਰਥ ਕਰਨ ਤੋਂ ਵੀ ਨਹੀਂ ਝਿਜਕਦੇ। ਇਥੇ ਇਕ ਗੱਲ ਹੋਰ ਸਮਝ ਲੈਣੀ ਜ਼ਰੂਰੀ ਹੈ ਕਿ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਕਿਤੇ ਵੀ ਆਪਾ-ਵਿਰੋਧੀ ਨਹੀਂ ਹੈ। ਜੇ ਕਿਤੇ ਗੁਰਬਾਣੀ ਦੀਆਂ ਪੰਕਤੀਆਂ ਵਿੱਚ ਕੋਈ ਆਪਾ-ਵਿਰੋਧ ਜਾਪਦਾ ਹੋਵੇ ਤਾਂ ਸਪੱਸ਼ਟ ਪੰਕਤੀਆਂ ਨੂੰ ਅਧਾਰ ਬਣਾ ਕੇ ਦੂਸਰੀਆਂ ਨੂੰ ਵਿਚਾਰਣ ਦੀ ਲੋੜ ਹੈ। ਜੋ ਕੁਝ ਹੋਰ ਪ੍ਰਮਾਣ ਇਨ੍ਹਾਂ ਪੰਕਤੀਆਂ ਦੇ ਵਿਰੋਧ ਵਿੱਚ ਦਿੱਤੇ ਜਾਂਦੇ ਹਨ, ਉਹ ਇਸ ਸੰਧਰਭ ਵਿੱਚ ਨਹੀਂ ਹਨ। ਜਿਵੇਂ:

"ਜੇ ਰਤੁ ਲਗੈ ਕਪੜੈ ਜਾਮਾ ਹੋਇ ਪਲੀਤੁ ॥ ਜੋ ਰਤੁ ਪੀਵਹਿ ਮਾਣਸਾ ਤਿਨ ਕਿਉ ਨਿਰਮਲੁ ਚੀਤੁ ॥" {ਸਲੋਕੁ ਮ: ੧, ਪੰਨਾ ੧੪੦}

ਜੇ ਜਾਮੇ ਨੂੰ ਲਹੂ ਲੱਗ ਜਾਵੇ, ਤਾਂ ਜਾਮਾ ਪਲੀਤ ਹੋ ਜਾਂਦਾ ਹੈ, (ਪਰ) ਜੋ ਬੰਦੇ ਮਨੁੱਖਾਂ ਦਾ ਲਹੂ ਪੀਂਦੇ ਹਨ (ਭਾਵ, ਧੱਕਾ ਕਰ ਕੇ ਹਰਾਮ ਦੀ ਕਮਾਈ ਖਾਂਦੇ ਹਨ) ਉਹਨਾਂ ਦਾ ਮਨ ਕਿਵੇਂ ਪਾਕ (ਸਾਫ਼) ਰਹਿ ਸਕਦਾ ਹੈ?

ਜੋ ਲੋਕ ਇਸ ਪ੍ਰਮਾਣ ਨੂੰ ਮਾਸ ਖਾਣ ਵਾਲੇ ਮਸਲੇ ਨਾਲ ਜੋੜਨਾ ਚਾਹੁੰਦੇ ਹਨ, ਉਹ ਜ਼ਬਰਦਸਤੀ 'ਮਾਣਸ' ਸ਼ਬਦ ਦਾ ਅਰਥ ਜੀਵ ਕੱਢ ਲੈਂਦੇ ਹਨ ਪਰ ਗੁਰਬਾਣੀ ਦੇ ਅਨੇਕਾਂ ਪ੍ਰਮਾਣ ਹਨ, ਜਿਥੋਂ ਸਾਫ ਪਤਾ ਲਗਦਾ ਹੈ ਕਿ ਮਾਣਸ ਸ਼ਬਦ ਕੇਵਲ ਮਨੁਖਾਂ ਵਾਸਤੇ ਵਰਤਿਆ ਗਿਆ ਹੈ, ਜਿਵੇਂ:

"ਭਾਈ ਰੇ, ਇਉ ਸਿਰਿ ਜਾਣਹੁ ਕਾਲੁ ॥ ਜਿਉ ਮਛੀ ਤਿਉ ਮਾਣਸਾ ਪਵੈ ਅਚਿੰਤਾ ਜਾਲੁ ॥" {ਸਿਰੀਰਾਗੁ ਮਹਲਾ ੧, ਪੰਨਾ ੫੫}

ਹੇ ਭਾਈ ! ਆਪਣੇ ਸਿਰ ਉੱਤੇ ਮੌਤ ਨੂੰ ਇਉਂ ਹੀ ਸਮਝੋ ਜਿਵੇਂ ਮੱਛੀ ਨੂੰ ਅਚਨਚੇਤ (ਮਾਛੀ ਦਾ) ਜਾਲ ਆ ਪੈਂਦਾ ਹੈ, ਤਿਵੇਂ ਮਨੁੱਖਾਂ ਦੇ ਸਿਰ ਉੱਤੇ ਅਚਨਚੇਤ ਮੌਤ ਆ ਪੈਂਦੀ ਹੈ ।

"ਆਸਾੜੁ ਤਪੰਦਾ ਤਿਸੁ ਲਗੈ, ਹਰਿ ਨਾਹੁ ਨ ਜਿੰਨਾ ਪਾਸਿ ॥ ਜਗਜੀਵਨ ਪੁਰਖੁ ਤਿਆਗਿ ਕੈ, ਮਾਣਸ ਸੰਦੀ ਆਸ ॥" {ਬਾਰਹ ਮਾਹਾ ਮਾਝ ਮਹਲਾ ੫, ਪੰਨਾ ੧੩੪}

ਹਾੜ ਦਾ ਮਹੀਨਾ ਉਸ ਜੀਵ ਨੂੰ ਤਪਦਾ ਪ੍ਰਤੀਤ ਹੁੰਦਾ ਹੈ (ਉਹ ਬੰਦੇ ਹਾੜ ਦੇ ਮਹੀਨੇ ਵਾਂਗ ਤਪਦੇ-ਕਲਪਦੇ ਰਹਿੰਦੇ ਹਨ) ਜਿਨ੍ਹਾਂ ਦੇ ਹਿਰਦੇ ਵਿਚ ਪ੍ਰਭੂ-ਪਤੀ ਨਹੀਂ ਵੱਸਦਾ, ਜੇਹੜੇ ਜਗਤ-ਦੇ-ਸਹਾਰੇ ਪਰਮਾਤਮਾ (ਦਾ ਆਸਰਾ) ਛੱਡ ਕੇ ਬੰਦਿਆਂ ਦੀਆਂ ਆਸਾਂ ਬਣਾਈ ਰੱਖਦੇ ਹਨ ।

"ਧੰਨੁ ਸੁ ਮਾਣਸ ਦੇਹੀ ਪਾਈ ਜਿਤੁ ਪ੍ਰਭਿ ਅਪਨੈ ਮੇਲਿ ਲੀਓ ॥"

{ਆਸਾ ਮਹਲਾ ੫, ਪੰਨਾ ੩੮੨}

ਹੇ ਨਾਨਕ ! (ਆਖ—) ਮੈਨੂੰ ਭਾਗਾਂ ਵਾਲਾ ਮਨੁਖਾ ਸਰੀਰ ਮਿਲਿਆ ਜਿਸ ਦੀ ਬਰਕਤਿ ਨਾਲ ਪ੍ਰਭੂ ਨੇ ਮੈਨੂੰ ਆਪਣੇ ਚਰਨਾਂ ਵਿਚ ਜੋੜ ਲਿਆ।

ਹੁਣ ਇਹ ਗੱਲ ਆਪ ਹੀ ਸਮਝ ਲਈਏ ਕਿ ਸਮਾਜ ਵਿੱਚ, ਮਨੁੱਖਾਂ ਦਾ ਲਹੂ ਕਿਵੇਂ ਪੀਤਾ ਜਾਂਦਾ ਹੈ? ਉਸ ਦਾ ਇਕੋ ਤਰੀਕਾ ਹੈ, ਉਨ੍ਹਾਂ ਦਾ ਹੱਕ ਮਾਰ ਕੇ। ਹੇਠਲੇ ਪ੍ਰਮਾਣ ਵੀ ਅਕਸਰ ਮਾਸ ਦੇ ਸੰਧਰਭ ਵਿੱਚ ਵਰਤਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ ਪਰ ਜੇ ਇਸ ਗੱਲ ਦੀ ਸਮਝ ਪੈ ਜਾਵੇ ਤਾਂ ਸਾਰੇ ਭੁਲੇਖੇ ਦੂਰ ਹੋ ਜਾਂਦੇ ਹਨ:

"ਹਕੁ ਪਰਾਇਆ ਨਾਨਕਾ, ਉਸ ਸੂਅਰੁ ਉਸ ਗਾਇ ॥ ਗੁਰੁ ਪੀਰੁ ਹਾਮਾ ਤਾ ਭਰੇ, ਜਾ ਮੁਰਦਾਰੁ ਨ ਖਾਇ ॥" {ਮ: ੧, ਪੰਨਾ ੧੪੧}

ਹੇ ਨਾਨਕ ! ਪਰਾਇਆ ਹੱਕ ਮੁਸਲਮਾਨ ਲਈ ਸੂਰ ਤੇ ਹਿੰਦੂ ਲਈ ਗਾਂ ਖਾਣ ਬਰਾਬਰ ਹੈ । ਗੁਰੂ ਪੈਗੰਬਰ ਤਾਂ ਹੀ ਸਿਫ਼ਾਰਿਸ਼ ਕਰਦਾ ਹੈ ਜੇ ਮਨੁੱਖ ਪਰਾਇਆ ਹੱਕ ਨਾਹ ਵਰਤੇ ।

"ਕੂੜੁ ਬੋਲਿ ਮੁਰਦਾਰੁ ਖਾਇ ॥ ਅਵਰੀ ਨੋ ਸਮਝਾਵਣਿ ਜਾਇ ॥"

{ਸਲੋਕੁ ਮ: ੧, ਪੰਨਾ ੧੪੦}

(ਜੋ ਮਨੁੱਖ) ਝੂਠ ਬੋਲ ਕੇ (ਆਪ ਤਾਂ) ਦੂਜਿਆਂ ਦਾ ਹੱਕ ਖਾਂਦਾ ਹੈ ਤੇ ਹੋਰਨਾਂ ਨੂੰ ਸਿੱਖਿਆ ਦੇਣ ਜਾਂਦਾ ਹੈ (ਕਿ ਝੂਠ ਨਾਹ ਬੋਲੋ)।

ਇਨ੍ਹਾਂ ਪ੍ਰਮਾਣਾਂ ਵਿੱਚ ਕਿਸੇ ਦਾ ਹੱਕ ਮਾਰਨ ਦੀ ਮਨਾਹੀ ਕੀਤੀ ਗਈ ਹੈ ਅਤੇ ਉਸੇ ਪਰਾਏ ਹੱਕ ਨੂੰ ਮੁਰਦਾਰ ਆਖਿਆ ਗਿਆ ਹੈ, ਜੋ ਅੱਜ ਬਹੁਤੇ ਸਿੱਖ ਅਖਵਾਉਣ ਵਾਲੇ ਵੀ ਸ਼ੌਕ ਨਾਲ ਖਾ ਰਹੇ ਹਨ। ਕੁਝ ਇਕ ਹੋਰ ਸ਼ਬਦ ਵੀ ਹਨ ਜਿਨ੍ਹਾਂ ਨੂੰ ਪੂਰੀ ਤਰ੍ਹਾਂ ਸਮਝੇ ਬਗ਼ੈਰ, ਭੁਲੇਖਾ ਪਾਉਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ, ਜਿਵੇਂ:

"ਕਬੀਰ ਭਾਂਗ ਮਾਛੁਲੀ ਸੁਰਾ ਪਾਨਿ ਜੋ ਜੋ ਪ੍ਰਾਨੀ ਖਾਂਹਿ ॥ ਤੀਰਥ ਬਰਤ ਨੇਮ ਕੀਏ, ਤੇ ਸਭੈ ਰਸਾਤਲਿ ਜਾਂਹਿ ॥" {ਸਲੋਕ ਭਗਤ ਕਬੀਰ ਜੀਉ ਕੇ, ਪੰਨਾ ੧੩੭੭}

ਹੇ ਕਬੀਰ ! ਜੇ ਲੋਕ 'ਵਿਖਾਵੇ ਵਾਸਤੇ ਤਾਂ ਧਾਰਮਿਕ ਕਰਮ ਵੀ ਕਰਦੇ ਹਨ ਤੇ ਅਸਲ ਵਿੱਚ ਉਨ੍ਹਾਂ ਦਾ ਜੀਵਨ ਵਿਕਾਰੀ ਹੈ (ਭਾਵ, ਸਤਸੰਗ ਵਿਚ ਭੀ ਜਾਂਦੇ ਹਨ ਤੇ ਸ਼ਰਾਬ-ਕਬਾਬ ਭੀ ਖਾਂਦੇ ਪੀਂਦੇ ਹਨ, ਵਿਕਾਰ ਭੀ ਕਰਦੇ ਹਨ) ਉਹਨਾਂ ਦੇ ਉਹ ਤੀਰਥ ਵਰਤ ਆਦਿਕ ਵਾਲੇ ਸਾਰੇ ਕਰਮ ਬਿਲਕੁਲ ਵਿਅਰਥ ਜਾਂਦੇ ਹਨ ।

ਸੋ ਇਥੇ ਇਹ ਸ਼ਬਦ ਬਿਲਕੁਲ ਉਵੇਂ ਵਰਤੇ ਗਏ ਹਨ, ਜਿਵੇਂ ਅਸੀਂ ਆਮ ਤੌਰ 'ਤੇ ਕਿਸੇ ਗੈਰ-ਇਖਲਾਕੀ, ਸ਼ਰਾਬੀ ਬੰਦੇ ਵਾਸਤੇ 'ਸ਼ਰਾਬੀ-ਕਬਾਬੀ' ਸ਼ਬਦ ਵਰਤ ਲੈਂਦੇ ਹਾਂ। ਨਹੀਂ ਤਾਂ ਇਥੇ ਸ਼ਰਾਬ ਅਤੇ ਭੰਗ ਦੋਹਾਂ ਦੀ ਗੱਲ ਨਾ ਕੀਤੀ ਜਾਂਦੀ, ਕਿਉਂਕਿ ਅਕਸਰ ਦੋਵੇਂ ਇਕੱਠੇ ਨਹੀਂ ਪੀਤੇ ਜਾਂਦੇ।

ਇਥੇ ਇਕ ਹੋਰ ਅਤਿ ਮਹੱਤਵਪੂਰਨ ਗੱਲ ਸਪੱਸ਼ਟ ਕਰਨੀ ਜ਼ਰੂਰੀ ਹੈ। ਪਾਹੁਲ ਛਕਾਉਣ ਸਮੇਂ ਕਈ ਪੰਜ ਪਿਆਰਿਆਂ ਦੀ ਸੇਵਾ ਨਿਭਾ ਰਹੇ ਸਿੰਘ, ਰਹਿਤ ਦ੍ਰਿੜ ਕਰਾਉਣ ਲਗੇ, ਪੰਥ-ਪ੍ਰਵਾਨਤ ਰਹਿਤ ਵਿੱਚ ਆਪਣੇ ਵਲੋਂ ਵਾਧ-ਘਾਟ ਕਰ ਦੇਂਦੇ ਹਨ, ਜਿਵੇਂ ਆਮ ਵੇਖਿਆ ਜਾਂਦਾ ਹੈ ਕਿ ਕੁਝ ਪੰਜ ਪਿਆਰੇ ਆਪਣੀਆਂ ਭਾਵਨਾਵਾਂ ਅਨੁਸਾਰ ਜਾਂ ਆਪਣੇ ਡੇਰਿਆਂ ਦੀਆਂ ਮਰਯਾਦਾ ਮੁਤਾਬਿਕ ਕੁੱਠਾ ਖਾਣ ਦੀ ਬਜਾਏ ਮਾਸ ਖਾਣ ਦੀ ਮਨਾਹੀ ਕਰ ਦੇਂਦੇ ਹਨ, ਜਿਸ ਨਾਲ ਪਾਹੁਲ ਛੱਕਣ ਵਾਲਾ ਪ੍ਰਾਣੀ ਅਕਸਰ ਦੁਬਿਧਾ ਵਿੱਚ ਫਸ ਜਾਂਦਾ ਹੈ। ਪਹਿਲਾਂ ਤਾਂ ਇਹ ਸਮਝਣ ਦੀ ਲੋੜ ਹੈ ਕਿ ਉਨ੍ਹਾਂ ਨੂੰ ਐਸਾ ਕਰਨ ਦਾ ਕੋਈ ਅਧਿਕਾਰ ਨਹੀਂ। ਪੰਥ-ਪ੍ਰਵਾਨਤ ਰਹਿਤ ਮਰਯਾਦਾ ਵਿੱਚ ਤਬਦੀਲੀ ਕਰਨ ਦਾ ਅਧਿਕਾਰ ਕਿਸੇ ਵੀ ਵਿਅਕਤੀ ਨੂੰ ਨਹੀਂ, ਜੇ ਉਹ ਐਸਾ ਕਰਦੇ ਹਨ ਤਾਂ ਉਹ ਆਪ ਆਪਣੀ ਅਧਿਕਾਰ ਸੀਮਾਂ ਤੋਂ ਬਾਹਰ ਜਾ ਰਹੇ ਹਨ ਅਤੇ ਆਪ ਦੋਸ਼ੀ ਹਨ। ਐਸੇ ਆਪਹੁਦਰੇ, ਦੋਸ਼ੀ ਵਿਅਕਤੀ ਦਾ ਆਪਣੇ ਵੱਲੋਂ ਤਿਆਰ ਕੀਤਾ ਕੋਈ ਵੀ ਆਦੇਸ਼, ਕਿਸੇ ਰੂਪ ਵਿੱਚ ਵੀ ਮੰਨਣ-ਯੋਗ ਨਹੀਂ। ਜੇ ਇਹ ਸੋਚ ਕੇ ਕਿ ਇਹ ਆਦੇਸ਼ ਪੰਜ ਪਿਆਰਿਆਂ ਨੇ ਕੀਤਾ ਹੈ ਅਤੇ ਪੰਜ ਪਿਆਰੇ ਗੁਰੂ ਰੂਪ ਹਨ, ਉਨ੍ਹਾਂ ਦੀ ਗੱਲ ਮੰਨਣੀ ਸ਼ੁਰੂ ਕਰ ਦਿੱਤੀ ਤਾਂ ਪੰਥ ਵਿੱਚ ਮਨਮਰਜੀ ਦੀਆਂ ਕਈ ਮਰਯਾਦਾ ਚੱਲ ਪੈਣਗੀਆਂ ਅਤੇ ਪੰਥ ਵੀ ਕਈ ਬਣ ਜਾਣਗੇ, ਜੋ ਕਿ ਅੱਜ ਵਾਪਰ ਵੀ ਰਿਹਾ ਹੈ। ਪਾਹੁਲ ਛਕਣ ਵਾਲੇ ਵਿਅਕਤੀ ਨੂੰ ਇਹ ਸਮਝ ਲੈਣਾ ਚਾਹੀਦਾ ਹੈ ਕਿ ਉਹ ਪਾਹੁਲ ਗੁਰੂ ਦੀ ਛੱਕ ਰਿਹਾ ਹੈ, ਕਿਸੇ ਵਿਅਕਤੀ, ਜਥੇ, ਕਾਲਜ, ਟਕਸਾਲ ਜਾਂ ਡੇਰੇ ਦੀ ਨਹੀਂ, ਇਸ ਲਈ ਮਰਯਾਦਾ ਵੀ ਗੁਰੂ ਦੀ ਹੀ ਅਪਨਾਉਣੀ ਹੈ, ਹਰ ਪਾਹੁਲ ਛੱਕਣ ਵਾਲੇ ਪ੍ਰਾਣੀ ਨੂੰ ਪੰਥ-ਪ੍ਰਵਾਨਤ ਮਰਯਾਦਾ ਅਤੇ ਗੁਰੂ ਗ੍ਰੰਥ ਸਾਹਿਬ ਦੇ ਸਿਧਾਂਤਾਂ 'ਤੇ ਹੀ ਦ੍ਰਿੜਤਾ ਨਾਲ ਪਹਿਰਾ ਦੇਣਾ ਚਾਹੀਦਾ ਹੈ।

ਇਕ ਪਾਸੇ ਤਾਂ ਉਹ ਲੋਕ ਹਨ ਜੋ ਸਤਿਗੁਰੂ ਦੇ ਸਪੱਸ਼ਟ ਬਚਨਾਂ ਦੇ ਬਾਵਜੂਦ ਵੀ, ਮਾਸ ਖਾਣ ਜਾਂ ਨਾ ਖਾਣ ਦਾ, ਝਗੜਾ ਪਾਕੇ ਬੈਠੇ ਹਨ, ਦੂਸਰੇ ਪਾਸੇ ਉਹ ਹਨ, ਜੋ ਰਹਿਤ ਮਰਯਾਦਾ ਦੇ ਕੁੱਠਾ ਮਾਸ ਬਾਰੇ ਇਸ ਨਿਰਣੇ ਨੂੰ ਕੋਈ ਮਹੱਤਤਾ ਨਹੀਂ ਦੇਂਦੇ। ਕੁਝ ਸਾਲ ਪਹਿਲੇ ਪਾਕਿਸਤਾਨ ਦੇ ਗੁਰਧਾਮਾਂ ਦੇ ਦਰਸ਼ਨ ਕਰਨ ਜਾਣ ਦਾ ਮੌਕਾ ਮਿਲਿਆ। ਉਥੇ ਪੰਜਾਬ ਸੂਬੇ(ਪਾਕਿਸਤਾਨ) ਦੇ ਮੁੱਖ ਮੰਤਰੀ ਵਲੋਂ ਜਥੇ ਦੇ ਕੁਝ ਵਿਸ਼ੇਸ਼ ਲੋਕਾਂ ਵਾਸਤੇ ਖਾਸ ਖਾਣੇ ਦਾ ਪ੍ਰਬੰਧ ਕੀਤਾ ਗਿਆ ਸੀ, ਜਿਸ ਵਿੱਚ ਦਾਸ ਵੀ ਸ਼ਾਮਲ ਸੀ। ਉਥੇ ਬਹੁਤੇ ਭੋਜਨ ਮਾਸ ਵਾਲੇ ਸਨ। ਮੁਸਲਮਾਨ ਕੌਮ ਆਪਣੇ ਅਕੀਦਿਆਂ ਤੇ ਇਤਨੀ ਪੱਕੀ ਹੈ ਕਿ ਕਦੇ ਕੋਈ ਮੁਸਲਮਾਨ ਕਿਸੇ ਹਾਲਤ ਵਿੱਚ ਵੀ ਝਟਕਾ ਬਨਾਉਣਾ ਜਾਂ ਖਾਣਾ ਪ੍ਰਵਾਨ ਨਹੀਂ ਕਰੇਗਾ, ਪਰ ਉਥੇ ਹੈਰਾਨਗੀ ਹੋਈ ਕਿ ਸਾਰੇ ਕ੍ਰਿਪਾਨਾਂ ਵਾਲੇ ਹਲਾਲ ਮਾਸ ਨੂੰ ਖਾਣ ਲਈ ਟੁੱਟ ਕੇ ਪਏ ਹੋਏ ਸਨ।

ਜੇ ਅਸੀਂ ਇਤਿਹਾਸਕ ਕਾਰਨਾਂ ਕਰਕੇ ਸਤਿਗੁਰੂ ਦੀ ਦਿੱਤੀ ਇਸ ਆਗਿਆ ਕਿ ਸਿੱਖ ਨੇ ਸਿਰ ਤੇ ਟੋਪੀ ਨਹੀਂ ਪਾਉਣੀ, ਵਾਸਤੇ ਦੁਨੀਆਂ ਭਰ ਵਿੱਚ ਸੰਘਰਸ਼ ਕਰ ਰਹੇ ਹਾਂ ਤਾਂ ਕੁੱਠਾ ਨਾ ਖਾਣ ਦਾ ਫੈਸਲਾ ਤਾਂ ਇਤਿਹਾਸਕ ਵੀ ਹੈ ਅਤੇ ਸਿਧਾਂਤਕ ਵੀ ਅਤੇ ਇਸ 'ਤੇ ਵੀ ਦ੍ਰਿੜਤਾ ਨਾਲ ਪਹਿਰਾ ਦੇਣ ਦੀ ਲੋੜ ਹੈ।

ਪਰ-ਇਸਤ੍ਰੀ ਜਾਂ ਪਰ-ਪੁਰਸ਼ ਦਾ ਗਮਨ

ਤੀਸਰੀ ਬਜਰ ਕੁਰਹਿਤ ਹੈ, 'ਪਰ-ਇਸਤ੍ਰੀ ਜਾਂ ਪਰ-ਪੁਰਸ਼ ਦਾ ਗਮਨ'। ਜਿਵੇਂ-ਜਿਵੇਂ

ਗੁਰਬਾਣੀ ਵਿਚਾਰ ਕੇ ਪੜ੍ਹੀਏ, ਇਹ ਗੱਲ ਸਮਝ ਆਈ ਜਾਂਦੀ ਹੈ ਕਿ ਗੁਰਬਾਣੀ ਮਨੁੱਖ ਨੂੰ ਵਿਕਾਰਾਂ ਤੋਂ ਮੁਕਤ ਕਰਾਕੇ, ਇਕ ਉੱਚੇ-ਸੁੱਚੇ ਜੀਵਨ ਵਾਲਾ ਆਦਰਸ਼ ਮਨੁੱਖ ਬਣਾਉਂਦੀ ਹੈ। ਇਥੇ ਇਹ ਗੱਲ ਵੀ ਸਮਝਣ ਵਾਲੀ ਹੈ ਕਿ ਸਿੱਖੀ ਵਿੱਚ ਪੰਜ ਵਿਕਾਰਾਂ ਨੂੰ ਮਾਰਨ ਦੀ ਨਹੀਂ ਬਲਕਿ ਵੱਸ ਵਿੱਚ ਰਖਣ ਦੀ ਸਿਖਿਆ ਹੈ। ਇਹੀ ਗੱਲ ਗੁਰੂ ਨਾਨਕ ਪਾਤਿਸ਼ਾਹ ਨੇ ਜੋਗੀਆਂ ਨੂੰ ਸਮਝਾਈ ਹੈ ਕਿ ਅਸਲ ਉਂਚਾ ਆਚਰਣ ਘਰ-ਬਾਰ ਛੱਡ ਕੇ ਜੰਗਲਾਂ ਜਾਂ ਪਹਾੜਾਂ ਵੱਲ ਨੱਸ ਜਾਣਾ ਨਹੀਂ, ਬਲਕਿ ਸਮਾਜ ਵਿੱਚ ਰਹਿ ਕੇ ਆਪਣੇ ਪੰਜਾਂ ਵਿਕਾਰਾਂ ਨੂੰ ਵੱਸ ਵਿੱਚ ਰੱਖਣਾ ਹੈ। ਸਤਿਗੁਰੂ ਬਖਸ਼ਿਸ਼ ਕਰਦੇ ਸਮਝਾਉਂਦੇ ਹਨ:

"ਸੁਣਿ ਮਾਛਿੰਦ੍ਰਾ ਨਾਨਕੁ ਬੋਲੈ ॥ ਵਸਗਤਿ ਪੰਚ ਕਰੇ ਨਹ ਡੋਲੈ ॥ ਐਸੀ ਜੁਗਤਿ ਜੋਗ ਕਉ ਪਾਲੇ ॥ ਆਪਿ ਤਰੈ ਸਗਲੇ ਕੁਲ ਤਾਰੇ ॥੧॥" {ਰਾਮਕਲੀ ਮਹਲਾ ੧, ਪੰਨਾ ੯੭੭}

ਨਾਨਕ ਆਖਦਾ ਹੈ—ਹੇ ਮਾਛਿੰਦ੍ਰ ! ਸੁਣ । (ਅਸਲ ਵਿਰਕਤ ਕਾਮਾਦਿਕ) ਪੰਜੇ ਵਿਕਾਰਾਂ ਨੂੰ ਆਪਣੇ ਵੱਸ ਵਿਚ ਕਰੀ ਰੱਖਦਾ ਹੈ (ਇਹਨਾਂ ਦੇ ਸਾਹਮਣੇ) ਉਹ ਕਦੇ ਡੋਲਦਾ ਨਹੀਂ । ਉਹ ਵਿਰਕਤ ਇਸ ਤਰ੍ਹਾਂ ਦੀ ਜੀਵਨ-ਜੁਗਤਿ ਨੂੰ ਸੰਭਾਲ ਰੱਖਦਾ ਹੈ, ਇਹੀ ਹੈ ਉਸ ਦਾ ਜੋਗ-ਸਾਧਨ । (ਇਸ ਜੁਗਤਿ ਨਾਲ ਉਹ) ਆਪ (ਸੰਸਾਰ-ਸਮੁੰਦਰ ਦੇ ਵਿਕਾਰਾਂ ਵਿਚੋਂ) ਪਾਰ ਲੰਘ ਜਾਂਦਾ ਹੈ, ਤੇ ਆਪਣੀਆਂ ਸਾਰੀਆਂ ਕੁਲਾਂ ਨੂੰ ਭੀ ਪਾਰ ਲੰਘਾ ਲੈਂਦਾ ਹੈ ।1।

ਇਨ੍ਹਾਂ ਪੰਜ ਵਿਕਾਰਾਂ ਵਿੱਚੋਂ ਇਕ ਬਹੁਤ ਪ੍ਰਬਲ ਕਾਮ ਹੈ। ਇਕ ਪਾਸੇ ਜਿਥੇ ਇਹ ਸੰਸਾਰਕ ਉਤਪਤੀ ਅਤੇ ਵਾਧੇ ਦਾ ਸਾਧਨ ਹੈ, ਇਸਤ੍ਰੀ-ਪੁਰਸ਼ ਦੇ ਵਿਵਾਹਿਤ ਜੀਵਨ ਦਾ ਥੰਮ ਹੈ, ਦੂਸਰੇ ਪਾਸੇ ਇਸ ਦਾ ਵੇਗ ਕਾਬੂ ਵਿੱਚ ਨਾ ਰੱਖਿਆ ਜਾਵੇ ਅਤੇ ਇਸ ਦੀ ਦੁਰਵਰਤੋਂ ਕੀਤੀ ਜਾਵੇ, ਤਾਂ ਇਹ ਮਨੁੱਖਾ ਜੀਵਨ ਨੂੰ ਬਰਬਾਦ ਕਰ ਸਕਦਾ ਹੈ, ਜਿਸਦਾ ਸਿੱਧਾ ਅਸਰ ਮਨੁੱਖੀ ਸਮਾਜ ਤੇ ਪੈਂਦਾ ਹੈ। ਸਤਿਗੁਰੂ ਦਾ ਫੁਰਮਾਨ ਹੈ:

"ਹੇ ਕਾਮੰ ਨਰਕ ਬਿਸ੍ਰਾਮੰ, ਬਹੁ ਜੋਨੀ ਭ੍ਰਮਾਵਣਹ ॥ ਚਿਤ ਹਰਣੰ ਤ੍ਰੈ ਲੋਕ ਗੰਮ੍ਹੰ, ਜਪ ਤਪ ਸੀਲ ਬਿਦਾਰਣਹ ॥ ਅਲਪ ਸੁਖ ਅਵਿਤ, ਚੰਚਲ, ਊਚ ਨੀਚ ਸਮਾਵਣਹ ॥ ਤਵ ਭੈ ਬਿਮੁੰਚਿਤ ਸਾਧ ਸੰਗਮ, ਓਟ ਨਾਨਕ ਨਾਰਾਇਣਹ ॥੪੬॥"

(ਸਲੋਕ ਸਹਸਕ੍ਰਿਤੀ ਮਹਲਾ ੫, ਪੰਨਾ ੧੩੫੮)

ਹੇ ਕਾਮ ! ਤੂੰ (ਜੀਵਾਂ ਨੂੰ ਆਪਣੇ ਵੱਸ ਵਿਚ ਕਰ ਕੇ) ਨਰਕ ਵਿਚ ਅਪੜਾਣ ਵਾਲਾ ਹੈਂ ਅਤੇ ਕਈ ਜੂਨਾਂ ਵਿਚ ਭਟਕਾਣ ਵਾਲਾ ਹੈਂ । ਤੂੰ ਜੀਵਾਂ ਦੇ ਮਨ ਭਰਮਾ ਲੈਂਦਾ ਹੈਂ, ਤਿੰਨਾਂ ਹੀ ਲੋਕਾਂ ਵਿਚ ਤੇਰੀ ਪਹੁੰਚ ਹੈ, ਤੂੰ ਜੀਵਾਂ ਦੇ ਜਪ ਤਪ ਤੇ ਸੁੱਧ ਆਚਰਨ ਨਾਸ ਕਰ ਦੇਂਦਾ ਹੈਂ । ਹੇ ਚੰਚਲ ਕਾਮ ! ਤੂੰ ਸੁਖ ਤਾਂ ਥੋੜਾ ਹੀ ਦੇਂਦਾ ਹੈਂ, ਪਰ ਇਸੇ ਨਾਲ ਤੂੰ ਜੀਵਾਂ ਨੂੰ (ਸੁੱਧ ਆਚਰਨ ਦੇ) ਧਨ ਤੋਂ ਸੱਖਣਾ ਕਰ ਦੇਂਦਾ ਹੈਂ । ਜੀਵ ਉੱਚੇ ਹੋਣ, ਨੀਵੇਂ ਹੋਣ, ਸਭਨਾਂ ਵਿਚ ਤੂੰ ਪਹੁੰਚ ਜਾਂਦਾ ਹੈਂ । ਸਾਧ ਸੰਗਤਿ ਵਿਚ ਪਹੁੰਚਿਆਂ ਤੇਰੇ ਡਰ ਤੋਂ ਖ਼ਲਾਸੀ ਮਿਲਦੀ ਹੈ । ਹੇ ਨਾਨਕ ! (ਸਾਧ ਸੰਗ ਵਿਚ ਜਾ ਕੇ) ਪ੍ਰਭੂ ਦੀ ਸਰਨ ਲੈ ।46।

ਇਸੇ ਕਰਕੇ ਸਤਿਗੁਰੂ ਨੇ ਸਿੱਖ ਨੂੰ ਸਮਝਾਇਆ ਹੈ ਕਿ ਤੂੰ ਗ੍ਰਿਹਸਤ ਨਹੀਂ ਤਿਆਗਣਾ, ਲੇਕਿਨ ਕੇਵਲ ਆਪਣੀ ਇਸਤ੍ਰੀ 'ਤੇ ਪੂਰਨ ਸੰਤੋਖ ਰਖਣਾ ਹੈ। ਪਰਾਈ ਇਸਤ੍ਰੀ ਨਾਲ

ਸਬੰਧ ਬਨਾਉਣ ਦੀ ਗੁਰਬਾਣੀ ਵਿੱਚ ਸਖਤ ਮਨਾਹੀ ਕੀਤੀ ਗਈ ਹੈ। ਪਾਵਨ ਗੁਰਬਾਣੀ ਸਮਝਾਉਂਦੀ ਹੈ:

"ਜੈਸਾ ਸੰਗੁ ਬਿਸੀਅਰ ਸਿਉ ਹੈ ਰੇ ਤੈਸੋ ਹੀ ਇਹੁ ਪਰ ਗ੍ਰਿਹੁ ॥"
{ਆਸਾ ਮਹਲਾ ੫, ਪੰਨਾ ੪੦੩}

ਹੇ ਅੰਨ੍ਹੇ ! ਪਰਾਈ ਇਸਤ੍ਰੀ ਦਾ ਸੰਗ ਇਉਂ ਹੀ ਹੈ ਜਿਵੇਂ ਸੱਪ ਨਾਲ ਸਾਥ ਹੈ ।

"ਪਰ ਤ੍ਰਿਅ ਰਾਵਣਿ ਜਾਹਿ ਸੇਈ ਤਾ ਲਾਜੀਅਹਿ ॥ ਨਿਤਪ੍ਰਤਿ ਹਿਰਹਿ ਪਰ ਦਰਬੁ ਛਿਦ੍ਰ ਕਤ ਢਾਕੀਅਹਿ ॥" (ਫੁਨਹੇ ਮਹਲਾ ੫, ਪੰਨਾ ੧੩੬੨)

ਹੇ ਭਾਈ ! ਜਿਹੜੇ ਮਨੁੱਖ ਪਰਾਈ ਇਸਤ੍ਰੀ ਭੋਗਣ ਜਾਂਦੇ ਹਨ, ਉਹ (ਪ੍ਰਭੂ ਦੀ ਹਜ਼ੂਰੀ ਵਿਚ) ਜ਼ਰੂਰ ਸ਼ਰਮਸਾਰ ਹੁੰਦੇ ਹਨ । ਜਿਹੜੇ ਮਨੁੱਖ ਸਦਾ ਪਰਾਇਆ ਧਨ ਚੁਰਾਂਦੇ ਰਹਿੰਦੇ ਹਨ (ਹੇ ਭਾਈ ! ਉਹਨਾਂ ਦੇ ਇਹ) ਕੁਕਰਮ ਕਿੱਥੇ ਲੁਕੇ ਰਹਿ ਸਕਦੇ ਹਨ ?

ਸਤਿਗੁਰੂ ਸਮਝਾਉਂਦੇ ਹਨ ਕਿ ਇਹ ਕੁਕਰਮ ਕਰਨ ਵਾਸਤੇ ਤੂੰ ਦੁਨਿਆਵੀ ਤੌਰ 'ਤੇ ਜਿਤਨੇ ਮਰਜੀ ਪੜਦੇ ਪਾ ਲਵੇਂ, ਪਰ ਤੇਰੇ ਇਹ ਕਰਮ ਅਕਾਲ-ਪੁਰਖ ਕੋਲੋਂ ਕਦੇ ਨਹੀਂ ਲੁੱਕ ਸਕਦੇ ਅਤੇ ਅਕਾਲ-ਪੁਰਖ ਦੇ ਅਟੱਲ ਨੇਮ ਅਨੁਸਾਰ ਤੈਨੂੰ ਤੇਰੇ ਇਨ੍ਹਾਂ ਨੀਚ ਕਰਮਾਂ ਦੀ ਸਜ਼ਾ ਵੀ ਜ਼ਰੂਰ ਭੁਗਤਣੀ ਪਵੇਗੀ। ਸਤਿਗੁਰੂ ਦੇ ਫੁਰਮਾਨ ਹਨ:

"ਦੇਇ ਕਿਵਾੜ ਅਨਿਕ ਪੜਦੇ ਮਹਿ ਪਰ ਦਾਰਾ ਸੰਗਿ ਫਾਕੈ ॥ ਚਿਤ੍ਰ ਗੁਪਤੁ ਜਬ ਲੇਖਾ ਮਾਗਹਿ ਤਬ ਕਉਣੁ ਪੜਦਾ ਤੇਰਾ ਢਾਕੈ ॥੩॥" {ਸੋਰਠਿ ਮਹਲਾ ੫, ਪੰਨਾ ੬੧੬}

(ਮਾਇਆ ਦੇ ਮੋਹ ਦੇ ਹਨੇਰੇ ਵਿਚ ਫਸਿਆ ਮਨੁੱਖ) ਦਰਵਾਜ਼ੇ ਬੰਦ ਕਰਕੇ ਅਨੇਕਾਂ ਪਰਦਿਆਂ ਦੇ ਪਿੱਛੇ ਪਰਾਈ ਇਸਤ੍ਰੀ ਨਾਲ ਕੁਕਰਮ ਕਰਦਾ ਹੈ । (ਪਰ, ਹੇ ਭਾਈ !) ਜਦੋਂ (ਧਰਮ ਰਾਜ ਦੇ ਦੂਤ) ਚਿੱਤ੍ਰ ਅਤੇ ਗੁਪਤ (ਤੇਰੀਆਂ ਕਰਤੂਤਾਂ ਦਾ) ਹਿਸਾਬ ਮੰਗਣਗੇ, ਤਦੋਂ ਕੋਈ ਭੀ ਤੇਰੀਆਂ ਕਰਤੂਤਾਂ ਉਤੇ ਪਰਦਾ ਨਹੀਂ ਪਾ ਸਕੇਗਾ ।3।

"ਲੈ ਫਾਹੇ ਰਾਤੀ ਤੁਰਹਿ ਪ੍ਰਭੁ ਜਾਣੈ ਪ੍ਰਾਣੀ ॥ ਤਕਹਿ ਨਾਰਿ ਪਰਾਈਆ ਲੁਕਿ ਅੰਦਰਿ ਠਾਣੀ ॥ ਸੰਨ੍ਹੀ ਦੇਨਿ ਵਿਖੰਮ ਥਾਇ ਮਿਠਾ ਮਦੁ ਮਾਣੀ ॥ ਕਰਮੀ ਆਪੋ ਆਪਣੀ ਆਪੇ ਪਛੁਤਾਣੀ ॥ ਅਜਰਾਈਲੁ ਫਰੇਸਤਾ ਤਿਲ ਪੀੜੇ ਘਾਣੀ ॥੨੭॥" {ਪਉੜੀ ੫, ਪੰਨਾ ੩੧੫}

ਮਨੁੱਖ ਰਾਤ ਨੂੰ ਫਾਹੇ ਲੈ ਕੇ (ਪਰਾਏ ਘਰਾਂ ਨੂੰ ਲੁੱਟਣ ਲਈ) ਤੁਰਦੇ ਹਨ (ਪਰ) ਪ੍ਰਭੂ ਉਹਨਾਂ ਨੂੰ ਜਾਣਦਾ ਹੈ, ਅੰਦਰਲੇ ਥਾਈਂ ਲੁਕ ਕੇ ਪਰਾਈਆਂ ਇਸਤ੍ਰੀਆਂ ਵਲ ਤੱਕਦੇ ਹਨ, ਔਖੇ ਥਾਈਂ ਸੰਨ੍ਹ ਲਾਉਂਦੇ ਹਨ ਤੇ ਸ਼ਰਾਬ ਨੂੰ ਮਿੱਠਾ ਕਰ ਕੇ ਮਾਣਦੇ ਹਨ । (ਅੰਤ ਨੂੰ) ਆਪੋ ਆਪਣੇ ਕੀਤੇ ਕਰਮਾਂ ਅਨੁਸਾਰ ਆਪ ਹੀ ਪਛਤਾਉਂਦੇ ਹਨ, (ਕਿਉਂਕਿ) ਮੌਤ ਦਾ ਫ਼ਰਿਸ਼ਤਾ ਮਾੜੇ ਕੰਮ ਕਰਨ ਵਾਲਿਆਂ ਨੂੰ ਇਉਂ ਪੀੜਦਾ ਹੈ ਜਿਵੇਂ ਘਾਣੀ ਵਿਚ ਤਿਲ ।27।

ਇਹ ਨਹੀਂ ਕਿ ਕੇਵਲ ਮਰਦ ਨੂੰ ਹੀ ਇਨ੍ਹਾਂ ਵਿਕਾਰਾਂ ਵਿੱਚ ਗਲਤਾਨ ਹੋਣ ਤੋਂ ਮਨਾਹੀ ਕੀਤੀ ਹੈ, ਗੁਰਬਾਣੀ ਔਰਤ ਨੂੰ ਵੀ ਸਮਝਾਉਂਦੀ ਹੈ:

"ਢੂਢੇਦੀਏ ਸੁਹਾਗ ਕੂ, ਤਉ ਤਨਿ ਕਾਈ ਕੋਰ ॥ ਜਿਨ੍ਹਾ ਨਾਉ ਸੁਹਾਗਣੀ, ਤਿਨ੍ਹਾ ਝਾਕ ਨ ਹੋਰ ॥"

{ਸਲੋਕ ਸੇਖ ਫਰੀਦ ਕੇ, ਪੰਨਾ ੧੩੮੪}

ਸੁਹਾਗ ਨੂੰ ਭਾਲਣ ਵਾਲੀਏ ਤੇਰੇ ਆਪਣੇ ਅੰਦਰ ਹੀ ਕੋਈ ਕਸਰ ਹੈ। ਜਿਨ੍ਹਾਂ ਦਾ ਨਾਮ 'ਸੋਹਾਗਣਾਂ' ਹੈ ਉਹਨਾਂ ਦੇ ਅੰਦਰ ਕੋਈ ਹੋਰ ਟੇਕ ਨਹੀਂ ਹੁੰਦੀ।

ਇਸੇ ਕਾਮ ਦੀ ਦੁਰਵਰਤੋਂ ਕਾਰਨ ਕਈ ਅਸਾਧ ਰੋਗ ਵੀ ਲੱਗ ਜਾਂਦੇ ਹਨ। ਸਤਿਗੁਰੂ ਨੇ ਗੁਰਬਾਣੀ ਰਾਹੀਂ ਵੀ ਸਮਝਾਇਆ ਹੈ:

"ਕਾਮੁ ਕ੍ਰੋਧੁ ਕਾਇਆ ਕਉ ਗਾਲੈ ॥ ਜਿਉ ਕੰਚਨ ਸੋਹਾਗਾ ਢਾਲੈ ॥"

{ਰਾਮਕਲੀ ਮਹਲਾ ੧ ਦਖਣੀ ਓਅੰਕਾਰ, ਪੰਨਾ ੯੩੨}

ਜਿਵੇਂ ਸੋਹਾਗਾ (ਕੁਠਾਲੀ ਵਿਚ ਪਾਏ) ਸੋਨੇ ਨੂੰ ਨਰਮ ਕਰ ਦੇਂਦਾ ਹੈ, (ਤਿਵੇਂ) ਕਾਮ ਅਤੇ ਕ੍ਰੋਧ (ਮਨੁੱਖ ਦੇ) ਸਰੀਰ ਨੂੰ ਨਿਰਬਲ ਕਰ ਦੇਂਦਾ ਹੈ।

ਬਲਿਹਾਰ ਜਾਈਏ ਆਪਣੇ ਸਤਿਗੁਰੂ ਦੇ ਜਿਨ੍ਹਾਂ 500 ਸਾਲ ਤੋਂ ਵਧੇਰੇ ਸਮਾਂ ਪਹਿਲੇ ਇਹ ਚੇਤਾਵਨੀ ਦੇ ਦਿੱਤੀ, ਜਿਸ ਤੋਂ ਅੱਜ ਸਾਰਾ ਸੰਸਾਰ ਤ੍ਰਾਸ ਤ੍ਰਾਸ ਕਰ ਰਿਹਾ ਹੈ। ਅੱਜ ਸੰਸਾਰ ਵਿੱਚ ਏਡਜ਼ ਵਰਗੇ ਅਸਾਧ ਰੋਗ ਫੈਲ ਗਏ ਹਨ, ਜਿਨ੍ਹਾਂ ਕਾਰਨ ਹਰ ਸਾਲ ਸੰਸਾਰ ਵਿੱਚ ਹਜ਼ਾਰਾਂ ਲੋਕ ਤੜਫ-ਤੜਫ ਕੇ ਮਰ ਰਹੇ ਹਨ। ਡਾਕਟਰਾਂ ਦੀ ਖੋਜ ਇਹੀ ਕਹਿੰਦੀ ਹੈ ਕਿ ਇਸ ਦਾ ਇਕੋ ਇਕ ਕਾਰਨ ਪਰਾਈਆਂ ਇਸਤ੍ਰੀਆਂ ਜਾਂ ਪਰਾਏ ਪੁਰਸ਼ਾਂ ਨਾਲ ਸਬੰਧ ਬਨਾਉਣਾ ਹੈ। ਜੇ ਕਿਤੇ ਅੱਜ ਸਾਰਾ ਸੰਸਾਰ ਅਨਮੋਲ ਸਿੱਖੀ ਸਿਧਾਂਤਾਂ ਨੂੰ ਅਪਨਾ ਲਵੇ ਤਾਂ ਜਿਥੇ, ਸਾਰੇ ਸੰਸਾਰ ਦੇ ਲੋਕਾਂ ਦੀ ਗ੍ਰਿਹਸਥੀ ਸੁਖੀ ਹੋ ਜਾਵੇਗੀ, ਉਥੇ, ਸੰਸਾਰ ਐਸੇ ਭਿਆਨਕ ਰੋਗਾਂ ਤੋਂ ਮੁਕਤ ਹੋ ਜਾਵੇ।

ਸਤਿਗੁਰੂ ਸਿੱਖ ਕੌਮੀ ਜੀਵਨ ਨੂੰ ਕਿਨ੍ਹਾਂ ਉਚਾਈਆਂ ਤੇ ਪਹੁੰਚਿਆ ਦੇਖਣਾ ਚਾਹੁਦੇ ਸਨ, ਉਸ ਦਾ ਇਕ ਪ੍ਰਮਾਣ ਸਾਨੂੰ ਕਵੀ ਸੰਤੋਖ ਸਿੰਘ ਦੁਆਰਾ ਦਰਜ ਕੀਤੀਆਂ ਪੰਕਤੀਆਂ ਤੋਂ ਮਿਲਦਾ ਹੈ। ਕਵੀ ਜੀ ਲਿਖਦੇ ਹਨ ਕਿ ਇਕ ਵਾਰੀ ਸਿੱਖਾਂ ਨੇ ਸਤਿਗੁਰੂ ਨੂੰ ਬੇਨਤੀ ਕੀਤੀ ਕਿ ਸਾਰੇ ਤੁਰਕ ਹਿੰਦੂ ਔਰਤਾਂ ਦੀ ਬੇਪਤੀ ਕਰਦੇ ਹਨ, ਫਿਰ ਤੁਸੀਂ ਸਾਨੂੰ ਬਦਲਾ ਲੈਣ ਤੋਂ ਕਿਉਂ ਰੋਕਦੇ ਹੋ?

ਸਤਿਗੁਰੂ ਨੇ ਜੁਆਬ ਦਿੱਤਾ, ਕਿ ਅਸੀਂ ਪੰਥ ਨੂੰ ਬਹੁਤ ਉੱਚੀ ਅਵਸਥਾ ਵਿੱਚ ਲੈ ਕੇ ਜਾਣਾ ਹੈ, ਇਸ ਲਈ ਸਿੱਖ ਦੇ ਕਿਰਦਾਰ ਨੂੰ ਨੀਵਾਂ ਕਰਨ ਵਾਲੀਆਂ ਐਸੀਆਂ ਗੱਲਾਂ ਨਹੀਂ ਸੋਚਣੀਆਂ ਚਾਹੀਦੀਆਂ। ਇਸ ਵਾਰਤਾ ਨੂੰ ਕਵੀ ਸੰਤੋਖ ਸਿੰਘ ਨੇ ਗੁਰ ਪ੍ਰਤਾਪ ਸੂਰਜ ਗ੍ਰੰਥ ਦੀ ਰੁਤ ਛੇਵੀਂ ਦੇ 20ਵੇਂ ਭਾਗ ਵਿੱਚ, ਇਨ੍ਹਾਂ ਸ਼ਬਦਾਂ ਵਿੱਚ ਲਿਖਿਆ ਹੈ:

'ਪੁਨ ਸਿੰਘਨਿ ਬੂਝੇ ਗੁਨ ਖਾਨੀ, ਬ੍ਰਿੰਦ ਤੁਰਕ ਭੋਗੈਂ ਹਿੰਦਵਾਨੀ।
ਸਿਖ ਬਦਲਾ ਲੇ ਭਲਾ ਜਨਾਏ। ਕਯੋਂ ਗੁਰ ਸ਼ਾਸਤ੍ਰ ਬਰਜ ਹਟਾਏ? ॥18॥
ਸੁਨਿ ਸਤਿਗੁਰ ਬੋਲੇ ਤਿਸ ਬੇਰੇ। 'ਹਮ ਲੇ ਜਾਨੋ ਪੰਥ ਉਚੇਰੇ।
ਨਹੀਂ ਅਧੋਗਤਿ ਬਿਖੈ ਪੁਚਾਵੈਂ। ਯਾਂ ਤੇ ਕਲਮਲ ਕਰਨ ਹਟਾਵੈਂ।' ॥19॥

ਸਿੱਖ ਕੌਮ ਵਿੱਚ ਉਚੇ ਆਚਰਨ ਦੀ ਮਹੱਤਤਾ ਦਾ ਅੰਦਾਜ਼ਾ ਇਸੇ ਗੱਲ ਤੋਂ ਲਾਇਆ ਜਾ ਸਕਦਾ ਹੈ ਕਿ ਸਿੱਖ ਨੂੰ ਜਿਥੇ ਕਕਾਰ ਦੇ ਰੂਪ ਵਿੱਚ ਕਛਿਹਰਾ ਪਹਿਨਾ ਕੇ ਜੀਵਨ ਨੂੰ ਉੱਚਾ ਸੁੱਚਾ ਰਖਣ ਦਾ ਪ੍ਰਣ ਕਰਾਇਆ ਜਾਂਦਾ ਹੈ ਉਥੇ ਪਰ-ਇਸਤ੍ਰੀ, ਪਰ-ਪੁਰਖ ਦੇ ਗਮਨ ਨੂੰ ਬਜਰ ਕੁਰਹਿਤਾਂ ਵਿੱਚ ਸ਼ਾਮਲ ਕੀਤਾ ਗਿਆ ਹੈ।

ਤਮਾਕੂ ਦਾ ਵਰਤਣਾ

ਚੌਥੀ ਬਜਰ ਕੁਰਹਿਤ ਹੈ ਤਮਾਕੂ ਦਾ ਵਰਤਣਾ। ਤਮਾਕੂ ਇਕ ਖਤਰਨਾਕ ਕਿਸਮ ਦਾ ਨਸ਼ਾ ਹੈ ਅਤੇ ਦੁਨੀਆਂ ਵਿੱਚ ਸਭ ਤੋਂ ਪ੍ਰਚਲੱਤ, ਭਾਵ ਸਭ ਤੋਂ ਵਧੇਰੇ ਵਰਤਿਆ ਜਾਣ ਵਾਲਾ ਨਸ਼ਾ ਹੈ। ਜਦੋਂ ਸਤਿਗੁਰੂ ਨੇ ਇਸ ਦੀ ਮਨਾਹੀ ਕੀਤੀ ਅਤੇ ਸਿੱਖ ਕੌਮ ਨੇ ਇਸ ਨੂੰ ਬਜਰ ਕੁਰਹਿਤਾਂ ਵਿੱਚ ਸ਼ਾਮਲ ਕੀਤਾ, ਉਸ ਵੇਲੇ ਤੱਕ ਸ਼ਾਇਦ ਸੰਸਾਰ ਦੇ ਲੋਕਾਂ ਨੂੰ ਇਸ ਦੇ ਦੁਸ਼ਟ ਨਤੀਜਿਆਂ ਦਾ ਅੰਦਾਜ਼ਾ ਨਹੀਂ ਸੀ। ਅੱਜ ਸੰਸਾਰ ਵਿੱਚ ਤਮਾਕੂ ਤੋਂ ਹੋਣ ਵਾਲੇ ਰੋਗਾਂ ਅਤੇ ਉਸ ਕਾਰਨ ਲੋਕਾਈ ਦੀ ਹੋ ਰਹੀ ਬਰਬਾਦੀ ਦਾ ਅੰਦਾਜ਼ਾ ਲਗਾ ਕੇ ਹਾਹਾਕਾਰ ਮਚੀ ਹੋਈ ਹੈ। ਕਈ ਤਰ੍ਹਾਂ ਦੇ ਕੈਂਸਰ, ਟੀਬੀ, ਦਮਾ, ਆਦਿਕ .. ਮਾਰੂ ਰੋਗ ਤਮਾਕੂ ਕਾਰਨ ਹੁੰਦੇ ਹਨ ਅਤੇ ਹਰ ਰੋਜ਼ ਸੈਂਕੜੇ ਲੋਕ ਇਸ ਕਾਰਨ ਤੜਫ-ਤੜਫ ਕੇ ਮਰਦੇ ਹਨ। ਇਹ ਇਤਨਾ ਮਾੜਾ ਨਸ਼ਾ ਹੈ ਕਿ ਇਸ ਦਾ ਮਾਰੂ ਪ੍ਰਭਾਵ, ਕੇਵਲ ਇਸ ਦੀ ਵਰਤੋਂ ਕਰਨ ਵਾਲੇ ਤੇ ਹੀ ਨਹੀਂ ਹੁੰਦਾ, ਬਲਕਿ ਸਿਗਰਟ, ਬੀੜੀ, ਹੁੱਕਾ ਆਦਿ ਪੀਣ ਵਾਲਾ ਇਅਕਤੀ, ਇਕ ਅਤਿ ਖਤਰਨਾਕ ਕਿਸਮ ਦਾ ਨਿਕੋਟੀਨ ਨਾਮਕ ਜ਼ਹਿਰਲਾ ਤੱਤ ਧੂਏਂ ਦੇ ਨਾਲ ਛੱਡਦਾ ਹੈ, ਜੋ ਨੇੜੇ ਦੇ ਹਰ ਵਿਅਕਤੀ ਨੂੰ ਪਰਭਾਵਤ ਕਰਦਾ ਹੈ। ਡਾਕਟਰਾਂ ਦਾ ਕਹਿਣਾ ਹੈ ਕਿ ਇਹ ਜ਼ਹਿਰ ਸਿਗਰਟ, ਹੁੱਕਾ ਜਾਂ ਬੀੜੀ ਪੀਣ ਵਾਲੇ ਨਾਲੋਂ ਵਧੇਰੇ, ਉਸ ਦੇ ਨੇੜੇ ਵਾਲਿਆਂ ਨੂੰ ਨੁਕਸਾਨ ਪਹੁੰਚਾਂਦਾ ਹੈ। ਹੁਣ ਸੰਸਾਰ ਵਿੱਚ ਇਸ ਪ੍ਰਤੀ ਚੇਤਨਤਾ ਆਉਣ ਨਾਲ ਜਿਥੇ ਹਰੇਕ ਮੁਲਕ ਦੀਆਂ ਸਰਕਾਰਾਂ ਵਲੋਂ, ਆਪਣੀ ਲੋਕਾਈ ਨੂੰ ਇਸ ਦੇ ਮਾਰੂ ਪ੍ਰਭਾਵਾਂ ਪ੍ਰਤੀ ਜਾਗਰੂਕ ਕਰਨ ਲਈ, ਵਿਸ਼ੇਸ਼ ਮੁਹਿੰਮਾਂ ਚਲਾਈਆਂ ਜਾ ਰਹੀਆਂ ਹਨ, ਸਾਲ ਵਿੱਚ ਇਕ ਦਿਨ ਵਿਸ਼ੇਸ਼ ਕਰ ਕੇ, 'ਤਮਾਕੂ ਵਿਰੋਧੀ ਦਿਨ' ਦੇ ਤੌਰ 'ਤੇ ਮਨਾਇਆ ਜਾਂਦਾ ਹੈ, ਉਥੇ ਐਸੇ ਕਾਨੂੰਨ ਬਣਾਏ ਜਾ ਰਹੇ ਹਨ, ਜਿਸ ਨਾਲ ਇਸ ਦੀ ਵਰਤੋਂ 'ਤੇ ਪਾਬੰਦੀ ਲਾਈ ਜਾ ਸਕੇ।

ਸਿੱਖ ਕੌਮ ਵਿੱਚ ਇਸ ਨੂੰ ਬਜਰ ਕੁਰਹਿਤ ਦਾ ਦਰਜਾ ਦੇਣ ਦਾ ਇਕ ਕਾਰਨ ਇਹ ਵੀ ਹੈ ਕਿ ਇਹ ਇਕ ਸਸਤਾ ਅਤੇ ਹਲਕਾ ਨਸ਼ਾ ਹੋਣ ਕਾਰਨ, ਬਹੁਤ ਲੋਕਾਈ ਇਸ ਨੂੰ ਸਹਿਜੇ ਹੀ ਸ਼ੁਰੂ ਕਰ ਲੈਂਦੀ ਹੈ ਅਤੇ ਉਸ ਤੋਂ ਬਾਅਦ ਹੋਰ ਨਸ਼ਿਆਂ ਵਲ ਵਧਦੇ ਜਾਂਦੇ ਹਨ। ਇਸ ਤਰ੍ਹਾਂ ਇਹ ਨਸ਼ੇੜੀ ਹੋਣ ਦੀ ਸ਼ੁਰੂਆਤ ਹੋ ਨਿਬੜਦਾ ਹੈ। ਸਤਿਗੁਰੂ ਨੇ ਇਸ ਦੀ ਵਰਤੋਂ 'ਤੇ ਪਾਬੰਦੀ ਲਗਾ ਦਿੱਤੀ ਤਾਂ ਜੋ ਨਸ਼ੇ ਕਰਨ ਦੀ ਭੈੜੀ ਆਦਤ ਦੀ ਸ਼ੁਰੂਆਤ ਹੀ ਨਾ ਹੋਵੇ। ਬੜੀ ਮੰਦਭਾਗੀ ਗੱਲ ਹੈ ਕਿ ਸਿੱਖ ਕੌਮ ਵਿੱਚ ਇਹ ਬਜਰ ਕੁਰਹਿਤ ਹੋਣ ਦੇ ਬਾਵਜੂਦ, ਕੁਝ ਸਤਿਗੁਰੂ ਤੋਂ ਬੇਮੁਖ ਇਸ ਦੀ ਵਰਤੋਂ ਕਰਨ ਲੱਗ ਪਏ ਹਨ। ਪਿਛਲੇ ਕੁਝ ਸਾਲਾਂ ਵਿੱਚ ਬਿਹਾਰ ਅਤੇ ਯੂ ਪੀ ਵਿੱਚੋਂ ਪਰਵਾਸੀਆਂ ਦਾ ਹੜ੍ਹ ਪੰਜਾਬ ਵੱਲ ਵੱਗ ਪਿਆ ਹੈ। ਇਨ੍ਹਾਂ ਪਰਵਾਸੀਆਂ ਨੇ ਹੋਰ ਕਈ ਬੁਰਾਈਆਂ ਦੇ ਨਾਲ ਨਾਲ ਤਮਾਕੂ ਨੂੰ ਵੀ ਪੰਜਾਬ ਦੇ ਪਿੰਡਾਂ ਵਿੱਚ ਪਹੁੰਚਾ ਦਿਤਾ ਹੈ। ਚਾਹੀਦਾ ਤਾਂ ਇਹ ਸੀ ਕਿ ਸਿੱਖਾਂ ਦੀ ਸੰਗਤ ਅਤੇ ਸਿੱਖੀ ਮਹੌਲ ਕਰਕੇ ਉਹ ਵੀ ਇਸ ਤੋਂ ਤੌਬਾ ਕਰ ਲੈਂਦੇ ਪਰ ਹੋ ਬਿਲਕੁਲ ਇਸ ਦੇ ਉਲਟ ਰਿਹਾ ਹੈ। ਪਿੰਡਾਂ ਦੇ ਬਹੁਤ ਸਿੱਖਾਂ ਨੂੰ ਹੱਥਾਂ ਦੀਆਂ ਤਲੀਆਂ ਤੇ ਤਮਾਕੂ ਪਾਕੇ ਰਗੜਦੇ ਵੇਖਿਆ ਜਾ ਸਕਦਾ ਹੈ।

ਉਂਝ ਸਿੱਖ ਕੌਮ ਵਿੱਚ ਹਰ ਤਰ੍ਹਾਂ ਦੇ ਨਸ਼ੇ ਦੀ ਮਨਾਹੀ ਹੈ। ਸਤਿਗੁਰੂ ਦਾ ਫੁਰਮਾਨ ਹੈ:

"ਜਿਤੁ ਪੀਤੈ ਮਤਿ ਦੂਰਿ ਹੋਇ ਬਰਲੁ ਪਵੈ ਵਿਚਿ ਆਇ ॥ ਆਪਣਾ ਪਰਾਇਆ ਨ ਪਛਾਣਈ ਖਸਮਹੁ ਧਕੇ ਖਾਇ ॥ ਜਿਤੁ ਪੀਤੈ ਖਸਮੁ ਵਿਸਰੈ ਦਰਗਹ ਮਿਲੈ ਸਜਾਇ ॥ ਝੂਠਾ ਮਦੁ ਮੂਲਿ ਨ ਪੀਚਈ ਜੇ ਕਾ ਪਾਰਿ ਵਸਾਇ ॥" {ਸਲੋਕ ਮਃ ੩, ਪੰਨਾ ੫੫੪}

ਜਿਸ ਦੇ ਪੀਤਿਆਂ ਅਕਲ ਦੂਰ ਹੋ ਜਾਂਦੀ ਹੈ ਤੇ ਬਕਣ ਦਾ ਜੋਸ਼ ਆ ਚੜ੍ਹਦਾ ਹੈ, ਆਪਣੇ ਪਰਾਏ ਦੀ ਪਛਾਣ ਨਹੀਂ ਰਹਿੰਦੀ, ਮਾਲਕ ਵੱਲੋਂ ਧੱਕੇ ਪੈਂਦੇ ਹਨ, ਜਿਸ ਦੇ ਪੀਤਿਆਂ ਖਸਮ ਵਿਸਰਦਾ ਹੈ ਤੇ ਦਰਗਾਹ ਵਿਚ ਸਜ਼ਾ ਮਿਲਦੀ ਹੈ, ਐਸੀ ਚੰਦਰੀ ਸ਼ਰਾਬ, ਕਦੇ ਨਹੀਂ ਪੀਣੀ ਚਾਹੀਦੀ ।

"ਦੁਰਮਤਿ ਮਦੁ ਜੋ ਪੀਵਤੇ ਬਿਖਲੀ ਪਤਿਕਮਲੀ ॥ ਰਾਮ ਰਸਾਇਣਿ ਜੋ ਰਤੇ ਨਾਨਕ ਸਚ ਅਮਲੀ ॥" {ਆਸਾ ਮਹਲਾ ੫,ਪੰਨਾ ੩੯੯}

ਸ਼ਰਾਬ ਮਤਿ ਨੂੰ ਖੋਟੀ (ਵਿਕਾਰੀ) ਕਰਦੀ ਹੈ ਜੋ ਮਨੁੱਖ ਇਹ ਸ਼ਰਾਬ ਪੀਣ ਲੱਗ ਪੈਂਦੇ ਹਨ (ਜੋ ਗੁਰੂ ਦਾ ਆਸਰਾ ਛੱਡ ਕੇ ਖੋਟੀ ਮਤਿ ਦੇ ਪਿੱਛੇ ਤੁਰਨ ਲੱਗ ਪੈਂਦੇ ਹਨ) ਉਹ ਦੁਰਾਚਾਰੀ ਹੋ ਜਾਂਦੇ ਹਨ ਉਹ (ਵਿਕਾਰਾਂ ਵਿਚ) ਝੱਲੇ ਹੋ ਜਾਂਦੇ ਹਨ । ਪਰ, ਹੇ ਨਾਨਕ ! ਜੇਹੜੇ ਮਨੁੱਖ ਪਰਮਾਤਮਾ ਦੇ ਨਾਮ ਦੇ ਸ੍ਰੇਸ਼ਟ ਰਸ ਵਿਚ ਮਸਤ ਰਹਿੰਦੇ ਹਨ ਉਹਨਾਂ ਨੂੰ ਸਦਾ-ਥਿਰ ਰਹਿਣ ਵਾਲੇ ਪਰਮਾਤਮਾ ਦੇ ਨਾਮ ਦਾ ਅਮਲ ਲੱਗ ਜਾਂਦਾ ਹੈ ।

ਰਹਿਤਨਾਮਿਆਂ ਵਿੱਚੋਂ ਵੀ ਐਸੇ ਬਹੁਤ ਪ੍ਰਮਾਣ ਮਿਲਦੇ ਹਨ, ਜਿੱਥੇ ਨਸ਼ੇ ਕਰਨ ਦੀ ਮਨਾਹੀ ਕੀਤੀ ਗਈ ਹੈ। ਰਹਿਤਨਾਮਾ ਹਜ਼ੂਰੀ, ਭਾਈ ਚਉਪਾ ਸਿੰਘ ਛਿੱਬਰ ਵਿੱਚ ਲਿਖਿਆ ਹੈ:

ਗੁਰੂ ਕਾ ਸਿਖ ਬਿਖਿਆ(ਭਾਵ ਨਸ਼ੇ) ਨਾ ਪੀਵੈ ! ਭਾਵੇਂ ਸਹਿਜਧਾਰੀ ਹੋਵੈ ਤਾਂ ਭੀ ਨਾ ਵਰਤੈ ! ਨਾ ਨਸਵਾਰ ਲੇਵੈ।

ਭਾਈ ਦੇਸਾ ਸਿੰਘ ਦੇ ਰਹਿਤਨਾਮੇ ਵਿੱਚ ਲਿਖਿਆ ਹੈ:

'ਕੁੱਠਾ, ਹੁੱਕਾ, ਚਰਸ, ਤਮਾਕੂ। ਗਾਂਜਾ, ਟੋਪੀ, ਤਾੜੀ, ਖਾਕੂ।30।
ਇਨ ਕੀ ਓਰ ਨ ਕਬਹੂ ਦੇਖੈ। ਰਹਤਵੰਤ ਸੋ ਸਿੰਘ ਬਿਸੇਖੈ।'

ਭਾਈ ਦਯਾ ਸਿੰਘ ਵਾਲੇ ਰਹਿਤਨਾਮੇ ਵਿੱਚ ਲਿਖਿਆ ਹੈ:

ਜੂਆ ਖੇਲੈ ਮਦ ਪੀਵੈ ਸੋ ਨਰਕ ਮੇਂ ਜਾਵੈ।

....
ਧੂਮ੍ਰਪਾਨ ਛੁਇ ਹਾਥ ਮੈਂ, ਨਾਸਿਕਾ ਕਣੀ ਲੇਤ
ਮਰੈ ਨਰਕ ਭੋਗੈ ਬਿਕਟ, ਧਰਮ ਸ਼ਾਸਨਾ ਦੇਤ।3।

ਇਹ ਅਤਿ ਦੁਖਦਾਈ ਗੱਲ ਹੈ ਕਿ ਸਤਿਗੁਰੂ ਦੇ ਇਤਨੇ ਸਪੱਸ਼ਟ ਆਦੇਸ਼ ਦੇ ਬਾਵਜੂਦ, ਅੱਜ ਸਿੱਖ ਕੌਮ ਨਸ਼ਿਆਂ ਵਿੱਚ ਗਲਤਾਨ ਹੋਈ ਜਾ ਰਹੀ ਹੈ। ਕਿਹੜਾ ਮਾਰੂ ਨਸ਼ਾ ਹੈ, ਜਿਹੜਾ ਅੱਜ ਗੁਰੂਆਂ ਦੀ ਪਾਵਨ ਧਰਤੀ ਪੰਜਾਬ ਵਿੱਚ ਨਹੀਂ ਚੱਲ ਰਿਹਾ? ਦੁਨੀਆਂ ਵਿੱਚ ਅੱਜ ਸਿੱਖ ਸ਼ਰਾਬੀਆਂ ਦੀ ਕੌਮ ਦੇ ਤੌਰ 'ਤੇ ਜਾਣੇ ਜਾਂਦੇ ਹਨ। ਸਤਿਗੁਰੂ ਨੇ ਫੁਰਮਾਇਆ ਹੈ ਕਿ ਜੇ ਨਸ਼ਾ ਕਰਨਾ ਹੈ ਤਾਂ ਅਕਾਲ-ਪੁਰਖ ਦੇ ਪਿਆਰ ਦਾ ਕਰੋ। ਘਰ ਵਿੱਚ ਸ਼ਰਾਬ ਦੀਆਂ ਬੋਤਲਾਂ ਜਾਂ ਭੰਗ ਆਦਿ ਨਸ਼ਿਆਂ ਦੀਆਂ ਗੁਥੀਆਂ ਸਾਂਭਣ ਦੀ ਬਜਾਏ, ਅਕਾਲ ਪੁਰਖ ਦੇ ਨਾਮ ਨੂੰ ਹਿਰਦੇ ਵਿੱਚ ਸੰਭਾਲ ਕੇ ਰਖੋ। ਸਤਿਗੁਰੂ ਦੇ ਬਚਨ ਹਨ:

"ਭਉ ਤੇਰਾ ਭਾਂਗ ਖਲੜੀ ਮੇਰਾ ਚੀਤੁ ॥ ਮੈ ਦੇਵਾਨਾ ਭਇਆ ਅਤੀਤੁ ॥"
{ਤਿਲੰਗ ਮਹਲਾ ੧, ਪੰਨਾ ੭੨੧}

ਤੇਰਾ ਡਰ ਅਦਬ ਮੇਰੇ ਵਾਸਤੇ ਭੰਗ ਹੈ, ਮੇਰਾ ਮਨ (ਇਸ ਭੰਗ ਨੂੰ ਸਾਂਭ ਕੇ ਰੱਖਣ ਲਈ) ਗੁੱਥੀ ਹੈ । (ਤੇਰੇ ਡਰ-ਅਦਬ ਦੀ ਭੰਗ ਨਾਲ) ਮੈਂ ਨਸ਼ਈ ਤੇ ਵਿਰਕਤ ਹੋ ਗਿਆ ਹਾਂ ।

ਗੱਲ ਨੂੰ ਪੂਰੀ ਤਰ੍ਹਾਂ ਸਮਝਣ ਅਤੇ ਸਪੱਸ਼ਟ ਕਰਨ ਲਈ ਗੁਰੂ ਨਾਨਕ ਪਾਤਿਸ਼ਾਹ ਦੇ ਉਚਾਰਨ ਕੀਤੇ ਇਕ ਸ਼ਬਦ ਅਤੇ ਉਸ ਨਾਲ ਸੰਬੰਧਤ ਸਾਖੀ ਨੂੰ ਵਿਚਾਰਦੇ ਹਾਂ। ਗੁਰੂ ਨਾਨਕ ਪਾਤਿਸ਼ਾਹ ਸਿੱਧਾਂ ਨਾਲ ਗਿਆਨ ਚਰਚਾ ਵਾਸਤੇ ਬੈਠੇ, ਤਾਂ ਸਿੱਧਾਂ ਨੇ ਸਾਰਿਆਂ ਅੱਗੇ ਇਕ ਇਕ ਪਿਆਲਾ ਲਿਆ ਕੇ ਰੱਖ ਦਿੱਤਾ। ਭਰਥਰ ਜੋਗੀ ਨੇ ਆਖਿਆ, ਨਾਨਕ ! ਇਹ ਪਿਆਲਾ ਪੀ ਲਓ। ਸਤਿਗੁਰੂ ਨੇ ਪੁੱਛਿਆ, ਇਹ ਕੀ ਹੈ? ਜੁਆਬ ਮਿਲਿਆ, ਇਹ ਮੱਦ(ਸ਼ਰਾਬ) ਹੈ, ਇਸ ਦੇ ਪੀਣ ਨਾਲ ਲਿਵ ਜੁੜ ਜਾਵੇਗੀ। ਸਤਿਗੁਰੂ ਨੇ ਫੇਰ ਪੁੱਛਿਆ, ਇਹ ਲਿਵ ਕਿੰਨੀ ਕੁ ਦੇਰ ਜੁੜੀ ਰਹੇਗੀ? ਸਿੱਧਾਂ ਜੁਆਬ ਦਿੱਤਾ, ਥੋੜ੍ਹੀ ਦੇਰ, ਪਰ ਕੋਈ ਚਿੰਤਾ ਦੀ ਗੱਲ ਨਹੀਂ, ਜਦੋਂ ਨਸ਼ਾ ਉਤਰਨ ਲਗੇਗਾ, ਲਿਵ ਟੁੱਟਣ ਲਗੇਗੀ, ਫੇਰ ਹੋਰ ਪੀ ਲਵਾਂਗੇ। ਸਤਿਗੁਰੂ ਨੇ ਕਿਹਾ, ਮੈਨੂੰ ਇਸ ਦੀ ਲੋੜ ਨਹੀਂ, ਕਿਉਂਕਿ ਮੈਂ ਉਹ ਰਸ ਪੀਤਾ ਹੈ ਜਿਸਦੀ ਮਸਤੀ ਕਦੇ ਨਹੀਂ ਲਹਿੰਦੀ। ਸਿੱਧ ਬੜੇ ਹੈਰਾਨ ਹੋਏ, ਨਾਨਕ ! ਐਸਾ ਕਿਹੜਾ ਰਸ ਹੈ ਜਿਸਦੀ ਮਸਤੀ ਕਦੇ ਲਹਿੰਦੀ ਹੀ ਨਹੀਂ? ਸਤਿਗੁਰੂ ਨੇ ਸ਼ਬਦ ਉਚਾਰਨ ਕੀਤਾ:

"ਬਾਬਾ ਮਨੁ ਮਤਵਾਰੋ ਨਾਮ ਰਸੁ ਪੀਵੈ ਸਹਜ ਰੰਗ ਰਚਿ ਰਹਿਆ ॥ ਅਹਿਨਿਸਿ ਬਨੀ ਪ੍ਰੇਮ ਲਿਵ ਲਾਗੀ ਸਬਦੁ ਅਨਾਹਦ ਗਹਿਆ ॥੧॥ ਰਹਾਉ ॥" { ਆਸਾ ਮਹਲਾ ੧, ਪੰਨਾ ੩੬੦}

ਜੇ ਜੋਗੀ ! (ਤੁਸੀਂ ਸੁਰਤਿ ਨੂੰ ਟਿਕਾਣ ਲਈ ਸ਼ਰਾਬ ਪੀਂਦੇ ਹੋ, ਇਹ ਨਸ਼ਾ ਉਤਰ ਜਾਂਦਾ ਹੈ; ਤੇ ਸੁਰਤਿ ਮੁੜ ਉੱਖੜ ਜਾਂਦੀ ਹੈ) ਅਸਲ ਮਸਤਾਨਾ ਉਹ ਮਨ ਹੈ ਜੋ ਪਰਮਾਤਮਾ ਦੇ ਸਿਮਰਨ ਦਾ ਰਸ ਪੀਂਦਾ ਹੈ (ਸਿਮਰਨ ਦਾ ਆਨੰਦ ਮਾਣਦਾ ਹੈ) ਜੋ (ਸਿਮਰਨ ਦੀ ਬਰਕਤਿ ਨਾਲ) ਅਡੋਲਤਾ ਦੇ ਹੁਲਾਰਿਆਂ ਵਿਚ ਟਿਕਿਆ ਰਹਿੰਦਾ ਹੈ, ਜਿਸ ਨੂੰ ਪ੍ਰਭੂ-ਚਰਨਾਂ ਦੇ ਪ੍ਰੇਮ ਦੀ ਇਤਨੀ ਲਿਵ ਲਗਦੀ ਹੈ ਕਿ ਦਿਨ ਰਾਤ ਬਣੀ ਰਹਿੰਦੀ ਹੈ, ਜੋ ਆਪਣੇ ਗੁਰੂ ਦੇ ਸ਼ਬਦ ਨੂੰ ਸਦਾ ਇਕ-ਰਸ ਆਪਣੇ ਅੰਦਰ ਟਿਕਾਈ ਰੱਖਦਾ ਹੈ ।1। ਰਹਾਉ।

ਸਿੱਧਾਂ ਪੁੱਛਿਆ, "ਨਾਨਕ ! ਇਹ ਨਾਮ ਰਸ ਤਿਆਰ ਕਿਵੇਂ ਕੀਤਾ ਜਾਂਦਾ ਹੈ"? ਸਤਿਗੁਰੂ ਬੋਲੇ, "ਸਿੱਧੋ ! ਤੁਸੀਂ ਸ਼ਰਾਬ ਕਿਵੇਂ ਤਿਆਰ ਕਰਦੇ ਹੋ"? "ਅਸੀਂ ਇਕ ਭਾਂਡਾ ਲੈ ਕੇ ਉਸ ਵਿੱਚ ਕੁਝ ਗੁੜ, ਮਹੁਏ ਦੇ ਫੁੱਲ ਅਤੇ ਕਿੱਕਰ ਦੇ ਸੱਕ ਪਾਕੇ ਉਸ ਨੂੰ ਭੱਠੀ ਤੇ

ਚੜ੍ਹਾ ਦੇਂਦੇ ਹਾਂ। ਉਸ ਭੱਠੀ ਦਾ ਮੂੰਹ ਬੰਨ ਕੇ ਉਤੇ ਇਕ ਨਲਕੀ ਲਾਈ ਹੁੰਦੀ ਹੈ। ਉਸ ਨਲਕੀ ਉਤੇ ਗਿੱਲਾ ਕਪੜਾ ਫੇਰਦੇ ਹਾਂ, ਦੂਸਰੇ ਪਾਸਿਓ ਸ਼ਰਾਬ ਟਪਕਣ ਲੱਗ ਪੈਂਦੀ ਹੈ"। ਸਿੱਧਾਂ ਦਾ ਜੁਆਬ ਸੀ

ਸਤਿਗੁਰੂ ਨੇ ਫੁਰਮਾਇਆ, ਮੇਰਾ ਨਾਮ ਰਸ ਤਿਆਰ ਕਰਨ ਦਾ ਤਰੀਕਾ ਵੀ ਇਹੀ ਹੈ, ਸਿਰਫ ਵਿੱਚ ਪਾਉਣ ਵਾਲੇ ਤੱਤ ਅਲੱਗ ਹਨ। ਇਸ ਤਰੀਕੇ ਅਤੇ ਤੱਤਾਂ ਨੂੰ ਸਤਿਗੁਰੂ ਨੇ ਸ਼ਬਦ ਦੇ ਪਹਿਲੇ ਪਦੇ ਵਿੱਚ ਸਪੱਸ਼ਟ ਕੀਤਾ ਹੈ:

"ਗੁੜੁ ਕਰਿ ਗਿਆਨੁ ਧਿਆਨੁ ਕਰਿ ਧਾਵੈ ਕਰਿ ਕਰਣੀ ਕਸੁ ਪਾਈਐ ॥ ਭਾਠੀ ਭਵਨੁ ਪ੍ਰੇਮ ਕਾ ਪੋਚਾ ਇਤੁ ਰਸਿ ਅਮਿਉ ਚੁਆਈਐ ॥੧॥"

(ਹੇ ਜੋਗੀ !) ਪਰਮਾਤਮਾ ਨਾਲ ਡੂੰਘੀ ਸਾਂਝ ਨੂੰ ਗੁੜ ਬਣਾ, ਪ੍ਰਭੂ-ਚਰਨਾਂ ਵਿਚ ਜੁੜੀ ਸੁਰਤਿ ਨੂੰ ਮਹੁਏ ਦੇ ਫੁੱਲ ਬਣਾ, ਉੱਚੇ ਆਚਰਨ ਨੂੰ ਕਿੱਕਰਾਂ ਦੇ ਸੱਕ ਬਣਾ ਕੇ (ਇਹਨਾਂ ਵਿਚ) ਰਲਾ ਦੇ । ਸਰੀਰਕ ਮੋਹ ਨੂੰ ਸਾੜ—ਇਹ ਸ਼ਰਾਬ ਕੱਢਣ ਦੀ ਭੱਠੀ ਤਿਆਰ ਕਰ, ਪ੍ਰਭੂ-ਚਰਨਾਂ ਵਿਚ ਪਿਆਰ ਜੋੜ—ਇਹ ਹੈ ਉਹ ਠੰਡਾ ਪੋਚਾ ਜੋ ਅਰਕ ਵਾਲੀ ਨਾਲੀ ਉਤੇ ਫੇਰਨਾ ਹੈ । ਇਸ ਸਾਰੇ ਮਿਲਵੇਂ ਰਸ ਵਿਚੋਂ (ਅਟੱਲ ਆਤਮਕ ਜੀਵਨ ਦਾਤਾ) ਅੰਮ੍ਰਿਤ ਨਿਕਲੇਗਾ ।1।

ਸਤਿਗੁਰੂ ਨੇ ਤਾਂ ਸਾਨੂੰ ਹੋਛੇ ਨਸ਼ੇ ਤਿਆਗ ਕੇ, ਇਹ ਨਿਰਮਲ ਜੀਵਨ ਵਾਲਾ ਅੰਮ੍ਰਿਤ ਦਾ ਪਿਆਲਾ ਪੀਣ ਦਾ ਉਪਦੇਸ਼ ਦਿੱਤਾ ਹੈ:

"ਪੂਰਾ ਸਾਚੁ ਪਿਆਲਾ ਸਹਜੇ ਤਿਸਹਿ ਪੀਆਏ ਜਾ ਕਉ ਨਦਰਿ ਕਰੇ ॥ ਅੰਮ੍ਰਿਤ ਕਾ ਵਾਪਾਰੀ ਹੋਵੈ ਕਿਆ ਮਦਿ ਛੂਛੈ ਭਾਉ ਧਰੇ ॥" {ਆਸਾ ਮਹਲਾ ੧, ਪੰਨਾ ੩੬੦}

(ਹੇ ਜੋਗੀ !) ਇਹ ਹੈ ਉਹ ਪਿਆਲਾ ਜਿਸ ਦੀ ਮਸਤੀ ਸਦਾ ਟਿਕੀ ਰਹਿੰਦੀ ਹੈ, ਸਭ ਗੁਣਾਂ ਦਾ ਮਾਲਕ ਪ੍ਰਭੂ ਅਡੋਲਤਾ ਵਿਚ ਰੱਖ ਕੇ ਉਸ ਮਨੁੱਖ ਨੂੰ (ਇਹ ਪਿਆਲਾ) ਪਿਲਾਂਦਾ ਹੈ ਜਿਸ ਉਤੇ ਆਪ ਮੇਹਰ ਦੀ ਨਜ਼ਰ ਕਰਦਾ ਹੈ । ਜੇਹੜਾ ਮਨੁੱਖ ਅਟੱਲ ਆਤਮਕ ਜੀਵਨ ਦੇਣ ਵਾਲੇ ਇਸ ਰਸ ਦਾ ਵਪਾਰੀ ਬਣ ਜਾਏ ਉਹ (ਤੁਹਾਡੇ ਵਾਲੇ ਇਸ) ਹੋਛੇ ਸ਼ਰਾਬ ਨਾਲ ਪਿਆਰ ਨਹੀਂ ਕਰਦਾ ।2।

ਅੱਜ ਗੁਰੂ ਨਾਨਕ ਦਾ ਸਿੱਖ, ਜਿਸ ਨੂੰ ਅੰਮ੍ਰਿਤ ਦਾ ਵਪਾਰੀ ਬਣਾਇਆ ਸੀ, ਨਾ ਤਾਂ ਨਾਮ ਅੰਮ੍ਰਿਤ ਪੀਣਾ ਚਾਹੁੰਦਾ ਹੈ ਅਤੇ ਨਾ ਹੀ ਖੰਡੇ ਦੀ ਪਾਹੁਲ (ਰੂਪੀ ਅੰਮ੍ਰਿਤ) ਪੀਣੀ ਚਾਹੁੰਦਾ ਹੈ, ਉਹ ਮੱਤ ਭ੍ਰਿਸ਼ਟ ਕਰਨ ਵਾਲੀ ਸ਼ਰਾਬ ਦੀਆਂ ਬੋਤਲਾਂ ਪੀ ਰਿਹਾ ਹੈ ਅਤੇ ਜੀਵਨ ਨੂੰ ਬਰਬਾਦ ਕਰਨ ਵਾਲੇ ਖਤਰਨਾਕ ਨਸ਼ੇ ਕਰ ਰਿਹਾ ਹੈ। ਹੋਰ ਤਾਂ ਹੋਰ ਕਈ ਪਾਹੁਲ ਛਕੇ ਹੋਏ, ਸ਼ਰਾਬ ਦੇ ਗੱਫੇ ਲਾ ਰਹੇ ਹਨ। ਬਹਾਨਾ ਬਣਾ ਲੈਂਦੇ ਹਨ ਕਿ ਜੀ ! ਇਹ ਬਜਰ ਕੁਰਹਿਤ ਥੋੜ੍ਹਾ ਹੀ ਹੈ। ਇਸ ਨੂੰ ਕੁਰਹਿਤ ਤਾਂ ਗਰਦਾਨਿਆਂ ਹੀ ਹੈ, ਸਿੱਖ ਰਹਿਤ ਮਰਯਾਦਾ ਦੇ ਪੰਨਾ 27 ਤੇ, 'ਤਨਖਾਹੀਏ ਇਹ ਹਨ' ਸਿਰਲੇਖ ਦੀ ਪੰਜਵੀਂ ਮੱਦ ਵਿੱਚ ਇਹ ਲਿਖਿਆ ਹੈ, 'ਕੋਈ ਨਸ਼ਾ(ਭੰਗ,ਅਫੀਮ,ਸ਼ਰਾਬ, ਪੋਸਤ, ਕੁਕੀਨ,ਆਦਿਕ) ਵਰਤਣ ਵਾਲਾ। ਜਿਹੜਾ ਤਨਖਾਹੀਆ ਹੋ ਗਿਆ, ਉਸ ਨੂੰ ਉਹ ਕੁਕਰਮ ਤਿਆਗ ਕੇ ਤਨਖਾਹ ਲੁਆਉਣੀ ਜ਼ਰੂਰੀ ਹੈ। ਨਾਲੇ ਕੀ ਕੇਵਲ ਸਿੱਖ ਰਹਿਤ ਮਰਯਾਦਾ ਵਿੱਚ ਛਪਣ ਨਾਲ ਹੀ ਬਜਰ ਕੁਰਹਿਤ

ਬਣਦੀ ਹੈ, ਗੁਰੂ ਗ੍ਰੰਥ ਸਾਹਿਬ ਦੇ ਆਦੇਸ਼ ਨਾਲ ਨਹੀਂ ਬਣਦੀ? ਸਭ ਤੋਂ ਪਹਿਲਾਂ ਤਾਂ ਹਰ ਸਿੱਖ ਨੂੰ ਚਾਹੀਦਾ ਹੈ ਕਿ ਹਰ ਸਿੱਖ ਆਪਣੇ ਸਤਿਗੁਰੂ ਦੇ ਪਾਵਨ ਆਦੇਸ਼ 'ਤੇ ਦ੍ਰਿੜਤਾ ਨਾਲ ਪਹਿਰਾ ਦੇਵੇ ਅਤੇ ਕੋਈ ਸਿੱਖ ਕੋਈ ਨਸ਼ਾ ਨਾ ਕਰੇ। ਦੂਸਰਾ ਸਿੱਖ ਰਹਿਤ ਮਰਯਾਦਾ ਦੀਆਂ ਸਾਰੀਆਂ ਮੱਦਾਂ ਦਾ ਅਧਾਰ ਤਾਂ ਕੇਵਲ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਹੀ ਹੋ ਸਕਦੀ ਹੈ। ਸਤਿਗੁਰੂ ਨੇ 'ਝੂਠਾ ਮਦੁ ਮੂਲਿ ਨ ਪੀਚਈ' ਦਾ ਆਦੇਸ਼ ਦੇ ਕੇ ਨਸ਼ੇ ਕਰਨ 'ਤੇ ਪੂਰਨ ਪਾਬੰਦੀ ਲਗਾ ਦਿੱਤੀ ਹੈ। ਅੱਜ ਲੋੜ ਹੈ ਕਿ ਪੰਥ ਇਸ ਨੂੰ ਵਿਚਾਰੇ ਅਤੇ ਸਿੱਖ ਰਹਿਤ ਮਰਯਾਦਾ ਵਿੱਚ ਫੌਰੀ ਤੌਰ 'ਤੇ ਸੋਧ ਕਰਕੇ ਕਿਸੇ ਵੀ ਤਰ੍ਹਾਂ ਦਾ ਨਸ਼ਾ ਕਰਨਾ ਬਜਰ ਕੁਰਹਿਤ ਐਲਾਨਿਆ ਜਾਵੇ।

ਇਹ ਚਾਰੇ ਉਹ (ਬਜਰ)ਕੁਰਹਿਤਾਂ ਹਨ, ਜਿਨ੍ਹਾਂ ਦੇ ਵਿੱਚੋਂ ਕਿਸੇ ਦੇ ਕਰਨ ਨਾਲ ਵੀ ਸਿੱਖ, ਸਿੱਖ ਨਹੀਂ ਰਹਿੰਦਾ ਅਤੇ ਉਸ ਨੂੰ ਤਨਖਾਹ ਲੁਆ ਕੇ, ਭੁੱਲ ਬਖਸ਼ਾ ਕੇ, ਪਾਹੁਲ ਛੱਕ ਕੇ, ਮੁੜ ਤੋਂ ਪੰਥ ਵਿੱਚ ਦਾਖਲ ਹੋਣਾ ਪੈਂਦਾ ਹੈ। ਇਨ੍ਹਾਂ ਸਾਰੀਆਂ ਭੁੱਲਾਂ ਵਿੱਚੋਂ ਕਿਸੇ ਨੂੰ ਵੱਡੀ ਜਾਂ ਛੋਟੀ ਗਲਤੀ ਨਹੀਂ ਕਿਹਾ ਜਾ ਸਕਦਾ। ਇਹ ਠੀਕ ਹੈ ਕਿ ਕੇਸ ਕਿਉਂਕਿ ਪ੍ਰਤੱਖ ਹਨ, ਉਨ੍ਹਾਂ ਦੀ ਬੇਅਦਬੀ ਸਾਹਮਣੇ ਨਜ਼ਰ ਆਉਂਦੀ ਹੈ। ਦੂਸਰੇ ਕੁਕਰਮ ਕੁਝ ਸਮੇਂ ਲਈ ਲੁਕਾਏ ਵੀ ਜਾ ਸਕਦੇ ਹਨ, ਪਰ ਉਨ੍ਹਾਂ ਨੂੰ ਦੁਨੀਆਂ ਕੋਲੋਂ ਲੁਕਾਉਣ ਨਾਲ, ਕੀ ਉਹ ਵਾਹਿਗੁਰੂ ਕੋਲੋਂ ਵੀ ਲੁਕ ਸਕਦੇ ਹਨ? ਕੀ ਸਾਡੀ ਆਪਣੀ ਅੰਤਰ-ਆਤਮਾ ਉਸ ਪਾਪ ਦੇ ਬੋਝ ਤੋਂ ਸੁਰਖਰੂ ਹੋ ਸਕਦੀ ਹੈ? ਹੈਰਾਨਗੀ ਦੀ ਗੱਲ ਤਾਂ ਇਹ ਹੈ ਕਿ ਸਾਡੀ ਕੌਮ ਵਿੱਚ ਵੀ ਅਕਸਰ, ਇਸੇ ਕੇਸਾਂ ਦੀ ਬੇਅਦਬੀ ਨੂੰ ਵਧੇਰੇ ਗੰਭੀਰਤਾ ਨਾਲ ਲਿਆ ਜਾਂਦਾ ਹੈ, ਆਮ ਤੌਰ 'ਤੇ ਇਸੇ ਨੂੰ ਹੀ ਪਤਿਤ ਹੋਣਾ ਕਿਹਾ ਜਾਂਦਾ ਹੈ, ਹਾਲਾਂਕਿ ਇਹ ਇਕ ਬਿਲਕੁਲ ਗਲਤ ਸੋਚ ਹੈ। ਸਿੱਖ ਕੌਮ ਵਿੱਚ ਜਿਤਨੀ ਸਰੂਪ ਦੀ ਮਹਤੱਤਾ ਹੈ, ਉਤਨੀ ਹੀ ਕਿਰਦਾਰ ਦੀ ਮਹਤੱਤਾ ਹੈ। ਬਲਕਿ ਜੇ ਇਹ ਕਿਹਾ ਜਾਵੇ ਕਿ ਜਿਸਨੇ ਸਰੂਪ ਤਾਂ ਬਣਾਇਆ ਹੋਇਆ ਹੈ, ਪਰ ਕਿਰਦਾਰ ਸਿੱਖ ਵਾਲਾ ਨਹੀਂ ਨਿਭਾਉਂਦਾ, ਉਹ ਅਕਸਰ ਸਰੂਪ ਦੇ ਅਪਮਾਨ ਅਤੇ ਬਦਨਾਮੀ ਦਾ ਕਾਰਨ ਬਣਦਾ ਹੈ, ਇਸ ਲਈ ਭੁੱਲ ਇਨ੍ਹਾਂ ਵਿੱਚੋਂ ਕੋਈ ਵੀ ਹੋਵੇ, ਉਸ ਨੂੰ ਕਰਨ ਵਾਲਾ ਪਤਿਤ ਹੈ ਅਤੇ ਕਿਸੇ ਵੀ ਕੁਰਹਿਤ(ਬਜਰ) ਕਰਨ ਵਾਲੇ ਨਾਲ ਕੌਮੀ ਅਤੇ ਸਮਾਜਕ ਤੌਰ 'ਤੇ ਇਕੋ ਜਿਹਾ ਵਿਹਾਰ ਹੋਣਾ ਚਾਹੀਦਾ ਹੈ।

ਇਹ ਸਾਡੇ ਆਪਣੇ ਜੀਵਨ ਵਿੱਚ ਆਏ ਨਿਘਾਰ ਕਾਰਨ ਹੀ ਹੈ ਕਿ ਅਸੀਂ ਦੂਸਰੀਆਂ ਕੁਰਹਿਤਾਂ ਨੂੰ ਉਤਨੀ ਮਹਤੱਤਾ ਨਹੀਂ ਦੇਂਦੇ। ਹਾਲਾਤ ਇਥੋਂ ਤੱਕ ਗਿਰਾਵਟ ਵੱਲ ਚਲੇ ਗਏ ਹਨ ਕਿ ਆਪਣੇ ਹੀ ਸੇਵਕ ਦੀ ਮਾਸੂਮ ਬੱਚੀ ਦੀ ਪੱਤ ਲੁਟਣ ਵਾਲੇ ਇਕ ਪਖੰਡੀ ਤੇ ਵਿਭਚਾਰੀ ਸਾਧ ਨੂੰ ਅਕਾਲ ਤਖਤ ਸਾਹਿਬ ਦੇ ਪੂਜਾਰੀ(ਅਖੌਤੀ ਜਥੇਦਾਰ) ਵੱਲੋਂ ਰਿਸ਼ਵਤ ਲੈ ਕੇ ਇਸ ਪਾਪ ਕਰਮ ਤੋਂ ਬਰੀ ਕਰ ਦਿੱਤਾ ਗਿਆ ਅਤੇ ਤਖਤਾਂ ਦੇ ਜਥੇਦਾਰ ਤੇ ਦਰਬਾਰ ਸਾਹਿਬ ਦੇ ਗ੍ਰੰਥੀ, ਵਿਦੇਸ਼ ਜਾ ਕੇ, ਇਕ ਪਖੰਡੀ ਤੇ ਵਿਭਚਾਰੀ ਸਾਧ, ਜੋ ਪਰਾਈ ਔਰਤ ਨਾਲ ਖੇਹ ਖਾਂਦਾ ਰੰਗੇ ਹੱਥੀਂ ਫੜਿਆ ਗਿਆ ਸੀ, ਦੇ ਕੋਲ ਜਾ ਕੇ ਠਹਿਰਦੇ ਹਨ। ਇਸ ਨਾਲ ਐਸੇ ਲੋਕਾਂ ਨੂੰ ਉਤਸ਼ਾਹ ਮਿਲਦਾ ਹੈ, ਸਮੂਹਿਕ ਤੌਰ 'ਤੇ ਕੌਮੀ ਕਿਰਦਾਰ ਵਿੱਚ ਨਿਘਾਰ ਆਉਂਦਾ ਹੈ ਅਤੇ ਖੰਡੇ ਬਾਟੇ ਦੀ ਪਾਹੁਲ ਦੀ ਮਹਤੱਤਾ ਹੀ ਖਤਮ ਹੋ ਜਾਂਦੀ ਹੈ।

ਇਨ੍ਹਾਂ ਚਾਰ ਕੁਰਹਿਤਾਂ ਦੇ ਥੱਲੇ ਲਿਖਿਆ ਹੈ, 'ਇਨ੍ਹਾਂ ਵਿੱਚੋਂ ਕੋਈ ਕੁਰਹਿਤ ਹੋ ਜਾਵੇ ਤਾਂ ਮੁੜ ਕੇ ਅੰਮ੍ਰਿਤ ਛਕਣਾ ਪਏਗਾ। ਆਪਣੀ ਇੱਛਾ ਵਿਰੁੱਧ ਅਨਭੋਲ ਹੀ ਕੋਈ ਕੁਰਹਿਤ ਹੋ ਜਾਵੇ ਤਾਂ ਕੋਈ ਦੰਡ ਨਹੀਂ।' ਬਿਲਕੁਲ ਠੀਕ ਹੈ, ਜਾਣ ਬੁਝ ਕੇ ਕੀਤਾ ਗਿਆ ਕੁਕਰਮ ਪਾਪ ਹੁੰਦਾ ਹੈ, ਅਤੇ ਜ਼ਰੂਰੀ ਸਜ਼ਾ ਦਾ ਭਾਗੀ ਹੁੰਦਾ ਹੈ, ਭੁੱਲ ਅਨਭੋਲ ਹੋ ਜਾਂਦੀ ਹੈ, ਬਖਸ਼ੀ

ਜਾ ਸਕਦੀ ਹੈ। ਕਿਸੇ ਦੇ ਕੇਸਾਂ ਦੀ ਬੇਅਦਬੀ ਉਸ ਦੀ ਬੇਸੁਰਤੀ ਵਿੱਚ ਕੀਤੀ ਜਾ ਸਕਦੀ ਹੈ, ਕਿਸੇ ਬਿਮਾਰੀ ਵੇਲੇ ਜਾਂ ਚੋਟ ਲਗਣ ਤੇ, ਅਪ੍ਰੇਸ਼ਨ ਆਦਿ ਵਾਸਤੇ ਵੀ ਕਰਨੀ ਪੈ ਸਕਦੀ ਹੈ, ਅਨਜਾਣੇ ਵਿੱਚ ਕੁੱਠਾ ਖਾਧਾ ਜਾ ਸਕਦਾ ਹੈ, ਕੋਈ ਕਿਸੇ ਚੀਜ਼ ਵਿੱਚ ਮਿਲਾਕੇ ਕਿਸੇ ਨੂੰ ਤਮਾਕੂ ਜਾਂ ਨਸ਼ਾ ਦੇ ਸਕਦਾ ਹੈ, ਦਵਾਈਆਂ ਵਿੱਚ ਅਕਸਰ ਨਸ਼ੀਲੇ ਪਦਾਰਥ ਹੁੰਦੇ ਹਨ, ਪਰ ਪਰਾਈ ਇਸਤ੍ਰੀ ਜਾਂ ਪੁਰਸ਼ ਨਾਲ ਸਬੰਧ ਕਦੇ ਅਨਭੋਲ ਨਹੀਂ ਬਣ ਸਕਦਾ, ਹਾਂ ਕਿਸੇ ਔਰਤ ਨਾਲ ਵਧੀਕੀ ਹੋ ਸਕਦੀ ਹੈ, ਇਸ ਤੋਂ ਇਲਾਵਾ ਇਹ ਪਾਪ ਕਰਮ ਜਦੋਂ ਕੀਤਾ ਜਾਂਦਾ ਹੈ, ਨੀਅਤਨ ਹੀ ਕੀਤਾ ਜਾਂਦਾ ਹੈ।

ਸਿਰਗੁੰਮ, ਨੜੀ ਮਾਰ ਦਾ ਸੰਗ

ਇਸ ਦੇ ਬਾਅਦ ਸਿੱਖ ਰਹਿਤ ਮਰਯਾਦਾ ਵਿੱਚ ਲਿਖਿਆ ਹੈ, 'ਸਿਰਗੁੰਮ, ਨੜੀ ਮਾਰ(ਜੋ ਸਿੱਖ ਹੋ ਕੇ ਇਹ ਕੰਮ ਕਰਨ) ਦਾ ਸੰਗ ਨਹੀਂ ਕਰਨਾ। ਥੱਲੇ ਸਪੱਸ਼ਟ ਕੀਤਾ ਗਿਆ ਹੈ, ਸਿਰਗੁੰਮ ਉਹ ਹੈ ਜੋ ਕੇਸਾਧਾਰੀ ਹੋ ਕੇ ਕੇਸ ਕਟਾ ਦੇਵੇ। ਜੇ ਕੌਮ ਨੇ ਇਸ ਅਨਮੋਲ ਮੱਦ ਉਤੇ ਪਹਿਰਾ ਦਿੱਤਾ ਹੁੰਦਾ ਤਾਂ ਕੌਮ ਦੀ ਹਾਲਤ ਉਹ ਨਾ ਹੁੰਦੀ, ਜੋ ਅੱਜ ਹੈ। ਅੱਜ ਆਪਣੇ ਸਿੱਖ ਪਰਿਵਾਰਾਂ ਵਿੱਚ ਝਾਤੀ ਮਾਰੀਏ ਤਾਂ ਬਹੁਤ ਸਾਰੇ ਐਸੇ ਪਰਿਵਾਰ ਮਿਲ ਜਾਣਗੇ, ਜਿਥੇ ਬਜ਼ੁਰਗ ਨੇ ਤਾਂ ਗਲੇ ਵਿੱਚ ਗਾਤਰਾ ਪਾਇਆ ਹੋਇਆ ਹੈ, ਪੁੱਤਰ ਦਾੜ੍ਹੀ ਕੁਤਰਾ ਹੈ ਅਤੇ ਪੋਤਰਾ ਪੂਰੀ ਤਰ੍ਹਾਂ ਸਿਰੋਂ ਘੋਨਾ। ਕੀ ਆਖਿਆ ਜਾਵੇ, ਉਨ੍ਹਾਂ ਇਸ ਮੱਦ ਨੂੰ ਕਿਤਨੀ ਮਹਤੱਤਾ ਦਿੱਤੀ ਹੈ, ਸ਼ਾਇਦ ਉਨ੍ਹਾਂ ਨੂੰ ਪਤਾ ਵੀ ਨਾ ਹੋਵੇ ਕਿ ਰਹਿਤ ਵਿੱਚ ਐਸੀ ਕੋਈ ਮੱਦ ਵੀ ਹੈ। ਜਿਸ ਸਿਰਗੁੰਮ ਨਾਲ ਵਰਤਣ ਦੀ ਮਨਾਹੀ ਕੀਤੀ ਗਈ ਹੈ, ਉਹ ਤਾਂ ਘਰਾਂ ਵਿੱਚ ਹੀ ਪੈਦਾ ਹੋ ਗਏ ਹਨ ਅਤੇ ਪ੍ਰਵਾਨ ਵੀ ਕਰ ਲਏ ਗਏ ਹਨ। ਅਕਸਰ ਵੇਖੀਦਾ ਹੈ ਕਿਰਪਾਨ ਵਾਲਾ ਦਾਦਾ, ਸਿਰੋਂ ਘੋਨੇ ਪੋਤੇ ਨੂੰ ਨਾਲ ਲਈ ਫਿਰਦਾ। ਐਸੇ ਦਾਦੇ ਪੋਤੇ ਅਕਸਰ ਗੁਰਦੁਆਰਿਆਂ ਵਿੱਚ ਵੀ ਨਜ਼ਰ ਆ ਜਾਂਦੇ ਹਨ। ਬੱਚੇ ਨੂੰ ਗੁਰੂ ਘਰ ਨਾਲ ਜੋੜਨ ਲਈ ਗੁਰਦੁਆਰੇ ਲਿਆਉਣਾ ਚੰਗੀ ਗੱਲ ਹੈ, ਪਰ ਜਿਨ੍ਹਾਂ ਛੋਟੇ ਛੋਟੇ ਬੱਚਿਆਂ ਦੇ ਸਿਰ ਮੁੰਨੇ ਹੁੰਦੇ ਹਨ, ਉਨ੍ਹਾਂ ਆਪ ਨਹੀਂ ਮੁਨਾਏ ਹੁੰਦੇ, ਇਹ ਅਕਸਰ ਮਾਂ ਬਾਪ ਦੀ ਕਰਤੂਤ ਹੀ ਹੁੰਦੀ ਹੈ। ਜਿਸ ਨੂੰ ਆਪ ਹੀ ਗੁਰੂ ਤੋਂ ਬੇਮੁਖ ਕਰ ਦਿੱਤਾ, ਉਸ ਨੂੰ ਗੁਰਦੁਆਰੇ ਲਿਆਦਾ ਜਾਂ ਨਾ ਲਿਆਂਦਾ, ਕੀ ਮਹਤੱਤਾ ਹੈ? ਮੈਂ ਤਾਂ ਕਹਾਂਗਾ, ਉਸ ਦਾ ਆਪ ਆਇਆ ਵੀ ਕਿਸ ਅਰਥ ਹੈ? ਕੀ ਉਹ ਕੇਵਲ ਗੁਰਦੁਆਰੇ ਆਉਣ ਨਾਲ ਹੀ ਪ੍ਰਵਾਨ ਹੋ ਜਾਵੇਗਾ? ਹੋਰ ਤਾਂ ਹੋਰ ਕਈ ਗੁਰਦੁਆਰਾ ਪ੍ਰਬੰਧਕ ਕਮੇਟੀਆਂ ਦੇ ਪ੍ਰਧਾਨਾਂ ਦਾ ਇਹੀ ਹਾਲ ਹੈ। ਕੀ ਪ੍ਰੇਰਨਾ ਲਏਗੀ ਸੰਗਤ ਉਨ੍ਹਾਂ ਤੋਂ?

ਹੈਰਾਨਗੀ ਤਾਂ ਉਦੋਂ ਹੁੰਦੀ ਹੈ ਜਦੋਂ ਐਸੇ ਲੋਕਾਂ ਦੇ ਮਰਨ 'ਤੇ, ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿੱਚ ਭਾਸ਼ਨ ਕੀਤੇ ਜਾਂਦੇ ਹਨ, ਕਿ ਉਨ੍ਹਾਂ ਗੁਰਦੁਆਰਾ ਸਾਹਿਬ ਦੀ ਅਤੇ ਕੌਮ ਦੀ ਬੜੀ ਸੇਵਾ ਕੀਤੀ। ਜਿਸ ਆਪਣੇ ਘਰ ਨੂੰ ਹੀ ਨਹੀਂ ਸਾਂਭਿਆ, ਉਸ ਕਾਹਦੀ ਸੇਵਾ ਕੀਤੀ? ਅੱਜ ਸਭ ਤੋਂ ਪਹਿਲੀ ਅਤੇ ਸਭ ਤੋਂ ਜ਼ਰੂਰੀ ਸੇਵਾ ਤਾਂ ਇਹ ਹੈ ਕਿ ਅਸੀਂ ਆਪਣੇ ਪਰਿਵਾਰਾਂ ਨੂੰ ਗੁਰਸਿੱਖ ਬਣਾਈਏ। ਇਹ ਤਾਂ ਘੱਟੋ ਘੱਟ ਹੈ। ਹਰ ਸਿੱਖ ਦੀ ਪਹਿਲੀ ਜ਼ਿਮੇਂਵਾਰੀ ਹੈ ਕਿ ਉਹ ਪੁਸ਼ਤ-ਦਰ-ਪੁਸ਼ਤ, ਸਿੱਖੀ ਸਰੂਪ ਅਤੇ ਸਿੱਖ ਸਿਧਾਂਤ ਦੀ ਸੰਭਾਲ ਕਰੇ। ਆਪਣੇ ਪਰਿਵਾਰ ਵਿੱਚੋਂ ਆਪਣੇ ਹੱਥੀਂ ਸਿੱਖੀ ਖਤਮ ਕਰਕੇ ਵੀ ਆਪਣੇ ਪੰਥਕ ਹੋਣ ਦਾ ਭਰਮ

ਪਾਲਿਆ ਜਾ ਰਿਹਾ ਹੈ। ਇਹ ਸਮਝਿਆ ਜਾ ਰਿਹਾ ਹੈ ਕਿ ਪਾਹੁਲ ਛੱਕਣ ਦਾ ਕਰਮਕਾਂਡ ਕਰਕੇ ਸਾਡਾ ਜੀਵਨ ਤਾਂ ਸਫਲ ਹੋ ਗਿਆ, ਕੌਮ ਜਾਵੇ ਢੱਠੇ ਖੂਹ ਵਿੱਚ। ਇਨ੍ਹਾਂ ਤਾਂ ਪੂਰੀ ਤਿਆਰੀ ਕਰ ਲਈ ਹੈ ਕਿ ਸਿੱਖੀ ਆਪਣੇ ਨਾਲ ਹੀ ਸਮੇਟ ਕੇ ਲੈ ਜਾਣੀ ਹੈ, ਅਗਲੀ ਨਸਲ ਨਹੀਂ ਚੱਲਣ ਦੇਣੀ।

ਕੁਝ ਐਸਾ ਹੀ ਹਾਲ ਨੜੀ-ਮਾਰਾਂ ਬਾਰੇ ਹੈ। ਕਿਉਂਕਿ ਤਮਾਕੂ ਬਾਰੇ ਉਪਰ ਕਾਫੀ ਵਿਸਥਾਰ ਵਿੱਚ ਲਿਖਿਆ ਜਾ ਚੁਕਾ ਹੈ, ਇਥੇ ਦੁਹਰਾਉਣਾ ਯੋਗ ਨਹੀਂ ਹੋਵੇਗਾ, ਪਰ ਇਕ ਗੱਲ ਸਪੱਸ਼ਟ ਹੈ ਕਿ ਸਿੱਖੀ ਦੇ ਨਿਰਮਲ ਸਰੂਪ ਨੂੰ ਬਣਾ ਕੇ ਰੱਖਣ ਲਈ ਇਸ ਮੱਦ 'ਤੇ ਦ੍ਰਿੜਤਾ ਨਾਲ ਪਹਿਰਾ ਦੇਣਾ ਜ਼ਰੂਰੀ ਹੈ। ਜਿਸ ਵੇਲੇ ਗੱਲ ਸਿਧਾਂਤ ਦੀ ਆਵੇ, ਆਪਣਿਆਂ ਬੇਗਾਨਿਆਂ ਵਿੱਚ ਵਿਤਕਰਾ ਨਹੀਂ ਕੀਤਾ ਜਾ ਸਕਦਾ। ਜੇ ਇਸ ਮੱਦ 'ਤੇ ਵੀ ਦ੍ਰਿੜਤਾ ਨਾਲ ਪਹਿਰਾ ਦੇਂਦੇ ਹਾਂ ਤਾਂ ਹੀ ਪਾਹੁਲ ਛਕੀ ਹੈ।

ਪੰਥ ਸੇਵਾ

ਇਸ ਤੋਂ ਅੱਗੇ ਲਿਖਿਆ ਹੈ, 'ਪੰਥ ਸੇਵਾ ਅਤੇ ਗੁਰਦੁਆਰਿਆਂ ਦੀ ਟਹਿਲ ਵਿੱਚ ਤੱਤਪਰ ਰਹਿਣਾ, ਆਪਣੀ ਕਮਾਈ ਵਿੱਚੋਂ ਗੁਰੂ ਕਾ ਦਸਵੰਧ ਦੇਣਾ ਆਦਿ ਸਾਰੇ ਕੰਮ ਗੁਰਮਤਿ ਅਨੁਸਾਰ ਕਰਨੇ'।

ਇਹ ਗੱਲਾਂ ਸਾਰੀਆਂ ਹੀ ਬੜੀਆਂ ਚੰਗੀਆਂ ਅਤੇ ਮਹੱਤਵਪੂਰਨ ਹਨ। ਭਾਈ ਕਾਹਨ ਸਿੰਘ ਨਾਭਾ ਨੇ ਮਹਾਨ ਕੋਸ਼ ਵਿੱਚ ਪੰਥ ਸ਼ਬਦ ਦੇ ਅਰਥ ਇਹ ਦਿੱਤੇ ਹਨ:

ਪੰਥ: ਧਾ-ਜਾਣਾ, ਫਿਰਨਾ। 2. ਸੰਗਯਾ- ਮਾਰਗ. ਰਸਤਾ 3. ਪਰਮਾਤਮਾ ਦੀ ਪ੍ਰਾਪਤੀ ਦਾ ਰਾਹ. ਧਰਮ. ਮਜਹਬ 4. ਮਰਾ. ਮੰਤ੍ਰੀ. ਵਜੀਰ।

ਇਥੇ ਤੀਸਰਾ ਅਰਥ ਧਰਮ, ਮਜ਼ਹਬ ਹੀ ਢੁਕਦਾ ਹੈ ਅਤੇ ਜਿਸ ਧਰਮ ਜਾਂ ਮਜ਼ਹਬ ਦੀ ਗੱਲ ਕੀਤੀ ਜਾ ਰਹੀ ਹੈ, ਉਹ ਹੈ 'ਖਾਲਸਾ', ਸੋ ਇਸ ਸ਼ਬਦ ਦਾ ਅਸਲੀ ਭਾਵ ਹੈ 'ਖਾਲਸਾ ਪੰਥ'। ਇਸ ਨਾਂ ਤੋਂ ਹੀ ਸਪੱਸ਼ਟ ਹੈ ਕਿ ਇਹ ਖੰਡੇ ਬਾਟੇ ਦੀ ਪਾਹੁਲ ਛਕੇ ਹੋਏ, ਪੂਰੀ ਤਰ੍ਹਾਂ ਨਾਲ ਗੁਰੂ ਨੂੰ ਸਮਰਪਤ ਸਿੱਖਾਂ ਦੇ ਸਮੂਹ ਦਾ ਨਾਂ ਹੈ। ਪਾਹੁਲ ਛੱਕ ਕੇ, ਖਾਲਸਾ ਬਣ ਕੇ, ਖਾਲਸਾ ਪੰਥ ਦੀ ਸੇਵਾ ਕਰਨਾ, ਕਿਸੇ ਵੀ ਸਿੱਖ ਵਾਸਤੇ ਵੱਡਾ ਸੁਭਾਗ ਹੈ। ਅਸਲ ਵਿੱਚ ਤਾਂ ਪਾਹੁਲ ਛਕਣ ਦਾ ਅਸਲੀ ਮਕਸਦ ਹੀ, ਗੁਰਬਾਣੀ ਦੇ ਲਾਸਾਨੀ ਸਿਧਾਂਤਾਂ ਨਾਲ ਜੀਵਨ ਨੂੰ ਸ਼ਿੰਗਾਰ ਕੇ, ਪੂਰੀ ਤਰ੍ਹਾਂ ਪੰਥ ਦੀ ਸੇਵਾ ਨੂੰ ਸਮਰਪਤ ਹੋ ਜਾਣਾ ਹੈ ਪਰ ਸੱਭ ਤੋਂ ਵੱਡੀ ਸਮੱਸਿਆ ਇਹ ਹੈ ਕਿ ਅੱਜ ਪੰਥ ਬਾਰੇ ਵੱਡੇ ਭੁਲੇਖੇ ਖੜੇ ਹੋ ਗਏ ਹਨ। ਪਹਿਲਾਂ ਤਾਂ ਹਰ ਜਣਾ-ਖਣਾ ਆਪਣੇ ਆਪ ਨੂੰ ਪੰਥ ਦਾ ਅੰਗ ਨਹੀਂ, ਪੂਰਨ ਪੰਥ ਹੀ ਸਮਝਦਾ ਹੈ। ਫੇਰ ਜਿਹੜੇ ਕੁਝ ਪਾਹੁਲ ਛਕੇ ਹੋਏ ਵੀ ਹਨ, ਜਿਵੇਂ ਕਿ ਉਪਰ ਵੀ ਦਿੱਤਾ ਜਾ ਚੁੱਕਾ ਹੈ, ਬਹੁਤਿਆਂ ਨੇ ਤਾਂ ਇਕ ਜਾਦੂਈ ਪਾਣੀ ਦੁਆਰਾ ਆਪਣੇ ਜੀਵਨ ਨੂੰ ਸਫਲਾ ਕਰਨ ਵਾਲਾ ਕਰਮਕਾਂਡ ਹੀ ਕੀਤਾ ਹੈ, ਕੁਝ ਨੇ ਆਪਣੇ ਪੇਸ਼ੇ ਦੀ ਲੋੜ ਪੂਰੀ ਕਰਨ ਲਈ ਪਾਹੁਲ ਛਕਣ ਦਾ ਵਿਖਾਵਾ ਕੀਤਾ ਹੈ। ਵਿਰਲਿਆਂ ਵਿੱਚੋਂ ਵੀ ਬਹੁਤ ਹੀ ਵਿਰਲੇ ਹਨ, ਜਿਨ੍ਹਾਂ ਸੱਚਮੁੱਚ ਆਪਣਾ ਜੀਵਨ ਗੁਰੂ ਨੂੰ ਸਮਰਪਤ ਕੀਤਾ ਹੈ। ਇਸੇ ਲਈ, ਇਨ੍ਹਾਂ ਵਿੱਚ ਵੀ ਇਕਸੁਰਤਾ ਅਤੇ ਇਕਸਾਰਤਾ ਨਹੀਂ। ਜਿਸ ਨੇ ਜਿਹੜੇ ਡੇਰੇ, ਟਕਸਾਲ, ਕਾਲਜ ਜਾਂ ਜਥੇ ਰਾਹੀਂ ਪਾਹੁਲ ਛਕੀ ਹੈ, ਉਹ ਪੰਥ ਨਾਲ ਘੱਟ ਅਤੇ ਆਪਣੀ ਸੰਸਥਾ ਨਾਲ ਵਧੇਰੇ ਜੁੜਿਆ ਹੋਇਆ ਹੈ। ਨਤੀਜਾ ਇਹ ਹੈ ਕਿ ਸਤਿਗੁਰੂ ਨੇ ਪੰਥ ਦਾ ਜੋ ਨਿਰਮਲ ਸਰੂਪ ਤਿਆਰ ਕੀਤਾ ਸੀ, ਉਹ ਕਿਤੇ ਗੁਆਚ

ਗਿਆ ਹੈ, ਉਸ ਦੇ ਬਦਲੇ ਕੁਝ ਸੁਆਰਥੀ ਸਿਆਸੀ ਆਗੂਆਂ ਦੁਆਰਾ, ਸਿੱਖੀ ਸਰੂਪ ਅਤੇ ਸਿਧਾਂਤਾਂ ਤੋਂ ਮੁਨਕਰ, ਸ਼ਰਾਬੀ ਅਤੇ ਐਯਾਸ਼ ਲੋਕਾਂ ਦਾ ਇਕ ਨਵਾਂ ਪੰਥ ਤਿਆਰ ਕਰ ਲਿਆ ਗਿਆ ਹੈ। ਕੌਮ ਦੀ ਸਭ ਤੋਂ ਵੱਡੀ ਤਰਾਸਦੀ ਇਹ ਹੈ ਕਿ ਅੱਜ ਇਹੀ ਅਖੌਤੀ ਪੰਥ ਪ੍ਰਮੁਖ ਪੰਥਕ ਸੰਸਥਾਵਾਂ 'ਤੇ ਕਾਬਜ਼ ਹੈ। ਇਨ੍ਹਾਂ ਆਗੂਆਂ ਨੇ ਆਪਣੇ ਰਾਜਨੀਤਕ ਹਿੱਤਾਂ ਲਈ, ਕੌਮ ਦੇ ਹਿੱਤ, ਪੰਥ-ਦੋਖੀ ਸ਼ਕਤੀਆਂ ਕੋਲ ਗਹਿਣੇ ਰੱਖੇ ਹੋਏ ਹਨ, ਇਸ ਤਰ੍ਹਾਂ, ਇਨ੍ਹਾਂ ਦੀਆਂ ਤੜਾਵਾਂ ਪੰਥ-ਦੋਖੀ ਸ਼ਕਤੀਆਂ ਦੇ ਹੱਥ ਵਿੱਚ ਹਨ। ਪ੍ਰਮੁੱਖ ਪੰਥਕ ਸੰਸਥਾਵਾਂ 'ਤੇ ਕਾਬਜ਼ ਹੋਣ ਕਾਰਨ, ਇਹੀ ਲੋਕ ਅੱਜ ਮਹੱਤਵਪੂਰਨ ਪੰਥਕ ਮੁੱਦਿਆਂ 'ਤੇ ਫੈਸਲੇ ਲੈਂਦੇ ਹਨ, ਜਿਸ ਦਾ ਭਰਪੂਰ ਅਸਰ ਮੌਜੂਦਾ ਕੌਮੀ ਸਰੂਪ ਅਤੇ ਕੌਮੀ ਭਵਿੱਖ 'ਤੇ ਪੈਂਦਾ ਹੈ। ਇਨ੍ਹਾਂ ਦੀਆਂ ਸੁਆਰਥੀ, ਕੌਮ ਮਾਰੂ ਨੀਤੀਆਂ ਕਾਰਨ, ਕੌਮ ਦੀ ਹੋਂਦ ਖਤਰੇ ਵਿੱਚ ਪੈ ਗਈ ਹੈ। ਬਹੁਤ ਸਾਰੇ ਭੋਲੇ ਗੁਰਸਿਖ ਸੁਆਰਥੀ ਆਗੂਆਂ ਦੀਆਂ ਚਿਕਨੀਆਂ ਚੋਪੜੀਆਂ ਅਤੇ ਭਾਵੁਕ ਗੱਲਾਂ ਵਿੱਚ ਆਕੇ ਇਨ੍ਹਾਂ ਦੇ ਮਗਰ ਲੱਗੇ ਹੋਏ ਹਨ। ਨਤੀਜਾ ਇਹ ਕਿ ਉਹ ਅਨਭੋਲ ਹੀ ਕੌਮੀ ਸੇਵਾ ਦੇ ਨਾਂ 'ਤੇ ਕੌਮ ਦਾ ਵੱਡਾ ਨੁਕਸਾਨ ਕਰੀ ਜਾ ਰਹੇ ਹਨ।

ਬੇਸ਼ਕ ਹਰ ਸਿੱਖ ਵਾਸਤੇ ਪੰਥ ਦੀ ਸੇਵਾ ਲਈ ਤੱਤਪਰ ਰਹਿਣਾ ਜ਼ਰੂਰੀ ਹੈ, ਪਰ ਪਹਿਲਾਂ ਪੰਥ ਦੀ ਪਹਿਚਾਣ ਕਰਨੀ ਉਤਨੀ ਹੀ ਜ਼ਰੂਰੀ ਹੈ। ਅਸਲ ਵਿੱਚ ਤਾਂ ਅੱਜ ਸਭ ਤੋਂ ਵੱਡੀ ਪੰਥਕ ਸੇਵਾ ਇਹ ਹੈ ਕਿ ਪੰਥ ਨੂੰ ਇਨ੍ਹਾਂ ਘਟੀਆ ਸੁਆਰਥੀ ਆਗੂਆਂ ਤੋਂ ਮੁਕਤ ਕਰਾਇਆ ਜਾਵੇ, ਪੰਥ ਦਾ ਮੂਲ ਨਿਰਮਲ ਸਰੂਪ ਉਭਾਰ ਕੇ, ਕੌਮੀ ਨਵ-ਉਸਾਰੀ ਦੇ ਕਾਰਜ ਲੱਗਿਆ ਜਾਵੇ।

ਗੁਰਦੁਆਰਿਆਂ ਦੀ ਟਹਿਲ

'ਗੁਰਦੁਆਰਿਆਂ ਦੀ ਟਹਿਲ ਲਈ ਤੱਤਪਰ ਰਹਿਣਾ' ਸਮਝਣ ਲਈ ਵੀ ਪਹਿਲਾਂ ਕੁਝ ਮੌਲਿਕ ਗੱਲਾਂ ਨੂੰ ਸਮਝਣਾ ਜ਼ਰੂਰੀ ਹੈ। ਗੁਰਦੁਆਰੇ ਦੀ ਸੰਸਥਾ ਦਾ ਸਿੱਖੀ ਦੇ ਵਿਕਾਸ ਵਿੱਚ ਬਹੁਤ ਮਹੱਤਵਪੂਰਨ ਯੋਗਦਾਨ ਹੈ। ਅੱਜ ਸਿੱਖੀ ਵਿੱਚ ਆਏ ਨਿਘਾਰ ਦਾ ਇਕ ਮੂਲ ਕਾਰਨ ਗੁਰਦੁਆਰੇ ਦੀ ਸੰਸਥਾ ਵਿੱਚ ਆਇਆ ਨਿਘਾਰ ਹੈ। ਅੱਜ ਜੋ ਹਾਲਾਤ ਪੰਥ ਦੇ ਹਨ, ਕੁਝ ਐਸੇ ਹੀ ਹਾਲਾਤ ਗੁਰਦੁਆਰੇ ਬਾਰੇ ਹਨ। ਗੁਰਦੁਆਰੇ ਦੀ ਸੇਵਾ ਬਾਰੇ ਵਿਚਾਰਨ ਤੋਂ ਪਹਿਲਾਂ ਗੁਰਦੁਆਰੇ ਦੇ ਵਿਕਾਸ ਬਾਰੇ ਸਮਝ ਲੈਣਾ ਜ਼ਰੂਰੀ ਹੈ। ਗੁਰੂ ਨਾਨਕ ਪਾਤਿਸ਼ਾਹ ਆਪਣੇ ਪ੍ਰਚਾਰ ਦੌਰਿਆਂ, ਜਿਨ੍ਹਾਂ ਨੂੰ ਅਸੀਂ ਉਦਾਸੀਆਂ ਕਹਿਕੇ ਯਾਦ ਕਰਦੇ ਹਾਂ, ਦੌਰਾਨ ਜਿਥੇ ਵੀ ਗਏ, ਉਥੇ ਉਨ੍ਹਾਂ ਸੰਗਤਾਂ ਕਾਇਮ ਕੀਤੀਆਂ, ਇਹ ਉਹ ਸਥਾਨ ਸਨ, ਜਿਥੇ ਨੇਮ ਨਾਲ ਸੰਗਤਾਂ ਜੁੜਦੀਆਂ। ਜਿਥੇ ਗੁਰੂ ਨਾਨਕ ਪਾਤਿਸ਼ਾਹ ਦੇ ਇਲਾਹੀ ਗਿਆਨ ਦੀ ਰੌਸ਼ਨੀ ਵਿੱਚ, ਸਫਲ ਜੀਵਨ ਅਤੇ ਅਕਾਲ ਪੁਰਖ ਦੇ ਗੁਣਾਂ ਦੀ ਵਿਚਾਰ ਹੁੰਦੀ। ਅੱਜ ਵੀ ਕਈ ਜਗ੍ਹਾ 'ਤੇ ਸੰਗਤ ਦੇ ਨਾਂ 'ਤੇ ਗੁਰਦੁਆਰੇ ਵੇਖੇ ਜਾ ਸਕਦੇ ਹਨ। ਸਮਾਂ ਪਾਕੇ ਇਨ੍ਹਾਂ ਸੰਗਤਾਂ ਦਾ ਨਾਂ ਧਰਮਸਾਲ ਪੈ ਗਿਆ। ਸਾਲ ਵਿਦਿਅਕ ਕੇਂਦਰ ਨੂੰ ਕਹਿੰਦੇ ਹਨ, ਧਰਮਸਾਲ ਭਾਵ ਧਰਮ ਦਾ ਸਕੂਲ, ਜਿਥੇ ਧਰਮ ਪੜ੍ਹਾਇਆ ਜਾਂਦਾ ਹੈ। ਨਾਂ ਬਦਲ ਗਿਆ, ਪਰ ਕੰਮ ਨਹੀਂ ਬਦਲਿਆ। ਮਕਸਦ ਉਹੋ ਰਿਹਾ ਜੋ ਸੰਗਤ ਦਾ ਸੀ। ਹਾਂ ਦਾਇਰਾ ਪਹਿਲਾਂ ਨਾਲੋਂ ਕੁਝ ਮੋਕਲਾ ਹੋ ਗਿਆ। ਹੁਣ ਇਥੇ ਨਾਲ ਹੀ ਪੰਗਤ ਵੀ ਕਾਇਮ ਹੋ ਗਈ। ਲੋੜਵੰਦ ਨੂੰ ਲੰਗਰ ਅਤੇ ਰਹਿਣ ਨੂੰ ਠਾਹਰ ਵੀ ਪ੍ਰਾਪਤ ਹੋਣ ਲਗ ਪਈ। ਜਦੋਂ ਇਨ੍ਹਾਂ ਧਰਮਸਾਲਾਂ ਵਿਚ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਹੋ ਗਿਆ, ਇਸ ਦਾ ਨਾਂ ਗੁਰਦੁਆਰਾ ਬਣ ਗਿਆ। ਅਸਲ

ਮਕਸਦ ਫੇਰ ਵੀ ਨਹੀਂ ਬਦਲਿਆ, ਹਾਂ ਦਾਇਰਾ ਹੋਰ ਫੈਲ ਗਿਆ, ਹੁਣ ਇਹ ਸਿੱਖ ਦੇ ਸਮਾਜਕ ਜੀਵਨ ਦਾ ਵੀ ਕੇਂਦਰ ਬਣ ਗਿਆ, ਇਥੇ ਸਿੱਖ ਦੇ ਜੰਮਣ ਤੋਂ ਬਾਅਦ ਨਾਮ ਸੰਸਕਾਰ ਤੋਂ ਲੈਕੇ ਮਰਨ ਤੱਕ ਅੰਤਿਮ ਅਰਦਾਸ ਤੱਕ ਦੇ ਸਾਰੇ ਸੰਸਕਾਰ ਵੀ ਹੋਣ ਲੱਗੇ। ਸੋ ਗੁਰਦੁਆਰਾ ਸਾਡਾ ਧਰਮ ਦਾ ਸਕੂਲ ਹੈ ਅਤੇ ਇਸ ਦਾ ਅਸਲੀ ਮਕਸਦ ਗੁਰਮਤਿ ਪੜ੍ਹਾਉਣਾ ਜਾਂ ਸਮਝਾਉਣਾ ਹੈ। **ਇਹ ਕਿਸੇ ਤਰ੍ਹਾਂ ਵੀ ਪੂਜਾ ਦਾ ਸਥਾਨ ਨਹੀਂ। ਸਿੱਖ ਨੇ ਗੁਰਦੁਆਰੇ ਗੁਰੂ ਦਾ ਗਿਆਨ ਪ੍ਰਾਪਤ ਕਰਨ ਲਈ ਜਾਣਾ ਹੈ, ਨਾ ਕਿ ਪੂਜਾ ਕਰਨ ਲਈ। ਇਹ ਅਲੱਗ ਗੱਲ ਹੈ ਕਿ ਸਿੱਖੀ ਸਿਧਾਂਤਾਂ ਤੋਂ ਅਨਜਾਣ ਬਹੁਤੇ ਸਿੱਖ ਅਜ ਗੁਰਦੁਆਰੇ ਪੂਜਾ ਕਰਨ ਹੀ ਜਾਂਦੇ ਹਨ।**

ਗੁਰਦੁਆਰੇ ਦੋ ਤਰ੍ਹਾਂ ਦੇ ਹਨ, ਇਕ ਇਤਿਹਾਸਕ, ਅਤੇ ਦੂਸਰੇ ਸਿੰਘ ਸਭਾ ਜਾਂ ਸੰਗਤੀ ਗੁਰਦੁਆਰੇ। ਇਤਿਹਾਸਕ ਉਹ ਸਥਾਨ ਹਨ, ਜਿਥੇ ਸਤਿਗੁਰੂ ਨੇ ਜਾਂ ਖਾਲਸੇ ਨੇ ਕੋਈ ਵਿਸ਼ੇਸ਼ ਖੇਲ ਵਰਤਾਇਆ, ਕੋਈ ਮਹੱਤਵ ਪੂਰਨ ਇਤਿਹਾਸਕ ਘਟਨਾ ਵਾਪਰੀ ਅਤੇ ਅਗਲੀਆਂ ਪੀੜ੍ਹੀਆਂ ਨੇ, ਉਸ ਯਾਦ ਨੂੰ ਸੰਭਾਲਣ ਲਈ, ਉਥੇ ਗੁਰਦੁਆਰਾ ਸਥਾਪਤ ਕਰ ਦਿੱਤਾ, ਤਾਂ ਕਿ ਆਉਣ ਵਾਲੀਆਂ ਪੀੜ੍ਹੀਆਂ, ਉਸ ਇਤਿਹਾਸਕ ਘਟਨਾ ਤੋਂ ਪ੍ਰੇਰਨਾ ਲੈ ਸਕਣ। ਪੰਜਾਬ, ਹਰਿਆਣਾ, ਹਿਮਾਚਲ ਅਤੇ ਚੰਡੀਗੜ੍ਹ ਦੇ ਬਹੁਤੇ ਇਤਿਹਾਸਕ ਗੁਰਦੁਆਰਿਆਂ ਦਾ ਪ੍ਰਬੰਧ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਕੋਲ ਹੈ, ਇਸੇ ਤਰ੍ਹਾਂ ਦਿੱਲੀ ਦੇ ਇਤਿਹਾਸਕ ਗੁਰਦੁਆਰਿਆਂ ਦਾ ਪ੍ਰਬੰਧ, ਦਿੱਲੀ ਸਿੱਖ ਗੁਰਦੁਆਰਾ ਮੈਨੇਜਮੈਂਟ ਕਮੇਟੀ ਕੋਲ ਹੈ। ਇਹੇ ਦੋਵੇਂ ਭਾਰਤੀ ਵਿੱਧੀ ਵਿਧਾਨ ਦੁਆਰਾ ਬਣਾਈਆਂ ਗਈਆਂ ਕਮੇਟੀਆਂ ਹਨ, ਜਿਨ੍ਹਾਂ ਦੀ ਚੋਣ ਵੋਟਾਂ ਰਾਹੀਂ ਹੁੰਦੀ ਹੈ। ਦੂਸਰੇ ਸੂਬਿਆਂ ਵਿਚ ਇਤਿਹਾਸਕ ਗੁਰਦੁਆਰਿਆਂ ਦੇ ਪ੍ਰਬੰਧ ਲਈ ਸੂਬਾਈ ਜਾਂ ਲੋਕਲ ਕਮੇਟੀਆਂ ਹਨ।

ਦੂਸਰੇ ਸਿੰਘ ਸਭਾ ਜਾਂ ਸੰਗਤੀ ਗੁਰਦੁਆਰੇ, ਜਿਥੇ ਵੀ ਸਿੱਖਾਂ ਦੀ ਕੁਝ ਵਸੋਂ ਹੁੰਦੀ ਹੈ, ਬਣਾ ਲਏ ਜਾਂਦੇ ਹਨ ਤਾਂ ਕਿ ਸੰਗਤਾਂ ਇਕੱਠੀਆਂ ਹੋਕੇ, ਸਤਿਸੰਗਤ ਕਰਕੇ, ਗੁਰਮਤਿ ਨਾਲ ਜੁੜੀਆਂ ਰਹਿਣ ਅਤੇ ਸਿੱਖਾਂ ਦੇ ਸਮਾਜਕ ਜੀਵਨ ਦੇ ਕਾਰਜਾਂ ਲਈ ਵੀ ਇਕ ਕੇਂਦਰ ਬਣ ਜਾਵੇ। ਇਨ੍ਹਾਂ ਗੁਰਦੁਆਰਿਆਂ ਦੇ ਪ੍ਰਬੰਧ ਵਾਸਤੇ ਇਲਾਕੇ ਦੀਆਂ ਸੰਗਤਾਂ ਵੱਲੋਂ ਪ੍ਰਬੰਧਕੀ ਕਮੇਟੀਆਂ ਬਣਾ ਲਈਆਂ ਜਾਂਦੀਆਂ ਹਨ, ਇਨ੍ਹਾਂ ਦੇ ਵਿਧੀ-ਵਿਧਾਨ ਦਾ ਕੋਈ ਇਕ ਸਥਾਈ ਨੇਮ ਨਹੀਂ, ਕਈ ਤਰ੍ਹਾਂ ਦੇ ਵਿਧਾਨ ਚਲਦੇ ਹਨ।

ਗੁਰਦੁਆਰਾ ਇਤਿਹਾਸਕ ਹੋਵੇ ਜਾਂ ਸੰਗਤੀ, ਇਕ ਤਾਂ ਦੋਹਾਂ ਵਿਚ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਹੋਣਾ ਜ਼ਰੂਰੀ ਹੈ, ਦੂਸਰਾ ਇਕ ਹੋਰ ਕਾਰਜ ਦੋਹਾਂ ਲਈ ਸਾਂਝਾ ਹੈ, ਉਹ ਹੈ ਗੁਰਮਤਿ ਪ੍ਰਚਾਰ, ਤਾਂਕਿ ਸੰਗਤਾਂ ਉਥੋਂ ਸਤਿਗੁਰੂ ਦਾ ਇਲਾਹੀ ਗਿਆਨ ਪ੍ਰਾਪਤ ਕਰ ਸਕਣ। ਇਸੇ ਲਈ ਸਤਿਗੁਰੂ ਬਾਣੀ ਵਿਚ ਵੀ ਫੁਰਮਾਉਂਦੇ ਹਨ:

"ਗੁਰੂ ਦੁਆਰੈ ਹੋਇ ਸੋਝੀ ਪਾਇਸੀ ॥ ਏਤੁ ਦੁਆਰੈ ਧੋਇ ਹਛਾ ਹੋਇਸੀ ॥"

{ਸੂਹੀ ਮਹਲਾ ੧, ਪੰਨਾ ੭੩੦}

ਗੱਲ ਬੜੀ ਸਪੱਸ਼ਟ ਹੈ ਕਿ ਸਿੱਖ ਨੇ ਗੁਰਦੁਆਰੇ ਸੋਝੀ ਭਾਵ ਗਿਆਨ ਪ੍ਰਾਪਤ ਕਰਨ ਲਈ ਜਾਣਾ ਹੈ ਅਤੇ ਗੁਰਬਾਣੀ ਦੇ ਇਸ ਇਲਾਹੀ ਗਿਆਨ ਦੁਆਰਾ ਆਪਣੇ ਵਿਕਾਰਾਂ ਨੂੰ ਧੋ ਕੇ, ਮਨ ਨੂੰ ਹੱਛਾ ਭਾਵ ਪਵਿੱਤਰ ਕਰਨ ਲਈ ਜਾਣਾ ਹੈ। ਇਸੇ ਲਈ ਗੁਰਦੁਆਰੇ ਦੀ ਮਰਿਯਾਦਾ ਵਿੱਚ, ਰੋਜ਼ ਨੇਮ ਨਾਲ ਕੀਰਤਨ ਅਤੇ ਗੁਰਮਤਿ ਵਿਚਾਰਾਂ ਦਾ ਹੋਣਾ ਲਾਜ਼ਮੀ ਹੈ।

ਜਿਥੇ ਇਹ ਦੋਵੇਂ ਕਾਰਜ ਨੇਮ ਨਾਲ ਨਹੀਂ ਹੋ ਰਹੇ, ਸਪਸ਼ਟ ਹੈ ਕਿ ਉਥੇ ਮਰਿਯਾਦਾ ਦਾ ਪਾਲਨ ਨਹੀਂ ਹੋ ਰਿਹਾ। ਗੁਰਦੁਆਰੇ ਦੇ ਨਾਲ ਲੰਗਰ ਹੋਣਾ, ਯਾਤਰੂਆਂ ਦੇ ਠਹਿਰਨ ਦਾ ਪ੍ਰਬੰਧ ਹੋਣਾ, ਹਸਪਤਾਲ ਜਾਂ ਡਿਸਪੈਂਸਰੀ ਆਦਿ ਹੋਣਾ ਬਹੁਤ ਚੰਗੀ ਗੱਲ ਹੈ, ਪਰ ਇਹ ਗੁਰਮਤਿ ਪ੍ਰਚਾਰ ਦਾ ਬਦਲ ਨਹੀਂ ਹੋ ਸਕਦੇ। ਗੁਰਦੁਆਰੇ ਦਾ ਅਸਲ ਮਕਸਦ ਤਾਂ ਗੁਰਮਤਿ ਪ੍ਰਚਾਰ ਹੀ ਹੈ। ਕਿਸੇ ਤਰ੍ਹਾਂ ਵੀ ਗੁਰਦੁਆਰਾ ਪੂਜਾ ਦਾ ਸਥਾਨ ਨਹੀਂ ਹੈ। ਇਹ ਅਲੱਗ ਗਲ ਹੈ ਕਿ ਸਿੱਖ ਸਿਧਾਂਤਾਂ ਦੀ ਚੇਤਨਤਾ ਨਾ ਹੋਣ ਕਾਰਨ, ਵਿਰਲੇ ਸਿੱਖ ਹੀ ਗੁਰਦੁਆਰੇ ਗੁਰਮਤਿ ਦ੍ਰਿੜ ਕਰਨ ਲਈ ਜਾਂਦੇ ਹਨ, ਬਹੁਤੇ ਤਾਂ ਪੂਜਾ ਕਰਨ ਲਈ ਹੀ ਜਾਂਦੇ ਹਨ। ਉਸ ਤੋਂ ਵੀ ਵਧੇਰੇ ਦੁੱਖਦਾਈ ਗੱਲ ਇਹ ਹੈ ਕਿ ਬਹੁਤੇ ਗੁਰਦੁਆਰਿਆਂ ਵਿੱਚ ਗੁਰਮਤਿ ਪ੍ਰਚਾਰ ਵਾਸਤੇ ਪ੍ਰਚਾਰਕ ਹੀ ਨਹੀਂ। ਜਿਥੇ ਹਨ ਵੀ, ਯੋਗ ਪ੍ਰਚਾਰਕ ਤਾਂ ਬਹੁਤ ਹੀ ਘੱਟ ਗੁਰਦੁਆਰਿਆਂ ਵਿੱਚ ਹਨ।

ਇਕ ਤੀਸਰੇ ਤਰ੍ਹਾਂ ਦੇ ਗੁਰਦੁਆਰੇ ਬਣ ਗਏ ਹਨ, ਇਹ ਹਨ ਡੇਰੇ। ਵੈਸੇ ਤਾਂ ਇਨ੍ਹਾਂ ਨੂੰ ਗੁਰਦੁਆਰਾ ਕਹਿਣਾ ਹੀ ਠੀਕ ਨਹੀਂ, ਕਿਉਂਕਿ ਸਿਵਾਏ ਇਸ ਦੇ ਕਿ ਇਥੇ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕੀਤਾ ਹੁੰਦਾ ਹੈ, ਇਹ ਹੋਰ ਕਿਸੇ ਤਰ੍ਹਾਂ ਵੀ ਗੁਰਦੁਆਰੇ ਦੀ ਪਰਿਭਾਸ਼ਾ ਉਤੇ ਖਰੇ ਨਹੀਂ ਉਤਰਦੇ। ਇਹ ਮੂਲ ਰੂਪ ਵਿੱਚ ਪੂਜਾ ਦੇ ਸਥਾਨ ਹਨ। ਹੋਰ ਤਾਂ ਹੋਰ ਇਥੇ ਪੂਜਾ ਵੀ ਸ਼ਖਸੀ ਕੀਤੀ ਜਾਂਦੀ ਹੈ। ਹਰ ਡੇਰੇ ਦਾ ਕੋਈ ਡੇਰੇਦਾਰ ਹੁੰਦਾ ਹੈ। ਜਿਸ ਨੂੰ ਸੰਤ, ਮਹੰਤ ਜਾਂ ਬਾਬਾ ਆਦਿ ਕਿਹਾ ਜਾਂਦਾ ਹੈ, ਅਸਲ ਵਿੱਚ ਉਸੇ ਦੀ ਪੂਜਾ ਹੁੰਦੀ ਹੈ, ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਤਾਂ ਕੇਵਲ ਭੋਲੇ-ਭਾਲੇ ਲੋਕਾਂ ਨੂੰ ਭਰਮ ਜਾਲ ਵਿੱਚ ਫਸਾਉਣ ਲਈ ਕੀਤਾ ਜਾਂਦਾ ਹੈ, ਸੰਗਤਾਂ ਨੂੰ ਮੂਰਖ ਬਨਾਉਣ ਲਈ ਹੀ ਇਨ੍ਹਾਂ ਡੇਰਿਆਂ ਤੇ ਗੁਰੂ ਗ੍ਰੰਥ ਸਾਹਿਬ ਦੀ ਪੂਜਾ ਦਾ ਅਡੰਬਰ ਵੀ ਖੂਬ ਰਚਿਆ ਜਾਂਦਾ ਹੈ। ਅਸਲ ਵਿੱਚ ਤਾਂ ਇਹ ਧਰਮ ਦੇ ਨਾਂ ਤੇ ਖੋਲ੍ਹੀਆਂ ਗਈਆਂ ਦੁਕਾਨਾਂ ਹਨ। ਇਸੇ ਲਈ ਅੱਜਕੱਲ ਬਹੁਤ ਨਵੇਂ ਡੇਰੇ ਪ੍ਰਮੁੱਖ ਸੜਕਾਂ ਉਤੇ ਖੋਲ੍ਹੇ ਜਾਂਦੇ ਹਨ, ਤਾਂਕਿ ਮੁੱਖ ਮਾਰਗਾਂ ਤੋਂ ਲੰਘ ਰਹੇ ਲੋਕਾਂ ਨੂੰ ਆਪਣੇ ਵੱਲ ਖਿਚਿਆ ਜਾ ਸਕੇ। ਬਿਲਕੁਲ ਉਵੇਂ, ਜਿਵੇਂ ਕੋਈ ਦੁਕਾਨ ਖੋਲ੍ਹਣ ਲਈ, ਮੁੱਖ ਮਾਰਕੀਟ ਨੂੰ ਪਹਿਲ ਦੇਂਦਾ ਹੈ। ਜੇ ਮਕਸਦ ਗੁਰਮਤਿ ਪ੍ਰਚਾਰ ਕਰਨਾ ਹੋਵੇ ਤਾਂ ਫੇਰ ਤਾਂ ਵਸੋਂ ਦੇ ਨੇੜੇ ਕੋਈ ਇਕਾਂਤ ਸਥਾਨ ਚੁਣਿਆ ਜਾਣਾ ਚਾਹੀਦਾ ਹੈ। ਅਸਲ ਵਿੱਚ ਇਹ ਡੇਰੇ ਸਿੱਧੇ ਜਾਂ ਅਸਿੱਧੇ ਰੂਪ ਵਿੱਚ ਹਿੰਦੂਤਵੀ ਤਾਕਤਾਂ ਦੇ ਏਜੰਟ ਹਨ, ਜੋ ਸਿੱਖ ਕੌਮ ਨੂੰ ਅਲੌਕਿਕ ਗੁਰਮਤਿ ਵਿਚਾਰਧਾਰਾ ਨਾਲੋਂ ਤੋੜ ਕੇ ਇਸਨੂੰ ਵਾਪਸ ਬ੍ਰਾਹਮਣੀ ਕਰਮਕਾਂਡਾਂ ਵਿੱਚ ਗਲਤਾਨ ਕਰਨ ਦਾ ਕੰਮ ਕਰ ਰਹੇ ਹਨ। ਬਹੁਤ ਗੁਰਦੁਆਰਿਆਂ ਵਿੱਚ ਵੀ ਇਨ੍ਹਾਂ ਡੇਰਿਆਂ ਤੋਂ ਸਿੱਖਿਆਂ ਲੈਕੇ ਆਏ ਨੀਮ ਹਕੀਮ ਪ੍ਰਚਾਰਕ ਬਣ ਕੇ ਬੈਠੇ ਹਨ, ਜੋ ਸੰਗਤਾਂ ਨੂੰ ਗੁਰਮਤਿ ਨਾਲ ਘੱਟ ਅਤੇ ਬ੍ਰਾਹਮਣੀ ਕਰਮਕਾਂਡਾਂ ਨਾਲ ਵਧੇਰੇ ਜੋੜ ਰਹੇ ਹਨ।

ਉਂਜ ਤਾਂ ਇਨ੍ਹਾਂ ਵਿਚੋਂ ਬਹੁਤੇ ਆਪ ਵੀ ਨਹੀਂ ਚਾਹੁੰਦੇ ਕਿ ਇਨ੍ਹਾਂ ਦੇ ਡੇਰੇ ਨੂੰ ਗੁਰਦੁਆਰਾ ਕਿਹਾ ਜਾਵੇ, ਕਿਉਂਕਿ ਇਕ ਤਾਂ ਇਹ ਆਪਣਾ ਵਖਰੇਵਾਂ ਬਣਾਈ ਰਖਣਾ ਚਾਹੁੰਦੇ ਹਨ, ਦੂਸਰਾ ਇਨ੍ਹਾਂ ਨੂੰ ਇਹ ਡਰ ਖਾਈ ਜਾਂਦਾ ਹੈ ਕਿ ਗੁਰਦੁਆਰਾ ਕਹਿਣ ਨਾਲ ਕਿਤੇ ਇਨ੍ਹਾਂ ਦੇ ਡੇਰੇ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਧੀਨ ਨਾ ਆ ਜਾਣ, ਕਈ ਇਸੇ ਡਰ ਤੋਂ ਨਿਸ਼ਾਨ ਸਾਹਿਬ ਵੀ ਨਹੀਂ ਲਾਉਂਦੇ, ਜੋ ਕਿ ਪੰਥਕ ਫੈਸਲੇ ਅਨੁਸਾਰ, ਹਰ ਗੁਰਦੁਆਰੇ ਲਈ ਜ਼ਰੂਰੀ ਹੈ। **ਇਸ ਲਈ ਇਹ ਇਨ੍ਹਾਂ ਸਥਾਨਾਂ ਨੂੰ ਡੇਰਾ, ਠਾਠ ਯਾ ਟਿਕਾਣਾ ਆਦਿ ਦੇ ਨਾਵਾਂ ਨਾਲ ਬੁਲਾਉਂਦੇ ਹਨ। ਇਹ ਡੇਰੇ, ਠਾਠ ਯਾ ਟਿਕਾਣੇ ਗੁਰਦੁਆਰਿਆਂ ਦੇ ਪੂਰਕ ਨਹੀਂ, ਬਲਕਿ ਸ਼ਰੀਕ ਹਨ।** ਇਹ ਬਿਲਕੁਲ ਹਿੰਦੂਆਂ ਦੇ ਮੱਠਾਂ

ਵਾਂਗ ਹਨ। ਹਰ ਚੰਗੀ ਮਾਨਤਾ ਵਾਲੇ ਗੁਰਦੁਆਰੇ ਦੇ ਮੁਕਾਬਲੇ 'ਤੇ ਕੋਈ ਨਾ ਕੋਈ ਬਾਬਾ ਆਪਣਾ ਡੇਰਾ ਜ਼ਰੂਰ ਬਣਾ ਲੈਂਦਾ ਹੈ। ਇਥੋਂ ਤੱਕ ਕਿ ਕਈਆਂ ਨੇ ਤਾਂ ਆਪਣੇ ਡੇਰਿਆਂ ਨਾਲ ਆਪੇ ਘੜੇ ਇਤਿਹਾਸ ਵੀ ਜੋੜ ਲਏ ਹਨ।

ਇਨ੍ਹਾਂ ਡੇਰਿਆਂ ਦਾ ਪ੍ਰਬੰਧ ਇਨ੍ਹਾਂ ਦੇ ਮੁਖੀਆਂ ਦੇ ਹੱਥ ਹੀ ਹੁੰਦਾ ਹੈ। ਕਾਨੂੰਨੀ ਮਾਨਤਾ ਲੈਣ ਲਈ ਜਾਂ ਦੁਨੀਆਂ ਨੂੰ ਵਿਖਾਉਣ ਲਈ ਇਨ੍ਹਾਂ ਡੇਰਿਆਂ ਦੀ ਕੋਈ ਕਮੇਟੀ ਜਾਂ ਟਰੱਸਟ ਆਦਿ ਵੀ ਬਣਾ ਲਿਆ ਜਾਂਦਾ ਹੈ, ਪਰ ਇਹ ਸਭ ਖਾਨਾ ਪੂਰਤੀ ਲਈ ਹੀ ਹੁੰਦਾ ਹੈ, ਅਸਲ ਵਿੱਚ ਸਾਰਾ ਪ੍ਰਬੰਧ ਡੇਰੇ ਦੇ ਮੁੱਖੀ, ਜਿਸ ਨੂੰ ਆਮ ਤੌਰ 'ਤੇ ਸੰਤ, ਮਹੰਤ ਜਾਂ ਬਾਬਾ ਆਖਿਆ ਜਾਂਦਾ ਹੈ, ਦੇ ਹੱਥ ਹੀ ਹੁੰਦਾ ਹੈ ਅਤੇ ਉਸ ਡੇਰੇ ਦੀ ਸਾਰੀ ਜਾਇਦਾਦ ਅਤੇ ਆਮਦਨ ਵੀ ਉਸ ਡੇਰਾ ਮੁੱਖੀ ਦੀ ਨਿੱਜੀ ਹੁੰਦੀ ਹੈ।

ਹੁਣ ਗੱਲ ਗੁਰਦੁਆਰੇ ਦੀ ਸੇਵਾ ਦੀ ਕਰੀਏ। ਗੁਰਦੁਆਰੇ ਦੀ ਸੇਵਾ ਦੇ ਤਿੰਨ ਹਿੱਸੇ ਹਨ:

ਗੁਰਦੁਆਰੇ ਦਾ ਪ੍ਰਬੰਧ, ਗੁਰਦੁਆਰੇ ਵਿੱਚ ਗੁਰਮਤਿ ਪ੍ਰਚਾਰ ਅਤੇ ਗੁਰਦੁਆਰੇ ਦੀ ਇਮਾਰਤ ਨਾਲ ਜੁੜੀਆਂ ਸੇਵਾਵਾਂ।

ਪਹਿਲੇ ਦੋ, ਗੁਰਦੁਆਰੇ ਦਾ ਪ੍ਰਬੰਧ ਅਤੇ ਗੁਰਦੁਆਰੇ ਵਿੱਚ ਗੁਰਮਤਿ ਪ੍ਰਚਾਰ, ਆਪਸ ਵਿੱਚ ਪੂਰੀ ਤਰ੍ਹਾਂ ਜੁੜੇ ਹੋਏ ਹਨ, ਕਿਉਂਕਿ ਜੇ ਪ੍ਰਬੰਧਕ ਗੁਰਮਤਿ ਦੀ ਸੋਝੀ ਰਖਣ ਵਾਲੇ ਅਤੇ ਗੁਰਮਤਿ ਦੇ ਧਾਰਨੀ ਹੋਣਗੇ ਤਾਂ ਉਹ ਯੋਗ ਪ੍ਰਚਾਰਕ ਰਖਣਗੇ ਅਤੇ ਇਹ ਯਕੀਨੀ ਬਨਾਉਣਗੇ ਕਿ ਉਥੇ ਗੁਰਮਤਿ ਦੇ ਪ੍ਰਚਾਰ ਨਾਲ, ਸਾਰੇ ਸੰਸਕਾਰ ਅਤੇ ਬਾਕੀ ਕਾਰਜ ਗੁਰਮਤਿ ਅਨੁਸਾਰ ਹੋਣ। ਇਸ ਤਰ੍ਹਾਂ ਜੇ ਇਹ ਕਹਿ ਲਿਆ ਜਾਵੇ ਕਿ ਗੁਰਦੁਆਰੇ ਦਾ ਪ੍ਰਚਾਰ, ਪ੍ਰਬੰਧ 'ਤੇ ਵਧੇਰੇ ਨਿਰਭਰ ਹੈ ਤਾਂ ਬਿਲਕੁਲ ਠੀਕ ਹੋਵੇਗਾ। ਇਸੇ ਤਰ੍ਹਾਂ ਜੇ ਗੁਰਦੁਆਰੇ ਦੇ ਪ੍ਰਬੰਧਕ ਯੋਗ ਅਤੇ ਇਮਾਨਦਾਰ ਹੋਣਗੇ ਤਾਂ ਉਹ ਗੁਰਦੁਆਰੇ ਦੀ ਆਮਦਨ ਦੀ ਯੋਗ ਵਰਤੋਂ ਕਰਨਗੇ।

ਗੁਰਦੁਆਰੇ ਦਾ ਪ੍ਰਬੰਧ ਅਗਰ ਗਲਤ ਹੱਥਾਂ ਵਿੱਚ ਚਲਾ ਜਾਵੇ ਤਾਂ ਕੌਮ ਦੀ ਬਰਬਾਦੀ ਹੋ ਸਕਦੀ ਹੈ। ਸਾਡੇ ਕੋਲ ਇਕ ਇਤਿਹਾਸਕ ਪ੍ਰਮਾਣ ਹੈ, 18 ਵੀ ਸੱਦੀ ਵਿੱਚ ਜਦੋਂ ਸਿੱਖ ਕੌਮ ਜੰਗਾਂ ਜੁੱਧਾਂ ਵਿੱਚ ਫਸੀ ਹੋਈ ਸੀ, ਸਿੱਖ ਜੰਗਲਾਂ ਪਹਾੜਾਂ ਵਿੱਚ ਲੁੱਕ ਕੇ ਗੁਜਾਰਾ ਕਰਦੇ ਸਨ, ਘੋੜਿਆਂ ਦੀਆਂ ਕਾਠੀਆਂ ਹੀ ਉਨ੍ਹਾਂ ਦਾ ਘਰ ਹੁੰਦੇ ਸਨ, ਗੁਰਦੁਆਰਿਆਂ ਦੇ ਪ੍ਰਬੰਧ ਉਤੇ ਉਦਾਸੀ ਅਤੇ ਨਿਰਮਲੇ ਸਾਧਾਂ ਦਾ ਕਬਜ਼ਾ ਹੋ ਗਿਆ। ਇਹ ਲੋਕ ਪੂਰੀ ਤਰ੍ਹਾਂ ਬ੍ਰਾਹਮਣੀ ਰੰਗ ਵਿੱਚ ਰੰਗੇ ਹੋਏ ਦੋਗਲੇ ਸਿੱਖ ਸਨ। ਇਨ੍ਹਾਂ ਬ੍ਰਾਹਮਣੀ ਮਰਯਾਦਾਵਾਂ ਦਾ, ਸਿੱਖੀ ਕਰਨ ਕਰਕੇ, ਗੁਰਦੁਆਰਿਆਂ ਵਿੱਚ ਲਾਗੂ ਕਰਵਾ ਦਿੱਤੀਆਂ। ਜਿਹੜੇ ਕਰਮ ਬ੍ਰਾਹਮਣ ਮੰਦਰਾਂ ਵਿੱਚ ਆਪਣੇ ਮੰਤਰ ਰਟਦਿਆਂ ਕਰਦੇ ਸਨ, ਉਹੀ ਕਰਮ ਗੁਰਦੁਆਰਿਆਂ ਵਿੱਚ ਗੁਰਬਾਣੀ ਦੇ ਸ਼ਬਦ ਰਟਦੇ ਹੋਏ ਹੋਣ ਲੱਗੇ। ਇਥੋਂ ਤੱਕ ਕੇ 19ਵੀਂ ਸਦੀ ਦੇ ਅੰਤ ਕੋਲ, ਸਿੱਖੀ ਦੇ ਕੇਂਦਰ ਦਰਬਾਰ ਸਾਹਿਬ ਅੰਮ੍ਰਿਤਸਰ ਦੀਆਂ ਪ੍ਰਕਰਮਾਂ ਵਿੱਚ, ਕਈ ਅਨਮਤੀ ਦੇਵੀ ਦੇਵਤਿਆਂ ਦੀਆਂ ਮੂਰਤੀਆਂ ਸਥਾਪਤ ਕਰ ਦਿੱਤੀਆਂ ਗਈਆਂ। ਭੋਲੇ ਸਿੱਖ ਤਾਂ ਉਨ੍ਹਾਂ ਕਰਮਾਂ ਵਿੱਚ ਹੀ ਸ਼ਾਮਲ ਹੋਕੇ ਅਤੇ ਉਨ੍ਹਾਂ ਮਹੰਤਾਂ ਦੀ ਆਗਿਆ ਵਿੱਚ ਚੱਲ ਕੇ ਹੀ, ਆਪਣੇ ਧਰਮੀ ਅਤੇ ਚੰਗੇ ਸਿੱਖ ਹੋਣ ਦਾ ਭਰਮ ਪਾਲ ਰਹੇ ਸਨ। ਪਰ ਪਾਹੁਲ ਛਕੇ ਹੋਏ ਸੁਚੇਤ ਸਿੱਖਾਂ ਕੋਲੋਂ ਗੁਰਦੁਆਰਿਆਂ ਦੀ ਇਹ ਬੇਅਦਬੀ ਬਰਦਾਸ਼ਤ ਨਾ ਹੋਈ। 20ਵੀਂ ਸਦੀ ਦੇ ਸ਼ੁਰੂ ਵਿੱਚ ਗੁਰਦੁਆਰਾ ਸੁਧਾਰ ਲਹਿਰ ਸ਼ੁਰੂ ਹੋਈ। ਕੁਝ ਸਾਲਾਂ ਦੀ ਜਦੋ ਜਹਿਦ ਵਿੱਚ, ਸੁਚੇਤ ਸਿੱਖਾਂ ਨੇ ਸਮਝ ਲਿਆ ਕਿ ਇਹ ਮਹੰਤ, ਜਿਨ੍ਹਾਂ ਨੂੰ ਕਿਰਤੀ ਸਿੱਖਾਂ ਦੀ ਮਿਹਨਤ ਦੀ ਕਮਾਈ ਵਿੱਚੋਂ ਭੇਟ ਕੀਤੀ ਮਾਇਆ ਨਾਲ ਗੁਰਦੁਆਰਿਆਂ ਦੀਆਂ ਭਰੀਆਂ ਗੋਲਕਾਂ ਨਾਲ, ਐਯਾਸ਼ੀ ਕਰਨ

ਦਾ ਸ਼ੌਂਕ ਪੈ ਗਿਆ ਹੈ, ਗੁਰਦੁਆਰਿਆਂ ਵਿੱਚੋਂ ਸੌਖੇ ਨਹੀਂ ਨਿਕਲਣ ਲੱਗੇ। ਉਹ ਜਾਣਦੇ ਸਨ ਕਿ ਗੁਰਦੁਆਰੇ ਅਜ਼ਾਦ ਕਰਾਏ ਬਿਨਾਂ ਸਿੱਖੀ ਦੇ ਨਿਰਮਲ ਸਰੂਪ ਨੂੰ ਸੁਰਜੀਤ ਨਹੀਂ ਕੀਤਾ ਜਾ ਸਕਦਾ। ਸਿੰਘ ਜਾਨਾਂ ਤਲੀ 'ਤੇ ਰੱਖ ਕੇ ਨਿਤਰੇ, ਸੈਂਕੜੇ ਸ਼ਹੀਦ ਹੋਏ, ਸੈਂਕੜਿਆਂ ਨੇ ਹੀ ਜ਼ੁਲਮ ਅਤੇ ਤਸ਼ੱਦਦ ਸਹਿਆ। ਭਾਵੇਂ ਸਮੇਂ ਦੀ ਅੰਗਰੇਜ਼ ਸਰਕਾਰ ਮਹੰਤਾਂ ਦੀ ਪਿੱਠ 'ਤੇ ਸੀ ਪਰ ਸਿੰਘਾਂ ਦੀ ਕੁਰਬਾਨੀ ਅੱਗੇ ਕੋਈ ਟਿੱਕ ਨਾ ਸਕਿਆ। ਬੇਅੰਤ ਕੁਰਬਾਨੀਆਂ ਕਰਨੀਆਂ ਪਈਆਂ ਪਰ ਗੁਰਦੁਆਰੇ ਅਜ਼ਾਦ ਹੋਕੇ ਪੰਥਕ ਪ੍ਰਬੰਧ ਵਿੱਚ ਆ ਗਏ। ਇਹ ਹੈ ਗੁਰਦੁਆਰਿਆਂ ਦੀ ਸੇਵਾ ਲਈ ਤੱਤਪਰ ਰਹਿਣਾ।

ਅੱਜ ਹਾਲਾਤ ਕੋਈ ਬਹੁਤੇ ਅਲੱਗ ਨਹੀਂ। ਗੁਰਦੁਆਰਾ ਸੁਧਾਰ ਲਹਿਰ ਵਿੱਚੋਂ ਨਿਕਲੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਚਿਹਰਾ ਮੋਹਰਾ ਬਿਲਕੁਲ ਬਦਲ ਚੁੱਕਾ ਹੈ। ਅੱਜ ਫੇਰ ਗੁਰਦੁਆਰਿਆਂ ਉਤੇ ਸੁਆਰਥੀ ਅਤੇ ਠੱਗ ਪ੍ਰਵਿਰਤੀ ਵਾਲੇ ਲੋਕਾਂ ਦਾ ਕਬਜ਼ਾ ਹੈ। ਫਰਕ ਸਿਰਫ ਇਤਨਾ ਹੈ ਕਿ ਉਹ ਧਾਰਮਿਕ ਠੱਗ ਸਨ, ਇਹ ਰਾਜਨੀਤਿਕ ਠੱਗ ਹਨ, ਜੋ ਨਾਲ ਧਰਮਿਕ ਵਿਖਾਵਾ ਬਣਾਈ ਰੱਖਦੇ ਹਨ। ਅੱਜ ਮੁੜ ਸਾਡੇ ਇਤਿਹਾਸਕ ਗੁਰਦੁਆਰਿਆਂ ਵਿੱਚੋਂ ਗੁਰਬਾਣੀ ਦੇ ਗਿਆਨ ਨਾਲ ਸੁਗੰਧਤ, ਠੰਡੀ ਗੁਰਮਤਿ ਪੌਣ ਵਗਣ ਦੀ ਬਜਾਏ, ਬ੍ਰਾਹਮਣੀ ਰੰਗਾਂ ਵਿੱਚ ਰੰਗਿਆ ਹੋਇਆ ਕਰਮਕਾਂਡੀ ਤੁਫਾਨ ਝੁਲ ਰਿਹਾ ਹੈ, ਜੋ ਸਾਰੀ ਸਿੱਖ ਕੌਮ ਨੂੰ ਖਾਰੇ ਬ੍ਰਾਹਮਣੀ ਸਾਗਰ ਵਿੱਚ ਗਰਕ ਕਰ ਦੇਣਾ ਚਾਹੁੰਦਾ ਹੈ। ਇਹ ਹਾਲਤ ਪ੍ਰਮੁਖ ਇਤਿਹਾਸਕ ਗੁਰਦੁਆਰਿਆਂ ਦੀ ਹੈ, ਜਿਥੋਂ ਆਮ ਸਿੱਖ ਨੇ ਅਗਵਾਈ ਲੈਣੀ ਹੁੰਦੀ ਹੈ। ਇਸ ਦਾ ਪ੍ਰਭਾਵ ਜਿਥੇ ਆਮ ਸੰਗਤੀ ਗੁਰਦੁਆਰਿਆਂ 'ਤੇ ਵੀ ਪੈਂਦਾ ਹੈ ਉਥੇ ਆਮ ਸਿੱਖ ਦਾ ਜੀਵਨ ਵੀ ਪ੍ਰਭਾਵਤ ਹੁੰਦਾ ਹੈ।

ਪ੍ਰਬੰਧ ਦੇ ਮਾਮਲੇ ਵਿੱਚ ਹਾਲਾਤ ਬਹੁਤੇ ਸੰਗਤੀ ਗੁਰਦੁਆਰਿਆਂ ਵਿੱਚ ਵੀ ਬਹੁਤੇ ਅਲੱਗ ਨਹੀਂ। ਇਥੇ ਵੀ ਬਹੁਤੇ ਰਾਜਨੀਤਕ ਜਾਂ ਲੱਠਮਾਰ ਜਾਂ ਧਨਾਢ ਲੋਕ ਕਾਬਜ਼ ਹਨ। ਬਹੁਤੀ ਸਮੱਸਿਆ ਇਸ ਗੱਲ ਦੀ ਨਹੀਂ ਕਿ ਇਹ ਲੋਕ ਰਾਜਨੀਤਕ ਜਾਂ ਲੱਠਮਾਰ ਜਾਂ ਧਨਾਢ ਹਨ, ਸਮੱਸਿਆ ਇਹ ਹੈ ਕਿ ਇਹ ਪ੍ਰਬੰਧਕ ਗੁਰਮਤਿ ਸਿਧਾਤਾਂ ਤੋਂ ਬਿਲਕੁਲ ਕੋਰੇ ਹਨ, ਅਤੇ ਇਨ੍ਹਾਂ ਦੀ ਇਮਾਨਦਾਰੀ ਗੁਰਮਤਿ ਸਿਧਾਂਤਾਂ ਪ੍ਰਤੀ ਘੱਟ ਅਤੇ ਆਪਣੀ ਚੌਧਰ ਪ੍ਰਤੀ ਵਧੇਰੇ ਹੈ। ਬਹੁਤੇ ਗੁਰਦੁਆਰੇ ਅੱਜ ਗੁਰਮਤਿ ਪ੍ਰਚਾਰ ਦੇ ਕੇਂਦਰ ਘੱਟ ਅਤੇ ਪੂਜਾ ਦੇ ਸਥਾਨ ਵਧੇਰੇ ਬਣ ਗਏ ਹਨ। ਪ੍ਰਬੰਧਕ ਇਸ ਰੁਝਾਨ ਨੂੰ ਠੱਲ ਪਾਉਣ ਦੀ ਬਜਾਏ, ਇਸ ਨੂੰ ਉਤਸ਼ਾਹਤ ਕਰਦੇ ਹਨ, ਕਿਉਂਕਿ ਉਨ੍ਹਾਂ ਨੂੰ ਵਧੇਰੇ ਖਤਰਾ ਇਸ ਗੱਲ ਦਾ ਹੈ ਕਿ ਇਸ ਨਾਲ ਕਿਤੇ ਗੁਰਦੁਆਰੇ ਦੀ ਆਮਦਨ ਨਾ ਘੱਟ ਜਾਵੇ, ਇਸ ਤਰ੍ਹਾਂ ਗੁਰਦੁਆਰੇ ਵੀ ਵਪਾਰਕ ਕੇਂਦਰ ਬਣ ਗਏ ਹਨ। ਜੋ ਖੰਡੇ ਬਾਟੇ ਦੀ ਪਾਹੁਲ ਪ੍ਰਾਪਤ ਕਰਕੇ, ਗੁਰਦੁਆਰਿਆਂ ਦੀ ਟਹਿਲ ਲਈ ਤੱਤਪਰ ਰਹਿਣਾ ਚਾਹੁੰਦੇ ਹਨ, ਅੱਜ ਫਿਰ ਉਨ੍ਹਾਂ ਦੀ ਪਹਿਲ ਗੁਰਧਾਮਾਂ ਨੂੰ ਇਨ੍ਹਾਂ ਠੱਗਾਂ ਤੋਂ ਮੁਕਤ ਕਰਾਉਣ ਦੀ ਹੋਣੀ ਚਾਹੀਦੀ ਹੈ। ਹੋਰ ਸੇਵਾਵਾਂ ਵੀ ਮਹੱਤਵਪੂਰਨ ਹੋ ਸਕਦੀਆਂ ਹਨ, ਪਰ ਜੇ ਗੁਰਧਾਮਾਂ ਨੂੰ ਸੁਆਰਥੀ ਲੋਕਾਂ ਤੋਂ ਮੁਕਤ ਨਹੀਂ ਕਰਾਇਆ ਜਾਂਦਾ ਤਾਂ ਉਸ ਦਾ ਪ੍ਰਭਾਵ ਪੰਥ 'ਤੇ ਬਹੁਤਾ ਹਾਂ-ਪੱਖੀ ਨਹੀਂ ਹੋ ਸਕਦਾ।

ਗੁਰਦੁਆਰੇ ਦੀ ਇਮਾਰਤ ਦੀ ਆਪਣੀ ਮਹੱਤਤਾ ਹੈ, ਕਿਉਂਕਿ ਸੰਗਤਾਂ ਦਾ ਇਕੱਠ ਤਾਂ ਇਮਾਰਤ ਵਿੱਚ ਹੀ ਹੋਣਾ ਹੈ। ਸੰਗਤਾਂ ਨੇ ਸਵੇਰੇ ਸ਼ਾਮ ਗੁਰਮਤਿ ਗਿਆਨ ਪ੍ਰਾਪਤ ਕਰਨ ਲਈ ਇਕੱਠਾ ਹੋਣਾ ਹੈ, ਇਸ ਤੋਂ ਇਲਾਵਾ ਕਿਸੇ ਸਮਾਜਕ ਸੰਸਕਾਰ ਲਈ ਵੀ ਇਕੱਠ ਹੁੰਦੇ ਰਹਿੰਦੇ ਹਨ, ਇਸ ਲਈ ਚਾਹੀਦਾ ਇਹ ਹੈ ਕਿ ਗੁਰਦੁਆਰੇ ਦਾ ਹਾਲ ਸਾਫ-ਸੁਥਰਾ, ਹਵਾਦਾਰ ਅਤੇ ਇਤਨੇ ਕੁ ਵੱਡੇ ਅਕਾਰ ਦਾ ਹੋਵੇ ਕਿ ਇਲਾਕੇ ਦੀ ਸੰਗਤ ਉਸ ਵਿੱਚ ਸਮਾ

ਸਕੇ। ਲੰਗਰ ਵੀ ਗੁਰਦੁਆਰੇ ਦਾ ਅਨਿਖੜਵਾਂ ਅੰਗ ਬਣ ਚੁੱਕਾ ਹੈ, ਇਸ ਲਈ ਰਸੋਈ ਅਤੇ ਲੰਗਰ-ਹਾਲ ਵੀ ਗੁਰਦੁਆਰੇ ਦੀ ਲੋੜ ਹੈ। ਯਾਤਰੂਆਂ ਦੇ ਠਹਿਰਨ ਲਈ ਚੰਗੇ ਕਮਰੇ ਹੋਣਾ ਵੀ ਬਹੁਤ ਵਧੀਆ ਗੱਲ ਹੈ। ਜਗ੍ਹਾ ਹੋਣ 'ਤੇ ਗੁਰਦੁਆਰੇ ਦੇ ਨਾਲ ਹਸਪਤਾਲ ਜਾਂ ਡਿਸਪੈਂਸਰੀ ਆਦਿ ਵੀ ਚੰਗੀ ਸੇਵਾ ਹੈ ਅਤੇ ਇਨ੍ਹਾਂ ਸੇਵਾਵਾਂ ਵਿੱਚ ਸਰੀਰਕ ਅਤੇ ਮਾਇਕ ਯੋਗਦਾਨ ਪਾਉਣਾ ਵੀ ਸਿੱਖ ਦਾ ਫਰਜ਼ ਹੈ, ਪਰ ਇਹ ਗੱਲ ਸਮਝਣੀ ਜ਼ਰੂਰੀ ਹੈ ਕਿ ਗੁਰਦੁਆਰੇ ਦਾ ਅਸਲੀ ਮਕਸਦ ਸਤਿਗੁਰੂ ਦੇ ਇਲਾਹੀ ਗਿਆਨ ਦਾ ਪ੍ਰਚਾਰ ਕਰਨਾ ਹੈ। ਜੇ ਗੁਰਦੁਆਰੇ ਵਿੱਚ ਗੁਰਮਤਿ ਦਾ ਪ੍ਰਚਾਰ ਨਹੀਂ ਹੋ ਰਿਹਾ ਤਾਂ ਬਾਕੀ ਸਭ ਸੇਵਾਵਾਂ ਨਿਰਾਰਥ ਹਨ। ਅੱਜ ਬਹੁਤ ਗੁਰਸਿੱਖ ਸਮਝਦੇ ਹਨ ਕਿ ਗੁਰਦੁਆਰੇ ਜਾਕੇ ਕੇਵਲ ਭਾਂਤ ਭਾਂਤ ਦੀਆਂ ਸੇਵਾਵਾਂ ਵਿੱਚ ਯੋਗਦਾਨ ਪਾਉਣਾ ਹੀ ਸਭ ਤੋਂ ਉਤਮ ਕੰਮ ਹੈ, ਉਹ ਜੋੜੇ ਝਾੜਨ/ਸੰਭਾਲਣ, ਲੰਗਰ, ਸਫਾਈ ਆਦਿ ਸੇਵਾਵਾਂ ਵਿੱਚ ਹੀ ਲੱਗੇ ਰਹਿੰਦੇ ਹਨ, ਗੁਰਦੁਆਰਾ ਸਾਹਿਬ ਜਾ ਕੇ ਵੀ ਸਤਿਸੰਗਤ ਨਹੀਂ ਕਰਦੇ। ਨਤੀਜਾ ਇਹ ਕਿ ਸਾਰਾ ਜੀਵਨ ਗੁਰਦੁਆਰੇ ਜਾ ਕੇ ਵੀ, ਸਤਿਗੁਰੂ ਦੇ ਇਲਾਹੀ ਗਿਆਨ ਤੋਂ ਵਾਂਝੇ ਰਹਿੰਦੇ ਹਨ। ਸਤਿਗੁਰੂ ਸਾਨੂੰ ਸਮਝਾਉਂਦੇ ਬਖਸ਼ਿਸ਼ ਕਰਦੇ ਹਨ ਕਿ ਸਤਿਸੰਗਤ ਵਿੱਚ ਜੁੜ ਬੈਠ ਕੇ ਅਕਾਲ-ਪੁਰਖ ਦੇ ਗੁਣਾਂ ਦੀ ਵਿਚਾਰ ਕਰਨੀ ਵੀ ਜ਼ਰੂਰੀ ਹੈ:

"ਗੁਰ ਕੀ ਸੇਵਾ ਸਦਾ ਸੁਖੁ ਪਾਏ ॥ ਸੰਤ ਸੰਗਤਿ ਮਿਲਿ ਹਰਿ ਗੁਣ ਗਾਏ ॥ ਨਾਮੇ ਨਾਮਿ ਕਰੇ ਵੀਚਾਰੁ ॥ ਆਪਿ ਤਰੈ ਕੁਲ ਉਧਰਣਹਾਰੁ ॥੩॥" {ਆਸਾ ਮਹਲਾ ੩, ਪੰਨਾ ੩੬੨}

ਜੇਹੜਾ ਮਨੁੱਖ ਗੁਰੂ ਦੀ ਦੱਸੀ ਸੇਵਾ ਕਰਦਾ ਹੈ ਉਹ ਸਦਾ ਆਤਮਕ ਆਨੰਦ ਮਾਣਦਾ ਹੈ (ਕਿਉਂਕਿ) ਸਾਧ ਸੰਗਤਿ ਵਿਚ ਮਿਲ ਕੇ ਉਹ ਪਰਮਾਤਮਾ ਦੇ ਗੁਣ ਗਾਂਦਾ ਰਹਿੰਦਾ ਹੈ (ਸਿਫ਼ਤਿ-ਸਾਲਾਹ ਕਰਦਾ ਰਹਿੰਦਾ ਹੈ) । ਉਹ ਸਦਾ ਪਰਮਾਤਮਾ ਦੇ ਨਾਮ ਵਿਚ ਜੁੜ ਕੇ (ਪਰਮਾਤਮਾ ਦੇ ਗੁਣਾਂ ਦੀ) ਵਿਚਾਰ ਕਰਦਾ ਹੈ । (ਇਸ ਤਰ੍ਹਾਂ) ਉਹ ਆਪ (ਸੰਸਾਰ-ਸਮੁੰਦਰ ਤੋਂ) ਪਾਰ ਲੰਘ ਜਾਂਦਾ ਹੈ ਤੇ ਆਪਣੀਆਂ ਕੁਲਾਂ ਨੂੰ ਪਾਰ ਲੰਘਾਣ ਜੋਗਾ ਹੋ ਜਾਂਦਾ ਹੈ ।3।

ਆਮ ਸਿੱਖ ਕਿਉਂਕਿ ਕੇਵਲ ਗੁਰਦੁਆਰੇ ਦੀ ਇਮਾਰਤ ਨਾਲ ਹੀ ਜੁੜ ਗਏ ਹਨ, ਸਤਿਗੁਰੂ ਦੇ ਇਲਾਹੀ ਗਿਆਨ ਤੋਂ ਵਾਂਝੇ ਰਹਿਣ ਕਾਰਨ, ਗੁਰਮਤਿ ਦਾ 'ਮਨੁੱਖਤਾ ਦੀ ਸੇਵਾ' ਦਾ ਸੰਕਲੱਪ ਤਾਂ ਬਹੁਤ ਹੀ ਸੀਮਤ ਰਹਿ ਗਿਆ ਹੈ। ਇਸ ਨੂੰ ਕੇਵਲ ਪਿੰਗਲਵਾੜੇ ਦੀ ਸੰਸਥਾ ਦੇ ਬਾਨੀ ਭਗਤ ਪੂਰਨ ਸਿੰਘ ਜੀ ਜਿਹੀਆਂ ਕੁਝ ਮਹਾਨ ਸ਼ਕਸੀਅਤਾਂ ਨੇ ਹੀ ਉਜਾਗਰ ਕੀਤਾ ਹੈ। ਅਸਲ ਵਿੱਚ ਗੁਰਦੁਆਰਾ ਸਾਡਾ ਸੇਵਾ ਸਿੱਖਣ ਦਾ ਟਰੇਨਿੰਗ ਸੈਂਟਰ ਹੈ, ਇਥੋਂ ਸੇਵਾ ਦਾ ਸੰਕਲਪ ਅਤੇ ਅਮਲੀ ਟਰੇਨਿੰਗ ਲੈਕੇ, ਸਿੱਖ ਨੇ ਸਾਰੇ ਮਨੁੱਖੀ ਸਮਾਜ ਦੀ ਸੇਵਾ ਕਰਨੀ ਹੈ।

ਦਸਵੰਧ

ਸਿੱਖ ਕੌਮ ਵਿੱਚ ਦਸਵੰਧ ਦੇ ਸੰਕਲੱਪ ਦਾ ਅਧਾਰ ਗੁਰੂ ਨਾਨਕ ਪਾਤਿਸ਼ਾਹ ਦੀਆਂ ਇਹ ਪਾਵਨ ਪੰਕਤੀਆਂ ਹਨ:

"ਘਾਲਿ ਖਾਇ ਕਿਛੁ ਹਥਹੁ ਦੇਇ ॥ ਨਾਨਕ ਰਾਹੁ ਪਛਾਣਹਿ ਸੇਇ ॥੧॥"

(ਸਲੋਕ ਮਃ ੧, ਪੰਨਾ ੧੨੪੫)

ਜੋ ਜੋ ਮਨੁੱਖ ਮਿਹਨਤ ਨਾਲ ਕਮਾ ਕੇ (ਆਪ) ਖਾਂਦਾ ਹੈ ਤੇ ਉਸ ਕਮਾਈ ਵਿਚੋਂ ਕੁਝ (ਹੋਰਨਾਂ ਨੂੰ ਭੀ) ਦੇਂਦਾ ਹੈ, ਹੇ ਨਾਨਕ ! ਅਜੇਹੇ ਬੰਦੇ ਹੀ ਜ਼ਿੰਦਗੀ ਦਾ ਸਹੀ ਰਸਤਾ ਪਛਾਣਦੇ ਹਨ ।1।

ਇਹ ਇਤਨਾ ਲਾਜੁਆਬ ਸੰਕਲਪ ਹੈ ਕਿ ਸਤਿਗੁਰੂ ਨੇ ਇਸ ਦੇ ਜ਼ਰੀਏ, ਲੋਕਾਈ ਦੀ ਪਾਣੀ ਦੀ ਥੁੜ੍ਹ ਪੂਰੀ ਕਰਨ ਲਈ ਅਨੇਕਾਂ ਖੂਹ ਲਵਾਏ, ਸਰੋਵਰ ਬਣਵਾਏ, ਵੱਡੇ ਵੱਡੇ ਨਗਰ ਵਸਾਏ, ਹਸਪਤਾਲ ਬਣਵਾਏ, ਧਰਮਸ਼ਾਲਾਂ ਬਣਵਾਈਆਂ, ਹਰ ਤਰ੍ਹਾਂ ਨਾਲ ਲੋੜਵੰਦਾਂ ਦੀ ਮੱਦਦ ਕੀਤੀ। ਗੁਰ-ਇਤਿਹਾਸ ਵਿੱਚੋਂ ਸਾਡੇ ਕੋਲ ਇਕ ਬਹੁਤ ਵਧੀਆ ਪ੍ਰਮਾਣ ਹੈ। ਲਾਹੌਰ ਵਿੱਚ ਮਹਾਂਮਾਰੀ ਫੈਲ ਗਈ ਤਾਂ ਗੁਰੂ ਅਰਜਨ ਪਾਤਿਸ਼ਾਹ ਆਪਣੇ ਪਰਿਵਾਰ ਸਮੇਤ ਲਾਹੌਰ ਆਕੇ ਰੋਗੀਆਂ ਦੀ ਸੇਵਾ ਸੰਭਾਲ ਵਿੱਚ ਜੁੱਟ ਗਏ। ਰੋਗੀਆਂ ਲਈ ਦਵਾਈਆਂ ਦਾ ਪ੍ਰਬੰਧ ਕੀਤਾ, ਜਿਹੜੇ ਮਰ ਗਏ ਸਨ, ਉਨ੍ਹਾਂ ਲਈ ਸਸਕਾਰ ਆਦਿ ਦਾ ਪ੍ਰਬੰਧ ਕੀਤਾ, ਉਨ੍ਹਾਂ ਦੇ ਪਰਿਵਾਰਾਂ ਲਈ ਲੰਗਰ ਪਾਣੀ ਦਾ ਪ੍ਰਬੰਧ ਕੀਤਾ। ਸੁਭਾਵਕ ਹੈ, ਇਤਨੇ ਵੱਡੇ ਕਾਰਜ ਵਿੱਚ ਮਾਇਆ ਦੀ ਥੁੜ੍ਹ ਆ ਗਈ, ਤਾਂ ਕੁਝ ਸਰਕਰਦਾ ਸਿੱਖਾਂ ਨੂੰ ਅੰਮ੍ਰਿਤਸਰ ਭੇਜਿਆ ਕਿ ਜੋ ਮਾਇਆ ਦਰਬਾਰ ਸਾਹਿਬ ਦੀ ਇਮਾਰਤ ਤਿਆਰ ਕਰਾਉਣ ਲਈ ਇਕੱਤਰ ਕੀਤੀ ਹੈ, ਉਹ ਲੈ ਆਓ। ਕੁਝ ਸਿੱਖਾਂ ਹੈਰਾਨ ਹੋ ਪੁਛਿਆ, ਕਿ ਸਤਿਗੁਰੂ ਉਹ ਤਾਂ ਦਰਬਾਰ ਸਾਹਿਬ ਉਸਾਰਨ ਵਾਸਤੇ ਇਕੱਤਰ ਹੋਈ ਹੈ? ਤਾਂ ਸਤਿਗੁਰੂ ਨੇ ਫੁਰਮਾਇਆ, ਦਰਬਾਰ ਸਾਹਿਬ ਵਾਸਤੇ ਹੋਰ ਮਾਇਆ ਆ ਜਾਵੇਗੀ, ਇਮਾਰਤ ਕੁਝ ਦਿਨ ਰੁਕ ਕੇ ਬਣਾ ਲਈ ਜਾਵੇਗੀ, ਪਹਿਲਾਂ ਇਨ੍ਹਾਂ ਦੁਖਿਆਰਿਆਂ ਦੀ ਸੇਵਾ ਸੰਭਾਲ ਕਰਨੀ ਜ਼ਰੂਰੀ ਹੈ

ਦਸਵੰਧ ਦੀ ਇਸ ਸੰਸਥਾ ਦੀ ਯੋਗ ਵਰਤੋਂ ਕਰਕੇ ਅੱਜ ਵੀ ਮਨੁੱਖਤਾ ਦਾ ਵੱਡਾ ਭਲਾ ਕੀਤਾ ਜਾ ਸਕਦਾ ਹੈ। ਸਾਡੇ ਪਾਸ ਪ੍ਰਮਾਣ ਹੈ ਕਿ ਭਗਤ ਪੂਰਨ ਸਿੰਘ ਜੀ ਨੇ ਇਸ ਦੀ ਯੋਗ ਵਰਤੋਂ ਨਾਲ ਪਿੰਗਲਵਾੜਾ ਸਥਾਪਤ ਕਰਕੇ ਕੇਵਲ ਸਿੱਖ ਕੌਮ ਤੇ ਨਹੀਂ, ਮਨੁੱਖਤਾ 'ਤੇ ਇਕ ਵੱਡਾ ਪਰਉਪਕਾਰ ਕੀਤਾ ਹੈ। ਇਸ ਦੀ ਯੋਗਵਰਤੋਂ ਦਾ ਕੇਂਦਰ ਗੁਰਦੁਆਰਾ ਹੀ ਹੋਣਾ ਚਾਹੀਦਾ ਹੈ ਪਰ ਇਹ ਅਤਿ ਦੁਖਦਾਈ ਗੱਲ ਹੈ ਕਿ ਸਿੱਖ ਦੀ ਪਵਿੱਤਰ ਭਾਵਨਾ ਨਾਲ ਗੁਰੂ ਨੂੰ ਭੇਟ ਕੀਤੀ ਮਾਇਆ ਦੀ ਬਹੁਤ ਦੁਰਵਰਤੋਂ ਹੋ ਰਹੀ ਹੈ।

ਦਾਸ ਨੇ ਆਪਣੀ ਅੱਖੀਂ ਵੇਖਿਆ ਹੈ ਕਿ ਬਹੁਤ ਸਾਰੇ ਸਿਆਸੀ ਆਗੂਆਂ ਦੀਆਂ ਰਾਜਨੀਤਕ ਚੋਣਾਂ ਸਮੇਂ ਗੁਰਦੁਆਰਿਆਂ ਦੀ ਮਾਇਆ ਤੋਂ ਉਨ੍ਹਾਂ ਦੇ ਵਰਕਰਾਂ ਦੇ ਖਾਣੇ-ਖਰਚੇ ਚਲਦੇ ਹਨ, ਉਨ੍ਹਾਂ ਦੀਆਂ ਸਿਆਸੀ ਕਾਨਫਰੰਸਾਂ ਵਾਸਤੇ ਤੰਬੂ-ਕਨਾਤਾਂ, ਸਟੇਜਾਂ ਆਦਿ ਦੇ ਖਰਚੇ ਚਲਦੇ ਹਨ। ਸ਼੍ਰੋਮਣੀ ਕਮੇਟੀ ਅੰਦਰ ਮਚੀ ਲੁੱਟ-ਖਸੁੱਟ ਤੋਂ ਤਾਂ ਅੱਜ ਬਹੁਤੇ ਸੁਚੇਤ ਸਿੱਖ ਜਾਣੂ ਹਨ ਪਰ ਹੈਰਾਨਗੀ ਇਸ ਗੱਲ ਦੀ ਹੈ ਕਿ ਇਹ ਸਭ ਕੁਝ ਵੇਖਦੇ ਹੋਏ ਵੀ ਸ਼੍ਰੋਮਣੀ ਕਮੇਟੀ ਦਾ ਬਜਟ ਹਰ ਸਾਲ ਕਰੋੜਾਂ ਰੁਪਏ ਵੱਧ ਜਾਂਦਾ ਹੈ। ਅਸਲ ਵਿੱਚ ਭੋਲੇ ਸਿੱਖਾਂ ਦੀ ਇਹ ਭਾਵਨਾ ਹੈ ਕਿ ਉਹ ਗੁਰੂ ਨੂੰ ਦਾਨ ਦੇ ਰਹੇ ਹਨ, ਭੇਟਾ ਕਰ ਰਹੇ ਹਨ। ਭੋਲੇ ਲੋਕ ਇਹ ਨਹੀਂ ਸਮਝਦੇ ਕਿ ਉਹ ਤਾਂ ਆਪ ਸਭ ਤੋਂ ਵੱਡਾ ਦਾਤਾ ਹੈ, ਉਸ ਨੂੰ ਅਸੀਂ ਕੀ ਦਾਨ ਦੇ ਸਕਦੇ ਹਾਂ? ਗੁਰਬਾਣੀ ਦਾ ਫੁਰਮਾਨ ਹੈ:

"ਦਦਾ ਦਾਤਾ ਏਕੁ ਹੈ ਸਭ ਕਉ ਦੇਵਨਹਾਰ ॥ ਦੇਂਦੇ ਤੋਟਿ ਨ ਆਵਈ ਅਗਨਤ ਭਰੇ ਭੰਡਾਰ॥"

{ਗਉੜੀ ਬਾਵਨ ਅਖਰੀ ਮਹਲਾ ੫, ਪੰਨਾ ੨੫੭}

ਇਕ ਪ੍ਰਭੂ ਹੀ (ਐਸਾ) ਦਾਤਾ ਹੈ ਜੋ ਸਭ ਜੀਵਾਂ ਨੂੰ ਰਿਜ਼ਕ ਅਪੜਾਣ ਦੇ ਸਮਰਥ ਹੈ, ਉਸ ਦੇ ਬੇਅੰਤ ਖ਼ਜ਼ਾਨੇ ਭਰੇ ਪਏ ਹਨ, ਵੰਡਦਿਆਂ ਖ਼ਜ਼ਾਨਿਆਂ ਵਿਚ ਤੋਟ ਨਹੀਂ ਆਉਂਦੀ।

ਇਸੇ ਵਾਸਤੇ ਸਤਿਗੁਰੂ ਸਾਨੂੰ ਸਮਝਾਉਂਦੇ ਹਨ ਕਿ ਉਹ ਦਾਤਾ ਜੋ ਸਾਰੇ ਜੀਵਾਂ ਦੀ ਪ੍ਰਤਿਪਾਲਨਾ ਕਰ ਰਿਹਾ ਹੈ, ਤੂੰ ਉਸ ਨੂੰ ਕੀ ਭੇਟ ਕਰਨ ਦੇ ਸਮਰੱਥ ਹੈਂ? ਉਸ ਦੇ ਸਾਹਮਣੇ ਤੇਰੇ ਦਾਨ ਦੀ ਕੀ ਔਕਾਤ ਹੈ:

"ਨਿਤ ਨਿਤ ਜੀਅੜੇ ਸਮਾਲੀਅਨਿ ਦੇਖੈਗਾ ਦੇਵਣਹਾਰੁ ॥ ਤੇਰੇ, ਦਾਨੈ ਕੀਮਤਿ ਨ ਪਵੈ, ਤਿਸੁ ਦਾਤੇ ਕਵਣੁ ਸੁਮਾਰੁ ॥" {ਰਾਗੁ ਗਉੜੀ ਦੀਪਕੀ, ਮਹਲਾ ੧, ਪੰਨਾ ੧੨}

(ਹੇ ਜਿੰਦੇ ! ਜਿਸ ਖਸਮ ਦੀ ਹਜ਼ੂਰੀ ਵਿਚ) ਸਦਾ ਹੀ ਜੀਵਾਂ ਦੀ ਸੰਭਾਲ ਹੋ ਰਹੀ ਹੈ, ਜੋ ਦਾਤਾਂ ਦੇਣ ਵਾਲਾ ਮਾਲਕ (ਹਰੇਕ ਜੀਵ ਦੀ) ਸੰਭਾਲ ਕਰਦਾ ਹੈ, (ਜਿਸ ਦਾਤਾਰ ਦੀਆਂ) ਦਾਤਾਂ ਦਾ ਮੁੱਲ (ਹੇ ਜਿੰਦੇ !) ਤੇਰੇ ਪਾਸੋਂ ਨਹੀਂ ਪੈ ਸਕਦਾ, ਉਸ ਦਾਤਾਰ ਦਾ ਭੀ ਕੀਹ ਅੰਦਾਜ਼ਾ (ਤੂੰ ਲਾ ਸਕਦੀ ਹੈਂ) ? (ਉਹ ਦਾਤਾਰ-ਪ੍ਰਭੂ ਬਹੁਤ ਬੇਅੰਤ ਹੈ) ।2।

ਭੋਲੇ-ਭਾਲੇ ਲੋਕ ਇਹ ਨਹੀਂ ਸਮਝਦੇ ਕਿ ਉਨ੍ਹਾਂ ਦੀ ਇਹ ਭੇਟਾ ਗੁਰੂ ਨੇ ਤਾਂ ਨਹੀਂ ਵਰਤਣੀ, ਘੁੰਮ ਕੇ ਉਨ੍ਹਾਂ ਪ੍ਰਬੰਧਕਾਂ ਜਾਂ ਸਿਆਸਤਦਾਨਾਂ ਕੋਲ ਹੀ ਪਹੁੰਚ ਜਾਣੀ ਹੈ, ਜੋ ਅੱਜ ਇਸ ਦੀ ਦੁਰਵਰਤੋਂ ਕਰ ਰਹੇ ਹਨ। ਇਕ ਸੁਣੀ-ਸੁਣਾਈ ਗੱਲ ਹੈ, ਇਕ ਸਾਬਕਾ ਸ਼੍ਰੋਮਣੀ ਕਮੇਟੀ ਪ੍ਰਧਾਨ, ਦਰਬਾਰ ਸਾਹਿਬ ਅੰਮ੍ਰਿਤਸਰ ਦੀ ਪ੍ਰਕਰਮਾ ਵਿੱਚੋਂ ਲੰਘ ਰਿਹਾ ਸੀ, ਇਕ ਬੀਬੀ ਨੇ ਦਸ ਦਾ ਨੋਟ ਉਸ ਦੇ ਹੱਥ ਫੜਾ ਦਿੱਤਾ। ਪ੍ਰਧਾਨ ਹੈਰਾਨ ਹੋ ਕੇ ਬੋਲਿਆ, "ਬੀਬੀ ! ਇਹ ਕੀ ਕਰ ਰਹੀ ਹੈਂ? ਜਾਹ, ਅੰਦਰ ਮੱਥਾ ਟੇਕ"। ਬੀਬੀ ਬੜੇ ਸਹਿਜ ਵਿੱਚ ਬੋਲੀ, "ਜੀ ਅੰਦਰ ਹੀ ਮੱਥਾ ਟੇਕਣਾ ਸੀ, ਤੁਹਾਨੂੰ ਇਥੇ ਵੇਖਿਆ ਤਾਂ ਸੋਚਿਆ, ਇਥੇ ਹੀ ਫੜਾ ਦਿਆਂ, ਘੁੰਮ ਕੇ ਵੀ ਤਾਂ ਤੁਹਾਡੇ ਕੋਲ ਹੀ ਆਉਣਾ ਹੈ"। ਪਤਾ ਨਹੀਂ ਇਹ ਗੱਲ ਕਿਤਨੀ ਕੁ ਸੱਚ ਹੈ? ਪਰ ਵਿਅੰਗ ਹੈ ਬਹੁਤ ਸਚਾਈ ਦੇ ਨੇੜੇ। ਇਸ ਵਿੱਚ ਕੋਈ ਸ਼ੱਕ ਨਹੀਂ ਕਿ ਗੁਰਦੁਆਰੇ ਦੇ ਕਾਰਜ ਚਲਾਉਣ ਲਈ ਮਾਇਆ ਭੇਟ ਕਰਨੀ ਜ਼ਰੂਰੀ ਅਤੇ ਯੋਗ ਵੀ ਹੈ, ਪਰ ਜਿਸ ਵੇਲੇ ਸਮਝ ਲੱਗ ਜਾਵੇ ਕਿ ਇਸ ਗੁਰੂ ਦੀ ਮਾਇਆ ਦੀ ਲੁੱਟ ਹੋ ਰਹੀ ਹੈ ਤਾਂ ਕੁਝ ਸੰਭਲ ਜਾਣਾ ਚਾਹੀਦਾ ਹੈ।

ਹਾਲਾਤ ਸੰਗਤੀ ਗੁਰਦੁਆਰਿਆਂ ਵਿੱਚ ਵੀ ਬਹੁਤੇ ਅਲੱਗ ਜਾਂ ਚੰਗੇ ਨਹੀਂ। ਮੈਂ ਇਹ ਤਾਂ ਨਹੀਂ ਕਹਿੰਦਾ ਕਿ ਸਾਰੇ ਗੁਰਦੁਆਰਿਆਂ ਦੇ ਪ੍ਰਬੰਧਕ ਚੋਰ ਹਨ, ਪਰ ਇਸ ਵਿੱਚ ਕੋਈ ਸ਼ੱਕ ਨਹੀਂ ਕਿ ਵਿਰਲੇ ਗੁਰਦੁਆਰਿਆਂ ਵਿੱਚ ਹੀ ਗੁਰੂ ਕੀ ਗੋਲਕ ਦੀ ਯੋਗ ਵਰਤੋਂ ਹੋ ਰਹੀ ਹੈ। ਇਹ ਸਿੱਖਾਂ ਦੇ ਗੁਰਦੁਆਰਿਆਂ ਦੀ ਮਾਇਆ ਹੀ ਹੈ, ਜਿਸ ਨੇ ਰਾਜਸਥਾਨ ਦੇ ਪੱਥਰ ਦੀਆਂ ਸਾਰੀਆਂ ਖਾਨਾਂ ਖਾਲੀ ਕਰ ਦਿੱਤੀਆਂ ਹਨ। ਸ਼ਾਇਦ ਕੋਈ ਭਾਗਾਂ ਵਾਲਾ ਗੁਰਦੁਆਰਾ ਹੀ ਹੋਵੇਗਾ, ਜਿਥੇ ਕੀਮਤੀ ਮਾਰਬਲ ਦੀਆਂ ਇਮਾਰਤਾਂ, ਸੋਨੇ ਦੇ ਕਲਸ਼, ਸੋਨੇ ਦੀਆਂ ਪਾਲਕੀਆਂ ਨਾ ਬਣ ਰਹੀਆਂ ਹੋਣ। ਮੈਂ ਚੰਡੀਗੜ੍ਹ ਦੇ ਇਕ ਗੁਰਦੁਆਰੇ ਦੀ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਨੂੰ ਪੁੱਛਿਆ, "ਤੁਸੀਂ ਜਦੋਂ ਦੇ ਪ੍ਰਧਾਨ ਬਣੇ ਹੋ, ਮੈਂ ਵੇਖਿਆ ਹੈ, ਉਸਾਰੀ ਦਾ ਕੰਮ ਲਗਾਤਾਰ ਹੀ ਚੱਲ ਰਿਹਾ ਹੈ"? ਉਹ ਮੇਰੇ ਕੰਨ ਦੇ ਨੇੜੇ ਹੁੰਦੇ ਹੋਏ ਬੋਲਿਆ, "ਵੀਰ ਜੀ, ਕੀ ਕਰੀਏ, ਸੰਗਤਾਂ ਪੈਸੇ ਹੀ ਕਾਰ-ਸੇਵਾ ਵਾਸਤੇ ਦੇਂਦੀਆਂ ਹਨ"। ਇਹੀ ਕਾਰਨ ਹੈ ਕਿ ਅੱਜ ਕਾਰ-ਸੇਵਾ ਵਾਲੇ ਪਖੰਡੀ ਬਾਬੇ ਗੁਰਦੁਆਰਿਆਂ ਦੀ ਕਾਰ-ਸੇਵਾ ਲੈਣ ਲਈ ਵੱਡੀਆਂ ਵੱਡੀਆਂ

ਬੋਲੀਆਂ ਲਾਉਂਦੇ ਹਨ। ਉਨ੍ਹਾਂ ਦਾ ਧੰਦਾ ਹੀ ਬਣ ਗਿਆ ਹੈ, ਰੋਜ਼ ਗੁਰਦੁਆਰੇ ਦੀ ਪਹਿਲੀ ਚੰਗੀ ਭਲੀ ਇਮਾਰਤ ਢਾਅ ਕੇ ਨਵੀਆਂ ਇਮਾਰਤਾਂ ਉਸਾਰਨੀਆਂ। ਇਸ ਵਿੱਚ ਉਨ੍ਹਾਂ ਕੌਮ ਦੀ ਅਨਮੋਲ ਵਿਰਾਸਤ ਉਜਾੜ ਦਿੱਤੀ ਹੈ। **ਬਲਿਹਾਰ ਜਾਈਏ, ਭਾਵੁਕ ਸਿੱਖਾਂ ਦੇ, ਜਿਨ੍ਹਾਂ ਕਾਰ-ਸੇਵਾ ਦੇ ਨਾਂ 'ਤੇ ਕੌਮ ਦਾ ਅਨਮੋਲ ਸਰਮਾਇਆ, ਆਪਣੇ ਸਿਰਾਂ ਤੇ ਢੋਅ ਕੇ ਨਾਲੀਆਂ ਵਿੱਚ ਸੁੱਟ ਦਿੱਤਾ ਹੈ।**

ਅੱਜ ਗੁਰਦੁਆਰਿਆਂ ਦੇ ਪ੍ਰਬੰਧ 'ਤੇ ਕਾਬਜ਼ ਹੋਣ ਲਈ ਜੋ ਸ਼ਰਾਬਾਂ ਵਰਤਾਈਆਂ ਜਾ ਰਹੀਆਂ ਹਨ, ਨੋਟ ਵੰਡੇ ਜਾ ਰਹੇ ਹਨ, ਡਾਂਗਾਂ, ਸੋਟੇ, ਬੰਦੂਕਾਂ ਚੱਲ ਰਹੀਆਂ ਹਨ, ਇਹ ਸਭ ਗੁਰਦੁਆਰੇ ਦੀ ਗੋਲਕ ਕਾਰਨ ਹੀ ਹਨ। ਭਲਾ ਸੇਵਾ ਕਰਨ ਵਾਲੇ ਨੂੰ ਇਹ ਸਭ ਕਰਨ ਦੀ ਕੀ ਲੋੜ ਹੈ?

ਸ਼ਾਇਦ ਕਿਸੇ ਦੀ ਭਾਵਨਾ ਨੂੰ ਠੇਸ ਪਹੁੰਚੇ, ਪਰ ਮੈਂ ਤਾਂ ਕਹਾਂਗਾ, ਜੇ ਅਸੀਂ ਆਪਣੇ ਗੁਰਦੁਆਰਿਆਂ ਨੂੰ ਇਨ੍ਹਾਂ ਠੱਗਾਂ ਤੋਂ ਮੁਕਤ ਕਰਾਉਣਾ ਚਾਹੁੰਦੇ ਹਾਂ ਤਾਂ ਸਾਨੂੰ ਕੁਝ ਸਮੇਂ ਲਈ, ਗੁਰਦੁਆਰੇ ਪੈਸੇ ਭੇਟਾ ਕਰਨੇ ਬੰਦ ਕਰ ਦੇਣੇ ਚਾਹੀਦੇ ਹਨ। ਇਸ ਦਾ ਮਤਲਬ ਬਿਲਕੁਲ ਨਹੀਂ, ਕਿ ਸਿੱਖ ਦਸਵੰਧ ਕੱਢਣਾ ਅਤੇ ਵਰਤੋਂ ਕਰਨਾ ਬੰਦ ਕਰ ਦੇਵੇ। ਦਸਵੰਧ ਕੱਢਣਾ ਹਰ ਸਿੱਖ ਵਾਸਤੇ ਜ਼ਰੂਰੀ ਹੈ, ਪਰ ਇਹ ਵੇਖਣਾ ਵੀ ਜ਼ਰੂਰੀ ਹੈ ਕਿ ਕੀ ਇਸ ਦੀ ਵਰਤੋਂ ਯੋਗ ਤਰੀਕੇ ਨਾਲ ਹੋ ਰਹੀ ਹੈ? ਬਹੁਤ ਸਾਰੀਆਂ ਐਸੀਆਂ ਸੰਸਥਾਵਾਂ ਹੋਂਦ ਵਿੱਚ ਆਈਆਂ ਹਨ, ਜੋ ਚੰਗੇ ਗੁਰਮਤਿ ਪ੍ਰਚਾਰਕ ਤਿਆਰ ਕਰ ਰਹੀਆਂ ਹਨ, ਕਈ ਸੰਸਥਾਵਾਂ ਕੌਮ ਦੀ ਵੱਡੀ ਸੇਵਾ ਕਰ ਰਹੀਆਂ ਹਨ, ਕਈ ਮਨੁੱਖਤਾ ਦੀ ਸੇਵਾ ਦੇ ਵੱਡੇ ਕਾਰਜਾਂ ਵਿੱਚ ਲੱਗੀਆਂ ਹਨ, ਵਿਸ਼ੇਸ਼ ਲੋੜ ਪੈਣ 'ਤੇ ਗੁਰਦੁਆਰੇ ਲੋੜ ਦੀਆਂ ਵਸਤਾਂ ਆਪ ਖਰੀਦ ਕੇ ਲੈ ਕੇ ਦਿੱਤੀਆਂ ਜਾ ਸਕਦੀਆਂ ਹਨ। ਸਭ ਤੋਂ ਵਧੀਆ ਗੱਲ ਹੈ ਕਿ ਅਸੀਂ ਆਪ ਲੋੜਵੰਦਾਂ ਦੀ ਖੋਜ ਕਰਕੇ ਉਨ੍ਹਾਂ ਦੀ ਮੱਦਦ ਕਰੀਏ। 'ਹਰ ਸਿੱਖ ਦਾ ਦਸਵੰਧ ਨੇਮ ਨਾਲ ਨਿਕਲਣਾ ਚਾਹੀਦਾ ਹੈ ਅਤੇ ਕੌਮ ਤੇ ਮਨੁੱਖਤਾ ਦੀ ਭਲਾਈ ਦੇ ਯੋਗ ਕਾਰਜ ਵਿੱਚ ਲਗਣਾ ਚਾਹੀਦਾ ਹੈ'।

ਇਸ ਮੱਦ ਵਿੱਚ ਸਭ ਤੋਂ ਅਨਮੋਲ ਗੱਲ ਉਹ ਹੈ, ਜੋ ਇਸ ਦੇ ਬਾਅਦ ਲਿਖੀ ਹੈ, 'ਸਾਰੇ ਕੰਮ ਗੁਰਮਤਿ ਅਨੁਸਾਰ ਕਰਨੇ'। ਸਾਡੀਆਂ ਸਾਰੀਆਂ ਸਮੱਸਿਆਵਾਂ ਦਾ ਕਾਰਨ ਹੀ ਇਹ ਹੈ ਕਿ ਸਾਡੇ ਸਾਰੇ ਕਾਰਜ ਗੁਰਮਤਿ ਅਨੁਸਾਰ ਨਹੀਂ ਹੋ ਰਹੇ, ਬਲਕਿ ਜੀਵਨ ਵਿੱਚ ਗਿਰਾਵਟ ਇਸ ਪੱਧਰ 'ਤੇ ਆਈ ਹੈ ਕਿ ਅਸੀਂ ਆਪਣੇ ਗਲਤ ਕਰਮਾਂ ਨੂੰ ਸਹੀ ਠਹਿਰਾਉਣ ਲਈ, ਗੁਰਬਾਣੀ ਦੀ ਵਿਆਖਿਆ ਹੀ ਆਪਣੀ ਮਨ-ਮਰਜ਼ੀ ਅਨੁਸਾਰ ਕਰਨੀ ਸ਼ੁਰੂ ਕਰ ਦਿੱਤੀ ਹੈ। ਸਤਿਗੁਰੂ ਬਾਣੀ ਵਿੱਚ ਵੀ ਬਖਸ਼ਿਸ਼ ਕਰਦੇ ਹਨ:

"ਸਤਿਗੁਰ ਪੂਛਿ ਨ ਮਾਰਗਿ ਚਾਲੀ ਸੂਤੀ ਰੈਣਿ ਵਿਹਾਣੀ ॥ ਨਾਨਕ ਬਾਲਤਣਿ ਰਾਡੇਪਾ ਬਿਨੁ ਪਿਰ ਧਨ ਕੁਮਲਾਣੀ ॥" {ਰਾਗੁ ਸੂਹੀ ਛੰਤ ਮਹਲਾ ੧, ਪੰਨਾ ੭੬੩}

ਮਾਇਆ ਦੇ ਮੋਹ ਵਿਚ ਸੁੱਤੀ ਹੋਈ ਜੀਵ-ਇਸਤ੍ਰੀ ਦੀ ਜ਼ਿੰਦਗੀ ਦੀ ਸਾਰੀ ਰਾਤ ਬੀਤ ਗਈ, ਸਤਿਗੁਰੂ ਦੀ ਸਿੱਖਿਆ ਲੈ ਕੇ ਜੀਵਨ ਦੇ ਠੀਕ ਰਸਤੇ ਉਤੇ ਕਦੇ ਭੀ ਨਾਹ ਤੁਰੀ । ਹੇ ਨਾਨਕ ! ਅਜੇਹੀ ਜੀਵ-ਇਸਤ੍ਰੀ ਨੇ ਤਾਂ ਬਾਲ-ਉਮਰੇ ਹੀ ਰੰਡੇਪਾ ਸਹੇੜ ਲਿਆ, ਤੇ ਪ੍ਰਭੂ-ਪਤੀ ਦੇ ਮਿਲਾਪ ਤੋਂ ਬਿਨਾ ਉਸ ਦਾ ਹਿਰਦਾ-ਕਮਲ ਕੁਮਲਾਇਆ ਹੀ ਰਿਹਾ ।1।

ਜੇ ਇਸ ਇਕ ਗੱਲ ਉਤੇ ਦ੍ਰਿੜਤਾ ਨਾਲ ਪਹਿਰਾ ਦਿੱਤਾ ਜਾਵੇ ਕਿ 'ਸਾਰੇ ਕੰਮ ਗੁਰਮਤਿ

ਅਨੁਸਾਰ ਕਰਨੇ ਹਨ'। ਤਾਂ ਬਾਕੀ ਸਾਰੇ ਮਸਲੇ ਆਪੇ ਹੀ ਹੱਲ ਹੋ ਜਾਣਗੇ। ਗੁਰਬਾਣੀ ਸਮਝਾਉਂਦੀ ਹੈ:

"ਗੁਰਮਤਿ ਮਨੁ ਠਹਰਾਈਐ ਮੇਰੀ ਜਿੰਦੁੜੀਏ ਅਨਤ ਨ ਕਾਹੂ ਡੋਲੇ ਰਾਮ ॥"

{ਰਾਗੁ ਬਿਹਾਗੜਾ ਛੰਤ ਮਹਲਾ ੪, ਪੰਨਾ ੫੩੭}

ਮੇਰੀ ਸੋਹਣੀ ਜਿੰਦੇ ! ਗੁਰੂ ਦੀ ਮਤਿ ਉਤੇ ਤੁਰ ਕੇ ਇਸ ਮਨ ਨੂੰ (ਪ੍ਰਭੂ-ਚਰਨਾਂ ਵਿਚ) ਟਿਕਾਣਾ ਚਾਹੀਦਾ ਹੈ (ਗੁਰੂ ਦੀ ਮਤਿ ਦੀ ਬਰਕਤਿ ਨਾਲ ਮਨ) ਕਿਸੇ ਹੋਰ ਪਾਸੇ ਨਹੀਂ ਡੋਲਦਾ ।

"ਭਾਈ ਰੇ ਗੁਰਮਤਿ ਸਾਚਿ ਰਹਾਉ ॥ ਸਾਚੋ ਸਾਚੁ ਕਮਾਵਣਾ ਸਾਚੈ ਸਬਦਿ ਮਿਲਾਉ ॥"

{ਸਿਰੀ ਰਾਗੁ ਮਹਲਾ ੩, ਪੰਨਾ ੩੦}

ਹੇ ਭਾਈ ! ਗੁਰੂ ਦੀ ਮਤਿ ਅਨੁਸਾਰ ਸੱਚ ਦੇ ਮਾਰਗ ਤੇ ਚਲਦੇ ਰਹੁ । ਸਦਾ-ਥਿਰ ਪ੍ਰਭੂ ਦੇ ਸਿਮਰਨ ਦੀ ਹੀ ਕਮਾਈ ਕਰੋ, ਸਦਾ-ਥਿਰ ਪਰਮਾਤਮਾ ਦੀ ਸਿਫ਼ਤਿ-ਸਾਲਾਹ ਵਿਚ ਜੁੜੇ ਰਹੋ ।

ਖਾਲਸਾ ਜਥੇਬੰਦੀ

ਸਿੱਖ ਰਹਿਤ ਮਰਯਾਦਾ ਵਿੱਚ ਅੱਗੋਂ ਲਿਖਿਆ ਹੈ, 'ਖਾਲਸਾ ਧਰਮ ਦੇ ਨਿਯਮਾਂ ਅਨੁਸਾਰ ਜਥੇਬੰਦੀ ਵਿੱਚ ਇਕ ਸੂਤ ਪਰੋਏ ਰਹਿਣਾ, ਰਹਿਤ ਵਿੱਚ ਕੋਈ ਭੁੱਲ ਹੋ ਜਾਵੇ ਤਾਂ ਖਾਲਸੇ ਦੇ ਦੀਵਾਨ ਵਿੱਚ ਹਾਜ਼ਰ ਹੋ ਕੇ ਬੇਨਤੀ ਕਰ ਕੇ ਤਨਖਾਹ ਬਖਸ਼ਾਉਣੀ। ਅੱਗੇ ਲਈ ਸਾਵਧਾਨ ਰਹਿਣਾ'।

ਖਾਲਸਾ ਧਰਮ ਦੇ ਨਿਯਮਾਂ ਅਨੁਸਾਰ ਜਥੇਬੰਦੀ ਵਿੱਚ ਇਕ ਸੂਤ ਪਰੋਏ ਰਹਿਣਾ, ਪੜ੍ਹਨ ਸੁਣਨ ਨੂੰ ਬੜਾ ਚੰਗਾ ਭਾਸਦਾ ਹੈ, ਅਤੇ ਅਮਲੀ ਤੌਰ 'ਤੇ ਅਪਨਾਇਆ ਜਾਵੇ ਤਾਂ ਕੌਮੀ ਏਕਤਾ ਦਾ ਥੰਮ ਬਣ ਸਕਦਾ ਹੈ, ਪਰ ਬਦਕਿਸਮਤੀ ਦੀ ਗੱਲ ਇਹ ਹੈ ਕਿ 'ਖਾਲਸਾ ਧਰਮ ਦੇ ਨਿਯਮਾਂ' ਦੀ ਵਿਆਖਿਆ ਹੀ ਆਪਣੀ ਆਪਣੀ ਮਰਜ਼ੀ ਅਤੇ ਸੂਝ ਅਨੁਸਾਰ ਕਈ ਬਣ ਗਈਆਂ ਹਨ। ਹਾਲਾਂਕਿ ਗੁਰੂ ਗ੍ਰੰਥ ਸਾਹਿਬ ਦੇ ਹੁੰਦਿਆਂ ਐਸੀ ਦੁਬਿਧਾ ਬਿਲਕੁਲ ਨਹੀਂ ਆਉਣੀ ਚਾਹੀਦੀ, ਪਰ, ਸ਼ਾਇਦ ਇਹ ਕੌਮ ਨੂੰ ਇਕ ਨਾ ਹੋਣ ਦੇਣ ਵਾਲੀ ਵੱਡੀ ਸਾਜਿਸ਼ ਹੀ ਕਹੀ ਜਾ ਸਕਦੀ ਹੈ ਕਿ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦੀ ਵਿਆਖਿਆ ਹੀ ਆਪਣੀਆਂ ਭਾਵਨਾਵਾਂ ਅਨੁਸਾਰ ਕੀਤੀ ਜਾ ਰਹੀ ਹੈ। ਜੋ ਜਿਸ ਡੇਰੇ, ਟਕਸਾਲ, ਜਾਂ ਜੱਥੇ ਨਾਲ ਜੁੜਿਆ ਹੈ, ਉਸੇ ਦੀ ਵਿਚਾਰਧਾਰਾ ਨੂੰ ਠੀਕ ਸਾਬਤ ਕਰਨ ਲਈ ਉਸੇ ਅਨੁਸਾਰ ਗੁਰਬਾਣੀ ਦੀ ਵਿਆਖਿਆ ਕਰ ਰਿਹਾ ਹੈ। ਮੈਨੂੰ ਤਾਂ ਇਹ ਜਾਪਦਾ ਹੈ ਕਿ ਇਨ੍ਹਾਂ ਸੰਸਥਾਵਾਂ ਨੂੰ ਕੌਮ ਵਿੱਚ ਵੰਡੀਆਂ ਪਾ ਕੇ ਰਖਣ ਲਈ ਹੀ ਸਥਾਪਤ ਕੀਤਾ ਗਿਆ ਹੈ। ਇਨ੍ਹਾਂ ਨਾ ਤਾਂ ਖਾਲਸਾ ਧਰਮ ਦੇ ਨਿਯਮਾਂ ਨੂੰ ਇਕ ਹੋਣ ਦੇਣਾ ਹੈ ਨਾ ਕੌਮ ਨੂੰ। ਇਕ ਸੂਤ ਵਿਚ ਪਰੋਏ ਜਾਣ ਵਾਲੀ ਗੱਲ ਤਾਂ ਹੀ ਸੰਭਵ ਹੈ ਜੇ ਕੌਮ ਸੱਚ ਨੂੰ ਪਛਾਣੇ, ਗੁਰੂ ਗ੍ਰੰਥ ਸਾਹਿਬ ਤੋਂ ਅਗਵਾਈ ਲੈ ਕੇ ਖਾਲਸਾ ਧਰਮ ਦੇ ਨਿਯਮਾਂ ਨੂੰ ਸਮਝੇ ਅਤੇ ਉਨ੍ਹਾਂ 'ਤੇ ਪਹਿਰਾ ਦੇਵੇ ਤਾਂ ਕਿ ਸਾਰੀ ਕੌਮ ਸੱਚਮੁੱਚ ਇਕ ਸੂਤ ਵਿੱਚ ਪਰੋਈ ਜਾਵੇ।

'ਰਹਿਤ ਵਿੱਚ ਕੋਈ ਭੁੱਲ ਹੋ ਜਾਵੇ ਤਾਂ ਖਾਲਿਸੇ ਦੇ ਦੀਵਾਨ ਵਿੱਚ ਹਾਜ਼ਰ ਹੋ ਕੇ ਬੇਨਤੀ ਕਰ ਕੇ ਤਨਖਾਹ ਬਖਸ਼ਾਉਣ' ਦੀ ਵਿਚਾਰ ਅੱਗੇ ਤਨਖਾਹ ਲਾਉਣ ਦੀ ਵਿਧੀ ਵਿੱਚ ਕਰਾਂਗੇ।

ਤਨਖਾਹੀਏ

ਭਾਗ(ਠ) ਤਨਖਾਹੀਏ ਇਹ ਹਨ, ਦੀ ਪਹਿਲੀ ਧਾਰਾ ਵਿੱਚ ਲਿਖਿਆ ਹੈ:

ਮੀਣੇ, ਮਸੰਦ, ਧੀਰਮਲੀਏ, ਰਾਮਰਾਈਏ, ਆਦਿਕ ਪੰਥ ਵਿਰੋਧੀਆਂ ਨਾਲ ਜਾਂ ਨੜੀ-ਮਾਰ, ਕੁੜੀ-ਮਾਰ, ਸਿਰਗੁੰਮ ਨਾਲ ਵਰਤਣ ਵਾਲਾ ਤਨਖਾਹੀਆ ਹੋ ਜਾਂਦਾ ਹੈ।

ਭਾਵ ਸਪੱਸ਼ਟ ਹੈ ਕਿ ਕੁਝ ਲੋਕਾਂ ਨਾਲ ਵਰਤਣ ਦੀ ਮਨਾਹੀ ਕੀਤੀ ਗਈ ਹੈ। ਇਸ ਵਿੱਚ ਦੋ ਸ਼੍ਰੇਣੀਆਂ ਲਈਆਂ ਗਈਆਂ ਹਨ, ਪਹਿਲੇ ਤਾਂ ਉਹ, ਜਿਨ੍ਹਾਂ ਸਤਿਗੁਰੂ ਦੇ ਬਰਾਬਰ ਆਪਣਾ ਗੁਰੂਡੰਮ ਸਥਾਪਤ ਕਰਨ ਦੀ ਕੋਸ਼ਿਸ਼ ਕੀਤੀ ਅਤੇ ਦੂਸਰੇ ਜਿਨ੍ਹਾਂ ਸਤਿਗੁਰੂ ਦੀ ਹੁਕਮ-ਅਦੂਲੀ ਕੀਤੀ, ਸਿੱਖੀ ਦੇ ਮੂਲ ਸਿਧਾਂਤ ਤੋੜੇ। ਅਸਲ ਵਿੱਚ ਇਹ ਦੋਵੇਂ ਵੱਡੇ ਦੋਸ਼ੀ ਹਨ, ਇਸੇ ਲਈ ਇਨ੍ਹਾਂ ਦੋਹਾਂ ਨਾਲ ਵਰਤਣ ਦੀ ਮਨਾਹੀ ਕੀਤੀ ਗਈ ਹੈ। ਦੋਸ਼ੀ ਵੀ ਇਤਨੇ ਗੰਭੀਰ ਕਿ ਇਨ੍ਹਾਂ ਨਾਲ ਵਰਤਣ ਵਾਲਾ ਵੀ ਦੋਸ਼ੀ ਹੋ ਜਾਂਦਾ ਹੈ ਅਤੇ ਫਿਰ ਉਸ ਨੂੰ ਤਨਖਾਹ ਲੁਆ ਕੇ ਭੁੱਲ ਬਖਸ਼ਾਉਣੀ ਪੈਂਦੀ ਹੈ।

ਪਹਿਲਾਂ ਗੱਲ ਮੀਣੇ, ਮਸੰਦ, ਧੀਰਮਲੀਏ, ਰਾਮਰਾਈਏ, ਆਦਿਕ ਦੀ ਕਰੀਏ।

ਮੀਣੇ

ਭਾਈ ਕਾਹਨ ਸਿੰਘ ਜੀ ਨਾਭਾ ਮਹਾਨ ਕੋਸ਼ ਵਿੱਚ ਮੀਣਾ ਸ਼ਬਦ ਦੇ ਅਰਥ ਇੰਝ ਕਰਦੇ ਹਨ:

ਮੀਣਾ: ਵਿ- ਮਿਨ੍ਹਾਂ. ਕਪਟੀ. ਜੋ ਮਨ ਦੇ ਛਲ ਨੂੰ ਪ੍ਰਗਟ ਨਾ ਹੋਣ ਦੇਵੇ। 2. ਭਾਈ ਗੁਰਦਾਸ ਦੀ ਦਿੱਤੀ ਹੋਈ ਪ੍ਰਿਥੀ ਚੰਦ ਜੀ ਨੂੰ ਉਪਾਧਿ, ਕਿਉਂਕਿ ਉਹ ਸਦਾ ਕਪਟ ਵਿਹਾਰ ਕਰਦੇ ਸਨ. ਦੇਖੋ, ਵਾਰ 36. "ਸਤਿਗੁਰੁ ਸੱਚਾ ਪਾਤਿਸ਼ਾਹ, ਮੂਹ ਕਾਲੇ ਮੀਣਾ." (ਭਾਗੁ) 3. ਪ੍ਰਿਥੀ ਚੰਦ ਜੀ ਦੀ ਵੰਸ਼ ਦਾ ਸੋਢੀ, ਜਿਸ ਨੇ ਅੰਮ੍ਰਿਤ ਨਹੀਂ ਛਕਿਆ. ਦੇਖੋ, ਪੰਜਮੇਲ।

ਪ੍ਰਿਥੀ ਚੰਦ ਗੁਰੂ ਰਾਮਦਾਸ ਪਾਤਿਸ਼ਾਹ ਦੇ ਵੱਡੇ ਪੁੱਤਰ ਸਨ। ਜਦੋਂ ਇਨ੍ਹਾਂ ਦੇ ਜੀਵਨ ਵੱਲ ਝਾਤੀ ਮਾਰਦੇ ਹਾਂ ਤਾਂ ਪਤਾ ਚਲਦਾ ਹੈ ਕਿ ਸੰਸਾਰਕ ਕਾਰਜਾਂ ਵਿੱਚ ਬੜੇ ਨਿਪੁੰਨ ਸਨ, ਪਰ ਸੰਸਾਰਕ ਕਾਰਜਾਂ ਵਿੱਚ ਇਤਨੇ ਉਲਝੇ ਕਿ ਗਿਆਨ ਦੇ ਸਾਗਰ ਸਤਿਗੁਰੂ ਰਾਮਦਾਸ ਪਾਤਿਸ਼ਾਹ ਦੀ ਛਤਰ ਛਾਇਆ ਵਿੱਚ ਪਲਣ ਦੇ ਬਾਵਜੂਦ, ਇਲਾਹੀ ਗਿਆਨ ਤੋਂ ਵਾਂਝੇ ਰਹੇ। ਨਤੀਜਾ ਇਹ ਕਿ ਗੁਰੂ-ਪੁੱਤਰ ਹੋਣ ਦੇ ਬਾਵਜੂਦ ਜੀਵਨ, ਹਉਮੈ, ਈਰਖਾ, ਦਵੈਸ਼ ਨਾਲ ਗਲਤਾਨ ਰਿਹਾ। ਵੱਡੇ ਪੁੱਤਰ ਹੋਣ ਦੇ ਨਾਤੇ ਆਪਣੇ ਆਪ ਨੂੰ ਗੁਰਗੱਦੀ ਦਾ ਕੁਦਰਤੀ ਵਾਰਸ ਸਮਝਦੇ ਸਨ, ਹਾਲਾਂਕਿ ਗੁਰੂ ਘਰ ਵਿੱਚ ਐਸੀ ਕੋਈ ਦਾਅਵੇਦਾਰੀ ਪਹਿਲੇ ਦਿਨ ਤੋਂ ਪ੍ਰਵਾਨ ਨਹੀਂ ਕੀਤੀ ਗਈ। ਸ਼ਾਇਦ ਇਸ ਭੁਲੇਖੇ ਵਿੱਚ ਸਨ ਕਿ ਆਪਣੀਆਂ ਸਿਆਣਪਾਂ ਚਤੁਰਾਈਆਂ ਨਾਲ ਗੁਰੂ-ਪਿਤਾ ਨੂੰ ਭਰਮਾ ਲੈਣਗੇ। ਗੁਰੂ ਪੁੱਤਰ ਹੋਕੇ ਵੀ ਗੁਰਮਤਿ ਦੇ ਇਨ੍ਹਾਂ ਪਾਵਨ ਸਿਧਾਂਤਾਂ ਤੋਂ ਅਨਜਾਣ ਰਹੇ:

"ਗੁਰਮਤਿ ਸਾਚੀ ਹੁਜਤਿ ਦੂਰਿ ॥ ਬਹੁਤੁ ਸਿਆਣਪ ਲਾਗੈ ਧੂਰਿ ॥"

{ਆਸਾ ਮਹਲਾ ੧, ਪੰਨਾ ੩੫੨}

ਜੋ ਮਨੁੱਖ ਗੁਰੂ ਦੀ ਮਤਿ ਨੂੰ ਦ੍ਰਿੜ ਕਰ ਕੇ ਧਾਰਦਾ ਹੈ, (ਪਰਮਾਤਮਾ ਦੀ ਅੰਗ-ਸੰਗਤਾ ਬਾਰੇ) ਉਸ ਮਨੁੱਖ ਦੀ ਅਸਰਧਾ ਦੂਰ ਹੋ ਜਾਂਦੀ ਹੈ । (ਗੁਰੂ ਦੀ ਮਤਿ ਉਤੇ ਸਰਧਾ ਦੇ ਥਾਂ) ਮਨੁੱਖ ਦੀਆਂ ਆਪਣੀਆਂ ਬਹੁਤੀਆਂ ਚਤੁਰਾਈਆਂ ਨਾਲ ਮਨ ਵਿਚ (ਵਿਕਾਰਾਂ ਦੀ) ਮੈਲ ਇਕੱਠੀ ਹੁੰਦੀ ਹੈ ।

"ਬੁਧਿ ਪਾਠਿ ਨ ਪਾਈਐ ਬਹੁ ਚਤੁਰਾਈਐ ਭਾਇ ਮਿਲੈ ਮਨਿ ਭਾਣੇ ॥"

{ਰਾਗੁ ਆਸਾ ਮਹਲਾ ੧, ਪੰਨਾ ੪੩੬}

ਪ੍ਰਭੂ ਕਿਸੇ ਸਿਆਣਪ ਨਾਲ ਕਿਸੇ ਅਕਲ ਨਾਲ ਕਿਸੇ (ਧਾਰਮਿਕ ਪੁਸਤਕਾਂ ਦੇ) ਪਾਠ ਨਾਲ ਨਹੀਂ ਮਿਲਦਾ, ਉਹ ਤਾਂ ਪ੍ਰੇਮ ਦੀ ਰਾਹੀਂ ਮਿਲਦਾ ਹੈ, ਉਸ ਨੂੰ ਮਿਲਦਾ ਹੈ ਜਿਸ ਦੇ ਮਨ ਵਿਚ ਉਹ ਪਿਆਰਾ ਲੱਗਦਾ ਹੈ ।

ਗੁਰੂ ਰਾਮਦਾਸ ਪਾਤਿਸ਼ਾਹ ਦੀ ਪਾਰਖੂ ਅੱਖ ਪਹਿਚਾਣ ਕਰ ਚੁੱਕੀ ਸੀ ਕਿ ਗੁਰੂ ਨਾਨਕ ਪਾਤਿਸ਼ਾਹ ਦੇ ਅਦੁੱਤੀ ਸਿੰਘਾਸਨ ਦਾ ਕੋਈ ਸਹੀ ਵਾਰਸ ਹੈ ਤਾਂ ਉਹ ਉਨ੍ਹਾਂ ਦੇ ਸੱਭ ਤੋਂ ਛੋਟੇ ਸਪੁੱਤਰ ਅਰਜਨ ਸਾਹਿਬ ਹੀ ਹਨ। ਗੁਰੂ ਨਾਨਕ ਪਾਤਿਸ਼ਾਹ ਤੋਂ ਚੱਲੇ ਇਸ ਲਾਸਾਨੀ ਸਿਧਾਂਤ,

"ਗੁਰਿ ਚੇਲੇ ਰਹਰਾਸਿ ਕੀਈ, ਨਾਨਕਿ ਸਲਾਮਤਿ ਥੀਵਦੈ ॥ ਸਹਿ ਟਿਕਾ ਦਿਤੋਸੁ ਜੀਵਦੈ ॥੧॥" {ਰਾਮਕਲੀ ਕੀ ਵਾਰ ਰਾਇ ਬਲਵੰਡ ਤਥਾ ਸਤੈ ਡੂਮਿ ਆਖੀ, ਪੰਨਾ ੯੬੬}

ਆਪਣੀ ਸਲਾਮਤੀ ਵਿਚ ਹੀ ਗੁਰੂ ਨਾਨਕ ਦੇਵ ਜੀ ਨੇ ਆਪਣੇ ਸਿੱਖ (ਬਾਬਾ ਲਹਣਾ ਜੀ) ਅੱਗੇ ਮੱਥਾ ਟੇਕਿਆ, ਤੇ ਸਤਿਗੁਰੂ ਜੀ ਨੇ ਜਿਊਂਦਿਆਂ ਹੀ (ਗੁਰਿਆਈ ਦਾ) ਤਿਲਕ (ਬਾਬਾ ਲਹਣਾ ਜੀ ਨੂੰ) ਦੇ ਦਿੱਤਾ ।1।

ਅਨੁਸਾਰ, ਗੁਰੂ ਰਾਮਦਾਸ ਪਾਤਿਸ਼ਾਹ ਨੇ ਜੋਤੀ ਜੋਤਿ ਸਮਾਣ ਤੋਂ ਪਹਿਲਾਂ, ਆਪਣੇ ਸਾਹਮਣੇ ਅਰਜਨ ਸਾਹਿਬ ਨੂੰ ਗੁਰਿਆਈ ਬਖਸ਼ ਕੇ ਗੁਰੂ ਅਰਜਨ ਪਾਤਿਸ਼ਾਹ ਬਣਾ ਦਿੱਤਾ। ਪ੍ਰਿਥੀ ਚੰਦ ਨੇ ਬੜਾ ਹੋ-ਹੱਲਾ ਮਚਾਇਆ। ਗੁਰੂ-ਪਿਤਾ ਦੇ ਹੁਕਮ ਤੋਂ ਆਕੀ ਹੋ ਬੈਠਾ, ਬਰਾਬਰ ਗੱਦੀ ਲਾ ਲਈ। ਇਤਨਾ ਹੀ ਨਹੀਂ, ਕਿਹੜੀ ਸਾਜਿਸ਼ ਹੈ, ਜਿਹੜੀ ਸਤਿਗੁਰੂ ਅਰਜਨ ਪਾਤਿਸ਼ਾਹ ਦੇ ਖਿਲਾਫ ਨਹੀਂ ਘੜੀ। ਜੇ ਆਪਣੀ ਨਹੀਂ ਚੱਲੀ ਤਾਂ ਆਪਣੇ ਪੁੱਤਰ ਮਿਹਰਵਾਨ ਨੂੰ ਗੁਰੂ ਬਨਾਉਣ ਦੀਆਂ ਸਾਜਿਸ਼ਾਂ ਰਚਦਾ ਰਿਹਾ। ਸਭ ਕੋਸ਼ਿਸ਼ਾਂ ਕਰਨ ਦੇ ਬਾਵਜੂਦ, ਕੁਝ ਕੱਚੇ-ਪਿਲਿਆਂ ਨੂੰ ਛੱਡ ਕੇ, ਸਿੱਦਕੀ ਸਿੱਖ ਸੰਗਤਾਂ ਨੂੰ ਨਹੀਂ ਭਰਮਾ ਸਕਿਆ। ਉਨ੍ਹਾਂ ਦੀਆਂ ਇਨ੍ਹਾਂ ਨੀਚ ਹਰਕਤਾਂ ਕਾਰਨ ਹੀ ਭਾਈ ਗੁਰਦਾਸ ਜੀ ਨੇ ਉਨ੍ਹਾਂ ਨੂੰ 'ਮੀਣਾ' ਨਾਂ ਦਿੱਤਾ, ਇਸ ਤਰ੍ਹਾਂ ਪ੍ਰਿਥੀ ਚੰਦ ਦੇ ਵਾਰਿਸ ਅਤੇ ਪੈਰੋਕਾਰ ਵੀ ਮੀਣੇ ਕਹਾਏ। ਗੁਰੂ ਗੋਬਿੰਦ ਸਿੰਘ ਪਾਤਿਸ਼ਾਹ ਨੇ ਖੰਡੇ-ਬਾਟੇ ਦੀ ਪਾਹੁਲ ਦੀ ਬਖਸ਼ਿਸ਼ ਕਰਕੇ, ਜਦੋਂ ਕੌਮ ਨੂੰ ਇਕ ਲੜੀ ਵਿੱਚ ਪਰੋਣ ਦਾ ਲਾਸਾਨੀ ਕਾਰਜ ਕੀਤਾ ਤਾਂ ਉਨ੍ਹਾਂ ਦੇ ਉਹ ਵਾਰਸ ਅਤੇ ਪੈਰੋਕਾਰ, ਜੋ ਕੌਮੀ ਮੁੱਖਧਾਰਾ ਵਿੱਚ ਵਾਪਸ ਨਹੀਂ ਆਏ, ਯਾਨੀ ਜੋ ਪ੍ਰਿਥੀ ਚੰਦ ਜਾਂ ਮਿਹਰਬਾਨ ਨੂੰ ਗੁਰੂ ਮੰਨਦੇ ਹਨ, ਨਾਲ ਵਰਤੋਂ ਦੀ ਮਨਾਹੀ ਕਰ ਦਿੱਤੀ।

ਮਸੰਦ

ਗੁਰੂ ਰਾਮਦਾਸ ਪਾਤਿਸ਼ਾਹ ਨੇ ਸਾਰੇ ਦੇਸ਼ ਵਿੱਚ ਸਿੱਖੀ ਦੇ ਪ੍ਰਚਾਰ ਵਾਸਤੇ, ਅਲੱਗ ਅਲੱਗ ਇਲਾਕਿਆਂ ਵਿੱਚ ਪ੍ਰਚਾਰਕ ਥਾਪੇ, ਜਿਨ੍ਹਾਂ ਨੂੰ 'ਮਸੰਦ' ਦਾ ਨਾਂ ਦਿੱਤਾ ਗਿਆ। ਇਨ੍ਹਾਂ ਮਸੰਦਾਂ ਦਾ ਕੰਮ ਗੁਰਮਤਿ ਪ੍ਰਚਾਰ ਦੇ ਨਾਲ, ਸਿੱਖਾਂ ਕੋਲੋਂ ਦਸਵੰਧ ਅਤੇ ਕਾਰਭੇਟਾ ਇਕੱਤ੍ਰ ਕਰਕੇ ਗੁਰੂ ਘਰ ਵਿੱਚ ਪਹੁੰਚਾਣ ਦਾ ਵੀ ਸੀ। ਕੁਝ ਸਮਾਂ ਤਾਂ ਇਸ ਪ੍ਰਥਾ ਨੇ ਸਿੱਖੀ ਦੇ ਪ੍ਰਚਾਰ ਪ੍ਰਸਾਰ ਵਿੱਚ ਵਧੀਆ ਯੋਗਦਾਨ ਪਾਇਆ ਪਰ ਜਦੋਂ ਇਹ ਪੀੜ੍ਹੀ ਦਰ ਪੀੜ੍ਹੀ ਸਥਾਪਤ ਹੋ ਗਈ, ਤਾਂ ਇਸ ਵਿੱਚ ਵੱਡਾ ਨਿਘਾਰ ਆ ਗਿਆ। ਮਸੰਦ ਕਿਰਤੀ ਸਿੱਖਾਂ ਦੇ ਦਸਵੰਧ ਨੂੰ, ਨੇਕ ਨੀਤੀ ਨਾਲ ਗੁਰੂ ਘਰ ਪਹੁੰਚਾਣ ਦੀ ਬਜਾਏ, ਇਸ ਦੀ ਦੁਰਵਰਤੋਂ ਕਰਨ ਲੱਗੇ। ਸੌਖੀ ਮਾਇਆ ਮਿਲ ਜਾਣ ਕਾਰਨ, ਉਨ੍ਹਾਂ ਦੇ ਨਿਜੀ ਜੀਵਨ ਵਿੱਚ ਵੀ ਇਤਨਾ ਨਿਘਾਰ ਆਇਆ ਕਿ ਕਈ ਤਰ੍ਹਾਂ ਦੀਆਂ ਐਯਾਸ਼ੀਆਂ ਕਰਨ ਲੱਗੇ। ਜਿਨ੍ਹਾਂ ਨੂੰ ਲੋਕਾਈ ਨੂੰ ਗੁਰੂਘਰ ਨਾਲ ਜੋੜਨ ਦਾ ਕਾਰਜ ਸੌਂਪਿਆ ਗਿਆ ਸੀ, ਆਪ ਹੀ ਗੁਰਮਤਿ ਸਿਧਾਂਤਾਂ ਨੂੰ ਪਿੱਠ ਦੇ, ਗੁਰੂ ਤੋਂ ਬੇਮੁੱਖ ਹੋ, ਮਨਮੁਖ ਬਣ ਬੈਠੇ। ਗੁਰਬਾਣੀ ਤਾਂ ਪਹਿਲੇ ਦਿਨ ਤੋਂ ਸਿੱਖ ਨੂੰ ਮਨਮੁਖਾਂ ਤੋਂ ਦੂਰ ਰਹਿਣ ਦੀ ਪ੍ਰੇਰਨਾ ਦੇਂਦੀ ਹੈ। ਪਾਵਨ ਗੁਰਵਾਕ ਹੈ:

"ਸੁਧਿ ਮਤਿ ਕਰਤੈ ਸਭ ਹਿਰਿ ਲਈ ਬੋਲਨਿ ਸਭੁ ਵਿਕਾਰੁ ॥ ਦਿਤੈ ਕਿਤੈ ਨ ਸੰਤੋਖੀਅਹਿ ਅੰਤਰਿ ਤਿਸਨਾ ਬਹੁ ਅਗਿਆਨੁ ਅੰਧਾਰੁ ॥ ਨਾਨਕ ਮਨਮੁਖਾ ਨਾਲੋ ਤੁਟੀ ਭਲੀ ਜਿਨ ਮਾਇਆ ਮੋਹ ਪਿਆਰੁ ॥੧॥" **{ਸਲੋਕ ਮ: ੪, ਪੰਨਾ ੩੧੬}**

ਕਰਤਾਰ ਨੇ ਉਹਨਾਂ (ਮਨਮੁਖਾਂ) ਦੀ ਹੋਸ਼ ਤੇ ਅਕਲ ਖੋਹ ਲਈ ਹੈ, ਨਿਰਾ ਵਿਕਾਰ ਹੀ ਬੋਲਦੇ ਹਨ (ਭਾਵ, ਨਿਰੇ ਵਿਕਾਰਾਂ ਦੇ ਬਚਨ ਹੀ ਕਰਦੇ ਹਨ); ਉਹ ਕਿਸੇ ਭੀ ਦਾਤ (ਦ ਮਿਲਣ) ਤੇ ਰੱਜਦੇ ਨਹੀਂ, ਕਿਉਂਕਿ ਉਹਨਾਂ ਦੇ ਮਨ ਵਿਚ ਬੜੀ ਤ੍ਰਿਸ਼ਨਾ ਅਗਿਆਨ ਤੇ ਹਨੇਰਾ ਹੈ ।

ਹੇ ਨਾਨਕ ! (ਇਹੋ ਜਿਹੇ) ਮਨਮੁਖਾਂ ਨਾਲੋਂ ਸੰਬੰਧ ਟੁੱਟਾ ਹੋਇਆ ਹੀ ਚੰਗਾ ਹੈ, ਕਿਉਂਕਿ ਉਹਨਾਂ ਦਾ ਮੋਹ ਪਿਆਰ ਤਾਂ ਮਾਇਆ ਨਾਲ ਹੈ ।1।

ਗੁਰੂ ਗੋਬਿੰਦ ਸਿੰਘ ਪਾਤਿਸ਼ਾਹ ਨੇ ਇਸ ਮਸੰਦ ਪ੍ਰਥਾ ਨੂੰ ਪੂਰਨਤਾ ਖਤਮ ਕਰ ਦਿੱਤਾ ਅਤੇ ਖਾਲਸਾ ਪੰਥ ਪ੍ਰਗਟ ਕਰਨ ਸਮੇਂ ਖਾਲਸਾ ਪੰਥ ਨੂੰ ਮਸੰਦਾਂ ਨਾਲ ਵਰਤਣ ਦੀ ਪੂਰੀ ਮਨਾਹੀ ਕਰ ਦਿੱਤੀ।

ਧੀਰਮੱਲੀਏ

ਧੀਰਮੱਲੀਏ ਸ਼ਬਦ ਧੀਰਮੱਲ ਦੀ ਸੰਤਾਨ ਅਤੇ ਜੋ ਕੁਝ ਵਿਰਲੇ ਭੁੱਲੜ ਇਨ੍ਹਾਂ ਦੇ ਪੈਰੋਕਾਰ ਬਣ ਗਏ, ਵਾਸਤੇ ਵਰਤਿਆ ਜਾਂਦਾ ਹੈ। ਧੀਰਮੱਲ ਗੁਰੂ ਹਰਗੋਬਿੰਦ ਸਾਹਿਬ ਦਾ ਪੋਤਰਾ, ਬਾਬਾ ਗੁਰਦਿੱਤਾ ਜੀ ਦਾ ਪੁੱਤਰ ਅਤੇ ਗੁਰੂ ਹਰਿਰਾਏ ਸਹਿਬ ਦਾ ਵੱਡਾ ਭਰਾ ਸੀ। ਇਸ ਨੂੰ ਵੀ ਗੁਰਗੱਦੀ ਪ੍ਰਾਪਤ ਕਰਨ ਦੀ ਬਹੁਤ ਲਾਲਸਾ ਸੀ। ਜਦੋਂ ਗੁਰੂ ਹਰਕਿਸ਼ਨ ਸਾਹਿਬ ਨੇ ਜੋਤੀ ਜੋਤਿ ਸਮਾਣ ਲੱਗਿਆਂ, 'ਬਾਬਾ ਬਕਾਲੇ' ਕਹਿ ਕੇ ਸਿੱਖਾਂ ਨੂੰ ਗੁਰੂ ਨਾਨਕ ਪਾਤਿਸ਼ਾਹ ਦੀ ਗੱਦੀ ਦੇ ਅਗਲੇ ਵਾਰਸ ਬਾਰੇ ਜਾਣਕਾਰੀ ਦਿੱਤੀ ਤਾਂ ਬਕਾਲੇ ਵਿੱਚ ਕਈ ਦਾਵ੍ਹੇਦਾਰ ਗੁਰੂ

ਬਣ ਕੇ ਬੈਠ ਗਏ, ਇਨ੍ਹਾਂ ਵਿੱਚ ਧੀਰਮੱਲ ਪ੍ਰਮੁੱਖ ਸੀ। ਐਸੇ ਸਮੇਂ ਵਿੱਚ ਗੁਰੂ ਤੇਗਬਹਾਦਰ ਸਾਹਿਬ ਅਡੋਲ ਆਪਣੇ ਘਰ ਟਿਕੇ ਰਹੇ। ਇਤਨੀਆਂ ਮੰਜੀਆਂ ਲੱਗੀਆਂ ਵੇਖ, ਕੁਝ ਸਮਾਂ ਸਿੱਖਾਂ ਵਿੱਚ ਵੀ ਬਹੁਤ ਭੰਬਲਭੂਸਾ ਫੈਲ ਗਿਆ ਅਤੇ ਧੀਰਮੱਲ ਨੂੰ ਜਾਪਿਆ ਕਿ ਸ਼ਾਇਦ ਉਸ ਦੀ ਹੱਟੀ ਚਲ ਨਿਕਲੇ। ਜਿਸ ਵੇਲੇ ਭਾਈ ਮੱਖਣ ਸ਼ਾਹ ਨੇ ਆਪਣੀ ਸਿਆਣਪ ਨਾਲ ਸੱਚੇ ਗੁਰੂ, ਗੁਰੂ ਤੇਗਬਹਾਦਰ ਸਾਹਿਬ ਨੂੰ ਪ੍ਰਗਟ ਕਰ ਦਿੱਤਾ, ਤਾਂ ਸਾਰੀ ਸੰਗਤ ਗੁਰੂ ਤੇਗਬਹਾਦਰ ਸਾਹਿਬ ਦੀ ਸ਼ਰਨ ਵਿੱਚ ਆ ਗਈ, ਜਿਸ ਨਾਲ ਸਾਰੇ ਪਾਖੰਡੀਆਂ ਨੂੰ ਆਪਣੀਆਂ ਹੱਟੀਆਂ ਚੁੱਕਣੀਆਂ ਪਈਆਂ। ਇਸ ਨਾਲ ਧੀਰਮੱਲ ਨੂੰ ਸਭ ਤੋਂ ਵੱਧ ਤਕਲੀਫ ਹੋਈ, ਉਸ ਨੇ ਚਿੜ ਵਿੱਚ ਆਕੇ ਗੁਰੂ ਤੇਗਬਹਾਦਰ ਸਾਹਿਬ 'ਤੇ ਜਾਨਲੇਵਾ ਹਮਲਾ ਕਰਵਾ ਦਿੱਤਾ। ਸਿੱਖਾਂ ਨੇ ਉਹ ਹਮਲਾ ਤਾਂ ਪਛਾੜ ਦਿੱਤਾ, ਸਗੋਂ ਧੀਰਮੱਲ ਨੂੰ ਵੀ ਕਾਬੂ ਕਰ ਲਿਆ ਅਤੇ ਉਸ ਕੋਲੋਂ, ਗੁਰੂ ਅਰਜਨ ਪਾਤਿਸ਼ਾਹ ਦਾ ਸੰਪਾਦਨ ਕਰਾਇਆ, ਭਾਈ ਗੁਰਦਾਸ ਜੀ ਲਿਖਤ, ਗ੍ਰੰਥ ਸਾਹਿਬ ਦਾ ਮੂਲ ਸਰੂਪ, ਜੋ ਉਸ ਸਮੇਂ ਧੀਰਮਲ ਦੇ ਕਬਜ਼ੇ ਵਿੱਚ ਸੀ, ਵੀ ਖੋਹ ਲਿਆ। ਸਤਿਗੁਰੂ ਗੁਰੂ ਤੇਗਬਹਾਦਰ ਸਾਹਿਬ ਨੇ ਆਪਣੇ ਹਿਰਦੇ ਦੀ ਵਿਸ਼ਾਲਤਾ ਵਿਖਾਉਂਦੇ ਹੋਏ ਧੀਰਮੱਲ ਨੂੰ ਵੀ ਮਾਫ ਕਰ ਦਿੱਤਾ ਅਤੇ ਗ੍ਰੰਥ ਸਾਹਿਬ ਸਮੇਤ ਉਸ ਦਾ ਮਾਲ ਅਸਬਾਬ ਵੀ ਵਾਪਿਸ ਕਰ ਦਿੱਤਾ ਪਰ ਧੀਰਮੱਲ ਨੇ ਆਖਿਰ ਤੱਕ ਆਪਣੀ ਕਿੜ ਨਹੀਂ ਛੱਡੀ ਅਤੇ ਸਰਕਾਰੀ ਸ਼ਹਿ ਨਾਲ ਗੁਰਗੱਦੀ 'ਤੇ ਕਾਬਜ਼ ਹੋਣ ਦੀਆਂ ਵਿਉਂਤਾਂ ਗੁੰਦਦਾ ਰਿਹਾ। ਇਸ ਸਮੇਂ ਧੀਰਮੱਲ ਦੇ ਵਾਰਸ ਜਲੰਧਰ ਨੇੜੇ ਕਰਤਾਰਪੁਰ ਵਿੱਚ ਵਸਦੇ ਹਨ ਅਤੇ ਗੁਰੂ ਗ੍ਰੰਥ ਸਾਹਿਬ ਦਾ ਉਹ ਮੂਲ ਸਰੂਪ, ਕਈ ਵਿਦਵਾਨਾਂ ਦੁਆਰਾ, ਅੱਜ ਵੀ ਉਨ੍ਹਾਂ ਕੋਲ ਹੋਣਾ ਮੰਨਿਆਂ ਜਾਂਦਾ ਹੈ। ਹਾਲਾਂਕਿ ਸਚਾਈ ਇਹ ਹੈ ਕਿ ਉਨ੍ਹਾਂ ਕੋਲ ਇਕ ਨਹੀਂ, ਵਧੇਰੇ ਗੁਰੂ ਗ੍ਰੰਥ ਸਾਹਿਬ ਦੇ ਹਸਤ ਲਿਖਤ ਸਰੂਪ ਹਨ ਅਤੇ ਉਹ ਕਿਸੇ ਨੂੰ ਕੋਈ ਅਤੇ ਕਿਸੇ ਨੂੰ ਕੋਈ ਦੂਸਰਾ ਸਰੂਪ ਵਿਖਾ ਕੇ ਕੌਮ ਵਿੱਚ ਨਵੇਂ ਭੁਲੇਖੇ ਖੜ੍ਹੇ ਕਰਨ ਦੀ ਕੋਸ਼ਿਸ਼ ਕਰ ਰਹੇ ਹਨ।

ਗੁਰੂ ਗੋਬਿੰਦ ਸਿੰਘ ਪਾਤਿਸ਼ਾਹ ਨੇ ਖੰਡੇ-ਬਾਟੇ ਦੀ ਪਾਹੁਲ ਛਕਾ ਕੇ ਜੋ ਮਰਯਾਦਾ ਦ੍ਰਿੜ ਕਰਾਈ, ਉਸ ਵਿੱਚ ਪੰਥ ਨੂੰ ਇਨ੍ਹਾਂ ਧੀਰਮਲੀਆਂ ਨਾਲ ਵਰਤਣ ਦੀ ਵੀ ਪੂਰੀ ਮਨਾਹੀ ਕਰ ਦਿੱਤੀ।

ਰਾਮਰਾਈਏ

ਰਾਮਰਾਈਏ ਸ਼ਬਦ ਬਾਬਾ ਰਾਮਰਾਇ ਦੇ ਪੈਰੋਕਾਰਾਂ ਤੋਂ ਚਲਿਆ ਹੈ। ਬਾਬਾ ਰਾਮਰਾਇ ਗੁਰੂ ਹਰਿਰਾਇ ਸਾਹਿਬ ਦੇ ਵੱਡੇ ਪੁੱਤਰ ਸਨ। ਜਦੋਂ ਔਰੰਗਜ਼ੇਬ ਨੇ ਸੱਤਵੇਂ ਪਾਤਿਸ਼ਾਹ ਨੂੰ ਦਿੱਲੀ ਤਲਬ ਕੀਤਾ, ਤਦ ਉਨ੍ਹਾਂ ਵੱਡੇ ਪੁੱਤਰ ਰਾਮਰਾਇ ਨੂੰ ਉਥੇ ਭੇਜ ਦਿੱਤਾ। ਰਾਮਰਾਇ ਨੇ ਆਪਣੀ ਚਤੁਰਾਈ ਨਾਲ ਔਰੰਗਜ਼ੇਬ ਨੂੰ ਖੁਸ਼ ਰੱਖਿਆ। ਜਦੋਂ ਔਰੰਗਜ਼ੇਬ ਨੇ ਪੁੱਛਿਆ ਕਿ ਕੀ ਇਹ ਸੱਚ ਹੈ ਕਿ ਗੁਰੂ ਨਾਨਕ ਪਾਤਿਸ਼ਾਹ ਨੇ ਆਪਣੀ ਬਾਣੀ ਦੇ, 'ਮਿੱਟੀ ਮੁਸਲਮਾਨ ਕੀ' ਵਾਲੇ ਸਲੋਕ ਵਿੱਚ ਇਸਲਾਮ ਦੀ ਹੱਤਕ ਕੀਤੀ ਹੈ? ਤਾਂ ਰਾਮਰਾਇ ਨੇ ਉਤਰ ਦਿੱਤਾ ਕਿ ਅਸਲ ਪਾਠ, 'ਮਿੱਟੀ ਮੁਸਲਮਾਨ ਕੀ' ਨਹੀਂ, 'ਮਿੱਟੀ ਬੇਈਮਾਨ ਕੀ' ਹੈ। ਇਸ 'ਤੇ ਔਰੰਗਜ਼ੇਬ ਦੀ ਤਾਂ ਤਸੱਲੀ ਹੋ ਗਈ, ਪਰ ਜਦੋਂ ਸਤਿਗੁਰੂ ਹਰਿਰਾਇ ਸਾਹਿਬ ਨੂੰ ਇਸ ਗੱਲ ਦਾ ਪਤਾ ਲੱਗਾ ਤਾਂ ਉਨ੍ਹਾਂ ਫੁਰਮਾਇਆ ਕਿ ਰਾਮਰਾਇ ਨੇ ਬਾਦਸ਼ਾਹ ਦੀ ਖ਼ੁਸ਼ਾਮਦ ਕਰਨ ਲਈ, ਗੁਰਬਾਣੀ ਦਾ ਸ਼ਬਦ ਪਲਟਿਆ ਹੈ, ਜੋ ਵੱਡਾ ਅਪਰਾਧ ਹੈ। ਉਨ੍ਹਾਂ ਹੁਕਮ ਕਰ ਦਿੱਤਾ, ਕਿ ਰਾਮਰਾਇ ਸਾਡੇ ਮੱਥੇ ਨਾ ਲੱਗੇ।

ਜਦ ਔਰੰਗਜ਼ੇਬ ਨੂੰ ਇਸ ਗੱਲ ਦਾ ਪਤਾ ਲੱਗਾ, ਤਾਂ ਉਸ ਸੋਚਿਆ, ਗੁਰੂ ਘਰ ਵਿੱਚ ਪਾੜ ਪਾਉਣ ਦਾ ਇਹ ਚੰਗਾ ਮੌਕਾ ਹੈ, ਉਸ ਨੇ ਰਾਮਰਾਇ ਨੂੰ ਹਰਿਦਵਾਰ ਤੋਂ ਉਪਰ ਦੂਣ ਵਿੱਚ ਵੱਡੀ ਜਗੀਰ ਦੇ ਦਿੱਤੀ, ਜਿਥੇ ਉਸ ਨੇ ਆਪਣੀ ਅਲੱਗ ਗੱਦੀ ਚਲਾਉਣੀ ਸ਼ੁਰੂ ਕਰ ਦਿੱਤੀ। ਪਹਿਲਾਂ ਤਾਂ ਰਾਮ ਰਾਇ ਸਰਕਾਰੀ ਚੁੱਕ ਕਾਰਨ ਮਸਤੀ ਵਿੱਚ ਰਿਹਾ, ਪਰ ਬਾਅਦ ਵਿੱਚ ਜਦੋਂ ਉਸ ਨੇ ਮਹਿਸੂਸ ਕੀਤਾ ਕਿ ਉਹ ਪੂਰੀ ਤਰ੍ਹਾਂ ਸੁਆਰਥੀ ਲੋਕਾਂ ਨਾਲ ਘਿਰ ਗਿਆ ਹੈ, ਜੋ ਅੱਜ ਦੇ ਡੇਰੇਦਾਰਾਂ ਦੇ ਚੇਲਿਆਂ ਵਾਂਗ, ਪੱਲ-ਪੱਲ ਉਸ ਦੀ ਮੌਤ ਦੀ ਇੰਤਜ਼ਾਰ ਕਰ ਰਹੇ ਹਨ, ਤਾਂ ਉਸ ਨੂੰ ਆਪਣੀ ਭੁੱਲ ਦਾ ਅਹਿਸਾਸ ਹੋਇਆ। ਉਸ ਸਮੇਂ ਤੱਕ ਗੁਰੂ ਗੋਬਿੰਦ ਸਿੰਘ ਪਾਤਿਸ਼ਾਹ ਗੁਰਗੱਦੀ ਤੇ ਸੁਭਾਇਮਾਨ ਹੋ ਚੁੱਕੇ ਸਨ ਅਤੇ ਪਾਉਂਟਾ ਸਾਹਿਬ ਵਿੱਚ ਵਿਚਰ ਰਹੇ ਸਨ। ਉਸ ਨੇ ਸਤਿਗੁਰੂ ਨੂੰ ਸੁਨੇਹਾ ਭੇਜਿਆ ਅਤੇ ਜਮੁਨਾ ਨਦੀ ਵਿੱਚ, ਇਕ ਕਿਸ਼ਤੀ ਵਿੱਚ, ਸਤਿਗੁਰੂ ਨਾਲ ਉਸ ਦੀ ਮੁਲਾਕਾਤ ਹੋਈ। ਉਸ ਨੇ ਆਪਣੀ ਸਾਰੀ ਹਾਲਤ ਬਿਆਨ ਕਰਕੇ, ਆਪਣੀ ਭੁੱਲ ਦੀ ਮੁਆਫੀ ਮੰਗੀ ਅਤੇ ਵਾਪਿਸ ਆਉਣ ਵਾਸਤੇ ਯਾਚਨਾ ਕੀਤੀ। ਸਤਿਗੁਰੂ ਨੇ ਉਸ ਦੀ ਬੇਨਤੀ ਪ੍ਰਵਾਨ ਕਰ ਲਈ। ਇਸ ਤਰ੍ਹਾਂ ਇਨ੍ਹਾਂ ਦਾ ਦੇਹਰਾਦੂਨ ਸਥਿਤ ਡੇਰਾ ਵੀ ਉਦੋਂ ਹੀ ਬੰਦ ਹੋ ਜਾਣਾ ਚਾਹੀਦਾ ਸੀ, ਅਤੇ ਸੰਪਰਦਾ ਵੀ ਮੁੱਕ ਜਾਣੀ ਚਾਹੀਦੀ ਸੀ, ਪਰ ਜਦੋਂ ਬਾਬਾ ਰਾਮਰਾਇ ਸਤਿਗੁਰੂ ਨੂੰ ਮਿਲ ਕੇ ਵਾਪਿਸ ਗਏ ਤਾਂ ਉਨ੍ਹਾਂ ਦੇ ਚੇਲੇ ਚਾਟੜੇ, ਨੇੜਲੇ ਪੈਰੋਕਾਰ, ਜੋ ਉਨ੍ਹਾਂ ਦੀ ਜਾਇਦਾਦ ਅਤੇ ਗੱਦੀ ਉਤੇ ਤਾਕ ਲਾਈ ਬੈਠੇ ਸਨ, ਨੂੰ ਇਸ ਗੱਲ ਦਾ ਪਤਾ ਲੱਗਾ ਤਾਂ ਉਨ੍ਹਾਂ ਨੂੰ ਸਭ ਕੁਝ ਹਥੋਂ ਜਾਂਦਾ ਨਜ਼ਰ ਆਇਆ। ਉਨ੍ਹਾਂ ਬਾਬਾ ਰਾਮਰਾਇ ਨੂੰ ਬਾਕੀ ਜ਼ਿੰਦਗੀ ਤਕਰੀਬਨ ਬੰਦੀ ਬਣਾਕੇ ਰਖਿਆ, ਅਤੇ ਮੌਕਾ ਲਗਦੇ, ਜੀਉਂਦੇ ਦਾ ਹੀ ਸਸਕਾਰ ਕਰਕੇ, ਅੰਦਰ ਹੀ ਮਾਰ ਮੁਕਾਇਆ। ਜੋ ਅੱਜ ਇਸ ਡੇਰੇ 'ਤੇ ਕਾਬਜ਼ ਹਨ, ਉਨ੍ਹਾਂ ਦੀ ਲੜੀ ਵਿੱਚੋਂ ਹਨ, ਜਿਨ੍ਹਾਂ ਬਾਬਾ ਰਾਮਰਾਇ ਦਾ ਜੀਉਂਦੇ ਦਾ ਸਸਕਾਰ ਕਰ ਦਿੱਤਾ ਸੀ, ਬੇਸ਼ਕ ਉਹ ਹੱਟੀਆਂ ਬਾਬਾ ਰਾਮਰਾਇ ਦੇ ਨਾਂ 'ਤੇ ਹੀ ਚਲਾ ਰਹੇ ਹਨ। ਇਥੇ ਰਾਮਰਾਇ ਦਾ ਦੇਹਰਾ ਬਣਨ ਕਾਰਨ ਹੀ, ਇਸ ਦੂਣ ਦਾ ਨਾਂ ਦੇਹਰਾਦੂਨ ਪਿਆ।

ਅਸੀਂ ਵੇਖਿਆ ਹੈ ਕਿ ਹਰ ਉਹ ਵਿਅਕਤੀ ਜਾਂ ਸੰਸਥਾ, ਜਿਸ ਨੇ ਗੁਰੂ ਪਾਤਿਸ਼ਾਹ ਦੇ ਬਰਾਬਰ ਗੱਦੀ ਸਥਾਪਤ ਕਰਨ ਦੀ ਕੋਸ਼ਿਸ਼ ਕੀਤੀ, ਨਾਲ ਵਰਤਣ ਤੋਂ ਮਨਾਹੀ ਕਰ ਦਿੱਤੀ ਗਈ ਹੈ। ਇਥੇ ਇਕ ਗੱਲ ਹੋਰ ਸਪੱਸ਼ਟ ਕਰ ਦੇਣੀ ਚੰਗੀ ਹੋਵੇਗੀ ਕਿ ਤਕਰੀਬਨ ਸਾਰੇ ਪੁਰਾਤਨ ਰਹਿਤਨਾਮਿਆਂ ਦੇ ਲਿਖਾਰੀ ਅਤੇ ਇਤਿਹਾਸਕਾਰ ਇਸ ਗੱਲ ਵਿੱਚ ਇਕਮੱਤ ਹਨ ਕਿ ਇਨ੍ਹਾਂ ਨਾਲ ਵਰਤਣ ਦੀ ਮਨਾਹੀ ਗੁਰੂ ਗੋਬਿੰਦ ਸਿੰਘ ਪਾਤਿਸ਼ਾਹ ਨੇ ਆਪ ਖੰਡੇ-ਬਾਟੇ ਦੀ ਪਾਹੁਲ ਛਕਾ ਕੇ ਕਰ ਦਿੱਤੀ ਸੀ। ਪੰਥ ਨੇ ਸਤਿਗੁਰੂ ਦੇ ਉਸ ਆਦੇਸ਼ ਨੂੰ ਇੰਨ-ਬਿੰਨ ਮੌਜੂਦਾ ਰਹਿਤ ਮਰਯਾਦਾ ਵਿੱਚ ਸ਼ਾਮਿਲ ਕੀਤਾ ਹੈ।

ਇਸ ਤੋਂ ਇਹ ਵੀ ਸੰਦੇਸ਼ ਮਿਲਦਾ ਹੈ ਕਿ ਸਿੱਖ ਕੌਮ ਨੂੰ ਕਦੇ ਵੀ ਕੋਈ ਐਸਾ ਵਿਅਕਤੀ ਜਾਂ ਸੰਸਥਾ ਜੋ ਗੁਰੂ ਗ੍ਰੰਥ ਸਾਹਿਬ ਦੇ ਟਾਕਰੇ 'ਤੇ ਗੁਰੂਡੰਮ ਸਾਥਾਪਤ ਕਰਦਾ ਹੈ, ਨਾਲ ਬਿਲਕੁਲ ਨਹੀਂ ਵਰਤਣਾ ਚਾਹੀਦਾ। ਇਸੇ ਅਨੁਸਾਰ, ਨਕਲੀ ਨਿਰੰਕਾਰੀਆਂ ਵਲੋਂ, 1978 ਦੀ ਵਿਸਾਖੀ ਮੌਕੇ 13 ਸਿੱਖਾਂ ਦੇ ਕੀਤੇ ਗਏ ਕਤਲੇਆਮ ਤੋਂ ਬਾਅਦ, 10 ਜੂਨ 1978 ਨੂੰ ਅਕਾਲ ਤਖ਼ਤ ਸਾਹਿਬ ਤੋਂ ਨਿਰੰਕਾਰੀਆਂ ਨਾਲੋਂ ਹਰ ਸਿੱਖ ਨੂੰ ਨਾਤੇ ਤੋੜ ਲੈਣ ਸਬੰਧੀ ਗੁਰਮਤਾ ਜਾਰੀ ਹੋਇਆ। ਇਸ ਗੁਰਮਤੇ ਦਾ ਆਮ ਸਿੱਖਾਂ ਤੇ ਬਹੁਤ ਪ੍ਰਭਾਵ ਹੋਇਆ ਅਤੇ ਬਹੁਤ ਸਾਰੇ ਭੁੱਲੜ ਵੀਰ ਜੋ ਪਹਿਲਾਂ ਇਸ ਨੂੰ ਸਿੱਖੀ ਦਾ ਹੀ ਇਕ ਅੰਗ ਸਮਝ ਕੇ, ਇਸ ਵਿੱਚ ਜਾ ਵੜੇ ਸਨ, ਇਨ੍ਹਾਂ ਨੂੰ ਤਿਆਗ ਕੇ ਵਾਪਿਸ ਸਿੱਖੀ ਵਿੱਚ ਮੁੜ ਆਏ।

ਸੰਨ 2007 ਵਿੱਚ, ਪਖੰਡ ਦੀ ਇਕ ਹੋਰ ਦੁਕਾਨ, ਡੇਰਾ ਸੱਚਾ ਸੌਦਾ ਦੇ ਮੁੱਖੀ ਗੁਰਮੀਤ

ਰਾਮ ਰਹੀਮ ਨੇ ਗੁਰੂ ਗੋਬਿੰਦ ਸਿੰਘ ਪਾਤਿਸ਼ਾਹ ਦੀ ਖੰਡੇ-ਬਾਟੇ ਦੀ ਪਾਹੁਲ ਛਕਾਉਣ ਦੀ ਰਸਮ ਦੀ ਨਕਲ ਉਤਾਰ ਕੇ, ਸਿੱਖ ਹਿਰਦਿਆਂ ਨੂੰ ਵਲੂੰਧਰ ਦਿੱਤਾ। ਇਸ ਨਾਲ ਸਾਰੀ ਕੌਮ ਵਿੱਚ ਇਕ ਰੋਸ ਦੀ ਲਹਿਰ ਜਾਗ ਪਈ। 17 ਮਈ 2007 ਨੂੰ ਤਖਤ ਦਮਦਮਾ ਸਾਹਿਬ ਤਲਵੰਡੀ ਸਾਬੋ ਵਿਖੇ ਜਥੇਦਾਰਾਂ ਨੇ ਡੇਰਾ ਸੱਚਾ ਸੌਦਾ ਦੇ ਪੂਰਨ ਬਾਈਕਾਟ ਦਾ ਸੱਦਾ ਦਿੱਤਾ ਅਤੇ ਪੰਜਾਬ ਸਰਕਾਰ ਨੂੰ 10 ਦਿਨਾਂ ਵਿੱਚ ਰਾਮ ਰਹੀਮ ਨੂੰ ਗ੍ਰਿਫਤਾਰ ਕਰਨ ਦਾ ਨੋਟਿਸ ਦਿੱਤਾ, ਅਤੇ ਪੰਜਾਬ ਵਿਚਲੇ ਡੇਰੇ ਬੰਦ ਕਰਨ ਦਾ ਅਦੇਸ਼ ਦਿੱਤਾ। ਉਥੇ ਹਜ਼ਾਰਾਂ ਦੀ ਗਿਣਤੀ ਵਿੱਚ ਹਾਜ਼ਰ ਸਿੱਖ ਸੰਗਤਾਂ ਦੀ ਇਸ ਤੋਂ ਵੀ ਤਸੱਲੀ ਨਹੀਂ ਹੋਈ ਅਤੇ ਉਨ੍ਹਾਂ ਜੋਗਿੰਦਰ ਸਿੰਘ ਵੇਦਾਂਤੀ ਅਤੇ ਬਾਦਲ ਖਿਲਾਫ ਨਾਅਰੇ ਮਾਰੇ। ਵੇਦਾਂਤੀ ਨੂੰ ਬੋਲਣ ਤੋਂ ਵੀ ਰੋਕ ਦਿੱਤਾ ਗਿਆ। ਜਥੇਦਾਰਾਂ ਦੇ ਪੁਰਾਨੇ ਕਿਰਦਾਰ ਨੂੰ ਵੇਖਦੇ ਹੋਏ, ਜਿਵੇਂ ਸੰਗਤਾਂ ਨੂੰ ਸ਼ੱਕ ਸੀ, ਬਾਅਦ ਵਿੱਚ ਜਥੇਦਾਰ ਆਪਣੇ ਹੀ ਇਸ ਆਦੇਸ਼ ਨੂੰ ਲਾਗੂ ਕਰਾਉਣ ਤੋਂ ਭੱਜ ਗਏ।

ਇਸ ਵਿੱਚ ਕੋਈ ਸ਼ੱਕ ਨਹੀਂ ਕਿ ਸਿੱਖ ਸੰਗਤਾਂ ਨੇ ਸਦਾ ਹੀ ਇਸ ਪੰਥਕ ਭਾਵਨਾ ਦਾ ਸਤਿਕਾਰ ਕੀਤਾ ਹੈ ਪਰ ਰਾਜਨੀਤਿਕ ਆਗੂਆਂ ਨੇ, ਆਪਣੇ ਨਿਜੀ ਸਿਆਸੀ ਲੋਭ ਕਾਰਨ, ਸਦਾ ਕੌਮ ਦੇ ਸਿਧਾਂਤਾਂ ਅਤੇ ਭਾਵਨਾਵਾਂ ਨਾਲ, ਧ੍ਰੋਹ ਕਮਾਇਆ ਹੈ। ਸ਼੍ਰੋਮਣੀ ਗੁਰਦੁਆਰਾ ਕਮੇਟੀ ਦਾ ਸਾਬਕਾ, ਮਰਹੂਮ ਪ੍ਰਧਾਨ ਗੁਰਚਰਨ ਸਿੰਘ ਟੌਹੜਾ, ਵੋਟਾਂ ਦੀ ਖਾਤਰ ਨਿਰੰਕਾਰੀਆਂ ਦੇ ਦਰਬਾਰ ਵਿੱਚ ਗਿਆ। ਉਸ ਦੀ ਇਸ ਕਰਤੂਤ ਦੀਆਂ ਸਾਫ ਅਤੇ ਸਪੱਸ਼ਟ ਫੋਟੋ ਅਖਬਾਰਾਂ ਵਿੱਚ ਛਪੀਆਂ, ਜਗਤ ਨੇ ਵੇਖੀਆਂ। ਇਹ ਕੇਸ ਅਕਾਲ ਤਖਤ ਸਾਹਿਬ ਤੇ ਅਖੌਤੀ ਜਥੇਦਾਰਾਂ ਕੋਲ ਵੀ ਗਿਆ ਪਰ ਉਸ ਸਮੇਂ ਦੇ ਅਕਾਲ ਤਖਤ ਸਾਹਿਬ ਦੇ ਅਖੌਤੀ ਜਥੇਦਾਰ ਰਣਜੀਤ ਸਿੰਘ ਨੇ ਆਪਣੇ ਜਥੇਦਾਰ ਬਨਾਉਣ ਦਾ ਕਰਜ਼ਾ ਚੁਕਾਉਣ ਲਈ ਆਪਣੀਆਂ ਅੱਖਾਂ ਬੰਦ ਕਰ ਲਈਆਂ ਅਤੇ ਟੌਹੜੇ ਨੂੰ ਇਸ ਦੋਸ਼ ਤੋਂ ਬਰੀ ਕਰ ਦਿੱਤਾ।

ਪਿਛਲੇ ਦਿਨੀ ਕੁਝ ਟੀਵੀ ਚੈਨਲਾਂ 'ਤੇ ਪ੍ਰਕਾਸ਼ ਸਿੰਘ ਬਾਦਲ ਅਤੇ ਉਸ ਦੇ ਪੁੱਤਰ ਸੁਖਬੀਰ ਦੀਆਂ ਝੂਠੇ ਸੌਦੇ ਵਾਲੇ ਰਾਮ ਰਹੀਮ ਦੇ ਦਰਬਾਰ ਵਿੱਚ ਹਾਜ਼ਰ ਹੋਕੇ ਨਤਮਸਤਕ ਹੋਣ ਦੀਆਂ ਵੀਡੀਓ ਫਿਲਮਾਂ ਦਿਖਾਈਆਂ ਗਈਆਂ, ਜੋ ਦੁਨੀਆਂ ਨੇ ਵੇਖੀਆਂ। ਲੰਬੇ ਸਮੇਂ ਤੋਂ ਗੁਰੂ ਗ੍ਰੰਥ ਸਾਹਿਬ ਦੇ ਬਰਾਬਰ ਗੱਦੀ ਲਾਕੇ ਬੈਠੇ, ਨਾਮਧਾਰੀਆਂ ਦੇ ਦਰਬਾਰ ਦੀਆਂ ਹਾਜ਼ਰੀਆਂ ਭਰਨੀਆਂ, ਇਨ੍ਹਾਂ ਦਾ ਆਮ ਵਰਤਾਰਾ ਹੈ। ਇਨ੍ਹਾਂ ਦੀ ਕਿਰਪਾ ਦੁਆਰਾ ਹੀ ਗੁਰੂ ਨਾਨਕ ਯੂਨੀਵਰਸਿਟੀ, ਅੰਮ੍ਰਿਤਸਰ ਵਿੱਚ ਕੂਕਾ ਮੁੱਖੀ ਰਾਮ ਸਿੰਘ ਦੇ ਨਾਂ ਦਾ ਵਿਭਾਗ(ਚੇਅਰ) ਸਥਾਪਤ ਕੀਤਾ ਗਿਆ। ਹੋਰ ਤਾਂ ਹੋਰ ਉਸ ਦੇ ਨਾਂ ਨਾਲ ਸਤਿਗੁਰੂ ਸ਼ਬਦ ਜੋੜਿਆ ਗਿਆ। ਕ੍ਰਿਪਾਨਾਂ ਤਾਂ ਇਨ੍ਹਾਂ ਵੀ ਪਾਈਆਂ ਹੋਈਆਂ ਹਨ, ਅੰਮ੍ਰਿਤਧਾਰੀ ਅਖਵਾਉਣ ਦਾ ਡਰਾਮਾਂ ਤਾਂ ਇਹ ਵੀ ਕਰਦੇ ਹਨ, ਬਲਕਿ ਆਪਣੀ ਸਰਕਾਰ ਦੇ, ਪੰਥਕ ਸਰਕਾਰ ਹੋਣ ਦੇ ਦਾਅਵੇ ਭਰਦੇ ਹਨ। ਕੀ ਆਖਿਆ ਜਾਵੇ, ਇਨ੍ਹਾਂ ਕਿਹੜੀ ਅਤੇ ਕਿਸਦੀ ਪਾਹੁਲ ਛਕੀ ਹੈ? ਜਦ ਇਨ੍ਹਾਂ ਨੂੰ ਪੰਥਕ ਫੈਸਲਿਆਂ ਦਾ ਹੀ ਕੋਈ ਸਤਿਕਾਰ ਨਹੀਂ, ਤਾਂ ਇਹ ਗਾਤਰੇ ਪਾਉਣ ਦਾ ਵਿਖਾਵਾ, ਇਕ ਪਾਖੰਡ ਤੋਂ ਸਿਵਾ ਹੋਰ ਕੀ ਹੈ?

ਗੁਰੂਆਂ ਦੀ ਪਾਵਨ ਧਰਤੀ ਪੰਜਾਬ ਵਿੱਚ ਡੇਰਿਆਂ ਦਾ ਹੜ੍ਹ ਆ ਗਿਆ ਹੈ। ਭਾਵੇਂ ਇਹ ਲੋਕ ਭੋਲੇ ਭਾਲੇ ਸਿੱਖਾਂ ਨੂੰ ਭਰਮਾਉਣ ਲਈ, ਆਪਣੇ ਡੇਰਿਆਂ 'ਤੇ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਵੀ ਕਰਦੇ ਅਤੇ ਸਤਿਗੁਰੂ ਦਾ ਵੱਡਾ ਸਤਿਕਾਰ ਕਰਨ ਦਾ ਦੰਭ ਵੀ ਕਰਦੇ ਹਨ, ਪਰ ਅਸਲ ਵਿੱਚ ਇਹ ਸਾਰੇ ਆਪਣੀ ਪੂਜਾ ਕਰਾਕੇ, ਗੁਰੂ ਦੇ ਸ਼ਰੀਕ ਬਣਨ ਦੀ ਕੋਸ਼ਿਸ਼ ਕਰ ਰਹੇ ਹਨ। ਬਿਲਕੁਲ ਉਸੇ ਤਰ੍ਹਾਂ, ਜਿਵੇਂ ਬਾਬਾ ਰਾਮਰਾਇ ਦਾ ਜੀਉਂਦੇ ਦਾ ਸਸਕਾਰ ਕਰ ਦੇਣ ਵਾਲੇ, ਅੱਜ ਤੱਕ ਬਾਬਾ ਰਾਮਰਾਇ ਦੇ ਨਾਂ ਤੇ ਹੀ ਹੱਟੀ ਚਲਾ ਰਹੇ ਹਨ। ਆਪਣੇ

ਪੈਰੋਕਾਰਾਂ ਵਿੱਚ ਆਪਣੀ ਮਕਬੂਲੀਅਤ ਬਣਾ ਕੇ ਰਖਣ ਲਈ, ਬਾਬਾ ਰਾਮਰਾਇ ਦੇ ਗੁਣ ਗਾਉਣੇ, ਉਨ੍ਹਾਂ ਦੀ ਮਜ਼ਬੂਰੀ ਹੈ। ਕਕਾਰਧਾਰੀ, ਖਾਲਸੇ ਦਿੱਸਣ ਵਾਲੇ, ਭੁੱਲੜ ਸਿੱਖ ਆਮ ਹੀ ਇਨ੍ਹਾਂ ਡੇਰਿਆਂ 'ਤੇ ਰੁਲਦੇ ਫਿਰਦੇ ਵੇਖੇ ਜਾ ਸਕਦੇ ਹਨ। ਇਹ ਸਿਆਸੀ ਆਗੂ ਵੀ ਗਲੇ ਵਿੱਚ ਗਾਤਰੇ ਪਾਕੇ, ਆਪਣੀਆਂ ਵੋਟਾਂ ਦੇ ਲੋਭ ਵਿੱਚ ਉਥੇ ਜਾ ਕੇ, ਉਨ੍ਹਾਂ ਨੂੰ ਮਾਨਤਾ ਦੇਂਦੇ ਹਨ, ਜਿਸ ਨਾਲ ਭੋਲੇ ਭਾਲੇ ਸਿੱਖ ਵਧੇਰੇ ਭੁਲੇਖਿਆਂ ਵਿੱਚ ਫਸ ਜਾਂਦੇ ਹਨ। ਹੈਰਾਨਗੀ ਦੀ ਗੱਲ ਹੈ, ਜੋ ਸਤਿਗੁਰੂ ਦੀ ਬਰਾਬਰੀ 'ਤੇ ਗੱਦੀਆਂ ਸਥਾਪਤ ਕਰ ਰਹੇ ਹਨ, ਜਿਨ੍ਹਾਂ ਦਾ ਕੌਮ ਨੂੰ ਪੂਰਨ ਬਾਈਕਾਟ ਕਰਨਾ ਚਾਹੀਦਾ ਹੈ, ਉਨ੍ਹਾਂ ਦੇ ਡੇਰਿਆਂ 'ਤੇ ਸਿੱਖ ਪਾਹੁਲ ਛੱਕਣ ਜਾ ਰਹੇ ਹਨ। ਪਿਛਲੀ ਸ਼ਤਾਬਦੀ ਵਿੱਚ, ਸਿੱਖ ਕੌਮ ਦੀ ਇਹ ਵੱਡੀ ਤਰਾਸਦੀ ਰਹੀ ਹੈ ਕਿ ਪਹਿਲਾਂ ਸਿੱਖਾਂ ਨੇ ਆਪ ਹੀ ਭਰਮ ਭੁਲੇਖਿਆਂ ਵਿੱਚ ਫਸ ਕੇ ਇਨ੍ਹਾਂ ਡੇਰੇਦਾਰਾਂ ਨੂੰ ਮਾਨਤਾ ਦਿੱਤੀ, ਸਥਾਪਤ ਕੀਤਾ ਅਤੇ ਜਦੋਂ ਉਨ੍ਹਾਂ ਦੀ ਅਸਲੀਅਤ ਖੁਲ੍ਹ ਕੇ ਸਾਹਮਣੇ ਆ ਗਈ ਤਾਂ ਫਿਰ ਆਪ ਹੀ ਉਨ੍ਹਾਂ ਦੇ ਖਿਲਾਫ ਸੰਘਰਸ਼ ਕਰਨਾ ਪਿਆ, ਪਰ ਵਧੇਰੇ ਦੁੱਖ ਦੀ ਗੱਲ ਇਹ ਹੈ ਕਿ ਬਹੁਤਿਆਂ ਨੂੰ ਅਜੇ ਵੀ ਸਮਝ ਨਹੀਂ ਆਈ। ਹੋਰ ਤਾਂ ਹੋਰ, ਇਕ ਡੇਰੇ ਖਿਲਾਫ ਸੰਘਰਸ਼ ਕਰਦੇ ਹੋਏ, ਦੂਸਰਿਆਂ ਨੂੰ ਪ੍ਰਫੁਲਤ ਕਰ ਰਹੇ ਹਨ।

ਅੱਜ ਇਹ ਵੱਡੀ ਕੌਮੀ ਲੋੜ ਹੈ ਕਿ ਕੌਮ ਇਸ ਮੱਦ ਦੀ ਭਾਵਨਾ ਨੂੰ ਸਮਝੇ ਅਤੇ ਸਤਿਗੁਰੂ ਗੁਰੂ ਗ੍ਰੰਥ ਸਾਹਿਬ ਦੇ ਬਰਾਬਰ ਮੰਜੀਆਂ ਸਥਾਪਤ ਕਰੀ ਬੈਠਿਆਂ ਅਤੇ ਸਥਾਪਤ ਕਰਨ ਦੀ ਕੋਸ਼ਿਸ਼ ਕਰਨ ਵਾਲਿਆਂ ਨੂੰ ਪੂਰੀ ਤਰ੍ਹਾਂ ਨਕਾਰੇ। ਕੌਮ ਨੂੰ ਇਹ ਸਮਝਣਾ ਚਾਹੀਦਾ ਹੈ ਕਿ ਇਸ ਮੱਦ ਦਾ ਦਾਇਰਾ ਕੇਵਲ ਮੀਣਿਆਂ, ਮਸੰਦਾਂ, ਧੀਰਮਲੀਆਂ ਅਤੇ ਰਾਮਰਾਈਆਂ ਤੱਕ ਹੀ ਸੀਮਤ ਨਹੀਂ, ਬਲਕਿ ਹਰ ਉਹ ਡੇਰਾ, ਟਕਸਾਲ ਜਾਂ ਸੰਸਥਾ, ਜੋ ਸਿੱਖਾਂ ਨੂੰ ਗੁਰੂ ਗ੍ਰੰਥ ਸਾਹਿਬ ਨਾਲੋਂ ਤੋੜ ਕੇ ਆਪਣਾ ਗੁਰੂਡੰਮ ਸਥਾਪਤ ਕਰੀ ਬੈਠਾ ਹੈ ਜਾਂ ਸਥਾਪਤ ਕਰ ਰਿਹਾ ਹੈ, ਇਸ ਮੱਦ ਦੇ ਘੇਰੇ ਵਿੱਚ ਆਉਂਦਾ ਹੈ, ਅਤੇ ਸਿੱਖਾਂ ਨੂੰ ਉਨ੍ਹਾਂ ਨਾਲ ਕੋਈ ਸਬੰਧ ਨਹੀਂ ਰਖਣਾ ਚਾਹੀਦਾ। ਜੇ ਅੱਜ ਕੌਮ ਦੀ ਅਸਲੀ ਹਾਲਤ ਵੱਲ ਝਾਤੀ ਮਾਰੀ ਜਾਵੇ ਤਾਂ ਬਹੁਤੀ ਕੌਮ ਤਨਖਾਹੀਆ ਨਜ਼ਰ ਆਉਂਦੀ ਹੈ।

ਨੜੀ ਮਾਰ, ਕੁੜੀ ਮਾਰ, ਸਿਰਗੁੰਮ

ਨੜੀਮਾਰ ਅਤੇ ਸਿਰਗੁੰਮ ਦੀ ਕਾਫੀ ਵਿਚਾਰ ਅਸੀਂ ਪਹਿਲੇ ਕਰ ਚੁੱਕੇ ਹਾਂ ਇਸ ਲਈ ਇਥੇ ਪਹਿਲਾਂ ਕੁੜੀਮਾਰ ਦੀ ਗੱਲ ਕਰਦੇ ਹਾਂ। ਬਹੁਤ ਪੁਰਾਣੇ ਸਮੇਂ ਤੋਂ ਮਨੁੱਖੀ ਸਮਾਜ ਵਿੱਚ ਜਿਥੇ ਪੁੱਤਰ ਨੂੰ ਇਕ ਸਰਮਾਇਆ ਸਮਝਿਆ ਜਾਂਦਾ ਹੈ, ਧੀ ਨੂੰ ਭਾਰ ਸਮਝਿਆ ਜਾਂਦਾ ਹੈ। ਸ਼ਾਇਦ ਇਸੇ ਕਾਰਨ ਔਰਤ ਨੂੰ ਸਮਾਜ ਵਿੱਚ ਨੀਵਾਂ ਦਰਜਾ ਦਿੱਤਾ ਗਿਆ। ਭਾਵੇਂ ਦੂਸਰੀਆਂ ਕੌਮਾਂ ਅਤੇ ਦੇਸ਼ਾਂ ਵਿੱਚ ਵੀ ਔਰਤ ਨਾਲ ਵਿਤਕਰੇ ਵਾਲਾ ਸਲੂਕ ਹੁੰਦਾ ਰਿਹਾ, ਪਰ ਭਾਰਤ ਵਿੱਚ ਤਾਂ ਦੋਵੇਂ ਪ੍ਰਮੁੱਖ ਕੌਮਾਂ ਨੇ ਔਰਤ ਨਾਲ ਨਿਆਂ ਨਹੀਂ ਕੀਤਾ। ਭਾਰਤ ਵਿੱਚ ਇਕ ਪ੍ਰਮੁੱਖ ਕੌਮ, ਮੁਸਲਮਾਨਾਂ ਨੇ ਔਰਤ ਨੂੰ ਦੁਨੀਆਂ ਭਰ ਵਿੱਚ ਜੋ ਰੁਤਬਾ ਦਿੱਤਾ ਹੈ, ਉਸ ਦੀ ਜ਼ਿੰਦਾ ਮਸਾਲ ਇਹ ਹੈ ਕਿ ਅੱਜ ਦੇ ਸਭਿਅਕ ਸਮਾਜ ਵਿੱਚ ਵੀ ਔਰਤ ਨੂੰ ਬੁਰਕੇ ਦੀ ਕੈਦ ਵਿੱਚ ਰਹਿਣ ਲਈ ਮਜਬੂਰ ਕੀਤਾ ਜਾਂਦਾ ਹੈ। ਇਥੋਂ ਤੱਕ ਕੇ ਮਰਨ ਤੋਂ ਬਾਅਦ ਵੀ ਉਸ ਨੂੰ ਪਰਦੇ ਵਿੱਚ ਦਫਨਾਇਆ ਜਾਂਦਾ ਹੈ। ਭਾਰਤ ਵਿੱਚ ਦੂਜੀ ਪ੍ਰਮੁੱਖ ਕੌਮ ਬਲਕਿ ਭਾਰਤ ਦੀ ਬਹੁਗਿਣਤੀ ਕੌਮ, ਹਿੰਦੂਆਂ ਦੀ ਔਰਤ ਪ੍ਰਤੀ ਸੋਚ, ਇਸ ਕੌਮ ਦੇ ਇਕ ਪ੍ਰਮੁੱਖ ਸੰਤ,

ਕਵੀ ਤੁਲਸੀ ਦਾਸ ਜੀ ਦੀਆਂ ਇਨ੍ਹਾਂ ਪੰਕਤੀਆਂ ਤੋਂ ਸਪੱਸ਼ਟ ਹੋ ਜਾਂਦੀ ਹੈ:

'ਢੋਰ, ਗਵਾਰ, ਸ਼ੂਦਰ ਪਸੁ ਨਾਰੀ, ਪਾਂਚੋ ਤਾੜਨ ਕੇ ਅਧਿਕਾਰੀ'।

ਇਹ ਮਹਾਂ ਸੰਤ ਜੀ ਔਰਤ ਦੀ ਤੁਲਨਾ, ਜਾਨਵਰਾਂ ਅਤੇ ਗਵਾਰਾਂ ਨਾਲ ਕਰਦੇ ਹਨ। ਭਾਰਤ ਵਿੱਚ ਧੀ ਨੂੰ ਜੰਮਦੇ ਮਾਰ ਦੇਣ ਦੀ ਪ੍ਰਵਿਰਤੀ ਦਾ ਮੂਲ ਅਧਾਰ ਇਹੀ ਜਾਪਦਾ ਹੈ।

ਕੁੜੀਮਾਰ ਦਾ ਅਰਥ ਹੈ, ਉਹ ਵਿਅਕਤੀ, ਜੋ ਘਰ ਧੀ ਜੰਮਣ ਤੇ, ਲੜਕੀ ਹੋਣ ਕਾਰਨ, ਉਸ ਦਾ ਕਤਲ ਕਰ ਦੇਵੇ। ਇਹ ਇਕ ਬਹੁਤ ਵੱਡੀ ਸਮਾਜਕ ਬੁਰਾਈ ਹੈ, ਜੋ ਬਹੁਤ ਪੁਰਾਣੇ ਸਮੇਂ ਤੋਂ ਸਮਾਜ ਵਿੱਚ ਚਲੀ ਆਉਂਦੀ ਹੈ। ਇਸ ਦੇ ਸਮਾਜ ਵਿੱਚ ਫੈਲਣ ਦਾ ਮੂਲ ਕਾਰਨ, ਇਕ ਤਾਂ ਧੀਆਂ ਦੇ ਵਿਆਹ ਤੇ ਹੋਣ ਵਾਲੇ ਵੱਡੇ ਖਰਚੇ ਹੈ ਅਤੇ ਦੂਸਰਾ ਕਿਉਂਕਿ ਔਰਤ ਨੂੰ ਸਮਾਜ ਵਿੱਚ ਨੀਵਾਂ ਦਰਜਾ ਦਿੱਤਾ ਗਿਆ, ਇਸ ਲਈ ਲੜਕੀ ਦੇ ਵਿਆਹ ਤੋਂ ਬਾਅਦ, ਲੜਕੀ ਦੇ ਪਰਿਵਾਰ ਵਾਲਿਆਂ ਨੂੰ ਲੜਕੇ ਅਤੇ ਉਸ ਦੇ ਪਰਿਵਾਰ ਅੱਗੇ ਬੜਾ ਨਿਉਂ ਕੇ ਰਹਿਣਾ ਪੈਂਦਾ ਸੀ। ਗਰੀਬ ਪਰਿਵਾਰ ਤਾਂ ਖਰਚੇ ਦੇ ਡਰ ਤੋਂ ਹੀ ਜੰਮਦੀ ਧੀ ਨੂੰ ਮਾਰ ਦੇਂਦੇ ਅਤੇ ਸਰਦੇ ਪੁਜਦੇ ਪਰਿਵਾਰ ਇਸ ਲਈ ਮਾਰ ਦੇਂਦੇ ਕਿ ਉਨ੍ਹਾਂ ਨੂੰ ਕਿਸੇ ਅੱਗੇ ਮੁੱਛ ਨੀਵੀਂ ਨਾ ਕਰਨੀ ਪਵੇ। **ਇਹ ਭਾਰਤੀ ਸਮਾਜ ਵਿੱਚ ਇਕ ਵੱਡਾ ਇਨਕਲਾਬ ਸੀ, ਜਦੋਂ ਗੁਰੂ ਨਾਨਕ ਪਾਤਿਸ਼ਾਹ ਨੇ ਔਰਤ ਨੂੰ ਨੀਵਾਂ ਕਹਿਣ ਵਾਲਿਆਂ ਨੂੰ ਤਾੜਨਾ ਕੀਤੀ। ਗੁਰੂ ਨਾਨਕ ਪਾਤਿਸ਼ਾਹ ਨੇ ਭੁੱਲੜਾਂ ਨੂੰ ਸਮਝਾਇਆ ਕਿ ਮਨੁੱਖ ਔਰਤ ਤੋਂ ਹੀ ਜਨਮ ਲੈਂਦਾ ਹੈ, ਔਰਤ ਨਾਲ ਹੀ ਵਿਆਹਿਆ ਜਾਂਦਾ ਹੈ, ਔਰਤ ਤੋਂ ਹੀ ਸਾਰੇ ਸਾਕ ਸਬੰਧ ਚਲਦੇ ਹਨ। ਜਿਸ ਔਰਤ ਨਾਲ ਇਤਨੇ ਰਿਸ਼ਤੇ, ਸਬੰਧ ਹਨ ਅਤੇ ਵੱਡੇ ਵੱਡੇ ਰਾਜੇ, ਪਾਤਿਸ਼ਾਹ ਵੀ, ਜਿਸ ਔਰਤ ਤੋਂ ਜਨਮ ਲੈਂਦੇ ਹਨ, ਉਸ ਨੂੰ ਮੰਦਾ ਕਿਉਂ ਆਖਦੇ ਹੋ?** ਗੁਰੂ ਨਾਨਕ ਪਾਤਿਸ਼ਾਹ ਦੀਆਂ ਇਹ ਪੰਕਤੀਆਂ ਮਨੁੱਖੀ ਸਮਾਜ ਵਿੱਚ ਇਕ ਨਵਾਂ ਇਨਕਲਾਬ ਬਣ ਕੇ ਗੂੰਜੀਆਂ ਸਨ:

"ਭੰਡਿ ਜੰਮੀਐ ਭੰਡਿ ਨਿੰਮੀਐ ਭੰਡਿ ਮੰਗਣੁ ਵੀਆਹੁ ॥ ਭੰਡਹੁ ਹੋਵੈ ਦੋਸਤੀ ਭੰਡਹੁ ਚਲੈ ਰਾਹੁ ॥ ਭੰਡੁ ਮੁਆ ਭੰਡੁ ਭਾਲੀਐ ਭੰਡਿ ਹੋਵੈ ਬੰਧਾਨੁ ॥ ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ ॥ ਭੰਡਹੁ ਹੀ ਭੰਡੁ ਊਪਜੈ ਭੰਡੈ ਬਾਝੁ ਨ ਕੋਇ ॥ ਨਾਨਕ ਭੰਡੈ ਬਾਹਰਾ ਏਕੋ ਸਚਾ ਸੋਇ ॥ ਜਿਤੁ ਮੁਖਿ ਸਦਾ ਸਾਲਾਹੀਐ ਭਾਗਾ ਰਤੀ ਚਾਰਿ ॥ ਨਾਨਕ ਤੇ ਮੁਖ ਊਜਲੇ ਤਿਤੁ ਸਚੈ ਦਰਬਾਰਿ ॥੨॥"

{ਮ: ੧, ਪੰਨਾ ੪੭੩}

ਇਸਤ੍ਰੀ ਤੋਂ ਜਨਮ ਲਈਦਾ ਹੈ, ਇਸਤ੍ਰੀ (ਦੇ ਪੇਟ) ਵਿਚ ਹੀ ਪ੍ਰਾਣੀ ਦਾ ਸਰੀਰ ਬਣਦਾ ਹੈ। ਇਸਤ੍ਰੀ ਦੀ (ਹੀ) ਰਾਹੀਂ ਕੁੜਮਾਈ ਤੇ ਵਿਆਹ ਹੁੰਦਾ ਹੈ। ਇਸਤ੍ਰੀ ਦੀ ਰਾਹੀਂ (ਹੋਰ ਲੋਕਾਂ ਨਾਲ) ਸੰਬੰਧ ਬਣਦਾ ਹੈ। ਤੇ ਇਸਤ੍ਰੀ ਤੋਂ ਹੀ (ਜਗਤ ਦੀ ਉਤਪੱਤੀ ਦਾ) ਰਸਤਾ ਚੱਲਦਾ ਹੈ। ਜੇ ਇਸਤ੍ਰੀ ਮਰ ਜਾਏ ਤਾਂ ਹੋਰ ਇਸਤ੍ਰੀ ਦੀ ਭਾਲ ਕਰੀਦੀ ਹੈ, ਇਸਤ੍ਰੀ ਤੋਂ ਹੀ (ਹੋਰਨਾਂ ਨਾਲ) ਰਿਸ਼ਤੇਦਾਰੀ ਬਣਦੀ ਹੈ। ਜਿਸ ਇਸਤ੍ਰੀ (ਜਾਤੀ) ਤੋਂ ਰਾਜੇ (ਭੀ) ਜੰਮਦੇ ਹਨ, ਉਸ ਨੂੰ ਮੰਦਾ ਆਖਣਾ ਠੀਕ ਨਹੀਂ ਹੈ। ਇਸਤ੍ਰੀ ਤੋਂ ਹੀ ਇਸਤ੍ਰੀ ਪੈਦਾ ਹੁੰਦੀ ਹੈ (ਜਗਤ ਵਿਚ) ਕੋਈ ਜੀਵ ਇਸਤ੍ਰੀ ਤੋਂ ਬਿਨਾ ਪੈਦਾ ਨਹੀਂ ਹੋ ਸਕਦਾ। ਹੇ ਨਾਨਕ! ਕੇਵਲ ਇਕ ਸੱਚਾ ਪ੍ਰਭੂ ਹੀ ਹੈ, ਜੋ ਇਸਤ੍ਰੀ ਤੋਂ ਨਹੀਂ ਜੰਮਿਆ। (ਭਾਵੇਂ ਮਨੁੱਖ ਹੋਵੇ, ਭਾਵੇਂ ਇਸਤ੍ਰੀ, ਜੋ ਭੀ) ਆਪਣੇ ਮੂੰਹ ਨਾਲ ਸਦਾ ਪ੍ਰਭੂ ਦੇ ਗੁਣ ਗਾਉਂਦਾ ਹੈ, ਉਸ ਦੇ ਮੱਥੇ ਉੱਤੇ ਭਾਗਾਂ ਦੀ ਮਣੀ ਹੈ, ਭਾਵ ਉਹਦਾ ਮੱਥਾ ਭਾਗਾਂ ਵਾਲਾ ਹੈ। ਹੇ ਨਾਨਕ! ਉਹੀ ਮੁਖ ਉਸੇ

ਸੱਚੇ ਪ੍ਰਭੂ ਦੇ ਦਰਬਾਰ ਵਿਚ ਸੋਹਣੇ ਲੱਗਦੇ ਹਨ ।2।

ਗੁਰੂ ਨਾਨਕ ਪਾਤਿਸ਼ਾਹ ਦੀਆਂ ਇਨ੍ਹਾਂ ਪੰਕਤੀਆਂ ਨੇ ਭਾਰਤੀ ਸਮਾਜ ਨੂੰ ਇਹ ਸੋਚਣ ਲਈ ਮਜ਼ਬੂਰ ਕਰ ਦਿੱਤਾ ਕਿ ਉਹ ਆਪਣੀ ਮਾਂ, ਭੈਣ, ਪਤਨੀ ਅਤੇ ਧੀ ਦਾ ਹੀ ਵੱਡਾ ਨਿਰਾਦਰ ਅਤੇ ਉਸ ਨਾਲ ਅਨਿਆਂ ਕਰ ਰਹੇ ਹਨ। ਇਹ ਪੰਕਤੀਆਂ ਤਾਂ ਅਕਸਰ ਬੋਲੀਆਂ ਜਾਂਦੀਆਂ ਨੇ, ਪਰ ਗੁਰਬਾਣੀ ਧਿਆਨ ਨਾਲ ਵਾਚੀਏ ਤਾਂ ਪਤਾ ਚਲਦਾ ਹੈ ਕਿ ਸਤਿਗੁਰੂ ਨੇ ਤਾਂ ਔਰਤ ਨੂੰ ਬਹੁਤ ਵੱਡਾ ਸਥਾਨ ਦਿੱਤਾ ਹੈ। ਆਮ ਜੀਵਨ ਵਿੱਚ ਅਸੀਂ ਕਿਸੇ ਨੂੰ ਪ੍ਰੇਰਣਾ ਦੇਣੀ ਹੋਵੇ ਤਾਂ ਉਸ ਨੂੰ ਅਕਸਰ ਕਿਸੇ ਵੱਡੀ ਸ਼ਕਸੀਅਤ ਦਾ ਪ੍ਰਮਾਣ ਦੇਵਾਂਗੇ ਕਿ ਤੁਸੀਂ ਉਸ ਵਰਗੇ ਬਣੋ। ਜਿਵੇ ਅਸੀਂ ਆਪਣੇ ਬੱਚੇ ਨੂੰ ਚੰਗਾ ਗੁਰਸਿੱਖ ਬਨਾਉਣਾ ਚਾਹੁੰਦੇ ਹਾਂ ਤਾਂ ਉਸ ਨੂੰ ਕਹਾਂਗੇ, ਤੂੰ ਬਾਬਾ ਅਜੀਤ ਸਿੰਘ, ਬਾਬਾ ਜੁਝਾਰ ਸਿੰਘ, ਬਾਬਾ ਜੋਰਾਵਰ ਸਿੰਘ ਜਾਂ ਬਾਬਾ ਫਤਹਿ ਸਿੰਘ ਜੀ ਵਰਗਾ ਬਣ। ਗੁਰਬਾਣੀ ਵਿੱਚ ਜਦੋਂ ਕਿਸੇ ਨੂੰ ਚੰਗਾ ਮਨੁੱਖ ਬਣਨ ਦੀ ਪ੍ਰੇਰਣਾ ਦਿੱਤੀ ਗਈ ਹੈ ਤਾਂ ਉਸ ਨੂੰ ਸੋਹਾਗਣ ਇਸਤ੍ਰੀ ਵਰਗਾ ਬਣਨ ਲਈ ਕਿਹਾ ਗਿਆ ਹੈ, ਭਾਵ ਉਸ ਨੂੰ ਚੰਗੇ ਜੀਵਨ ਵਾਸਤੇ ਇਕ ਸੋਹਾਗਣ ਇਸਤ੍ਰੀ ਦੇ ਜੀਵਨ ਤੋਂ ਪ੍ਰੇਰਣਾ ਲੈਣ ਲਈ ਕਿਹਾ ਗਿਆ ਹੈ। ਸਤਿਗੁਰੂ ਦੇ ਬਚਨ ਹਨ:

"ਜਾਇ ਪੁਛਹੁ ਸੋਹਾਗਣੀ ਵਾਹੈ ਕਿਨੀ ਬਾਤੀ ਸਹੁ ਪਾਈਐ ॥ ਜੋ ਕਿਛੁ ਕਰੇ ਸੋ ਭਲਾ ਕਰਿ ਮਾਨੀਐ ਹਿਕਮਤਿ ਹੁਕਮੁ ਚੁਕਾਈਐ ॥" **{ਤਿਲੰਗ ਮਃ ੧, ਪੰਨਾ ੭੨੨}**

(ਜਿਨ੍ਹਾਂ ਨੂੰ ਪਤੀ-ਪ੍ਰਭੂ ਮਿਲ ਪਿਆ ਹੈ, ਬੇਸ਼ਕ) ਉਹਨਾਂ ਸੁਹਾਗ ਭਾਗ ਵਾਲੀਆਂ ਨੂੰ ਜਾ ਕੇ ਪੁੱਛ ਵੇਖੋ ਕਿ ਕਿਹਨੀਂ ਗੱਲੀਂ ਖਸਮ-ਪ੍ਰਭੂ ਮਿਲਦਾ ਹੈ, (ਉਹ ਇਹੀ ਉੱਤਰ ਦੇਂਦੀਆਂ ਹਨ ਕਿ) ਚਲਾਕੀ ਤੇ ਧੱਕਾ ਛੱਡ ਦਿਓ, ਜੋ ਕੁਝ ਪ੍ਰਭੂ ਕਰਦਾ ਹੈ ਉਸ ਨੂੰ ਚੰਗਾ ਸਮਝ ਕੇ (ਸਿਰ ਮੱਥੇ ਤੇ) ਮੰਨੋ।

"ਜਾਇ ਪੁਛਹੁ ਸੋਹਾਗਣੀ ਤੁਸੀ ਰਾਵਿਆ ਕਿਨੀ ਗੁਣੀ ॥ ਸਹਜਿ ਸੰਤੋਖਿ ਸੀਗਾਰਿਆ ਮਿਠਾ ਬੋਲਣੀ ॥ ਪਿਰੁ ਰੀਸਾਲੂ ਤਾ ਮਿਲੈ ਜਾ ਗੁਰ ਕਾ ਸਬਦੁ ਸੁਣੀ ॥" **{ਸਿਰੀ ਰਾਗੁ ਮਹਲਾ ੧, ਪੰਨਾ ੧੭}**

(ਹੇ ਸਤਸੰਗਣ ਭੈਣੋ ! ਬੇ-ਸ਼ੱਕ) ਜਾ ਕੇ ਸੁਹਾਗਣ (ਜੀਵ-ਇਸਤ੍ਰੀਆਂ) ਨੂੰ ਪੁੱਛ ਲਵੋ ਕਿ ਤੁਸਾਂ ਕਿਨ੍ਹਾਂ ਗੁਣਾਂ ਦੀ ਰਾਹੀਂ ਪ੍ਰਭੂ-ਮਿਲਾਪ ਹਾਸਲ ਕੀਤਾ ਹੈ, ਉਥੋਂ ਇਹੀ ਪਤਾ ਮਿਲੇਗਾ ਕਿ ਉਹ ਅਡੋਲਤਾ ਨਾਲ ਸੰਤੋਖ ਨਾਲ ਮਿੱਠੇ ਬੋਲਾਂ ਨਾਲ ਸਿੰਗਾਰੀਆਂ ਹੋਈਆਂ ਹਨ (ਤਾਹੀਏਂ ਉਹਨਾਂ ਨੂੰ ਮਿਲ ਪਿਆ) । ਉਹ ਆਨੰਦ-ਦਾਤਾ ਪ੍ਰਭੂ-ਪਤੀ ਤਦੋਂ ਹੀ ਮਿਲਦਾ ਹੈ, ਜਦੋਂ ਗੁਰੂ ਦਾ ਉਪਦੇਸ਼ ਗਹੁ ਨਾਲ ਸੁਣਿਆ ਜਾਏ (ਤੇ ਸੰਤੋਖ ਮਿਠ-ਬੋਲਾ-ਪਨ ਆਦਿਕ ਗੁਣ ਧਾਰੇ ਜਾਣ) ।

ਬੇਸ਼ਕ ਇਥੇ ਇਨ੍ਹਾਂ ਪੰਕਤੀਆਂ ਵਿੱਚ ਸੋਹਾਗਣ ਦਾ ਭਾਵ ਉਹ ਬਖਸ਼ੀਆਂ ਹੋਈਆਂ ਰੂਹਾਂ, ਉਹ ਜੀਵ ਇਸਤ੍ਰੀਆਂ ਹੈ, ਜੋ ਪੂਰੀ ਤਰ੍ਹਾਂ ਅਕਾਲ-ਪੁਰਖ ਨੂੰ ਸਮਰਪਤ ਹੋ ਗਈਆਂ ਹਨ, ਪਰ ਇਸ ਵਿੱਚ ਵੀ ਕੋਈ ਸ਼ਕ ਨਹੀਂ ਕਿ ਉਨ੍ਹਾਂ ਦੀ ਤੁਲਨਾ ਸੋਹਾਗਣ ਇਸਤਰੀਆਂ ਨਾਲ ਕੀਤੀ ਗਈ ਹੈ। ਇਹ ਗੁਰਬਾਣੀ ਦੇ ਪ੍ਰਚਾਰ ਵਿੱਚੋਂ ਨਿਕਲਿਆ, ਸਿੱਖ ਇਨਕਲਾਬ ਹੀ ਸੀ, ਜਿਸ ਨੇ ਸਮਾਜ ਵਿਚੋਂ ਕੁੜੀ ਮਾਰਨ ਦੇ ਕੋਹੜ ਦੇ ਰੋਗ ਨੂੰ ਕਾਫੀ ਹੱਦ ਤੱਕ ਠਲ ਪਾਈ।

ਇਹ ਰੋਗ ਸਿੱਖ ਕੌਮ ਨੂੰ ਮੁੜ ਕਦੇ ਆਪਣੇ ਵਲੇਵੇਂ ਵਿੱਚ ਨਾ ਲੈ ਸਕੇ, ਗੁਰੂ ਗੋਬਿੰਦ ਸਿੰਘ ਪਾਤਿਸ਼ਾਹ ਨੇ ਖੰਡੇ ਬਾਟੇ ਦੀ ਪਾਹੁਲ ਦੀ ਬਖਸ਼ਿਸ਼ ਕਰਕੇ ਜੋ ਮਰਯਾਦਾ ਦ੍ਰਿੜ ਕਰਾਈ, ਉਸ ਵਿੱਚ ਕੁੜੀਮਾਰ ਨਾਲ ਵਰਤਣ 'ਤੇ ਪੂਰਨ ਪਬੰਦੀ ਲਗਾ ਦਿੱਤੀ।

ਇਹ ਅਤਿ ਅਫਸੋਸ ਦੀ ਗੱਲ ਹੈ ਕਿ ਸਤਿਗੁਰੂ ਦਾ ਇਤਨਾ ਸਪੱਸ਼ਟ ਆਦੇਸ਼ ਹੋਣ ਦੇ ਬਾਵਜੂਦ, ਇਸ ਅਤਿ ਘਟੀਆ ਕਿਸਮ ਦੇ ਸਮਾਜਿਕ ਕੋਹੜ ਨੇ ਸਿੱਖ ਕੌਮ ਨੂੰ ਫੇਰ ਗ੍ਰਸ ਲਿਆ ਹੈ। ਇਸ ਦਾ ਮੂਲ ਕਾਰਨ ਤਾਂ ਸਿੱਖ ਦਾ ਗੁਰਮਤਿ ਸਿਧਾਂਤਾਂ ਤੋਂ ਅਵੇਸਲਾਪਨ ਅਤੇ ਗੁਰੂ ਪਾਤਿਸ਼ਾਹ ਦੇ ਹੁਕਮਾਂ ਤੋਂ ਆਕੀ ਹੋ ਜਾਣਾ ਹੀ ਕਿਹਾ ਜਾ ਸਕਦਾ ਹੈ। ਗੁਰਮਤਿ ਸਿਧਾਂਤਾਂ ਦੀ ਸਮਝ ਵੀ ਤਾਂ ਤੱਦ ਹੀ ਆਵੇਗੀ ਜੇ ਗੁਰਬਾਣੀ ਨੂੰ ਸਮਝ, ਵਿਚਾਰ ਕੇ ਪੜ੍ਹਾਂਗੇ। ਜੇ ਗੁਰਬਾਣੀ ਨੂੰ ਸਮਝਣ ਦੀ ਕੋਸ਼ਿਸ਼ ਕਰੀਏ ਤਾਂ ਜਪੁ ਬਾਣੀ ਦੀ ਪਹਿਲੀ ਪਉੜੀ ਵਿੱਚ ਹੀ ਸਾਰਾ ਨਿਰਣਾ ਹੋ ਜਾਂਦਾ ਹੈ, ਜਿਥੇ ਸਤਿਗੁਰੂ ਨੇ ਬਖਸ਼ਿਸ਼ ਕਰ ਕੇ ਸਮਝਾਇਆ ਹੈ, '**ਕਿਵ ਸਚਿਆਰਾ ਹੋਈਐ, ਕਿਵ ਕੂੜੈ ਤੁਟੈ ਪਾਲਿ ॥ ਹੁਕਮਿ ਰਜਾਈ ਚਲਣਾ, ਨਾਨਕ ਲਿਖਿਆ ਨਾਲਿ ॥੧॥**' ਕੀ ਸਾਨੂੰ ਇਤਨੀ ਗੱਲ ਵੀ ਸਮਝ ਨਹੀਂ ਪੈਂਦੀ ਕਿ ਲੜਕਾ ਹੋਵੇ ਯਾ ਲੜਕੀ, ਉਸ ਅਕਾਲ-ਪੁਰਖ ਦੇ ਹੁਕਮ ਵਿੱਚ ਹੀ ਜਨਮ ਲੈਂਦੇ ਹਨ? ਸਤਿਗੁਰੂ ਤਾਂ ਬਖਸ਼ਿਸ਼ ਕਰਦੇ ਸਮਝਾਉਂਦੇ ਹਨ:

"**ਚਤੁਰਾਈ ਸਿਆਣਪਾ ਕਿਤੈ ਕਾਮਿ ਨ ਆਈਐ ॥ ਤੂਠਾ ਸਾਹਿਬੁ ਜੋ ਦੇਵੈ ਸੋਈ ਸੁਖੁ ਪਾਈਐ ॥**"
{ਆਸਾ ਘਰੁ ੮ ਕਾਫੀ ਮਹਲਾ ੫, ਪੰਨਾ ੩੯੬}

(ਹੇ ਭਾਈ ! ਸੁਖਾਂ ਦੀ ਖ਼ਾਤਰ ਮਨੁੱਖ ਅਨੇਕਾਂ) ਚਤੁਰਾਈਆਂ ਤੇ ਸਿਆਣਪਾਂ (ਕਰਦਾ ਹੈ, ਪਰ ਕੋਈ ਸਿਆਣਪ ਕੋਈ ਚਤੁਰਾਈ) ਕਿਸੇ ਕੰਮ ਨਹੀਂ ਆਉਂਦੀ; ਉਹੀ ਸੁਖ ਪ੍ਰਾਪਤ ਕੀਤਾ ਜਾ ਸਕਦਾ ਹੈ ਜੇਹੜਾ ਸੁਖ ਮਾਲਕ-ਪ੍ਰਭੂ ਆਪ ਪ੍ਰਸੰਨ ਹੋ ਕੇ ਦੇਂਦਾ ਹੈ ।

ਅਸੀਂ ਤਾਂ ਆਪਣੀਆਂ ਚਤੁਰਾਈਆਂ ਨਾਲ ਅਕਾਲ-ਪੁਰਖ ਨੂੰ ਵੀ ਮਾਤ ਦੇਣ ਦੀ ਕੋਸ਼ਿਸ਼ ਕਰ ਰਹੇ ਹਾਂ। ਜੇ ਸਾਨੂੰ ਸਤਿਗੁਰੂ ਦੇ ਪਾਵਨ ਬਚਨਾਂ 'ਤੇ ਭਰੋਸਾ ਹੋਵੇ ਤਾਂ ਧੀ ਜੰਮਣ 'ਤੇ ਵੀ ਉਂਝ ਹੀ ਵਾਹਿਗੁਰੂ ਜੀ ਦਾ ਸ਼ੁਕਰਾਨਾ ਕਰੀਏ ਜਿਵੇਂ ਪੁੱਤਰ ਜੰਮਣ 'ਤੇ ਕਰਦੇ ਹਾਂ।

ਬਦਕਿਸਮਤੀ ਨਾਲ ਸਿੱਖ ਕੌਮ ਗੁਰਬਾਣੀ ਨੂੰ ਮੰਤ੍ਰ ਵਾਂਗੂ ਰਟਨ ਤੱਕ ਸੀਮਤ ਹੋ ਗਈ ਹੈ, ਜਿਸ ਕਾਰਨ ਕੌਮੀ ਕਿਰਦਾਰ ਵਿੱਚ ਵੱਡਾ ਨਿਘਾਰ ਆਇਆ ਹੈ, ਅਤੇ ਇਹ ਗੈਰ-ਮਨੁੱਖੀ ਵਰਤਾਰਾ ਸਿੱਖ ਕੌਮ ਵਿੱਚ ਮੁੜ ਤੋਂ ਵਾਪਰਨ ਲੱਗ ਪਿਆ ਹੈ। ਮੈਂ ਤਾਂ ਕਹਾਂਗਾ ਕਿ ਹੁਣ ਇਸ ਦਾ ਮਿਆਰ ਪਹਿਲੇ ਨਾਲੋਂ ਵੀ ਨੀਵਾਂ ਹੋ ਗਿਆ ਹੈ, ਕਿਉਂਕਿ ਪਹਿਲਾਂ ਤਾਂ ਧੀ ਨੂੰ ਜੰਮਣ ਤੋਂ ਬਾਅਦ ਮਾਰਿਆ ਜਾਂਦਾ ਸੀ, ਹੁਣ ਮਾਂ ਦੀ ਕੁੱਖ ਵਿੱਚ ਹੀ ਟੈਸਟ ਕਰਾ ਕੇ, ਇਹ ਪਤਾ ਲੱਗਣ ਤੇ ਕਿ ਲੜਕੀ ਜੰਮਣ ਵਾਲੀ ਹੈ, ਗਰਭਪਾਤ ਕਰਾ ਦਿੱਤਾ ਜਾਂਦਾ ਹੈ। ਸ਼ਾਇਦ ਕੁਝ ਲੋਕਾਂ ਨੂੰ ਇਹ ਭਰਮ ਹੋਵੇ ਕਿ ਇਹ ਕੁੜੀਮਾਰ ਵਾਲਾ ਕਾਰਾ ਨਹੀਂ। ਸਚਾਈ ਇਹ ਹੈ ਕਿ ਇਹ ਉਤਨਾ ਹੀ ਪਾਪ ਹੈ, ਜਿਤਨਾ ਧੀ ਨੂੰ ਜੰਮਣ ਤੋਂ ਬਾਅਦ ਮਾਰ ਦੇਣਾ।

ਇਹ ਸਮੱਸਿਆ ਇਤਨਾ ਗੰਭੀਰ ਰੂਪ ਧਾਰਨ ਕਰ ਗਈ ਹੈ ਕਿ ਪੰਜਾਬ, ਜਿਥੇ ਸਿੱਖਾਂ ਦੀ ਬਹੁਗਿਣਤੀ ਹੈ, ਵਿੱਚ ਮਰਦਾਂ ਅਤੇ ਔਰਤਾਂ ਦੇ ਅਨੁਪਾਤ ਵਿੱਚ 1000 : 791 ਦਾ ਪਾੜਾ ਪੈ ਗਿਆ ਹੈ। ਅੱਜ ਕੌਮ ਨੂੰ ਇਸ ਵਿਸ਼ੇ 'ਤੇ ਬਹੁਤ ਗੰਭੀਰਤਾਂ ਨਾਲ ਸੋਚਣ ਦੀ ਲੋੜ ਹੈ। ਸਿੱਖ ਨੇ ਤਾਂ ਸਮਾਜ ਦੇ ਇਸ ਵੱਡੇ ਪਾਪ ਦੇ ਖਿਲਾਫ ਇਨਕਲਾਬ ਜਾਰੀ ਰਖਣ ਵਿੱਚ ਮੋਹਰੀ ਰੋਲ ਨਿਭਾਉਣਾ ਸੀ, ਸਿੱਖ ਆਪ ਹੀ ਇਸ ਵਿੱਚ ਗਰਕ ਹੋ ਗਿਆ ਹੈ।

ਅੱਜ ਦੇ ਹਾਲਾਤ ਵਿੱਚ ਵੀ, ਕੁਝ ਸਮਾਜਿਕ ਪੱਖ ਵਿਚਾਰ ਲੈਣਾ ਯੋਗ ਹੋਵੇਗਾ। ਜੇ ਪਹਿਲਾਂ ਧੀਆਂ ਨੂੰ ਇਸ ਵਾਸਤੇ ਮਾਰ ਦਿੱਤਾ ਜਾਂਦਾ ਸੀ ਕਿ ਉਨ੍ਹਾਂ ਦੇ ਵਿਆਹ ਦਾ ਭਾਰ ਚੁੱਕਣ ਦੀ ਸਮਰੱਥਾ ਨਹੀਂ, ਤਾਂ ਹੁਣ ਹਾਲਾਤ ਕਿਤਨੇ ਕੁ ਅਲੱਗ ਨੇ? ਹੋਰ ਤਾਂ ਹੋਰ ਗੁਰਮਤਿ ਸਿਧਾਂਤਾਂ ਦੇ ਬਿਲਕੁਲ ਉਲਟ, ਸਿੱਖ ਪਰਿਵਾਰਾਂ ਵਿੱਚ ਵੀ ਦਾਜ-ਦਹੇਜ ਲਏ, ਦਿੱਤੇ ਜਾ ਰਹੇ ਹਨ। ਸਤਿਗੁਰੂ ਦੀ ਪਾਵਨ ਬਾਣੀ ਤਾਂ ਸਾਨੂੰ ਸਮਝਾਉਂਦੀ ਹੈ:

"ਹਰਿ ਪ੍ਰਭ ਮੇਰੇ ਬਾਬੁਲਾ ਹਰਿ ਦੇਵਹੁ ਦਾਨੁ ਮੈ ਦਾਜੋ ॥ ਹਰਿ ਕਪੜੋ ਹਰਿ ਸੋਭਾ ਦੇਵਹੁ ਜਿਤੁ ਸਵਰੈ ਮੇਰਾ ਕਾਜੋ ॥ ....ਹੋਰਿ ਮਨਮੁਖਿ ਦਾਜੁ ਜਿ ਰਖਿ ਦਿਖਾਲਹਿ ਸੁ ਕੂੜੁ ਅਹੰਕਾਰੁ ਕਚੁ ਪਾਜੋ ॥ ਹਰਿ ਪ੍ਰਭ ਮੇਰੇ ਬਾਬੁਲਾ ਹਰਿ ਦੇਵਹੁ ਦਾਨੁ ਮੈ ਦਾਜੋ ॥੪॥"
{ਸਿਰੀਰਾਗੁ ਮਹਲਾ ੪, ਪੰਨਾ ੭੯}

ਹੇ ਮੇਰੇ ਪਿਤਾ ! (ਮੈਂ ਤੈਥੋਂ ਦਾਜ ਮੰਗਦੀ ਹਾਂ) ਮੈਨੂੰ ਹਰੀ-ਪ੍ਰਭੂ ਦੇ ਨਾਮ ਦਾ ਦਾਨ ਦੇਹ, ਮੈਨੂੰ ਇਹੀ ਦਾਜ ਦੇਹ । ਮੈਨੂੰ ਹਰੀ ਦਾ ਨਾਮ ਹੀ (ਦਾਜ ਦੇ) ਕੱਪੜੇ ਦੇਹ, ਮੈਨੂੰ ਹਰੀ ਦਾ ਨਾਮ ਹੀ (ਦਾਜ ਦੇ ਗਹਿਣੇ ਆਦਿਕ) ਧਨ ਦੇਹ, ਇਸੇ ਦਾਜ ਨਾਲ ਮੇਰਾ (ਪ੍ਰਭੂ-ਪਤੀ ਨਾਲ) ਵਿਆਹ ਸੋਹਣਾ ਲੱਗਣ ਲੱਗ ਪਏ ।

ਆਪਣੇ ਮਨ ਦੇ ਪਿੱਛੇ ਤੁਰਨ ਵਾਲੇ ਹੋਰ ਬੰਦੇ ਜਿਹੜਾ ਦਾਜ ਰੱਖ ਕੇ ਵਿਖਾਲਦੇ ਹਨ (ਵਿਖਾਲਾ ਪਾਂਦੇ ਹਨ) ਉਹ ਝੂਠਾ ਅਹੰਕਾਰ (ਪੈਦਾ ਕਰਨ ਵਾਲਾ) ਹੈ ਉਹ ਕੱਚ (ਸਮਾਨ) ਹੈ, ਉਹ (ਨਿਰਾ) ਵਿਖਾਵਾ ਹੀ ਹੈ ।

ਹੇ ਮੇਰੇ ਪਿਤਾ ! ਮੈਨੂੰ ਹਰੀ-ਪ੍ਰਭੂ ਦੇ ਨਾਮ ਦਾ ਦਾਨ ਦੇਹ, ਮੈਨੂੰ ਇਹੀ ਦਾਜ ਦੇਹ ।4।

ਜੇ ਸਾਰੇ ਗੁਰਸਿੱਖ ਗੁਰਬਾਣੀ ਦੇ ਲਾਸਾਨੀ ਸਿਧਾਂਤ ਨੂੰ ਅਪਨਾ ਲੈਣ ਤਾਂ ਸ਼ਾਇਦ ਕਿਸੇ ਗਰੀਬ ਨੂੰ ਆਪਣੀ ਧੀ ਨਾ ਮਾਰਨੀ ਪਵੇ। ਆਪਣੀ ਨੂੰਹ ਦੇ ਮਾਤਾ ਪਿਤਾ ਜਾਂ ਆਪਣਾ ਸੱਸ ਸਹੁਰਾ ਹੋਣ ਕਾਰਨ, ਕਿਸੇ ਨੂੰ ਆਪਣੇ ਤੋਂ ਨੀਵਾਂ ਸਮਝਣਾ ਵੀ ਕਿਥੋਂ ਦੀ ਸਿੱਖੀ ਹੈ? ਸਤਿਗੁਰੂ ਦੀ ਬਾਣੀ ਤਾਂ ਹਰ ਪੱਧਰ ਤੇ ਮਨੁੱਖੀ ਬਰਾਬਰੀ ਦੀ ਸਿੱਖਿਆ ਦੇਂਦੀ ਹੈ। ਦੋਹਾਂ ਧਿਰਾਂ ਨੂੰ ਇਕ ਦੂਸਰੇ ਦਾ ਬਰਾਬਰ ਸਤਿਕਾਰ ਕਰਨਾ ਚਾਹੀਦਾ ਹੈ। ਗੁਰਬਾਣੀ ਦਾ ਫੁਰਮਾਨ ਹੈ:

"ਏਕੋ ਪਵਣੁ ਮਾਟੀ ਸਭ ਏਕਾ ਸਭ ਏਕਾ ਜੋਤਿ ਸਬਾਈਆ ॥ ਸਭ ਇਕਾ ਜੋਤਿ ਵਰਤੈ ਭਿਨਿ ਭਿਨਿ ਨ ਰਲਈ ਕਿਸੈ ਦੀ ਰਲਾਈਆ ॥ ਗੁਰ ਪਰਸਾਦੀ ਇਕੁ ਨਦਰੀ ਆਇਆ ਹਉ ਸਤਿਗੁਰ ਵਿਟਹੁ ਵਤਾਇਆ ਜੀਉ ॥੩॥"
{ਮਾਝ ਮਹਲਾ ੪, ਪੰਨਾ ੯੬}

(ਹੇ ਭਾਈ !) (ਸਾਰੇ ਸਰੀਰਾਂ ਵਿਚ) ਇਕੋ ਹੀ ਹਵਾ (ਸੁਆਸ) ਹੈ, ਮਿੱਟੀ ਤੱਤ ਭੀ ਸਾਰੇ ਸਰੀਰਾਂ ਦਾ ਇਕੋ ਹੀ ਹੈ ਤੇ ਸਾਰੇ ਸਰੀਰਾਂ ਵਿਚ ਇਕੋ ਹੀ ਰੱਬੀ ਜੋਤਿ ਮੌਜੂਦ ਹੈ । ਸਭਨਾਂ ਵਿਚ ਇਕੋ ਹੀ ਜੋਤਿ ਕੰਮ ਕਰ ਰਹੀ ਹੈ । ਵਖ ਵਖ (ਦਿੱਸਦੇ) ਹਰੇਕ ਸਰੀਰ ਵਿਚ ਇਕੋ ਜੋਤਿ ਹੈ, ਪਰ (ਮਾਇਆ ਵੇੜ੍ਹੇ ਜੀਵਾਂ ਨੂੰ) ਕਿਸੇ ਦੀ ਜੋਤਿ ਦੂਜੇ ਦੀ ਜੋਤਿ ਨਾਲ ਰਲਾਇਆਂ ਰਲਦੀ ਨਹੀਂ ਦਿੱਸਦੀ (ਜੋਤਿ ਸਾਂਝੀ ਨਹੀਂ ਜਾਪਦੀ) । ਗੁਰੂ ਦੀ ਕਿਰਪਾ ਨਾਲ ਮੈਨੂੰ ਹਰੇਕ ਵਿਚ ਇਕ ਪਰਮਾਤਮਾ ਹੀ ਦਿੱਸ ਪਿਆ ਹੈ । ਮੈਂ ਗੁਰੂ ਤੋਂ ਕੁਰਬਾਨ ਹਾਂ ।3।

ਕੀ ਕੋਈ ਇਨਸਾਨ ਲੜਕੀ ਦੇ ਮਾਤਾ-ਪਿਤਾ ਹੋਣ ਕਾਰਨ ਛੋਟੇ ਹੋ ਜਾਂਦੇ ਹਨ?

ਇਕ ਨਵਾਂ ਕਾਰਨ ਜੋ ਹੋਂਦ ਵਿੱਚ ਆਇਆ ਹੈ, ਉਸ ਨੂੰ ਵੀ ਵਿਚਾਰ ਲਿਆ ਜਾਵੇ। ਸਮਾਜ ਵਿੱਚ ਪਦਾਰਥਵਾਦ ਫੈਲਣ ਨਾਲ ਅਤੇ ਫਿਲਮਾਂ ਟੀਵੀ ਆਦਿ ਦੇ ਗਲਤ ਰੋਲ ਕਾਰਨ, ਨਵੀ ਪੀੜ੍ਹੀ ਦਾ ਆਚਰਨ, ਹਰ ਦਿਨ ਗਿਰਾਵਟ ਵੱਲ ਜਾ ਰਿਹਾ ਹੈ। ਭਾਵੇਂ ਐਸੇ ਗਲਤ ਕੰਮਾਂ ਵਿੱਚ ਸ਼ਮੂਲੀਅਤ ਲੜਕੇ ਅਤੇ ਲੜਕੀ ਦੀ ਬਰਾਬਰੀ ਦੀ ਹੁੰਦੀ ਹੈ, ਪਰ ਇਸ ਨਾਲ ਸ਼ਰਮਿੰਦਗੀ ਵਧੇਰੇ ਲੜਕੀ ਅਤੇ ਉਸ ਦੇ ਪਰਿਵਾਰ ਨੂੰ ਸਹਿਣੀ ਪੈਂਦੀ ਹੈ। ਬਲਕਿ ਜੇ ਇਹ ਕਿਹਾ ਜਾਵੇ ਕਿ ਬਹੁਤਾਤ ਨਵੀਂ ਪੀੜੀ ਤਾਂ ਬੇਸ਼ਰਮੀ ਦੀਆਂ ਹੱਦਾਂ ਪਾਰ ਕਰ ਗਈ ਹੈ, ਪਰ ਕੋਈ ਵੀ ਗੈਰਤਮੰਦ ਮਾਪੇ, ਆਪਣੀ ਜ਼ਮੀਰ ਨਾਲ ਐਸੇ ਸਮਝੌਤੇ ਨਹੀਂ ਕਰ ਸਕੇ। ਇਹ ਵੀ ਕੁੜੀ ਮਾਰਨ ਦੇ ਕਾਰਨਾਂ ਵਿੱਚ ਇਕ ਵੱਡਾ ਕਾਰਨ ਬਣ ਰਿਹਾ ਹੈ। ਪੂਰੇ ਮਨੁੱਖੀ ਸਮਾਜ ਨੂੰ ਇਸ ਸਮੱਸਿਆ ਨੂੰ ਗੰਭੀਰਤਾ ਨਾਲ ਵਿਚਾਰਨ ਦੀ ਲੋੜ ਹੈ। ਜੇ ਇਸ ਗਲਤ ਰੁਝਾਨ ਨੂੰ ਫੌਰੀ ਠੱਲ ਨਾ ਪਾਈ ਗਈ ਤਾਂ ਸਮਾਜਕ ਢਾਂਚਾ ਗਰਕ ਹੋ ਜਾਵੇਗਾ।

ਕੁਝ ਵੀ ਹਾਲਾਤ ਹੋਣ ਸਿੱਖ ਨੂੰ, ਬਲਕਿ ਮੈਂ ਕਹਾਂਗਾ ਕਿਸੇ ਵੀ ਮਨੁੱਖ ਨੂੰ ਇਹ ਧੀਆਂ ਮਾਰਨ ਵਾਲਾ, ਗੈਰ-ਸਿਧਾਂਤਕ ਅਤੇ ਗੈਰ-ਮਨੁੱਖੀ ਵਰਤਾਰਾ ਨਹੀਂ ਵਰਤਾਉਣਾ ਚਾਹੀਦਾ ਅਤੇ ਇਸ ਸਮਾਜਕ ਪਾਪ ਵਿਰੁਧ ਡੱਟ ਕੇ ਸੰਘਰਸ਼ ਕਰਨਾ ਚਾਹੀਦਾ ਹੈ। ਇਸ ਸੰਘਰਸ਼ ਦੀ ਅਗਵਾਈ ਦੀ ਜ਼ਿੰਮੇਂਵਾਰੀ ਸਤਿਗੁਰੂ ਨੇ ਸਿੱਖ ਦੇ ਜ਼ਿੰਮੇਂ ਲਾਈ ਹੈ। ਇਸ ਦੇ ਬਾਵਜੂਦ ਵੀ ਅਗਰ ਕੋਈ ਧੀ ਮਾਰਨ ਦਾ ਕੁਕਰਮ ਕਰਦਾ ਹੈ ਤਾਂ ਰਹਿਤ ਮਰਯਾਦਾ ਦੀ ਇਸ ਮੱਦ ਅਨੁਸਾਰ ਉਸ ਨਾਲ ਪੂਰੀ ਸਮਾਜਕ ਵਰਤੋਂ ਬੰਦ ਕਰਨੀ ਚਾਹੀਦੀ ਹੈ।

ਸਿਰਗੁੰਮ ਅਤੇ ਨੜੀਮਾਰ ਬਾਰੇ ਭਾਵੇਂ ਉਪਰ ਵਿਚਾਰਿਆ ਜਾ ਚੁੱਕਾ ਹੈ, ਪਰ ਇਥੇ ਵੀ ਇਤਨੀ ਗੱਲ ਕਰਨੀ ਜ਼ਰੂਰੀ ਬਣਦੀ ਹੈ ਕਿ ਰਹਿਤ ਮਰਯਾਦਾ ਦੇ ਸਪੱਸ਼ਟ ਨਿਰਣੇ ਦੇ ਬਾਵਜੂਦ, ਕਈ ਭੁਲੱੜ ਸਿੱਖ, ਆਪਣੇ ਛੋਟੇ-ਛੋਟੇ ਸਵਾਰਥਾਂ ਕਾਰਨ ਨੜੀਮਾਰਾਂ ਅਤੇ ਸਿਰਗੁੰਮਾਂ ਨਾਲ ਵਰਤੀ ਜਾ ਰਹੇ ਹਨ। ਜਿਵੇਂ ਪਹਿਲਾਂ ਲਿਖਿਆ ਜਾ ਚੁੱਕਾ ਹੈ, ਸਿਰਗੁੰਮ ਤਾਂ ਬਹੁਤੇ ਪਰਿਵਾਰਾਂ ਅੰਦਰ ਹੀ ਪੈਦਾ ਹੋ ਗਏ ਹਨ। ਜੇ ਪਹਿਲੇ ਦਿਨ ਤੋਂ ਇਸ ਮੱਦ 'ਤੇ ਦ੍ਰਿੜਤਾ ਨਾਲ ਪਹਿਰਾ ਦਿੱਤਾ ਜਾਂਦਾ, ਉਨ੍ਹਾਂ ਨੂੰ ਪਰਵਾਰਾਂ ਵਿੱਚ ਪ੍ਰਵਾਨ ਨਾ ਕੀਤਾ ਜਾਂਦਾ, ਤਾਂ ਸ਼ਾਇਦ ਇਹ ਰੋਗ ਇਤਨਾ ਨਾ ਵਧਦਾ। **ਇਸੇ ਤਰ੍ਹਾਂ ਕਈ ਮੂਰਖ ਸਿੱਖ ਇਹ ਦਸਣ ਲਈ ਕਿ ਅਸੀਂ ਸੈਕੂਲਰ ਹਾਂ, ਤਮਾਕੂ ਨੋਸ਼ੀ ਕਰਨ ਵਾਲਿਆਂ ਕੋਲ ਬੈਠ ਕੇ ਆਪਣੇ ਹਿਰਦੇ ਦੀ ਵਿਸ਼ਾਲਤਾ ਦਾ ਵਿਖਾਵਾ ਕਰਦੇ ਹਨ। ਸੈਕੂਲਰ ਦਾ ਭਾਵ ਤਾਂ ਇਹ ਹੈ ਕਿ ਕਿਸੇ ਨਾਲ, ਕਿਸੇ ਦੂਸਰੀ ਕੌਮ ਜਾਂ ਮਜ਼ਹਬ ਦਾ ਹੋਣ ਕਾਰਨ ਵਿਤਕਰਾ ਜਾਂ ਨਫਰਤ ਨਾ ਕੀਤੀ ਜਾਵੇ ਅਤੇ ਉਸ ਦੀਆਂ ਭਾਵਨਾਵਾਂ ਦਾ ਸਤਿਕਾਰ ਕੀਤਾ ਜਾਵੇ, ਇਹ ਨਹੀਂ ਕਿ ਆਪਣੇ ਸਿਧਾਂਤ ਤਿਆਗ ਦਿੱਤੇ ਜਾਣ।** ਹੋ ਬਿਲਕੁਲ ਇਸ ਦੇ ਉਲਟ ਰਿਹਾ ਹੈ, ਕਈ ਕੱਟੜਵਾਦੀ ਅਨਮਤੀਏ ਸਿੱਖਾਂ ਦੀਆਂ ਭਾਵਨਾਵਾਂ ਦੀ ਨਿਰਾਦਰੀ ਕਰਦੇ ਹੋਏ, ਜਾਣ ਕੇ ਸਿੱਖਾਂ ਕੋਲ ਬੈਠ ਕੇ ਸੂਟੇ ਲਾਉਂਦੇ ਹਨ ਅਤੇ ਕਈ ਮੂਰਖ ਆਪਣੀ ਵਿਸ਼ਾਲਤਾ ਵਿਖਾਉਣ ਲਈ ਉਨ੍ਹਾਂ ਕੋਲ ਬੈਠੇ ਧੂੰਆਂ ਭੱਖ ਰਹੇ ਹੁੰਦੇ ਹਨ। ਜੇ ਕੋਈ ਸਿੱਖ ਐਸੇ ਲੋਕਾਂ ਨਾਲ ਵਰਤੋਂ ਰਖਦਾ ਹੈ, ਤਾਂ ਉਹ ਵੀ ਤਨਖਾਹੀਆ ਹੈ।

ਜੇ ਕਿਸੇ ਨੇ ਖੰਡੇ-ਬਾਟੇ ਦੀ ਪਾਹੁਲ ਛਕ ਕੇ ਮੀਣੇ, ਮਸੰਦ, ਧੀਰਮਲੀਏ, ਰਾਮਰਾਈਏ, ਆਦਿਕ ਪੰਥ ਵਿਰੋਧੀਆਂ ਨਾਲ ਜਾਂ ਨੜੀ ਮਾਰ, ਕੁੜੀ ਮਾਰ, ਸਿਰਗੁੰਮ ਨਾਲ ਸਮਾਜਕ ਵਰਤੋਂ ਰੱਖੀ ਹੋਈ ਹੈ ਤਾਂ ਉਹ ਤਨਖਾਹੀਆ ਹੈ, ਅਤੇ ਉਸ ਵਾਸਤੇ ਤਨਖਾਹ ਲੁਆ ਕੇ ਭੁੱਲ ਬਖਸ਼ਾਉਣੀ ਜ਼ਰੂਰੀ ਹੈ।

ਜੂਠ

'ਤਨਖਾਹੀਏ ਇਹ ਹਨ', ਦੀ ਮੱਦ(2) ਵਿੱਚ ਲਿਖਿਆ ਹੈ: ਬੇ-ਅੰਮ੍ਰਿਤੀਏ ਜਾਂ ਪਤਿਤ ਦਾ ਜੂਠਾ ਖਾਣ ਵਾਲਾ।

ਮੈਨੂੰ ਹੈਰਾਨਗੀ ਇਸ ਗੱਲ ਦੀ ਹੈ ਕਿ ਸਿੱਖ ਰਹਿਤ ਮਰਯਾਦਾ ਵਿੱਚ ਇਨ੍ਹਾਂ ਦੋਹਾਂ ਨੂੰ ਇਕੱਠੇ ਕਿਵੇਂ ਕਰ ਦਿੱਤਾ ਗਿਆ ਹੈ ਜਦਕਿ ਸਿੱਖ ਸਮਾਜਿਕ ਬਣਤਰ ਵਿੱਚ ਦੋਹਾਂ ਵਿੱਚ ਬਹੁਤ ਵੱਡਾ ਫਰਕ ਹੈ। ਪਤਿਤ ਤਾਂ ਉਹ ਹੈ ਜੋ ਸਿੱਖੀ ਤੋਂ ਬੇਮੁਖ ਹੋ ਗਿਆ ਹੈ, ਗੁਰੂ ਨੂੰ ਬੇਦਾਵਾ ਦੇ ਗਿਆ ਹੈ। ਉਸ ਨਾਲ ਕਿਸੇ ਤਰ੍ਹਾਂ ਦੀ ਵੀ ਵਰਤੋਂ ਕਰਨ ਦੀ ਮਨਾਹੀ ਹੈ। ਜਦ ਉਸ ਨਾਲ ਰੋਟੀ ਖਾਧੀ ਹੀ ਨਹੀਂ ਜਾ ਸਕਦੀ ਤਾਂ ਜੂਠਾ ਖਾਣ ਦਾ ਸੁਆਲ ਹੀ ਕਿਥੋਂ ਆਇਆ। ਤੇ ਜੋ ਕੋਈ ਉਸ ਨਾਲ ਐਸੀ ਸਾਂਝ ਕਰ ਰਿਹਾ ਹੈ ਤਾਂ ਭਾਵੇ ਜੂਠਾ ਖਾਵੇ ਜਾਂ ਸੁੱਚਾ, ਉਹ ਤਨਖਾਹੀਆ ਹੀ ਹੈ।

ਦੂਸਰੇ ਪਾਸੇ ਬੇ-ਅੰਮ੍ਰਿਤੀਏ ਦੀ ਗੱਲ ਹੈ। ਇਸ ਵਿੱਚ ਦੋ ਤਰ੍ਹਾਂ ਦੇ ਲੋਕ ਆ ਜਾਣਗੇ, ਪਾਹੁਲ ਲਏ ਬਿਨਾਂ ਸਾਬਤ-ਸੂਰਤ ਸਿੱਖ, ਜਿਨ੍ਹਾਂ ਨੂੰ ਸਹਿਜਧਾਰੀ ਵੀ ਕਹਿ ਸਕਦੇ ਹਾਂ ਤੇ ਦੂਸਰੇ ਅਨਮਤੀਏ। ਇਨ੍ਹਾਂ ਦੋਹਾਂ ਨੂੰ ਵੀ ਇਕੋ ਤੱਕੜੀ ਵਿੱਚ ਨਹੀਂ ਤੋਲਿਆ ਜਾ ਸਕਦਾ। ਸਹਿਜਧਾਰੀ ਗੁਰੂ ਦੇ ਮਾਰਗ 'ਤੇ ਤਾਂ ਚੱਲ ਰਿਹਾ ਹੈ, ਪਰ ਅਜੇ ਉਹ ਪਾਹੁਲ ਦੀ ਮੰਜ਼ਲ ਤੋਂ ਦੂਰ ਹੈ। ਉਸ ਦਾ ਗੁਰੂ ਤੋਂ ਸਿਦਕ ਅਜੇ ਪੂਰਾ ਨਹੀਂ ਡੋਲਿਆ। ਉਸ ਦੇ ਸੁਧਾਰ ਦੀ ਪੂਰੀ ਆਸ ਹੈ। ਕਦੇ ਵੀ ਕਿਸੇ ਮੁਸਾਫਰ ਬਾਰੇ ਪਹਿਲਾਂ ਨਿਸਚਾ ਨਹੀਂ ਕੀਤਾ ਜਾ ਸਕਦਾ ਕਿ ਉਹ ਮੰਜ਼ਲ 'ਤੇ ਪੁੱਜੇਗਾ ਜਾਂ ਨਹੀਂ। ਉਸ ਪ੍ਰਤੀ ਸਦਾ ਆਸ਼ਾਵਾਦੀ ਪਹੁੰਚ ਹੀ ਰੱਖਣੀ ਚਾਹੀਦੀ ਹੈ। ਜਿਨ੍ਹਾਂ 'ਤੇ ਗੁਰੂ ਦੀ ਬਖਸ਼ਿਸ਼ ਹੋ ਚੁੱਕੀ ਹੈ, ਉਨ੍ਹਾਂ ਦਾ ਫਰਜ਼ ਤਾਂ ਇਹ ਬਣਦਾ ਹੈ ਕਿ ਉਹ ਦੂਸਰਿਆਂ ਨੂੰ ਲਗਾਤਾਰ ਪ੍ਰੇਰਦੇ ਰਹਿਣ। ਉਨ੍ਹਾਂ ਦੇ ਭਰਮ ਭੁਲੇਖੇ ਦੂਰ ਕਰਨ। ਉਨ੍ਹਾਂ ਅੰਦਰ ਸਿਧਾਂਤਕ ਦ੍ਰਿੜਤਾ ਲਿਆਉਣ ਲਈ, ਉਨ੍ਹਾਂ ਨੂੰ ਸਤਿਗੁਰੂ ਦੇ ਇਲਾਹੀ ਗਿਆਨ ਨਾਲ ਜੋੜਨ। ਇਸ ਤੋਂ ਵੀ ਵਧੇਰੇ, ਉਨ੍ਹਾਂ ਦੇ ਪਾਹੁਲ ਬਾਰੇ ਜੋ ਭਰਮ-ਭੁਲੇਖੇ ਹਨ, ਉਨ੍ਹਾਂ ਨੂੰ ਦੂਰ ਕਰਨ ਵਿੱਚ, ਉਨ੍ਹਾਂ ਦੀ ਸਹਾਇਤਾ ਕਰਨ। ਉਨ੍ਹਾਂ ਨੂੰ ਸਮਝਾਉਣ ਕਿ ਪਾਹੁਲ ਛਕੇ ਬਿਨਾਂ ਸਿੱਖੀ ਅਧੂਰੀ ਹੈ। ਪਾਹੁਲ ਛਕ ਕੇ, ਸਤਿਗੁਰੂ ਨਾਲ ਗੁਰਮਤਿ ਅਨੁਸਾਰ ਜੀਵਨ ਜੀਊਣ ਦਾ ਪ੍ਰਣ ਕਰਕੇ, ਜੀਵਨ ਨੂੰ ਸਿਧਾਂਤਾਂ ਅਨੁਸਾਰ ਢਾਲਣ ਵਾਸਤੇ ਦ੍ਰਿੜਤਾ ਆਉਂਦੀ ਹੈ। ਇਸੇ ਨਾਲ ਜੀਵਨ ਸਫਲਾ ਹੁੰਦਾ ਹੈ, ਪਰ ਇਹ ਜ਼ਰੂਰੀ ਹੈ ਕਿ ਪਹਿਲਾਂ ਆਪਣਾ ਜੀਵਨ ਪੂਰੀ ਤਰ੍ਹਾਂ ਗੁਰਮਤਿ ਅਨੁਸਾਰੀ ਹੋਵੇ। ਪਾਹੁਲ ਛੱਕ ਕੇ ਇਕ ਆਦਰਸ਼ਕ ਜੀਵਨ ਬਤੀਤ ਕਰ ਰਹੇ ਹੋਈਏ, ਨਹੀਂ ਤਾਂ ਕੇਵਲ ਗੱਲਾਂ ਨਾਲ ਦੂਸਰੇ 'ਤੇ ਪ੍ਰਭਾਵ ਨਹੀਂ ਪੈ ਸਕਦਾ। ਜੇ ਅੱਜ ਕੌਮ ਦਾ ਵੱਡਾ ਹਿੱਸਾ ਪਾਹੁਲ ਨਹੀਂ ਛੱਕ ਰਿਹਾ ਤਾਂ ਬੇਸ਼ਕ ਕੁਝ ਹੱਦ ਤੱਕ ਪਦਾਰਥਵਾਦ ਦਾ ਫੈਲਾਅ ਵੀ ਇਸ ਦਾ ਕਾਰਨ ਹੈ ਪਰ ਜੋ ਕਿਰਦਾਰ ਗਾਤਰਿਆਂ ਵਾਲਿਆਂ ਨੇ ਪਿਛਲੇ ਸਮੇਂ ਵਿੱਚ ਨਿਭਾਇਆ ਅਤੇ ਵਿਖਾਇਆ ਹੈ, ਉਹ ਇਸ ਦਾ ਵੱਡਾ ਕਾਰਨ ਜਾਪਦਾ ਹੈ।

ਇਨ੍ਹਾਂ ਨਾਲ ਰੱਲ ਮਿਲ ਕੇ ਖਾਣ ਬੈਠਣ ਦੀ ਮਨਾਹੀ ਕਰਨ ਦੀ ਗੱਲ ਸਮਝ ਨਹੀਂ ਆਉਂਦੀ। ਆਮ ਤੌਰ 'ਤੇ ਇਹ ਕਿਹਾ ਜਾਂਦਾ ਹੈ ਕਿ ਉਨ੍ਹਾਂ ਨਾਲ ਬੈਠ ਕੇ ਖਾਣ(ਜੂਠਾ ਖਾਣ) ਨਾਲ ਉਨ੍ਹਾਂ ਦੀ ਮੱਤ(ਮਨਮਤਿ) ਦਾ ਅਸਰ ਸਾਡੇ 'ਤੇ ਹੋ ਜਾਵੇਗਾ। ਕਮਾਲ ਹੈ ਸਾਡੀ ਪਾਹੁਲ ਦੀ ਪਾਹੁ ਏਡੀ ਕੱਚੀ ਹੈ ਕਿ ਉਸ ਦਾ ਰੰਗ ਸਾਡੇ 'ਤੇ ਚੜ੍ਹ ਜਾਵੇਗਾ, ਸਾਡਾ ਉਸ 'ਤੇ ਨਹੀਂ ਚੜ੍ਹੇਗਾ?

ਇਸੇ ਤਰ੍ਹਾਂ ਸਿੱਖੀ ਵਿੱਚ ਅਨਮਤੀਆਂ ਨਾਲ ਨਫਰਤ ਕਰਨੀ ਨਹੀਂ ਸਿਖਾਈ ਗਈ। ਗੁਰਬਾਣੀ ਤਾਂ ਪੂਰੀ ਮਨੁੱਖਤਾ ਨਾਲ ਪਿਆਰ ਕਰਨਾ ਸਿਖਾਉਂਦੀ ਹੈ। ਗੁਰਬਾਣੀ ਦਾ

ਫੁਰਮਾਨ ਹੈ:

"ਅਵਲਿ ਅਲਹ ਨੂਰੁ ਉਪਾਇਆ, ਕੁਦਰਤਿ ਕੇ ਸਭ ਬੰਦੇ ॥ ਏਕ ਨੂਰ ਤੇ ਸਭੁ ਜਗੁ ਉਪਜਿਆ, ਕਉਨ ਭਲੇ ਕੋ ਮੰਦੇ ॥੧॥" (ਪ੍ਰਭਾਤੀ ਕਬੀਰ ਜੀ, ਪੰਨਾ ੧੩੪੯)

ਸਭ ਤੋਂ ਪਹਿਲਾਂ ਖ਼ੁਦਾ ਦਾ ਨੂਰ ਹੀ ਹੈ ਜਿਸ ਨੇ (ਜਗਤ) ਪੈਦਾ ਕੀਤਾ ਹੈ, ਇਹ ਸਾਰੇ ਜੀਅ-ਜੰਤ ਰੱਬ ਦੀ ਕੁਦਰਤ ਦੇ ਹੀ ਬਣਾਏ ਹੋਏ ਹਨ । ਇਕ ਪ੍ਰਭੂ ਦੀ ਹੀ ਜੋਤ ਤੋਂ ਸਾਰਾ ਜਗਤ ਪੈਦਾ ਹੋਇਆ ਹੈ । (ਤਾਂ ਫਿਰ ਕਿਸੇ ਜਾਤ ਮਜ਼ਹਬ ਦੇ ਭੁਲੇਖੇ ਵਿਚ ਪੈ ਕੇ) ਕਿਸੇ ਨੂੰ ਚੰਗਾ ਤੇ ਕਿਸੇ ਨੂੰ ਮੰਦਾ ਨਾਹ ਸਮਝੋ ।1।

"ਏਕੁ ਪਿਤਾ ਏਕਸ ਕੇ ਹਮ ਬਾਰਿਕ ਤੂ ਮੇਰਾ ਗੁਰ ਹਾਈ ॥"

{ਸੋਰਠਿ ਮਹਲਾ ੫, ਪੰਨਾ ੬੧੧}

ਹੇ ਮਿੱਤਰ ! (ਸਾਡਾ) ਇਕੋ ਹੀ ਪ੍ਰਭੂ-ਪਿਤਾ ਹੈ, ਅਸੀ ਇਕੋ ਪ੍ਰਭੂ-ਪਿਤਾ ਦੇ ਬੱਚੇ ਹਾਂ, (ਇਸ ਨਾਤੇ,) ਤੂੰ ਮੇਰਾ ਗੁਰਭਾਈ ਹੈਂ ।

ਇਸ ਤਰ੍ਹਾਂ ਅਸੀਂ ਸਾਰੇ ਮਨੁੱਖ ਇਕ ਦੂਸਰੇ ਦੇ ਭਰਾ ਹਾਂ। ਅਤੇ ਭਰਾ ਨੂੰ ਭਰਾ ਨਾਲ ਨਫਰਤ ਨਹੀਂ ਕਰਨੀ ਚਾਹੀਦੀ, ਬਲਕਿ ਸਮਾਜ ਵਿੱਚ ਆਪਸੀ ਪਿਆਰ ਬਣਾ ਕੇ ਰਹਿਣਾ ਚਾਹੀਦਾ ਹੈ। ਜੇ ਸਾਰੀ ਮਨੁੱਖਤਾ ਗੁਰਬਾਣੀ ਵਲੋਂ ਦ੍ਰਿੜਾਏ ਇਨ੍ਹਾਂ ਅਮੋਲਕ ਸਿਧਾਂਤਾਂ ਨੂੰ ਅਪਨਾ ਲਵੇ ਤਾਂ ਸਾਰੀ ਦੁਨੀਆਂ ਵਿੱਚੋਂ ਲੜਾਈ ਝਗੜੇ ਮੁੱਕ ਜਾਣ। ਸਾਰੀ ਦੁਨੀਆਂ ਵਿੱਚ ਅਮਨ ਛਾ ਜਾਵੇ। ਹਾਂ ! ਗੁਰਬਾਣੀ ਕਿਸੇ ਦੇ ਔਗੁਣਾਂ ਤੋਂ ਬਚਣ ਦੀ ਸਿੱਖਿਆ ਦੇਂਦੀ ਹੈ। ਸਤਿਗੁਰੂ ਦੇ ਪਾਵਨ ਬਚਨ ਹਨ:

"ਸਾਝ ਕਰੀਜੈ ਗੁਣਹ ਕੇਰੀ ਛੋਡਿ ਅਵਗਣ ਚਲੀਐ ॥"

{ਰਾਗੁ ਸੂਹੀ ਛੰਤ ਮਹਲਾ ੧, ਪੰਨਾ ੭੬੫}

ਜਿਥੋਂ ਗੁਣ ਮਿਲਣ, ਗੁਣਾ ਦੀ ਸਾਂਝ ਕਰਨੀ ਚਾਹੀਦੀ ਹੈ ਅਤੇ(ਸੁਚੇਤ ਹੋ ਕੇ) ਔਗੁਣ ਛੱਡ ਦੇਣੇ ਚਾਹੀਦੇ ਹਨ।

ਇਹ ਬਿਲਕੁਲ ਠੀਕ ਹੈ ਕਿ ਸਿੱਖ ਨੂੰ ਕਿਸੇ ਇਨਸਾਨ ਨਾਲ ਨਫਰਤ ਨਹੀਂ ਕਰਨੀ ਚਾਹੀਦੀ ਪਰ ਇਹ ਜ਼ਰੂਰੀ ਹੈ ਕਿ ਉਸ ਦੇ ਔਗੁਣਾਂ, ਵਿਸ਼ੇਸ਼ ਕਰਕੇ, ਜਿਨ੍ਹਾਂ ਔਗੁਣਾਂ, ਬੁਰੀਆਂ ਆਦਤਾਂ ਤੋਂ ਸਿੱਖ ਨੂੰ ਵਰਜਿਆ ਗਿਆ ਹੈ, ਉਨ੍ਹਾਂ ਤੋਂ ਬਚਿਆ ਜਾਵੇ, ਜਿਵੇਂ ਕਿ ਨਸ਼ੇੜੀਪੁਣਾ, ਜਾਤਵਾਦ, ਲਿੰਗਵਾਦ, ਝੂਠ ਅਤੇ ਪਾਪ-ਕਰਮ, ਆਦਿ..., ਵਿਸ਼ੇਸ਼ ਤੌਰ 'ਤੇ ਸ਼ਰਾਬ, ਤੰਬਾਕੂਨੋਸ਼ੀ, ਕੇਸਾਂ ਦੀ ਬੇਅਦਬੀ ਆਦਿ, ਜੋ ਅਨਮਤੀ ਸਮਾਜ ਵਿੱਚ ਬਹੁਤ ਪ੍ਰਚਲਤ ਹਨ ਪਰ ਸਿੱਖ ਸਮਾਜ ਵਿੱਚ ਉਨ੍ਹਾਂ ਦੀ ਵਿਸ਼ੇਸ਼ ਮਨਾਹੀ ਹੈ। ਅੱਜ ਕਈ ਮਨਮਤੀ ਸਿੱਖ, ਸ਼ਰਾਬ ਪੀਣ ਵਾਲਿਆਂ ਅਤੇ ਤੰਬਾਕੂਨੋਸ਼ੀ ਆਦਿ ਕਰਨ ਵਾਲਿਆਂ ਨਾਲ ਜੁੜ-ਜੁੜ ਬੈਠਦੇ ਹਨ, ਉਹ ਵੀ ਉਸ ਵੇਲੇ, ਜਦੋਂ ਉਹ ਇਸ ਦਾ ਇਸਤੇਮਾਲ ਕਰ ਰਹੇ ਹੋਣ। ਇਸ ਦੀ ਸਫਾਈ, ਉਹ ਇਹ ਦੇਂਦੇ ਹਨ ਕਿ ਸਿੱਖ ਧਰਮ-ਨਿਰਪੱਖ(Secular) ਹੈ। ਜਿਵੇਂ ਉਪਰ ਵੀ ਬੇਨਤੀ ਕੀਤੀ ਗਈ ਹੈ, ਧਰਮ-ਨਿਰਪੱਖ ਦਾ ਭਾਵ ਇਹ ਬਿਲਕੁਲ ਨਹੀਂ ਹੁੰਦਾ ਕਿ ਆਪਣੇ ਧਾਰਮਿਕ ਸਿਧਾਂਤਾਂ ਨੂੰ ਤਿਆਗ ਦਿੱਤਾ ਜਾਵੇ, ਬਲਕਿ ਧਰਮ-ਨਿਰਪੱਖ ਦਾ

ਭਾਵ ਇਹ ਹੈ ਕਿ ਉਹ ਸਾਡੀਆਂ ਭਾਵਨਾਵਾਂ ਦਾ ਸਤਿਕਾਰ ਕਰਨ, ਅਤੇ ਅਸੀਂ ਉਨ੍ਹਾਂ ਦੀਆਂ। ਇਸ ਨਾਤੇ ਸਿੱਖ ਨੂੰ ਹਿੰਦੂ ਵੀਰਾਂ ਦੀ ਸੰਗਤ ਵਿੱਚ ਗਊ ਮਾਸ, ਮੁਸਲਮਾਨ ਭਰਾਵਾਂ ਦੀ ਸੰਗਤ ਵਿੱਚ ਸੂਰ ਦਾ ਮਾਸ ਆਦਿ ਨਹੀਂ ਖਾਣਾ ਚਾਹੀਦਾ ਅਤੇ ਉਨ੍ਹਾਂ ਨੂੰ ਸਿੱਖ ਦੀ ਸੰਗਤ ਵਿੱਚ, ਬਲਕਿ ਸਿੱਖ ਦੇ ਸਾਹਮਣੇ ਤੰਬਾਕੂਨੋਸ਼ੀ ਆਦਿ ਕਰਮ ਬਿਲਕੁਲ ਨਹੀਂ ਕਰਨੇ ਚਾਹੀਦੇ। ਇਹ ਬਿਲਕੁਲ ਠੀਕ ਹੈ ਕਿ ਸਿੱਖ ਨੂੰ ਐਸੇ ਕਰਮ ਕਰਨ ਵਾਲਿਆਂ ਨਾਲ ਇਕੋ ਥਾਲੀ ਜਾਂ ਪਲੇਟ ਆਦਿ ਵਿੱਚੋਂ ਨਹੀਂ ਖਾਣਾ ਚਾਹੀਦਾ।

ਇਥੇ ਪਹਿਲਾਂ ਇਹ ਵੀ ਸਮਝ ਲਿਆ ਜਾਵੇ ਕਿ ਜੂਠਾ ਕਿਹਾ ਕਿਸ ਨੂੰ ਜਾਂਦਾ ਹੈ। ਜੂਠਾ ਦਾ ਭਾਵ ਹੈ ਕਿਸੇ ਦਾ ਆਪਣੇ ਖਾਣ ਵਾਲੇ ਬਰਤਨ, ਪਲੇਟ, ਥਾਲ ਆਦਿ ਵਿੱਚੋਂ ਕੁਝ ਖਾ ਕੇ ਬਾਕੀ ਛੱਡਿਆ ਹੋਇਆ ਭੋਜਨ। ਇਹ ਜੂਠੇ ਭੋਜਨ ਤਿੰਨ ਤਰ੍ਹਾਂ ਦੇ ਹੁੰਦੇ ਹਨ, ਇਕ ਜਿਹੜਾ ਆਪਣੇ ਘਰ-ਪਰਿਵਾਰ ਵਿੱਚ, ਆਪਣਾ ਢਿੱਡ ਭਰ ਜਾਣ 'ਤੇ ਜਾਂ ਭੋਜਨ ਸੁਆਦਲਾ ਨਾ ਲੱਗਣ 'ਤੇ ਵਿੱਚ ਛਡ ਦਿਤਾ ਜਾਂਦਾ ਹੈ। ਐਸਾ ਭੋਜਨ ਅਕਸਰ ਪਰਿਵਾਰ ਦਾ ਕੋਈ ਦੂਸਰਾ ਜੀਅ ਖਾ ਲੈਂਦਾ ਹੈ, ਜਿਵੇਂ ਆਮ ਤੌਰ 'ਤੇ ਬੱਚੇ ਦਾ ਅੱਧ-ਖਾਧਾ ਭੋਜਨ, ਮਾਂ ਜਾਂ ਪਿਤਾ ਖਾ ਲੈਂਦੇ ਹਨ। ਇਸ ਵਿੱਚ ਕੋਈ ਹਰਜ ਵੀ ਨਹੀਂ, ਬਲਕਿ ਚੰਗੀ ਗੱਲ ਹੈ, ਭੋਜਨ ਨੂੰ ਵਿਅਰਥ ਨਹੀਂ ਕਰਨਾ ਚਾਹੀਦਾ। ਇਥੇ ਇਕ ਗੱਲ ਸਪੱਸ਼ਟ ਕਰ ਦੇਣੀ ਜ਼ਰੂਰੀ ਹੈ ਕਿ ਇਸ ਜੂਠੇ ਖਾਣ ਦਾ ਸਬੰਧ ਸਵੱਛਤਾ(Hygene) ਨਾਲ ਹੋ ਸਕਦਾ ਹੈ, ਜਿਵੇਂ ਕਿ ਅੱਜ ਡਾਕਟਰ ਆਖਦੇ ਹਨ ਕਿ ਕਿਸੇ ਦਾ ਜੂਠਾ ਭੋਜਨ ਖਾਣ ਨਾਲ, ਉਸ ਨੂੰ ਅਗਰ ਕੋਈ ਛੂਤ ਦਾ ਰੋਗ ਹੈ ਤਾਂ ਉਸ ਦੇ ਕਿਟਾਣੂ ਜੂਠਾ ਖਾਣ ਵਾਲੇ ਦੇ ਅੰਦਰ ਚਲੇ ਜਾਣਗੇ ਅਤੇ ਜੂਠਾ ਖਾਣ ਵਾਲੇ ਨੂੰ ਉਹੀ ਰੋਗ ਹੋਣ ਦਾ ਖਤਰਾ ਹੈ, ਇਸ ਦਾ ਕੋਈ ਸਬੰਧ ਅਧਿਆਤਮਕ ਜੀਵਨ ਜਾਂ ਪਵਿੱਤਰਤਾ ਨਾਲ ਬਿਲਕੁਲ ਨਹੀਂ।

ਦੂਸਰਾ ਜੂਠਾ ਭੋਜਨ ਉਸ ਨੂੰ ਆਖਿਆ ਜਾਂਦਾ ਜੋ ਵਿਆਹ-ਸ਼ਾਦੀਆਂ, ਲੰਗਰ ਆਦਿ ਵਿੱਚ ਲੋੜ ਨਾਲੋਂ ਵਧੇਰੇ ਪਲੇਟ ਜਾਂ ਥਾਲ ਵਿੱਚ ਪਾਕੇ, ਕੁਝ ਖਾਕੇ ਬਾਕੀ ਵਿੱਚੇ ਛੱਡ ਦਿੱਤਾ ਜਾਂਦਾ ਹੈ, ਅਤੇ ਤੀਸਰਾ ਜੋ ਕੁਝ ਪਖੰਡੀ ਸਾਧਾਂ ਵਲੋਂ, ਜਾਣ ਬੁਝ ਕੇ, ਥੋੜਾ ਖਾਕੇ, ਬਾਕੀ ਵਿੱਚੇ ਛੱਡ ਦਿੱਤਾ ਜਾਂਦਾ ਹੈ ਅਤੇ ਉਨ੍ਹਾਂ ਦੇ ਮੂਰਖ ਪੈਰੋਕਾਰ ਇਸ ਨੂੰ ਮਹਾਂਪੁਰਖਾਂ ਦਾ ਸੀਤ-ਪ੍ਰਸਾਦ ਸਮਝ ਕੇ ਬਹੁਤ ਸ਼ਰਧਾ ਨਾਲ ਖਾਂਦੇ ਹਨ। ਆਮ ਤੌਰ 'ਤੇ ਤਾਂ ਪਖੰਡੀ ਸਾਧਾਂ ਦੇ ਡੇਰਿਆਂ ਤੇ, ਜੇ ਕੋਈ ਵੱਡਾ ਲੰਗਰ ਹੋਵੇ ਤਾਂ ਇਹ ਉਸ ਪਖੰਡੀ ਸਾਧ ਦਾ ਛੱਡਿਆ ਖਾਣਾ, ਸਾਰੇ ਲੰਗਰ ਵਿੱਚ ਮਿਲਾ ਦਿੱਤਾ ਜਾਂਦਾ ਹੈ। ਇਹ ਦੋਨੋਂ ਕਿਸਮ ਦਾ ਛੱਡਿਆ ਗਿਆ ਖਾਣਾ, ਅਸਲ ਜੂਠ ਹੈ। ਇਹ ਤ੍ਰਿਸਕਾਰਿਆ ਹੋਇਆ ਭੋਜਨ ਹੈ। ਇਹ ਕਿਸੇ ਵੀ ਗ਼ੈਰਤਮੰਦ ਵਿਅਕਤੀ ਨੂੰ, ਕਿਸੇ ਹਾਲਤ ਵਿੱਚ ਵੀ ਨਹੀਂ ਖਾਣਾ ਚਾਹੀਦਾ। ਸਿੱਖ ਨੂੰ ਤਾਂ ਇਸ ਦੇ ਖਾਣ ਬਾਰੇ ਸੋਚਣਾ ਵੀ ਨਹੀਂ ਚਾਹੀਦਾ, ਭਾਵੇਂ ਭੁੱਖ ਨਾਲ ਮਰਨਾ ਪੈ ਜਾਵੇ।

ਅੱਜ ਸਿੱਖ ਕੌਮ ਵਿੱਚ ਆਮ ਤੌਰ 'ਤੇ, ਕਿਸੇ ਦੂਸਰੇ ਦਾ ਭੋਜਨ ਖਾਂਦੇ ਹੱਥ ਵੀ ਲੱਗ ਜਾਵੇ ਤਾਂ ਉਸ ਨਾਲ ਭੋਜਨ ਜੂਠਾ ਹੋ ਗਿਆ ਗਰਦਾਨ ਦਿੱਤਾ ਜਾਂਦਾ ਹੈ। ਕਈ ਗੁਰਦੁਆਰਿਆਂ ਵਿੱਚ ਵਿਸ਼ੇਸ਼ ਕਰਕੇ ਟਕਸਾਲ ਆਦਿ ਡੇਰਿਆਂ ਵਿੱਚ ਲੰਗਰ ਵਰਤਾਉਣ ਵਾਲੇ, ਥਾਲ ਵੀ ਦੂਰੋਂ ਸੁਟਦੇ ਹਨ ਅਤੇ ਦਾਲ ਸਬਜ਼ੀ ਪ੍ਰਸ਼ਾਦਾ ਆਦਿ ਇਤਨੀ ਉਪਰੋਂ ਸੁਟਦੇ ਹਨ ਕਿ ਕਈ ਵਾਰ ਛਕਣ ਵਾਲੇ ਦੇ ਕਪੜੇ ਖਰਾਬ ਹੋ ਜਾਂਦੇ ਹਨ, ਉਨ੍ਹਾਂ ਦੀ ਸੋਚਣੀ ਇਹ ਹੈ ਕਿ ਜੇ ਕਿਤੇ ਸਿੱਖ ਦਾ ਹੱਥ ਜਾਂ ਬਰਤਨ ਨਾਲ ਲੱਗ ਗਿਆ ਤਾਂ ਬਾਕੀ ਲੰਗਰ ਜਾਂ ਵਰਤਾਉਣ ਵਾਲਾ ਭਿੱਟ ਜਾਵੇਗਾ। ਇਸੇ ਨਾਤੇ ਕਿਸੇ ਵਿਆਹ ਸ਼ਾਦੀ ਜਾਂ ਇਕੱਠ ਵਿੱਚ, ਜਿਥੇ ਸਾਂਝਾ ਭੋਜਨ(Buffett) ਪਰੋਸਿਆ ਗਿਆ ਹੋਵੇ ਅਤੇ ਲੋਕ ਭੋਜਨ ਖਾਂਦੇ ਹੋਏ, ਨਾਲ ਲੋੜੀਂਦੀ ਵਸਤ ਲੈ ਵੀ ਰਹੇ ਹੋਣ,

ਬਾਰੇ ਆਖਿਆ ਜਾਂਦਾ ਹੈ ਕਿ ਇਹ ਭੋਜਨ ਜੂਠਾ ਹੈ। ਜੇ ਵਿਚਾਰਿਆ ਜਾਵੇ ਤਾਂ ਇਹ ਤਾਂ ਉਹ ਗੱਲ ਹੋ ਗਈ ਕਿ ਕਿਸੇ ਦਾ ਹੱਥ ਲੱਗਣ ਨਾਲ ਭੋਜਨ ਭਿੱਟ ਗਿਆ। ਇਹ ਤਾਂ ਨਿਰੋਲ ਬ੍ਰਾਹਮਣੀ ਸੋਚ ਹੈ, ਸਿੱਖੀ ਵਿੱਚ ਇਸ ਦਾ ਕੋਈ ਸਥਾਨ ਨਹੀਂ। ਇਕ ਹੋਰ ਬਹੁਤ ਮਹੱਤਵ ਪੂਰਨ ਗੱਲ ਸਮਝ ਲੈਣੀ ਜ਼ਰੂਰੀ ਹੈ। ਕੋਈ ਵਸਤ ਜੂਠੀ ਕਿਵੇਂ ਹੁੰਦੀ ਹੈ? ਇਕ ਸਾਫ-ਸੁਥਰਾ, ਮਾਂਜਿਆ ਹੋਇਆ ਭਾਂਡਾ ਮੂਹ ਨਾਲ ਲਾਈਏ, ਤਾਂ ਉਹ ਮੂੰਹ ਨਾਲ ਲਗਦੇ ਹੀ ਜੂਠਾ ਹੋ ਜਾਂਦਾ ਹੈ। ਇਸ ਦਾ ਭਾਵ ਹੈ, ਦੁਨੀਆਂ ਦੀ ਸਭ ਤੋਂ ਜੂਠੀ ਚੀਜ਼ ਸਾਡਾ ਮੂਹ ਹੈ, ਜਿਸ ਦੇ ਨਾਲ ਲਗਦਿਆਂ ਹੀ ਹਰ ਸ਼ੈ ਜੂਠੀ ਹੋ ਜਾਂਦੀ ਹੈ ਅਤੇ ਇਹ ਮੂਹ ਸਾਡੇ ਸਰੀਰ ਤੇ ਲੱਗਾ ਹੋਇਆ ਹੈ, ਫੇਰ ਸੁੱਚਾ ਕੀ ਰਹਿ ਗਿਆ? ਇਸ ਗੱਲ ਨੂੰ ਸਹੀ ਰੂਪ ਵਿੱਚ ਸਮਝਣ ਲਈ, ਗੁਰਬਾਣੀ ਵਿੱਚ ਭਗਤ ਕਬੀਰ ਜੀ ਦਾ ਉਚਾਰਨ ਕੀਤਾ ਹੇਠਲਾ ਸ਼ਬਦ ਬਹੁਤ ਸਹਾਈ ਹੋਵੇਗਾ:

ਮਾਤਾ ਜੂਠੀ, ਪਿਤਾ ਭੀ ਜੂਠਾ, ਜੂਠੇ ਹੀ ਫਲ ਲਾਗੇ ॥ ਆਵਹਿ ਜੂਠੇ, ਜਾਹਿ ਭੀ ਜੂਠੇ, ਜੂਠੇ ਮਰਹਿ ਅਭਾਗੇ ॥੧॥ ਕਹੁ ਪੰਡਿਤ, ਸੂਚਾ ਕਵਨੁ ਠਾਉ ॥ ਜਹਾਂ ਬੈਸਿ ਹਉ ਭੋਜਨੁ ਖਾਉ ॥੧॥ ਰਹਾਉ ॥ ਜਿਹਬਾ ਜੂਠੀ, ਬੋਲਤ ਜੂਠਾ, ਕਰਨ ਨੇਤ੍ਰ ਸਭਿ ਜੂਠੇ ॥ ਇੰਦ੍ਰੀ ਕੀ ਜੂਠਿ ਉਤਰਸਿ ਨਾਹੀ, ਬ੍ਰਹਮ ਅਗਨਿ ਕੇ ਲੂਠੇ ॥੨॥ ਅਗਨਿ ਭੀ ਜੂਠੀ, ਪਾਨੀ ਜੂਠਾ, ਜੂਠੀ ਬੈਸਿ ਪਕਾਇਆ ॥ ਜੂਠੀ ਕਰਛੀ ਪਰੋਸਨ ਲਾਗਾ, ਜੂਠੇ ਹੀ ਬੈਠਿ ਖਾਇਆ ॥੩॥ ਗੋਬਰੁ ਜੂਠਾ, ਚਉਕਾ ਜੂਠਾ, ਜੂਠੀ ਦੀਨੀ ਕਾਰਾ ॥ ਕਹਿ ਕਬੀਰ ਤੇਈ ਨਰ ਸੂਚੇ, ਸਾਚੀ ਪਰੀ ਬਿਚਾਰਾ ॥੪॥੧॥੭॥

{ਪੰਨਾ ੧੧੯੫}

ਹੇ ਪੰਡਿਤ ! ਦੱਸ, ਉਹ ਕਿਹੜਾ ਥਾਂ ਹੈ ਜੋ ਸੁੱਚਾ ਹੈ, ਜਿੱਥੇ ਬੈਠ ਕੇ ਮੈਂ ਰੋਟੀ ਖਾ ਸਕਾਂ (ਤਾਂ ਜੁ ਪੂਰੀ ਸੁੱਚ ਰਹਿ ਸਕੇ) ? ।1।ਰਹਾਉ।

ਮਾਂ ਅਪਵਿੱਤਰ, ਪਿਉ ਅਪਵਿੱਤਰ, ਇਹਨਾਂ ਤੋਂ ਜੰਮੇ ਹੋਏ ਬਾਲ-ਬੱਚੇ ਭੀ ਅਪਵਿੱਤਰ; (ਜਗਤ ਵਿਚ ਜੋ ਭੀ) ਜੰਮਦੇ ਹਨ ਉਹ ਅਪਵਿੱਤਰ, ਜੋ ਮਰਦੇ ਹਨ ਉਹ ਭੀ ਅਪਵਿੱਤਰ; ਬਦ-ਨਸੀਬ ਜੀਵ ਅਪਵਿੱਤਰ ਹੀ ਮਰ ਜਾਂਦੇ ਹਨ ।1।

(ਮਨੁੱਖ ਦੀ) ਜੀਭ ਮੈਲੀ, ਬਚਨ ਭੀ ਮਾੜੇ, ਕੰਨ ਅੱਖਾਂ ਆਦਿਕ ਸਾਰੇ ਹੀ ਅਪਵਿੱਤਰ, (ਇਹਨਾਂ ਤੋਂ ਵਧੀਕ) ਕਾਮ-ਚੇਸ਼ਟਾ (ਐਸੀ ਹੈ ਜਿਸ) ਦੀ ਮੈਲ ਲਹਿੰਦੀ ਹੀ ਨਹੀਂ । ਹੇ ਬ੍ਰਾਹਮਣ-ਪੁਣੇ ਦੇ ਮਾਣ ਦੀ ਅੱਗ ਦੇ ਸੜੇ ਹੋਏ ! (ਦੱਸ, ਸੁੱਚੀ ਕਿਹੜੀ ਸ਼ੈ ਹੋਈ ?) ।2।

ਅੱਗ ਜੂਠੀ, ਪਾਣੀ ਜੂਠਾ, ਪਕਾਣ ਵਾਲੀ ਭੀ ਜੂਠੀ, ਕੜਛੀ ਜੂਠੀ ਜਿਸ ਨਾਲ (ਭਾਜੀ ਆਦਿਕ) ਵਰਤਾਉਂਦਾ ਹੈ, ਉਹ ਪ੍ਰਾਣੀ ਭੀ ਜੂਠਾ ਜਿਹੜਾ ਬਹਿ ਕੇ ਖਾਂਦਾ ਹੈ ।3।

ਗੋਹਾ ਜੂਠਾ, ਚੌਕਾ ਜੂਠਾ, ਜੂਠੀਆਂ ਹੀ ਉਸ ਚੌਕੇ ਦੇ ਦੁਆਲੇ ਪਾਈਆਂ ਲਕੀਰਾਂ । ਕਬੀਰ ਆਖਦਾ ਹੈ—ਸਿਰਫ਼ ਉਹੀ ਮਨੁੱਖ ਸੁੱਚੇ ਹਨ ਜਿਨ੍ਹਾਂ ਨੂੰ ਪਰਮਾਤਮਾ ਦੀ ਸੂਝ ਆ ਗਈ ਹੈ ।4।1।7।

ਸ਼ਬਦ ਦਾ ਭਾਵ :—ਤ੍ਰਿਗੁਣੀ ਮਾਇਆ ਦੇ ਅਸਰ ਹੇਠ ਪ੍ਰਭੂ ਨੂੰ ਵਿਸਾਰ ਕੇ ਜੀਵ ਅਪਵਿੱਤਰ ਬਣੇ ਰਹਿੰਦੇ ਹਨ, ਹਰ ਥਾਂ ਮਾਇਆ ਦਾ ਪ੍ਰਭਾਵ ਹੈ । ਲਕੀਰਾਂ ਕੱਢ ਕੇ ਚੌਕੇ ਬਣਾਇਆਂ ਪਵਿੱਤ੍ਰਤਾ ਨਹੀਂ ਬਣ ਸਕਦੀ । ਸਿਰਫ਼ ਉਹੀ ਬੰਦੇ ਸੁੱਚੇ ਹਨ ਜਿਨ੍ਹਾਂ ਨੂੰ ਪਰਮਾਤਮਾ ਦੀ ਸੂਝ ਪੈ ਜਾਂਦੀ ਹੈ ।

ਇਸੇ ਸੰਧਰਭ ਵਿੱਚ ਭਗਤ ਨਾਮਦੇਵ ਜੀ ਦਾ ਹੇਠਲਾ ਸ਼ਬਦ ਵੀ ਲਾਸਾਨੀ ਅਗਵਾਈ ਬਖਸ਼ਦਾ ਹੈ:

"ਆਨੀਲੇ ਕੁੰਭ, ਭਰਾਈਲੇ ਊਦਕ, ਠਾਕੁਰ ਕਉ ਇਸਨਾਨੁ ਕਰਉ ॥ ਬਇਆਲੀਸ ਲਖ ਜੀ ਜਲ ਮਹਿ ਹੋਤੇ, ਬੀਠਲੁ ਭੈਲਾ ਕਾਇ ਕਰਉ ॥੧॥ ਜਤ੍ਰ ਜਾਉ, ਤਤ ਬੀਠਲੁ ਭੈਲਾ ॥ ਮਹਾ ਅਨੰਦ ਕਰੇ ਸਦ ਕੇਲਾ ॥੧॥ ਰਹਾਉ ॥ ਆਨੀਲੇ ਫੂਲ, ਪਰੋਈਲੇ ਮਾਲਾ, ਠਾਕੁਰ ਕੀ ਹਉ ਪੂਜ ਕਰਉ ॥ ਪਹਿਲੇ ਬਾਸੁ ਲਈ ਹੈ ਭਵਰਹ, ਬੀਠਲੁ ਭੈਲਾ ਕਾਇ ਕਰਉ ॥੨॥ ਆਨੀਲੇ ਦੂਧੁ ਰੀਧਾਈਲੇ ਖੀਰੰ, ਠਾਕੁਰ ਕਉ ਨੈਵੇਦੁ ਕਰਉ ॥ ਪਹਿਲੇ ਦੂਧੁ ਬਿਟਾਰਿਓ ਬਛਰੈ, ਬੀਠਲੁ ਭੈਲਾ ਕਾਇ ਕਰਉ ॥੩॥ ਈਭੈ ਬੀਠਲੁ, ਊਭੈ ਬੀਠਲੁ, ਬੀਠਲ ਬਿਨੁ ਸੰਸਾਰੁ ਨਹੀ ॥ ਥਾਨ ਥਨੰਤਰਿ ਨਾਮਾ ਪ੍ਰਣਵੈ, ਪੂਰਿ ਰਹਿਓ ਤੂੰ ਸਰਬ ਮਹੀ ॥੪॥੨॥" {ਪੰਨਾ ੪੮੫}

ਘੜਾ ਲਿਆ ਕੇ (ਉਸ ਵਿਚ) ਪਾਣੀ ਭਰਾ ਕੇ (ਜੇ) ਮੈਂ ਮੂਰਤੀ ਨੂੰ ਇਸ਼ਨਾਨ ਕਰਾਵਾਂ (ਤਾਂ ਉਹ ਇਸ਼ਨਾਨ ਪਰਵਾਨ ਨਹੀਂ, ਪਾਣੀ ਜੂਠਾ ਹੈ, ਕਿਉਂਕਿ) ਪਾਣੀ ਵਿਚ ਬਿਤਾਲੀ ਲੱਖ (ਜੂਨਾਂ ਦੇ) ਜੀਵ ਰਹਿੰਦੇ ਹਨ । (ਪਰ ਮੇਰਾ) ਨਿਰਲੇਪ ਪ੍ਰਭੂ ਤਾਂ ਪਹਿਲਾਂ ਹੀ (ਉਹਨਾਂ ਜੀਵਾਂ ਵਿਚ) ਵੱਸਦਾ ਸੀ (ਤੇ ਇਸ਼ਨਾਨ ਕਰ ਰਿਹਾ ਸੀ; ਤਾਂ ਫਿਰ ਮੂਰਤੀ ਨੂੰ) ਮੈਂ ਕਾਹਦੇ ਲਈ ਇਸ਼ਨਾਨ ਕਰਾਵਾਂ ? ।1।

ਮੈਂ ਜਿੱਧਰ ਜਾਂਦਾ ਹਾਂ, ਉੱਧਰ ਹੀ ਨਿਰਲੇਪ ਪ੍ਰਭੂ ਮੌਜੂਦ ਹੈ (ਸਭ ਜੀਵਾਂ ਵਿਚ ਵਿਆਪਕ ਹੋ ਕੇ) ਬੜੇ ਅਨੰਦ ਚੋਜ ਤਮਾਸ਼ੇ ਕਰ ਰਿਹਾ ਹੈ ।1।ਰਹਾਉ।

ਫੁੱਲ ਲਿਆ ਕੇ ਤੇ ਮਾਲਾ ਪ੍ਰੋ ਕੇ ਜੇ ਮੈਂ ਮੂਰਤੀ ਦੀ ਪੂਜਾ ਕਰਾਂ (ਤਾਂ ਉਹ ਫੁੱਲ ਜੂਠੇ ਹੋਣ ਕਰ ਕੇ ਉਹ ਪੂਜਾ ਪਰਵਾਨ ਨਹੀਂ, ਕਿਉਂਕਿ ਉਹਨਾਂ ਫੁੱਲਾਂ ਦੀ) ਸੁਗੰਧੀ ਪਹਿਲਾਂ ਭੌਰੇ ਨੇ ਲੈ ਲਈ; (ਪਰ ਮੇਰਾ) ਬੀਠਲ ਤਾਂ ਪਹਿਲਾਂ ਹੀ (ਉਸ ਭੌਰੇ ਵਿਚ) ਵੱਸਦਾ ਸੀ (ਤੇ ਸੁਗੰਧੀ ਲੈ ਰਿਹਾ ਸੀ, ਤਾਂ ਫਿਰ ਇਹਨਾਂ ਫੁੱਲਾਂ ਨਾਲ) ਮੂਰਤੀ ਦੀ ਪੂਜਾ ਮੈਂ ਕਾਹਦੇ ਲਈ ਕਰਾਂ ? ।2।

ਦੁੱਧ ਲਿਆ ਕੇ ਖੀਰ ਰਿੰਨ੍ਹਾ ਕੇ ਜੇ ਮੈਂ ਇਹ ਖਾਣ ਵਾਲਾ ਉੱਤਮ ਪਦਾਰਥ ਮੂਰਤੀ ਅੱਗੇ ਭੇਟ ਰੱਖਾਂ (ਤਾਂ ਦੁੱਧ ਜੂਠਾ ਹੋਣ ਕਰ ਕੇ ਭੋਜਨ ਪਰਵਾਨ ਨਹੀਂ, ਕਿਉਂਕਿ ਚੋਣ ਵੇਲੇ) ਪਹਿਲਾਂ ਵੱਛੇ ਨੇ ਦੁੱਧ ਜੂਠਾ ਕਰ ਦਿੱਤਾ ਸੀ; (ਪਰ ਮੇਰਾ) ਬੀਠਲ ਤਾਂ ਪਹਿਲਾਂ ਹੀ (ਉਸ ਵੱਛੇ ਵਿਚ) ਵੱਸਦਾ ਸੀ (ਤੇ ਦੁੱਧ ਪੀ ਰਿਹਾ ਸੀ, ਤਾਂ ਇਸ ਮੂਰਤੀ ਅੱਗੇ) ਮੈਂ ਕਿਉਂ ਨੈਵੇਦ ਭੇਟ ਧਰਾਂ ? ।3।

(ਜਗਤ ਵਿਚ) ਹੇਠਾਂ ਉਤਾਂਹ (ਹਰ ਥਾਂ) ਬੀਠਲ ਹੀ ਬੀਠਲ ਹੈ, ਬੀਠਲ ਤੋਂ ਸੱਖਣਾ ਜਗਤ ਰਹਿ ਹੀ ਨਹੀਂ ਸਕਦਾ । ਨਾਮਦੇਵ ਉਸ ਬੀਠਲ ਅੱਗੇ ਬੇਨਤੀ ਕਰਦਾ ਹੈ—(ਹੇ ਬੀਠਲ !) ਤੂੰ ਸਾਰੀ ਸ੍ਰਿਸ਼ਟੀ ਵਿਚ ਹਰ ਥਾਂ ਵਿਚ ਭਰਪੂਰ ਹੈਂ ।4।2।

ਇਹ ਬ੍ਰਾਹਮਣੀ ਵਿਚਾਰਧਾਰਾ ਦਾ ਪ੍ਰਭਾਵ ਹੀ ਹੈ ਕਿ ਇਹ 'ਭਿੱਟ', ਅੱਜ ਜੂਠ ਦੇ ਨਾਂ ਹੇਠ ਸਿੱਖ ਕੌਮ ਅੰਦਰ ਛਾ ਗਈ ਹੈ। ਹਾਲਾਤ ਇਥੋਂ ਤੱਕ ਵਿਗੜ ਗਏ ਹਨ ਕਿ ਸਿੱਖ, ਸਿੱਖ ਦੇ ਹੱਥ ਦਾ ਤਿਆਰ ਕੀਤਾ ਲੰਗਰ ਨਹੀਂ ਛਕਦਾ। ਕਈ ਭੇਖੀ ਮੂਰਖ ਸਿੱਖ ਗੁਰਦੁਆਰੇ ਵਿੱਚੋਂ ਦੇਗ ਨਹੀਂ ਲੈਂਦੇ। ਉਹ ਗੁਰਦੁਆਰੇ ਵਿੱਚੋਂ ਲੰਗਰ ਜਾਂ ਦੇਗ ਤਾਂ ਹੀ ਛਕਦੇ ਹਨ, ਜੇ ਉਨ੍ਹਾਂ ਦੇ ਜਥੇ ਦੇ ਸਿੱਖਾਂ ਵਲੋਂ ਤਿਆਰ ਕੀਤੀ ਗਈ ਹੋਵੇ। ਇਥੇ ਇਕ ਨਿਜੀ ਜੀਵਨ ਵਿੱਚ ਵਾਪਰੀ ਘਟਨਾ ਸਾਂਝੀ ਕਰਨੀ ਚਾਹਾਂਗਾ। ਕਾਫੀ ਸਮਾਂ ਪਹਿਲੇ ਦੀ ਗੱਲ ਹੈ, ਰਿਸ਼ਤੇਦਾਰੀ ਵਿੱਚ, ਇਕ ਅਨੰਦ ਕਾਰਜ ਵਿੱਚ ਸ਼ਾਮਲ ਹੋਣ ਲਈ ਗਿਆ। ਵਿਆਹ ਵਾਲੇ ਘਰ ਪੁਜਾ, ਤਾਂ ਪਰਵਾਰ ਦੇ ਮੁਖੀ ਸੱਜਣ, ਗੇਟ 'ਤੇ ਖੜ੍ਹੇ ਹੀ ਆਉਣ ਵਾਲਿਆਂ ਨੂੰ, ਜੀ-ਆਇਆਂ ਆਖ ਰਹੇ ਸਨ। ਮੈਂ ਵੀ ਉਨ੍ਹਾਂ ਦੇ ਕੋਲ ਹੀ ਖਲੋ ਗਿਆ। ਥੋੜੀ ਦੇਰ ਵਿੱਚ ਸਾਹਮਣਿਓ, ਕੁਝ ਸਿੱਖਾਂ

ਦਾ ਜਥਾ ਆਉਂਦਾ ਨਜ਼ਰ ਆਇਆ, ਉਨ੍ਹਾਂ ਦੇ ਚਿਹਰੇ ਤੇ ਤਾਂ ਜਿਵੇਂ ਕੋਈ ਚਾਅ ਚੱੜ੍ਹ ਗਿਆ। ਉਨ੍ਹਾਂ ਆਪਣੇ ਪੁੱਤਰ, ਜਿਸ ਦਾ ਨਾਂ ਰਾਜੂ ਸੀ, ਨੂੰ ਉੱਚੀ ਉੱਚੀ ਆਵਾਜ਼ਾਂ ਮਾਰਨੀਆਂ ਸ਼ੁਰੂ ਕਰ ਦਿੱਤੀਆਂ, "ਰਾਜੂ ! ਆਈਂ ਬੇਟਾ, ਬਿਬੇਕੀ ਸਿੰਘ ਆ ਗਏ"। ਅਵਾਜ਼ ਸੁਣ ਕੇ ਰਾਜੂ ਵੀ ਦੌੜਿਆ ਆਇਆ, ਉਹ ਬਿਬੇਕੀ ਸਿੰਘ ਵੀ ਪਹੁੰਚ ਗਏ ਸਨ। ਦੋਹਾਂ ਪਿਓ-ਪੁਤਰਾਂ, ਉਨ੍ਹਾਂ ਨੂੰ ਵਿਸ਼ੇਸ਼ ਸਨਮਾਨ ਨਾਲ ਜੀ ਆਇਆਂ ਆਖਿਆ ਅਤੇ ਫਿਰ ਪਿਤਾ ਨੇ ਰਾਜੂ ਨੂੰ ਕਿਹਾ, "ਜਾ ਬੇਟਾ ! ਬਿਬੇਕੀ ਸਿੰਘਾਂ ਨੂੰ ਕਮਰੇ ਵਿੱਚ ਛੱਡ ਆ" ਤੇ ਫੇਰ ਅਖੌਤੀ ਬਿਬੇਕੀ ਸਿੰਘਾਂ ਵੱਲ ਮੂੰਹ ਕਰਕੇ ਬੋਲੇ, "ਆਪ ਚਲੋ, ਸ਼ੁਰੂ ਕਰੋ, ਤੁਹਾਡਾ ਸਭ ਪ੍ਰਬੰਧ ਹੋਇਆ ਪਿਆ ਹੈ"। ਆਪਣੇ ਉਸ ਰਿਸ਼ਤੇਦਾਰ ਨੂੰ ਉਨ੍ਹਾਂ ਦਾ ਇਤਨਾ ਸਤਿਕਾਰ ਕਰਦੇ ਹੋਏ ਵੇਖ ਕੇ, ਸੁਭਾਵਕ ਹੀ ਮੇਰੇ ਅੰਦਰ ਵੀ ਉਨ੍ਹਾਂ ਪ੍ਰਤੀ, ਜਗਿਆਸਾ ਭਰਿਆ ਸਤਿਕਾਰ ਪੈਦਾ ਹੋ ਗਿਆ। ਉਨ੍ਹਾਂ ਦੇ ਜਾਂਦੇ ਹੀ ਮੈਂ ਆਪਣੇ ਰਿਸ਼ਤੇਦਾਰ ਨੂੰ ਆਖਿਆ, ਕਿ ਉਹ ਮੈਨੂੰ ਵੀ ਉਥੇ ਬਿਬੇਕੀ ਸਿੰਘਾਂ ਕੋਲ ਹੀ ਭੇਜ ਦੇਵੇ। ਉਸ ਬੜੇ ਹੈਰਾਨ ਹੁੰਦੇ ਹੋਏ ਪੁੱਛਿਆ, "ਤੁਸੀਂ ਉਥੇ ਕੀ ਕਰੋਗੇ"? "ਇਹ ਬਿਬੇਕੀ ਸਿੰਘ ਹਨ, ਸਤਿਗੁਰੂ ਦੇ ਇਲਾਹੀ ਗਿਆਨ ਦੀਆਂ ਵਿਚਾਰਾਂ ਕਰਨਗੇ, ਮੈਂ ਵੀ ਸੁਣ ਲਵਾਂਗਾ, ਸ਼ਾਇਦ ਕੁਝ ਮੇਰੇ ਮੂਰਖ ਦੀ ਝੋਲੀ ਵਿੱਚ ਵੀ ਪੈ ਜਾਵੇ", ਮੈਂ ਜੁਆਬ ਦਿੱਤਾ। ਉਹ ਹੱਸਦਾ ਹੋਇਆ ਕਹਿਣ ਲੱਗਾ, "ਨਹੀਂ ਨਹੀਂ, ਇਨ੍ਹਾਂ ਉਥੇ ਕੋਈ ਗੁਰਮਤਿ ਵਿਚਾਰਾਂ ਨਹੀਂ ਕਰਨੀਆਂ, ਇਹ ਬਿਬੇਕੀ ਸਿੰਘ ਹਨ, ਕਿਸੇ ਦੇ ਹੱਥ ਦਾ ਬਣਿਆ ਭੋਜਨ ਨਹੀਂ ਛਕਦੇ, ਉਥੇ ਕੱਚੀ ਸਮੱਗਰੀ ਰੱਖੀ ਹੋਈ ਹੈ, ਆਪੇ ਹੀ ਬਨਾਉਣਗੇ ਤੇ ਆਪੇ ਹੀ ਖਾਣਗੇ"। ਸੁਣ ਕੇ ਮੈਂ ਹੈਰਾਨ ਰਹਿ ਗਿਆ ਅਤੇ ਸੁਭਾਵਕ ਹੀ ਮੇਰੇ ਮੂੰਹੋਂ ਨਿਕਲ ਗਿਆ, "ਤੁਸੀਂ ਇਨ੍ਹਾਂ ਨੂੰ ਬਿਬੇਕੀ ਸਿੰਘ ਕਹਿੰਦੇ ਹੋ, ਇਨ੍ਹਾਂ ਨੂੰ ਤਾਂ ਮੂਰਖ ਸਿੱਖ ਕਹਿਣਾ ਚਾਹੀਦਾ ਹੈ"। ਸੁਭਾਵਕ ਹੈ ਇਹ ਗੱਲ ਮੇਰੇ ਰਿਸ਼ਤੇਦਾਰ ਨੂੰ ਚੰਗੀ ਨਹੀਂ ਲੱਗੀ ਅਤੇ ਉਸ ਨੇ ਭੈੜਾ ਜਿਹਾ ਮੂੰਹ ਬਣਾਇਆ।

ਮੈਂ ਜਾਣਦਾ ਹਾਂ ਕੁਝ ਇਸ ਸਤਰਾਂ ਨੂੰ ਪੜ੍ਹਨ ਵਾਲਿਆਂ ਨੂੰ ਵੀ ਇਹ ਗੱਲ ਚੰਗੀ ਨਹੀਂ ਲਗੇਗੀ ਅਤੇ ਬਹੁਤ ਤਕਲੀਫ ਹੋਵੇਗੀ, ਪਰ ਸਾਨੂੰ ਨਿਰੋਲ ਭਾਵਨਾ ਦੇ ਵੇਗ ਵਿੱਚੋਂ ਨਿਕਲ ਕੇ, ਹਰ ਚੀਜ਼ ਨੂੰ ਗੁਰਮਤਿ ਦੀ ਰੋਸ਼ਨੀ ਵਿੱਚ ਵਿਚਾਰਨਾ ਚਾਹੀਦਾ ਹੈ। ਗੁਰਮਤਿ ਅਨੁਸਾਰ ਬਿਬੇਕ ਦਾ ਭਾਵ ਹੈ, ਉਹ ਬੁੱਧੀ ਜੋ ਸਾਨੂੰ ਸੱਚ-ਝੂਠ, ਧਰਮ-ਪਾਪ, ਨਿਆਂ-ਅਨਿਆਂ ਆਦਿ ਭਾਵ ਚੰਗੇ-ਮੰਦੇ ਕਰਮਾਂ ਦਾ ਨਿਖੇੜਾ ਕਰਨ ਦੀ ਸਮਰੱਥਾ ਬਖ਼ਸ਼ਦੀ ਹੈ, ਸੋ ਗੁਰਬਾਣੀ ਅਨੁਸਾਰ ਬਿਬੇਕੀ ਉਹ ਹੈ, ਜਿਸ ਨੇ ਸਤਿਗੁਰੂ ਦਾ ਇਲਾਹੀ ਗਿਆਨ ਪ੍ਰਾਪਤ ਕਰ ਕੇ, ਜੀਵਨ ਵਿੱਚ ਧਾਰਨ ਕਰ ਲਿਆ ਹੈ ਅਤੇ ਇਹ ਨਿਰਣਾ ਕਰਨ ਦੀ, ਸਮਰੱਥਾ ਪ੍ਰਾਪਤ ਕਰ ਲਈ ਹੈ। ਸਤਿਗੁਰੂ ਦੇ ਬਚਨ ਹਨ:

"ਬਿਬੇਕ ਬੁਧਿ ਸਤਿਗੁਰ ਤੇ ਪਾਈ ਗੁਰ ਗਿਆਨੁ ਗੁਰੂ ਪ੍ਰਭ ਕੇਰਾ ॥ ਜਨ ਨਾਨਕ ਨਾਮੁ ਗੁਰੂ ਤੇ ਪਾਇਆ ਧੁਰਿ ਮਸਤਕਿ ਭਾਗੁ ਲਿਖੇਰਾ ॥ {ਰਾਗੁ ਟੋਡੀ ਮਹਲਾ ੪, ਪੰਨਾ ੭੧੧}

ਹੇ ਦਾਸ ਨਾਨਕ ! ਜਿਨ੍ਹਾਂ ਮਨੁੱਖਾਂ ਦੇ ਮੱਥੇ ਉਤੇ ਧੁਰੋਂ ਲਿਖਿਆ ਚੰਗਾ ਭਾਗ ਉੱਘੜ ਪਿਆ, ਉਹਨਾਂ ਨੇ ਗੁਰੂ ਪਾਸੋਂ ਪਰਮਾਤਮਾ ਦਾ ਨਾਮ ਪ੍ਰਾਪਤ ਕਰ ਲਿਆ, ਉਹਨਾਂ ਨੇ ਗੁਰੂ ਪਾਸੋਂ ਚੰਗੇ ਮੰਦੇ ਕੰਮ ਦੀ ਪਰਖ ਕਰਨ ਵਾਲੀ ਬਿਬੇਕ ਬੁਧਿ ਹਾਸਲ ਕਰ ਲਈ, ਉਹਨਾਂ ਨੇ ਪਰਮਾਤਮਾ ਦੇ ਮਿਲਾਪ ਵਾਸਤੇ ਗੁਰੂ ਪਾਸੋਂ ਆਤਮਕ ਜੀਵਨ ਦੀ ਸੂਝ ਪ੍ਰਾਪਤ ਕਰ ਲਈ

/"ਗੁਰਮੁਖਿ ਗਿਆਨੁ ਬਿਬੇਕ ਬੁਧਿ ਹੋਇ ॥ ਹਰਿ ਗੁਣ ਗਾਵੈ ਹਿਰਦੈ ਹਾਰੁ ਪਰੋਇ ॥ ਪਵਿਤੁ ਪਾਵਨੁ ਪਰਮ ਬੀਚਾਰੀ ॥ ਜਿ ਓਸੁ ਮਿਲੈ ਤਿਸੁ ਪਾਰਿ ਉਤਾਰੀ ॥"

{ਸਲੋਕ ਮ: ੩, ਪੰਨਾ ੩੧੭}

ਜੋ ਮਨੁੱਖ ਸਤਿਗੁਰੂ ਦੇ ਸਨਮੁਖ ਰਹਿੰਦਾ ਹੈ, ਉਸ ਵਿਚ ਗਿਆਨ ਤੇ ਵਿਚਾਰ ਵਾਲੀ ਬਿਬੇਕ ਬੁਧਿ(ਅਕਲਿ) ਹੁੰਦੀ ਹੈ; ਉਹ ਹਰੀ ਦੇ ਗੁਣ ਗਾਉਂਦਾ ਹੈ ਤੇ ਹਿਰਦੇ ਵਿਚ (ਗੁਣਾਂ ਦਾ) ਹਾਰ ਪ੍ਰੋ ਲੈਂਦਾ ਹੈ, (ਆਚਰਨ ਦਾ) ਬੜਾ ਸੁੱਧ ਤੇ ਉੱਚੀ ਮਤਿ ਵਾਲਾ ਹੁੰਦਾ ਹੈ। ਜੋ ਮਨੁੱਖ ਉਸ ਦੀ ਸੰਗਤਿ ਕਰਦਾ ਹੈ ਉਸ ਨੂੰ ਭੀ ਉਹ (ਸੰਸਾਰ-ਸਾਗਰ ਤੋਂ) ਪਾਰ ਉਤਾਰ ਲੈਂਦਾ ਹੈ।

ਭੁੱਲੜ ਵੀਰ ਬਿਬੇਕੀ ਸ਼ਬਦ ਉਨ੍ਹਾਂ ਲਈ ਵਰਤ ਰਹੇ ਹਨ, ਜਿਨ੍ਹਾਂ ਦੀ ਸੋਚ ਹੀ ਗੁਰਮਤਿ ਵਿਰੋਧੀ ਹੈ। ਭਿਟ ਤਾਂ ਸਿੱਖੀ ਵਿੱਚ ਮੂਲੋਂ ਪਰਵਾਨ ਨਹੀਂ। ਐਸੀ ਸੋਚ ਵਾਲਿਆਂ ਨੂੰ ਤਾਂ ਗੁਰੂ ਨਾਨਕ ਪਾਤਿਸ਼ਾਹ ਨੇ ਫਿਟਕਾਰ ਪਾਈ ਹੈ। ਸਤਿਗੁਰੂ ਦਾ ਫੁਰਮਾਨ ਹੈ:

"ਦੇ ਕੈ ਚਉਕਾ ਕਢੀ ਕਾਰ ॥ ਉਪਰਿ ਆਇ ਬੈਠੇ ਕੂੜਿਆਰ ॥ ਮਤੁ ਭਿਟੈ ਵੇ ਮਤੁ ਭਿਟੈ ॥ ਇਹੁ ਅੰਨੁ ਅਸਾਡਾ ਫਿਟੈ ॥ ਤਨਿ ਫਿਟੈ ਫੇੜ ਕਰੇਨਿ ॥ ਮਨਿ ਜੂਠੈ ਚੁਲੀ ਭਰੇਨਿ ॥"

{ਮਃ ੧, ਪੰਨਾ ੪੭੨}

ਚੌਕਾ ਬਣਾ ਕੇ (ਦੁਆਲੇ) ਲਕੀਰਾਂ ਕੱਢਦੇ ਹਨ, (ਪਰ ਇਸ) ਚੌਕੇ ਵਿਚ ਉਹ ਮਨੁੱਖ ਆ ਬੈਠਦੇ ਹਨ ਜੋ ਆਪ ਝੂਠੇ ਹਨ। (ਹੋਰਨਾਂ ਨੂੰ ਆਖਦੇ ਹਨ—ਸਾਡੇ ਚੌਕੇ ਦੇ ਨੇੜੇ ਨਾ ਆਉਣਾ) ਕਿਤੇ ਚੌਕਾ ਭਿੱਟਿਆ ਨਾਹ ਜਾਏ ਅਤੇ ਸਾਡਾ ਅੰਨ ਖ਼ਰਾਬ ਨਾਹ ਹੋ ਜਾਏ; (ਪਰ ਆਪ ਇਹ ਲੋਕ) ਅਪਵਿੱਤਰ ਸਰੀਰ ਨਾਲ ਮੰਦੇ ਕੰਮ ਕਰਦੇ ਹਨ ਅਤੇ ਜੂਠੇ ਮਨ ਨਾਲ ਹੀ (ਭਾਵ, ਮਨ ਤਾਂ ਅੰਦਰੋਂ ਮਲੀਨ ਹੈ) ਚੂਲੀਆਂ ਕਰਦੇ ਹਨ।

ਗੁਰੂ ਨਾਨਕ ਪਾਤਿਸ਼ਾਹ ਆਪਣੀਆਂ ਪ੍ਰਚਾਰ ਫੇਰੀਆਂ, ਜਿਨ੍ਹਾਂ ਨੂੰ ਅਸੀਂ ਉਦਾਸੀਆਂ ਆਖਦੇ ਹਾਂ, ਦੌਰਾਨ ਹਰਿਦੁਆਰ ਪੁੱਜੇ, ਜਿਥੇ ਇਕ ਬ੍ਰਾਹਮਣ ਉਸ ਵੇਲੇ ਭੋਜਨ ਬਨਾਉਣ ਦੀ ਤਿਆਰੀ ਕਰ ਰਿਹਾ ਸੀ। ਉਸਨੇ ਆਪਣੇ ਚੌਂਕੇ ਵਿੱਚ ਗੋਬਰ ਦਾ ਪੋਚਾ ਮਾਰ ਕੇ, ਪਾਣੀ ਦੀ ਚੂਲੀ ਨਾਲ ਚੌਂਕੇ ਦੇ ਆਲੇ ਦੁਆਲੇ ਇਕ ਕਾਰ(ਲੀਕ) ਕੱਢੀ ਅਤੇ ਆਪਣੇ ਵਲੋਂ ਚੌਂਕਾ ਪਵਿੱਤਰ(ਉਨ੍ਹਾਂ ਦੀ ਸੋਚ ਅਨੁਸਾਰ) ਕੀਤਾ ਅਤੇ ਅੱਗ ਬਾਲ ਕੇ ਭੋਜਨ ਬਨਾਉਣਾ ਸ਼ੁਰੂ ਕੀਤਾ। ਗੁਰੂ ਨਾਨਕ ਪਾਤਿਸ਼ਾਹ ਨੇ ਮਰਦਾਨਾ ਜੀ ਨੂੰ ਕਿਹਾ, ਮਰਦਾਨਿਆਂ ਲੰਗਰ ਛਕਣ ਦਾ ਸਮਾਂ ਹੋ ਗਿਐ, ਤੂੰ ਵੀ ਪ੍ਰਸ਼ਾਦਾ ਬਣਾ ਲੈ। ਮਰਦਾਨਾ ਜੀ ਕਹਿਣ ਲੱਗੇ, ਸਤਿਗੁਰੂ ਇਥੇ ਅੱਗ ਬਾਲਣ ਦਾ ਕੋਈ ਸਾਧਨ ਨਹੀਂ ਹੈ। ਸਤਿਗੁਰੂ ਨੇ ਕਿਹਾ, ਮਰਦਾਨਿਆਂ ਸਾਹਮਣੇ ਪੰਡਿਤ ਕੋਲੋਂ ਅੱਗ ਦੇ ਇਕ-ਦੋ ਕੋਲੇ ਮੰਗ ਲਿਆ। ਮਰਦਾਨਾ ਜੀ ਗੁਰੂ ਨਾਨਕ ਸਾਹਿਬ ਦਾ ਇਸ਼ਾਰਾ ਸਮਝ ਕੇ ਪੰਡਿਤ ਦੇ ਚੌਂਕੇ 'ਤੇ ਪਹੁੰਚ ਗਏ। ਜਿਵੇਂ ਹੀ ਪੰਡਿਤ ਨੇ ਵੇਖਿਆ, ਇਕ ਛੋਟੀ ਜ਼ਾਤ ਦੇ ਡੂੰਮ(ਮਰਾਸੀ) ਨੇ, ਉਸ ਦੇ ਪਵਿੱਤਰ ਚੌਂਕੇ ਨੂੰ ਭਿੱਟ ਦਿਤਾ ਹੈ, ਉਹ ਅੱਗ ਬਬੂਲਾ ਹੋ ਗਿਆ ਅਤੇ ਅੱਗ ਵਿੱਚੋਂ ਇਕ ਬਲਦੀ ਲੱਕੜ ਚੁੱਕ ਕੇ ਮਰਦਾਨਾ ਜੀ ਦੇ ਪਿੱਛੇ ਨੱਸਿਆ। ਅੱਗੇ ਮਰਦਾਨਾ ਜੀ ਅਤੇ ਮਗਰ ਗੁੱਸੇ ਨਾਲ ਲਾਲ-ਪੀਲਾ ਹੋਇਆ, ਉਹ ਬ੍ਰਾਹਮਣ ਗੁਰੂ ਨਾਨਕ ਪਾਤਿਸ਼ਾਹ ਕੋਲ ਪਹੁੰਚ ਗਏ। ਗੁਰੂ ਨਾਨਕ ਪਾਤਿਸ਼ਾਹ ਮੁਸਕਰਾ ਕੇ ਬੋਲੇ, ਪੰਡਿਤ ਜੀ ! ਅਸੀਂ ਤਾਂ ਕੇਵਲ ਕੋਲਾ ਮੰਗਿਆ ਸੀ, ਤੁਸੀਂ ਪੂਰੀ ਲੱਕੜ ਹੀ ਲੈ ਆਏ ਹੋ, ਨਾਲੇ ਬੰਦਾ ਭੇਜਿਆ ਸੀ, ਤੁਹਾਨੂੰ ਆਪ ਖੇਚਲ ਕਰਨ ਦੀ ਕੀ ਲੋੜ ਸੀ? ਗੁਰੂ ਨਾਨਕ ਪਾਤਿਸ਼ਾਹ ਦੇ ਲਫਜ਼ਾਂ ਨੇ ਉਸ ਦੇ ਗੁੱਸੇ ਨੂੰ ਹੋਰ ਭੜਕਾ ਦਿੱਤਾ ਅਤੇ ਉਹ ਮਰਦਾਨਾ ਜੀ ਪ੍ਰਤੀ ਅਪਸ਼ਬਦ ਬੋਲਣ ਲਗਾ ਕਿ ਇਸ ਸ਼ੂਦਰ ਨੇ ਮੇਰਾ ਪਵਿੱਤਰ ਕੀਤਾ ਹੋਇਆ ਚੌਂਕਾ

ਅਪਵਿੱਤਰ ਕਰ ਦਿੱਤਾ ਹੈ। ਗੁਰੂ ਨਾਨਕ ਸਾਹਿਬ ਨੇ ਉਸ ਨੂੰ ਸ਼ਾਂਤ ਕਰਕੇ ਸਮਝਾਇਆ, ਕਿ ਨਾ ਕੋਈ ਇਨਸਾਨ ਅਛੂਤ(ਛੋਟੀ ਜ਼ਾਤ ਦਾ) ਹੁੰਦਾ ਹੈ ਅਤੇ ਨਾ ਹੀ ਕਿਸੇ ਮਨੁੱਖ ਦੀ ਛੋਹ ਨਾਲ ਕੋਈ ਸਥਾਨ ਜਾਂ ਵਸਤ ਭਿੱਟਦੀ ਜਾਂ ਅਪਵਿੱਤਰ ਹੁੰਦੀ ਹੈ। ਨੀਚ ਤਾਂ ਸਾਡੇ ਮੰਦ ਕਰਮਾਂ ਵਾਲੇ ਔਗੁਣ ਹਨ, ਜਿਨ੍ਹਾਂ ਇਸ ਜੀਵਨ ਨੂੰ ਅਪਵਿੱਤਰ ਕੀਤਾ ਪਿਆ ਹੈ। ਲੋੜ ਉਨ੍ਹਾਂ ਮੰਦ ਕਰਮਾਂ ਨੂੰ ਤਿਆਗ ਕੇ ਇਸ ਜੀਵਨ ਨੂੰ ਪਵਿੱਤਰ ਕਰਨ ਦੀ ਹੈ। ਉਸ ਸਮੇਂ ਗੁਰੂ ਨਾਨਕ ਪਾਤਿਸ਼ਾਹ ਨੇ ਇਹ ਪਾਵਨ ਸ਼ਬਦ ਉਚਾਰਨ ਕੀਤਾ:

"ਕੁਬੁਧਿ ਡੂਮਣੀ, ਕੁਦਇਆ ਕਸਾਇਣਿ, ਪਰਨਿੰਦਾ ਘਟ ਚੂਹੜੀ, ਮੁਠੀ ਕ੍ਰੋਧਿ ਚੰਡਾਲਿ ॥ ਕਾਰੀ ਕਢੀ ਕਿਆ ਥੀਐ, ਜਾਂ ਚਾਰੇ ਬੈਠੀਆ ਨਾਲਿ ॥ ਸਚੁ ਸੰਜਮੁ ਕਰਣੀ ਕਾਰਾਂ, ਨਾਵਣੁ ਨਾਉ ਜਪੇਹੀ ॥ ਨਾਨਕ ਅਗੈ ਊਤਮ ਸੇਈ, ਜਿ ਪਾਪਾ ਪੰਦਿ ਨ ਦੇਹੀ ॥੧॥"

{ਸਲੋਕ ਮ: ੧, ਪੰਨਾ ੯੧}

ਭੈੜੀ ਮਤਿ (ਮਨੁੱਖ ਦੇ ਅੰਦਰ ਦੀ) ਮਿਰਾਸਣ ਹੈ, ਬੇ-ਤਰਸੀ ਕਸਾਇਣ ਹੈ, ਪਰਾਈ ਨਿੰਦਿਆ ਅੰਦਰ ਦੀ ਚੂਹੜੀ ਹੈ, ਤੇ ਕ੍ਰੋਧ ਚੰਡਾਲਣੀ (ਹੈ ਜਿਸ) ਨੇ (ਜੀਵ ਦੇ ਸ਼ਾਂਤ ਸੁਭਾਉ ਨੂੰ) ਠੱਗ ਰੱਖਿਆ ਹੈ । ਜੇ ਇਹ ਚਾਰੇ ਅੰਦਰ ਹੀ ਬੈਠੀਆਂ ਹੋਣ, ਤਾਂ (ਬਾਹਰ ਚੌਂਕਾ ਸੁੱਚਾ ਰੱਖਣ ਲਈ) ਲਕੀਰਾਂ ਕੱਢਣ ਦਾ ਕੀਹ ਲਾਭ ? ਹੇ ਨਾਨਕ ! ਜੋ ਮਨੁੱਖ 'ਸੱਚ' ਨੂੰ (ਚੌਂਕਾ ਸੁੱਚਾ ਕਰਨ ਦੀ) ਜੁਗਤਿ ਬਣਾਂਦੇ ਹਨ, ਉੱਚੇ ਆਚਰਨ ਨੂੰ (ਚੌਂਕੇ ਦੀਆਂ) ਲਕੀਰਾਂ ਬਣਾਂਦੇ ਹਨ, ਜੋ ਨਾਮ ਜਪਦੇ ਹਨ ਤੇ ਇਸ ਨੂੰ (ਤੀਰਥ) ਇਸ਼ਨਾਨ ਸਮਝਦੇ ਹਨ, ਜੋ ਹੋਰਨਾਂ ਨੂੰ ਭੀ ਪਾਪਾਂ ਵਾਲੀ ਸਿੱਖਿਆ ਨਹੀਂ ਦੇਂਦੇ, ਉਹ ਮਨੁੱਖ ਪ੍ਰਭੂ ਦੀ ਹਜ਼ੂਰੀ ਵਿਚ ਚੰਗੇ ਗਿਣੇ ਜਾਂਦੇ ਹਨ ।1।

ਅੱਜ ਸਿੱਖ ਕੌਮ ਅੰਦਰ ਹੀ ਮਹਾਂ-ਬ੍ਰਾਹਮਣ ਪੈਦਾ ਹੋ ਗਏ ਹਨ, ਜਿਨ੍ਹਾਂ ਦਾ ਚੌਂਕਾ ਉਨ੍ਹਾਂ ਦੇ ਜਥੇ ਤੋਂ ਬਾਹਰਲੇ ਸਿੱਖ ਦੇ ਛੂਹਣ ਨਾਲ ਹੀ ਅਪਵਿੱਤਰ ਹੋ ਜਾਂਦਾ ਹੈ, ਉਸ ਦੇ ਹੱਥ ਲੱਗਣ ਨਾਲ ਉਨ੍ਹਾਂ ਦਾ ਭੋਜਨ ਜੂਠਾ(ਭਿੱਟ) ਹੋ ਜਾਂਦਾ ਹੈ। ਭਲਾ ਕੋਈ ਪੁੱਛੇ ! ਜਿਹੜੀ ਰਸਦ ਇਸਤੇਮਾਲ ਕਰ ਰਹੇ ਹੋ, ਇਹ ਕਿਹੜੀ ਘਰ ਉਗਾਈ ਅਤੇ ਸੰਭਾਲੀ ਹੈ? ਪਤਾ ਨਹੀਂ ਕਿਥੋਂ-ਕਿਥੋਂ ਕਿਹੜੇ-ਕਿਹੜੇ ਹਾਲਾਤ 'ਚੋਂ ਨਿਕਲ ਕੇ ਆਈ ਹੈ। ਇਕ ਹੋਰ ਛੋਟੀ ਜਿਹੀ ਗੱਲ ਯਾਦ ਆਈ। ਬਹੁਤ ਪਹਿਲੇ ਦੀ ਗੱਲ ਹੈ, ਅਜੇ ਸਤਿਗੁਰੂ ਨੇ ਗੁਰਮਤਿ ਗਿਆਨ ਦੀ ਬਹੁਤੀ ਸੋਝੀ ਨਹੀਂ ਸੀ ਬਖਸ਼ੀ, ਕੇਵਲ ਭਾਵਨਾ ਦੀ ਸਿੱਖੀ ਹੀ ਸੀ। ਘਰ ਪ੍ਰਭਾਤ ਫੇਰੀ ਬੁਲਾਈ ਸੀ, ਉਨ੍ਹਾਂ ਵਾਸਤੇ ਚਾਹ-ਪਾਣੀ ਦਾ ਪ੍ਰਬੰਧ ਕਰਨ ਨਿਕਲਿਆ। ਇਕ ਜਾਣਕਾਰ ਸਿੱਖ ਦੁੱਧ ਵੇਚਣ ਵਾਲੇ ਦੀ ਦੁਕਾਨ ਤੇ ਪੁੱਜਾ ਅਤੇ ਕਿਹਾ, ਪ੍ਰਭਾਤ ਫੇਰੀ ਲਈ ਦੁੱਧ ਚਾਹੀਦਾ ਹੈ, ਸਾਫ-ਸੁਥਰਾ ਦੁੱਧ ਦੇਣਾ। ਉਸ ਮੁਸਕਰਾ ਕੇ ਕਿਹਾ ਸਰਦਾਰ ਜੀ ! ਅਸੀ ਭਾਵੇਂ ਥਣਾਂ ਨੂੰ ਬਾਹਰੋਂ ਧੋ ਤਾਂ ਲੈਂਦੇ ਹਾਂ ਪਰ ਮੱਝਾਂ ਨੂੰ ਪਹਿਲਾਂ ਕੱਟੇ-ਕੱਟੀਆਂ ਜ਼ਰੂਰ ਚੁੰਘਦੇ ਹਨ, ਨਾਲੇ ਸਾਡੇ ਕੋਲ ਅੰਮ੍ਰਿਤਧਾਰੀ ਮੱਝ ਕੋਈ ਨਹੀਂ ਜੇ। ਉਸ ਸਿੱਧੇ-ਸਾਦੇ ਸਿੱਖ ਦੇ ਇਨ੍ਹਾਂ ਵਿਅੰਗ ਭਰੇ ਸ਼ਬਦਾਂ ਨੇ ਅਕਲ ਦੇ ਸਾਰੇ ਪੜਦੇ ਹਿਲਾ ਦਿੱਤੇ। ਗੁਰਬਾਣੀ ਦੀਆਂ ਇਹ ਪੰਕਤੀਆਂ ਕੰਨਾਂ ਵਿੱਚ ਗੂੰਜ ਉਠੀਆਂ:

"ਦੂਧੁ ਤ ਬਛਰੈ ਥਨਹੁ ਬਿਟਾਰਿਓ ॥ ਫੂਲੁ ਭਵਰਿ, ਜਲੁ ਮੀਨਿ ਬਿਗਾਰਿਓ ॥੧॥ ਮਾਈ ਗੋਬਿੰਦ ਪੂਜਾ ਕਹਾ ਲੈ ਚਰਾਵਉ ॥ ਅਵਰੁ ਨ ਫੂਲੁ, ਅਨੂਪੁ ਨ ਪਾਵਉ ॥"

{ਗੂਜਰੀ ਸ੍ਰੀ ਰਵਿਦਾਸ ਜੀ, ਪੰਨਾ ੫੨੫}

ਦੁੱਧ ਤਾਂ ਥਣਾਂ ਤੋਂ ਹੀ ਵੱਛੇ ਨੇ ਜੂਠਾ ਕਰ ਦਿੱਤਾ; ਫੁੱਲ ਭੌਰੇ ਨੇ (ਸੁੰਘ ਕੇ) ਤੇ ਪਾਣੀ ਮੱਛੀ ਨੇ ਖ਼ਰਾਬ ਕਰ ਦਿੱਤਾ (ਸੋ, ਦੁੱਧ ਫੁੱਲ ਪਾਣੀ ਇਹ ਤਿੰਨੇ ਹੀ ਜੂਠੇ ਹੋ ਜਾਣ ਕਰਕੇ ਪ੍ਰਭੂ ਅੱਗੇ ਭੇਟ ਕਰਨ ਜੋਗੇ ਨਾਹ ਰਹਿ ਗਏ) ।1।

ਹੇ ਮਾਂ ! ਗੋਬਿੰਦ ਦੀ ਪੂਜਾ ਕਰਨ ਲਈ ਮੈਂ ਕਿਥੋਂ ਕੋਈ ਚੀਜ਼ ਲੈ ਕੇ ਭੇਟ ਕਰਾਂ ? ਕੋਈ ਹੋਰ (ਸੁੱਚਾ) ਫੁੱਲ (ਆਦਿਕ ਮਿਲ) ਨਹੀਂ (ਸਕਦਾ) । ਕੀ ਮੈਂ (ਇਸ ਘਾਟ ਕਰ ਕੇ) ਉਸ ਸੋਹਣੇ ਪ੍ਰਭੂ ਨੂੰ ਪ੍ਰਾਪਤ ਨਹੀਂ ਕਰ ਸਕਾਂਗਾ ? ।

ਆਪਣੇ ਆਪ ਵਿੱਚ ਡਾਢੀ ਸ਼ਰਮਿੰਦਗੀ ਹੋਈ ਕਿ ਮੈਂ ਕੈਸੀ ਮੂਰਖਾਂ ਵਾਲੀ ਗੱਲ ਕੀਤੀ ਹੈ। ਜੀਵਨ ਦੀ ਇਸ ਸਚਾਈ ਨੂੰ ਜਾਨਣ ਤੋਂ ਬਾਅਦ ਕਿਸ ਸੁੱਚ ਅਤੇ ਪਵਿੱਤ੍ਰਤਾ ਦਾ ਵਿਖਾਵਾ ਕੀਤਾ ਜਾ ਰਿਹਾ ਹੈ? ਹੈਰਾਨਗੀ ਦੀ ਗੱਲ ਹੈ ਕਿ ਭੋਲੇ-ਭਾਲੇ, ਗਿਆਨ ਵਿਹੂਣੇ ਸਿੱਖ ਉਨ੍ਹਾਂ ਦਾ ਵਿਸ਼ੇਸ਼ ਸਤਿਕਾਰ ਕਰਦੇ ਹਨ, ਜਦਕਿ ਹਰ ਉਹ ਕਰਮ, ਜੋ ਗੁਰਮਤਿ ਦੇ ਵਿਰੁਧ ਹੈ, ਉਸ ਨੂੰ ਨਿੰਦਿਆ ਜਾਣਾ ਚਾਹੀਦਾ ਹੈ। ਕੌਡਾ ਭੀਲ, ਜਿਸਨੂੰ ਅਸੀਂ ਅੱਜ ਵੀ 'ਰਾਕਸ਼' ਆਖਦੇ ਹਾਂ, ਭਾਈ ਸੱਜਣ, ਜਿਸ ਨੂੰ ਹੁਣ ਵੀ 'ਠੱਗ' ਹੀ ਕਹੀ ਜਾ ਰਹੇ ਹਾਂ, ਐਸੇ ਕਈ ਬ੍ਰਾਹਮਣ ਤੇ ਹੋਰ ਮਨੁੱਖਾਂ ਦਾ ਜੀਵਨ, ਗੁਰੂ ਨਾਨਕ ਸਾਹਿਬ ਦਾ ਇਕ ਸ਼ਬਦ ਸੁਣ ਕੇ ਬਦਲ ਗਿਆ, ਸਾਰੀ ਮੈਲ ਲਹਿ ਗਈ ਅਤੇ ਜੀਵਨ ਪਵਿੱਤਰ ਹੋ ਗਿਆ। ਇਥੇ ਰੋਜ਼ ਢੋਲਕੀਆਂ ਛੈਣੇ ਖੜਕਾ ਕੇ ਪਤਾ ਨਹੀਂ ਕਿਤਨੇ ਸ਼ਬਦਾਂ ਦਾ ਰਟਨ ਹੋ ਰਿਹਾ ਹੈ, ਪਰ ਮਨ ਤੋਂ ਅਗਿਆਨਤਾ ਦੀ ਮੈਲ ਨਹੀਂ ਲਹਿੰਦੀ। ਕਾਰਨ ਇਕੋ ਹੋ ਸਕਦਾ ਹੈ, ਕਦੇ ਸ਼ਬਦ ਨੂੰ ਸਤਿਗੁਰੂ ਦਾ ਇਲਾਹੀ ਗਿਆਨ ਪ੍ਰਾਪਤ ਕਰਨ ਲਈ ਨਹੀਂ ਪੜ੍ਹਿਆ ਜਾਂ ਗਾਇਨ ਕੀਤਾ।

ਗੁਰਮਤਿ ਵਿੱਚ ਐਸੀ ਬਾਹਰ ਦੀ ਪਵਿੱਤ੍ਰਤਾ ਦੀ ਕੋਈ ਮਹਤੱਤਾ ਨਹੀਂ। ਗੁਰਬਾਣੀ ਤਾਂ ਮਨ ਨੂੰ ਪਵਿੱਤਰ ਕਰਨ ਲਈ ਪ੍ਰੇਰਦੀ ਹੈ ਜਿਸ ਨਾਲ ਜੀਵਨ ਪਵਿੱਤਰ ਹੋ ਜਾਵੇ। ਇਸ ਪ੍ਰਥਾਏ ਗੁਰਬਾਣੀ ਦੇ ਬੇਅੰਤ ਪ੍ਰਮਾਣ ਹਨ, ਜਿਨ੍ਹਾਂ ਵਿੱਚੋਂ ਕੁਝ ਇਕ ਹੇਠਾਂ ਸਾਂਝੇ ਕਰ ਰਿਹਾ ਹਾਂ:

"ਅੰਤਰਿ ਜੂਠਾ ਕਿਉ ਸੁਚਿ ਹੋਇ ॥ ਸਬਦੀ ਧੋਵੈ ਵਿਰਲਾ ਕੋਇ ॥ ਗੁਰਮੁਖਿ ਕੋਈ ਸਚੁ ਕਮਾਵੈ ॥ ਆਵਣੁ ਜਾਣਾ ਠਾਕਿ ਰਹਾਵੈ ॥" (ਪ੍ਰਭਾਤੀ ਮਹਲਾ ੧, ਪੰਨਾ ੧੩੪੪)

ਜਿਸ ਮਨੁੱਖ ਦਾ ਮਨ (ਵਿਕਾਰਾਂ ਨਾਲ) ਮੈਲਾ ਹੋ ਚੁਕਾ ਹੋਵੇ ਉਸ ਦੇ ਅੰਦਰ (ਬਾਹਰਲੇ ਇਸ਼ਨਾਨ ਆਦਿਕ ਨਾਲ) ਪਵਿੜ੍ਰਤਾ ਨਹੀਂ ਆ ਸਕਦੀ । ਕੋਈ ਵਿਰਲਾ ਮਨੁੱਖ ਗੁਰੂ ਦੇ ਸ਼ਬਦ ਨਾਲ ਹੀ (ਮਨ ਨੂੰ) ਸਾਫ਼ ਕਰਦਾ ਹੈ । ਕੋਈ ਵਿਰਲਾ ਹੀ ਗੁਰੂ ਦੀ ਸਰਨ ਪੈ ਕੇ ਸਦਾ-ਥਿਰ ਨਾਮ ਨੂੰ ਸਿਮਰਨ ਦੀ ਕਾਰ ਕਰਦਾ ਹੈ ਤੇ ਆਪਣੇ ਮਨ ਦੀ ਭਟਕਣਾ ਨੂੰ ਰੋਕ ਰੱਖਦਾ ਹੈ ।6।

"ਤਨੁ ਸੂਚਾ ਸੋ ਆਖੀਐ ਜਿਸੁ ਮਹਿ ਸਾਚਾ ਨਾਉ ॥ ਭੈ ਸਚਿ ਰਾਤੀ ਦੇਹੁਰੀ ਜਿਹਵਾ ਸਚੁ ਸੁਆਉ ॥ ਸਚੀ ਨਦਰਿ ਨਿਹਾਲੀਐ ਬਹੁੜਿ ਨ ਪਾਵੈ ਤਾਉ ॥"

{ਸਿਰੀ ਰਾਗੁ ਮਹਲਾ ੧, ਪੰਨਾ ੧੯}

ਜੇਹੜਾ ਸੁੰਦਰ ਸਰੀਰ ਪਰਮਾਤਮਾ ਦੇ ਅਦਬ-ਪਿਆਰ ਵਿਚ ਪਰਮਾਤਮਾ ਦੀ ਯਾਦ ਵਿਚ ਰੰਗਿਆ ਰਹਿੰਦਾ ਹੈ, ਜਿਸ ਦੀ ਜੀਭ ਨੂੰ ਸਿਮਰਨ ਹੀ (ਆਪਣੀ ਹਸਤੀ ਦਾ) ਅਸਲ ਮਨੋਰਥ ਜਾਪਦਾ ਹੈ, ਜਿਸ ਸਰੀਰ ਵਿਚ ਸਦਾ-ਥਿਰ ਪ੍ਰਭੂ ਦਾ ਨਾਮ ਟਿਕਿਆ ਰਹਿੰਦਾ ਹੈ ਉਹੀ ਸਰੀਰ ਪਵਿੜ੍ਰ ਅਖਵਾ ਸਕਦਾ ਹੈ । ਜਿਸ ਉਤੇ ਪ੍ਰਭੂ ਦੀ ਮਿਹਰ ਦੀ ਨਜ਼ਰ ਹੁੰਦੀ

ਹੈ, ਉਹ ਮੁੜ ਮੁੜ (ਚੌਰਾਸੀ ਦੇ ਗੇੜ ਦੀ ਕੁਠਾਲੀ ਵਿਚ ਪੈ ਕੇ) ਤਾਅ (ਸੇਕ) ਨਹੀਂ ਸਹਾਰਦਾ ।2।

"ਅਨਦਿਨੁ ਸੂਚੇ ਹਰਿ ਗੁਣ ਸੰਗਾ ॥" {ਆਸਾ ਮਹਲਾ ੧, ਪੰਨਾ ੩੫੪}

ਜੇਹੜੇ ਮਨੁੱਖ ਹਰ ਰੋਜ਼ (ਹਰ ਵੇਲੇ) ਪਰਮਾਤਮਾ ਦੀ ਸਿਫ਼ਤਿ-ਸਾਲਾਹ ਨਾਲ ਸਾਥ ਬਣਾਂਦੇ ਹਨ ਉਹਨਾਂ ਦਾ ਜੀਵਨ ਪਵਿਤ੍ਰ ਹੁੰਦਾ ਹੈ।

"ਮਨਿ ਮੁਖਿ ਸੂਚੇ ਜਾਣੀਅਹਿ ਗੁਰਮੁਖਿ ਜਿਨਾ ਗਿਆਨੁ ॥"
{ਸਿਰੀਰਾਗੁ ਮਹਲਾ ੧, ਪੰਨਾ ੫੫}

ਮਨ ਅਤੇ ਮੂੰਹ ਉਨ੍ਹਾਂ ਦੇ ਸੁੱਚੇ ਹੁੰਦੇ ਹਨ, ਜਿਨ੍ਹਾਂ ਗੁਰੂ ਦੀ ਸ਼ਰਨ ਪੈਕੇ, ਗੁਰੂ ਦਾ ਗਿਆਨ ਪ੍ਰਾਪਤ ਕਰ ਲਿਆ ਹੈ।

ਹੈਰਾਨਗੀ ਇਸ ਗੱਲ ਦੀ ਹੈ ਕਿ ਗੁਰਬਾਣੀ ਦੇ ਇਤਨੇ ਲਾਸਾਨੀ ਪ੍ਰਮਾਣ ਹੋਣ ਦੇ ਬਾਵਜੂਦ ਬਹੁਤ ਸਾਰੇ ਸਿੱਖ ਇਸ ਬਾਹਰ ਦੀ ਵਿਖਾਵੇ ਦੀ ਪਵਿੱਤ੍ਰਤਾ ਵਿੱਚ ਹੀ ਉਲਝ ਗਏ ਹਨ। ਇਹ ਜੋ ਸਿੱਖ ਰਹਿਤ ਮਰਯਾਦਾ ਵਿੱਚ ਸੁੱਚ ਜੂਠ ਬਾਰੇ ਸਪੱਸ਼ਟਤਾ ਨਹੀਂ, ਉਸ ਨੇ ਵੀ ਵੱਡੇ ਭੁਲੇਖੇ ਖੜੇ ਕੀਤੇ ਹਨ ਅਤੇ ਸਿੱਖ ਕੌਮ ਅੰਦਰ ਪਵਿੱਤ੍ਰਤਾ ਦੇ ਨਾਂ ਤੇ ਇਹ ਕਰਮ ਕਾਂਡ ਸ਼ੁਰੂ ਹੋ ਗਏ ਹਨ। ਇਹ ਜ਼ਰੂਰੀ ਹੈ ਕਿ ਗੁਰਬਾਣੀ ਦੀ ਰੌਸ਼ਨੀ ਵਿੱਚ ਸਿੱਖ ਰਹਿਤ ਮਰਯਾਦਾ ਦੀ ਇਸ ਮੱਦ ਨੂੰ ਸਪੱਸ਼ਟ ਕੀਤਾ ਜਾਵੇ।

ਦਾਹੜਾ ਰੰਗਣਾ

'ਤਨਖਾਹੀਏ ਇਹ ਹਨ', ਦੀ ਮੱਦ(3) ਵਿੱਚ ਲਿਖਿਆ ਹੈ: *ਦਾਹੜਾ ਰੰਗਣ ਵਾਲਾ*

ਇਥੇ ਵੀ ਉਹੀ 'ਹੁਕਮਿ ਰਜਾਈ ਚਲਣਾ' ਦਾ ਸਿਧਾਂਤ ਲਾਗੂ ਹੁੰਦਾ ਹੈ। ਜੇ ਕੇਸ ਆਉਂਦੇ ਉਸ ਦੇ ਹੁਕਮ ਵਿੱਚ ਹਨ ਤਾਂ ਕਾਲੇ ਤੋਂ ਸਫੈਦ ਵੀ ਉਸੇ ਦੇ ਹੁਕਮ ਵਿੱਚ ਹੁੰਦੇ ਹਨ। ਫਿਰ ਜੇ ਅਸੀਂ ਗੈਰ-ਕੁਦਰਤੀ ਤਰੀਕਿਆਂ ਨਾਲ ਉਨ੍ਹਾਂ ਨੂੰ ਕਾਲੇ ਕਰਦੇ ਹਾਂ ਤਾਂ ਇਹ ਵੀ ਅਕਾਲ-ਪੁਰਖ ਦੇ ਅਟੱਲ ਨੇਮ ਨਾਲ ਖਿਲਵਾੜ ਕਰਨਾ ਹੈ। ਕਈ ਕਹਿੰਦੇ ਹਨ ਕਿ ਚਿੱਟੇ ਵਾਲ ਕਾਲੇ ਕਰ ਕੇ ਅਸੀਂ ਅਕਾਲ-ਪੁਰਖ ਦੀ ਇਸ ਦਾਤ ਨੂੰ ਸਵਾਰਦੇ ਸ਼ਿੰਗਾਰਦੇ ਹਾਂ। ਕਈ ਮੂਰਖ ਕੇਸ ਕੱਟਣ ਬਾਰੇ ਵੀ ਐਸਾ ਕਹਿ ਦੇਂਦੇ ਹਨ। ਇਹ ਸਭ ਆਪਣੇ ਗਲਤ ਕਰਮਾਂ ਨੂੰ ਠੀਕ ਠਹਿਰਾਉਣ ਲਈ ਢੁਚਕਰਾਂ ਹਨ। ਦੋਹਾਂ ਹੀ ਹਾਲਾਤ ਵਿੱਚ ਅਕਾਲ-ਪੁਰਖ ਦੀ ਸਿਆਣਪ ਤੇ ਸ਼ੱਕ ਕੀਤਾ ਜਾ ਰਿਹਾ ਹੈ। ਸਾਡਾ ਭਰਮ ਹੈ ਕਿ ਅਕਾਲ-ਪੁਰਖ ਨੂੰ ਕੇਸ ਸ਼ਿੰਗਾਰਨੇ ਨਹੀਂ ਆਏ, ਅਸੀਂ ਉਸ ਨਾਲੋਂ ਸਿਆਣੇ ਹਾਂ, ਉਸ ਦੀ ਭੁੱਲ ਨੂੰ ਸੁਧਾਰ ਰਹੇ ਹਾਂ।

ਅਸਲ ਵਿੱਚ ਇਹ ਸਾਡੀ ਫੈਸ਼ਨ-ਪ੍ਰਸਤੀ ਚੋਂ ਨਿਕਲੀ ਹੋਈ ਬਹਾਨੇ-ਬਾਜੀ ਹੈ। ਅਸੀਂ ਆਪਣੀ ਉਮਰ ਨੂੰ ਵੀ ਧੋਖਾ ਦੇਣਾ ਚਾਹੁੰਦੇ ਹਾਂ, ਬੁਢਾਪੇ ਵਿੱਚ ਵੀ ਜਵਾਨ ਦਿਸਣਾ ਚਾਹੁੰਦੇ ਹਾਂ। ਕੋਈ ਪੁੱਛੇ ਕਿ ਕੀ ਇਸ ਨਾਲ ਅਸੀਂ ਆਪਣੀ ਮੌਤ ਨੂੰ ਵੀ ਧੋਖਾ ਦੇ ਸਕਦੇ ਹਾਂ? ਕੀ ਮੌਤ ਕਿਸੇ ਦੇ ਕਾਲੇ ਵਾਲ ਵੇਖ ਕੇ ਟੱਲ ਜਾਵੇਗੀ? ਮਹਾਰਾਜਾ ਰਣਜੀਤ ਸਿੰਘ ਦੇ ਜੀਵਨ ਨਾਲ ਜੁੜੀ ਹੋਈ ਇਕ ਵਧੀਆ ਕਹਾਣੀ ਹੈ ਜੋ ਇਸ ਗੱਲ ਨੂੰ ਸਮਝਣ ਲਈ ਬਹੁਤ ਸਹਾਈ

ਹੋਵੇਗੀ। ਮਹਾਰਾਜਾ ਰਣਜੀਤ ਸਿੰਘ ਦੀ ਦਾਹੜੀ ਵਿੱਚ ਕੁਝ ਚਿੱਟੇ ਵਾਲ ਆ ਗਏ। ਡੋਗਰੇ, ਜੋ ਮਹਾਰਾਜੇ ਦੀ ਚਮਚਾਗਿਰੀ ਕਰਨ ਦੇ ਨਾਲ, ਸਦਾ ਉਸ ਨੂੰ ਸਿੱਖੀ ਜੀਵਨ ਤੋਂ ਗੁੰਮਰਾਹ ਕਰਨ ਦੀ ਤਾਕ ਵਿੱਚ ਰਹਿੰਦੇ ਸਨ, ਨੇ ਸਲਾਹ ਦਿੱਤੀ ਕਿ ਮਹਾਰਾਜਾ ਸਾਹਿਬ ਤੁਸੀਂ ਤਾਂ ਅਜੇ ਭਰ-ਜੁਆਨ ਹੋ, ਇਹ ਚਿੱਟੇ ਵਾਲ ਚੰਗੇ ਨਹੀਂ ਲਗਦੇ, ਇਨ੍ਹਾਂ ਨੂੰ ਥੋੜ੍ਹਾ ਕਲਫ ਲਾ ਲਿਆ ਕਰੋ। ਮਹਾਰਾਜਾ ਕਹਿਣ ਲੱਗਾ, ਭਾਈ ਸਾਰੀ ਕੌਮ ਦਾ ਧਿਆਨ ਮੇਰੇ ਵੱਲ ਰਹਿੰਦਾ ਹੈ, ਮੈਂ ਨਹੀਂ ਚਾਹੁੰਦਾ ਕੋਈ ਨਵਾਂ ਵਿਵਾਦ ਖੜਾ ਹੋ ਜਾਵੇ, ਚੰਗਾ ਹੋਵੇ ਇਸ ਬਾਰੇ ਕਿਸੇ ਗੁਰਮਤਿ ਦੀ ਜਾਣਕਾਰ, ਧਾਰਮਿਕ ਸ਼ਖਸੀਅਤ ਕੋਲੋਂ ਸਲਾਹ ਲੈ ਲਈ ਜਾਵੇ। ਅਕਾਲੀ ਫੂਲਾ ਸਿੰਘ ਜੀ ਗੁਰਮਤਿ ਦੇ ਚੰਗੇ ਜਾਣਕਾਰ ਹਨ, ਕਿਸੇ ਨੂੰ ਭੇਜ ਕੇ ਪਹਿਲਾਂ ਉਨ੍ਹਾਂ ਤੋਂ ਸਲਾਹ ਲੈ ਲਓ ਕਿ ਇਸ ਵਿੱਚ ਕੋਈ ਹਰਜ਼ ਤਾਂ ਨਹੀਂ? ਇਕ ਏਲਚੀ ਨੂੰ ਅਕਾਲੀ ਜੀ ਕੋਲ ਭੇਜਿਆ ਗਿਆ, ਜਿਸ ਨੇ ਜਾ ਕੇ ਸਾਰੀ ਗੱਲ ਉਨ੍ਹਾਂ ਨੂੰ ਦੱਸੀ ਅਤੇ ਪੁੱਛਿਆ ਕਿ ਜੇ ਮਹਾਰਾਜਾ ਸਾਹਿਬ ਆਪਣੇ ਚਿੱਟੇ ਵਾਲਾਂ ਨੂੰ ਕਾਲੇ ਕਰ ਲੈਣ ਤਾਂ ਗੁਰਮਤਿ ਅਨੁਸਾਰ ਕੋਈ ਹਰਜ਼ ਤਾਂ ਨਹੀਂ? ਜਿਹੜਾ ਜੁਆਬ ਅਕਾਲੀ ਫੂਲਾ ਸਿੰਘ ਜੀ ਨੇ ਦਿੱਤਾ, ਜੇ ਉਹ ਸਮਝ ਲੱਗ ਜਾਵੇ ਤਾਂ ਹੋਰ ਕਿਸੇ ਸਪੱਸ਼ਟਤਾ ਦੀ ਲੋੜ ਨਹੀਂ। ਅਕਾਲੀ ਜੀ ਨੇ ਕਿਹਾ,

'ਜਾਹ ਆਖੀਂ ਕਾਣੇ ਢੱਗੇ ਨੂੰ, ਕਿਉਂ ਕਾਲਾ ਕਰਨੈ ਬੱਗੇ ਨੂੰ।
ਜੇ ਆਖਿਰ ਇਕ ਦਿਨ ਮਰਨਾ ਈ, ਤਾਂ ਮੂੰਹ ਕਿਉਂ ਕਾਲਾ ਕਰਨਾ ਈ'।

ਦਾਹੜੇ ਜਾਂ ਕੇਸਾਂ ਨੂੰ ਰੰਗਣਾ, ਅਕਾਲ ਪੁਰਖ ਦੇ ਅਟੱਲ ਨੇਮ ਤੋਂ ਬਾਗ਼ੀ ਹੋਣਾ ਹੈ, ਅਤੇ ਐਸਾ ਕਰਨ ਵਾਲਾ ਬੇਸ਼ਕ ਤਨਖਾਹੀਆ ਹੈ। ਉਸ ਨੂੰ ਇਸ ਗੁਰਮਤਿ ਵਿਰੋਧੀ ਕਰਮ ਨੂੰ ਫੌਰਨ ਬੰਦ ਕਰ ਕੇ ਤਨਖਾਹ ਲੁਆ ਕੇ ਭੁੱਲ ਬਖਸ਼ਾਉਣੀ ਚਾਹੀਦੀ ਹੈ।

ਪੁੱਤਰ-ਧੀ ਦਾ ਵਪਾਰ

'ਤਨਖਾਹੀਏ ਇਹ ਹਨ', ਦੀ ਮੱਦ(4) ਵਿੱਚ ਲਿਖਿਆ ਹੈ: ਪੁੱਤਰ ਜਾਂ ਧੀ ਦਾ ਸਾਕ ਮੁੱਲ ਲੈ ਕੇ ਜਾਂ ਦੇ ਕੇ ਕਰਨ ਵਾਲਾ।

ਸਮਾਜ ਵਿੱਚ ਇਹ ਭੈੜੀ ਰਵਾਇਤ ਪੁਰਾਣੇ ਸਮੇਂ ਤੋਂ ਰਹੀ ਹੈ। ਗੁਰਮਤਿ ਇਨਕਲਾਬ ਨਾਲ ਇਸ ਨੂੰ ਕਾਫੀ ਠੱਲ ਪਈ ਸੀ, ਪਰ ਕਿਉਂਕਿ ਸਿੱਖ ਹੁਣ ਕੇਵਲ ਗੁਰਬਾਣੀ ਰੱਟਨ ਤੱਕ ਸੀਮਤ ਹੋ ਗਏ ਹਨ, ਪੜ੍ਹ ਸਮਝ ਕੇ ਜੀਵਨ ਵਿੱਚ ਧਾਰਨ ਵਾਲੀ ਗੱਲ ਤਕਰੀਬਨ ਮੁੱਕੀ ਹੀ ਪਈ ਹੈ, ਹੁਣ ਫਿਰ ਇਹ ਘਟੀਆ ਰਵਾਇਤ ਦੋ ਤਰ੍ਹਾਂ ਨਾਲ ਸਮਾਜ ਵਿੱਚ ਕਾਬਜ਼ ਹੋ ਗਈ ਹੈ।

ਪਹਿਲਾਂ ਤਾਂ ਧੀਆਂ ਮਾਰਨ ਦੇ ਮੁੜ ਤੋਂ ਚਲੇ ਗੈਰ-ਮਨੁੱਖੀ ਰੁਝਾਨ ਕਾਰਨ, ਲੜਕੀਆਂ ਦੀ ਗਿਣਤੀ ਘਟਣ ਕਾਰਨ, ਕਈਆਂ ਨੂੰ ਲੜਕਿਆਂ ਵਾਸਤੇ ਰਿਸ਼ਤੇ ਨਹੀਂ ਮਿਲਦੇ ਤਾਂ ਉਹ ਆਪਣੇ ਤੋਂ ਗਰੀਬ ਘਰਾਂ ਦੀਆਂ ਲੜਕੀਆਂ ਮੁੱਲ ਨਾਲ ਖਰੀਦ ਲੈਂਦੇ ਹਨ। ਹਾਲਾਂਕਿ ਇਸ ਨੂੰ ਵਿਆਹ ਕਰਨਾ ਹੀ ਕਿਹਾ ਜਾਂਦਾ ਹੈ ਅਤੇ ਰਸਮੀ ਤੌਰ 'ਤੇ ਵਿਆਹ ਕੀਤਾ ਵੀ ਜਾਂਦਾ ਹੈ, ਪਰ ਸਚਾਈ ਇਹੀ ਹੈ ਕਿ ਉਹ ਲੜਕੀ ਖਰੀਦੀ ਗਈ ਹੁੰਦੀ ਹੈ। ਐਸੇ ਰਿਸ਼ਤਿਆਂ ਵਿੱਚ ਨਾ ਤਾਂ ਸਤਿਕਾਰ ਹੁੰਦਾ ਹੈ, ਨਾ ਕੋਈ ਮਨੁੱਖੀ ਭਾਵਨਾਵਾਂ ਦੀ ਕਦਰ ਕੀਮਤ, ਨਾ ਕੋਈ ਪਸੰਦ, ਘੱਟ- ਘੱਟ ਲੜਕੀ ਦੀ ਤਾਂ ਬਿਲਕੁਲ ਨਹੀਂ। ਇਹ ਤਾਂ ਸਿੱਧਾ-ਸਾਦਾ ਵਪਾਰ ਹੁੰਦਾ

ਹੈ। ਇਸ ਕਾਰਨ ਲੜਕੀ ਵਿੱਚ ਅਕਸਰ ਇਹ ਹੀਨ-ਭਾਵਨਾ ਵੀ ਰਹਿੰਦੀ ਹੈ, ਕਿ ਮੈਂ ਖਰੀਦੀ ਹੋਈ ਗ਼ੁਲਾਮ ਹਾਂ। ਐਸੇ ਕਈ ਕੇਸ ਪਿਛਲੇ ਦਿਨੀਂ ਪੰਜਾਬ ਵਿੱਚ ਬਲਕਿ ਸਿੱਖ ਪਰਿਵਾਰਾਂ ਵਿੱਚ ਵੀ ਵਾਪਰੇ ਹਨ ਅਤੇ ਜਿਵੇਂ ਧੀਆਂ ਮਾਰਨ ਦਾ ਰੁਝਾਨ ਚੱਲ ਰਿਹਾ ਹੈ, ਜੇ ਇਸ ਨੂੰ ਫੌਰੀ ਠੱਲ ਪਾਉਣ ਦੇ ਕੋਈ ਠੋਸ ਉਪਰਾਲੇ ਨਾ ਕੀਤੇ ਗਏ ਤਾਂ ਇਸ ਰੋਗ ਦੇ ਵਧਣ ਦੇ ਪੂਰੇ ਆਸਾਰ ਹਨ। ਕਿਸੇ ਮਨੁੱਖ ਨੂੰ ਜਾਨਵਰਾਂ ਵਾਂਗ ਵੇਚਣਾ, ਗੈਰ ਇਖਲਾਕੀ ਕੰਮ ਤਾਂ ਹੈ ਹੀ, ਇਸ ਦਾ ਸਿੱਖ ਸਮਾਜ 'ਤੇ ਹੋਰ ਬਹੁਤ ਮਾੜਾ ਪ੍ਰਭਾਵ ਪੈ ਰਿਹਾ ਹੈ। ਅਕਸਰ ਇਹ ਲੜਕੀਆਂ ਯੂ ਪੀ, ਬਿਹਾਰ ਜਾਂ ਹੋਰ ਬਹੁਤ ਪੱਛੜੇ ਇਲਾਕਿਆਂ ਚੋਂ ਖਰੀਦੀਆਂ ਜਾਂਦੀਆਂ ਹਨ। ਉਨ੍ਹਾਂ ਦੀ ਸਿੱਖ ਧਰਮ ਬਾਰੇ ਕੋਈ ਜਾਣਕਾਰੀ ਹੋਣ ਦਾ ਤਾਂ ਸੁਆਲ ਹੀ ਨਹੀਂ ਬਲਕਿ ਦੁਨਿਆਵੀ ਵਿਦਿਅਕ ਯੋਗਤਾ ਵੀ ਕੋਈ ਨਹੀਂ ਹੁੰਦੀ, ਜਿਸ ਦਾ ਸਿੱਧਾ ਪ੍ਰਭਾਵ ਅਗਲੀ ਪੀੜ੍ਹੀ 'ਤੇ ਪੈਂਦਾ ਹੈ, ਕਿਉਂਕਿ ਬੱਚਿਆਂ ਦੀ ਪਾਲਣਾ ਤਾਂ ਮਾਂ ਨੇ ਹੀ ਕਰਨੀ ਹੈ ਅਤੇ ਉਸ ਤੋਂ ਹੀ ਅਗਲੀ ਪੀੜ੍ਹੀ ਨੂੰ ਸੰਸਕਾਰ ਮਿਲਣੇ ਹਨ। ਇਸ ਨਾਲ ਪੰਜਾਬ ਵਿੱਚ ਪਹਿਲਾਂ ਹੀ ਸਿੱਖੀ ਦੀ ਨਿਘਰਦੀ ਜਾ ਰਹੀ ਹਾਲਤ ਤੇ ਹੋਰ ਮਾੜਾ ਅਸਰ ਪੈ ਰਿਹਾ ਹੈ।

ਪੁੱਤਰ ਜਾਂ ਧੀ ਦਾ ਸਾਕ ਮੁੱਲ ਲੈ ਕੇ ਜਾਂ ਦੇ ਕੇ ਕਰਨ ਵਾਲੀ ਭੈੜੀ ਰਵਾਇਤ ਦਾ ਦੂਸਰਾ ਰੂਪ ਹੈ ਦਾਜ-ਦਹੇਜ। ਜਦੋਂ ਇਹ ਪ੍ਰਥਾ ਸ਼ੁਰੂ ਹੋਈ, ਇਹ ਇਕ ਵਧੀਆ ਪ੍ਰਥਾ ਸੀ। ਵਿਆਹ-ਸ਼ਾਦੀ ਦੇ ਮੌਕੇ ਲੜਕੀ ਅਤੇ ਲੜਕੇ ਦੇ ਰਿਸ਼ਤੇਦਾਰ ਅਤੇ ਸੱਜਣ-ਮਿੱਤਰ, ਉਨ੍ਹਾਂ ਦੇ ਮਾਤਾ-ਪਿਤਾ ਨੂੰ ਸ਼ਗਨ ਰੂਪ ਵਿੱਚ ਕੁਝ ਪੈਸੇ ਜਾਂ ਵਿਆਹ ਵਾਲੇ ਜੋੜੇ ਦੀ ਲੋੜ ਦੀਆਂ ਚੀਜ਼ਾਂ ਦੇਂਦੇ। ਇਸ ਸਭ ਦੇ ਨਾਲ ਵਿਆਹੁਤਾ ਜੋੜੇ ਦੀ ਘਰ-ਗ੍ਰਿਹਸਤੀ ਚਲਾਉਣ ਵਾਸਤੇ ਸਾਰੇ ਪ੍ਰਬੰਧ ਕੀਤੇ ਜਾਂਦੇ ਅਤੇ ਵਿਆਹ ਦੇ ਦੂਸਰੇ ਖਰਚੇ ਕੀਤੇ ਜਾਂਦੇ। ਲੜਕੇ, ਲੜਕੀ ਦੇ ਮਾਤਾ-ਪਿਤਾ 'ਤੇ ਬਹੁਤਾ ਬੋਝ ਨਾ ਪੈਂਦਾ ਅਤੇ ਬੱਚਿਆਂ ਦਾ ਵਿਆਹ ਹੋਕੇ ਘਰ-ਗ੍ਰਿਹਸਤੀ ਵੀ ਸਥਾਪਤ ਹੋ ਜਾਂਦੀ। ਇਹ ਜੋ ਸ਼ਗਨ ਲਏ ਦਿੱਤੇ ਜਾਂਦੇ, ਇਹ ਇਕ ਕਿਸਮ ਦੇ ਕਰਜੇ ਦੇ ਰੂਪ ਵਿੱਚ ਹੁੰਦੇ, ਜਿਸ ਨੂੰ ਪੰਜਾਬੀ ਸਮਾਜ ਵਿੱਚ 'ਭਾਜੀ' ਕਿਹਾ ਜਾਂਦਾ। ਇਹ ਲਈ ਦਿੱਤੀ ਗਈ 'ਭਾਜੀ' ਨੋਟ ਕਰ ਕੇ ਰੱਖੀ ਜਾਂਦੀ ਅਤੇ ਜਦੋਂ ਦੂਸਰੇ ਪਰਿਵਾਰ ਵਿੱਚ ਉਹ ਮੌਕਾ ਆਉਂਦਾ ਤਾਂ ਉਹ ਸ਼ਗਨ ਰੂਪ ਵਿੱਚ, ਉਤਨੀ ਹੀ ਉਸ ਪਰਿਵਾਰ ਨੂੰ ਮੋੜ ਦਿੱਤੀ ਜਾਂਦੀ। ਹਾਂ ਕਈ ਵਾਰੀ ਜੋ ਸਮਰੱਥ ਪਰਿਵਾਰ ਹੁੰਦੇ, ਉਹ ਆਪਣੇ ਗਰੀਬ ਰਿਸ਼ਤੇਦਾਰਾਂ ਕੋਲੋਂ, ਉਹ ਪੂਰਾ ਸ਼ਗਨ ਪ੍ਰਵਾਨ ਨਾ ਕਰਕੇ ਕੁਝ ਘੱਟ ਲੈ ਲੈਂਦੇ। ਇਹ ਸਮਾਜਕ ਤੌਰ 'ਤੇ ਆਪਸ ਵਿੱਚ ਇਕ ਦੂਸਰੇ ਦਾ ਭਾਰ ਵੰਡਾਉਣ ਅਤੇ ਗਰੀਬ ਰਿਸ਼ਤੇਦਾਰ ਜਾਂ ਦੋਸਤ ਮਿੱਤਰ ਦੀ ਮੱਦਦ ਕਰਨ ਦਾ ਵਧੀਆ ਤਰੀਕਾ ਸੀ। ਮੇਰੀ ਉਮਰ 66 ਸਾਲ ਦੀ ਹੈ, ਮੈਂ ਆਪਣੇ ਬਚਪਨ ਵਿੱਚ, ਆਪਣੇ ਪਰਿਵਾਰ ਵਿੱਚ ਇਹ ਲਏ ਦਿੱਤੇ ਸ਼ਗਨਾਂ ਦੇ ਹਿਸਾਬ ਦੀਆਂ ਕਾਪੀਆਂ ਵੇਖੀਆਂ ਹਨ, ਹਾਲਾਂਕਿ ਇਸ ਸਿਸਟਮ ਵਿੱਚ ਕਾਫੀ ਵਿਗਾੜ, ਉਸ ਵੇਲੇ ਵੀ ਆ ਚੁੱਕਾ ਸੀ।

ਅੱਜ ਇਹ ਦਾਜ-ਦਹੇਜ ਇਕ ਵੱਡਾ ਸਮਾਜਕ ਰੋਗ ਬਣ ਗਿਆ ਹੈ। ਅਸਲ ਵਿੱਚ, ਅੱਜ ਇਸ ਦਾਜ ਦੇ ਨਾਂ ਹੇਠ, ਪੁੱਤਰਾਂ ਦਾ ਵਪਾਰ ਹੋ ਰਿਹਾ ਹੈ। ਕਈ ਸਮਾਜਾਂ ਵਿੱਚ ਤਾਂ ਇਹ ਵਪਾਰ ਸਿੱਧਾ ਹੀ ਕੀਤਾ ਜਾਂਦਾ ਹੈ, ਜਿਵੇਂ ਬਾਣੀਆਂ, ਮਾਰਵਾੜੀਆਂ ਆਦਿ ਵਿੱਚ ਤਾਂ ਲੜਕੇ ਦੀ ਸਿੱਧੀ ਕੀਮਤ ਪੈ ਜਾਂਦੀ ਹੈ, ਜੋ ਲੜਕੀ ਵਾਲਿਆਂ ਨੇ ਤਾਰਨੀ ਹੁੰਦੀ ਹੈ। ਬਸ ਫਰਕ ਸਿਰਫ ਇਤਨਾ ਹੈ ਕਿ ਉਹ ਲੜਕਾ ਵਿੱਕ ਕੇ ਵੀ, ਲੜਕਾ ਅਤੇ ਉਸ ਦਾ ਪਰਿਵਾਰ ਆਪਣੇ ਆਪ ਨੂੰ, ਸਿਰਫ ਲੜਕੇ ਵਾਲੇ ਹੋਣ ਕਾਰਨ, ਉਚਾ ਸਮਝਦੇ ਹਨ, ਅਤੇ ਲੜਕੀ ਦੇ ਪਰਿਵਾਰ ਨੂੰ ਨੀਵਾਂ। ਹੋਰ ਕਈ ਸਮਾਜਾਂ ਵਿੱਚ ਇਹ ਕੀਮਤ ਤੈਅ ਕੀਤੇ ਬਗੈਰ, ਲੜਕੇ ਦੀ ਕਾਬਲੀਅਤ ਅਤੇ ਉਸ ਦੇ ਪ੍ਰਵਾਰ ਦੀ ਹੈਸੀਅਤ ਅਨੁਸਾਰ ਦਾਜ ਦੇ ਰੂਪ ਵਿੱਚ ਤਾਰੀ ਜਾਂਦੀ

ਹੈ। ਕਈ ਲੜਕੇ ਵਾਲੇ ਤਾਂ ਰਿਸ਼ਤਾ ਕਰਨ ਵੇਲੇ ਵਿਸ਼ੇਸ਼ ਤੌਰ 'ਤੇ ਲੜਕੀ ਵਾਲਿਆਂ ਨੂੰ ਸੁਣਾਉਂਦੇ ਹਨ ਕਿ ਅਸੀਂ ਲੜਕੇ ਦੀ ਪੜ੍ਹਾਈ ਤੇ ਇਤਨਾ ਖਰਚਾ ਕੀਤਾ ਹੈ, ਜਿਵੇਂ ਉਨ੍ਹਾਂ ਇਹ ਆਪਣਾ ਫਰਜ਼ ਸਮਝ ਕੇ ਨਹੀਂ ਬਲਕਿ ਲੜਕੀ ਵਾਲਿਆਂ 'ਤੇ ਅਹਿਸਾਨ ਕੀਤਾ ਹੋਵੇ। ਅਤਿ ਦੁੱਖ ਦੀ ਗੱਲ ਹੈ ਕਿ ਇਹ ਰੋਗ ਸਿੱਖ ਕੌਮ ਵਿੱਚ ਵੀ ਬੁਰੀ ਤਰ੍ਹਾਂ ਫੈਲ ਗਿਆ ਹੈ। ਜਿਤਨਾ ਇਹ ਚਲਣ ਸਿੱਖ ਕੌਮ ਵਿੱਚ ਵੱਧ ਗਿਆ ਹੈ, ਜਾਪਦਾ ਹੈ ਸਿੱਖਾਂ ਨੇ ਬਾਕੀ ਸਾਰਿਆਂ ਨੂੰ ਪਿੱਛੇ ਛੱਡ ਦਿੱਤਾ ਹੈ। ਸ਼ਗਨ ਹੁਣ ਵੀ ਲਏ ਦਿੱਤੇ ਜਾਂਦੇ ਹਨ, ਪਰ ਨਾ ਤਾਂ ਇਹ ਭਾਜੀ ਦੇ ਰੂਪ ਵਿੱਚ ਹੁੰਦੇ ਹਨ ਅਤੇ ਨਾ ਹੀ ਗਰੀਬ ਦੀ ਮਦਦ ਕਰਨ ਲਈ, ਬਲਕਿ ਗਰੀਬ ਨੂੰ ਅਮੀਰ ਦੀ ਹੈਸੀਅਤ ਵੇਖ ਕੇ ਉਸ ਅਨੁਸਾਰ ਆਪਣੀ ਵਿਤ ਤੋਂ ਬਾਹਰ ਜਾ ਕੇ ਦੇਣਾ ਪੈਂਦਾ ਹੈ ਅਤੇ ਜੇ ਅਮੀਰ ਦੇਂਦਾ ਹੈ ਤਾਂ ਉਹ ਉਸ ਗਰੀਬ ਦੀ ਹੈਸੀਅਤ ਮੁਤਾਬਕ ਦੇਂਦਾ ਹੈ। ਲੜਕੇ ਵਾਲੇ ਅਕਸਰ ਆਖਦੇ ਹਨ, ਅਸੀਂ ਕੋਈ ਦਾਜ ਮੰਗਿਆ ਥੋੜ੍ਹਾ ਹੈ, ਨਾਲੇ ਜਿਸ ਦੇਣਾ ਹੈ ਆਪਣੀ ਧੀ ਨੂੰ ਦੇਣਾ ਹੈ। ਜਦ ਉਸ ਧੀ ਨੇ ਵੱਸਣਾ ਆਕੇ ਸਹੁਰੇ, ਪਤੀ ਦੇ ਘਰ ਹੈ ਤਾਂ ਕੀ ਇਹ ਜ਼ਰੂਰੀ ਹੈ, ਉਹ ਪਿਤਾ ਦੇ ਘਰੋਂ ਦਾਜ ਜ਼ਰੂਰ ਲੈ ਕੇ ਆਵੇ? ਕਿ ਸਹੁਰੇ ਪਰਿਵਾਰ ਕੋਲ ਜਾਂ ਪਤੀ ਕੋਲ ਆਪਣੀ ਸਮਰੱਥਾ ਨਹੀਂ? ਜੇ ਮੰਗਿਆ ਨਹੀਂ, ਤਾਂ ਇਸ ਸਮਾਜਕ ਰੋਗ ਨੂੰ ਠੱਲ੍ਹ ਪਾਉਣ ਲਈ, ਇਨਕਾਰ ਵੀ ਤਾਂ ਨਹੀਂ ਕੀਤਾ। ਅਮੀਰ ਲੋਕ ਇਹ ਵਿਖਾਵਾ ਵੱਧ ਤੋਂ ਵੱਧ ਕਰਦੇ ਹਨ, ਉਹ ਇਸ ਨੂੰ ਆਪਣੀ ਅਮੀਰੀ ਵਿਖਾਉਣ ਦਾ ਮੌਕਾ ਸਮਝਦੇ ਹਨ। ਵੇਖਾ-ਵੇਖੀ, ਗਰੀਬ ਆਦਮੀਂ ਨੂੰ ਆਪਣੀ ਨੱਕ ਰੱਖਣ ਵਾਸਤੇ ਕਰਨਾ ਪੈਂਦਾ ਹੈ। ਹਰ ਮਾਂ ਬਾਪ ਚਾਹੁੰਦਾ ਹੈ ਕਿ ਉਸ ਦੀ ਧੀ ਚੰਗੇ ਰੱਜੇ-ਪੁੱਜੇ ਘਰ ਜਾਵੇ, ਇਸ ਲਈ ਆਪਣੇ ਤੋਂ ਅਮੀਰ ਘਰ ਵੇਖਦਾ ਹੈ, ਫੇਰ ਉਸਨੂੰ ਖਰਚਾ ਵੀ ਉਨ੍ਹਾਂ ਅਮੀਰਾਂ ਦੀ ਹੈਸੀਅਤ ਮੁਤਾਬਕ ਕਰਨਾ ਪੈਂਦਾ ਹੈ। ਕਈਆਂ ਦੇ ਘਰ ਵਿੱਕ ਜਾਂਦੇ ਹਨ, ਕਈਆਂ ਦੀਆਂ ਜ਼ਮੀਨਾਂ ਜਾਇਦਾਦਾਂ ਅਤੇ ਕਈ ਲੱਖਾਂ ਦੇ ਕਰਜਾਈ ਹੋ ਜਾਂਦੇ ਹਨ। ਅੱਜ ਗਰੀਬ ਇਸ ਦਾਜ ਦੀ ਚੱਕੀ ਵਿੱਚ ਬੁਰੀ ਤਰ੍ਹਾਂ ਪਿਸ ਰਿਹਾ ਹੈ। ਮੈਂ ਸਮਝਦਾ ਹਾਂ ਇਸੇ ਕਾਰਨ ਧੀਆਂ ਮਾਰਨ ਦਾ ਰੁਝਾਨ ਵੀ ਵਧਿਆ ਹੈ। ਬਹੁਤ ਸਾਰੇ ਪਿਤਾ ਜਦੋਂ ਆਪਣੇ ਆਪ ਨੂੰ ਇਹ ਫਰਜ਼ ਨਿਭਾਉਣ(ਭਾਰ ਚੁੱਕਣ) ਤੋਂ ਅਸਮਰਥ ਪਾਉਂਦੇ ਹਨ, ਆਤਮ-ਹੱਤਿਆ ਕਰ ਲੈਂਦੇ ਹਨ। ਵੈਸੇ ਇਸ ਦੇ ਦੋਸ਼ੀ ਕੇਵਲ ਲੜਕੇ ਵਾਲੇ ਹੀ ਨਹੀਂ, ਕਈ ਲੜਕੀਆਂ ਵਾਲੇ ਵੀ ਬਰਾਬਰ ਦੇ ਦੋਸ਼ੀ ਹਨ। ਕਈ ਕਹਿੰਦੇ ਹਨ, ਅਸੀਂ ਆਪਣੇ ਚਾਅ ਪੂਰੇ ਕਰਨੇ ਹਨ, ਕੋਈ ਆਪਣਾ ਨੱਕ ਰਖਣ ਲਈ ਦੇਣਾ ਚਾਹੁੰਦਾ ਹੈ। ਛਡਣਾ ਕੋਈ ਵੀ ਨਹੀਂ ਚਾਹੁੰਦਾ। ਅੱਜ ਲੋੜ ਹੈ ਕਿ ਇਸ ਵੱਡੀ ਸਮਾਜਕ ਬਿਮਾਰੀ ਨੂੰ ਪੂਰੀ ਤਰ੍ਹਾਂ ਖਤਮ ਕੀਤਾ ਜਾਵੇ। ਸਰਕਾਰ ਵਲੋਂ ਇਸ ਪਾਪ ਕਰਮ ਵਿਰੁਧ ਕਈ ਵਾਰੀ ਕਨੂੰਨ ਵੀ ਬਣੇ ਹਨ, ਪਰ ਨਾ ਕਨੂੰਨ ਬਨਾਉਣ ਵਾਲੇ ਸੁਹਿਰਦ ਹਨ ਅਤੇ ਨਾ ਕਨੂੰਨ ਲਾਗੂ ਕਰਾਉਣ ਵਾਲੇ। ਜਿਵੇਂ ਪਹਿਲਾਂ ਉਪਰ ਦਿੱਤਾ ਜਾ ਚੁੱਕਾ ਹੈ, ਸਿੱਖ ਕੌਮ ਵਿੱਚ ਤਾਂ ਦਾਜ-ਦਹੇਜ ਲੈਣ-ਦੇਣ ਦੀ ਪੂਰੀ ਮਨਾਹੀ ਹੈ, ਫਿਰ ਜੇ ਸਿੱਖ ਕੌਮ ਵਿੱਚ ਇਹ ਰੋਗ ਇਤਨੀ ਬੁਰੀ ਤਰ੍ਹਾਂ ਫੈਲ ਗਿਆ ਹੈ ਤਾਂ ਇਸ ਦਾ ਭਾਵ ਸਪੱਸ਼ਟ ਹੈ ਕਿ ਸਿੱਖ ਸਿਰਫ ਵਿਖਾਵੇ ਲਈ ਗੁਰੂ ਗ੍ਰੰਥ ਸਾਹਿਬ ਨੂੰ ਮੱਥਾ ਟੇਕ ਰਿਹਾ ਹੈ, ਸਤਿਗੁਰੂ ਦੇ ਉਪਦੇਸ਼ ਨੂੰ ਨਹੀਂ ਮੰਨ ਰਿਹਾ। ਜੇ ਸਤਿਗੁਰੂ ਦੇ ਆਦੇਸ਼ ਨੂੰ ਹੀ ਨਹੀਂ ਮੰਨਿਆਂ ਤਾਂ ਸਿੱਖੀ ਕਾਹਦੀ? ਐਸੇ ਲੋਕਾਂ ਬਾਰੇ ਸਤਿਗੁਰੂ ਗੁਰਬਾਣੀ ਵਿੱਚ ਫੁਰਮਾਉਂਦੇ ਹਨ:

"ਸਲਾਮੁ ਜਬਾਬੁ ਦੋਵੈ ਕਰੇ ਮੁੰਢਹੁ ਘੁਥਾ ਜਾਇ ॥ ਨਾਨਕ ਦੋਵੈ ਕੂੜੀਆ ਥਾਇ ਨ ਕਾਈ ਪਾਇ ॥੨॥" {ਮਹਲਾ ੨, ਪੰਨਾ ੪੭੪}

ਜੋ ਮਨੁੱਖ ਆਪਣੇ ਮਾਲਕ ਪ੍ਰਭੂ ਦੇ ਅੱਗੇ ਤਾਂ ਸਿਰ ਨਿਵਾਂਦਾ ਹੈ, ਪਰ ਉਸ ਦੇ ਕੀਤੇ ਉੱਤੇ

ਇਤਰਾਜ਼ ਕਰਦਾ ਹੈ, ਉਹ (ਮਾਲਕ ਦੀ ਰਜ਼ਾ ਦੇ ਰਾਹ ਉੱਤੇ ਤੁਰਨ ਤੋਂ) ਉੱਕਾ ਹੀ ਖੁੰਝਿਆ ਜਾ ਰਿਹਾ ਹੈ । ਹੇ ਨਾਨਕ ! ਸਿਰ ਨਿਵਾਣਾ ਅਤੇ ਇਤਰਾਜ਼ ਕਰਨਾ—ਦੋਵੇਂ ਹੀ ਝੂਠੇ ਹਨ, ਇਹਨਾਂ ਦੋਹਾਂ ਵਿਚੋਂ ਕੋਈ ਗੱਲ ਭੀ (ਮਾਲਕ ਦੇ ਦਰ ਤੇ) ਕਬੂਲ ਨਹੀਂ ਹੁੰਦੀ ।2।

ਲੋੜ ਇਸ ਗੱਲ ਦੀ ਹੈ ਕਿ ਇਸ ਗੈਰ-ਮਨੁੱਖੀ ਰਵਾਇਤ ਨੂੰ ਫੌਰੀ ਤੌਰ 'ਤੇ ਖਤਮ ਕੀਤਾ ਜਾਵੇ। ਕਈ ਲੋਕ ਇਸ ਵਿੱਚ ਸੁਧਾਰ ਦੀਆਂ ਗੱਲਾਂ ਕਰਦੇ ਹਨ। ਇਹ ਬਿਲਕੁਲ ਸੰਭਵ ਨਹੀਂ ਹੈ, ਜਦੋਂ ਕੋਈ ਪ੍ਰਥਾ ਇਤਨੀ ਨਿਵਾਣ ਵੱਲ ਚਲੀ ਜਾਵੇ ਤਾਂ ਉਸ ਦਾ ਸੁਧਾਰ ਨਹੀਂ ਹੋ ਸਕਦਾ, ਉਸ ਨੂੰ ਮੂਲੋਂ ਹੀ ਖਤਮ ਕਰ ਦੇਣਾ ਚਾਹੀਦਾ ਹੈ। ਸਾਡੇ ਸਾਹਮਣੇ ਇਕ ਇਤਿਹਾਸਕ ਪ੍ਰਮਾਣ ਵੀ ਹੈ, ਮਸੰਦ ਪ੍ਰਥਾ ਗੁਰੂ ਰਾਮਦਾਸ ਪਾਤਿਸ਼ਾਹ ਨੇ ਆਪ ਸਿੱਖੀ ਦੇ ਪ੍ਰਚਾਰ ਵਾਸਤੇ ਸਥਾਪਤ ਕੀਤੀ ਸੀ। ਕੁਝ ਸਮਾਂ ਇਸ ਨੇ ਇਸ ਕਾਰਜ ਵਿੱਚ ਵਧੀਆ ਯੋਗਦਾਨ ਵੀ ਪਾਇਆ। ਪਰ ਜਦੋਂ ਇਹ ਪੀੜ੍ਹੀ-ਦਰ-ਪੀੜ੍ਹੀ ਚਲ ਪਈ, ਇਸ ਵਿੱਚ ਬਹੁਤ ਗਿਰਾਵਟ ਆਉਂਦੀ ਗਈ। ਆਖਿਰ ਗੁਰੂ ਗੋਬਿੰਦ ਸਿੰਘ ਪਾਤਿਸ਼ਾਹ ਨੇ ਇਸ ਨੂੰ ਬਿਲਕੁਲ ਖਤਮ ਕਰ ਦਿੱਤਾ, ਜੋ ਅਕਸਰ ਅਸੀਂ ਕਹਿੰਦੇ ਹਾਂ ਕਿ ਮਸੰਦ ਕੜਾਹੇ ਵਿੱਚ ਪਾਕੇ ਸਾੜ ਦਿੱਤੇ।

ਜਿਥੇ ਇਸ ਸਬੰਧ ਵਿੱਚ ਬਣਾਏ ਕਨੂੰਨਾਂ ਨੂੰ ਕਰੜਾਈ ਨਾਲ ਲਾਗੂ ਕਰਾਉਣ ਅਤੇ ਲੋੜ ਅਨੁਸਾਰ ਸੋਧ ਕਰਨ ਦੀ ਲੋੜ ਹੈ, ਉਥੇ ਵਧੇਰੇ ਲੋੜ, ਇਸ ਪਾਪ-ਕਰਮ ਪ੍ਰਤੀ ਸਮਾਜਕ ਜਾਗਰੂਕਤਾ ਪੈਦਾ ਕਰਨ ਦੀ ਹੈ, ਇਸ ਜ਼ੁਲਮ ਵਿਰੁਧ ਇਕ ਇਨਕਲਾਬ ਖੜ੍ਹਾ ਕਰਨ ਦੀ ਹੈ। ਇਸ ਸਬੰਧ ਵਿੱਚ ਗੁਰਬਾਣੀ ਵਿੱਚੋਂ ਗੁਰਮਤਿ ਸਿਧਾਂਤਾਂ ਦਾ ਪ੍ਰਚਾਰ ਕਰਨ ਨਾਲ, ਸਿੱਖ ਕੌਮ ਵਿੱਚ ਵਧੇਰੇ ਚੇਤਨਤਾ ਆ ਸਕਦੀ ਹੈ। ਸਾਡੇ ਪ੍ਰਚਾਰਕ ਗੁਰਦੁਆਰਿਆਂ ਦੀਆਂ ਸਟੇਜਾਂ ਤੋਂ ਮਿੱਠੀਆਂ-ਮਿੱਠੀਆਂ ਭਾਵੁਕ ਗੱਲਾਂ ਕਰਨ ਦੀ ਬਜਾਏ, ਸਮਾਜਕ ਜੀਵਨ ਦੇ ਐਸੇ ਗੁਰਮਤਿ-ਵਿਰੋਧੀ ਕਾਰਜਾਂ ਪ੍ਰਤੀ ਸੰਗਤਾਂ ਨੂੰ ਜਾਗ੍ਰਿਤ ਕਰਨ, ਸਮਾਜਕ ਬੁਰਾਈਆਂ ਬਾਰੇ ਗੁਰਮਤਿ ਸਿਧਾਂਤਾਂ ਦਾ ਪ੍ਰਚਾਰ ਕਰਨ ਅਤੇ ਇਨ੍ਹਾਂ ਨੂੰ ਦ੍ਰਿੜ ਕਰਾਉਣ।

ਇਸ ਸਬੰਧ ਵਿੱਚ, ਅੱਜ ਜਦੋਂ ਗੁਰਮਤਿ ਦੀ ਕੱਸਵਟੀ ਤੇ ਵੇਖੀਏ ਤਾਂ ਬਹੁਤੀ ਕੌਮ ਤਨਖਾਹੀਆ ਨਜ਼ਰ ਆਵੇਗੀ, ਸਾਰੀ ਕੌਮ ਨੂੰ ਇਹ ਭੁੱਲ ਸੁਧਾਰਨ ਦੀ ਲੋੜ ਹੈ। ਪਰ ਖੰਡੇ-ਬਾਟੇ ਦੀ ਪਾਹੁਲ ਛਕੇ ਸਿੰਘ ਤੋਂ ਤਾਂ ਇਹ ਆਸ ਕੀਤੀ ਜਾਂਦੀ ਹੈ ਕਿ ਉਹ ਸੁਚੇਤ ਹੈ। ਉਸ ਦਾ ਫਰਜ਼ ਤਾਂ ਦੂਸਰਿਆਂ ਨੂੰ ਇਸ ਪ੍ਰਤੀ ਚੇਤੰਨ ਕਰਨ ਦਾ ਹੈ। ਜੇਕਰ ਪਾਹੁਲ ਛੱਕ ਕੇ ਕੋਈ ਸਿੱਖ ਉਪਰਲੇ ਦੋਹਾਂ ਤਰੀਕਿਆਂ 'ਚੋਂ ਕਿਸੇ ਤਰ੍ਹਾਂ ਵੀ ਪੁੱਤਰ ਜਾਂ ਧੀ ਦਾ ਸਾਕ ਮੁੱਲ ਲੈ ਕੇ ਜਾਂ ਦੇ ਕੇ ਕਰ ਰਿਹਾ ਹੈ ਤਾਂ ਉਹ ਤਨਖਾਹੀਆ ਹੈ, ਉਸ ਨੂੰ ਫੌਰਨ ਤਨਖਾਹ ਲੁਆਕੇ ਭੁੱਲ ਬਖਸ਼ਾਉਣੀ ਚਾਹੀਦੀ ਹੈ ਅਤੇ ਅੱਗੋਂ ਲਈ ਐਸੇ ਕਰਮਾਂ ਤੋਂ ਤੌਬਾ ਕਰਨੀ ਚਾਹੀਦੀ ਹੈ।

ਨਸ਼ਿਆਂ ਦਾ ਸੇਵਨ

'ਤਨਖਾਹੀਏ ਇਹ ਹਨ', ਦੀ ਮੱਦ(5) ਵਿੱਚ ਲਿਖਿਆ ਹੈ: ਕੋਈ ਨਸ਼ਾ (ਭੰਗ, ਅਫੀਮ, ਸ਼ਰਾਬ, ਪੋਸਤ, ਕੁਕੀਨ ਆਦਿਕ) ਵਰਤਣ ਵਾਲਾ।

ਇਸ ਵਿੱਚ ਤੰਬਾਕੂ ਨਹੀਂ ਲਿਖਿਆ ਗਿਆ, ਸ਼ਾਇਦ ਇਸ ਵਾਸਤੇ ਕਿਉਂਕਿ ਉਸ ਦਾ ਜ਼ਿਕਰ ਬਜਰ ਕੁਰਹਿਤਾਂ ਵਿੱਚ ਆ ਚੁੱਕਾ ਹੈ। ਨਸ਼ਿਆਂ ਬਾਰੇ ਕਿਉਂਕਿ ਉਪਰ ਵਿਸਥਾਰ ਨਾਲ ਲਿਖਿਆ ਜਾ ਚੁੱਕਾ ਹੈ, ਇਸ ਲਈ ਦੁਹਰਾਉਣਾ ਤਾਂ ਯੋਗ ਨਹੀਂ ਹੋਵੇਗਾ ਪਰ ਦ੍ਰਿੜ

ਕਰਾਉਣ ਲਈ ਇਹ ਫੇਰ ਕਹਿਣਾ ਚਾਹਾਂਗਾ ਕਿ ਗੁਰੂ ਗ੍ਰੰਥ ਸਾਹਿਬ ਵਿੱਚ ਕਿਉਂਕਿ ਸਾਰੇ ਨਸ਼ਿਆਂ ਦੀ ਮਨਾਹੀ ਹੈ, ਇਸ ਲਈ ਇਨ੍ਹਾਂ ਸਾਰੇ ਨਸ਼ਿਆਂ ਨੂੰ ਬਜਰ ਕੁਰਹਿਤਾਂ ਵਿੱਚ ਹੀ ਲੈਣਾ ਚਾਹੀਦਾ ਹੈ, ਬਲਕਿ ਜੋ ਅੱਜ ਦੇ ਨਵੇਂ ਯੁਗ ਦੇ ਨਸ਼ੇ ਚੱਲ ਪਏ ਹਨ, ਉਨ੍ਹਾਂ ਨੂੰ ਵੀ ਵਿੱਚ ਸ਼ਾਮਲ ਕਰਨਾ ਚਾਹੀਦਾ ਹੈ।

ਕੁਝ ਵੀ ਹੋਵੇ, ਨਸ਼ੇ ਕਰਨ ਦੀ ਗੁਰਬਾਣੀ ਨੇ ਮਨਾਹੀ ਕੀਤੀ, ਇਸ ਲਈ ਕੋਈ ਵੀ ਸਿੱਖ, ਜੋ ਕਿਸੇ ਤਰ੍ਹਾਂ ਦਾ ਵੀ ਨਸ਼ਾ ਕਰਦਾ ਹੈ, ਉਹ ਤਨਖਾਹੀਆ ਹੈ ਅਤੇ ਉਸ ਨੂੰ ਤਨਖਾਹ ਲੁਆ ਕੇ ਭੁੱਲ ਬਖਸ਼ਾਉਣੀ ਚਾਹੀਦੀ ਹੈ ਅਤੇ ਅੱਗੋਂ ਇਸ ਕੁਕਰਮ ਦਾ ਤਿਆਗ ਕਰਨਾ ਚਾਹੀਦਾ ਹੈ।

'ਤਨਖਾਹੀਏ ਇਹ ਹਨ', ਦੀ ਮੱਦ(6) ਵਿੱਚ ਲਿਖਿਆ ਹੈ: ਗੁਰਮਤਿ ਤੋਂ ਵਿਰੁਧ ਕੋਈ ਸੰਸਕਾਰ ਕਰਨ ਵਾਲਾ, ਅਤੇ ਮੱਦ(7) ਵਿੱਚ ਲਿਖਿਆ ਹੈ: ਰਹਿਤ ਵਿੱਚ ਕੋਈ ਭੁੱਲ ਕਰਨ ਵਾਲਾ।

ਪਾਹੁਲ ਛਕਣ ਦਾ ਭਾਵ ਹੀ, ਇਹ ਪ੍ਰਣ ਕਰਨਾ ਹੈ ਕਿ ਅੱਗੋਂ ਸਾਰੇ ਕੰਮ ਗੁਰਮਤਿ ਅਨੁਸਾਰ ਹੋਣਗੇ। ਜੇ ਪਾਹੁਲ ਛੱਕ ਕੇ ਵੀ ਕੋਈ ਸੰਸਕਾਰ ਗੁਰਮਤਿ ਵਿਰੋਧੀ ਹੋ ਰਹੇ ਹਨ, ਤਾਂ ਪਾਹੁਲ ਕਾਹਦੀ ਛਕੀ ਹੈ, ਕੋਈ ਕਰਮਕਾਂਡ ਕੀਤਾ ਹੈ ਜਾਂ ਕੇਵਲ ਵਿਖਾਵਾ ਕੀਤਾ ਹੈ। ਇਥੇ ਇਕ ਹੋਰ ਗੰਭੀਰ ਗੱਲ ਹੈ ਕਿ ਗੁਰਮਤਿ ਦੀ ਵਿਆਖਿਆ ਆਪਣੀ-ਆਪਣੀ ਬਣ ਗਈ ਹੈ। ਇਹ ਭਿੰਨ ਭਿੰਨ ਵਿਆਖਿਆ ਅਲੱਗ ਅਲੱਗ ਡੇਰਿਆਂ ਵਿੱਚੋਂ ਨਿਕਲ ਰਹੀਆਂ ਹਨ। ਮੈਂ ਤਾਂ ਸਮਝਦਾ ਹਾਂ, ਇਹ ਜਾਣ ਬੁਝ ਕੇ ਕੌਮ ਵਿੱਚ ਵੰਡੀਆਂ ਪਾਉਣ ਦੀ ਇਕ ਵੱਡੀ ਸਾਜਸ਼ ਹੈ। ਹਰ ਸਿੱਖ ਨੂੰ ਇਸ ਤੋਂ ਸੁਚੇਤ ਰਹਿਣਾ ਚਾਹੀਦਾ ਹੈ ਅਤੇ ਆਪਣੇ ਸੰਸਕਾਰ ਗੁਰੂ ਗ੍ਰੰਥ ਸਾਹਿਬ ਦੇ ਇਲਾਹੀ ਗਿਆਨ ਦੀ ਰੋਸ਼ਨੀ ਵਿੱਚ, ਸਿੱਖ ਰਹਿਤ ਮਰਯਾਦਾ ਅਨੁਸਾਰ ਕਰਨੇ ਚਾਹੀਦੇ ਹਨ, ਇਸ ਨਾਲ ਸੰਸਕਾਰ ਗੁਰਮਤਿ ਅਨੁਸਾਰ ਹੋਣਗੇ ਅਤੇ ਰਹਿਤ ਵਿੱਚ ਭੁੱਲ ਵੀ ਨਹੀਂ ਹੋਵੇਗੀ।

ਫਿਰ ਵੀ ਅਗਰ ਕੋਈ ਆਪਣੀਆਂ ਮਨ ਦੀਆਂ ਭਾਵਨਾਵਾਂ ਨੂੰ ਗੁਰਮਤਿ ਸਮਝ ਕੇ, ਉਸ ਅਨੁਸਾਰ ਸੰਸਕਾਰ ਕਰ ਰਿਹਾ ਹੈ ਤਾਂ ਉਹ ਗੁਰਮਤਿ ਵਿਰੋਧੀ ਸੰਸਕਾਰ ਕਰਨ ਦਾ ਵੀ ਦੋਸ਼ੀ ਹੈ ਅਤੇ ਰਹਿਤ ਵਿੱਚ ਵੀ ਭੁੱਲ ਕਰ ਰਿਹਾ ਹੈ। ਐਸਾ ਵਿਅਕਤੀ ਤਨਖਾਹੀਆ ਹੈ, ਉਸ ਨੂੰ ਤਨਖਾਹ ਲੁਆ ਕੇ ਭੁੱਲ ਬਖਸ਼ਾਉਣੀ ਜ਼ਰੂਰੀ ਹੈ ਅਤੇ ਅਗੋਂ ਲਈ ਪ੍ਰਣ ਕਰਨਾ ਚਾਹੀਦਾ ਹੈ ਕਿ ਉਹ ਅਗੋਂ ਗੁਰਮਤਿ ਅਨੁਸਾਰ ਰਹਿਤ ਨਿਭਾਵੇਗਾ।

ਤਨਖਾਹ ਲਾਉਣ ਦੀ ਵਿਧੀ

ਸਿੱਖ ਰਹਿਤ ਮਰਯਾਦਾ ਦੇ ਹਿੱਸੇ 'ਪੰਥਕ ਰਹਿਣੀ' ਦੇ ਭਾਗ(3) ਤਨਖਾਹ ਲਾਉਣ ਦੀ ਵਿਧੀ ਦੀ ਮੱਦ (ੳ) ਵਿੱਚ ਲਿਖਿਆ ਹੈ:

ਜਿਸ ਕਿਸੇ ਸਿੱਖ ਪਾਸੋਂ ਰਹਿਤ ਦੀ ਕੋਈ ਭੁੱਲ ਹੋ ਜਾਵੇ ਤਾਂ ਉਹ ਨੇੜੇ ਦੀ ਗੁਰ-ਸੰਗਤ ਪਾਸ ਹਾਜ਼ਰ ਹੋਵੇ ਅਤੇ ਸੰਗਤ ਦੇ ਸਨਮੁੱਖ ਖੜੇ ਹੋ ਕੇ ਆਪਣੀ ਭੁੱਲ ਮੰਨੇ।

ਰਹਿਤ ਵਿੱਚ ਭੁੱਲ ਸਬੰਧੀ ਸਿੱਖ ਰਹਿਤ ਮਰਯਾਦਾ ਦੀ ਇਹ ਇਕ ਬਹੁਤ ਵਧੀਆ ਮੱਦ ਹੈ, ਕਿਉਂਕਿ ਸੁਧਾਰ ਵਾਸਤੇ ਸਭ ਤੋਂ ਜ਼ਰੂਰੀ ਹੈ ਕਿ ਆਪਣੇ ਮਨ ਵਿੱਚ ਇਹ ਅਹਿਸਾਸ ਪੈਦਾ ਹੋਵੇ ਕਿ ਮੈਂ ਭੁੱਲ ਕੀਤੀ ਹੈ। ਉਸ ਤੋਂ ਅਗਲੀ ਅਵਸਥਾ ਹੈ, ਮਨ ਵਿੱਚ ਪਛਤਾਵਾ ਆਉਣਾ ਅਤੇ ਫੇਰ ਉਸ ਨੂੰ ਸੁਧਾਰਨ ਤੇ ਮੁੜ ਨਾ ਦੁਹਰਾਉਣ ਵਾਸਤੇ ਉਕਸਤ ਹੋਣਾ। ਦੁਨਿਆਵੀ ਜੀਵਨ ਵਿੱਚ ਵੀ ਅਸੀਂ ਅਕਸਰ ਆਖਦੇ ਹਾਂ, ਸਜ਼ਾ ਦਾ ਮਕਸਦ ਉਸ ਵਿਅਕਤੀ ਨੂੰ ਸੁਧਾਰਨਾ ਹੈ। ਸਾਡੇ ਦੇਸ਼ ਵਿੱਚ ਵੀ ਜੇਲ੍ਹਾਂ ਦਾ ਨਾਂ ਬਦਲ ਕੇ 'ਸੁਧਾਰ ਘਰ' ਰੱਖ ਦਿੱਤਾ ਗਿਆ ਹੈ। ਇਹ ਅਲੱਗ ਗੱਲ ਹੈ ਕਿ ਇਥੇ ਕੇਵਲ ਨਾਂ ਹੀ ਰੱਖਿਆ ਗਿਆ ਹੈ, ਸੱਚਮੁੱਚ ਸੁਧਾਰਨ ਦੇ ਉਪਰਾਲੇ ਕੋਈ ਨਹੀਂ ਹੁੰਦੇ। ਬਾਹਰਲੇ ਬਹੁਤ ਸਾਰੇ ਵਿਕਸਤ ਦੇਸ਼ਾਂ ਵਿੱਚ ਤਾਂ ਜੇਲ੍ਹਾਂ ਵਿੱਚ ਬੰਦ ਕੈਦੀਆਂ ਵਾਸਤੇ ਮਨੋਵਿਗਿਆਨਕ ਡਾਕਟਰ ਆਦਿ ਭੇਜੇ ਜਾਂਦੇ ਹਨ, ਤਾਂ ਕਿ ਉਹ ਗੈਰਇਖਲਾਕੀ ਕੈਦੀਆਂ ਦੀ ਮਨੋਵਿਰਤੀ ਬਦਲ ਸਕਣ ਅਤੇ ਜੇਲ੍ਹ ਵਿੱਚੋਂ ਬਾਹਰ ਜਾ ਕੇ ਉਹ ਚੰਗੇ ਨਾਗਰਿਕ ਬਣ ਸਕਣ।

ਧਰਮ ਦੀ ਦੁਨੀਆਂ ਦੀ ਤਾਂ ਗੱਲ ਹੀ ਅਲੱਗ ਹੈ। ਧਰਮ ਕਿਸੇ 'ਤੇ ਜ਼ਬਰਦਸਤੀ ਨਹੀਂ ਠੋਸਿਆ ਜਾ ਸਕਦਾ, ਇਸ ਵਿੱਚ ਕਿਸੇ ਨਾਲ ਜ਼ਬਰਦਸਤੀ ਨਹੀਂ ਕੀਤੀ ਜਾ ਸਕਦੀ। ਇਥੇ ਹੋਈ ਭੁੱਲ ਵਿੱਚ ਸੁਧਾਰ ਤਾਂ ਤੱਦ ਹੀ ਸੰਭਵ ਹੈ, ਜੇ ਪਹਿਲਾਂ ਆਪਣੇ ਧਰਮ ਦੇ ਅਸੂਲਾਂ ਦੀ ਸੋਝੀ ਹੋਵੇ, ਦੂਸਰਾ ਉਨ੍ਹਾਂ ਨਾਲ ਪੂਰਾ ਪਿਆਰ ਹੋਵੇ, ਉਨ੍ਹਾਂ ਮੁਤਾਬਕ ਜੀਵਨ ਜਿਊਣ ਦੀ ਤਾਂਘ ਹੋਵੇ। ਫੇਰ ਜਾਣੇ ਯਾ ਅਨਜਾਣੇ ਕੋਈ ਭੁੱਲ ਹੋ ਜਾਵੇਗੀ ਤਾਂ ਮਨ ਵਿੱਚ ਪਛਤਾਵਾ ਜ਼ਰੂਰ ਆਵੇਗਾ। ਇਹ ਸਿੱਖ ਦਾ ਖੰਡੇ-ਬਾਟੇ ਦੀ ਪਾਹੁਲ ਛੱਕ ਕੇ ਸਤਿਗੁਰੂ ਨਾਲ ਕੀਤਾ ਪ੍ਰਣ ਹੈ ਜੋ ਇਹ ਅਹਿਸਾਸ ਪੈਦਾ ਕਰਦਾ ਹੈ ਕਿ ਮੈਥੋਂ ਭੁੱਲ ਹੋਈ ਹੈ। ਇਥੇ ਕਿਸੇ ਦੀ ਧੱਕੇਸ਼ਾਹੀ ਨਹੀਂ, ਇਸੇ ਵਾਸਤੇ ਪਾਹੁਲ ਬਖਸ਼ਿਸ਼ ਕਰਨ ਤੋਂ ਪਹਿਲਾਂ ਵੀ ਪੁੱਛਿਆ ਜਾਂਦਾ ਹੈ ਕਿ ਕੀ ਤੁਸੀਂ ਇਸ ਧਰਮ ਨੂੰ ਖੁਸ਼ੀ ਨਾਲ ਕਬੂਲ ਕਰਦੇ ਹੋ?{ਸਿੱਖ ਰਹਿਤ ਮਰਯਾਦਾ, ਪੰਥਕ ਰਹਿਣੀ, ਭਾਗ ਦੋ, 'ਅੰਮ੍ਰਿਤ ਸੰਸਕਾਰ' ਮੱਦ (ਕ)} ਤਾਂਕਿ ਸਪੱਸ਼ਟ ਹੋਵੇ, ਕਿ ਪਾਹੁਲ ਆਪਣੀ ਮਰਜ਼ੀ ਨਾਲ ਛਕੀ ਜਾ ਰਹੀ ਹੈ, ਕਿਸੇ ਦੇ ਪ੍ਰਭਾਵ, ਲਾਲਚ ਜਾਂ ਦਬਾ ਅਧੀਨ ਨਹੀਂ। ਜੇ ਕਿਸੇ ਦਬਾ, ਲਾਲਚ ਜਾਂ ਪ੍ਰਭਾਵ ਅਧੀਨ ਪਾਹੁਲ ਛਕੀ ਹੈ ਤਾਂ ਉਸ ਵਿੱਚ ਉਤਨੀ ਸਿਧਾਂਤਕ ਦ੍ਰਿੜਤਾ ਨਹੀਂ ਆ ਸਕਦੀ।

ਪੁਰਾਤਨ ਸਮੇਂ ਵਿੱਚ ਤਾਂ ਇਹ ਰਹਿਤ ਵਿੱਚ ਭੁੱਲ ਹੋ ਜਾਣ ਤੇ, ਆਪੇ ਸੰਗਤ ਅੱਗੇ ਪੇਸ਼ ਹੋਣ ਵਾਲੀ ਰਵਾਇਤ ਜ਼ਰੂਰ ਪ੍ਰਚਲਤ ਰਹੀ ਹੋਵੇਗੀ, ਤਾਂ ਹੀ ਸਿੱਖ ਰਹਿਤ ਮਰਯਾਦਾ ਤਿਆਰ ਕਰਨ ਲੱਗਿਆਂ, ਇਹ ਮੱਦ ਇਸ ਵਿੱਚ ਪਾਈ ਗਈ ਹੈ। ਇਸ ਦਾ ਇਕ ਪ੍ਰਮਾਣ ਸਾਨੂੰ ਭਾਈ ਚੌਪਾ ਸਿੰਘ ਦੇ ਰਹਿਤਨਾਮੇ ਤੋਂ ਵੀ ਮਿਲਦਾ ਹੈ, ਜਿਸ ਵਿੱਚ ਲਿਖਿਆ ਹੈ, 'ਸਿੱਖ ਸੇ ਕੁਰਹਿਤ ਹੋ ਜਾਏ-ਸਭ ਸਿੰਘਨ ਕੇ ਅਗੇ ਹੱਥ ਜੋੜ ਖੜਾ ਹੋਵੇ, ਤਨਖਾਹ ਲਗਵਾ ਕਰ ਬਖਸ਼ਾਵੇ।(ਸੰਗਤ ਦੇ ਅੱਗੇ ਖੜੋਵੇ) ਅੱਜ ਤਾਂ ਜਿਵੇਂ ਇਹ ਆਪ ਸੰਗਤ ਅੱਗੇ ਪੇਸ਼ ਹੋਣ ਵਾਲੀ ਰਵਾਇਤ, ਗੁਆਚ ਗਈ ਹੈ। ਅਸਲ ਵਿੱਚ ਇਹ ਜੁਰੱਅਤ ਉਹ ਹੀ ਕਰ ਸਕਦਾ ਹੈ, ਜਿਸ

ਦਾ ਜੀਵਨ ਉੱਚਾ ਸੁੱਚਾ ਹੋਵੇ, ਜਿਸ ਦਾ ਕਿਰਦਾਰ ਗੁਰਮਤਿ ਅਨੁਸਾਰੀ ਹੋਵੇ। ਮੌਜੂਦਾ ਸਮੇਂ ਵਿੱਚ ਇਸ ਦੇ ਅਲੋਪ ਹੋ ਜਾਣ ਦਾ ਮੂਲ ਕਾਰਨ, ਸਿੱਖ ਕਿਰਦਾਰ ਵਿੱਚ ਆਈ ਗਿਰਾਵਟ ਹੀ ਹੈ। ਉਹ ਜਿਸ ਨੇ ਕੇਵਲ ਵਿਖਾਵੇ ਲਈ ਜਾਂ ਇਕ ਕਰਮਕਾਂਡ ਦੇ ਤੌਰ ਤੇ ਪਾਹੁਲ ਛਕੀ ਹੈ, ਉਸ ਕੋਲੋਂ ਇਹ ਆਸ ਕਰਨੀ ਹੀ ਗਲਤ ਹੈ। ਫਿਰ ਜੇ ਕੋਈ ਇਸ ਵਧੀਆ ਰਵਾਇਤ ਨੂੰ ਸੁਰਜੀਤ ਕਰਨ ਲਈ, ਉਪਰਾਲਾ ਕਰਦਾ ਵੀ ਹੈ, ਤਾਂ ਸੰਗਤ ਵਲੋਂ ਕੋਈ ਸਹਿਯੋਗ ਨਹੀਂ ਮਿਲਦਾ। ਸੰਗਤ ਵੀ ਕੀ ਕਰੇ, ਉਸ ਨੂੰ ਤਾਂ ਇਸ ਮਰਯਾਦਾ ਦਾ ਹੀ ਨਹੀਂ ਪਤਾ। ਜੇ ਕੋਈ ਐਸੀ ਜੁਰਅਤ ਕਰੇ ਤਾਂ ਸੰਗਤ ਇਸ ਨੂੰ ਵਿਖਾਵਾ ਸਮਝਦੀ ਹੈ, ਅਤੇ ਉਸ ਦਾ ਮਜ਼ਾਕ ਬਣ ਜਾਂਦਾ ਹੈ। ਅੱਜ ਇਸ ਗੱਲ ਦੀ ਵੱਡੀ ਲੋੜ ਹੈ ਕਿ ਇਸ ਲਾਜੁਆਬ ਰਵਾਇਤ ਨੂੰ ਮੁੜ ਤੋਂ ਸੁਰਜੀਤ ਕੀਤਾ ਜਾਵੇ ਤਾਂ ਕਿ ਲੀਹੋਂ ਲੱਥੀ ਕੌਮ, ਮੁੜ ਤੋਂ ਲੀਹਾਂ ਤੇ ਪੈ ਜਾਵੇ।

ਪੰਜ ਪਿਆਰੇ

ਸਿੱਖ ਰਹਿਤ ਮਰਯਾਦਾ ਦੇ ਹਿੱਸੇ 'ਪੰਥਕ ਰਹਿਣੀ' ਦੇ ਭਾਗ(3) ਤਨਖਾਹ ਲਾਉਣ ਦੀ ਵਿਧੀ ਦੀ ਮੱਦ (ਅ) ਵਿੱਚ ਲਿਖਿਆ ਹੈ:

ਗੁਰ-ਸੰਗਤ 'ਚੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿੱਚ ਪੰਜ ਪਿਆਰੇ ਚੁਣੇ ਜਾਣ, ਜੋ ਪੇਸ਼ ਹੋਏ ਸੱਜਣ ਦੀ ਭੁੱਲ ਨੂੰ ਵਿਚਾਰ ਕੇ ਗੁਰੂ ਸੰਗਤ ਪਾਸ ਤਨਖਾਹ(ਦੰਡ) ਤਜਵੀਜ਼ ਕਰਨ।

ਇਸ ਮੱਦ ਦੀ ਸਭ ਤੋਂ ਪਹਿਲੀ ਗੱਲ, ਸਭ ਤੋਂ ਮਹੱਤਵਪੂਰਨ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿੱਚ....।

ਸਾਰਾ ਕਾਰਜ ਗੁਰੂ ਗ੍ਰੰਥ ਸਾਹਬ ਦੀ ਹਜ਼ੂਰੀ ਵਿੱਚ ਹੋਣਾ ਹੈ, ਤੋਂ ਪਹਿਲਾਂ ਤਾਂ ਇਹੀ ਸਪੱਸ਼ਟ ਹੈ ਕਿ ਸਾਰਾ ਕਾਰਜ ਸਤਿਗੁਰੂ ਦੇ ਭੈ, ਭਾਓ ਅਤੇ ਅਦਬ ਵਿੱਚ ਹੋਣਾ ਚਾਹੀਦਾ ਹੈ। ਦੂਸਰਾ ਗੁਰਮਤਿ ਦੇ ਪਾਵਨ ਸਿਧਾਂਤਾਂ ਦੀ ਰੌਸ਼ਨੀ ਵਿੱਚ ਅਕਾਲ-ਪੁਰਖ ਦੇ ਅਟੱਲ ਨੇਮਾਂ ਅਨੁਸਾਰ ਪੂਰਨ ਨਿਆਂ ਦੇ ਰੂਪ ਵਿੱਚ ਹੋਣਾ ਚਾਹੀਦਾ ਹੈ। ਜੇ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਵੀ ਹੈ, ਅਤੇ ਸਾਰੇ ਕੰਮ ਅਤੇ ਫੈਸਲੇ ਗੁਰਮਤਿ ਨੂੰ ਪਿੱਠ ਦੇਕੇ, ਸਾਡੀ ਮਨਮਤਿ ਅਨੁਸਾਰ ਹੋ ਰਹੇ ਹਨ ਤਾਂ ਸਹੀ ਰੂਪ ਵਿੱਚ ਗੁਰੂ ਗ੍ਰੰਥ ਸਾਹਿਬ ਦਾ ਅਪਮਾਨ ਕਰ ਰਹੇ ਹਾਂ।

ਇਹ ਮੱਦ ਜਿੱਥੇ ਤਨਖਾਹ ਲਾਉਣ ਦੇ ਇਕ ਵਧੀਆ ਵਿਧਾਨ ਦਾ ਹਿੱਸਾ ਹੈ, ਉਥੇ ਕੁਝ ਅਤਿ ਮਹੱਤਵਪੂਰਨ ਸਿੱਖ ਸਿਧਾਂਤ ਦ੍ਰਿੜ ਕਰਾਉਂਦੀ ਹੈ। ਗੁਰ-ਸੰਗਤ ਵਿੱਚੋਂ ਪੰਜ ਪਿਆਰੇ ਚੁਣੇ ਜਾਣਾ, ਜਿੱਥੇ ਸਿੱਖ ਕੌਮ ਵਿੱਚ ਪੰਜ ਪਿਆਰਿਆਂ ਦੀ ਸੰਸਥਾ ਦੇ ਸੰਕਲਪ ਦੀ ਪ੍ਰੋੜਤਾ ਕਰਦਾ ਹੈ, ਉਥੇ ਇਹ ਵੀ ਸਪੱਸ਼ਟ ਕਰਦਾ ਹੈ ਕਿ ਇਹ ਸੰਸਥਾ ਸਥਾਈ ਹੈ, ਪਰ ਪੰਜ ਪਿਆਰਿਆਂ ਦੇ ਤੌਰ 'ਤੇ ਕੋਈ ਵਿਅਕਤੀ ਸਥਾਈ ਨਹੀਂ। ਇਹ ਹਰ ਫੈਸਲੇ ਲਈ, ਲੋੜ ਸਮੇਂ, ਸੰਗਤ ਵਿੱਚੋਂ ਚੁਣੇ ਜਾਣੇ ਹਨ। ਇਸੇ ਸਿਧਾਂਤ ਨੂੰ ਦ੍ਰਿੜ ਕਰਾਉਣ ਲਈ ਅਤੇ ਕੌਮ ਅੰਦਰ ਇਸ ਪ੍ਰਤੀ ਜਾਗਰੂਕਤਾ ਪੈਦਾ ਕਰਨ ਲਈ, ਇਹ ਨੇਮ ਬਣਾਇਆ ਗਿਆ ਕਿ ਗੁਰਮਤਿ ਸਮਾਗਮ ਤੋਂ ਬਾਅਦ, ਦੇਗ ਵਰਤਾਉਣ ਲਗਿਆਂ, ਪਹਿਲਾਂ ਪੰਜ ਪਿਆਰਿਆਂ ਦੀ ਦੇਗ ਕੱਢੀ ਅਤੇ ਵਰਤਾਈ ਜਾਵੇ। ਇਹ ਦੇਗ ਕੋਈ ਪਹਿਲੇ ਪੰਜ ਪਿਆਰਿਆਂ, ਭਾਈ ਦਇਆ ਸਿੰਘ, ਧਰਮ ਸਿੰਘ ਆਦਿ ਦਾ ਹਿੱਸਾ ਨਹੀਂ, ਬਲਕਿ ਕੌਮ ਅੰਦਰ ਪੰਜ ਪਿਆਰਿਆਂ

ਦੇ ਸੰਕਲਪ ਭਾਵ ਸਾਂਝੀ ਅਗਵਾਈ(Collective Leadership) ਦੇ ਸੰਕਲਪ ਦਾ ਪ੍ਰਗਟਾਵਾ ਹੈ। ਕਈ ਭੋਲੇ ਵੀਰ ਇਸ ਸਿਧਾਂਤ ਨੂੰ ਸਮਝੇ ਬਗੈਰ, ਦੇਗ ਵਰਤਾਉਣ ਲੱਗਿਆਂ, ਆਪਣੇ ਮੂੰਹ ਵਿੱਚ ਪਹਿਲੇ ਪੰਜ ਪਿਆਰਿਆਂ ਦੇ ਨਾਂ ਰਟਣੇ ਸ਼ੁਰੂ ਕਰ ਦਿੰਦੇ ਹਨ, ਜਿਵੇਂ ਇਹ ਇਥੇ ਛਕਣ ਵਾਲੇ ਸਿੱਖਾਂ ਰਾਹੀਂ, ਉਨ੍ਹਾਂ ਪੰਜ ਪਿਆਰਿਆਂ ਨੂੰ ਪਹੁੰਚਣੀ ਹੋਵੇ। ਇਥੇ ਵੀ, ਦੇਗ ਭਾਵੇਂ ਇਕੋ ਗੁਰਦੁਆਰੇ ਵਿੱਚ ਰੋਜ਼ ਵਰਤਣੀ ਹੋਵੇ, ਹਰ ਵਾਰੀ ਅਲੱਗ ਗੁਰਸਿੱਖਾਂ ਨੂੰ ਵਰਤਾਈ ਜਾਂਦੀ ਹੈ, ਤਾਂਕਿ ਇਹ ਸੋਚ ਨਾ ਪੈਦਾ ਹੋ ਜਾਵੇ ਕਿ ਕੋਈ ਵਿਸ਼ੇਸ਼ ਪੰਜ ਵਿਅਕਤੀ ਹੀ, ਉਸ ਸਥਾਨ ਦੇ ਪੰਜ ਪਿਆਰੇ ਹਨ। ਇਹ ਇਸ ਸੰਕਲਪ ਦਾ ਪ੍ਰਗਟਾਵਾ ਹੈ ਕਿ ਕੌਮ ਵਿੱਚ ਕੋਈ ਸਥਾਈ ਪੰਜ ਪਿਆਰਿਆਂ ਦਾ ਵਿਧਾਨ ਨਹੀਂ। ਇਹ ਅਤਿ ਬਦਕਿਸਮਤੀ ਦੀ ਗੱਲ ਹੈ ਕਿ ਕਈ ਗੁਰਦੁਆਰਿਆਂ ਵਿੱਚ ਇਹ ਰਵਾਇਤ ਖਤਮ ਹੁੰਦੀ ਜਾ ਰਹੀ ਹੈ। ਕਈ ਜਗ੍ਹਾ ਤਾਂ ਪੰਜ ਪਿਆਰਿਆਂ ਦੀ ਇਹ ਦੇਗ ਕੱਢੀ ਹੀ ਨਹੀਂ ਜਾਂਦੀ ਅਤੇ ਕਈ ਜਗ੍ਹਾਂ, ਉਨ੍ਹਾਂ ਪੰਜ ਪਿਆਰਿਆਂ ਦਾ ਨਾਂ ਲੈਕੇ, ਕੱਢ ਕੇ ਵਾਪਸ ਵਿੱਚ ਮਿਲਾ ਦਿੱਤੀ ਜਾਂਦੀ ਹੈ। ਉਨ੍ਹਾਂ ਵਰਤਾਉਣ ਵਾਲਿਆਂ ਜਾਂ ਗੁਰਦੁਆਰੇ ਦੇ ਪ੍ਰਬੰਧਕਾਂ ਦੀ ਇਹ ਦਲੀਲ ਹੁੰਦੀ ਹੈ, ਕਿ ਪਾਹੁਲ ਛਕੇ ਹੋਏ ਪੰਜ ਪਿਆਰੇ ਨਹੀਂ ਮਿਲਦੇ। ਸਾਡੇ ਕੋਲ ਪਹਿਚਾਣ ਦਾ ਤਾਂ ਇਕੋ ਤਰੀਕਾ ਹੈ ਕਿ ਕ੍ਰਿਪਾਨ ਪਾਈ ਹੋਈ ਨਜ਼ਰ ਆ ਜਾਵੇ। ਬਹੁਤ ਸਾਰੇ ਗੁਰਸਿੱਖ ਪਾਹੁਲ ਛੱਕ ਕੇ ਵੀ ਗਾਤਰਾ ਕਮੀਜ਼ ਦੇ ਅੰਦਰ ਪਾਉਂਦੇ ਹਨ, ਅਤੇ ਕਈ ਭੇਖੀ ਬਗੈਰ ਪਾਹੁਲ ਛਕੇ, ਵਿਖਾਵੇ ਲਈ ਪਾਈ ਫਿਰਦੇ ਹਨ, ਫਿਰ ਸਾਨੂੰ ਕਿਵੇਂ ਪਤਾ ਚੱਲ ਸਕਦਾ ਹੈ, ਕਿਸ ਪਾਹੁਲ ਛਕੀ ਹੈ, ਕਿਸ ਨਹੀਂ? ਵਰਤਾਉਣ ਵਾਲੇ ਨੂੰ ਤਾਂ ਸਾਬਤ ਸੂਰਤ ਵੇਖ ਕੇ ਵਰਤਾ ਦੇਣੀ ਚਾਹੀਦੀ ਹੈ। ਕਿਸੇ ਕਿਲੋਂ ਪ੍ਰਮਾਣ ਪੱਤਰ ਥੋੜ੍ਹਾ ਮੰਗਣਾ ਹੈ। ਇਥੇ ਲਿੰਗ-ਭੇਦ ਵੀ ਨਹੀਂ ਕਰਨਾ ਚਾਹੀਦਾ, ਔਰਤ ਹੋਵੇ ਜਾਂ ਮਰਦ ਦੋਵੇਂ ਇਸ ਦੇ ਬਰਾਬਰ ਦੇ ਹੱਕਦਾਰ ਹਨ, ਬਿਲਕੁਲ ਉਵੇਂ ਜਿਵੇਂ ਪਾਹੁਲ ਛਕਾਉਣ ਲਈ ਜਾਂ ਕੌਮੀ ਫੈਸਲੇ ਲੈਣ ਲਈ ਦੋਵੇਂ ਪੰਜ ਪਿਆਰਿਆਂ ਵਿੱਚ ਸ਼ਾਮਲ ਹੋਣ ਦਾ ਅਧਿਕਾਰ ਰਖਦੇ ਹਨ। ਹਾਂ ਪਤਿਤ ਨੂੰ ਜਾਂ ਅਨਮਤੀਏ ਨੂੰ ਬਿਲਕੁਲ ਨਹੀਂ ਵਰਤਾਉਣੀ ਚਾਹੀਦੀ। ਇਹ ਸਾਡੀ ਕੌਮੀ ਮਰਯਾਦਾ ਹੈ, ਅਨਮਤੀਆਂ ਜਾਂ ਗੁਰੂ ਨੂੰ ਬੇਦਾਵਾ ਦਿੱਤੇ ਹੋਇਆਂ ਨੂੰ, ਇਹ ਮਾਨ ਨਹੀਂ ਦਿੱਤਾ ਜਾ ਸਕਦਾ, ਕਿਉਂਕਿ ਕੌਮੀ ਫੈਸਲਿਆਂ ਲਈ ਪੰਜ ਪਿਆਰਿਆਂ ਦਾ ਰੋਲ ਕੇਵਲ ਗੁਰੂ ਅਤੇ ਪੰਥ ਨੂੰ ਸਮਰਪਿਤ ਪਾਹੁਲ ਛਕੇ ਸਿੰਘ ਹੀ ਨਿਭਾ ਸਕਦੇ ਹਨ। ਹਾਂ ਅਗਰ ਸੰਗਤ ਵਿੱਚ ਪੰਜ ਸਾਬਤ ਸੂਰਤ ਸਿੰਘ ਜਾਂ ਸਿੰਘਣੀਆਂ ਹਾਜ਼ਰ ਨਹੀਂ, ਤਾਂ ਜਿਤਨੇ ਹਾਜ਼ਰ ਨੇ, ਉਨ੍ਹਾਂ ਨੂੰ ਵਰਤਾ ਕੇ ਬਾਕੀ ਵਾਪਸ ਮਿਲਾ ਦਿੱਤੀ ਜਾਣੀ ਚਾਹੀਦੀ ਹੈ। ਬਾਕੀ ਵਰਤਾਈ ਜਾਣ ਵਾਲੀ ਦੇਗ, ਸੰਗਤ ਵਿੱਚ ਬੈਠੇ ਹਰ ਵਿਅਕਤੀ ਨੂੰ ਬਿਨਾਂ ਕਿਸੇ ਵਿਤਕਰੇ ਜਾਂ ਭੇਦ-ਭਾਵ ਵਰਤਾਈ ਜਾਣੀ ਚਾਹੀਦੀ ਹੈ।

ਉਪਰਲੇ ਚੰਦ ਸ਼ਬਦਾਂ ਰਾਹੀਂ, ਦੇਗ ਸਬੰਧੀ, ਸੰਦਰਭ ਵਿੱਚ ਆਈ ਗੱਲ ਸਪੱਸ਼ਟ ਕਰਨ ਦੀ ਕੋਸ਼ਿਸ਼ ਕੀਤੀ ਹੈ, ਇਥੇ ਮੂਲ ਸਮਝਣ ਵਾਲੀ ਗੱਲ ਤਾਂ ਇਹੀ ਹੈ ਕਿ ਸਿੱਖ ਕੌਮ ਅੰਦਰ ਪੰਜ ਪਿਆਰਿਆਂ ਦੀ ਸੰਸਥਾ ਸਥਾਈ ਹੈ, ਪਰ ਕੋਈ ਪੰਜ ਵਿਅਕਤੀ ਸਥਾਈ ਤੌਰ 'ਤੇ ਕੌਮ ਦੇ ਸਿਆਸੀ ਜਾਂ ਧਾਰਮਿਕ ਆਗੂ(ਪੰਜ ਪਿਆਰੇ)ਨਹੀਂ ਹੋ ਸਕਦੇ।

ਜੇ ਕੌਮ ਦੇ ਅਸਲੀ ਹਾਲਾਤ ਵੱਲ ਨਜ਼ਰ ਮਾਰੀ ਜਾਵੇ ਤਾਂ ਵਰਤਾਰਾ ਇਸ ਦੇ ਬਿਲਕੁਲ ਉਲਟ ਨਜ਼ਰ ਆਉਂਦਾ ਹੈ। ਸਿਆਸੀ ਤੌਰ 'ਤੇ ਤਾਂ ਇਸ ਦਾ ਭੋਗ ਮਹਾਰਾਜਾ ਰਣਜੀਤ ਸਿੰਘ ਨੇ ਹੀ ਪਾ ਦਿੱਤਾ ਸੀ, ਕਿਉਂਕਿ ਪਹਿਲਾਂ ਤਾਂ ਉਸ ਆਪ ਹੀ ਸ਼ਖਸੀ ਰਾਜ ਸਥਾਪਤ ਕੀਤਾ ਸੀ, ਦੂਸਰਾ ਇਹ ਰਾਜ ਆਪਣੇ ਪਰਿਵਾਰ ਵਿੱਚ ਹੀ ਰਖਣਾ ਚਾਹੁੰਦਾ ਸੀ। ਇਸੇ ਕਰ ਕੇ ਉਸ ਨੇ ਆਪਣੇ ਰਾਜਕਾਲ ਵਿੱਚ ਹੀ ਸਰਬੱਤ ਖਾਲਸਾ ਦਾ ਭੋਗ ਪਾ ਦਿੱਤਾ ਸੀ, ਜੋ ਪੰਜ-

ਪ੍ਰਧਾਨੀ ਸੰਕਲਪ ਦਾ ਮੂਲ ਆਧਾਰ ਹੈ। ਇਸ ਤੋਂ ਪਹਿਲੇ ਦੇ ਇਤਿਹਾਸ 'ਤੇ ਝਾਤੀ ਮਾਰੀਏ ਤਾਂ ਸਿੱਖ ਕੌਮ ਇਸ ਲਾਸਾਨੀ ਸਿਧਾਂਤ ਦੀ ਮਜ਼ਬੂਤ ਪਹਿਰੇਦਾਰ ਸੀ। 9 ਮਾਰਚ 1783 ਦੇ ਦਿਨ ਸਿੱਖ ਫ਼ੌਜਾਂ ਨੇ ਜੱਸਾ ਸਿੰਘ ਆਹਲੂਵਾਲੀਆ, ਜੱਸਾ ਸਿੰਘ ਰਾਮਗੜ੍ਹੀਆ, ਬਘੇਲ ਸਿੰਘ, ਰਾਏ ਸਿੰਘ ਵਗ਼ੈਰਾ ਦੀ ਅਗਵਾਈ ਵਿੱਚ ਦਿੱਲੀ ਫਤਹਿ ਕਰ ਲਈ ਤਾਂ ਸਿੱਖ ਫ਼ੌਜਾਂ ਲਾਲ ਕਿਲ੍ਹੇ ਵਿੱਚ ਦਾਖ਼ਿਲ ਹੋ ਗਈਆਂ ਅਤੇ ਕਿਲ੍ਹੇ 'ਤੇ ਖ਼ਾਲਸੇ ਦਾ ਨੀਲਾ ਨਿਸ਼ਾਨ ਸਾਹਿਬ ਲਹਿਰਾ ਦਿੱਤਾ। ਇਸ ਮੌਕੇ 'ਤੇ ਜਰਨੈਲਾਂ ਨੇ ਦਲ ਖ਼ਾਲਸਾ ਦਾ ਮੁਖੀ ਹੋਣ ਦੇ ਨਾਤੇ ਜੱਸਾ ਸਿੰਘ ਆਹਲੂਵਾਲੀਆ ਨੂੰ ਤਖ਼ਤ 'ਤੇ ਬੈਠਣ ਵਾਸਤੇ ਕਿਹਾ ਪਰ ਉਸ ਨੇ ਇਹ ਕਹਿ ਕੇ ਨਾਂਹ ਕਰ ਦਿੱਤੀ ਕਿ ਸਿੱਖ ਕੌਮ ਵਿੱਚ ਅਜਿਹਾ ਇਕ ਵਿਅਕਤੀ ਦੇ ਬਾਦਸ਼ਾਹ ਬਣਨ ਦਾ ਕੋਈ ਸਿਧਾਂਤ ਨਹੀਂ ਹੈ। ਉਸ ਸਮੇਂ ਦਿੱਲੀ ਦੇ ਤਖਤ ਤੇ ਇਹ ਪੰਜ ਸਿੱਖ ਜਰਨੈਲ ਬੈਠੇ ਸਨ। ਅਜ ਸਿੱਖ ਰਾਜਨੀਤੀ ਵਿੱਚ ਇਹ ਪੰਜ ਪਿਆਰਿਆਂ ਦਾ ਸੰਕਲਪ ਪੂਰੀ ਤਰ੍ਹਾਂ ਗੁਆਚ ਚੁੱਕਾ ਹੈ।

ਧਾਰਮਿਕ ਪੱਖੋਂ ਵੀ ਵੇਖਿਆ ਜਾਵੇ ਤਾਂ ਕੋਈ ਲੰਬਾ ਚੌੜਾ ਫਰਕ ਨਹੀਂ। ਇਥੇ ਪੰਜ ਪਿਆਰਿਆਂ ਦੇ ਸੰਕਲਪ ਦਾ ਰੂਪ ਹੀ ਬਦਲ ਦਿੱਤਾ ਗਿਆ ਹੈ। ਅੱਜ ਕੌਮ ਅੰਦਰ ਆਪੇ ਘੜੀਆਂ ਪੰਜ ਪਦਵੀਆਂ ਨੂੰ ਤਖਤਾਂ ਦੇ ਜਥੇਦਾਰ ਅਤੇ ਸਿੰਘ ਸਾਹਿਬਾਨ ਦਾ ਨਾਂ ਦੇ ਕੇ ਸਥਾਈ ਤੌਰ 'ਤੇ ਪੰਜ ਪਿਆਰਿਆਂ ਦੇ ਤੌਰ 'ਤੇ ਸਥਾਪਤ ਕਰ ਦਿੱਤਾ ਗਿਆ ਹੈ। ਹਾਲਾਂਕਿ ਸਿੱਖ ਸਿਧਾਂਤਾਂ ਅਤੇ ਮਰਯਾਦਾ ਅਨੁਸਾਰ ਐਸਾ ਕੋਈ ਵਿਧਾਨ ਨਹੀਂ।(ਪੜ੍ਹੋ: ਇਸੇ ਕਲਮ ਤੋਂ, 'ਮਹੱਤਵਪੂਰਨ ਸਿੱਖ ਮੁੱਦੇ')। ਇਸੇ ਦੀ ਵੇਖਾ-ਵੇਖੀ ਕਈ ਸ਼ਹਿਰਾਂ ਵਿੱਚ ਵੀ ਕਈ ਪੰਜ ਪਿਆਰੇ ਬਣ ਕੇ ਬੈਠ ਗਏ ਹਨ। ਗੁਰਪੂਰਬਾਂ ਮੌਕੇ, ਨਗਰ ਕੀਰਤਨ ਤਾਂ ਤਕਰੀਬਨ ਹਰ ਨਗਰ ਵਿੱਚ ਨਿਕਲਦੇ ਹਨ ਅਤੇ ਇਨ੍ਹਾਂ ਨਗਰ ਕੀਰਤਨਾਂ ਵਿੱਚ ਸਤਿਗੁਰੂ ਦੀ ਪਾਲਕੀ ਦੇ ਅੱਗੇ ਪੰਜ ਪਿਆਰਿਆਂ ਦੇ ਚੱਲਣ ਦੀ ਰਵਾਇਤ ਵੀ ਹੈ। ਆਮ ਤੌਰ ਤੇ ਇਹ ਪੰਜ ਪਿਆਰੇ, ਇਸ ਤਰ੍ਹਾਂ ਚੁਣੇ ਜਾਂਦੇ ਹਨ ਕਿ ਉਹ ਵੇਖਣ ਨੂੰ ਦਰਸ਼ਨੀ ਸਿੰਘ ਵੀ ਲਗਦੇ ਹੋਣ ਅਤੇ ਸਿਹਤ ਪਖੋਂ ਵੀ ਮਜ਼ਬੂਤ ਹੋਣ, ਤਾਂ ਕਿ ਨਗਰ ਕੀਰਤਨ ਦਾ ਲੰਬਾ ਰਸਤਾ, ਕਿਰਪਾਨਾਂ ਚੁੱਕ ਕੇ ਤੁਰ ਸਕਣ। ਇਥੇ ਇਹ ਕੋਈ ਨਹੀਂ ਵੇਖਿਆ ਜਾਂਦਾ ਕਿ ਉਨ੍ਹਾਂ ਨੂੰ ਗੁਰਮਤਿ ਦੀ ਕਿਤਨੀ ਕੁ ਸੋਝੀ ਹੈ ਅਤੇ ਉਨ੍ਹਾਂ ਦਾ ਆਪਣਾ ਜੀਵਨ ਕਿਤਨਾ ਕੁ ਗੁਰਮਤਿ ਅਨੁਸਾਰੀ ਹੈ। ਜਿਥੇ ਉਹੀ ਪੰਜ ਸਿੰਘ ਲੰਬਾ ਸਮਾਂ, ਨਗਰ ਕੀਰਤਨਾਂ ਵਿੱਚ ਪੰਜ ਪਿਆਰਿਆਂ ਦੀ ਸੇਵਾ ਨਿਭਾਉਂਦੇ ਰਹਿਣ, ਆਮ ਭੋਲੇ ਸਿੱਖ ਵੀ ਉਨ੍ਹਾਂ ਨੂੰ ਅਨ-ਲੋੜੀਂਦਾ ਸਤਿਕਾਰ ਦੇਣ ਲੱਗ ਪੈਂਦੇ ਹਨ, ਅਤੇ ਅਕਸਰ ਉਹ ਆਪ ਵੀ ਐਸਾ ਪ੍ਰਭਾਵ ਦੇਣਾ ਸ਼ੁਰੂ ਕਰ ਦੇਂਦੇ ਹਨ, ਜਿਵੇਂ ਉਹੀ ਨਗਰ ਦੇ ਸਿੱਖ ਭਾਈਚਾਰੇ ਦੇ ਸਥਾਈ ਪੰਜ ਪਿਆਰੇ ਹਨ 'ਤੇ ਕਈ ਊਲ-ਜਲੂਲ ਫੈਸਲੇ ਵੀ ਕਰਨੇ ਸ਼ੁਰੂ ਕਰ ਦੇਂਦੇ ਹਨ। ਅਸਲ ਵਿੱਚ ਤਾਂ, ਅਗਰ ਉਨ੍ਹਾਂ ਵਿੱਚ ਗੁਰਮਤਿ ਦੇ ਗੁਣ ਅਤੇ ਸਿਧਾਤਾਂ ਦੀ ਸੋਝੀ ਹੋਵੇ ਵੀ, ਤਾਂ ਵੀ ਕਿਸੇ ਨੂੰ ਸਥਾਈ ਤੌਰ 'ਤੇ ਐਸਾ ਸਤਿਕਾਰ ਨਹੀਂ ਦਿੱਤਾ ਜਾ ਸਕਦਾ ਕਿਉਂਕਿ ਇਹ ਕੌਮੀ ਸਿਧਾਂਤਾਂ ਦੇ ਉਲਟ ਹੈ ਅਤੇ ਇਸੇ ਨਾਲ ਸਖਸ਼ੀ ਪੂਜਾ ਦਾ ਰੋਗ ਸ਼ੁਰੂ ਹੁੰਦਾ ਹੈ। ਸਾਡਾ ਸੰਕਲਪ ਤਾਂ ਮੌਕੇ ਤੇ ਸੰਗਤ ਵਿੱਚੋਂ ਪੰਜ ਪਿਆਰੇ ਚੁਣਨ ਦਾ ਹੈ, ਜੋ ਆਪਣਾ ਕਾਰਜ ਪੂਰਾ ਕਰ ਕੇ ਮੁੜ ਸੰਗਤ ਵਿੱਚ ਵਿਲੀਨ ਹੋ ਜਾਂਦੇ ਹਨ। ਇਸੇ ਸੰਕਲਪ ਨੂੰ ਦ੍ਰਿੜਤਾ ਨਾਲ ਬਣਾਕੇ ਰੱਖਣ ਦੀ ਲੋੜ ਹੈ। ਇਹ ਲੋਕਰਾਜ(Democracy) ਦਾ ਅਸਲ ਨਮੂਨਾ ਹੈ, ਜੋ ਲੋਕਰਾਜ ਦੀਆਂ ਗੱਲਾਂ ਕਰਨ ਵਾਲਿਆਂ ਨੂੰ ਸਿੱਖ ਕੌਮ ਕੋਲੋਂ ਸਿਖਣਾ ਚਾਹੀਦਾ ਹੈ।

ਇਸ ਮੱਦ ਦੇ ਅਗਲੇ ਭਾਗ ਨੂੰ ਵਿਚਾਰਿਆ ਜਾਵੇ ਤਾਂ ਗੱਲ ਹੋਰ ਵੀ ਸਪੱਸ਼ਟ ਹੋ ਜਾਂਦੀ

ਹੈ, ਜਿਸ ਵਿੱਚ ਲਿਖਿਆ ਹੈ,'ਜੋ ਪੇਸ਼ ਹੋਏ ਸੱਜਣ ਦੀ ਭੁੱਲ ਨੂੰ ਵਿਚਾਰ ਕੇ ਗੁਰੂ ਸੰਗਤ ਪਾਸ ਤਨਖਾਹ(ਦੰਡ) ਤਜਵੀਜ਼ ਕਰਨ।

ਇਨ੍ਹਾਂ ਸੰਗਤ ਵਿਚੋਂ ਚੁਣੇ ਪੰਜ ਪਿਆਰਿਆਂ ਕੋਲ ਵੀ ਕਿਸੇ ਨੂੰ ਆਪੇ ਤਨਖਾਹ ਲਾਉਣ ਦਾ ਅਧਿਕਾਰ ਨਹੀਂ, ਉਹ ਸੰਗਤ ਨੂੰ ਸਜ਼ਾ ਤਜਵੀਜ਼ ਕਰ ਸਕਦੇ ਹਨ। ਤਨਖਾਹ ਦੀ ਪ੍ਰੋੜਤਾ ਸੰਗਤ ਨੇ ਕਰਨੀ ਹੈ। ਫਿਰ ਹੀ ਉਹ ਸਜ਼ਾ ਲਾਗੂ ਹੋਵੇਗੀ।

ਇਥੇ ਫੇਰ ਕੌਮ ਵਿੱਚ ਵਰਤ ਰਹੇ ਵਰਤਾਰੇ ਵੱਲ ਨਜ਼ਰ ਮਾਰੀਏ ਤਾਂ ਸਭ ਕੁਝ ਕੌਮੀ ਸਿਧਾਤਾਂ ਅਤੇ ਮਰਯਾਦਾ ਦੇ ਉਲਟ ਹੀ ਵਾਪਰ ਰਿਹਾ ਹੈ। ਜੋ ਗੈਰ ਸਿਧਾਂਤਕ ਸਥਾਈ ਪੰਜ ਪਿਆਰੇ ਥਾਪ ਦਿੱਤੇ ਗਏ ਹਨ, ਉਹ ਸਭ ਗੁਰਮਤਿ ਸਿਧਾਤਾਂ ਨੂੰ ਪਾਸੇ ਰੱਖ ਕੇ, ਆਪਣੀ ਮਰਜ਼ੀ ਨਾਲ ਕੌਮੀ ਭਵਿੱਖ ਨੂੰ ਪ੍ਰਭਾਵਤ ਕਰਨ ਵਾਲੇ ਫੈਸਲੇ ਲੈ ਰਹੇ ਹਨ, ਜਿਨ੍ਹਾਂ ਅੱਜ ਕੌਮ ਨੂੰ ਬਰਬਾਦੀ ਦੇ ਕਿਨਾਰੇ 'ਤੇ ਲਿਆ ਖੜ੍ਹਾ ਕੀਤਾ ਹੈ। ਉਨ੍ਹਾਂ ਦੇ ਤਾਂ ਦਾਅਵੇ ਹਨ ਕਿ ਉਹ ਸਰਵਉਚ ਹਨ, ਉਨ੍ਹਾਂ ਦੇ ਫੈਸਲਿਆਂ ਨੂੰ ਚੁਣੌਤੀ ਦੇਣ ਦਾ ਅਧਿਕਾਰ ਕਿਸੇ ਕੋਲ ਨਹੀਂ।

ਕਈ ਕਹਿਣਗੇ ਇਹ ਤਾਂ ਛੋਟੇ ਪੱਧਰ 'ਤੇ ਇਕ ਵਿਅਕਤੀ ਵਲੋਂ ਰਹਿਤ ਵਿੱਚ ਭੁੱਲ ਨਾਲ ਸਬੰਧਤ ਮਰਯਾਦਾ ਹੈ, ਇਸ ਦਾ ਇਨ੍ਹਾਂ ਕੌਮੀ ਫੈਸਲਿਆਂ ਨਾਲ ਕੀ ਸਬੰਧ ਹੈ? ਉਹ ਵੱਡੇ ਕੌਮੀ ਫੈਸਲੇ ਹਨ, ਜੋ ਲੈਣ ਦਾ ਹੱਕ ਕੇਵਲ ਅਕਾਲ ਤਖਤ ਸਾਹਿਬ ਨੂੰ ਹੈ, ਅਤੇ ਇਸ ਨਾਤੇ ਅਕਾਲ-ਤਖਤ ਦੇ ਅਖੌਤੀ ਜਥੇਦਾਰ ਨੂੰ ਹੈ?

ਇਹੀ ਵੱਡੀ ਸਾਜਸ਼ ਹੈ। ਇਹੀ ਉਹ ਜ਼ਹਰੀਲਾ ਪ੍ਰਚਾਰ ਹੈ, ਜੋ ਭੋਲੇ-ਭਾਲੇ ਭਾਵੁਕ ਸਿੱਖਾਂ ਦੇ ਅੰਦਰ ਕੀਤਾ ਗਿਆ ਹੈ ਅਤੇ ਅੱਜ ਬਹੁਤੇ ਸਿੱਖ ਮਾਨਸਿਕ ਤੌਰ 'ਤੇ ਇਸ ਨੂੰ ਪ੍ਰਵਾਨ ਕਰ ਚੁੱਕੇ ਹਨ। ਅਸਲ ਵਿੱਚ ਕੌਮੀ ਸਿਲਸਿਲਾ ਇਕੋ ਮਰਯਾਦਾ ਵਿੱਚ ਚਲਦਾ ਹੈ, ਕੇਵਲ ਕਈ ਵਾਰੀ ਪੱਧਰ ਦਾ ਫਰਕ ਹੁੰਦਾ ਹੈ। ਇਸ ਛੋਟੇ ਪੱਧਰ 'ਤੇ ਗੁਰਦੁਆਰੇ ਦੀ ਜਾਂ ਇਲਾਕੇ ਦੀ ਸੰਗਤ ਆਪਣੇ ਵਿੱਚੋਂ ਪੰਜ ਪਿਆਰੇ ਚੁਣਦੀ ਹੈ ਅਤੇ ਕੌਮੀ ਪੱਧਰ ਤੇ ਹਰ ਇਲਾਕੇ ਦੀ ਸੰਗਤ ਦੇ ਨਾਮਜ਼ਦ ਨੁਮਾਇੰਦੇ ਪੰਜ ਪਿਆਰੇ ਚੁਣਦੇ ਹਨ। ਇਸੇ ਨੂੰ ਸਰਬੱਤ ਖਾਲਸਾ ਆਖਿਆ ਜਾਂਦਾ ਹੈ। ਅਕਾਲ ਤਖਤ ਸਾਹਿਬ ਤਾਂ ਉਹ ਕੇਂਦਰ ਹੈ, ਜਿਥੇ ਸਰਬੱਤ ਖਾਲਸਾ ਦੇ ਇਕੱਠ ਹੁੰਦੇ ਰਹੇ ਅਤੇ ਹੁੰਦੇ ਰਹਿਣੇ ਚਾਹੀਦੇ ਹਨ। ਇਥੇ ਇਲਾਕੇ ਦੀ ਸੰਗਤ ਆਪਣੇ ਚੁਣੇ ਹੋਏ, ਪੰਜ ਪਿਆਰਿਆਂ ਦੁਆਰਾ ਲਏ ਫੈਸਲੇ ਦੀ ਪ੍ਰੋੜਤਾ ਕਰਦੀ ਹੈ, ਉਥੇ ਸੰਗਤ ਦੇ ਨਾਮਜ਼ਦ ਕੀਤੇ ਨੁਮਾਇੰਦੇ, ਸਰਬੱਤ ਖਾਲਸਾ ਦੇ ਰੂਪ ਵਿੱਚ, ਆਪਣੇ ਚੁਣੇ ਪੰਜ ਪਿਆਰਿਆਂ ਦੇ ਫੈਸਲੇ ਦੀ ਪ੍ਰੋੜਤਾ ਕਰਦੇ ਹਨ। ਅਸਲ ਵਿੱਚ ਇਹੀ ਅਕਾਲ ਤਖਤ ਸਾਹਿਬ ਦਾ ਫੈਸਲਾ ਅਖਵਾਉਣ ਦਾ ਹੱਕ ਰੱਖਦਾ ਹੈ, ਕਿਸੇ ਇਕ ਜਾਂ ਪੰਜ ਵਿਅਕਤੀਆਂ ਦੇ ਨਿਜੀ ਫੈਸਲੇ ਨਹੀਂ। ਇਕ ਹੋਰ ਭੁਲੇਖਾ ਪਾਉਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ ਕਿ ਵੋਟਾਂ ਨਾਲ ਚੁਣੇ ਨੁਮਾਇੰਦੇ ਹੀ ਅੱਜ ਦਾ ਸਰਬੱਤ ਖਾਲਸਾ ਹਨ। ਪਹਿਲਾਂ ਤਾਂ ਉਹ ਜਿਵੇਂ ਚੁਣੇ ਜਾਂਦੇ ਹਨ, ਜੋ ਜੋ ਗੈਰ-ਇਖਲਾਕੀ ਕੰਮ ਉਨ੍ਹਾਂ ਦੀ ਇਲੈਕਸ਼ਨ ਵਾਸਤੇ ਕੀਤੇ ਜਾਂਦੇ ਹਨ, ਉਹ ਕਿਸੇ ਤੋਂ ਲੁਕੇ ਨਹੀਂ, ਇਸ ਲਈ, ਇਹ ਆਪ ਕਿਸ ਕਿਰਦਾਰ ਦੇ ਹੁੰਦੇ ਹਨ, ਉਸ ਬਾਰੇ ਵੀ ਕਿਸੇ ਨੂੰ ਕੋਈ ਭੁਲੇਖਾ ਨਹੀਂ ਅਤੇ ਸਭ ਤੋਂ ਉਪਰ ਜਥੇਦਾਰਾਂ ਆਦਿ ਦੀ ਨਿਯੁਕਤੀ ਵਿੱਚ, ਇਨ੍ਹਾਂ ਦੀ ਹੈਸੀਅਤ ਕੀ ਹੈ, ਇਹ ਵੀ ਸਭ ਜਾਣਦੇ ਹਨ। ਲੋਕਰਾਜ(Democracy) ਅਤੇ ਚੋਣਾਂ ਦੇ ਨਾਂ 'ਤੇ ਕੌਮ ਦੇ ਪੰਥਕ ਢਾਂਚੇ ਨੂੰ ਬਰਬਾਦ ਕਰਕੇ, ਚੰਦ ਲੋਕ ਜਾਂ ਪਰਿਵਾਰ, ਕੌਮ 'ਤੇ ਕਾਬਜ਼ ਹੋ ਜਾਣ, ਇਹ ਕਦੀਂ ਪ੍ਰਵਾਨ ਨਹੀਂ ਕੀਤਾ ਜਾ ਸਕਦਾ। ਜੇ ਕੌਮ ਨੇ ਗੁਰੂ ਨਾਨਕ ਪਾਤਿਸ਼ਾਹ ਦਾ ਬਖਸ਼ਿਆ, ਅਗਲੀਆਂ ਅੱਠ ਪਾਤਿਸ਼ਾਹੀਆਂ ਦੁਆਰਾ ਸ਼ਿੰਗਾਰਿਆ,

ਸੁਆਰਿਆ ਅਤੇ ਦਸਮ ਪਿਤਾ ਗੁਰੂ ਗੋਬਿੰਦ ਸਿੰਘ ਸਾਹਿਬ ਦੁਆਰਾ ਕੌਮੀ ਨੇਮ ਵਿੱਚ ਬੰਨਿਆ, ਪੰਥ ਦਾ ਨਿਰਮਲ ਸਰੂਪ ਬਣਾ ਕੇ ਰੱਖਣਾ ਹੈ ਤਾਂ ਕੌਮ ਨੂੰ ਹੇਠਾਂ ਤੋਂ ਉਪਰ ਅਤੇ ਉਪਰ ਤੋਂ ਹੇਠਾਂ, ਇਹੀ ਸੰਗਤੀ ਸ਼ਕਤੀ ਦਾ ਵਿਧਾਨ ਬਣਾ ਕੇ ਰੱਖਣਾ ਪਵੇਗਾ।

ਭੁੱਲ ਬਖਸ਼ਣਾ

ਸਿੱਖ ਰਹਿਤ ਮਰਯਾਦਾ ਦੇ ਹਿੱਸੇ 'ਪੰਥਕ ਰਹਿਣੀ' ਦੇ ਭਾਗ(3) ਤਨਖਾਹ ਲਾਉਣ ਦੀ ਵਿਧੀ ਦੀ ਮੱਦ (ੲ) ਵਿੱਚ ਲਿਖਿਆ ਹੈ: ਸੰਗਤ ਨੂੰ ਬਖਸ਼ਣ ਵੇਲੇ ਹੱਠ ਨਹੀਂ ਕਰਨਾ ਚਾਹੀਦਾ। ਨਾ ਹੀ ਤਨਖਾਹ ਲੁਆਣ ਵਾਲੇ ਨੂੰ ਦੰਡ ਭਰਨ ਵਿੱਚ ਅੜੀ ਕਰਨੀ ਚਾਹੀਦੀ ਹੈ। ਤਨਖਾਹ ਕਿਸੇ ਕਿਸਮ ਦੀ ਸੇਵਾ, ਖਾਸ ਕਰਕੇ ਜੋ ਹੱਥਾਂ ਨਾਲ ਕੀਤੀ ਜਾ ਸਕੇ, ਲਾਉਣੀ ਚਾਹੀਏ।

ਗੁਰਬਾਣੀ ਨੇ ਇਹ ਗੱਲ ਸਪੱਸ਼ਟ ਕਰ ਦਿੱਤੀ ਹੈ ਕਿ ਕੇਵਲ ਅਕਾਲ-ਪੁਰਖ ਅਤੇ ਗੁਰੂ ਹੀ ਅਭੁੱਲ ਹਨ, ਅਸੀਂ ਸਭ ਭੁੱਲਣ ਹਾਰ ਹਾਂ। ਗੁਰਬਾਣੀ ਦਾ ਫੁਰਮਾਣ ਹੈ:

"ਭੁਲਣ ਅੰਦਰਿ ਸਭੁ ਕੋ ਅਭੁਲੁ ਗੁਰੂ ਕਰਤਾਰੁ ॥"

{ਸਿਰੀ ਰਾਗੁ ਮਹਲਾ ੧, ਪੰਨਾ ੬੦-੬੧}

(ਹੇ ਬਾਬਾ ! ਮਾਇਆ ਐਸੀ ਪ੍ਰਬਲ ਹੈ ਕਿ ਇਸ ਦੇ ਢਹੇ ਚੜ੍ਹ ਕੇ) ਹਰੇਕ ਜੀਵ ਗ਼ਲਤੀ ਖਾ ਜਾਂਦਾ ਹੈ, ਸਿਰਫ਼ ਗੁਰੂ ਹੈ ਤੇ ਕਰਤਾਰ ਹੈ ਜੋ (ਨਾਹ ਮਾਇਆ ਦੇ ਅਸਰ ਹੇਠ ਆਉਂਦਾ ਹੈ, ਤੇ) ਨਾਹ ਗ਼ਲਤੀ ਖਾਂਦਾ ਹੈ ।

"ਭੁਲਣ ਵਿਚਿ ਕੀਆ ਸਭੁ ਕੋਈ ਕਰਤਾ ਆਪਿ ਨ ਭੁਲੈ ॥"

(ਪ੍ਰਭਾਤੀ ਮਹਲਾ ੧, ਪੰਨਾ ੧੩੪੪)

ਕਰਤਾਰ ਆਪ ਕਦੇ ਗ਼ਲਤੀ ਨਹੀਂ ਖਾਂਦਾ ਪਰ ਹਰੇਕ ਜੀਵ ਜੋ ਉਸ ਨੇ ਪੈਦਾ ਕੀਤਾ ਹੈ ਭੁੱਲਾਂ ਵਿਚ ਫਸਦਾ ਰਹਿੰਦਾ ਹੈ ।

ਇਹ ਆਪਣੇ ਆਪ ਵਿੱਚ ਬਹੁਤ ਵੱਡੀ ਗੱਲ ਹੈ ਕਿ ਆਪਣੀ ਗਲਤੀ ਨੂੰ ਮਹਿਸੂਸ ਕਰ ਲਿਆ ਜਾਵੇ, ਅਕਸਰ ਤਾਂ ਅਸੀਂ ਆਪਣੀਆਂ ਗਲਤੀਆਂ 'ਤੇ ਪੜਦੇ ਪਾਉਣ ਜਾਂ ਉਨ੍ਹਾਂ ਨੂੰ ਜਾਇਜ਼ ਠਹਿਰਾਉਣ ਦੀ ਕੋਸ਼ਿਸ਼ ਵਿੱਚ ਹੀ ਰਹਿੰਦੇ ਹਾਂ। ਇਹ ਆਪਣੀ ਗਲਤੀ ਮਹਿਸੂਸ ਕਰਨ ਵਾਲੀ ਗੱਲ ਵੀ ਤਾਂ ਹੀ ਸੰਭਵ ਹੈ ਜੇ ਕੋਈ ਮਨੁੱਖ ਆਪਣੀ ਸਵੈ-ਪੜਚੋਲ ਕਰਦਾ ਹੋਵੇ। ਇਸੇ ਲਈ ਗੁਰਬਾਣੀ ਸਾਨੂੰ ਨੇਮ ਨਾਲ ਸਵੈ-ਪੜਚੋਲ ਕਰਨ ਦੀ ਸਿੱਖਿਆ ਦੇਂਦੀ ਹੈ:

"ਬੰਦੇ ਖੋਜੁ ਦਿਲ ਹਰ ਰੋਜ, ਨਾ ਫਿਰੁ ਪਰੇਸਾਨੀ ਮਾਹਿ ॥"

{ਤਿਲੰਗ ਬਾਣੀ ਭਗਤਾ ਕੀ ਕਬੀਰ ਜੀ, ਪੰਨਾ ੭੨੭}

ਹੇ ਭਾਈ ! (ਆਪਣੇ ਹੀ) ਦਿਲ ਨੂੰ ਹਰ ਵੇਲੇ ਖੋਜ, ਫਿਰ ਤੈਨੂੰ ਘਬਰਾਹਟ ਵਿਚ ਨਹੀਂ ਭਟਕਣਾ ਪਵੇਗਾ ।

ਸਤਿਗੁਰੂ ਤਾਂ ਬਖਸ਼ਿਸ਼ ਕਰਦੇ ਸਮਝਾਉਂਦੇ ਹਨ ਕਿ ਆਪਣੀ ਸਵੈ-ਪੜਚੋਲ ਕੀਤੇ ਬਿਨਾਂ ਕੋਈ ਮਨੁੱਖ ਭਰਮਜਾਲ ਚੋਂ ਬਾਹਰ ਆ ਹੀ ਨਹੀਂ ਸਕਦਾ:

"ਜਨ ਨਾਨਕ ਬਿਨੁ ਆਪਾ ਚੀਨੈ ਮਿਟੈ ਨ ਭ੍ਰਮ ਕੀ ਕਾਈ ॥"
{ਧਨਾਸਰੀ ਮਹਲਾ ੯, ਪੰਨਾ ੬੮੪}

ਹੇ ਦਾਸ ਨਾਨਕ ! ਆਪਣਾ ਆਤਮਕ ਜੀਵਨ ਪਰਖਣ ਤੋਂ ਬਿਨਾ (ਮਨ ਉੱਤੋਂ) ਭਟਕਣਾ ਦਾ ਜਾਲਾ ਦੂਰ ਨਹੀਂ ਹੋ ਸਕਦਾ।

ਗੱਲ ਸਪੱਸ਼ਟ ਹੈ, ਜੋ ਸੰਗਤ ਅੱਗੇ ਪੇਸ਼ ਹੋਣ ਲਈ ਆਪ ਆ ਗਿਆ ਹੈ, ਉਸ ਆਪਣਾ ਆਤਮ ਚਿੰਤਨ ਕਰ ਲਿਆ ਹੈ, ਆਪਣੀ ਗਲਤੀ ਨੂੰ ਮਹਿਸੂਸ ਕਰ ਲਿਆ ਹੈ। ਫਿਰ ਐਸੇ ਵਿਅਕਤੀ ਨੂੰ ਬਖਸ਼ਣ ਵਿੱਚ ਢਿਲ ਕਾਹਦੀ ਲਾਉਣੀ ਹੋਈ, ਅਤੇ ਹੱਠ ਕਾਹਦਾ ਕਰਨਾ ਹੋਇਆ। ਅਸਲ ਵਿੱਚ ਗੁਰਮਤਿ ਵਿੱਚ ਪ੍ਰਮਾਤਮਾਂ ਨੂੰ ਪਾਉਣ ਲਈ, ਜੋ ਇਕ ਚੰਗੇ ਮਨੁੱਖ ਦੇ ਪ੍ਰਮੁੱਖ ਗੁਣ ਮੰਨੇ ਗਏ ਹਨ, ਉਨ੍ਹਾਂ ਵਿੱਚ, ਮੁਆਫੀ ਮੰਗ ਲੈਣਾ ਅਤੇ ਮੁਆਫ ਕਰ ਦੇਣਾ , ਇਹ ਸਿੱਖੀ ਦੇ ਅਮੋਲਕ ਗੁਣ ਮੰਨੇ ਗਏ ਹਨ। ਗੁਰਬਾਣੀ ਦਾ ਫੁਰਮਾਨ ਹੈ:

"ਨਿਵਣੁ ਸੁ ਅਖਰੁ, ਖਵਣੁ ਗੁਣੁ, ਜਿਹਬਾ ਮਣੀਆ ਮੰਤੁ ॥ ਏ ਤ੍ਰੈ ਭੈਣੇ ਵੇਸ ਕਰਿ, ਤਾਂ ਵਸਿ ਆਵੀ ਕੰਤੁ ॥੧੨੭॥"
{ਸਲੋਕ ਸੇਖ ਫਰੀਦ ਕੇ,ਪੰਨਾ ੧੩੮੪}

ਹੇ ਭੈਣ ! ਨਿਮ੍ਰਤਾ ਵਿੱਚ ਰਹਿਣਾ, ਖਿਮਾਂ ਦਾ ਗੁਣ ਅਤੇ ਮਿੱਠਾ ਬੋਲਣਾ ਸ਼ਿਰੋਮਣੀ ਮੰਤਰ ਹੈ । ਜੇ ਇਹ ਤਿੰਨ ਵੇਸ ਕਰ ਲਏਂ ਤਾਂ ਪ੍ਰਭੂ ਖਸਮ (ਤੇਰੇ) ਵੱਸ ਵਿਚ ਆ ਜਾਇਗਾ ।127।

ਅਕਸਰ ਇਹ ਪੰਕਤੀਆਂ ਆਨੰਦ ਕਾਰਜ ਸਮੇਂ ਵਿਆਹੀ ਜਾਣ ਵਾਲੀ ਬੱਚੀ ਨੂੰ ਸਿੱਖਿਆ ਦੇ ਤੌਰ 'ਤੇ ਸਮਝਾਈਆਂ ਜਾਂਦੀਆਂ ਹਨ। ਇਸ ਵਿੱਚ ਕੋਈ ਸ਼ੱਕ ਨਹੀਂ, ਜੋ ਬੱਚੀ ਇਨ੍ਹਾਂ ਅਮੋਲਕ ਗੁਣਾਂ ਨੂੰ ਜੀਵਨ ਵਿੱਚ ਧਾਰਨ ਕਰ ਲਵੇ, ਉਸ ਦੀ ਵਿਆਹੁਤਾ ਜ਼ਿੰਦਗੀ ਸਫਲ ਹੋ ਜਾਂਦੀ ਹੈ ਪਰ ਇਨ੍ਹਾਂ ਦੀ ਸੀਮਾਂ ਕੇਵਲ ਇਤਨੀ ਨਹੀਂ, ਇਹ ਜੀਵ-ਇਸਤਰੀ ਦੇ ਪ੍ਰਮੇਸ਼ਰ-ਪਤੀ ਨਾਲ ਸਬੰਧ ਵਾਸਤੇ ਸਹੀ, ਮਾਰਗ ਦਰਸ਼ਨ ਕਰਦੀਆਂ ਹਨ। ਇਥੇ ਸਾਡੇ ਵਿਸ਼ੇ ਨਾਲ ਸਬੰਧਤ ਮੂਲ ਗੱਲ ਇਹ ਹੈ ਕਿ ਖਿਮਾਂ ਦਾ ਗੁਣ ਭਾਵ ਆਪਣੀ ਗਲਤੀ ਮਹਿਸੂਸ ਕਰਕੇ ਮੁਆਫੀ ਮੰਗ ਲੈਣਾ ਅਤੇ ਮੁਆਫ ਕਰ ਦੇਣਾ, ਬਹੁਤ ਚੰਗਾ ਗੁਣ ਹੈ। ਸੋ ਜੇ ਕੋਈ ਆਪਣੀ ਭੁੱਲ ਮਹਿਸੂਸ ਕਰ ਕੇ ਸੰਗਤ ਦੀ ਸ਼ਰਨ ਵਿੱਚ ਆ ਗਿਆ ਹੈ ਤਾਂ ਸੰਗਤ ਨੂੰ ਵੀ ਬਖਸ਼ਣ ਵਿੱਚ ਹੱਠ ਨਹੀਂ ਕਰਨਾ ਚਾਹੀਦਾ।

ਇਥੇ ਨਾਲ ਇਹ ਵੀ ਲਿਖਿਆ ਹੈ ਕਿ ਨਾ ਹੀ ਤਨਖਾਹ ਲੁਆਣ ਵਾਲੇ ਨੂੰ ਦੰਡ ਭਰਨ ਵਿੱਚ ਅੜੀ ਕਰਨੀ ਚਾਹੀਦੀ ਹੈ। ਜੇ ਕੋਈ ਆਪ ਪੇਸ਼ ਹੋਕੇ, ਦੰਡ ਭਰਨ ਵਿੱਚ ਕਿਸੇ ਤਰ੍ਹਾਂ ਦੀ ਅੜੀ ਜਾਂ ਨਖਰਾ ਕਰਦਾ ਹੈ, ਤਾਂ ਇਹੀ ਕਿਹਾ ਜਾ ਸਕਦਾ ਹੈ, ਉਸ ਸੱਚਮੁੱਚ ਆਪਣੀ ਗਲਤੀ ਦਾ ਅਹਿਸਾਸ ਨਹੀਂ ਕੀਤਾ, ਉਹ ਵਿਖਾਵਾ ਕਰ ਰਿਹਾ ਹੈ। ਜਿਸ ਸਮੇਂ ਸੰਗਤ ਫੈਸਲਾ ਕਰਦੀ ਹੈ, ਸੰਗਤ ਨੂੰ ਇਹ ਅਹਿਸਾਸ ਹੋਣਾ ਚਾਹੀਦਾ ਹੈ ਕਿ ਉਨ੍ਹਾਂ ਦਾ ਨਿਆਂ ਅਕਾਲ-ਪੁਰਖ ਦੇ ਅਟੱਲ ਨੇਮਾਂ ਅਨੁਸਾਰ ਹੋਵੇ, ਉਸ ਵਿੱਚ ਕੋਈ ਨਿਜੀ ਰੰਜਸ਼ ਨਹੀਂ ਆਉਣੀ ਚਾਹੀਦੀ, ਉਥੇ ਭੁੱਲ ਕਰਨ ਵਾਲੇ ਵਿਅਕਤੀ ਨੂੰ ਵੀ ਪੂਰਾ ਅਹਿਸਾਸ ਹੋਣਾ

ਚਾਹੀਦਾ ਹੈ ਕਿ ਸੰਗਤੀ ਫੈਸਲੇ ਗੁਰੂ ਦੇ ਫੈਸਲੇ ਜਿਹਾ ਸਥਾਨ ਰੱਖਦੇ ਹਨ, ਉਨ੍ਹਾਂ ਨੂੰ ਮੰਨਣ ਵਿੱਚ ਕੋਈ ਅੜੀ ਨਹੀਂ ਹੋਣੀ ਚਾਹੀਦੀ।

ਇਸ ਮੱਦ ਦੀ ਅਗਲੀ ਪੰਕਤੀ ਵਿੱਚ ਲਿਖਿਆ ਹੈ, ਤਨਖਾਹ ਕਿਸੇ ਕਿਸਮ ਦੀ ਸੇਵਾ, ਖਾਸ ਕਰਕੇ ਜੋ ਹੱਥਾਂ ਨਾਲ ਕੀਤੀ ਜਾ ਸਕੇ, ਲਾਉਣੀ ਚਾਹੀਏ।

ਰਹਿਤ ਮਰਯਾਦਾ ਬਨਾਉਣ ਵਾਲਿਆਂ ਨੇ ਤਾਂ ਕਾਫੀ ਸੂਝ ਵਰਤੀ ਹੈ, ਪਰ ਇਸ ਨੂੰ ਅਮਲੀ ਬਨਾਉਣ ਵਾਲੇ ਤਾਂ ਸ਼ਾਇਦ, ਇਸ ਨੂੰ ਅਧਾਰ ਬਣਾਏ ਬਗੈਰ ਹੀ, ਫੈਸਲੇ ਲਈ ਜਾ ਰਹੇ ਹਨ ਜਾਂ ਸ਼ਾਇਦ ਉਨ੍ਹਾਂ ਰਹਿਤ ਮਰਯਾਦਾ ਪੜ੍ਹਨ ਦੀ ਖੇਚਲ ਹੀ ਨਹੀਂ ਕੀਤੀ। ਪਹਿਲਾਂ ਤਾਂ ਗੁਰਬਾਣੀ ਪੜ੍ਹਨ ਦੀ ਤਨਖਾਹ ਲਾਈ ਜਾ ਰਹੀ ਹੈ। ਕੋਈ ਪੁੱਛੇ, ਕੀ ਗੁਰਬਾਣੀ ਪੜ੍ਹਨਾ ਸਜ਼ਾ ਹੈ? ਸੰਗਤ ਵਿੱਚ ਇਹ ਪ੍ਰਭਾਵ ਜਾਣਾ ਵੀ ਅਤਿ ਨੁਕਸਾਨ ਦੇਹ ਹੈ। ਹੋਰ ਤਾਂ ਹੋਰ ਅਕਾਲ-ਤਖਤ ਸਾਹਿਬ ਦੇ ਨਾਂ ਤੇ ਵੀ ਐਸੇ ਫੈਸਲੇ ਸੁਣਾਏ ਜਾ ਰਹੇ ਹਨ, ਫਿਰ ਬਾਕੀ ਸੰਗਤ ਨੇ ਕਿਥੋਂ ਅਗਵਾਈ ਲੈਣੀ ਹੈ? ਹਾਂ ਗੁਰਬਾਣੀ ਨੂੰ ਅਰਥਾਂ ਸਮੇਤ ਵਿਚਾਰ ਕੇ, ਪੜ੍ਹ ਕੇ, ਗੁਰਬਾਣੀ ਦੇ ਅਨਮੋਲ ਗੁਣਾਂ ਨੂੰ ਜੀਵਨ ਵਿੱਚ ਅਪਨਾਉਣ ਲਈ ਕਿਹਾ ਜਾਣਾ ਚਾਹੀਦਾ ਹੈ।

ਜੇ ਹੱਥਾਂ ਨਾਲ ਕਰਨ ਵਾਲੀ ਤਨਖਾਹ ਵੀ ਲਾਈ ਜਾਂਦੀ ਹੈ, ਤਾਂ ਕਈ ਵਾਰੀ ਨਾਲ ਇਹ ਜੋੜ ਦਿੱਤਾ ਜਾਂਦਾ ਹੈ ਕਿ ਇਹ ਤਨਖਾਹ ਫਲਾਣੇ ਫਲਾਣੇ ਤਖਤ ਤੇ ਜਾਂ ਗੁਰਦੁਆਰੇ ਜਾ ਕੇ ਨਿਭਾਉਣੀ ਹੈ। ਉਸ ਦੀ ਹੱਥਾਂ ਨਾਲ ਕਰਨ ਵਾਲੀ ਸੇਵਾ ਦੀ ਤਨਖਾਹ ਘੱਟ ਹੁੰਦੀ ਹੈ ਅਤੇ ਦੂਸਰੇ ਸਥਾਨਾਂ ਦੀ ਯਾਤਰਾ(ਤੀਰਥ ਯਾਤਰਾ) ਦੀ ਵਧੇਰੇ, ਜਿਸ ਦਾ ਸਿੱਖ ਸਿਧਾਂਤਾਂ ਅਨੁਸਾਰ ਕੌਡੀ ਮੁੱਲ ਨਹੀਂ। ਫਿਰ ਹੱਥਾਂ ਨਾਲ ਕਰਨ ਵਾਲੀ ਇਹ ਸੇਵਾ ਵੀ ਅਸੀਂ ਗੁਰਦੁਆਰੇ ਤੱਕ ਹੀ ਸੀਮਤ ਕਰ ਦਿੱਤੀ ਹੈ, ਜਿਵੇਂ ਕਿ ਲੰਗਰ, ਜੋੜਿਆਂ ਜਾਂ ਸਫਾਈ ਆਦਿ ਦੀ, ਹਾਲਾਂਕਿ ਇਹ ਕਿਸੇ ਤਰ੍ਹਾਂ ਦੇ ਮਨੁੱਖਤਾ ਦੀ ਭਲਾਈ ਦੇ ਕੰਮਾਂ ਦੀ ਵੀ ਹੋ ਸਕਦੀ ਹੈ, ਜਿਸ ਨਾਲ ਆਮ ਲੋਕਾਈ ਵਿੱਚ ਵੀ ਕੌਮ ਪ੍ਰਤੀ ਚੰਗਾ ਸੁਨੇਹਾ ਜਾਵੇਗਾ।

ਜਿਥੇ ਸਾਨੂੰ ਸਾਰਿਆਂ ਨੂੰ ਆਪਣੀ ਨਿਜੀ ਸਵੈ-ਪੜਚੋਲ ਕਰਨ ਦੀ ਵੱਡੀ ਲੋੜ ਹੈ, ਉਥੇ ਕੌਮੀ ਪੱਧਰ ਤੇ ਵੀ ਕਾਫੀ ਸਵੈ-ਪੜਚੋਲ ਕਰਨ ਦੀ ਲੋੜ ਹੈ। ਇਥੇ ਮੂਲ ਸਮਝਣ ਵਾਲੀ ਗੱਲ ਇਹ ਹੈ ਕਿ ਤਨਖਾਹ ਲਾਉਣਾ, ਕਿਸੇ ਨੂੰ ਸਜ਼ਾ ਦੇਣਾ, ਉਸ ਨੂੰ ਜ਼ਲੀਲ ਕਰਨਾ ਜਾਂ ਕੋਈ ਨਿਜੀ ਰੰਜਸ਼ ਕਢਣਾ ਨਹੀਂ, ਇਹ ਕੇਵਲ ਗਲਤੀ ਦਾ ਅਹਿਸਾਸ ਕਰਾਕੇ, ਉਸ ਦੀ ਭੁੱਲ ਦਾ ਸੁਧਾਰ ਕਰਨਾ ਹੈ।

ਇਸ ਦਾ ਅਗਲਾ ਅਤੇ ਅੰਤਿਮ ਪੜਾ (ਮੱਦ ੲ) ਤਾਂ ਹਰ ਸਿੱਖ ਕਾਰਜ ਜਾਂ ਸਮਾਗਮ ਦਾ ਆਖਰੀ ਪੜਾ ਹੈ, ਅਰਦਾਸ ਕਰਨਾ। ਇਹੀ ਵਧੀਆ ਅਤੇ ਗੁਰਮਤਿ ਅਨੁਸਾਰੀ ਸਮਾਪਤੀ ਇਸ ਸਾਰੇ ਸਮਾਗਮ ਦੀ ਹੈ, ਸੋਧ ਦੀ ਅਰਦਾਸ ਕਰਨਾ। ਇਹ ਅਰਦਾਸ ਜਿਥੇ ਉਸ ਭੁੱਲ ਕਰਨ ਵਾਲੇ ਵਿਅਕਤੀ ਦੀ ਭੁੱਲ ਦੀ ਸੋਧ ਦੀ ਹੈ, ਉਥੇ ਸੰਗਤ ਵਲੋਂ ਵੀ ਹੋਈਆਂ ਕਈ ਅਨਭੋਲ ਭੁੱਲਾਂ ਵਾਸਤੇ ਵੀ ਹੈ, ਕਿਉਂਕਿ ਅੰਤਿਮ ਅਤੇ ਸੱਚਾ ਨਿਆਂ ਤਾਂ ਉਸ ਅਕਾਲ-ਪੁਰਖ ਦਾ ਹੀ ਹੈ।

ਅੰਤਲੀ ਬੇਨਤੀ:

ਖੰਡੇ ਬਾਟੇ ਦੀ ਪਾਹੁਲ, ਸਿੱਖ ਕੌਮ ਦੀ ਅਤਿ ਮਹੱਤਵ ਪੂਰਨ ਸੰਸਥਾ ਹੈ, ਬਲਕਿ ਜੇ ਇਹ ਕਿਹਾ ਜਾਵੇ ਕਿ ਕੌਮ ਵਿੱਚ, ਗੁਰੂ ਗ੍ਰੰਥ ਸਾਹਿਬ ਤੋਂ ਬਾਅਦ, ਇਸ ਦਾ ਦੂਸਰਾ ਸਥਾਨ ਹੈ ਤਾਂ ਇਹ ਕੋਈ ਅਤਿ ਕਥਨੀ ਨਹੀਂ ਹੋਵੇਗੀ। ਇਸ ਸੰਸਥਾ ਨੇ ਗੁਰੂ ਨਾਨਕ ਪਾਤਿਸ਼ਾਹ ਦੇ ਲਾਸਾਨੀ ਸਿਧਾਂਤਾਂ ਨਾਲ ਜੁੜੀ ਲੋਕਾਈ ਨੂੰ ਇਕ ਕੌਮੀ ਰੂਪ ਬਖਸ਼ਿਆ। ਇਸੇ ਰਾਹੀਂ, ਗੁਰੂ ਗੋਬਿੰਦ ਸਿੰਘ ਪਾਤਿਸ਼ਾਹ ਨੇ, ਸਿੱਖੀ ਨੂੰ ਖਾਲਸੇ ਦੇ ਰੂਪ ਵਿੱਚ ਪ੍ਰਗਟ ਕੀਤਾ। ਇਸ ਸੰਸਥਾ ਦੁਆਰਾ ਪ੍ਰਗਟ ਹੋਏ, ਖਾਲਸਾਈ ਜਜ਼ਬੇ ਨੇ ਦੁਨੀਆਂ ਦੇ ਇਤਿਹਾਸ ਦਾ ਰੁੱਖ ਮੋੜ ਦਿੱਤਾ। ਭਾਵੇਂ ਇਸ ਦਾ ਪ੍ਰਮੁੱਖ ਪ੍ਰਭਾਵ ਭਾਰਤ ਦੇ ਖਿੱਤੇ ਵਿੱਚ ਵੇਖਣ ਨੂੰ ਮਿਲਿਆ, ਪਰ ਦੁਨੀਆਂ ਵਿੱਚ ਚਲੀਆਂ ਅਨੇਕ ਅਜ਼ਾਦੀ ਲਹਿਰਾਂ, ਇਸ ਦੇ ਪ੍ਰਭਾਵ ਦਾ ਹੀ ਪ੍ਰਤੱਖ ਰੂਪ ਹਨ। ਜੇ ਇਹ ਕਿਹਾ ਜਾਵੇ ਕਿ ਗੁਰਬਾਣੀ, ਨਵੇਂ ਮਨੁੱਖੀ ਇਨਕਲਾਬ ਵਾਸਤੇ, ਇਕ ਲਾਸਾਨੀ ਫਰਦ ਹੈ, ਤਾਂ ਖਾਲਸੇ ਦਾ ਪ੍ਰਗਟ ਹੋਣਾ, ਇਸ ਦਾ ਅਮਲੀ ਰੂਪ ਹੈ, ਜੋ ਹਰ ਮਨੁੱਖ ਮਾਤਰ ਨੂੰ, ਅਕਾਲ-ਪੁਰਖ ਵੱਲੋਂ ਬਖਸ਼ੀ, ਉਸ ਦੀ ਅਜ਼ਾਦ ਹਸਤੀ ਦਾ ਅਹਿਸਾਸ ਕਰਾਉਂਦਾ ਹੈ।

ਚੰਗੇਜ਼ ਖਾਂ, ਸਿਕੰਦਰ, ਨਾਦਰਸ਼ਾਹ ਅਤੇ ਹਿੱਟਲਰ ਦੀ ਸੋਚ ਵਾਲਿਆਂ ਨੂੰ ਐਸੀ ਮਨੁੱਖੀ ਇਨਕਲਾਬ ਵਾਲੀ ਵਿਚਾਰਧਾਰਾ ਕਦੇ ਪਸੰਦ ਨਹੀਂ ਆਈ। ਕੁਝ ਨਾਂ ਲੈਣ ਨਾਲ ਤਾਂ ਦਾਇਰਾ ਬਹੁਤ ਸੀਮਤ ਹੋ ਜਾਂਦਾ ਹੈ, ਅਸਲ ਵਿੱਚ ਤਾਂ ਕਿਸੇ ਵੀ ਵਿਸਥਾਰਵਾਦੀ ਜਾਂ ਆਪਣੇ ਆਪ ਨੂੰ ਦੂਸਰੇ ਮਨੁੱਖਾਂ ਨਾਲੋਂ ਉੱਚਾ ਸਮਝਣ ਵਾਲੇ ਨੂੰ, ਜਾਂ ਦੂਸਰਿਆਂ ਨੂੰ ਆਪਣੇ ਅਧੀਨ ਬਨਾਉਣ ਦੇ ਸੁਫਨੇ ਵੇਖਣ ਵਾਲਿਆਂ ਨੂੰ, ਗੁਰੂ ਨਾਨਕ ਪਾਤਿਸ਼ਾਹ ਦੀ ਮਨੁੱਖੀ ਬਰਾਬਰੀ ਦੀ ਵਿਚਾਰਧਾਰਾ, ਕਦੇ ਮਾਫਿਕ ਨਹੀਂ ਆ ਸਕਦੀ। ਇਹੀ ਕਾਰਨ ਹੈ ਕਿ ਜਿਨ੍ਹਾਂ ਨੂੰ ਖਾਲਸਾ ਲਹਿਰ ਨੇ, ਸਦੀਆਂ ਦੀ ਗੁਲਾਮੀ ਤੋਂ ਬਾਅਦ, ਅਜ਼ਾਦ ਹਵਾ ਅਤੇ ਫਿਜ਼ਾ ਵਿੱਚ ਸਾਹ ਲੈਣ ਦਾ ਸੁਭਾਗ ਬਖਸ਼ਿਆ, ਅੱਜ ਉਹੀ ਇਸ ਦੇ ਵੱਡੇ ਦੁਸ਼ਮਣ ਹਨ। ਸਚਾਈ ਤਾਂ ਇਹ ਹੈ ਕਿ ਉਨ੍ਹਾਂ ਨੂੰ ਮੁਗਲਾਂ ਦੀ ਜਾਂ ਅੰਗਰੇਜ਼ਾਂ ਦੀ ਗੁਲਾਮੀ ਤਾਂ ਪ੍ਰਵਾਨ ਸੀ, ਪਰ ਜਿਨ੍ਹਾਂ ਨੂੰ, ਉਨ੍ਹਾਂ ਨੀਚ ਅਤੇ ਅਛੂਤ ਗਰਦਾਨਿਆਂ ਹੋਇਆ ਹੈ, ਉਹ ਉਨ੍ਹਾਂ ਦੇ ਬਰਾਬਰ ਆ ਬੈਠਣ, ਇਹ ਕਤਈ ਮਨਜ਼ੂਰ ਨਹੀਂ ਸੀ। ਇਸੇ ਕਾਰਨ ਉਨ੍ਹਾਂ ਸ਼ੁਰੂ ਤੋਂ ਹੀ ਸਿੱਖ ਇਨਕਲਾਬ ਦਾ ਵਿਰੋਧ ਕੀਤਾ। ਇਹ ਅਲੱਗ ਗੱਲ ਹੈ ਕਿ ਆਪਣੀ ਲੋੜ ਅਨੁਸਾਰ, ਕਦੀ ਦੇਸ਼ ਭਗਤੀ ਦੇ ਨਾਂ 'ਤੇ, ਕਦੀ ਅਜ਼ਾਦੀ ਦੇ ਨਾਂ 'ਤੇ, ਅਤੇ ਕਦੀ ਭਾਈਚਾਰੇ ਦੇ ਨਾਂ 'ਤੇ ਸਿੱਖ ਭਾਵਨਾਵਾਂ ਨੂੰ ਵਰਤ ਲਿਆ। ਵਿਖਾਵਾ ਕੁਝ ਵੀ ਹੋਵੇ, ਇਨ੍ਹਾਂ ਸ਼ਕਤੀਆਂ ਨੂੰ, ਨਾ ਗੁਰਬਾਣੀ ਦੀ ਵਿਚਾਰਧਾਰਾ ਬਰਦਾਸ਼ਤ ਹੈ, ਨਾ ਇਸ ਤੇ ਅਧਾਰਤ ਖਾਲਸਾਈ ਇਨਕਲਾਬ। ਇਹ ਹਰ ਸੂਰਤ ਇਸ ਨੂੰ ਨੇਸਤੋ-ਨਬੂਦ ਕਰ ਦੇਣਾ ਚਾਹੁੰਦੀਆਂ ਹਨ। ਗੱਲ ਉਂਜ ਵੀ ਸੁਭਾਵਕ ਹੈ, ਜਿਨ੍ਹਾਂ ਆਪਣੀ ਵਿਰਾਸਤ ਵਿੱਚ ਹੀ ਸਾਰੇ ਮਨੁੱਖਾਂ ਨਾਲ ਬਰਾਬਰ ਰਹਿਣਾ ਅਤੇ ਬਹਿਣਾ, ਸਿਖਿਆ ਹੀ ਨਹੀਂ, ਉਨ੍ਹਾਂ ਨੂੰ ਆਪਣੀ ਘੱਸੀ-ਪਿਟੀ ਸੰਪਰਦਾਈ ਵਿਚਾਰਧਾਰਾ ਨੂੰ ਚੁਨੌਤੀ ਦੇਣ ਵਾਲੀ ਗੁਰਮਤਿ ਵਿਚਾਰਧਾਰਾ ਕਿਥੋਂ ਬਰਦਾਸ਼ਤ ਹੋਵੇਗੀ? ਉਂਝ ਵੀ ਸਦੀਆਂ ਦੀ ਗੁਲਾਮੀ ਨਾਲ, ਉਨ੍ਹਾਂ ਅੰਦਰ ਜੋ ਮਾਨਸਿਕ ਹੀਨ-ਭਾਵਨਾ ਪੈਦਾ ਹੋ ਗਈ ਹੈ, ਹੁਣ ਆਪ ਹਾਕਮ ਬਣ ਕੇ, ਦੂਸਰਿਆਂ ਨਾਲ ਗੁਲਾਮਾਂ ਵਾਲਾ ਸਲੂਕ ਕਰ ਕੇ, ਉਹ ਜਿਥੇ ਉਸ ਹੀਨ-ਭਾਵਨਾ 'ਚੋਂ ਬਾਹਰ ਆਉਣਾ ਚਾਹੁੰਦੇ ਹਨ, ਉਥੇ ਆਪਣੀ ਉਸ ਸਦੀਆਂ ਦੀ ਗੁਲਾਮੀ ਦਾ ਬਦਲਾ, ਦੂਸਰਿਆਂ ਉਤੇ ਆਪਣੀ ਬਾਦਸ਼ਾਹਤ ਦਾ ਨਵਾਂ ਇਤਹਾਸ ਘੱੜ ਕੇ ਲੈਣਾ ਚਾਹੁੰਦੇ ਹਨ।

ਨਤੀਜਾ ਇਹ ਹੈ ਕਿ ਅੱਜ ਸਿੱਖੀ ਦੇ ਇਹ ਦੋਵੇਂ ਪ੍ਰਮੁੱਖ ਥੰਮ, ਗੁਰੂ ਗ੍ਰੰਥ ਸਾਹਿਬ ਅਤੇ ਖੰਡੇ-ਬਾਟੇ ਦੀ ਪਾਹੁਲ ਦੀ ਸੰਸਥਾ ਵੱਡੇ ਹਮਲੇ ਅਧੀਨ ਹਨ। ਇਨ੍ਹਾਂ ਹਮਲਿਆਂ ਦੀ ਰੂਪ ਰੇਖਾ ਕੁਝ ਅਲੱਗ ਜਾਪੇਗੀ ਪਰ, ਮਕਸਦ ਇਕੋ ਹੈ ਕੌਮ ਦੇ ਖਾਲਸਾਈ ਰੂਪ ਦਾ ਕਤਲ ਕਰ ਕੇ, ਉਸ ਨੂੰ ਭਗਵੇ ਕਫਨ ਨਾਲ ਢੱਕ ਦੇਣਾ।

ਜਿਵੇਂ ਉਪਰ ਬੇਨਤੀ ਕੀਤੀ ਹੈ, ਇਨ੍ਹਾਂ ਦੋਹਾਂ ਹਮਲਿਆਂ ਦੀ ਰੂਪ-ਰੇਖਾ ਅਲੱਗ-ਅਲੱਗ ਹੈ। ਉਨ੍ਹਾਂ ਦਾ ਸਭ ਤੋਂ ਵੱਡਾ ਜਹਾਦ ਗੁਰੂ ਗ੍ਰੰਥ ਸਾਹਿਬ ਦੇ ਖਿਲਾਫ ਹੈ। ਕੌਮ ਦੀ ਵੱਡੀ ਖੁਸ਼ਕਿਸਮਤੀ ਆਖਾਂ, ਕਿ ਆਪਣੇ ਸਤਿਗੁਰਾਂ ਦੀ ਦੂਰਅੰਦੇਸ਼ੀ ਅਤੇ ਸਿਆਣਪ ਦਾ ਸਿਖਰ ਕਿ **ਗੁਰੂ ਗ੍ਰੰਥ ਸਾਹਿਬ ਦਾ ਸੰਪਾਦਨ ਇਸ ਵਧੀਆ ਤਰੀਕੇ ਨਾਲ ਕੀਤਾ ਕਿ ਇਸ ਵਿੱਚ ਕਿਸੇ ਤਰ੍ਹਾਂ ਦੀ ਮਿਲਾਵਟ ਨਹੀਂ ਕੀਤੀ ਜਾ ਸਕਦੀ। ਜੇ ਕੋਈ ਐਸੀ ਕੋਸ਼ਿਸ਼ ਕਰੇਗਾ ਵੀ, ਨੇਮ ਨਾਲ ਬਾਣੀ ਪੜ੍ਹਨ ਵਾਲੇ ਅਤੇ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨ ਵਿਧੀ ਸਮਝਣ ਵਾਲੇ, ਉਸ ਨੂੰ ਫੌਰਨ ਪਕੜ ਲੈਣਗੇ। ਇਸ ਵਾਸਤੇ ਅਜੇ ਤੱਕ ਜਿਸ ਨੇ ਵੀ ਕੋਸ਼ਿਸ਼ ਕੀਤੀ, ਮੁੰਦਾਵਨੀ ਦੇ ਸ਼ਬਦ ਅਤੇ ਸਲੋਕ ਤੋਂ ਬਾਅਦ ਹੀ ਕਰ ਸਕਿਆ ਹੈ। ਸਤਿਗੁਰੂ ਨੇ ਤਾਂ ਮੁੰਦਾਵਨੀ ਦੇ ਸ਼ਬਦ ਨਾਲ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਨੂੰ ਇੰਝ ਮੁੰਦ ਦਿੱਤਾ, ਭਾਵ ਸੀਲ ਕਰ ਦਿੱਤਾ ਕਿ ਇਸ ਵਿੱਚ ਇਕ ਅੱਖਰ ਦੀ ਵਾਧ-ਘਾਟ ਨਾ ਕੀਤੀ ਜਾ ਸਕੇ, ਪਰ ਪੰਥ-ਦੋਖੀ ਸ਼ਕਤੀਆਂ ਨੇ, ਮੁਕਾਬਲੇ 'ਤੇ ਇਕ ਸਾਕਤੀ ਗ੍ਰੰਥ ਹੀ ਲਿਆ ਧਰਿਆ। ਇਤਨਾ ਹੀ ਨਹੀਂ ਕੌਮ ਵਿੱਚ ਭੁਲੇਖੇ ਪਾਉਣ ਲਈ ਗੁਰੂ ਗ੍ਰੰਥ ਸਾਹਿਬ ਤੋਂ ਬਿਲਕੁਲ ਉਲਟ ਵਿਚਾਰਧਾਰਾ ਵਾਲੀ ਇਸ ਕਿਤਾਬ ਨੂੰ ਗੁਰੂ-ਕ੍ਰਿਤ ਦੱਸ ਕੇ, ਇਸ ਨੂੰ ਗੁਰਬਾਣੀ ਦਾ ਦਰਜਾ ਦੇਣ ਦੀ ਕੋਸ਼ਿਸ਼ ਕਰ ਰਹੇ ਹਨ। ਜੋ ਲੋਕ ਗੁਰਮਤਿ ਵਿਚਾਰਧਾਰਾ ਤੋਂ ਅਨਜਾਣ, ਕੇਵਲ ਗੁਰੂ ਗ੍ਰੰਥ ਸਾਹਿਬ ਦੀ ਪੂਜਾ ਤੱਕ ਸੀਮਤ ਹਨ, ਗੁਰੂ ਗੋਬਿੰਦ ਸਿੰਘ ਪਾਤਿਸ਼ਾਹ ਦਾ, 'ਸਭ ਸਿੱਖਣ ਕੋ ਹੁਕਮ ਹੈ, ਗੁਰੂ ਮਾਨਿਓ ਗ੍ਰੰਥ' ਦਾ ਅੰਤਿਮ ਆਦੇਸ਼ ਭੁੱਲ ਕੇ, ਨਾਲ ਇਸ ਗ੍ਰੰਥ ਦੀ ਪੂਜਾ ਵੀ ਕਰਨ ਲੱਗ ਪਏ ਹਨ। ਉਨ੍ਹਾਂ ਭੋਲਿਆਂ ਦੇ ਭੁਲੇਖਾ ਖਾ ਜਾਣ ਦਾ ਕਾਰਨ ਇਹ ਵੀ ਹੈ, ਕਿ ਜਿਨ੍ਹਾਂ ਲੋਕਾਂ ਨੂੰ ਇਸ ਸਾਕਤੀ ਪੁਸਤਕ ਨੂੰ ਸਿੱਖ ਕੌਮ ਵਿੱਚ ਸਥਾਪਤ ਕਰਨ ਦਾ ਕੰਮ ਸੌਂਪਿਆ ਗਿਆ ਹੈ, ਉਨ੍ਹਾਂ ਦੀਆਂ ਸੂਰਤਾਂ ਵੀ ਗੁਰਸਿੱਖਾਂ ਵਾਲੀਆਂ ਹਨ, ਉਨ੍ਹਾਂ ਦੇ ਬੋਲਾਂ ਵਿੱਚ ਮਿਠਾਸ ਹੈ, ਉਨ੍ਹਾਂ ਦੇ ਸ਼ਬਦਾਂ ਵਿੱਚ ਭਾਵੁਕਤਾ ਹੈ ਅਤੇ ਉਨ੍ਹਾਂ ਦੀਆਂ ਅੱਖਾਂ ਵਿੱਚ ਮਗਰ ਮੱਛ ਦੇ ਅਥਰੂ ਹਨ, ਜੋ ਉਹ ਗੁਰੂ ਦੇ ਨਾਂ 'ਤੇ ਵਗਾਉਣ ਦਾ ਡਰਾਮਾ ਬਹੁਤ ਵਧੀਆ ਕਰਦੇ ਹਨ। ਇਸ ਸਾਰੇ ਨਾਟਕ ਚੇਟਕ ਵਿੱਚ ਕਿਸੇ ਵੀ ਗਿਆਨ ਵਿਹੂਣੇ, ਭਾਵੁਕ ਸਿੱਖ ਦਾ ਫਸ ਜਾਣਾ ਬਹੁਤ ਔਖਾ ਨਹੀਂ ਹੈ। ਜੇ ਕੁਝ ਸਮੇਂ ਲਈ, ਨਾਲ ਗੁਰੂ ਗ੍ਰੰਥ ਸਾਹਿਬ ਦੇ ਸਰੂਪ ਦੀ ਪੂਜਾ ਹੁੰਦੀ ਵੀ ਰਹੇ, ਤਾਂ ਉਨ੍ਹਾਂ ਨੂੰ ਕੋਈ ਫਰਕ ਨਹੀਂ ਪੈਂਦਾ, ਬਲਕਿ ਉਨ੍ਹਾਂ ਦੀ ਪੱਥਰ-ਪੂਜਾ ਦੀ ਵਿਚਾਰਧਾਰਾ ਨਾਲ ਮੇਲ ਖਾਂਦਾ ਹੈ। ਉਨ੍ਹਾਂ ਦਾ ਵਿਰੋਧ ਗੁਰੂ ਗ੍ਰੰਥ ਸਾਹਿਬ ਦੇ ਸਰੂਪ ਦੀ ਪੂਜਾ ਨਾਲ ਨਹੀਂ, ਗੁਰਮਤਿ ਵਿਚਾਰਧਾਰਾ ਨਾਲ ਹੈ।** ਇਸ ਸਾਕਤੀ ਪੁਸਤਕ ਰਾਹੀਂ, ਉਹ ਗੁਰਮਤਿ ਵਿਚਾਧਾਰਾ ਦਾ ਤੋੜ ਪੈਦਾ ਕਰਨ ਦੀ ਕੋਸ਼ਿਸ਼ ਕਰ ਰਹੇ ਹਨ। ਇਸੇ ਲਈ ਉਹ ਤਾਂ ਗੁਰੂ ਗ੍ਰੰਥ ਸਾਹਿਬ ਨੂੰ ਆਪਣੇ ਮੰਦਰਾਂ ਵਿੱਚ ਵੀ ਲੈ ਜਾਣਾ ਚਾਹੁੰਦੇ ਹਨ। ਕਈ ਵਾਰੀ ਅਸੀਂ ਭਾਵੁਕ ਹੋ ਕੇ ਕਹਿ ਦੇਂਦੇ ਹਾਂ, ਜੇ ਉਹ ਮਰਯਾਦਾ ਅਨੁਸਾਰ ਸਤਿਗੁਰੂ ਦਾ ਸਤਿਕਾਰ ਕਰਦੇ ਹਨ ਤਾਂ ਇਸ ਵਿੱਚ ਹਰਜ਼ ਵੀ ਕੀ ਹੈ? ਹਰਜ਼ ਹੀ ਹਰਜ਼ ਹੈ। ਉਹ ਗੁਰੂ ਗ੍ਰੰਥ ਸਾਹਿਬ ਨੂੰ ਆਪਣੇ ਪੱਥਰ ਦੇ ਦੇਵੀ ਦੇਵਤਿਆਂ ਦੀ ਤਰ੍ਹਾਂ, ਕੇਵਲ ਪੂਜਾ ਦੀ ਵਸਤ ਬਣਾ ਦੇਣਾ ਚਾਹੁੰਦੇ ਹਨ। ਗੁਰੂ ਗ੍ਰੰਥ ਸਾਹਿਬ ਦਾ ਸਤਿਕਾਰ ਕਰਨਾ ਹੈ, ਗੁਰਬਾਣੀ ਦੁਆਰਾ ਦ੍ਰਿੜ ਕਰਾਏ,

ਗੁਰਮਤਿ ਸਿਧਾਂਤਾਂ ਦਾ ਸਤਿਕਾਰ ਕਰਨਾ। ਉਨ੍ਹਾਂ ਨੂੰ ਆਪਣੇ ਅਮਲੀ ਜੀਵਨ ਵਿੱਚ ਅਪਨਾਉਣਾ। ਜੇ ਇਕ ਕਮਰੇ ਵਿੱਚ ਗੁਰੂ ਗ੍ਰੰਥ ਸਾਹਿਬ ਦੀ ਪੂਜਾ ਕਰਕੇ ਦੂਸਰੇ ਕਮਰੇ ਵਿੱਚ ਫਿਰ ਉਹੀ ਕਰਮਕਾਂਡ ਕਰਨੇ ਹਨ ਤਾਂ ਇਹ ਗੁਰੂ ਗ੍ਰੰਥ ਸਾਹਿਬ ਦਾ ਘੋਰ ਅਪਮਾਨ ਹੈ। ਇਹ ਕੇਵਲ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕਰਕੇ ਆਪਣੇ 33 ਕਰੋੜ ਦੇਵਤਿਆਂ ਦੀ ਲਿਸਟ ਵਿੱਚ ਇਕ ਹੋਰ ਨਾਂ ਜੋੜਨਵਾਲੀ ਗੱਲ ਹੈ, ਤਾਕਿ ਸਿੱਖ ਕੌਮ ਵੀ ਉਨ੍ਹਾਂ ਦੇ 33 ਕਰੋੜ ਦੇਵੀ ਦੇਵਤਿਆਂ ਦੀ ਪੂਜਾ ਕਰਨ ਵਾਲਿਆਂ ਦੀ ਕਤਾਰ ਵਿੱਚ ਆ ਖਲੋਵੇ।

ਇਸੇ ਵਾਸਤੇ ਉਨ੍ਹਾਂ ਕੌਮ ਅੰਦਰ ਭੇਖੀ ਸਾਧਾਂ ਦਾ ਇਕ ਜਾਲ ਵਿਛਾ ਦਿੱਤਾ ਹੈ, ਜੋ ਸਿੱਖੀ ਦੇ ਪ੍ਰਚਾਰ ਦਾ ਭੇਖ ਧਾਰ ਕੇ, ਗੁਰੂ ਗ੍ਰੰਥ ਸਾਹਿਬ ਦੇ ਸਤਿਕਾਰ ਦਾ ਨਾਂ ਦੇ ਕੇ, ਸਤਿਗੁਰੂ ਦੇ ਸਰੂਪ ਦੀ ਪੂਜਾ ਕਰਾ ਰਹੇ ਹਨ। ਇਹੀ ਲੋਕ ਹਨ ਜੋ ਨਾਲ ਇਸ ਸਾਕਤੀ ਕਿਤਾਬ ਨੂੰ ਵੀ ਸਥਾਪਤ ਕਰਨ ਦੀ ਕੋਸ਼ਿਸ਼ ਕਰ ਰਹੇ ਹਨ। ਇਹ ਉਸ ਦੀ ਵੀ ਬਰਾਬਰ ਪੂਜਾ ਕਰਾਉਂਦੇ ਹਨ। ਪਹਿਲਾ ਪੜਾ ਤਾਂ ਬਰਾਬਰ ਸਥਾਪਤ ਕਰਨਾ ਹੀ ਹੈ, ਤਾਂਕਿ ਸਿਧਾਂਤਕ ਦੁਬਿਧਾ ਦੇ ਬੀਜ ਬੋਏ ਜਾ ਸਕਣ ਅਤੇ ਗੁਰਮਤਿ ਵਿਚਾਰਧਾਰਾ ਨੂੰ ਚੁਣੌਤੀ ਦਿੱਤੀ ਜਾ ਸਕੇ।

ਦੂਸਰਾ ਹਮਲਾ ਖੰਡੇ-ਬਾਟੇ ਦੀ ਪਾਹੁਲ 'ਤੇ ਹੈ। ਇਸ ਦੇ ਵੀ ਦੋ ਭਾਗ ਹਨ, ਪਹਿਲਾਂ ਤਾਂ ਇਸ ਨੂੰ ਇਕ ਕਰਮਕਾਂਡ ਬਣਾ ਦੇਣਾ। ਇਸੇ ਅਧੀਨ ਹੀ ਇਸ ਨੂੰ ਇਕ ਜਾਦੂਈ ਪਾਣੀ ਦੇ ਤੌਰ 'ਤੇ ਪੇਸ਼ ਕੀਤਾ ਗਿਆ ਹੈ। ਗੁਰਬਾਣੀ ਵਿੱਚ ਬਾਰ ਬਾਰ ਅੰਮ੍ਰਿਤ ਦਾ ਨਾਂ ਆਉਣ ਕਾਰਨ, ਸਿੱਖ ਮਾਨਸਿਕਤਾ ਨੇ ਇਸ ਨੂੰ ਅੰਮ੍ਰਿਤ ਦੇ ਤੌਰ 'ਤੇ ਪ੍ਰਵਾਨ ਕਰ ਲਿਆ। ਭਾਵੇਂ ਕਿ ਗੁਰਬਾਣੀ ਵਿੱਚ ਨਾਮ-ਅੰਮ੍ਰਿਤ ਦੀ ਗੱਲ ਹੀ ਆਉਂਦੀ, ਜਿਵੇਂ ਕਿ ਉਪਰ ਵਿਚਾਰਿਆ ਜਾ ਚੁੱਕਾ ਹੈ। ਪਰ ਇਸ ਦਾ ਨਾਂ ਪਾਹੁਲ ਤੋਂ ਅੰਮ੍ਰਿਤ ਵਿੱਚ ਬਦਲਣ ਵਿੱਚ ਵੀ ਮੈਨੂੰ ਉਸ ਬ੍ਰਾਹਮਣੀ ਸੋਚ ਦਾ ਪ੍ਰਗਟਾਵਾ ਹੀ ਨਜ਼ਰ ਆਉਂਦਾ ਹੈ। ਅੱਜ ਸਾਰੇ ਬਾਬਾ ਲਾਣੇ ਦਾ ਜ਼ੋਰ ਇਸੇ ਗੱਲ ਤੇ ਲਗਾ ਹੋਇਆ ਕਿ ਸਿੱਖ ਅੰਮ੍ਰਿਤ ਛਕਣ ਦਾ ਕਰਮਕਾਂਡ ਕਰ ਲੈਣ, ਪਰ ਕਰਮ, ਉਹੀ ਬ੍ਰਾਹਮਣਵਾਦੀ ਕਰਦੇ ਰਹਿਣ। ਤਾਂ ਹੀ ਅੱਜ ਗਾਤਰੇ ਕਿਰਪਾਨਾਂ ਵਾਲੇ ਸਿੱਖਾਂ ਨੂੰ, ਇਨ੍ਹਾਂ ਬਾਬਿਆਂ ਦੇ ਡੇਰਿਆਂ ਤੋਂ ਇਲਾਵਾ, ਮੜ੍ਹੀਆਂ-ਮਸਾਣਾਂ, ਮੁਸਲਮਾਨ ਪੀਰਾਂ ਦੀਆਂ ਦਰਗਾਹਾਂ, ਹਿੰਦੂ ਮੰਦਰਾਂ, ਤੀਰਥਾਂ 'ਤੇ ਨੱਕ ਰਗੜ ਦਿਆਂ ਅਤੇ ਆਪਣੇ ਘਰਾਂ ਵਿੱਚ ਉਹੀ ਬ੍ਰਾਹਮਣਵਾਦੀ ਕਰਮਕਾਂਡ ਕਰਦੇ ਵੇਖਿਆ ਜਾ ਸਕਦਾ ਹੈ, ਹੋਰ ਤਾਂ ਹੋਰ ਕਈ ਥਾਈਂ ਗੁਰਦੁਆਰਿਆਂ ਵਿੱਚ ਵੀ ਟੱਲ ਖੜਕਾਉਣ ਲੱਗ ਪਏ ਹਨ। ਪਟਨਾ ਸਾਹਿਬ ਅਤੇ ਹਜ਼ੂਰ ਸਹਿਬ ਖੜਕ ਹੀ ਰਹੇ ਹਨ, ਸਿਰਫ ਟੱਲਾਂ ਦਾ ਰੂਪ ਅਲੱਗ ਹੈ। ਬਹੁਤੀ ਥਾਈਂ ਬ੍ਰਾਹਮਣੀ ਕਰਮਕਾਂਡਾਂ ਦਾ ਸਿੱਖੀ ਕਰਨ ਕਰ ਦਿੱਤਾ ਗਿਆ ਹੈ। ਭਾਵ ਉਹ ਕਰਮ ਨਹੀਂ ਤਿਆਗੇ, ਕੇਵਲ ਉਨ੍ਹਾਂ ਨੂੰ ਸਿੱਖੀ ਰੂਪ ਦੇ ਦਿੱਤਾ ਗਿਆ ਹੈ, ਜਿਵੇਂ ਹਿੰਦੂ ਤੀਰਥਾਂ ਦੀ ਬਜਾਏ ਮਨੀਕਰਨ ਜਾਂ ਹੇਮਕੁੰਟ ਆਦਿ ਦੀ ਯਾਤਰਾ, ਮ੍ਰਿਤਕ ਪ੍ਰਾਣੀ ਦੇ ਹੱਡ ਗੰਗਾ ਵਿੱਚ ਪਾਉਣ ਦੀ ਬਜਾਏ, ਕੀਰਤਪੁਰ ਪਾਉਣੇ ਆਦਿ ਆਦਿ..। ਹੋਰ ਤਾਂ ਹੋਰ ਇਹ ਹਿੰਦੂ ਦੇਵਤਿਆਂ ਦੀ ਪੂਜਾ ਦੀ ਤਰਜ਼ ਤੇ ਗੁਰੂ ਗ੍ਰੰਥ ਸਾਹਿਬ ਦੀਆਂ ਆਰਤੀਆਂ ਉਤਾਰਨ ਅਤੇ ਪੂਜਾ ਕਰਨ ਲੱਗ ਪਏ ਹਨ।(ਇਸ 'ਕਰਮਕਾਂਡਾਂ' ਦੇ ਵਿਸ਼ੇ 'ਤੇ ਲੇਖਕ ਦੀ ਇਕ ਅਲੱਗ ਪੁਸਤਕ ਆ ਰਹੀ ਹੈ)। ਇਹ ਸਾਰੇ ਕਰਮ, ਗਲੇ ਵਿੱਚ ਗਾਤਰੇ ਕਿਰਪਾਨਾਂ ਪਾਏ ਹੋਏ ਸਿੱਖ ਵੀ ਆਮ ਹੀ ਕਰਦੇ ਨਜ਼ਰ ਆ ਜਾਂਦੇ ਹਨ।

ਸਿੱਖ ਪਾਹੁਲ ਵੀ ਛਕੀ ਜਾਣ ਅਤੇ ਨਾਲ ਇਹ ਕਰਮ ਵੀ ਕਰੀ ਜਾਣ, ਕਿਸੇ ਨੂੰ ਕੋਈ ਤਕਲੀਫ ਨਹੀਂ। ਉਨ੍ਹਾਂ ਨੂੰ ਤਕਲੀਫ ਤਾਂ ਉਦੋਂ ਹੁੰਦੀ ਹੈ, ਜਦੋਂ ਸਿੱਖ ਪਾਹੁਲ ਛਕ ਕੇ,

ਗੁਰੂ ਨਾਲ ਕੀਤੇ ਪ੍ਰਣ ਅਨੁਸਾਰ, ਗੁਰਬਾਣੀ ਨੂੰ ਆਪਣੇ ਜੀਵਨ ਦਾ ਆਦਰਸ਼ ਬਣਾ ਲੈਂਦਾ ਹੈ। ਗੁਰਮਤਿ ਅਨੁਸਾਰ ਜੀਵਨ ਜਿਊਣ ਦੀ ਤਾਂਘ ਵਿੱਚ ਉਹ ਹਰ ਤਰ੍ਹਾਂ ਦੇ ਕਰਮਕਾਂਡ ਨੂੰ ਪਛਾਨਣ ਅਤੇ ਰੱਦ ਕਰਨ ਲੱਗ ਪੈਂਦਾ ਹੈ। ਤਕਲੀਫ ਹੋਰ ਖਤਰਨਾਕ ਹੋ ਜਾਂਦੀ ਹੈ ਜਦੋਂ ਉਹ ਗੁਰਬਾਣੀ ਦੇ ਲਾਸਾਨੀ ਫਲਸਫੇ ਅਨੁਸਾਰ, ਇਕ ਅਕਾਲ-ਪੁਰਖ ਦੀ ਸੰਤਾਨ ਹੋਣ ਨਾਤੇ, ਹਰ ਮਨੁੱਖ ਮਾਤਰ ਦੀ ਬਰਾਬਰੀ ਦੀ ਗੱਲ ਕਰਦਾ ਹੈ। ਜਦੋਂ ਉਹ ਇਕ ਅਕਾਲ-ਪੁਰਖ ਦੀ ਪ੍ਰਭੂਸੱਤਾ ਵਿੱਚ, ਹਰ ਮਨੁੱਖ, ਹਰ ਕੌਮ ਦੀ ਅਜ਼ਾਦ ਹੋਂਦ ਅਤੇ ਹਸਤੀ ਦੀ ਗੱਲ ਕਰਦਾ ਹੈ। ਜਦੋਂ ਉਹ ਗੁਰਬਾਣੀ ਦੇ ਇਨ੍ਹਾਂ ਇਲਾਹੀ ਐਲਾਨਾਂ ਕਿ,

"ਕੋਊ ਹਰਿ ਸਮਾਨਿ ਨਹੀ ਰਾਜਾ ॥ ਏ ਭੂਪਤਿ ਸਭ ਦਿਵਸ ਚਾਰਿ ਕੇ, ਝੂਠੇ ਕਰਤ ਦਿਵਾਜਾ ॥"
{ਬਿਲਾਵਲੁ ਕਬੀਰ ਜੀਉ, ਪੰਨਾ ੮੫੬}

(ਹੇ ਭਾਈ !) ਜਗਤ ਵਿਚ ਕੋਈ ਜੀਵ ਪਰਮਾਤਮਾ ਦੇ ਬਰਾਬਰ ਦਾ ਰਾਜਾ ਨਹੀਂ ਹੈ । ਇਹ ਦੁਨੀਆ ਦੇ ਸਭ ਰਾਜੇ ਚਾਰ ਦਿਨਾਂ ਦੇ ਰਾਜੇ ਹੁੰਦੇ ਹਨ, (ਇਹ ਲੋਕ ਆਪਣੇ ਰਾਜ-ਪ੍ਰਤਾਪ ਦੇ) ਝੂਠੇ ਵਿਖਾਵੇ ਕਰਦੇ ਹਨ ।

"ਤਿਸੁ ਬਿਨੁ ਅਵਰੁ ਨ ਕੋਈ ਰਾਜਾ ਕਰਿ ਤਪਾਵਸੁ ਬਣਤ ਬਣਾਈ ॥"
{ਰਾਮਕਲੀ ਮਹਲਾ ੩, ਪੰਨਾ ੯੧੨}

ਹੇ ਸੰਤ ਜਨੋ ! ਪ੍ਰਭੂ ਤੋਂ ਬਿਨਾ (ਉਸ ਦੇ ਬਰਾਬਰ ਦਾ) ਹੋਰ ਕੋਈ ਪਾਤਿਸ਼ਾਹ ਨਹੀਂ ਹੈ । ਉਸ ਨੇ ਪੂਰਾ ਇਨਸਾਫ਼ ਕਰ ਕੇ ਸਿਫ਼ਤਿ-ਸਾਲਾਹ ਕਰਨ ਦੀ ਇਹ ਰੀਤ ਚਲਾਈ ਹੈ ।

ਅਨੁਸਾਰ ਕਿਸੇ ਦੁਨਿਆਵੀ ਪਾਤਿਸ਼ਾਹੀਆਂ ਅੱਗੇ ਸਿਰ ਨਿਵਾਊਣ ਤੋਂ ਇਨਕਾਰੀ ਹੁੰਦਾ ਹੈ ਅਤੇ ਆਪਣੇ ਬਰਾਬਰ ਦੇ ਮਨੁੱਖੀ ਅਧਿਕਾਰਾਂ ਦੀ ਮੰਗ ਕਰਦਾ ਹੈ। ਉਹ ਨਾ ਮਿਲਣ ਤੇ ਉਨ੍ਹਾਂ ਦੀ ਪ੍ਰਾਪਤੀ ਲਈ ਸੰਘਰਸ਼ਸ਼ੀਲ ਹੋਣ ਲਈ ਤੱਤਪਰ ਰਹਿੰਦਾ ਹੈ।

ਇਸੇ ਕਾਰਨ ਪਾਹੁਲ ਦੀ ਸੰਸਥਾ 'ਤੇ ਵੀ ਮਾਰੂ ਹਮਲਾ ਚਲ ਰਿਹਾ ਹੈ। ਦੂਸਰੇ ਪੱਖ ਵਿੱਚ ਇਸ ਸੰਸਕਾਰ ਦਾ ਬ੍ਰਾਮਹਣੀ ਕਰਣ ਕਰਨ ਦੀ ਕੋਸ਼ਿਸ਼ ਹੋਈ ਹੈ। ਸੰਸਕਾਰ ਵਿੱਚ ਬਹੁਤ ਸਾਰੀਆਂ ਬ੍ਰਾਹਮਣੀ ਕਿਰਿਆਵਾਂ, ਜੋ ਗੁਰਮਤਿ ਦੀ ਕਸਵੱਟੀ ਤੇ ਬਿਲਕੁਲ ਖਰੀਆਂ ਨਹੀਂ ਉਤਰਦੀਆਂ ਘੁਸੇੜ ਦਿੱਤੀਆਂ ਗਈਆਂ ਹਨ। ਕਿਉਂਕਿ ਇਨ੍ਹਾਂ ਦਾ ਵਿਚਾਰ, ਉਪਰ ਲੜੀਵਾਰ ਵਿਸਥਾਰ ਵਿੱਚ ਕੀਤਾ ਜਾ ਚੁੱਕਾ ਹੈ, ਇਸ ਨੂੰ ਦੁਬਾਰਾ ਦੁਹਰਾਉਣ ਦੀ ਲੋੜ ਨਹੀਂ, ਲੇਕਿਨ ਇਤਨਾ ਜ਼ਰੂਰ ਕਹਿਣਾ ਚਾਹਾਂਗਾ, ਕਿਸੇ ਸੰਸਥਾ ਦਾ ਮੂਲ ਨਿਰਮਲ ਸਰੂਪ ਵਿਗਾੜ ਦੇਣਾ, ਉਸ ਸੰਸਥਾ ਨੂੰ ਖਤਮ ਕਰਨ ਬਰਾਬਰ ਹੀ ਹੁੰਦਾ ਹੈ। ਇਸ ਲਈ ਅੱਜ ਵੱਡੀ ਲੋੜ ਹੈ ਕਿ ਇਸ ਦੀ ਪੂਰੀ ਪੜਚੋਲ ਕਰ ਕੇ, ਇਸ ਦੇ ਮੂਲ ਨਿਰਮਲ ਸਰੂਪ ਨੂੰ ਬਹਾਲ ਕੀਤਾ ਜਾਵੇ।

ਸਭ ਤੋਂ ਗੰਭੀਰ ਗੱਲ ਇਹ ਹੈ ਕਿ ਬਹੁਤੇ ਸਿੱਖ ਹੀ ਪਾਹੁਲ ਛਕਣ ਤੋਂ ਮੁਨਕਰ ਹੋ ਗਏ ਹਨ। ਪਤਾ ਨਹੀਂ ਇਹ ਵਿਚਾਰ ਕਿਥੋਂ ਪੈਦਾ ਹੋ ਗਿਆ ਕਿ ਪਾਹੁਲ ਛਕਣੀ ਜ਼ਰੂਰੀ ਨਹੀਂ, ਮਨਮਰਜ਼ੀ 'ਤੇ ਹੈ। ਅਸੀਂ ਆਪਣੇ ਆਪ ਵਿੱਚ ਹੀ, ਇਹ ਭਰਮ ਪਾਲ ਲਿਆ ਕਿ ਪਾਹੁਲ ਛਕੇ ਬਿਨਾਂ ਵੀ ਸਿੱਖ ਹੋਇਆ ਜਾ ਸਕਦਾ ਹੈ। ਸ਼ਾਇਦ ਇਸ ਵਿੱਚ ਕਾਫੀ ਰੋਲ, ਸਿੱਖ ਰਹਿਤ ਮਰਯਾਦਾ ਦਾ ਵੀ ਹੈ, ਜਿਸ ਵਿੱਚ ਸਿੱਖ ਦੀ ਪਰਿਭਾਸ਼ਾ ਵਿੱਚ ਹਰ ਸਿੱਖ ਵਾਸਤੇ ਯੋਗ

ਉਮਰ 'ਤੇ ਪਾਹੁਲ ਛਕਣਾ ਲਾਜ਼ਮੀਂ ਬਨਾਉਣ ਦੀ ਬਜਾਏ ਇਹ ਲਿੱਖ ਦਿੱਤਾ ਗਿਆ ਕਿ, 'ਦਸ਼ਮੇਸ਼ ਜੀ ਦੇ ਅੰਮ੍ਰਿਤ ਉਤੇ ਨਿਸ਼ਚਾ ਰੱਖਦਾ ਹੋਵੇ।

ਕੁਝ ਲੋਕਾਂ ਵਲੋਂ ਪਾਹੁਲ ਨੂੰ ਹਊਆ ਬਣਾ ਕੇ ਪੇਸ਼ ਕੀਤਾ ਗਿਆ। ਇਸ ਨੂੰ ਖੰਡੇ ਦੀ ਧਾਰ 'ਤੇ ਚਲਣਾ ਦੱਸਿਆ ਗਿਆ। ਹਾਲਾਂਕਿ ਐਸੀ ਕੋਈ ਬਹੁਤ ਗੱਲ ਨਹੀਂ, ਹਾਂ ਉਨ੍ਹਾਂ ਲੋਕਾਂ ਵਾਸਤੇ ਖੰਡੇ ਦੀ ਧਾਰ ਹੋ ਸਕਦੀ ਹੈ, ਜੋ ਆਪਣੇ ਜੀਵਨ ਨੂੰ ਵਿਕਾਰਾਂ ਦੀ ਗਲਤਾਨ ਵਿੱਚ ਰੋਲ ਕੇ ਉਸ ਵਿੱਚੋਂ ਕੋਈ ਰੱਸ ਭਾਲ ਰਹੇ ਹਨ। ਬਿਲਕੁਲ ਉਵੇਂ ਜਿਵੇਂ ਕੁੱਤਾ ਹੱਡੀ ਚਬਾਉਂਦਾ, ਆਪਣੇ ਹੀ ਲਹੂ ਨੂੰ ਪੀਂਦਾ, ਹੱਡੀ ਵਿੱਚੋਂ ਰੱਸ ਨਿਕਲਣ ਦਾ ਭੁਲੇਖਾ ਪਾਲ ਕੇ, ਉਸ ਨੂੰ ਚਬਾਈ ਜਾਂਦਾ ਹੈ।

ਖੰਡੇ-ਬਾਟੇ ਦੀ ਪਾਹੁਲ ਸਤਿਗੁਰੂ ਦੀ ਇਕ ਅਦੁੱਤੀ ਬਖਸ਼ਿਸ਼ ਹੈ। ਪਾਹੁਲ ਛਕਣਾ ਹਰ ਸਿੱਖ ਵਾਸਤੇ ਲਾਜ਼ਮੀ ਹੈ। ਇਹ ਗੁਰੂ ਗੋਬਿੰਦ ਸਿੰਘ ਪਾਤਿਸ਼ਾਹ ਦਾ ਆਦੇਸ਼ ਹੈ। ਗੁਰੂ ਆਦੇਸ਼ ਦਾ ਪਾਲਣ ਕਰਨਾ ਹਰ ਸਿੱਖ ਵਾਸਤੇ ਜ਼ਰੂਰੀ ਹੈ। ਜੇ ਕੁਝ ਪਾਬੰਦੀਆਂ ਹੋਣ ਵੀ, ਤਾਂ ਸਿੱਖ ਨੂੰ ਇਸ ਨੂੰ ਆਪਣਾ ਸੁਭਾਗ ਸਮਝਣਾ ਚਾਹੀਦਾ ਹੈ। ਗੁਰੂ ਦੇ ਹੁਕਮ ਵਿੱਚ ਆਪਣੇ ਜੀਵਨ ਨੂੰ ਢਾਲਣ ਤੋਂ ਵੱਡਾ ਸੁਭਾਗ ਹੋਰ ਕੀ ਹੋ ਸਕਦਾ ਹੈ? ਇਸੇ ਨਾਲ ਜੀਵਨ ਨਿਖਰਨਾ ਹੈ, ਪ੍ਰਵਾਨ ਹੋਣਾ ਹੈ। ਇਸੇ ਨਾਲ ਇਕ ਆਦਰਸ਼ਕ ਸਮਾਜ ਉਸਰਨਾ ਹੈ। ਇਸੇ ਨੇ ਹਲੇਮੀ ਰਾਜ ਦਾ ਥੰਮ ਬਣਨਾ ਹੈ।

ਵਾਹਿਗੁਰੂ ਜੀ ਕਾ ਖਾਲਸਾ ॥ ਵਾਹਿਗੁਰੂ ਜੀ ਕੀ ਫਤਹਿ ॥

ੴ ਸਤਿਗੁਰਪ੍ਰਸਾਦਿ ॥

ਆਮ ਤੌਰ ਤੇ ਇਸ ਪੰਨੇ ਤੇ ਕਿਤਾਬ ਦੇ ਲਿਖਾਰੀ ਦੀ ਅਕਾਦਮਿਕ ਕਾਬਲੀਅਤ ਆਦਿ ਬਾਰੇ ਜਾਣਕਾਰੀ ਦਿੱਤੀ ਜਾਂਦੀ ਹੈ। ਮੇਰੇ ਕੋਲ ਨਾ ਤਾਂ ਕੋਈ ਵੱਡੀ ਅਕਾਦਮਿਕ ਕਾਬਲੀਅਤ ਹੈ, ਜਿਸ ਤੇ ਮਾਣ ਕਰ ਸਕਾਂ ਅਤੇ ਨਾ ਹੀ ਵੱਡੀਆਂ ਵੱਡੀਆਂ ਡਿਗਰੀਆਂ, ਜਿਨ੍ਹਾਂ ਦਾ ਇਥੇ ਪ੍ਰਗਟਾਵਾ ਕਰ ਸਕਾਂ। ਇਕ ਆਮ ਕਾਲਜ ਵਿਦਿਆਰਥੀ ਤੱਕ ਹੀ ਰਿਹਾ ਹਾਂ, ਐਸੀ ਕੋਈ ਪ੍ਰਾਪਤੀ ਨਹੀਂ ਜੋ ਵਿਸ਼ੇਸ਼ ਵਰਨਣ ਯੋਗ ਹੋਵੇ। ਮੇਰੇ ਵਾਸਤੇ ਤਾਂ ਗੁਰਬਾਣੀ ਦੀਆਂ ਇਹ ਪੰਕਤੀਆਂ ਹੀ ਯੋਗ ਢੁਕਦੀਆਂ ਹਨ:

"ਨਾ ਮੈ ਰੂਪੁ ਨ ਬੰਕੇ ਨੈਣਾ ॥ ਨਾ ਕੁਲ ਢੰਗੁ ਨ ਮੀਠੇ ਬੈਣਾ ॥"(ਪੰਨਾ ੭੫੦)

ਮੈਂ ਤਾਂ ਕੇਵਲ ਗੁਰਮਤਿ ਦਾ ਇਕ ਵਿਦਿਆਰਥੀ ਹਾਂ। ਇਸ ਕਿਤਾਬ ਵਿੱਚ ਜੋ ਕੁਝ ਲਿਖਿਆ ਹੈ, ਗੁਰੂ ਗ੍ਰੰਥ ਸਾਹਿਬ ਜੀ ਦੇ ਅਨਮੋਲ ਗਿਆਨ ਰੂਪੀ ਰਤਨ ਜਵਾਹਰਾਤ ਨਾਲ ਭਰਪੂਰ ਖਜ਼ਾਨੇ ਚੋਂ ਜੋ ਦਾਸ ਦੀ ਝੋਲੀ ਵਿੱਚ ਪਿਆ, ਉਸੇ ਨੂੰ ਸਤਿਗੁਰੂ ਨੇ ਆਪ ਬਖਸ਼ਿਸ਼ ਕਰਕੇ ਕਲਮਬੰਦ ਕਰਾਇਆ ਹੈ। ਸਤਿਗੁਰੂ ਦੇ ਆਦੇਸ਼, 'ਆਪਿ ਜਪਹੁ ਅਵਰਾ ਨਾਮੁ ਜਪਾਵਹੁ ॥'(ਪੰਨਾ ੨੮੯) ਅਨੁਸਾਰ, ਉਸ ਨੂੰ ਪੰਥ ਨਾਲ ਸਾਂਝਾ ਕਰਨ ਦਾ ਉਪਰਾਲਾ ਕਰ ਰਿਹਾ ਹਾਂ।

ਰਾਜਿੰਦਰ ਸਿੰਘ

ਖ਼ਾਲਸਾ ਵਿਰਾਸਤ ਪਬਲੀਕੇਸ਼ਨਜ਼
ਚੰਡੀਗੜ੍ਹ

ਰਾਜਿੰਦਰ ਸਿੰਘ
(ਮੁਖ ਸੇਵਾਦਾਰ, ਸ਼੍ਰੋਮਣੀ ਖਾਲਸਾ ਪੰਚਾਇਤ)
ਮੋਬਾਇਲ : +91 9876104726
ਈ. ਮੇਲ : rajindersinghskp@yahoo.co.in

Price : ₹ 190/-